ੴ

# Siri Guru Granth Sahib Ji

## Volume 1 of 5

Siri Guru Granth Sahib Ang: 1-286
Volume Pages: 1-757

With English translation
by Dr. Sant Singh Khalsa

Edition: 2.5, November 2015
© 2015 SikhNet Inc. and Dr. Sant Singh Khalsa

SikhNet
1A Ram Das Guru Pl.
Espanola, NM, 87532
United States

www.SikhNet.com
support@sikhnet.com

# Dedication

This work is dedicated to my spiritual teacher, Siri Singh Sahib Bhai Sahib Harbhajan Singh Khalsa Yogiji – ‘Yogi Bhajan’ or ‘Yogiji’ to those of us who knew him. Through the example of his life, and his dedication to spreading the Word of the Guru’s Teachings, many of us were inspired to live the words of the Sikh prayer, Ardaas:

> *“Dear Lord, grant us the gift of reading,*
> *and understanding, Your Holy Word.”*

To read Gurmukhi is to experience, on a fundamental vibrational level, the Sound-Current of the Naad. And by understanding the meaning of the Guru’s Word, we allow our mind to fully grasp it. This is the essence of the Guru’s Teachings, the technology of consciousness.

- Dr. Sant Singh

| | |
|---|---|
| ੴ | **One Universal Creator God.** |
| ਸਤਿ ਨਾਮੁ | The Name Is Truth. |
| ਕਰਤਾ ਪੁਰਖੁ | Creative Being Personified. |
| ਨਿਰਭਉ ਨਿਰਵੈਰੁ | No Fear. No Hatred. |
| ਅਕਾਲ ਮੂਰਤਿ | Image Of The Undying, |
| ਅਜੂਨੀ ਸੈਭੰ | Beyond Birth, Self-Existent. |
| ਗੁਰ ਪ੍ਰਸਾਦਿ ॥ | By Guru's Grace ~ |
| ॥ ਜਪੁ ॥ | Chant And Meditate: |
| ਆਦਿ ਸਚੁ | True In The Primal Beginning. |
| ਜੁਗਾਦਿ ਸਚੁ ॥ | True Throughout The Ages. |
| ਹੈ ਭੀ ਸਚੁ | True Here And Now. |
| ਨਾਨਕ ਹੋਸੀ ਭੀ ਸਚੁ ॥੧॥ | O Nanak, Forever And Ever True. \|\|**1**\|\| |

| | |
|---|---|
| ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ | By thinking, He cannot be reduced to thought, even by thinking hundreds of thousands of times. |
| ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥ | By remaining silent, inner silence is not obtained, even by remaining lovingly absorbed deep within. |
| ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥ | The hunger of the hungry is not appeased, even by piling up loads of worldly goods. |
| ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥ | Hundreds of thousands of clever tricks, but not even one of them will go along with you in the end. |
| ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ | So how can you become truthful? And how can the veil of illusion be torn away? |
| ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥ | O Nanak, it is written that you shall obey the Hukam of His Command, and walk in the Way of His Will. \|\|1\|\| |
| ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ | By His Command, bodies are created; His Command cannot be described. |

| | |
|---|---|
| ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥ | By His Command, souls come into being; by His Command, glory and greatness are obtained. |
| ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥ | By His Command, some are high and some are low; by His Written Command, pain and pleasure are obtained. |
| ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥ | Some, by His Command, are blessed and forgiven; others, by His Command, wander aimlessly forever. |
| ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ | Everyone is subject to His Command; no one is beyond His Command. |
| ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥ | O Nanak, one who understands His Command, does not speak in ego. \|\|2\|\| |
| ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥ | Some sing of His Power-who has that Power? |
| ਗਾਵੈ ਕੋ ਦਾਤਿ ਜਾਣੈ ਨੀਸਾਣੁ ॥ | Some sing of His Gifts, and know His Sign and Insignia. |
| ਗਾਵੈ ਕੋ ਗੁਣ ਵਡਿਆਈਆ ਚਾਰ ॥ | Some sing of His Glorious Virtues, Greatness and Beauty. |
| ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥ | Some sing of knowledge obtained of Him, through difficult philosophical studies. |
| ਗਾਵੈ ਕੋ ਸਾਜਿ ਕਰੇ ਤਨੁ ਖੇਹ ॥ | Some sing that He fashions the body, and then again reduces it to dust. |
| ਗਾਵੈ ਕੋ ਜੀਅ ਲੈ ਫਿਰਿ ਦੇਹ ॥ | Some sing that He takes life away, and then again restores it. |
| ਗਾਵੈ ਕੋ ਜਾਪੈ ਦਿਸੈ ਦੂਰਿ ॥ | Some sing that He seems so very far away. |
| ੨ | 2 |
| ਗਾਵੈ ਕੋ ਵੇਖੈ ਹਾਦਰਾ ਹਦੂਰਿ ॥ | Some sing that He watches over us, face to face, ever-present. |
| ਕਥਨਾ ਕਥੀ ਨ ਆਵੈ ਤੋਟਿ ॥ | There is no shortage of those who preach and teach. |
| ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥ | Millions upon millions offer millions of sermons and stories. |
| ਦੇਦਾ ਦੇ ਲੈਦੇ ਥਕਿ ਪਾਹਿ ॥ | The Great Giver keeps on giving, while those who receive grow weary of receiving. |
| ਜੁਗਾ ਜੁਗੰਤਰਿ ਖਾਹੀ ਖਾਹਿ ॥ | Throughout the ages, consumers consume. |
| ਹੁਕਮੀ ਹੁਕਮੁ ਚਲਾਏ ਰਾਹੁ ॥ | The Commander, by His Command, leads us to walk on the Path. |
| ਨਾਨਕ ਵਿਗਸੈ ਵੇਪਰਵਾਹੁ ॥੩॥ | O Nanak, He blossoms forth, Carefree and Untroubled. \|\|3\|\| |

| | |
|---|---|
| ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥ | True is the Master, True is His Name-speak it with infinite love. |
| ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥ | People beg and pray, “Give to us, give to us”, and the Great Giver gives His Gifts. |
| ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ | So what offering can we place before Him, by which we might see the Darbaar of His Court? |
| ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥ | What words can we speak to evoke His Love? |
| ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ | In the Amrit Vaylaa, the ambrosial hours before dawn, chant the True Name, and contemplate His Glorious Greatness. |
| ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ | By the karma of past actions, the robe of this physical body is obtained. By His Grace, the Gate of Liberation is found. |
| ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥ | O Nanak, know this well: the True One Himself is All. \|\|4\|\| |
| ਥਾਪਿਆ ਨ ਜਾਇ ਕੀਤਾ ਨ ਹੋਇ ॥ | He cannot be established, He cannot be created. |
| ਆਪੇ ਆਪਿ ਨਿਰੰਜਨੁ ਸੋਇ ॥ | He Himself is Immaculate and Pure. |
| ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥ | Those who serve Him are honored. |
| ਨਾਨਕ ਗਾਵੀਐ ਗੁਣੀ ਨਿਧਾਨੁ ॥ | O Nanak, sing of the Lord, the Treasure of Excellence. |
| ਗਾਵੀਐ ਸੁਣੀਐ ਮਨਿ ਰਖੀਐ ਭਾਉ ॥ | Sing, and listen, and let your mind be filled with love. |
| ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ | Your pain shall be sent far away, and peace shall come to your home. |
| ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥ | The Guru’s Word is the Sound-current of the Naad; the Guru’s Word is the Wisdom of the Vedas; the Guru’s Word is all-pervading. |
| ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥ | The Guru is Shiva, the Guru is Vishnu and Brahma; the Guru is Paarvati and Lakhshmi. |
| ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥ | Even knowing God, I cannot describe Him; He cannot be described in words. |

| | |
|---|---|
| ਗੁਰਾ ਇਕ ਦੇਹਿ ਬੁਝਾਈ ॥ | The Guru has given me this one understanding: |
| ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥ | there is only the One, the Giver of all souls. May I never forget Him! \|\|5\|\| |
| ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥ | If I am pleasing to Him, then that is my pilgrimage and cleansing bath. Without pleasing Him, what good are ritual cleansings? |
| ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥ | I gaze upon all the created beings: without the karma of good actions, what are they given to receive? |
| ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥ | Within the mind are gems, jewels and rubies, if you listen to the Guru's Teachings, even once. |
| ਗੁਰਾ ਇਕ ਦੇਹਿ ਬੁਝਾਈ ॥ | The Guru has given me this one understanding: |
| ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੬॥ | there is only the One, the Giver of all souls. May I never forget Him! \|\|6\|\| |
| ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥ | Even if you could live throughout the four ages, or even ten times more, |
| ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥ | and even if you were known throughout the nine continents and followed by all, |
| ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥ | with a good name and reputation, with praise and fame throughout the world- |
| ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥ | still, if the Lord does not bless you with His Glance of Grace, then who cares? What is the use? |
| ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥ | Among worms, you would be considered a lowly worm, and even contemptible sinners would hold you in contempt. |
| ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥ | O Nanak, God blesses the unworthy with virtue, and bestows virtue on the virtuous. |
| ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥੭॥ | No one can even imagine anyone who can bestow virtue upon Him. \|\|7\|\| |
| ਸੁਣਿਐ ਸਿਧ ਪੀਰ ਸੁਰਿ ਨਾਥ ॥ | Listening-the Siddhas, the spiritual teachers, the heroic warriors, the yogic masters. |
| ਸੁਣਿਐ ਧਰਤਿ ਧਵਲ ਆਕਾਸ ॥ | Listening-the earth, its support and the Akaashic ethers. |
| ਸੁਣਿਐ ਦੀਪ ਲੋਅ ਪਾਤਾਲ ॥ | Listening-the oceans, the lands of the world and the nether regions of the underworld. |

| | |
|---|---|
| ਸੁਣਿਐ ਪੋਹਿ ਨ ਸਕੈ ਕਾਲੁ ॥ | Listening-Death cannot even touch you. |
| ਨਾਨਕ ਭਗਤਾ ਸਦਾ ਵਿਗਾਸੁ ॥ | O Nanak, the devotees are forever in bliss. |
| ਸੁਣਿਐ ਦੂਖ ਪਾਪ ਕਾ ਨਾਸੁ ॥੮॥ | Listening-pain and sin are erased. ‖8‖ |
| ਸੁਣਿਐ ਈਸਰੁ ਬਰਮਾ ਇੰਦੁ ॥ | Listening-Shiva, Brahma and Indra. |
| ਸੁਣਿਐ ਮੁਖਿ ਸਾਲਾਹਣ ਮੰਦੁ ॥ | Listening-even foul-mouthed people praise Him. |
| ਸੁਣਿਐ ਜੋਗ ਜੁਗਤਿ ਤਨਿ ਭੇਦ ॥ | Listening-the technology of Yoga and the secrets of the body. |
| ਸੁਣਿਐ ਸਾਸਤ ਸਿਮ੍ਰਿਤਿ ਵੇਦ ॥ | Listening-the Shaastras, the Simritees and the Vedas. |
| ਨਾਨਕ ਭਗਤਾ ਸਦਾ ਵਿਗਾਸੁ ॥ | O Nanak, the devotees are forever in bliss. |
| **੩** | **3** |
| ਸੁਣਿਐ ਦੂਖ ਪਾਪ ਕਾ ਨਾਸੁ ॥੯॥ | Listening-pain and sin are erased. ‖9‖ |
| ਸੁਣਿਐ ਸਤੁ ਸੰਤੋਖੁ ਗਿਆਨੁ ॥ | Listening-truth, contentment and spiritual wisdom. |
| ਸੁਣਿਐ ਅਠਸਠਿ ਕਾ ਇਸਨਾਨੁ ॥ | Listening-take your cleansing bath at the sixty-eight places of pilgrimage. |
| ਸੁਣਿਐ ਪੜਿ ਪੜਿ ਪਾਵਹਿ ਮਾਨੁ ॥ | Listening-reading and reciting, honor is obtained. |
| ਸੁਣਿਐ ਲਾਗੈ ਸਹਜਿ ਧਿਆਨੁ ॥ | Listening-intuitively grasp the essence of meditation. |
| ਨਾਨਕ ਭਗਤਾ ਸਦਾ ਵਿਗਾਸੁ ॥ | O Nanak, the devotees are forever in bliss. |
| ਸੁਣਿਐ ਦੂਖ ਪਾਪ ਕਾ ਨਾਸੁ ॥੧੦॥ | Listening-pain and sin are erased. ‖10‖ |
| ਸੁਣਿਐ ਸਰਾ ਗੁਣਾ ਕੇ ਗਾਹ ॥ | Listening-dive deep into the ocean of virtue. |
| ਸੁਣਿਐ ਸੇਖ ਪੀਰ ਪਾਤਿਸਾਹ ॥ | Listening-the Shaykhs, religious scholars, spiritual teachers and emperors. |
| ਸੁਣਿਐ ਅੰਧੇ ਪਾਵਹਿ ਰਾਹੁ ॥ | Listening-even the blind find the Path. |
| ਸੁਣਿਐ ਹਾਥ ਹੋਵੈ ਅਸਗਾਹੁ ॥ | Listening-the Unreachable comes within your grasp. |
| ਨਾਨਕ ਭਗਤਾ ਸਦਾ ਵਿਗਾਸੁ ॥ | O Nanak, the devotees are forever in bliss. |
| ਸੁਣਿਐ ਦੂਖ ਪਾਪ ਕਾ ਨਾਸੁ ॥੧੧॥ | Listening-pain and sin are erased. ‖11‖ |
| ਮੰਨੇ ਕੀ ਗਤਿ ਕਹੀ ਨ ਜਾਇ ॥ | The state of the faithful cannot be described. |
| ਜੇ ਕੋ ਕਹੈ ਪਿਛੈ ਪਛੁਤਾਇ ॥ | One who tries to describe this shall regret the attempt. |
| ਕਾਗਦਿ ਕਲਮ ਨ ਲਿਖਣਹਾਰੁ ॥ | No paper, no pen, no scribe |

| | |
|---|---|
| ਮੰਨੇ ਕਾ ਬਹਿ ਕਰਨਿ ਵੀਚਾਰੁ ॥ | can record the state of the faithful. |
| ਐਸਾ ਨਾਮੁ ਨਿਰੰਜਨੁ ਹੋਇ ॥ | Such is the Name of the Immaculate Lord. |
| ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥ | Only one who has faith comes to know such a state of mind. \|\|12\|\| |
| ਮੰਨੈ ਸੁਰਤਿ ਹੋਵੈ ਮਨਿ ਬੁਧਿ ॥ | The faithful have intuitive awareness and intelligence. |
| ਮੰਨੈ ਸਗਲ ਭਵਣ ਕੀ ਸੁਧਿ ॥ | The faithful know about all worlds and realms. |
| ਮੰਨੈ ਮੁਹਿ ਚੋਟਾ ਨਾ ਖਾਇ ॥ | The faithful shall never be struck across the face. |
| ਮੰਨੈ ਜਮ ਕੈ ਸਾਥਿ ਨ ਜਾਇ ॥ | The faithful do not have to go with the Messenger of Death. |
| ਐਸਾ ਨਾਮੁ ਨਿਰੰਜਨੁ ਹੋਇ ॥ | Such is the Name of the Immaculate Lord. |
| ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥ | Only one who has faith comes to know such a state of mind. \|\|13\|\| |
| ਮੰਨੈ ਮਾਰਗਿ ਠਾਕ ਨ ਪਾਇ ॥ | The path of the faithful shall never be blocked. |
| ਮੰਨੈ ਪਤਿ ਸਿਉ ਪਰਗਟੁ ਜਾਇ ॥ | The faithful shall depart with honor and fame. |
| ਮੰਨੈ ਮਗੁ ਨ ਚਲੈ ਪੰਥੁ ॥ | The faithful do not follow empty religious rituals. |
| ਮੰਨੈ ਧਰਮ ਸੇਤੀ ਸਨਬੰਧੁ ॥ | The faithful are firmly bound to the Dharma. |
| ਐਸਾ ਨਾਮੁ ਨਿਰੰਜਨੁ ਹੋਇ ॥ | Such is the Name of the Immaculate Lord. |
| ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥ | Only one who has faith comes to know such a state of mind. \|\|14\|\| |
| ਮੰਨੈ ਪਾਵਹਿ ਮੋਖੁ ਦੁਆਰੁ ॥ | The faithful find the Door of Liberation. |
| ਮੰਨੈ ਪਰਵਾਰੈ ਸਾਧਾਰੁ ॥ | The faithful uplift and redeem their family and relations. |
| ਮੰਨੈ ਤਰੈ ਤਾਰੇ ਗੁਰੁ ਸਿਖ ॥ | The faithful are saved, and carried across with the Sikhs of the Guru. |
| ਮੰਨੈ ਨਾਨਕ ਭਵਹਿ ਨ ਭਿਖ ॥ | The faithful, O Nanak, do not wander around begging. |
| ਐਸਾ ਨਾਮੁ ਨਿਰੰਜਨੁ ਹੋਇ ॥ | Such is the Name of the Immaculate Lord. |
| ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥ | Only one who has faith comes to know such a state of mind. \|\|15\|\| |
| ਪੰਚ ਪਰਵਾਣ ਪੰਚ ਪਰਧਾਨੁ ॥ | The chosen ones, the self-elect, are accepted and approved. |
| ਪੰਚੇ ਪਾਵਹਿ ਦਰਗਹਿ ਮਾਨੁ ॥ | The chosen ones are honored in the Court of the Lord. |
| ਪੰਚੇ ਸੋਹਹਿ ਦਰਿ ਰਾਜਾਨੁ ॥ | The chosen ones look beautiful in the courts of kings. |

| | |
|---|---|
| ਪੰਚਾ ਕਾ ਗੁਰੁ ਏਕੁ ਧਿਆਨੁ ॥ | The chosen ones meditate single-mindedly on the Guru. |
| ਜੇ ਕੋ ਕਹੈ ਕਰੈ ਵੀਚਾਰੁ ॥ | No matter how much anyone tries to explain and describe them, |
| ਕਰਤੇ ਕੈ ਕਰਣੈ ਨਾਹੀ ਸੁਮਾਰੁ ॥ | the actions of the Creator cannot be counted. |
| ਧੌਲੁ ਧਰਮੁ ਦਇਆ ਕਾ ਪੂਤੁ ॥ | The mythical bull is Dharma, the son of compassion; |
| ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ | this is what patiently holds the earth in its place. |
| ਜੇ ਕੋ ਬੁਝੈ ਹੋਵੈ ਸਚਿਆਰੁ ॥ | One who understands this becomes truthful. |
| ਧਵਲੈ ਉਪਰਿ ਕੇਤਾ ਭਾਰੁ ॥ | What a great load there is on the bull! |
| ਧਰਤੀ ਹੋਰੁ ਪਰੈ ਹੋਰੁ ਹੋਰੁ ॥ | So many worlds beyond this world-so very many! |
| ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥ | What power holds them, and supports their weight? |
| ਜੀਅ ਜਾਤਿ ਰੰਗਾ ਕੇ ਨਾਵ ॥ | The names and the colors of the assorted species of beings |
| ਸਭਨਾ ਲਿਖਿਆ ਵੁੜੀ ਕਲਾਮ ॥ | were all inscribed by the Ever-flowing Pen of God. |
| ਏਹੁ ਲੇਖਾ ਲਿਖਿ ਜਾਣੈ ਕੋਇ ॥ | Who knows how to write this account? |
| ਲੇਖਾ ਲਿਖਿਆ ਕੇਤਾ ਹੋਇ ॥ | Just imagine what a huge scroll it would take! |
| ਕੇਤਾ ਤਾਣੁ ਸੁਆਲਿਹੁ ਰੂਪੁ ॥ | What power! What fascinating beauty! |
| ਕੇਤੀ ਦਾਤਿ ਜਾਣੈ ਕੌਣੁ ਕੂਤੁ ॥ | And what gifts! Who can know their extent? |
| ਕੀਤਾ ਪਸਾਉ ਏਕੋ ਕਵਾਉ ॥ | You created the vast expanse of the Universe with One Word! |
| ਤਿਸ ਤੇ ਹੋਏ ਲਖ ਦਰੀਆਉ ॥ | Hundreds of thousands of rivers began to flow. |
| ਕੁਦਰਤਿ ਕਵਣ ਕਹਾ ਵੀਚਾਰੁ ॥ | How can Your Creative Potency be described? |
| ਵਾਰਿਆ ਨ ਜਾਵਾ ਏਕ ਵਾਰ ॥ | I cannot even once be a sacrifice to You. |
| ਜੋ ਤੁਧੁ ਭਾਵੈ ਸਾਈ ਭਲੀ ਕਾਰ ॥ | Whatever pleases You is the only good done, |
| ਤੂ ਸਦਾ ਸਲਾਮਤਿ ਨਿਰੰਕਾਰ ॥੧੬॥ | You, Eternal and Formless One! ‖16‖ |
| ਅਸੰਖ ਜਪ ਅਸੰਖ ਭਾਉ ॥ | Countless meditations, countless loves. |
| ਅਸੰਖ ਪੂਜਾ ਅਸੰਖ ਤਪ ਤਾਉ ॥ | Countless worship services, countless austere disciplines. |
| ਅਸੰਖ ਗਰੰਥ ਮੁਖਿ ਵੇਦ ਪਾਠ ॥ | Countless scriptures, and ritual recitations of the Vedas. |
| ਅਸੰਖ ਜੋਗ ਮਨਿ ਰਹਹਿ ਉਦਾਸ ॥ | Countless Yogis, whose minds remain detached from the world. |

| ੪ | 4 |
|---|---|
| ਅਸੰਖ ਭਗਤ ਗੁਣ ਗਿਆਨ ਵੀਚਾਰ ॥ | Countless devotees contemplate the Wisdom and Virtues of the Lord. |
| ਅਸੰਖ ਸਤੀ ਅਸੰਖ ਦਾਤਾਰ ॥ | Countless the holy, countless the givers. |
| ਅਸੰਖ ਸੂਰ ਮੁਹ ਭਖ ਸਾਰ ॥ | Countless heroic spiritual warriors, who bear the brunt of the attack in battle (who with their mouths eat steel). |
| ਅਸੰਖ ਮੋਨਿ ਲਿਵ ਲਾਇ ਤਾਰ ॥ | Countless silent sages, vibrating the String of His Love. |
| ਕੁਦਰਤਿ ਕਵਣ ਕਹਾ ਵੀਚਾਰੁ ॥ | How can Your Creative Potency be described? |
| ਵਾਰਿਆ ਨ ਜਾਵਾ ਏਕ ਵਾਰ ॥ | I cannot even once be a sacrifice to You. |
| ਜੋ ਤੁਧੁ ਭਾਵੈ ਸਾਈ ਭਲੀ ਕਾਰ ॥ | Whatever pleases You is the only good done, |
| ਤੂ ਸਦਾ ਸਲਾਮਤਿ ਨਿਰੰਕਾਰ ॥੧੭॥ | You, Eternal and Formless One. ‖17‖ |
| ਅਸੰਖ ਮੂਰਖ ਅੰਧ ਘੋਰ ॥ | Countless fools, blinded by ignorance. |
| ਅਸੰਖ ਚੋਰ ਹਰਾਮਖੋਰ ॥ | Countless thieves and embezzlers. |
| ਅਸੰਖ ਅਮਰ ਕਰਿ ਜਾਹਿ ਜੋਰ ॥ | Countless impose their will by force. |
| ਅਸੰਖ ਗਲਵਢ ਹਤਿਆ ਕਮਾਹਿ ॥ | Countless cut-throats and ruthless killers. |
| ਅਸੰਖ ਪਾਪੀ ਪਾਪੁ ਕਰਿ ਜਾਹਿ ॥ | Countless sinners who keep on sinning. |
| ਅਸੰਖ ਕੂੜਿਆਰ ਕੂੜੇ ਫਿਰਾਹਿ ॥ | Countless liars, wandering lost in their lies. |
| ਅਸੰਖ ਮਲੇਛ ਮਲੁ ਭਖਿ ਖਾਹਿ ॥ | Countless wretches, eating filth as their ration. |
| ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥ | Countless slanderers, carrying the weight of their stupid mistakes on their heads. |
| ਨਾਨਕੁ ਨੀਚੁ ਕਹੈ ਵੀਚਾਰੁ ॥ | Nanak describes the state of the lowly. |
| ਵਾਰਿਆ ਨ ਜਾਵਾ ਏਕ ਵਾਰ ॥ | I cannot even once be a sacrifice to You. |
| ਜੋ ਤੁਧੁ ਭਾਵੈ ਸਾਈ ਭਲੀ ਕਾਰ ॥ | Whatever pleases You is the only good done, |
| ਤੂ ਸਦਾ ਸਲਾਮਤਿ ਨਿਰੰਕਾਰ ॥੧੮॥ | You, Eternal and Formless One. ‖18‖ |
| ਅਸੰਖ ਨਾਵ ਅਸੰਖ ਥਾਵ ॥ | Countless names, countless places. |
| ਅਗੰਮ ਅਗੰਮ ਅਸੰਖ ਲੋਅ ॥ | Inaccessible, unapproachable, countless celestial realms. |
| ਅਸੰਖ ਕਹਹਿ ਸਿਰਿ ਭਾਰੁ ਹੋਇ ॥ | Even to call them countless is to carry the weight on your head. |
| ਅਖਰੀ ਨਾਮੁ ਅਖਰੀ ਸਾਲਾਹ ॥ | From the Word, comes the Naam; from the Word, comes Your Praise. |

| | |
|---|---|
| ਅਖਰੀ ਗਿਆਨੁ ਗੀਤ ਗੁਣ ਗਾਹ ॥ | From the Word, comes spiritual wisdom, singing the Songs of Your Glory. |
| ਅਖਰੀ ਲਿਖਣੁ ਬੋਲਣੁ ਬਾਣਿ ॥ | From the Word, come the written and spoken words and hymns. |
| ਅਖਰਾ ਸਿਰਿ ਸੰਜੋਗੁ ਵਖਾਣਿ ॥ | From the Word, comes destiny, written on one's forehead. |
| ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ | But the One who wrote these Words of Destiny-no words are written on His Forehead. |
| ਜਿਵ ਫੁਰਮਾਏ ਤਿਵ ਤਿਵ ਪਾਹਿ ॥ | As He ordains, so do we receive. |
| ਜੇਤਾ ਕੀਤਾ ਤੇਤਾ ਨਾਉ ॥ | The created universe is the manifestation of Your Name. |
| ਵਿਣੁ ਨਾਵੈ ਨਾਹੀ ਕੋ ਥਾਉ ॥ | Without Your Name, there is no place at all. |
| ਕੁਦਰਤਿ ਕਵਣ ਕਹਾ ਵੀਚਾਰੁ ॥ | How can I describe Your Creative Power? |
| ਵਾਰਿਆ ਨ ਜਾਵਾ ਏਕ ਵਾਰ ॥ | I cannot even once be a sacrifice to You. |
| ਜੋ ਤੁਧੁ ਭਾਵੈ ਸਾਈ ਭਲੀ ਕਾਰ ॥ | Whatever pleases You is the only good done, |
| ਤੂ ਸਦਾ ਸਲਾਮਤਿ ਨਿਰੰਕਾਰ ॥੧੯॥ | You, Eternal and Formless One. ‖19‖ |
| ਭਰੀਐ ਹਥੁ ਪੈਰੁ ਤਨੁ ਦੇਹ ॥ | When the hands and the feet and the body are dirty, |
| ਪਾਣੀ ਧੋਤੈ ਉਤਰਸੁ ਖੇਹ ॥ | water can wash away the dirt. |
| ਮੂਤ ਪਲੀਤੀ ਕਪੜੁ ਹੋਇ ॥ | When the clothes are soiled and stained by urine, |
| ਦੇ ਸਾਬੂਣੁ ਲਈਐ ਓਹੁ ਧੋਇ ॥ | soap can wash them clean. |
| ਭਰੀਐ ਮਤਿ ਪਾਪਾ ਕੈ ਸੰਗਿ ॥ | But when the intellect is stained and polluted by sin, |
| ਓਹੁ ਧੋਪੈ ਨਾਵੈ ਕੈ ਰੰਗਿ ॥ | it can only be cleansed by the Love of the Name. |
| ਪੁੰਨੀ ਪਾਪੀ ਆਖਣੁ ਨਾਹਿ ॥ | Virtue and vice do not come by mere words; |
| ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥ | actions repeated, over and over again, are engraved on the soul. |
| ਆਪੇ ਬੀਜਿ ਆਪੇ ਹੀ ਖਾਹੁ ॥ | You shall harvest what you plant. |
| ਨਾਨਕ ਹੁਕਮੀ ਆਵਹੁ ਜਾਹੁ ॥੨੦॥ | O Nanak, by the Hukam of God's Command, we come and go in reincarnation. ‖20‖ |
| ਤੀਰਥੁ ਤਪੁ ਦਇਆ ਦਤੁ ਦਾਨੁ ॥ | Pilgrimages, austere discipline, compassion and charity |
| ਜੇ ਕੋ ਪਾਵੈ ਤਿਲ ਕਾ ਮਾਨੁ ॥ | these, by themselves, bring only an iota of merit. |
| ਸੁਣਿਆ ਮੰਨਿਆ ਮਨਿ ਕੀਤਾ ਭਾਉ ॥ | Listening and believing with love and humility in your mind, |

| | |
|---|---|
| ਅੰਤਰਗਤਿ ਤੀਰਥਿ ਮਲਿ ਨਾਉ ॥ | cleanse yourself with the Name, at the sacred shrine deep within. |
| ਸਭਿ ਗੁਣ ਤੇਰੇ ਮੈ ਨਾਹੀ ਕੋਇ ॥ | All virtues are Yours, Lord, I have none at all. |
| ਵਿਣੁ ਗੁਣ ਕੀਤੇ ਭਗਤਿ ਨ ਹੋਇ ॥ | Without virtue, there is no devotional worship. |
| ਸੁਅਸਤਿ ਆਥਿ ਬਾਣੀ ਬਰਮਾਉ ॥ | I bow to the Lord of the World, to His Word, to Brahma the Creator. |
| ਸਤਿ ਸੁਹਾਣੁ ਸਦਾ ਮਨਿ ਚਾਉ ॥ | He is Beautiful, True and Eternally Joyful. |
| ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥ | What was that time, and what was that moment? What was that day, and what was that date? |
| ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥ | What was that season, and what was that month, when the Universe was created? |
| ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥ | The Pandits, the religious scholars, cannot find that time, even if it is written in the Puraanas. |
| ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥ | That time is not known to the Qazis, who study the Koran. |
| ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥ | The day and the date are not known to the Yogis, nor is the month or the season. |
| ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ | The Creator who created this creation-only He Himself knows. |
| ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥ | How can we speak of Him? How can we praise Him? How can we describe Him? How can we know Him? |
| **੫** | **5** |
| ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ ॥ | O Nanak, everyone speaks of Him, each one wiser than the rest. |
| ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥ | Great is the Master, Great is His Name. Whatever happens is according to His Will. |
| ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥੨੧॥ | O Nanak, one who claims to know everything shall not be decorated in the world hereafter. \|\|21\|\| |
| ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ | There are nether worlds beneath nether worlds, and hundreds of thousands of heavenly worlds above. |
| ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥ | The Vedas say that you can search and search for them all, until you grow weary. |

| | |
|---|---|
| ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥ | The scriptures say that there are 18,000 worlds, but in reality, there is only One Universe. |
| ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥ | If you try to write an account of this, you will surely finish yourself before you finish writing it. |
| ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥ | O Nanak, call Him Great! He Himself knows Himself. \|\|22\|\| |
| ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥ | The praisers praise the Lord, but they do not obtain intuitive understanding |
| ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥ | the streams and rivers flowing into the ocean do not know its vastness. |
| ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥ | Even kings and emperors, with mountains of property and oceans of wealth |
| ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥੨੩॥ | -these are not even equal to an ant, who does not forget God. \|\|23\|\| |
| ਅੰਤੁ ਨ ਸਿਫਤੀ ਕਹਣਿ ਨ ਅੰਤੁ ॥ | Endless are His Praises, endless are those who speak them. |
| ਅੰਤੁ ਨ ਕਰਣੈ ਦੇਣਿ ਨ ਅੰਤੁ ॥ | Endless are His Actions, endless are His Gifts. |
| ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥ | Endless is His Vision, endless is His Hearing. |
| ਅੰਤੁ ਨ ਜਾਪੈ ਕਿਆ ਮਨਿ ਮੰਤੁ ॥ | His limits cannot be perceived. What is the Mystery of His Mind? |
| ਅੰਤੁ ਨ ਜਾਪੈ ਕੀਤਾ ਆਕਾਰੁ ॥ | The limits of the created universe cannot be perceived. |
| ਅੰਤੁ ਨ ਜਾਪੈ ਪਾਰਾਵਾਰੁ ॥ | Its limits here and beyond cannot be perceived. |
| ਅੰਤ ਕਾਰਣਿ ਕੇਤੇ ਬਿਲਲਾਹਿ ॥ | Many struggle to know His limits, |
| ਤਾ ਕੇ ਅੰਤ ਨ ਪਾਏ ਜਾਹਿ ॥ | but His limits cannot be found. |
| ਏਹੁ ਅੰਤੁ ਨ ਜਾਣੈ ਕੋਇ ॥ | No one can know these limits. |
| ਬਹੁਤਾ ਕਹੀਐ ਬਹੁਤਾ ਹੋਇ ॥ | The more you say about them, the more there still remains to be said. |
| ਵਡਾ ਸਾਹਿਬੁ ਊਚਾ ਥਾਉ ॥ | Great is the Master, High is His Heavenly Home. |
| ਊਚੇ ਉਪਰਿ ਊਚਾ ਨਾਉ ॥ | Highest of the High, above all is His Name. |
| ਏਵਡੁ ਊਚਾ ਹੋਵੈ ਕੋਇ ॥ | Only one as Great and as High as God |
| ਤਿਸੁ ਊਚੇ ਕਉ ਜਾਣੈ ਸੋਇ ॥ | can know His Lofty and Exalted State. |
| ਜੇਵਡੁ ਆਪਿ ਜਾਣੈ ਆਪਿ ਆਪਿ ॥ | Only He Himself is that Great. He Himself knows Himself. |

| | |
|---|---|
| ਨਾਨਕ ਨਦਰੀ ਕਰਮੀ ਦਾਤਿ ॥੨੪॥ | O Nanak, by His Glance of Grace, He bestows His Blessings. ‖24‖ |
| ਬਹੁਤਾ ਕਰਮੁ ਲਿਖਿਆ ਨਾ ਜਾਇ ॥ | His Blessings are so abundant that there can be no written account of them. |
| ਵਡਾ ਦਾਤਾ ਤਿਲੁ ਨ ਤਮਾਇ ॥ | The Great Giver does not hold back anything. |
| ਕੇਤੇ ਮੰਗਹਿ ਜੋਧ ਅਪਾਰ ॥ | There are so many great, heroic warriors begging at the Door of the Infinite Lord. |
| ਕੇਤਿਆ ਗਣਤ ਨਹੀ ਵੀਚਾਰੁ ॥ | So many contemplate and dwell upon Him, that they cannot be counted. |
| ਕੇਤੇ ਖਪਿ ਤੁਟਹਿ ਵੇਕਾਰ ॥ | So many waste away to death engaged in corruption. |
| ਕੇਤੇ ਲੈ ਲੈ ਮੁਕਰੁ ਪਾਹਿ ॥ | So many take and take again, and then deny receiving. |
| ਕੇਤੇ ਮੂਰਖ ਖਾਹੀ ਖਾਹਿ ॥ | So many foolish consumers keep on consuming. |
| ਕੇਤਿਆ ਦੂਖ ਭੂਖ ਸਦ ਮਾਰ ॥ | So many endure distress, deprivation and constant abuse. |
| ਏਹਿ ਭਿ ਦਾਤਿ ਤੇਰੀ ਦਾਤਾਰ ॥ | Even these are Your Gifts, O Great Giver! |
| ਬੰਦਿ ਖਲਾਸੀ ਭਾਣੈ ਹੋਇ ॥ | Liberation from bondage comes only by Your Will. |
| ਹੋਰੁ ਆਖਿ ਨ ਸਕੈ ਕੋਇ ॥ | No one else has any say in this. |
| ਜੇ ਕੋ ਖਾਇਕੁ ਆਖਣਿ ਪਾਇ ॥ | If some fool should presume to say that he does, |
| ਓਹੁ ਜਾਣੈ ਜੇਤੀਆ ਮੁਹਿ ਖਾਇ ॥ | he shall learn, and feel the effects of his folly. |
| ਆਪੇ ਜਾਣੈ ਆਪੇ ਦੇਇ ॥ | He Himself knows, He Himself gives. |
| ਆਖਹਿ ਸਿ ਭਿ ਕੇਈ ਕੇਇ ॥ | Few, very few are those who acknowledge this. |
| ਜਿਸ ਨੋ ਬਖਸੇ ਸਿਫਤਿ ਸਾਲਾਹ ॥ | One who is blessed to sing the Praises of the Lord, |
| ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥ | O Nanak, is the king of kings. ‖25‖ |
| ਅਮੁਲ ਗੁਣ ਅਮੁਲ ਵਾਪਾਰ ॥ | Priceless are His Virtues, Priceless are His Dealings. |
| ਅਮੁਲ ਵਾਪਾਰੀਏ ਅਮੁਲ ਭੰਡਾਰ ॥ | Priceless are His Dealers, Priceless are His Treasures. |
| ਅਮੁਲ ਆਵਹਿ ਅਮੁਲ ਲੈ ਜਾਹਿ ॥ | Priceless are those who come to Him, Priceless are those who buy from Him. |
| ਅਮੁਲ ਭਾਇ ਅਮੁਲਾ ਸਮਾਹਿ ॥ | Priceless is Love for Him, Priceless is absorption into Him. |
| ਅਮੁਲੁ ਧਰਮੁ ਅਮੁਲੁ ਦੀਬਾਣੁ ॥ | Priceless is the Divine Law of Dharma, Priceless is the Divine Court of Justice. |
| ਅਮੁਲੁ ਤੁਲੁ ਅਮੁਲੁ ਪਰਵਾਣੁ ॥ | Priceless are the scales, priceless are the weights. |
| ਅਮੁਲੁ ਬਖਸੀਸ ਅਮੁਲੁ ਨੀਸਾਣੁ ॥ | Priceless are His Blessings, Priceless is His Banner and Insignia. |

| | |
|---|---|
| ਅਮੁਲੁ ਕਰਮੁ ਅਮੁਲੁ ਫੁਰਮਾਣੁ ॥ | Priceless is His Mercy, Priceless is His Royal Command. |
| ਅਮੁਲੋ ਅਮੁਲੁ ਆਖਿਆ ਨ ਜਾਇ ॥ | Priceless, O Priceless beyond expression! |
| ਆਖਿ ਆਖਿ ਰਹੇ ਲਿਵ ਲਾਇ ॥ | Speak of Him continually, and remain absorbed in His Love. |
| ਆਖਹਿ ਵੇਦ ਪਾਠ ਪੁਰਾਣ ॥ | The Vedas and the Puraanas speak. |
| ਆਖਹਿ ਪੜੇ ਕਰਹਿ ਵਖਿਆਣ ॥ | The scholars speak and lecture. |
| ਆਖਹਿ ਬਰਮੇ ਆਖਹਿ ਇੰਦ ॥ | Brahma speaks, Indra speaks. |
| ੬ | 6 |
| ਆਖਹਿ ਗੋਪੀ ਤੈ ਗੋਵਿੰਦ ॥ | The Gopis and Krishna speak. |
| ਆਖਹਿ ਈਸਰ ਆਖਹਿ ਸਿਧ ॥ | Shiva speaks, the Siddhas speak. |
| ਆਖਹਿ ਕੇਤੇ ਕੀਤੇ ਬੁਧ ॥ | The many created Buddhas speak. |
| ਆਖਹਿ ਦਾਨਵ ਆਖਹਿ ਦੇਵ ॥ | The demons speak, the demi-gods speak. |
| ਆਖਹਿ ਸੁਰਿ ਨਰ ਮੁਨਿ ਜਨ ਸੇਵ ॥ | The spiritual warriors, the heavenly beings, the silent sages, the humble and serviceful speak. |
| ਕੇਤੇ ਆਖਹਿ ਆਖਣਿ ਪਾਹਿ ॥ | Many speak and try to describe Him. |
| ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥ | Many have spoken of Him over and over again, and have then arisen and departed. |
| ਏਤੇ ਕੀਤੇ ਹੋਰਿ ਕਰੇਹਿ ॥ | If He were to create as many again as there already are, |
| ਤਾ ਆਖਿ ਨ ਸਕਹਿ ਕੇਈ ਕੇਇ ॥ | even then, they could not describe Him. |
| ਜੇਵਡੁ ਭਾਵੈ ਤੇਵਡੁ ਹੋਇ ॥ | He is as Great as He wishes to be. |
| ਨਾਨਕ ਜਾਣੈ ਸਾਚਾ ਸੋਇ ॥ | O Nanak, the True Lord knows. |
| ਜੇ ਕੋ ਆਖੈ ਬੋਲੁਵਿਗਾੜੁ ॥ | If anyone presumes to describe God, |
| ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥ | he shall be known as the greatest fool of fools! \|\|26\|\| |
| ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ | Where is that Gate, and where is that Dwelling, in which You sit and take care of all? |
| ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥ | The Sound-current of the Naad vibrates there, and countless musicians play on all sorts of instruments there. |
| ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥ | So many Ragas, so many musicians singing there. |

| | |
|---|---|
| ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥ | The praanic wind, water and fire sing; the Righteous Judge of Dharma sings at Your Door. |
| ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥ | Chitr and Gupt, the angels of the conscious and the subconscious who record actions, and the Righteous Judge of Dharma who judges this record sing. |
| ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥ | Shiva, Brahma and the Goddess of Beauty, ever adorned, sing. |
| ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ | Indra, seated upon His Throne, sings with the deities at Your Door. |
| ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥ | The Siddhas in Samaadhi sing; the Saadhus sing in contemplation. |
| ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥ | The celibates, the fanatics, the peacefully accepting and the fearless warriors sing. |
| ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥ | The Pandits, the religious scholars who recite the Vedas, with the supreme sages of all the ages, sing. |
| ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥ | The Mohinis, the enchanting heavenly beauties who entice hearts in this world, in paradise, and in the underworld of the subconscious sing. |
| ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥ | The celestial jewels created by You, and the sixty-eight holy places of pilgrimage sing. |
| ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥ | The brave and mighty warriors sing; the spiritual heroes and the four sources of creation sing. |
| ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥ | The planets, solar systems and galaxies, created and arranged by Your Hand, sing. |
| ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥ | They alone sing, who are pleasing to Your Will. Your devotees are imbued with the Nectar of Your Essence. |
| ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥ | So many others sing, they do not come to mind. O Nanak, how can I consider them all? |
| ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ | That True Lord is True, Forever True, and True is His Name. |
| ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥ | He is, and shall always be. He shall not depart, even when this Universe which He has created departs. |
| ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥ | He created the world, with its various colors, species of beings, and the variety of Maya. |

<table>
<tr><td>ਕਰਿ ਕਰਿ ਵੇਖੈ ਕੀਤਾ ਆਪਣਾ<br>ਜਿਵ ਤਿਸ ਦੀ ਵਡਿਆਈ ॥</td><td>Having created the creation, He watches over it Himself, by His Greatness.</td></tr>
<tr><td>ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ<br>ਨ ਕਰਣਾ ਜਾਈ ॥</td><td>He does whatever He pleases. No order can be issued to Him.</td></tr>
<tr><td>ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ<br>ਨਾਨਕ ਰਹਣੁ ਰਜਾਈ ॥੨੭॥</td><td>He is the King, the King of kings, the Supreme Lord and Master of kings. Nanak remains subject to His Will. ||27||</td></tr>
<tr><td>ਮੁੰਦਾ ਸੰਤੋਖੁ ਸਰਮੁ ਪਤੁ ਝੋਲੀ<br>ਧਿਆਨ ਕੀ ਕਰਹਿ ਬਿਭੂਤਿ ॥</td><td>Make contentment your ear-rings, humility your begging bowl, and meditation the ashes you apply to your body.</td></tr>
<tr><td>ਖਿੰਥਾ ਕਾਲੁ ਕੁਆਰੀ ਕਾਇਆ<br>ਜੁਗਤਿ ਡੰਡਾ ਪਰਤੀਤਿ ॥</td><td>Let the remembrance of death be the patched coat you wear, let the purity of virginity be your way in the world, and let faith in the Lord be your walking stick.</td></tr>
<tr><td>ਆਈ ਪੰਥੀ ਸਗਲ ਜਮਾਤੀ ਮਨਿ<br>ਜੀਤੈ ਜਗੁ ਜੀਤੁ ॥</td><td>See the brotherhood of all mankind as the highest order of Yogis; conquer your own mind, and conquer the world.</td></tr>
<tr><td>ਆਦੇਸੁ ਤਿਸੈ ਆਦੇਸੁ ॥</td><td>I bow to Him, I humbly bow.</td></tr>
<tr><td>ਆਦਿ ਅਨੀਲੁ ਅਨਾਦਿ ਅਨਾਹਤਿ<br>ਜੁਗੁ ਜੁਗੁ ਏਕੋ ਵੇਸੁ ॥੨੮॥</td><td>The Primal One, the Pure Light, without beginning, without end. Throughout all the ages, He is One and the Same. ||28||</td></tr>
<tr><td>ਭੁਗਤਿ ਗਿਆਨੁ ਦਇਆ ਭੰਡਾਰਣਿ<br>ਘਟਿ ਘਟਿ ਵਾਜਹਿ ਨਾਦ ॥</td><td>Let spiritual wisdom be your food, and compassion your attendant. The Sound-current of the Naad vibrates in each and every heart.</td></tr>
<tr><td>ਆਪਿ ਨਾਥੁ ਨਾਥੀ ਸਭ ਜਾ ਕੀ<br>ਰਿਧਿ ਸਿਧਿ ਅਵਰਾ ਸਾਦ ॥</td><td>He Himself is the Supreme Master of all; wealth and miraculous spiritual powers, and all other external tastes and pleasures, are all like beads on a string.</td></tr>
<tr><td>ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ<br>ਲੇਖੇ ਆਵਹਿ ਭਾਗ ॥</td><td>Union with Him, and separation from Him, come by His Will. We come to receive what is written in our destiny.</td></tr>
<tr><td>੭</td><td>7</td></tr>
<tr><td>ਆਦੇਸੁ ਤਿਸੈ ਆਦੇਸੁ ॥</td><td>I bow to Him, I humbly bow.</td></tr>
<tr><td>ਆਦਿ ਅਨੀਲੁ ਅਨਾਦਿ ਅਨਾਹਤਿ<br>ਜੁਗੁ ਜੁਗੁ ਏਕੋ ਵੇਸੁ ॥੨੯॥</td><td>The Primal One, the Pure Light, without beginning, without end. Throughout all the ages, He is One and the Same. ||29||</td></tr>
<tr><td>ਏਕਾ ਮਾਈ ਜੁਗਤਿ ਵਿਆਈ ਤਿਨਿ<br>ਚੇਲੇ ਪਰਵਾਣੁ ॥</td><td>The One Divine Mother conceived and gave birth to the three deities.</td></tr>
</table>

ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥

One, the Creator of the World; One, the Sustainer; and One, the Destroyer.

ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥

He makes things happen according to the Pleasure of His Will. Such is His Celestial Order.

ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥

He watches over all, but none see Him. How wonderful this is!

ਆਦੇਸੁ ਤਿਸੈ ਆਦੇਸੁ ॥

I bow to Him, I humbly bow.

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥

The Primal One, the Pure Light, without beginning, without end. Throughout all the ages, He is One and the Same. ||30||

ਆਸਣੁ ਲੋਇ ਲੋਇ ਭੰਡਾਰ ॥

On world after world are His Seats of Authority and His Storehouses.

ਜੋ ਕਿਛੁ ਪਾਇਆ ਸੁ ਏਕਾ ਵਾਰ ॥

Whatever was put into them, was put there once and for all.

ਕਰਿ ਕਰਿ ਵੇਖੈ ਸਿਰਜਣਹਾਰੁ ॥

Having created the creation, the Creator Lord watches over it.

ਨਾਨਕ ਸਚੇ ਕੀ ਸਾਚੀ ਕਾਰ ॥

O Nanak, True is the Creation of the True Lord.

ਆਦੇਸੁ ਤਿਸੈ ਆਦੇਸੁ ॥

I bow to Him, I humbly bow.

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥

The Primal One, the Pure Light, without beginning, without end. Throughout all the ages, He is One and the Same. ||31||

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥

If I had 100,000 tongues, and these were then multiplied twenty times more, with each tongue,

ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥

I would repeat, hundreds of thousands of times, the Name of the One, the Lord of the Universe.

ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥

Along this path to our Husband Lord, we climb the steps of the ladder, and come to merge with Him.

ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥

Hearing of the etheric realms, even worms long to come back home.

ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥੩੨॥

O Nanak, by His Grace He is obtained. False are the boastings of the false. ||32||

ਆਖਣਿ ਜੋਰੁ ਚੁਪੈ ਨਹ ਜੋਰੁ ॥

No power to speak, no power to keep silent.

ਜੋਰੁ ਨ ਮੰਗਣਿ ਦੇਣਿ ਨ ਜੋਰੁ ॥

No power to beg, no power to give.

ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥

No power to live, no power to die.

| | |
|---|---|
| ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥ | No power to rule, with wealth and occult mental powers. |
| ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ | No power to gain intuitive understanding, spiritual wisdom and meditation. |
| ਜੋਰੁ ਨ ਜੁਗਤੀ ਛੁਟੈ ਸੰਸਾਰੁ ॥ | No power to find the way to escape from the world. |
| ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ | He alone has the Power in His Hands. He watches over all. |
| ਨਾਨਕ ਉਤਮੁ ਨੀਚੁ ਨ ਕੋਇ ॥੩੩॥ | O Nanak, no one is high or low. \|\|33\|\| |
| ਰਾਤੀ ਰੁਤੀ ਥਿਤੀ ਵਾਰ ॥ | Nights, days, weeks and seasons; |
| ਪਵਣ ਪਾਣੀ ਅਗਨੀ ਪਾਤਾਲ ॥ | wind, water, fire and the nether regions |
| ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥ | in the midst of these, He established the earth as a home for Dharma. |
| ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ | Upon it, He placed the various species of beings. |
| ਤਿਨ ਕੇ ਨਾਮ ਅਨੇਕ ਅਨੰਤ ॥ | Their names are uncounted and endless. |
| ਕਰਮੀ ਕਰਮੀ ਹੋਇ ਵੀਚਾਰੁ ॥ | By their deeds and their actions, they shall be judged. |
| ਸਚਾ ਆਪਿ ਸਚਾ ਦਰਬਾਰੁ ॥ | God Himself is True, and True is His Court. |
| ਤਿਥੈ ਸੋਹਨਿ ਪੰਚ ਪਰਵਾਣੁ ॥ | There, in perfect grace and ease, sit the self-elect, the self-realized Saints. |
| ਨਦਰੀ ਕਰਮਿ ਪਵੈ ਨੀਸਾਣੁ ॥ | They receive the Mark of Grace from the Merciful Lord. |
| ਕਚ ਪਕਾਈ ਓਥੈ ਪਾਇ ॥ | The ripe and the unripe, the good and the bad, shall there be judged. |
| ਨਾਨਕ ਗਇਆ ਜਾਪੈ ਜਾਇ ॥੩੪॥ | O Nanak, when you go home, you will see this. \|\|34\|\| |
| ਧਰਮ ਖੰਡ ਕਾ ਏਹੋ ਧਰਮੁ ॥ | This is righteous living in the realm of Dharma. |
| ਗਿਆਨ ਖੰਡ ਕਾ ਆਖਹੁ ਕਰਮੁ ॥ | And now we speak of the realm of spiritual wisdom. |
| ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥ | So many winds, waters and fires; so many Krishnas and Shivas. |
| ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥ | So many Brahmas, fashioning forms of great beauty, adorned and dressed in many colors. |
| ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥ | So many worlds and lands for working out karma. So very many lessons to be learned! |
| ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥ | So many Indras, so many moons and suns, so many worlds and lands. |

| | |
|---|---|
| ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥ | So many Siddhas and Buddhas, so many Yogic masters. So many goddesses of various kinds. |
| ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥ | So many demi-gods and demons, so many silent sages. So many oceans of jewels. |
| ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥ | So many ways of life, so many languages. So many dynasties of rulers. |
| ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥ | So many intuitive people, so many selfless servants. O Nanak, His limit has no limit! \|\|35\|\| |
| ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ | In the realm of wisdom, spiritual wisdom reigns supreme. |
| ਤਿਥੈ ਨਾਦ ਬਿਨੋਦ ਕੋਡ ਅਨੰਦੁ ॥ | The Sound-current of the Naad vibrates there, amidst the sounds and the sights of bliss. |

## ੮ — 8

| | |
|---|---|
| ਸਰਮ ਖੰਡ ਕੀ ਬਾਣੀ ਰੂਪੁ ॥ | In the realm of humility, the Word is Beauty. |
| ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥ | Forms of incomparable beauty are fashioned there. |
| ਤਾ ਕੀਆ ਗਲਾ ਕਥੀਆ ਨਾ ਜਾਹਿ ॥ | These things cannot be described. |
| ਜੇ ਕੋ ਕਹੈ ਪਿਛੈ ਪਛੁਤਾਇ ॥ | One who tries to speak of these shall regret the attempt. |
| ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ | The intuitive consciousness, intellect and understanding of the mind are shaped there. |
| ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥ | The consciousness of the spiritual warriors and the Siddhas, the beings of spiritual perfection, are shaped there. \|\|36\|\| |
| ਕਰਮ ਖੰਡ ਕੀ ਬਾਣੀ ਜੋਰੁ ॥ | In the realm of karma, the Word is Power. |
| ਤਿਥੈ ਹੋਰੁ ਨ ਕੋਈ ਹੋਰੁ ॥ | No one else dwells there, |
| ਤਿਥੈ ਜੋਧ ਮਹਾਬਲ ਸੂਰ ॥ | except the warriors of great power, the spiritual heroes. |
| ਤਿਨ ਮਹਿ ਰਾਮੁ ਰਹਿਆ ਭਰਪੂਰ ॥ | They are totally fulfilled, imbued with the Lord's Essence. |
| ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ | Myriads of Sitas are there, cool and calm in their majestic glory. |
| ਤਾ ਕੇ ਰੂਪ ਨ ਕਥਨੇ ਜਾਹਿ ॥ | Their beauty cannot be described. |

| | |
|---|---|
| ਨਾ ਓਹਿ ਮਰਹਿ ਨ ਠਾਗੇ ਜਾਹਿ ॥ | Neither death nor deception comes to those, |
| ਜਿਨ ਕੈ ਰਾਮੁ ਵਸੈ ਮਨ ਮਾਹਿ ॥ | within whose minds the Lord abides. |
| ਤਿਥੈ ਭਗਤ ਵਸਹਿ ਕੇ ਲੋਅ ॥ | The devotees of many worlds dwell there. |
| ਕਰਹਿ ਅਨੰਦੁ ਸਚਾ ਮਨਿ ਸੋਇ ॥ | They celebrate; their minds are imbued with the True Lord. |
| ਸਚ ਖੰਡਿ ਵਸੈ ਨਿਰੰਕਾਰੁ ॥ | In the realm of Truth, the Formless Lord abides. |
| ਕਰਿ ਕਰਿ ਵੇਖੈ ਨਦਰਿ ਨਿਹਾਲ ॥ | Having created the creation, He watches over it. By His Glance of Grace, He bestows happiness. |
| ਤਿਥੈ ਖੰਡ ਮੰਡਲ ਵਰਭੰਡ ॥ | There are planets, solar systems and galaxies. |
| ਜੇ ਕੋ ਕਥੈ ਤ ਅੰਤ ਨ ਅੰਤ ॥ | If one speaks of them, there is no limit, no end. |
| ਤਿਥੈ ਲੋਅ ਲੋਅ ਆਕਾਰ ॥ | There are worlds upon worlds of His Creation. |
| ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ | As He commands, so they exist. |
| ਵੇਖੈ ਵਿਗਸੈ ਕਰਿ ਵੀਚਾਰੁ ॥ | He watches over all, and contemplating the creation, He rejoices. |
| ਨਾਨਕ ਕਥਨਾ ਕਰੜਾ ਸਾਰੁ ॥੩੭॥ | O Nanak, to describe this is as hard as steel! \|\|37\|\| |
| ਜਤੁ ਪਾਹਾਰਾ ਧੀਰਜੁ ਸੁਨਿਆਰੁ ॥ | Let self-control be the furnace, and patience the goldsmith. |
| ਅਹਰਣਿ ਮਤਿ ਵੇਦੁ ਹਥੀਆਰੁ ॥ | Let understanding be the anvil, and spiritual wisdom the tools. |
| ਭਉ ਖਲਾ ਅਗਨਿ ਤਪ ਤਾਉ ॥ | With the Fear of God as the bellows, fan the flames of tapa, the body's inner heat. |
| ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ | In the crucible of love, melt the Nectar of the Name, |
| ਘੜੀਐ ਸਬਦੁ ਸਚੀ ਟਕਸਾਲ ॥ | and mint the True Coin of the Shabad, the Word of God. |
| ਜਿਨ ਕਉ ਨਦਰਿ ਕਰਮੁ ਤਿਨ ਕਾਰ ॥ | Such is the karma of those upon whom He has cast His Glance of Grace. |
| ਨਾਨਕ ਨਦਰੀ ਨਦਰਿ ਨਿਹਾਲ ॥੩੮॥ | O Nanak, the Merciful Lord, by His Grace, uplifts and exalts them. \|\|38\|\| |
| ਸਲੋਕੁ ॥ | Shalok: |
| ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ | Air is the Guru, Water is the Father, and Earth is the Great Mother of all. |
| ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ | Day and night are the two nurses, in whose lap all the world is at play. |

| | |
|---|---|
| ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ | Good deeds and bad deeds-the record is read out in the Presence of the Lord of Dharma. |
| ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ | According to their own actions, some are drawn closer, and some are driven farther away. |
| ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ | Those who have meditated on the Naam, the Name of the Lord, and departed after having worked by the sweat of their brows |
| ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥ | -O Nanak, their faces are radiant in the Court of the Lord, and many are saved along with them! ‖1‖ |
| ਸੋ ਦਰੁ ਰਾਗੁ ਆਸਾ ਮਹਲਾ ੧ | So Dar ~ That Door. Raag Aasaa, First Mehl: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ | Where is That Door of Yours, and where is That Home, in which You sit and take care of all? |
| ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥ | The Sound-current of the Naad vibrates there for You, and countless musicians play all sorts of instruments there for You. |
| ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥ | There are so many Ragas and musical harmonies to You; so many minstrels sing hymns of You. |
| ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥ | Wind, water and fire sing of You. The Righteous Judge of Dharma sings at Your Door. |
| ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥ | Chitr and Gupt, the angels of the conscious and the subconscious who keep the record of actions, and the Righteous Judge of Dharma who reads this record, sing of You. |
| ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥ | Shiva, Brahma and the Goddess of Beauty, ever adorned by You, sing of You. |
| ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ | Indra, seated on His Throne, sings of You, with the deities at Your Door. |
| ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥ | The Siddhas in Samaadhi sing of You; the Saadhus sing of You in contemplation. |

| ੯ | 9 |
|---|---|
| ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥ | The celibates, the fanatics, and the peacefully accepting sing of You; the fearless warriors sing of You. |
| ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ ॥ | The Pandits, the religious scholars who recite the Vedas, with the supreme sages of all the ages, sing of You. |
| ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥ | The Mohinis, the enchanting heavenly beauties who entice hearts in paradise, in this world, and in the underworld of the subconscious, sing of You. |
| ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥ | The celestial jewels created by You, and the sixty-eight sacred shrines of pilgrimage, sing of You. |
| ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥ | The brave and mighty warriors sing of You. The spiritual heroes and the four sources of creation sing of You. |
| ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥ | The worlds, solar systems and galaxies, created and arranged by Your Hand, sing of You. |
| ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥ | They alone sing of You, who are pleasing to Your Will. Your devotees are imbued with Your Sublime Essence. |
| ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥ | So many others sing of You, they do not come to mind. O Nanak, how can I think of them all? |
| ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ | That True Lord is True, forever True, and True is His Name. |
| ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥ | He is, and shall always be. He shall not depart, even when this Universe which He has created departs. |
| ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥ | He created the world, with its various colors, species of beings, and the variety of Maya. |
| ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ ॥ | Having created the creation, He watches over it Himself, by His Greatness. |
| ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥ | He does whatever He pleases. No one can issue any order to Him. |
| ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣੁ ਰਜਾਈ ॥੧॥ | He is the King, the King of kings, the Supreme Lord and Master of kings. Nanak remains subject to His Will. \|\|1\|\| |

| | |
|---|---|
| ਆਸਾ ਮਹਲਾ ੧ ॥ | Aasaa, First Mehl: |
| ਸੁਣਿ ਵਡਾ ਆਖੈ ਸਭੁ ਕੋਇ ॥ | Hearing of His Greatness, everyone calls Him Great. |
| ਕੇਵਡੁ ਵਡਾ ਡੀਠਾ ਹੋਇ ॥ | But just how Great His Greatness is-this is known only to those who have seen Him. |
| ਕੀਮਤਿ ਪਾਇ ਨ ਕਹਿਆ ਜਾਇ ॥ | His Value cannot be estimated; He cannot be described. |
| ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ | Those who describe You, Lord, remain immersed and absorbed in You. \|\|1\|\| |
| ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥ | O my Great Lord and Master of Unfathomable Depth, You are the Ocean of Excellence. |
| ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ | No one knows the extent or the vastness of Your Expanse. \|\|1\|\|Pause\|\| |
| ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ | All the intuitives met and practiced intuitive meditation. |
| ਸਭ ਕੀਮਤਿ ਮਿਲਿ ਕੀਮਤਿ ਪਾਈ ॥ | All the appraisers met and made the appraisal. |
| ਗਿਆਨੀ ਧਿਆਨੀ ਗੁਰ ਗੁਰਹਾਈ ॥ | The spiritual teachers, the teachers of meditation, and the teachers of teachers |
| ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ | -they cannot describe even an iota of Your Greatness. \|\|2\|\| |
| ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥ | All Truth, all austere discipline, all goodness, |
| ਸਿਧਾ ਪੁਰਖਾ ਕੀਆ ਵਡਿਆਈਆ ॥ | all the great miraculous spiritual powers of the Siddhas |
| ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥ | without You, no one has attained such powers. |
| ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ | They are received only by Your Grace. No one can block them or stop their flow. \|\|3\|\| |
| ਆਖਣ ਵਾਲਾ ਕਿਆ ਵੇਚਾਰਾ ॥ | What can the poor helpless creatures do? |
| ਸਿਫਤੀ ਭਰੇ ਤੇਰੇ ਭੰਡਾਰਾ ॥ | Your Praises are overflowing with Your Treasures. |
| ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ | Those, unto whom You give-how can they think of any other? |
| ਨਾਨਕ ਸਚੁ ਸਵਾਰਣਹਾਰਾ ॥੪॥੨॥ | O Nanak, the True One embellishes and exalts. \|\|4\|\|2\|\| |
| ਆਸਾ ਮਹਲਾ ੧ ॥ | Aasaa, First Mehl: |
| ਆਖਾ ਜੀਵਾ ਵਿਸਰੈ ਮਰਿ ਜਾਉ ॥ | Chanting it, I live; forgetting it, I die. |
| ਆਖਣਿ ਅਉਖਾ ਸਾਚਾ ਨਾਉ ॥ | It is so difficult to chant the True Name. |

ਸਾਚੇ ਨਾਮ ਕੀ ਲਾਗੈ ਭੂਖ ॥
If someone feels hunger for the True Name,

ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥
that hunger shall consume his pain. ||1||

ਸੋ ਕਿਉ ਵਿਸਰੈ ਮੇਰੀ ਮਾਇ ॥
How can I forget Him, O my mother?

ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥
True is the Master, True is His Name. ||1||Pause||

ਸਾਚੇ ਨਾਮ ਕੀ ਤਿਲੁ ਵਡਿਆਈ ॥
Trying to describe even an iota of the Greatness of the True Name,

ਆਖਿ ਥਕੇ ਕੀਮਤਿ ਨਹੀ ਪਾਈ ॥
people have grown weary, but they have not been able to evaluate it.

ਜੇ ਸਭਿ ਮਿਲਿ ਕੈ ਆਖਣ ਪਾਹਿ ॥
Even if everyone were to gather together and speak of Him,

ਵਡਾ ਨ ਹੋਵੈ ਘਾਟਿ ਨ ਜਾਇ ॥੨॥
He would not become any greater or any lesser. ||2||

ਨਾ ਓਹੁ ਮਰੈ ਨ ਹੋਵੈ ਸੋਗੁ ॥
That Lord does not die; there is no reason to mourn.

ਦੇਦਾ ਰਹੈ ਨ ਚੂਕੈ ਭੋਗੁ ॥
He continues to give, and His Provisions never run short.

ਗੁਣੁ ਏਹੋ ਹੋਰੁ ਨਾਹੀ ਕੋਇ ॥
This Virtue is His alone; there is no other like Him.

ਨਾ ਕੋ ਹੋਆ ਨਾ ਕੋ ਹੋਇ ॥੩॥
There never has been, and there never will be. ||3||

ਜੇਵਡੁ ਆਪਿ ਤੇਵਡ ਤੇਰੀ ਦਾਤਿ ॥
As Great as You Yourself are, O Lord, so Great are Your Gifts.

੧੦ / 10

ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥
The One who created the day also created the night.

ਖਸਮੁ ਵਿਸਾਰਹਿ ਤੇ ਕਮਜਾਤਿ ॥
Those who forget their Lord and Master are vile and despicable.

ਨਾਨਕ ਨਾਵੈ ਬਾਝੁ ਸਨਾਤਿ ॥੪॥੩॥
O Nanak, without the Name, they are wretched outcasts. ||4||3||

### ਰਾਗੁ ਗੂਜਰੀ ਮਹਲਾ ੪ ॥
### Raag Goojaree, Fourth Mehl:

ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥
O humble servant of the Lord, O True Guru, O True Primal Being: I offer my humble prayer to You, O Guru.

ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥੧॥
I am a mere insect, a worm. O True Guru, I seek Your Sanctuary. Please be merciful, and bless me with the Light of the Naam, the Name of the Lord. ||1||

ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥

O my Best Friend, O Divine Guru, please enlighten me with the Name of the Lord.

ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥੧॥ ਰਹਾਉ ॥

Through the Guru's Teachings, the Naam is my breath of life. The Kirtan of the Lord's Praise is my life's occupation. ||1||Pause||

ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥

The servants of the Lord have the greatest good fortune; they have faith in the Lord, and a longing for the Lord.

ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥੨॥

Obtaining the Name of the Lord, Har, Har, they are satisfied; joining the Sangat, the Blessed Congregation, their virtues shine forth. ||2||

ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥

Those who have not obtained the Sublime Essence of the Name of the Lord, Har, Har, Har, are most unfortunate; they are led away by the Messenger of Death.

ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥

Those who have not sought the Sanctuary of the True Guru and the Sangat, the Holy Congregation-cursed are their lives, and cursed are their hopes of life. ||3||

ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥

Those humble servants of the Lord who have attained the Company of the True Guru, have such pre-ordained destiny inscribed on their foreheads.

ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ ॥੪॥੪॥

Blessed, blessed is the Sat Sangat, the True Congregation, where the Lord's Essence is obtained. Meeting with His humble servant, O Nanak, the Light of the Naam shines forth. ||4||4||

ਰਾਗੁ ਗੂਜਰੀ ਮਹਲਾ ੫ ॥

Raag Goojaree, Fifth Mehl:

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥

Why, O mind, do you plot and plan, when the Dear Lord Himself provides for your care?

ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥

From rocks and stones He created living beings; He places their nourishment before them. ||1||

ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥

O my Dear Lord of souls, one who joins the Sat Sangat, the True Congregation, is saved.

ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥੧॥ ਰਹਾਉ ॥

By Guru's Grace, the supreme status is obtained, and the dry wood blossoms forth again in lush greenery. ||1||Pause||

| | |
|---|---|
| ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ ॥ | Mothers, fathers, friends, children and spouses-no one is the support of anyone else. |
| ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥੨॥ | For each and every person, our Lord and Master provides sustenance. Why are you so afraid, O mind? ‖2‖ |
| ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥ | The flamingoes fly hundreds of miles, leaving their young ones behind. |
| ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥੩॥ | Who feeds them, and who teaches them to feed themselves? Have you ever thought of this in your mind? ‖3‖ |
| ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥ | All the nine treasures, and the eighteen supernatural powers are held by our Lord and Master in the Palm of His Hand. |
| ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ ॥੪॥੫॥ | Servant Nanak is devoted, dedicated, forever a sacrifice to You, Lord. Your Expanse has no limit, no boundary. ‖4‖5‖ |
| ਰਾਗੁ ਆਸਾ ਮਹਲਾ ੪ ਸੋ ਪੁਰਖੁ | Raag Aasaa, Fourth Mehl, So Purakh ~ That Primal Being: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ ॥ | That Primal Being is Immaculate and Pure. The Lord, the Primal Being, is Immaculate and Pure. The Lord is Inaccessible, Unreachable and Unrivalled. |
| ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ ॥ | All meditate, all meditate on You, Dear Lord, O True Creator Lord. |
| ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥ | All living beings are Yours-You are the Giver of all souls. |
| ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ॥ | Meditate on the Lord, O Saints; He is the Dispeller of all sorrow. |
| ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ ॥੧॥ | The Lord Himself is the Master, the Lord Himself is the Servant. O Nanak, the poor beings are wretched and miserable! ‖1‖ |

## ੧੧

## 11

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ॥

You are constant in each and every heart, and in all things. O Dear Lord, you are the One.

ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ ॥

Some are givers, and some are beggars. This is all Your Wondrous Play.

ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ ॥

You Yourself are the Giver, and You Yourself are the Enjoyer. I know no other than You.

ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥

You are the Supreme Lord God, Limitless and Infinite. What Virtues of Yours can I speak of and describe?

ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ ॥੨॥

Unto those who serve You, unto those who serve You, Dear Lord, servant Nanak is a sacrifice. ||2||

ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖਵਾਸੀ ॥

Those who meditate on You, Lord, those who meditate on You-those humble beings dwell in peace in this world.

ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ ॥

They are liberated, they are liberated-those who meditate on the Lord. For them, the noose of death is cut away.

ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥

Those who meditate on the Fearless One, on the Fearless Lord-all their fears are dispelled.

ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ ॥

Those who serve, those who serve my Dear Lord, are absorbed into the Being of the Lord, Har, Har.

ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ ॥੩॥

Blessed are they, blessed are they, who meditate on their Dear Lord. Servant Nanak is a sacrifice to them. ||3||

ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ ॥

Devotion to You, devotion to You, is a treasure overflowing, infinite and beyond measure.

ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ ॥

Your devotees, Your devotees praise You, Dear Lord, in many and various and countless ways.

ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ ॥

For You, many, for You, so very many perform worship services, O Dear Infinite Lord; they practice disciplined meditation and chant endlessly.

ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ ॥

For You, many, for You, so very many read the various Simritees and Shaastras. They perform rituals and religious rites.

ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥

Those devotees, those devotees are sublime, O servant Nanak, who are pleasing to my Dear Lord God. ||4||

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥

You are the Primal Being, the Most Wonderful Creator. There is no other as Great as You.

ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥

Age after age, You are the One. Forever and ever, You are the One. You never change, O Creator Lord.

ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ॥

Everything happens according to Your Will. You Yourself accomplish all that occurs.

ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥

You Yourself created the entire universe, and having fashioned it, You Yourself shall destroy it all.

ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ ॥੫॥੧॥

Servant Nanak sings the Glorious Praises of the Dear Creator, the Knower of all. ||5||1||

### ਆਸਾ ਮਹਲਾ ੪ ॥

### Aasaa, Fourth Mehl:

ਤੂੰ ਕਰਤਾ ਸਚਿਆਰੁ ਮੈਡਾ ਸਾਂਈ ॥

You are the True Creator, my Lord and Master.

ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ ॥੧॥ ਰਹਾਉ ॥

Whatever pleases You comes to pass. As You give, so do we receive. ||1||Pause||

ਸਭ ਤੇਰੀ ਤੂੰ ਸਭਨੀ ਧਿਆਇਆ ॥

All belong to You, all meditate on you.

ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥

Those who are blessed with Your Mercy obtain the Jewel of the Naam, the Name of the Lord.

ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥

The Gurmukhs obtain it, and the self-willed manmukhs lose it.

ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥

You Yourself separate them from Yourself, and You Yourself reunite with them again. ||1||

| | |
|---|---|
| ਤੂੰ ਦਰੀਆਉ ਸਭ ਤੁਝ ਹੀ ਮਾਹਿ ॥ | You are the River of Life; all are within You. |
| ਤੁਝ ਬਿਨੁ ਦੂਜਾ ਕੋਈ ਨਾਹਿ ॥ | There is no one except You. |
| ਜੀਅ ਜੰਤ ਸਭਿ ਤੇਰਾ ਖੇਲੁ ॥ | All living beings are Your playthings. |
| ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥੨॥ | The separated ones meet, and by great good fortune, those suffering in separation are reunited once again. \|\|2\|\| |
| ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥ | They alone understand, whom You inspire to understand; |
| ਹਰਿ ਗੁਣ ਸਦ ਹੀ ਆਖਿ ਵਖਾਣੈ ॥ | they continually chant and repeat the Lord's Praises. |
| ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥ | Those who serve You find peace. |
| ਸਹਜੇ ਹੀ ਹਰਿ ਨਾਮਿ ਸਮਾਇਆ ॥੩॥ | They are intuitively absorbed into the Lord's Name. \|\|3\|\| |

## ੧੨ / 12

| | |
|---|---|
| ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥ | You Yourself are the Creator. Everything that happens is by Your Doing. |
| ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥ | There is no one except You. |
| ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥ | You created the creation; You behold it and understand it. |
| ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥੨॥ | O servant Nanak, the Lord is revealed through the Gurmukh, the Living Expression of the Guru's Word. \|\|4\|\|2\|\| |

### ਆਸਾ ਮਹਲਾ ੧ ॥ / Aasaa, First Mehl:

| | |
|---|---|
| ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥ | In that pool, people have made their homes, but the water there is as hot as fire! |
| ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥੧॥ | In the swamp of emotional attachment, their feet cannot move. I have seen them drowning there. \|\|1\|\| |
| ਮਨ ਏਕੁ ਨ ਚੇਤਸਿ ਮੂੜ ਮਨਾ ॥ | In your mind, you do not remember the One Lord-you fool! |
| ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥ | You have forgotten the Lord; your virtues shall wither away. \|\|1\|\|Pause\|\| |
| ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ ॥ | I am not celibate, nor truthful, nor scholarly. I was born foolish and ignorant into this world. |

ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ ਵੀਸਰਿਆ ॥੨॥੩॥

Prays Nanak, I seek the Sanctuary of those who have not forgotten You, O Lord! ||2||3||

ਆਸਾ ਮਹਲਾ ੫ ॥

Aasaa, Fifth Mehl:

ਭਈ ਪਰਾਪਤਿ ਮਾਨੁਖ ਦੇਹੁਰੀਆ ॥

This human body has been given to you.

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

This is your chance to meet the Lord of the Universe.

ਅਵਰਿ ਕਾਜ ਤੇਰੈ ਕਿਤੈ ਨ ਕਾਮ ॥

Nothing else will work.

ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥

Join the Saadh Sangat, the Company of the Holy; vibrate and meditate on the Jewel of the Naam. ||1||

ਸਰੰਜਾਮਿ ਲਾਗੁ ਭਵਜਲ ਤਰਨ ਕੈ ॥

Make every effort to cross over this terrifying world-ocean.

ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥

You are squandering this life uselessly in the love of Maya. ||1||Pause||

ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥

I have not practiced meditation, self-discipline, self-restraint or righteous living.

ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥

I have not served the Holy; I have not acknowledged the Lord, my King.

ਕਹੁ ਨਾਨਕ ਹਮ ਨੀਚ ਕਰੰਮਾ ॥

Says Nanak, my actions are contemptible!

ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥

O Lord, I seek Your Sanctuary; please, preserve my honor! ||2||4||

ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧

Sohilaa ~ The Song Of Praise.
Raag Gauree Deepakee, First Mehl:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥

In that house where the Praises of the Creator are chanted and contemplated

ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ ॥੧॥

-in that house, sing Songs of Praise; meditate and remember the Creator Lord. ||1||

ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥

Sing the Songs of Praise of my Fearless Lord.

| | |
|---|---|
| ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥ | I am a sacrifice to that Song of Praise which brings eternal peace. \|\|1\|\|Pause\|\| |
| ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥ | Day after day, He cares for His beings; the Great Giver watches over all. |
| ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥ | Your Gifts cannot be appraised; how can anyone compare to the Giver? \|\|2\|\| |
| ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥ | The day of my wedding is pre-ordained. Come, gather together and pour the oil over the threshold. |
| ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥ | My friends, give me your blessings, that I may merge with my Lord and Master. \|\|3\|\| |
| ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥ | Unto each and every home, into each and every heart, this summons is sent out; the call comes each and every day. |
| ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥ | Remember in meditation the One who summons us; O Nanak, that day is drawing near! \|\|4\|\|1\|\| |
| ਰਾਗੁ ਆਸਾ ਮਹਲਾ ੧ ॥ | Raag Aasaa, First Mehl: |
| ਛਿਅ ਘਰ ਛਿਅ ਗੁਰ ਛਿਅ ਉਪਦੇਸ ॥ | There are six schools of philosophy, six teachers, and six sets of teachings. |
| ਗੁਰੁ ਗੁਰੁ ਏਕੋ ਵੇਸ ਅਨੇਕ ॥੧॥ | But the Teacher of teachers is the One, who appears in so many forms. \|\|1\|\| |
| ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥ | O Baba: that system in which the Praises of the Creator are sung |
| ਸੋ ਘਰੁ ਰਾਖੁ ਵਡਾਈ ਤੋਇ ॥੧॥ ਰਹਾਉ ॥ | -follow that system; in it rests true greatness. \|\|1\|\|Pause\|\| |
| ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥ | The seconds, minutes and hours, days, weeks and months, |
| ਸੂਰਜੁ ਏਕੋ ਰੁਤਿ ਅਨੇਕ ॥ | and the various seasons originate from the one sun; |
| **੧੩** | 13 |
| ਨਾਨਕ ਕਰਤੇ ਕੇ ਕੇਤੇ ਵੇਸ ॥੨॥੨॥ | O Nanak, in just the same way, the many forms originate from the Creator. \|\|2\|\|2\|\| |
| ਰਾਗੁ ਧਨਾਸਰੀ ਮਹਲਾ ੧ ॥ | Raag Dhanaasaree, First Mehl: |

| | |
|---|---|
| ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ | Upon that cosmic plate of the sky, the sun and the moon are the lamps. The stars and their orbs are the studded pearls. |
| ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥ | The fragrance of sandalwood in the air is the temple incense, and the wind is the fan. All the plants of the world are the altar flowers in offering to You, O Luminous Lord. \|\|1\|\| |
| ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥ | What a beautiful Aartee, lamp-lit worship service this is! O Destroyer of Fear, this is Your Ceremony of Light. |
| ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥ | The Unstruck Sound-current of the Shabad is the vibration of the temple drums. \|\|1\|\|Pause\|\| |
| ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋੁਹੀ ॥ | You have thousands of eyes, and yet You have no eyes. You have thousands of forms, and yet You do not have even one. |
| ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥ | You have thousands of Lotus Feet, and yet You do not have even one foot. You have no nose, but you have thousands of noses. This Play of Yours entrances me. \|\|2\|\| |
| ਸਭ ਮਹਿ ਜੋਤਿ ਜੋਤਿ ਹੈ ਸੋਇ ॥ | Amongst all is the Light-You are that Light. |
| ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ | By this Illumination, that Light is radiant within all. |
| ਗੁਰ ਸਾਖੀ ਜੋਤਿ ਪਰਗਟੁ ਹੋਇ ॥ | Through the Guru's Teachings, the Light shines forth. |
| ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥ | That which is pleasing to Him is the lamp-lit worship service. \|\|3\|\| |
| ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥ | My mind is enticed by the honey-sweet Lotus Feet of the Lord. Day and night, I thirst for them. |
| ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥ | Bestow the Water of Your Mercy upon Nanak, the thirsty song-bird, so that he may come to dwell in Your Name. \|\|4\|\|3\|\| |
| ਰਾਗੁ ਗਉੜੀ ਪੂਰਬੀ ਮਹਲਾ ੪ ॥ | Raag Gauree Poorbee, Fourth Mehl: |
| ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ ॥ | The body-village is filled to overflowing with anger and sexual desire; these were broken into bits when I met with the Holy Saint. |

| | |
|---|---|
| ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥ | By pre-ordained destiny, I have met with the Guru. I have entered into the realm of the Lord's Love. \|\|1\|\| |
| ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥ | Greet the Holy Saint with your palms pressed together; this is an act of great merit. |
| ਕਰਿ ਡੰਡਉਤ ਪੁਨੁ ਵਡਾ ਹੇ ॥੧॥ ਰਹਾਉ ॥ | Bow down before Him; this is a virtuous action indeed. \|\|1\|\|Pause\|\| |
| ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥ | The wicked shaaktas, the faithless cynics, do not know the Taste of the Lord's Sublime Essence. The thorn of egotism is embedded deep within them. |
| ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥ | The more they walk away, the deeper it pierces them, and the more they suffer in pain, until finally, the Messenger of Death smashes his club against their heads. \|\|2\|\| |
| ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ ॥ | The humble servants of the Lord are absorbed in the Name of the Lord, Har, Har. The pain of birth and the fear of death are eradicated. |
| ਅਬਿਨਾਸੀ ਪੁਰਖੁ ਪਾਇਆ ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ ॥੩॥ | They have found the Imperishable Supreme Being, the Transcendent Lord God, and they receive great honor throughout all the worlds and realms. \|\|3\|\| |
| ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ ॥ | I am poor and meek, God, but I belong to You! Save me-please save me, O Greatest of the Great! |
| ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ ॥੪॥੪॥ | Servant Nanak takes the Sustenance and Support of the Naam. In the Name of the Lord, he enjoys celestial peace. \|\|4\|\|4\|\| |
| ਰਾਗੁ ਗਉੜੀ ਪੂਰਬੀ ਮਹਲਾ ੫ ॥ | Raag Gauree Poorbee, Fifth Mehl: |
| ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥ | Listen, my friends, I beg of you: now is the time to serve the Saints! |
| ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥੧॥ | In this world, earn the profit of the Lord's Name, and hereafter, you shall dwell in peace. \|\|1\|\| |
| ਅਉਧ ਘਟੈ ਦਿਨਸੁ ਰੈਣਾਰੇ ॥ ਮਨ ਗੁਰ ਮਿਲਿ ਕਾਜ ਸਵਾਰੇ ॥੧॥ ਰਹਾਉ ॥ | This life is diminishing, day and night. Meeting with the Guru, your affairs shall be resolved. \|\|1\|\|Pause\|\| |

ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥

This world is engrossed in corruption and cynicism. Only those who know God are saved.

ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥

Only those who are awakened by the Lord to drink in this Sublime Essence, come to know the Unspoken Speech of the Lord. ||2||

ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥

Purchase only that for which you have come into the world, and through the Guru, the Lord shall dwell within your mind.

ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥੩॥

Within the home of your own inner being, you shall obtain the Mansion of the Lord's Presence with intuitive ease. You shall not be consigned again to the wheel of reincarnation. ||3||

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥

O Inner-knower, Searcher of Hearts, O Primal Being, Architect of Destiny: please fulfill this yearning of my mind.

ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥੪॥੫॥

Nanak, Your slave, begs for this happiness: let me be the dust of the feet of the Saints. ||4||5||

## ੧੪

## 14

ੴ ਸਤਿਗੁਰ ਪ੍ਰਸਾਦਿ ॥

ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧ ॥

One Universal Creator God.
By The Grace Of The True Guru:
Raag Siree Raag, First Mehl, First House:

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥

If I had a palace made of pearls, inlaid with jewels,

ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥

scented with musk, saffron and sandalwood, a sheer delight to behold

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥

-seeing this, I might go astray and forget You, and Your Name would not enter into my mind. ||1||

ਹਰਿ ਬਿਨੁ ਜੀਉ ਜਲਿ ਬਲਿ ਜਾਉ ॥

Without the Lord, my soul is scorched and burnt.

ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ ॥

I consulted my Guru, and now I see that there is no other place at all. ||1||Pause||

| | |
|---|---|
| ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥ | If the floor of this palace was a mosaic of diamonds and rubies, and if my bed was encased with rubies, |
| ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥ | and if heavenly beauties, their faces adorned with emeralds, tried to entice me with sensual gestures of love |
| ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥ | -seeing these, I might go astray and forget You, and Your Name would not enter into my mind. ‖2‖ |
| ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥ | If I were to become a Siddha, and work miracles, summon wealth |
| ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥ | and become invisible and visible at will, so that people would hold me in awe |
| ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥ | -seeing these, I might go astray and forget You, and Your Name would not enter into my mind. ‖3‖ |
| ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥ | If I were to become an emperor and raise a huge army, and sit on a throne, |
| ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥ | issuing commands and collecting taxes-O Nanak, all of this could pass away like a puff of wind. |
| ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥੧॥ | Seeing these, I might go astray and forget You, and Your Name would not enter into my mind. ‖4‖1‖ |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥ | If I could live for millions and millions of years, and if the air was my food and drink, |
| ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥ | and if I lived in a cave and never saw either the sun or the moon, and if I never slept, even in dreams |
| ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥ | -even so, I could not estimate Your Value. How can I describe the Greatness of Your Name? ‖1‖ |
| ਸਾਚਾ ਨਿਰੰਕਾਰੁ ਨਿਜ ਥਾਇ ॥ | The True Lord, the Formless One, is Himself in His Own Place. |
| ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥ | I have heard, over and over again, and so I tell the tale; as it pleases You, Lord, please instill within me the yearning for You. ‖1‖Pause‖ |
| ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥ | If I was slashed and cut into pieces, over and over again, and put into the mill and ground into flour, |

| | |
|---|---|
| ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥ | burnt by fire and mixed with ashes |
| ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥ | -even then, I could not estimate Your Value. How can I describe the Greatness of Your Name? ‖2‖ |
| ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥ | If I was a bird, soaring and flying through hundreds of heavens, |
| ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥ | and if I was invisible, neither eating nor drinking anything |
| ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥ | -even so, I could not estimate Your Value. How can I describe the Greatness of Your Name? ‖3‖ |

## ੧੫ — 15

| | |
|---|---|
| ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥ | O Nanak, if I had hundreds of thousands of stacks of paper, and if I were to read and recite and embrace love for the Lord, |
| ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥ | and if ink were never to fail me, and if my pen were able to move like the wind |
| ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥ | -even so, I could not estimate Your Value. How can I describe the Greatness of Your Name? ‖4‖2‖ |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ ॥ | As it is pre-ordained, people speak their words. As it is pre-ordained, they consume their food. |
| ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ ॥ | As it is pre-ordained, they walk along the way. As it is pre-ordained, they see and hear. |
| ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ ॥੧॥ | As it is pre-ordained, they draw their breath. Why should I go and ask the scholars about this? ‖1‖ |
| ਬਾਬਾ ਮਾਇਆ ਰਚਨਾ ਧੋਹੁ ॥ | O Baba, the splendor of Maya is deceptive. |
| ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ ॥੧॥ ਰਹਾਉ ॥ | The blind man has forgotten the Name; he is in limbo, neither here nor there. ‖1‖Pause‖ |
| ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ ॥ | Life and death come to all who are born. Everything here gets devoured by Death. |

ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ ॥

He sits and examines the accounts, there where no one goes along with anyone.

ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ ॥੨॥

Those who weep and wail might just as well all tie bundles of straw. ||2||

ਸਭੁ ਕੋ ਆਖੈ ਬਹੁਤੁ ਬਹੁਤੁ ਘਟਿ ਨ ਆਖੈ ਕੋਇ ॥

Everyone says that God is the Greatest of the Great. No one calls Him any less.

ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ ॥

No one can estimate His Worth. By speaking of Him, His Greatness is not increased.

ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ ॥੩॥

You are the One True Lord and Master of all the other beings, of so many worlds. ||3||

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

Nanak seeks the company of the lowest of the low class, the very lowest of the low. Why should he try to compete with the great?

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥੩॥

In that place where the lowly are cared for-there, the Blessings of Your Glance of Grace rain down. ||4||3||

ਸਿਰੀਰਾਗੁ ਮਹਲਾ ੧ ॥

Siree Raag, First Mehl:

ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥

Greed is a dog; falsehood is a filthy street-sweeper. Cheating is eating a rotting carcass.

ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥

Slandering others is putting the filth of others into your own mouth. The fire of anger is the outcaste who burns dead bodies at the crematorium.

ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥

I am caught in these tastes and flavors, and in self-conceited praise. These are my actions, O my Creator! ||1||

ਬਾਬਾ ਬੋਲੀਐ ਪਤਿ ਹੋਇ ॥

O Baba, speak only that which will bring you honor.

ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥

They alone are good, who are judged good at the Lord's Door. Those with bad karma can only sit and weep. ||1||Pause||

ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥

The pleasures of gold and silver, the pleasures of women, the pleasure of the fragrance of sandalwood,

ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥

the pleasure of horses, the pleasure of a soft bed in a palace, the pleasure of sweet treats and the pleasure of hearty meals

| | |
|---|---|
| ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥ | -these pleasures of the human body are so numerous; how can the Naam, the Name of the Lord, find its dwelling in the heart? \|\|2\|\| |
| ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥ | Those words are acceptable, which, when spoken, bring honor. |
| ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ | Harsh words bring only grief. Listen, O foolish and ignorant mind! |
| ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥੩॥ | Those who are pleasing to Him are good. What else is there to be said? \|\|3\|\| |
| ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥ | Wisdom, honor and wealth are in the laps of those whose hearts remain permeated with the Lord. |
| ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ ॥ | What praise can be offered to them? What other adornments can be bestowed upon them? |
| ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ ॥੪॥੪॥ | O Nanak, those who lack the Lord's Glance of Grace cherish neither charity nor the Lord's Name. \|\|4\|\|4\|\| |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ ॥ | The Great Giver has given the intoxicating drug of falsehood. |
| ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ ॥ | The people are intoxicated; they have forgotten death, and they have fun for a few days. |
| ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥੧॥ | Those who do not use intoxicants are true; they dwell in the Court of the Lord. \|\|1\|\| |
| ਨਾਨਕ ਸਾਚੇ ਕਉ ਸਚੁ ਜਾਣੁ ॥ | O Nanak, know the True Lord as True. |
| ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ ॥੧॥ ਰਹਾਉ ॥ | Serving Him, peace is obtained; you shall go to His Court with honor. \|\|1\|\|Pause\|\| |
| ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ ॥ | The Wine of Truth is not fermented from molasses. The True Name is contained within it. |
| **੧੬** | **16** |
| ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ ॥ | I am a sacrifice to those who hear and chant the True Name. |

ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ ॥੨॥

Only one who obtains a room in the Mansion of the Lord's Presence is deemed to be truly intoxicated. ||2||

ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ ॥

Bathe in the waters of Goodness and apply the scented oil of Truth to your body,

ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ ॥

and your face shall become radiant. This is the gift of 100,000 gifts.

ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ ॥੩॥

Tell your troubles to the One who is the Source of all comfort. ||3||

ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ ॥

How can you forget the One who created your soul, and the praanaa, the breath of life?

ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ ॥

Without Him, all that we wear and eat is impure.

ਹੋਰਿ ਗਲਾਂ ਸਭਿ ਕੂੜੀਆ ਤੁਧੁ ਭਾਵੈ ਪਰਵਾਣੁ ॥੪॥੫॥

Everything else is false. Whatever pleases Your Will is acceptable. ||4||5||

ਸਿਰੀਰਾਗੁ ਮਹਲੁ ੧ ॥

Siree Raag, First Mehl:

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥

Burn emotional attachment, and grind it into ink. Transform your intelligence into the purest of paper.

ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥

Make the love of the Lord your pen, and let your consciousness be the scribe. Then, seek the Guru's Instructions, and record these deliberations.

ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥੧॥

Write the Praises of the Naam, the Name of the Lord; write over and over again that He has no end or limitation. ||1||

ਬਾਬਾ ਏਹੁ ਲੇਖਾ ਲਿਖਿ ਜਾਣੁ ॥

O Baba, write such an account,

ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥੧॥ ਰਹਾਉ ॥

that when it is asked for, it will bring the Mark of Truth. ||1||Pause||

ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ ॥

There, where greatness, eternal peace and everlasting joy are bestowed,

ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ ॥

the faces of those whose minds are attuned to the True Name are anointed with the Mark of Grace.

ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ ॥੨॥

If one receives God's Grace, then such honors are received, and not by mere words. ||2||

| | |
|---|---|
| ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ ॥ | Some come, and some arise and depart. They give themselves lofty names. |
| ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ ॥ | Some are born beggars, and some hold vast courts. |
| ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ ॥੩॥ | Going to the world hereafter, everyone shall realize that without the Name, it is all useless. \|\|3\|\| |
| ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ ॥ | I am terrified by the Fear of You, God. Bothered and bewildered, my body is wasting away. |
| ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ॥ | Those who are known as sultans and emperors shall be reduced to dust in the end. |
| ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥੪॥੬॥ | O Nanak, arising and departing, all false attachments are cut away. \|\|4\|\|6\|\| |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥ | Believing, all tastes are sweet. Hearing, the salty flavors are tasted; |
| ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥ | chanting with one's mouth, the spicy flavors are savored. All these spices have been made from the Sound-current of the Naad. |
| ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ ॥੧॥ | The thirty-six flavors of ambrosial nectar are in the Love of the One Lord; they are tasted only by one who is blessed by His Glance of Grace. \|\|1\|\| |
| ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥ | O Baba, the pleasures of other foods are false. |
| ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥ | Eating them, the body is ruined, and wickedness and corruption enter into the mind. \|\|1\|\|Pause\|\| |
| ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥ | My mind is imbued with the Lord's Love; it is dyed a deep crimson. Truth and charity are my white clothes. |
| ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥ | The blackness of sin is erased by my wearing of blue clothes, and meditation on the Lord's Lotus Feet is my robe of honor. |
| ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥੨॥ | Contentment is my cummerbund, Your Name is my wealth and youth. \|\|2\|\| |
| ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥ | O Baba, the pleasures of other clothes are false. |

| | |
|---|---|
| ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥ | Wearing them, the body is ruined, and wickedness and corruption enter into the mind. \|\|1\|\|Pause\|\| |
| ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ ॥ | The understanding of Your Way, Lord, is horses, saddles and bags of gold for me. |
| ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ ॥ | The pursuit of virtue is my bow and arrow, my quiver, sword and scabbard. |
| ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ ॥੩॥ | To be distinguished with honor is my drum and banner. Your Mercy is my social status. \|\|3\|\| |
| ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥ | O Baba, the pleasures of other rides are false. |
| ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥ | By such rides, the body is ruined, and wickedness and corruption enter into the mind. \|\|1\|\|Pause\|\| |
| ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥ | The Naam, the Name of the Lord, is the pleasure of houses and mansions. Your Glance of Grace is my family, Lord. |
| **੧੭** | **17** |
| ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥ | The Hukam of Your Command is the pleasure of Your Will, Lord. To say anything else is far beyond anyone's reach. |
| ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ॥੪॥ | O Nanak, the True King does not seek advice from anyone else in His decisions. \|\|4\|\| |
| ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥ | O Baba, the pleasure of other sleep is false. |
| ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥੪॥੭॥ | By such sleep, the body is ruined, and wickedness and corruption enter into the mind. \|\|1\|\|Pause\|\|4\|\|7\|\| |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ ॥ | With the body of saffron, and the tongue a jewel, and the breath of the body pure fragrant incense; |
| ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ ॥ | with the face anointed at the sixty-eight holy places of pilgrimage, and the heart illuminated with wisdom |
| ਓਤੁ ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ ॥੧॥ | -with that wisdom, chant the Praises of the True Name, the Treasure of Excellence. \|\|1\|\| |

| | |
|---|---|
| ਬਾਬਾ ਹੋਰ ਮਤਿ ਹੋਰ ਹੋਰ ॥ | O Baba, other wisdom is useless and irrelevant. |
| ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ ॥੧॥ ਰਹਾਉ ॥ | If falsehood is practiced a hundred times, it is still false in its effects. ‖1‖Pause‖ |
| ਪੂਜ ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ ॥ | You may be worshipped and adored as a Pir (a spiritual teacher); you may be welcomed by all the world; |
| ਨਾਉ ਸਦਾਏ ਆਪਣਾ ਹੋਵੈ ਸਿਧੁ ਸੁਮਾਰੁ ॥ | you may adopt a lofty name, and be known to have supernatural spiritual powers |
| ਜਾ ਪਤਿ ਲੇਖੈ ਨਾ ਪਵੈ ਸਭਾ ਪੂਜ ਖੁਆਰੁ ॥੨॥ | -even so, if you are not accepted in the Court of the Lord, then all this adoration is false. ‖2‖ |
| ਜਿਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ ॥ | No one can overthrow those who have been established by the True Guru. |
| ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ ॥ | The Treasure of the Naam, the Name of the Lord, is within them, and through the Naam, they are radiant and famous. |
| ਨਾਉ ਪੂਜੀਐ ਨਾਉ ਮੰਨੀਐ ਅਖੰਡੁ ਸਦਾ ਸਚੁ ਸੋਇ ॥੩॥ | They worship the Naam, and they believe in the Naam. The True One is forever Intact and Unbroken. ‖3‖ |
| ਖੇਹੂ ਖੇਹ ਰਲਾਈਐ ਤਾ ਜੀਉ ਕੇਹਾ ਹੋਇ ॥ | When the body mingles with dust, what happens to the soul? |
| ਜਲੀਆ ਸਭਿ ਸਿਆਣਪਾ ਉਠੀ ਚਲਿਆ ਰੋਇ ॥ | All clever tricks are burnt away, and you shall depart crying. |
| ਨਾਨਕ ਨਾਮਿ ਵਿਸਾਰਿਐ ਦਰਿ ਗਇਆ ਕਿਆ ਹੋਇ ॥੪॥੮॥ | O Nanak, those who forget the Naam-what will happen when they go to the Court of the Lord? ‖4‖8‖ |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਗੁਣਵੰਤੀ ਗੁਣ ਵੀਥਰੈ ਅਉਗੁਣਵੰਤੀ ਝੂਰਿ ॥ | The virtuous wife exudes virtue; the unvirtuous suffer in misery. |
| ਜੇ ਲੋੜਹਿ ਵਰੁ ਕਾਮਣੀ ਨਹ ਮਿਲੀਐ ਪਿਰ ਕੂਰਿ ॥ | If you long for your Husband Lord, O soul-bride, you must know that He is not met by falsehood. |
| ਨਾ ਬੇੜੀ ਨਾ ਤੁਲਹੜਾ ਨਾ ਪਾਈਐ ਪਿਰੁ ਦੂਰਿ ॥੧॥ | No boat or raft can take you to Him. Your Husband Lord is far away. ‖1‖ |
| ਮੇਰੇ ਠਾਕੁਰ ਪੂਰੈ ਤਖਤਿ ਅਡੋਲੁ ॥ | My Lord and Master is Perfect; His Throne is Eternal and Immovable. |

| | |
|---|---|
| ਗੁਰਮੁਖਿ ਪੂਰਾ ਜੇ ਕਰੇ ਪਾਈਐ ਸਾਚੁ ਅਤੋਲੁ ॥੧॥ ਰਹਾਉ ॥ | One who attains perfection as Gurmukh, obtains the Immeasurable True Lord. \|\|1\|\|Pause\|\| |
| ਪ੍ਰਭੁ ਹਰਿਮੰਦਰੁ ਸੋਹਣਾ ਤਿਸੁ ਮਹਿ ਮਾਣਕ ਲਾਲ ॥ ਮੋਤੀ ਹੀਰਾ ਨਿਰਮਲਾ ਕੰਚਨ ਕੋਟ ਰੀਸਾਲ ॥ | The Palace of the Lord God is so beautiful. Within it, there are gems, rubies, pearls and flawless diamonds. A fortress of gold surrounds this Source of Nectar. |
| ਬਿਨੁ ਪਉੜੀ ਗੜਿ ਕਿਉ ਚੜਉ ਗੁਰ ਹਰਿ ਧਿਆਨ ਨਿਹਾਲ ॥੨॥ | How can I climb up to the Fortress without a ladder? By meditating on the Lord, through the Guru, I am blessed and exalted. \|\|2\|\| |
| ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ ॥ | The Guru is the Ladder, the Guru is the Boat, and the Guru is the Raft to take me to the Lord's Name. |
| ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ ॥ | The Guru is the Boat to carry me across the world-ocean; the Guru is the Sacred Shrine of Pilgrimage, the Guru is the Holy River. |
| ਜੇ ਤਿਸੁ ਭਾਵੈ ਊਜਲੀ ਸਤ ਸਰਿ ਨਾਵਣ ਜਾਉ ॥੩॥ | If it pleases Him, I bathe in the Pool of Truth, and become radiant and pure. \|\|3\|\| |
| ਪੂਰੋ ਪੂਰੋ ਆਖੀਐ ਪੂਰੈ ਤਖਤਿ ਨਿਵਾਸ ॥ | He is called the Most Perfect of the Perfect. He sits upon His Perfect Throne. |
| ਪੂਰੈ ਥਾਨਿ ਸੁਹਾਵਣੈ ਪੂਰੈ ਆਸ ਨਿਰਾਸ ॥ | He looks so Beautiful in His Perfect Place. He fulfills the hopes of the hopeless. |
| ਨਾਨਕ ਪੂਰਾ ਜੇ ਮਿਲੈ ਕਿਉ ਘਾਟੈ ਗੁਣ ਤਾਸ ॥੪॥੯॥ | O Nanak, if one obtains the Perfect Lord, how can his virtues decrease? \|\|4\|\|9\|\| |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥ | Come, my dear sisters and spiritual companions; hug me close in your embrace. |
| ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥ | Let's join together, and tell stories of our All-powerful Husband Lord. |
| ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ ॥੧॥ | All Virtues are in our True Lord and Master; we are utterly without virtue. \|\|1\|\| |
| ਕਰਤਾ ਸਭੁ ਕੋ ਤੇਰੈ ਜੋਰਿ ॥ | O Creator Lord, all are in Your Power. |
| ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ ॥੧॥ ਰਹਾਉ ॥ | I dwell upon the One Word of the Shabad. You are mine-what else do I need? \|\|1\|\|Pause\|\| |

| | |
|---|---|
| ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ॥ | Go, and ask the happy soul-brides, "By what virtuous qualities do you enjoy your Husband Lord?" |
| ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥ | "We are adorned with intuitive ease, contentment and sweet words. |
| ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ ॥੨॥ | We meet with our Beloved, the Source of Joy, when we listen to the Word of the Guru's Shabad."‖2‖ |
| **੧੮** | **18** |
| ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ ॥ | You have so many Creative Powers, Lord; Your Bountiful Blessings are so Great. |
| ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ ॥ | So many of Your beings and creatures praise You day and night. |
| ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ ॥੩॥ | You have so many forms and colors, so many classes, high and low. ‖3‖ |
| ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ ॥ | Meeting the True One, Truth wells up. The truthful are absorbed into the True Lord. |
| ਸੁਰਤਿ ਹੋਵੈ ਪਤਿ ਊਗਵੈ ਗੁਰਬਚਨੀ ਭਉ ਖਾਇ ॥ | Intuitive understanding is obtained and one is welcomed with honor, through the Guru's Word, filled with the Fear of God. |
| ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ ॥੪॥੧੦॥ | O Nanak, the True King absorbs us into Himself. ‖4‖10‖ |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਭਲੀ ਸਰੀ ਜਿ ਉਬਰੀ ਹਉਮੈ ਮੁਈ ਘਰਾਹੁ ॥ | It all worked out-I was saved, and the egotism within my heart was subdued. |
| ਦੂਤ ਲਗੇ ਫਿਰਿ ਚਾਕਰੀ ਸਤਿਗੁਰ ਕਾ ਵੇਸਾਹੁ ॥ | The evil energies have been made to serve me, since I placed my faith in the True Guru. |
| ਕਲਪ ਤਿਆਗੀ ਬਾਦਿ ਹੈ ਸਚਾ ਵੇਪਰਵਾਹੁ ॥੧॥ | I have renounced my useless schemes, by the Grace of the True, Carefree Lord. ‖1‖ |
| ਮਨ ਰੇ ਸਚੁ ਮਿਲੈ ਭਉ ਜਾਇ ॥ | O mind, meeting with the True One, fear departs. |
| ਭੈ ਬਿਨੁ ਨਿਰਭਉ ਕਿਉ ਥੀਐ ਗੁਰਮੁਖਿ ਸਬਦਿ ਸਮਾਇ ॥੧॥ ਰਹਾਉ ॥ | Without the Fear of God, how can anyone become fearless? Become Gurmukh, and immerse yourself in the Shabad. ‖1‖Pause‖ |

| | |
|---|---|
| ਕੇਤਾ ਆਖਣੁ ਆਖੀਐ ਆਖਣਿ ਤੋਟਿ ਨ ਹੋਇ ॥ | How can we describe Him with words? There is no end to the descriptions of Him. |
| ਮੰਗਣ ਵਾਲੇ ਕੇਤੜੇ ਦਾਤਾ ਏਕੋ ਸੋਇ ॥ | There are so many beggars, but He is the only Giver. |
| ਜਿਸ ਕੇ ਜੀਅ ਪਰਾਣ ਹੈ ਮਨਿ ਵਸਿਐ ਸੁਖੁ ਹੋਇ ॥੨॥ | He is the Giver of the soul, and the praanaa, the breath of life; when He dwells within the mind, there is peace. \|\|2\|\| |
| ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ ॥ | The world is a drama, staged in a dream. In a moment, the play is played out. |
| ਸੰਜੋਗੀ ਮਿਲਿ ਏਕਸੇ ਵਿਜੋਗੀ ਉਠਿ ਜਾਇ ॥ | Some attain union with the Lord, while others depart in separation. |
| ਜੋ ਤਿਸੁ ਭਾਣਾ ਸੋ ਥੀਐ ਅਵਰੁ ਨ ਕਰਣਾ ਜਾਇ ॥੩॥ | Whatever pleases Him comes to pass; nothing else can be done. \|\|3\|\| |
| ਗੁਰਮੁਖਿ ਵਸਤੁ ਵੇਸਾਹੀਐ ਸਚੁ ਵਖਰੁ ਸਚੁ ਰਾਸਿ ॥ | The Gurmukhs purchase the Genuine Article. The True Merchandise is purchased with the True Capital. |
| ਜਿਨੀ ਸਚੁ ਵਣੰਜਿਆ ਗੁਰ ਪੂਰੇ ਸਾਬਾਸਿ ॥ | Those who purchase this True Merchandise through the Perfect Guru are blessed. |
| ਨਾਨਕ ਵਸਤੁ ਪਛਾਣਸੀ ਸਚੁ ਸਉਦਾ ਜਿਸੁ ਪਾਸਿ ॥੪॥੧੧॥ | O Nanak, one who stocks this True Merchandise shall recognize and realize the Genuine Article. \|\|4\|\|11\|\| |
| ਸਿਰੀਰਾਗੁ ਮਹਲੁ ੧ ॥ | Siree Raag, First Mehl: |
| ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ ॥ | As metal merges with metal, those who chant the Praises of the Lord are absorbed into the Praiseworthy Lord. |
| ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥ | Like the poppies, they are dyed in the deep crimson color of Truthfulness. |
| ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ ॥੧॥ | Those contented souls who meditate on the Lord with single-minded love, meet the True Lord. \|\|1\|\| |
| ਭਾਈ ਰੇ ਸੰਤ ਜਨਾ ਕੀ ਰੇਣੁ ॥ | O Siblings of Destiny, become the dust of the feet of the humble Saints. |
| ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ ॥੧॥ ਰਹਾਉ ॥ | In the Society of the Saints, the Guru is found. He is the Treasure of Liberation, the Source of all good fortune. \|\|1\|\|Pause\|\| |
| ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ ॥ | Upon that Highest Plane of Sublime Beauty, stands the Mansion of the Lord. |

| | |
|---|---|
| ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥ | By true actions, this human body is obtained, and the door within ourselves which leads to the Mansion of the Beloved, is found. |
| ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ ॥੨॥ | The Gurmukhs train their minds to contemplate the Lord, the Supreme Soul. \|\|2\|\| |
| ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ ॥ | By actions committed under the influence of the three qualities, hope and anxiety are produced. |
| ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ ॥ | Without the Guru, how can anyone be released from these three qualities? Through intuitive wisdom, we meet with Him and find peace. |
| ਨਿਜ ਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ ॥੩॥ | Within the home of the self, the Mansion of His Presence is realized when He bestows His Glance of Grace and washes away our pollution. \|\|3\|\| |
| ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ ਵਾਸੁ ॥ | Without the Guru, this pollution is not removed. Without the Lord, how can there be any homecoming? |
| ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ ॥ | Contemplate the One Word of the Shabad, and abandon other hopes. |
| ਨਾਨਕ ਦੇਖਿ ਦਿਖਾਈਐ ਹਉ ਸਦ ਬਲਿਹਾਰੈ ਜਾਸੁ ॥੪॥੧੨॥ | O Nanak, I am forever a sacrifice to the one who beholds, and inspires others to behold Him. \|\|4\|\|12\|\| |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ ॥ | The life of the discarded bride is cursed. She is deceived by the love of duality. |
| ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ ॥ | Like a wall of sand, day and night, she crumbles, and eventually, she breaks down altogether. |
| ਬਿਨੁ ਸਬਦੈ ਸੁਖੁ ਨਾ ਥੀਐ ਪਿਰ ਬਿਨੁ ਦੂਖੁ ਨ ਜਾਇ ॥੧॥ | Without the Word of the Shabad, peace does not come. Without her Husband Lord, her suffering does not end. \|\|1\|\| |
| ਮੁੰਧੇ ਪਿਰ ਬਿਨੁ ਕਿਆ ਸੀਗਾਰੁ ॥ | O soul-bride, without your Husband Lord, what good are your decorations? |
| ੧੯ | 19 |
| ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ ॥੧॥ ਰਹਾਉ ॥ | In this world, you shall not find any shelter; in the world hereafter, being false, you shall suffer. \|\|1\|\|Pause\|\| |

| | |
|---|---|
| ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ ॥ | The True Lord Himself knows all; He makes no mistakes. He is the Great Farmer of the Universe. |
| ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ ॥ | First, He prepares the ground, and then He plants the Seed of the True Name. |
| ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ ॥੨॥ | The nine treasures are produced from Name of the One Lord. By His Grace, we obtain His Banner and Insignia. ‖2‖ |
| ਗੁਰ ਕਉ ਜਾਣਿ ਨ ਜਾਣਈ ਕਿਆ ਤਿਸੁ ਚਜੁ ਅਚਾਰੁ ॥ | Some are very knowledgeable, but if they do not know the Guru, then what is the use of their lives? |
| ਅੰਧੁਲੈ ਨਾਮੁ ਵਿਸਾਰਿਆ ਮਨਮੁਖਿ ਅੰਧ ਗੁਬਾਰੁ ॥ | The blind have forgotten the Naam, the Name of the Lord. The self-willed manmukhs are in utter darkness. |
| ਆਵਣੁ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ ॥੩॥ | Their comings and goings in reincarnation do not end; through death and rebirth, they are wasting away. ‖3‖ |
| ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ ॥ | The bride may buy sandalwood oil and perfumes, and apply them in great quantities to her hair; |
| ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ ॥ | she may sweeten her breath with betel leaf and camphor, |
| ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ ॥੪॥ | but if this bride is not pleasing to her Husband Lord, then all these trappings are false. ‖4‖ |
| ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ ॥ | Her enjoyment of all pleasures is futile, and all her decorations are corrupt. |
| ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ ॥ | Until she has been pierced through with the Shabad, how can she look beautiful at Guru's Gate? |
| ਨਾਨਕ ਧੰਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ ॥੫॥੧੩॥ | O Nanak, blessed is that fortunate bride, who is in love with her Husband Lord. ‖5‖13‖ |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਸੁੰਞੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ ॥ | The empty body is dreadful, when the soul goes out from within. |
| ਭਾਹਿ ਬਲੰਦੀ ਵਿਝਵੀ ਧੂਉ ਨ ਨਿਕਸਿਓ ਕਾਇ ॥ | The burning fire of life is extinguished, and the smoke of the breath no longer emerges. |
| ਪੰਚੇ ਰੁੰਨੇ ਦੁਖਿ ਭਰੇ ਬਿਨਸੇ ਦੂਜੈ ਭਾਇ ॥੧॥ | The five relatives (the senses) weep and wail painfully, and waste away through the love of duality. ‖1‖ |

| | |
|---|---|
| ਮੂੜੇ ਰਾਮੁ ਜਪਹੁ ਗੁਣ ਸਾਰਿ ॥ | You fool: chant the Name of the Lord, and preserve your virtue. |
| ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ ॥੧॥ ਰਹਾਉ ॥ | Egotism and possessiveness are very enticing; egotistical pride has plundered everyone. \|\|1\|\|Pause\|\| |
| ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ ॥ | Those who have forgotten the Naam, the Name of the Lord, are attached to affairs of duality. |
| ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥ | Attached to duality, they putrefy and die; they are filled with the fire of desire within. |
| ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ ॥੨॥ | Those who are protected by the Guru are saved; all others are cheated and plundered by deceitful worldly affairs. \|\|2\|\| |
| ਮੁਈ ਪਰੀਤਿ ਪਿਆਰੁ ਗਇਆ ਮੁਆ ਵੈਰੁ ਵਿਰੋਧੁ ॥ | Love dies, and affection vanishes. Hatred and alienation die. |
| ਧੰਧਾ ਥਕਾ ਹਉ ਮੁਈ ਮਮਤਾ ਮਾਇਆ ਕ੍ਰੋਧੁ ॥ | Entanglements end, and egotism dies, along with attachment to Maya, possessiveness and anger. |
| ਕਰਮਿ ਮਿਲੈ ਸਚੁ ਪਾਈਐ ਗੁਰਮੁਖਿ ਸਦਾ ਨਿਰੋਧੁ ॥੩॥ | Those who receive His Mercy obtain the True One. The Gurmukhs dwell forever in balanced restraint. \|\|3\|\| |
| ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ ॥ | By true actions, the True Lord is met, and the Guru's Teachings are found. |
| ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ ॥ | Then, they are not subject to birth and death; they do not come and go in reincarnation. |
| ਨਾਨਕ ਦਰਿ ਪਰਧਾਨੁ ਸੋ ਦਰਗਹਿ ਪੈਧਾ ਜਾਇ ॥੪॥੧੪॥ | O Nanak, they are respected at the Lord's Gate; they are robed in honor in the Court of the Lord. \|\|4\|\|14\|\| |
| ਸਿਰੀਰਾਗੁ ਮਹਲ ੧ ॥ | Siree Raag, First Mehl: |
| ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ ॥ | The body is burnt to ashes; by its love of Maya, the mind is rusted through. |
| ਅਉਗਣ ਫਿਰਿ ਲਾਗੂ ਭਏ ਕੂਰਿ ਵਜਾਵੈ ਤੂਰੁ ॥ | Demerits become one's enemies, and falsehood blows the bugle of attack. |
| ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ ॥੧॥ | Without the Word of the Shabad, people wander lost in reincarnation. Through the love of duality, multitudes have been drowned. \|\|1\|\| |
| ਮਨ ਰੇ ਸਬਦਿ ਤਰਹੁ ਚਿਤੁ ਲਾਇ ॥ | O mind, swim across, by focusing your consciousness on the Shabad. |

| | |
|---|---|
| ਜਿਨਿ ਗੁਰਮੁਖਿ ਨਾਮੁ ਨ ਬੂਝਿਆ ਮਰਿ ਜਨਮੈ ਆਵੈ ਜਾਇ ॥੧॥ ਰਹਾਉ ॥ | Those who do not become Gurmukh do not understand the Naam; they die, and continue coming and going in reincarnation. \|\|1\|\|Pause\|\| |
| ਤਨੁ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ ॥ | That body is said to be pure, in which the True Name abides. |
| ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ ॥ | One whose body is imbued with the Fear of the True One, and whose tongue savors Truthfulness, |
| ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ ॥੨॥ | is brought to ecstasy by the True Lord's Glance of Grace. That person does not have to go through the fire of the womb again. \|\|2\|\| |
| ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥ | From the True Lord came the air, and from the air came water. |
| ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥ | From water, He created the three worlds; in each and every heart He has infused His Light. |
| ਨਿਰਮਲੁ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ ॥੩॥ | The Immaculate Lord does not become polluted. Attuned to the Shabad, honor is obtained. \|\|3\|\| |
| ਇਹੁ ਮਨੁ ਸਾਚਿ ਸੰਤੋਖਿਆ ਨਦਰਿ ਕਰੇ ਤਿਸੁ ਮਾਹਿ ॥ | One whose mind is contented with Truthfulness, is blessed with the Lord's Glance of Grace. |
| ੨੦ | 20 |
| ਪੰਚ ਭੂਤ ਸਚਿ ਭੈ ਰਤੇ ਜੋਤਿ ਸਚੀ ਮਨ ਮਾਹਿ ॥ | The body of the five elements is dyed in the Fear of the True One; the mind is filled with the True Light. |
| ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ ਤਾਹਿ ॥੪॥੧੫॥ | O Nanak, your demerits shall be forgotten; the Guru shall preserve your honor. \|\|4\|\|15\|\| |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ | O Nanak, the Boat of Truth will ferry you across; contemplate the Guru. |
| ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥ | Some come, and some go; they are totally filled with egotism. |
| ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥ | Through stubborn-mindedness, the intellect is drowned; one who becomes Gurmukh and truthful is saved. \|\|1\|\| |

| | |
|---|---|
| ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥ | Without the Guru, how can anyone swim across to find peace? |
| ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ ॥੧॥ ਰਹਾਉ ॥ | As it pleases You, Lord, You save me. There is no other for me at all. ‖1‖Pause‖ |
| ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ ॥ | In front of me, I see the jungle burning; behind me, I see green plants sprouting. |
| ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ ॥ | We shall merge into the One from whom we came. The True One is pervading each and every heart. |
| ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ ॥੨॥ | He Himself unites us in Union with Himself; the True Mansion of His Presence is close at hand. ‖2‖ |
| ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥ | With each and every breath, I dwell upon You; I shall never forget You. |
| ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥ | The more the Lord and Master dwells within the mind, the more the Gurmukh drinks in the Ambrosial Nectar. |
| ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ ॥੩॥ | Mind and body are Yours; You are my Master. Please rid me of my pride, and let me merge with You. ‖3‖ |
| ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ ॥ | The One who formed this universe created the creation of the three worlds. |
| ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ ॥ | The Gurmukh knows the Divine Light, while the foolish self-willed manmukh gropes around in the darkness. |
| ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ ॥੪॥ | One who sees that Light within each and every heart understands the Essence of the Guru’s Teachings. ‖4‖ |
| ਗੁਰਮੁਖਿ ਜਿਨੀ ਜਾਣਿਆ ਤਿਨ ਕੀਚੈ ਸਾਬਾਸਿ ॥ | Those who understand are Gurmukh; recognize and applaud them. |
| ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ ॥ | They meet and merge with the True One. They become the Radiant Manifestation of the Excellence of the True One. |
| ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ ॥੫॥੧੬॥ | O Nanak, they are contented with the Naam, the Name of the Lord. They offer their bodies and souls to God. ‖5‖16‖ |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ ॥ | Listen, O my mind, my friend, my darling: now is the time to meet the Lord. |

| | |
|---|---|
| ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ ॥ | As long as there is youth and breath, give this body to Him. |
| ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ ॥੧॥ | Without virtue, it is useless; the body shall crumble into a pile of dust. ‖1‖ |
| ਮੇਰੇ ਮਨ ਲੈ ਲਾਹਾ ਘਰਿ ਜਾਹਿ ॥ | O my mind, earn the profit, before you return home. |
| ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ ॥੧॥ ਰਹਾਉ ॥ | The Gurmukh praises the Naam, and the fire of egotism is extinguished. ‖1‖Pause‖ |
| ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ ॥ | Again and again, we hear and tell stories; we read and write and understand loads of knowledge, |
| ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ ॥ | but still, desires increase day and night, and the disease of egotism fills us with corruption. |
| ਓਹੁ ਵੇਪਰਵਾਹੁ ਅਤੋਲਵਾ ਗੁਰਮਤਿ ਕੀਮਤਿ ਸਾਰੁ ॥੨॥ | That Carefree Lord cannot be appraised; His Real Value is known only through the Wisdom of the Guru's Teachings. ‖2‖ |
| ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ ॥ | Even if someone has hundreds of thousands of clever mental tricks, and the love and company of hundreds of thousands of people |
| ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ ॥ | still, without the Saadh Sangat, the Company of the Holy, he will not feel satisfied. Without the Name, all suffer in sorrow. |
| ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ ਆਪੁ ॥੩॥ | Chanting the Name of the Lord, O my soul, you shall be emancipated; as Gurmukh, you shall come to understand your own self. ‖3‖ |
| ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ ॥ | I have sold my body and mind to the Guru, and I have given my mind and head as well. |
| ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ ॥ | I was seeking and searching for Him throughout the three worlds; then, as Gurmukh, I sought and found Him. |
| ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ ॥੪॥੧੭॥ | The True Guru has united me in Union, O Nanak, with that God. ‖4‖17‖ |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥ | I have no anxiety about dying, and no hope of living. |

| | |
|---|---|
| ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ ॥ | You are the Cherisher of all beings; You keep the account of our breaths and morsels of food. |
| ਅੰਤਰਿ ਗੁਰਮੁਖਿ ਤੂ ਵਸਹਿ ਜਿਉ ਭਾਵੈ ਤਿਉ ਨਿਰਜਾਸਿ ॥੧॥ | You abide within the Gurmukh. As it pleases You, You decide our allotment. \|\|1\|\| |
| ਜੀਅਰੇ ਰਾਮ ਜਪਤ ਮਨੁ ਮਾਨੁ ॥ | O my soul, chant the Name of the Lord; the mind will be pleased and appeased. |
| ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ ॥੧॥ ਰਹਾਉ ॥ | The raging fire within is extinguished; the Gurmukh obtains spiritual wisdom. \|\|1\|\|Pause\|\| |

## ੨੧ / 21

| | |
|---|---|
| ਅੰਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ ॥ | Know the state of your inner being; meet with the Guru and get rid of your skepticism. |
| ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ ॥ | To reach your True Home after you die, you must conquer death while you are still alive. |
| ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ ॥੨॥ | The beautiful, Unstruck Sound of the Shabad is obtained, contemplating the Guru. \|\|2\|\| |
| ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ ॥ | The Unstruck Melody of Gurbani is obtained, and egotism is eliminated. |
| ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ ॥ | I am forever a sacrifice to those who serve their True Guru. |
| ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ ॥੩॥ | They are dressed in robes of honor in the Court of the Lord; the Name of the Lord is on their lips. \|\|3\|\| |
| ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥ | Wherever I look, I see the Lord pervading there, in the union of Shiva and Shakti, of consciousness and matter. |
| ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥ | The three qualities hold the body in bondage; whoever comes into the world is subject to their play. |
| ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥੪॥ | Those who separate themselves from the Lord wander lost in misery. The self-willed manmukhs do not attain union with Him. \|\|4\|\| |
| ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥ | If the mind becomes balanced and detached, and comes to dwell in its own true home, imbued with the Fear of God, |

| | |
|---|---|
| ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥ | then it enjoys the essence of supreme spiritual wisdom; it shall never feel hunger again. |
| ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥੧੮॥ | O Nanak, conquer and subdue this mind; meet with the Lord, and you shall never again suffer in pain. \|\|5\|\|18\|\| |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੋੁਭਾਨੁ ॥ | This foolish mind is greedy; through greed, it becomes even more attached to greed. |
| ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ ॥ | The evil-minded shaaktas, the faithless cynics, are not attuned to the Shabad; they come and go in reincarnation. |
| ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ ॥੧॥ | One who meets with the Holy True Guru finds the Treasure of Excellence. \|\|1\|\| |
| ਮਨ ਰੇ ਹਉਮੈ ਛੋਡਿ ਗੁਮਾਨੁ ॥ | O mind, renounce your egotistical pride. |
| ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ ॥੧॥ ਰਹਾਉ ॥ | Serve the Lord, the Guru, the Sacred Pool, and you shall be honored in the Court of the Lord. \|\|1\|\|Pause\|\| |
| ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ ॥ | Chant the Name of the Lord day and night; become Gurmukh, and know the Wealth of the Lord. |
| ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ ॥ | All comforts and peace, and the Essence of the Lord, are enjoyed by acquiring spiritual wisdom in the Society of the Saints. |
| ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ ॥੨॥ | Day and night, continually serve the Lord God; the True Guru has given the Naam. \|\|2\|\| |
| ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ ॥ | Those who practice falsehood are dogs; those who slander the Guru shall burn in their own fire. |
| ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ ॥ | They wander lost and confused, deceived by doubt, suffering in terrible pain. The Messenger of Death shall beat them to a pulp. |
| ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ ॥੩॥ | The self-willed manmukhs find no peace, while the Gurmukhs are wondrously joyful. \|\|3\|\| |
| ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ ॥ | In this world, people are engrossed in false pursuits, but in the world hereafter, only the account of your true actions is accepted. |

| | |
|---|---|
| ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ ॥ | The Guru serves the Lord, His Intimate Friend. The Guru's actions are supremely exalted. |
| ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਣੁ ॥੪॥੧੯॥ | O Nanak, never forget the Naam, the Name of the Lord; the True Lord shall bless you with His Mark of Grace. \|\|4\|\|19\|\| |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ ॥ | Forgetting the Beloved, even for a moment, the mind is afflicted with terrible diseases. |
| ਕਿਉ ਦਰਗਹ ਪਤਿ ਪਾਈਐ ਜਾ ਹਰਿ ਨ ਵਸੈ ਮਨ ਮਾਹਿ ॥ | How can honor be attained in His Court, if the Lord does not dwell in the mind? |
| ਗੁਰਿ ਮਿਲਿਐ ਸੁਖੁ ਪਾਈਐ ਅਗਨਿ ਮਰੈ ਗੁਣ ਮਾਹਿ ॥੧॥ | Meeting with the Guru, peace is found. The fire is extinguished in His Glorious Praises. \|\|1\|\| |
| ਮਨ ਰੇ ਅਹਿਨਿਸਿ ਹਰਿ ਗੁਣ ਸਾਰਿ ॥ | O mind, enshrine the Praises of the Lord, day and night. |
| ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ ॥੧॥ ਰਹਾਉ ॥ | One who does not forget the Naam, for a moment or even an instant-how rare is such a person in this world! \|\|1\|\|Pause\|\| |
| ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ ॥ | When one's light merges into the Light, and one's intuitive consciousness is joined with the Intuitive Consciousness, |
| ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ ॥ | then one's cruel and violent instincts and egotism depart, and skepticism and sorrow are taken away. |
| ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥੨॥ | The Lord abides within the mind of the Gurmukh, who merges in the Lord's Union, through the Guru. \|\|2\|\| |
| ਕਾਇਆ ਕਾਮਣਿ ਜੇ ਕਰੀ ਭੋਗੇ ਭੋਗਣਹਾਰੁ ॥ | If I surrender my body like a bride, the Enjoyer will enjoy me. |
| ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਣਹਾਰੁ ॥ | Do not make love with one who is just a passing show. |
| ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ ॥੩॥ | The Gurmukh is ravished like the pure and happy bride on the Bed of God, her Husband. \|\|3\|\| |

# ੨੨ 22

ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ ॥

The Gurmukh puts out the four fires, with the Water of the Lord's Name.

ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ ॥

The lotus blossoms deep within the heart, and filled with Ambrosial Nectar, one is satisfied.

ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥੪॥੨੦॥

O Nanak, make the True Guru your friend; going to His Court, you shall obtain the True Lord. ||4||20||

ਸਿਰੀਰਾਗੁ ਮਹਲਾ ੧ ॥

Siree Raag, First Mehl:

ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ ॥

Meditate on the Lord, Har, Har, O my beloved; follow the Guru's Teachings, and speak of the Lord.

ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥

Apply the Touchstone of Truth to your mind, and see if it comes up to its full weight.

ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥੧॥

No one has found the worth of the ruby of the heart; its value cannot be estimated. ||1||

ਭਾਈ ਰੇ ਹਰਿ ਹੀਰਾ ਗੁਰ ਮਾਹਿ ॥

O Siblings of Destiny, the Diamond of the Lord is within the Guru.

ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥੧॥ ਰਹਾਉ ॥

The True Guru is found in the Sat Sangat, the True Congregation. Day and night, praise the Word of His Shabad. ||1||Pause||

ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥

The True Merchandise, Wealth and Capital are obtained through the Radiant Light of the Guru.

ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥

Just as fire is extinguished by pouring on water, desire becomes the slave of the Lord's slaves.

ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥

The Messenger of Death will not touch you; in this way, you shall cross over the terrifying world-ocean, carrying others across with you. ||2||

ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥

The Gurmukhs do not like falsehood. They are imbued with Truth; they love only Truth.

ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥

The shaaktas, the faithless cynics, do not like the Truth; false are the foundations of the false.

ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥੩॥

Imbued with Truth, you shall meet the Guru. The true ones are absorbed into the True Lord. ||3||

| | |
|---|---|
| ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥ | Within the mind are emeralds and rubies, the Jewel of the Naam, treasures and diamonds. |
| ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥ | The Naam is the True Merchandise and Wealth; in each and every heart, His Presence is deep and profound. |
| ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥੪॥੨੧॥ | O Nanak, the Gurmukh finds the Diamond of the Lord, by His Kindness and Compassion. ‖4‖21‖ |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ ॥ | The fire of doubt is not extinguished, even by wandering through foreign lands and countries. |
| ਅੰਤਰਿ ਮੈਲੁ ਨ ਉਤਰੈ ਧ੍ਰਿਗੁ ਜੀਵਣੁ ਧ੍ਰਿਗੁ ਵੇਸੁ ॥ | If inner filth is not removed, one's life is cursed, and one's clothes are cursed. |
| ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥੧॥ | There is no other way to perform devotional worship, except through the Teachings of the True Guru. ‖1‖ |
| ਮਨ ਰੇ ਗੁਰਮੁਖਿ ਅਗਨਿ ਨਿਵਾਰਿ ॥ | O mind, become Gurmukh, and extinguish the fire within. |
| ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ ॥੧॥ ਰਹਾਉ ॥ | Let the Words of the Guru abide within your mind; let egotism and desires die. ‖1‖Pause‖ |
| ਮਨੁ ਮਾਣਕੁ ਨਿਰਮੋਲੁ ਹੈ ਰਾਮ ਨਾਮਿ ਪਤਿ ਪਾਇ ॥ | The jewel of the mind is priceless; through the Name of the Lord, honor is obtained. |
| ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ ॥ | Join the Sat Sangat, the True Congregation, and find the Lord. The Gurmukh embraces love for the Lord. |
| ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ ॥੨॥ | Give up your selfishness, and you shall find peace; like water mingling with water, you shall merge in absorption. ‖2‖ |
| ਜਿਨਿ ਹਰਿ ਹਰਿ ਨਾਮੁ ਨ ਚੇਤਿਓ ਸੁ ਅਉਗੁਣਿ ਆਵੈ ਜਾਇ ॥ | Those who have not contemplated the Name of the Lord, Har, Har, are unworthy; they come and go in reincarnation. |
| ਜਿਸੁ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ ਪਚਾਇ ॥ | One who has not met with the True Guru, the Primal Being, is bothered and bewildered in the terrifying world-ocean. |
| ਇਹੁ ਮਾਣਕੁ ਜੀਉ ਨਿਰਮੋਲੁ ਹੈ ਇਉ ਕਉਡੀ ਬਦਲੈ ਜਾਇ ॥੩॥ | This jewel of the soul is priceless, and yet it is being squandered like this, in exchange for a mere shell. ‖3‖ |
| ਜਿੰਨਾ ਸਤਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ ॥ | Those who joyfully meet with the True Guru are perfectly fulfilled and wise. |

| | |
|---|---|
| ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ ॥ | Meeting with the Guru, they cross over the terrifying world-ocean. In the Court of the Lord, they are honored and approved. |
| ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ ॥੪॥੨੨॥ | O Nanak, their faces are radiant; the Music of the Shabad, the Word of God, wells up within them. ‖4‖22‖ |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥ | Make your deals, dealers, and take care of your merchandise. |
| ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥ | Buy that object which will go along with you. |
| ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥੧॥ | In the next world, the All-knowing Merchant will take this object and care for it. ‖1‖ |
| ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥ | O Siblings of Destiny, chant the Lord's Name, and focus your consciousness on Him. |
| ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ ॥੧॥ ਰਹਾਉ ॥ | Take the Merchandise of the Lord's Praises with you. Your Husband Lord shall see this and approve. ‖1‖Pause‖ |
| **੨੩** | **23** |
| ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥ | Those who do not have the Assets of Truth-how can they find peace? |
| ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥ | By dealing their deals of falsehood, their minds and bodies become false. |
| ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ॥੨॥ | Like the deer caught in the trap, they suffer in terrible agony; they continually cry out in pain. ‖2‖ |
| ਖੋਟੇ ਪੋਤੈ ਨਾ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ ॥ | The counterfeit coins are not put into the Treasury; they do not obtain the Blessed Vision of the Lord-Guru. |
| ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ ॥ | The false ones have no social status or honor. No one succeeds through falsehood. |
| ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ ॥੩॥ | Practicing falsehood again and again, people come and go in reincarnation, and forfeit their honor. ‖3‖ |
| ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ ॥ | O Nanak, instruct your mind through the Word of the Guru's Shabad, and praise the Lord. |

| | |
|---|---|
| ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥ | Those who are imbued with the love of the Name of the Lord are not loaded down by doubt. |
| ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ ॥੪॥੨੩॥ | Those who chant the Name of the Lord earn great profits; the Fearless Lord abides within their minds. ‖4‖23‖ |
| ਸਿਰੀਰਾਗੁ ਮਹਲਾ ੧ ਘਰੁ ੨ ॥ | Siree Raag, First Mehl, Second House: |
| ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥ | Wealth, the beauty of youth and flowers are guests for only a few days. |
| ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥੧॥ | Like the leaves of the water-lily, they wither and fade and finally die. ‖1‖ |
| ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥ | Be happy, dear beloved, as long as your youth is fresh and delightful. |
| ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥੧॥ ਰਹਾਉ ॥ | But your days are few-you have grown weary, and now your body has grown old. ‖1‖Pause‖ |
| ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ | My playful friends have gone to sleep in the graveyard. |
| ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥ | In my double-mindedness, I shall have to go as well. I cry in a feeble voice. ‖2‖ |
| ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥ | Haven't you heard the call from beyond, O beautiful soul-bride? |
| ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥੩॥ | You must go to your in-laws; you cannot stay with your parents forever. ‖3‖ |
| ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥ | O Nanak, know that she who sleeps in her parents' home is plundered in broad daylight. |
| ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥੪॥੨੪॥ | She has lost her bouquet of merits; gathering one of demerits, she departs. ‖4‖24‖ |
| ਸਿਰੀਰਾਗੁ ਮਹਲਾ ੧ ਘਰੁ ਦੂਜਾ ੨ ॥ | Siree Raag, First Mehl, Second House: |
| ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥ | He Himself is the Enjoyer, and He Himself is the Enjoyment. He Himself is the Ravisher of all. |
| ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥੧॥ | He Himself is the Bride in her dress, He Himself is the Bridegroom on the bed. ‖1‖ |

| | |
|---|---|
| ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥੧॥ ਰਹਾਉ ॥ | My Lord and Master is imbued with love; He is totally permeating and pervading all. \|\|1\|\|Pause\|\| |
| ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥ | He Himself is the fisherman and the fish; He Himself is the water and the net. |
| ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ ॥੨॥ | He Himself is the sinker, and He Himself is the bait. \|\|2\|\| |
| ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ ॥ | He Himself loves in so many ways. O sister soul-brides, He is my Beloved. |
| ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ ॥੩॥ | He continually ravishes and enjoys the happy soul-brides; just look at the plight I am in without Him! \|\|3\|\| |
| ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ ॥ | Prays Nanak, please hear my prayer: You are the pool, and You are the soul-swan. |
| ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ ॥੪॥੨੫॥ | You are the lotus flower of the day and You are the water-lily of the night. You Yourself behold them, and blossom forth in bliss. \|\|4\|\|25\|\| |
| ਸਿਰੀਰਾਗੁ ਮਹਲਾ ੧ ਘਰੁ ੩ ॥ | Siree Raag, First Mehl, Third House: |
| ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ ॥ | Make this body the field, and plant the seed of good actions. Water it with the Name of the Lord, who holds all the world in His Hands. |
| ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ ॥੧॥ | Let your mind be the farmer; the Lord shall sprout in your heart, and you shall attain the state of Nirvaanaa. \|\|1\|\| |
| ਕਾਹੇ ਗਰਬਸਿ ਮੂੜੇ ਮਾਇਆ ॥ | You fool! Why are you so proud of Maya? |
| ਪਿਤ ਸੁਤੋ ਸਗਲ ਕਾਲਤ੍ਰ ਮਾਤਾ ਤੇਰੇ ਹੋਹਿ ਨ ਅੰਤਿ ਸਖਾਇਆ ॥ ਰਹਾਉ ॥ | Father, children, spouse, mother and all relatives-they shall not be your helpers in the end. \|\|Pause\|\| |
| ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ ॥ | So weed out evil, wickedness and corruption; leave these behind, and let your soul meditate on God. |
| ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਰਮਾਈ ॥੨॥ | When chanting, austere meditation and self-discipline become your protectors, then the lotus blossoms forth, and the honey trickles out. \|\|2\|\| |
| ਬੀਸ ਸਪਤਾਹਰੋ ਬਾਸਰੋ ਸੰਗ੍ਰਹੈ ਤੀਨਿ ਖੋੜਾ ਨਿਤ ਕਾਲੁ ਸਾਰੈ ॥ | Bring the twenty-seven elements of the body under your control, and throughout the three stages of life, remember death. |

ਦਸ ਅਠਾਰ ਮੈ ਅਪਰੰਪਰੋ ਚੀਨੈ ਕਹੈ ਨਾਨਕੁ ਇਵ ਏਕੁ ਤਾਰੈ ॥੩॥੨੬॥

See the Infinite Lord in the ten directions, and in all the variety of nature. Says Nanak, in this way, the One Lord shall carry you across. ||3||26||

## ੨੪

## 24

ਸਿਰੀਰਾਗੁ ਮਹਲਾ ੧ ਘਰੁ ੩ ॥

Siree Raag, First Mehl, Third House:

ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ ॥

Make good deeds the soil, and let the Word of the Shabad be the seed; irrigate it continually with the water of Truth.

ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ ॥੧॥

Become such a farmer, and faith will sprout. This brings knowledge of heaven and hell, you fool! ||1||

ਮਤੁ ਜਾਣ ਸਹਿ ਗਲੀ ਪਾਇਆ ॥

Do not think that your Husband Lord can be obtained by mere words.

ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ ॥੧॥ ਰਹਾਉ ॥

You are wasting this life in the pride of wealth and the splendor of beauty. ||1||Pause||

ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ ॥

The defect of the body which leads to sin is the mud puddle, and this mind is the frog, which does not appreciate the lotus flower at all.

ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾ ਨਹ ਬੁਝਾਈ ॥੨॥

The bumble bee is the teacher who continually teaches the lesson. But how can one understand, unless one is made to understand? ||2||

ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ ॥

This speaking and listening is like the song of the wind, for those whose minds are colored by the love of Maya.

ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ ॥੩॥

The Grace of the Master is bestowed upon those who meditate on Him alone. They are pleasing to His Heart. ||3||

ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ ॥

You may observe the thirty fasts, and say the five prayers each day, but 'Satan' can undo them.

ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤ ਕੂ ਸੰਜਿਆਹੀ ॥੪॥੨੭॥

Says Nanak, you will have to walk on the Path of Death, so why do you bother to collect wealth and property? ||4||27||

| | |
|---|---|
| ਸਿਰੀਰਾਗੁ ਮਹਲਾ ੧ ਘਰੁ ੪ ॥ | Siree Raag, First Mehl, Fourth House: |
| ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ ॥ | He is the Master who has made the world bloom; He makes the Universe blossom forth, fresh and green. |
| ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ ॥੧॥ | He holds the water and the land in bondage. Hail to the Creator Lord! \|\|1\|\| |
| ਮਰਣਾ ਮੁਲਾ ਮਰਣਾ ॥ | Death, O Mullah-death will come, |
| ਭੀ ਕਰਤਾਰਹੁ ਡਰਣਾ ॥੧॥ ਰਹਾਉ ॥ | so live in the Fear of God the Creator. \|\|1\|\|Pause\|\| |
| ਤਾ ਤੂ ਮੁਲਾ ਤਾ ਤੂ ਕਾਜੀ ਜਾਣਹਿ ਨਾਮੁ ਖੁਦਾਈ ॥ | You are a Mullah, and you are a Qazi, only when you know the Naam, the Name of God. |
| ਜੇ ਬਹੁਤੇਰਾ ਪੜਿਆ ਹੋਵਹਿ ਕੋ ਰਹੈ ਨ ਭਰੀਐ ਪਾਈ ॥੨॥ | You may be very educated, but no one can remain when the measure of life is full. \|\|2\|\| |
| ਸੋਈ ਕਾਜੀ ਜਿਨਿ ਆਪੁ ਤਜਿਆ ਇਕੁ ਨਾਮੁ ਕੀਆ ਆਧਾਰੋ ॥ | He alone is a Qazi, who renounces selfishness and conceit, and makes the One Name his Support. |
| ਹੈ ਭੀ ਹੋਸੀ ਜਾਇ ਨ ਜਾਸੀ ਸਚਾ ਸਿਰਜਣਹਾਰੋ ॥੩॥ | The True Creator Lord is, and shall always be. He was not born; He shall not die. \|\|3\|\| |
| ਪੰਜ ਵਖਤ ਨਿਵਾਜ ਗੁਜਾਰਹਿ ਪੜਹਿ ਕਤੇਬ ਕੁਰਾਣਾ ॥ | You may chant your prayers five times each day; you may read the Bible and the Koran. |
| ਨਾਨਕੁ ਆਖੈ ਗੋਰ ਸਦੇਈ ਰਹਿਓ ਪੀਣਾ ਖਾਣਾ ॥੪॥੨੮॥ | Says Nanak, the grave is calling you, and now your food and drink are finished. \|\|4\|\|28\|\| |
| ਸਿਰੀਰਾਗੁ ਮਹਲਾ ੧ ਘਰੁ ੪ ॥ | Siree Raag, First Mehl, Fourth House: |
| ਏਕੁ ਸੁਆਨੁ ਦੁਇ ਸੁਆਨੀ ਨਾਲਿ ॥ | The dogs of greed are with me. |
| ਭਲਕੇ ਭਉਕਹਿ ਸਦਾ ਬਇਆਲਿ ॥ | In the early morning, they continually bark at the wind. |
| ਕੂੜੁ ਛੁਰਾ ਮੁਠਾ ਮੁਰਦਾਰੁ ॥ | Falsehood is my dagger; through deception, I eat the carcasses of the dead. |
| ਧਾਣਕ ਰੂਪਿ ਰਹਾ ਕਰਤਾਰ ॥੧॥ | I live as a wild hunter, O Creator! \|\|1\|\| |
| ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ ॥ | I have not followed good advice, nor have I done good deeds. |
| ਹਉ ਬਿਗੜੈ ਰੂਪਿ ਰਹਾ ਬਿਕਰਾਲ ॥ | I am deformed and horribly disfigured. |
| ਤੇਰਾ ਏਕੁ ਨਾਮੁ ਤਾਰੇ ਸੰਸਾਰੁ ॥ | Your Name alone, Lord, saves the world. |
| ਮੈ ਏਹਾ ਆਸ ਏਹੋ ਆਧਾਰੁ ॥੧॥ ਰਹਾਉ ॥ | This is my hope; this is my support. \|\|1\|\|Pause\|\| |

| | |
|---|---|
| ਮੁਖਿ ਨਿੰਦਾ ਆਖਾ ਦਿਨੁ ਰਾਤਿ ॥ | With my mouth I speak slander, day and night. |
| ਪਰ ਘਰੁ ਜੋਹੀ ਨੀਚ ਸਨਾਤਿ ॥ | I spy on the houses of others-I am such a wretched low-life! |
| ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥ | Unfulfilled sexual desire and unresolved anger dwell in my body, like the outcasts who cremate the dead. |
| ਧਾਣਕ ਰੂਪਿ ਰਹਾ ਕਰਤਾਰ ॥੨॥ | I live as a wild hunter, O Creator! \|\|2\|\| |
| ਫਾਹੀ ਸੁਰਤਿ ਮਲੂਕੀ ਵੇਸੁ ॥ | I make plans to trap others, although I appear gentle. |
| ਹਉ ਠਗਵਾੜਾ ਠਗੀ ਦੇਸੁ ॥ | I am a robber-I rob the world. |
| ਖਰਾ ਸਿਆਣਾ ਬਹੁਤਾ ਭਾਰੁ ॥ | I am very clever-I carry loads of sin. |
| ਧਾਣਕ ਰੂਪਿ ਰਹਾ ਕਰਤਾਰ ॥੩॥ | I live as a wild hunter, O Creator! \|\|3\|\| |
| ਮੈ ਕੀਤਾ ਨ ਜਾਤਾ ਹਰਾਮਖੋਰੁ ॥ | I have not appreciated what You have done for me, Lord; I take from others and exploit them. |
| ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ ॥ | What face shall I show You, Lord? I am a sneak and a thief. |
| ਨਾਨਕੁ ਨੀਚੁ ਕਹੈ ਬੀਚਾਰੁ ॥ | Nanak describes the state of the lowly. |
| ਧਾਣਕ ਰੂਪਿ ਰਹਾ ਕਰਤਾਰ ॥੪॥੨੯॥ | I live as a wild hunter, O Creator! \|\|4\|\|29\|\| |
| ਸਿਰੀਰਾਗੁ ਮਹਲਾ ੧ ਘਰੁ ੪ ॥ | Siree Raag, First Mehl, Fourth House: |
| ਏਕਾ ਸੁਰਤਿ ਜੇਤੇ ਹੈ ਜੀਅ ॥ | There is one awareness among all created beings. |
| ਸੁਰਤਿ ਵਿਹੂਣਾ ਕੋਇ ਨ ਕੀਅ ॥ | None have been created without this awareness. |
| ੨੫ | 25 |
| ਜੇਹੀ ਸੁਰਤਿ ਤੇਹਾ ਤਿਨ ਰਾਹੁ ॥ | As is their awareness, so is their way. |
| ਲੇਖਾ ਇਕੋ ਆਵਹੁ ਜਾਹੁ ॥੧॥ | According to the account of our actions, we come and go in reincarnation. \|\|1\|\| |
| ਕਾਹੇ ਜੀਅ ਕਰਹਿ ਚਤੁਰਾਈ ॥ | Why, O soul, do you try such clever tricks? |
| ਲੇਵੈ ਦੇਵੈ ਢਿਲ ਨ ਪਾਈ ॥੧॥ ਰਹਾਉ ॥ | Taking away and giving back, God does not delay. \|\|1\|\|Pause\|\| |
| ਤੇਰੇ ਜੀਅ ਜੀਆ ਕਾ ਤੋਹਿ ॥ | All beings belong to You; all beings are Yours. O Lord and Master, |
| ਕਿਤ ਕਉ ਸਾਹਿਬ ਆਵਹਿ ਰੋਹਿ ॥ | how can You become angry with them? |

| | |
|---|---|
| ਜੇ ਤੂ ਸਾਹਿਬ ਆਵਹਿ ਰੋਹਿ ॥ | Even if You, O Lord and Master, become angry with them, |
| ਤੂ ਓਨਾ ਕਾ ਤੇਰੇ ਓਹਿ ॥੨॥ | still, You are theirs, and they are Yours. \|\|2\|\| |
| ਅਸੀ ਬੋਲਵਿਗਾੜ ਵਿਗਾੜਹ ਬੋਲ ॥ | We are foul-mouthed; we spoil everything with our foul words. |
| ਤੂ ਨਦਰੀ ਅੰਦਰਿ ਤੋਲਹਿ ਤੋਲ ॥ | You weigh us in the balance of Your Glance of Grace. |
| ਜਹ ਕਰਣੀ ਤਹ ਪੂਰੀ ਮਤਿ ॥ | When one's actions are right, the understanding is perfect. |
| ਕਰਣੀ ਬਾਝਹੁ ਘਟੇ ਘਟਿ ॥੩॥ | Without good deeds, it becomes more and more deficient. \|\|3\|\| |
| ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ ॥ | Prays Nanak, what is the nature of the spiritual people? |
| ਆਪੁ ਪਛਾਣੈ ਬੂਝੈ ਸੋਇ ॥ | They are self-realized; they understand God. |
| ਗੁਰ ਪਰਸਾਦਿ ਕਰੇ ਬੀਚਾਰੁ ॥ | By Guru's Grace, they contemplate Him; |
| ਸੋ ਗਿਆਨੀ ਦਰਗਹ ਪਰਵਾਣੁ ॥੪॥੩੦॥ | such spiritual people are honored in His Court. \|\|4\|\|30\|\| |
| ਸਿਰੀਰਾਗੁ ਮਹਲਾ ੧ ਘਰੁ ੪ ॥ | Siree Raag, First Mehl, Fourth House: |
| ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥ | You are the River, All-knowing and All-seeing. I am just a fish-how can I find Your limit? |
| ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ ॥੧॥ | Wherever I look, You are there. Outside of You, I would burst and die. \|\|1\|\| |
| ਨ ਜਾਣਾ ਮੇਉ ਨ ਜਾਣਾ ਜਾਲੀ ॥ | I do not know of the fisherman, and I do not know of the net. |
| ਜਾ ਦੁਖੁ ਲਾਗੈ ਤਾ ਤੁਝੈ ਸਮਾਲੀ ॥੧॥ ਰਹਾਉ ॥ | But when the pain comes, then I call upon You. \|\|1\|\|Pause\|\| |
| ਤੂ ਭਰਪੂਰਿ ਜਾਨਿਆ ਮੈ ਦੂਰਿ ॥ | You are present everywhere. I had thought that You were far away. |
| ਜੋ ਕਛੁ ਕਰੀ ਸੁ ਤੇਰੈ ਹਦੂਰਿ ॥ | Whatever I do, I do in Your Presence. |
| ਤੂ ਦੇਖਹਿ ਹਉ ਮੁਕਰਿ ਪਾਉ ॥ | You see all my actions, and yet I deny them. |
| ਤੇਰੈ ਕੰਮਿ ਨ ਤੇਰੈ ਨਾਇ ॥੨॥ | I have not worked for You, or Your Name. \|\|2\|\| |
| ਜੇਤਾ ਦੇਹਿ ਤੇਤਾ ਹਉ ਖਾਉ ॥ | Whatever You give me, that is what I eat. |
| ਬਿਆ ਦਰੁ ਨਾਹੀ ਕੈ ਦਰਿ ਜਾਉ ॥ | There is no other door-unto which door should I go? |

| | |
|---|---|
| ਨਾਨਕੁ ਏਕ ਕਹੈ ਅਰਦਾਸਿ ॥ | Nanak offers this one prayer: |
| ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥ | this body and soul are totally Yours. \|\|3\|\| |
| ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੋੁ ॥ | He Himself is near, and He Himself is far away; He Himself is in-between. |
| ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੋੁ ॥ | He Himself beholds, and He Himself listens. By His Creative Power, He created the world. |
| ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੋੁ ॥੪॥੩੧॥ | Whatever pleases Him, O Nanak-that Command is acceptable. \|\|4\|\|31\|\| |
| ਸਿਰੀਰਾਗੁ ਮਹਲਾ ੧ ਘਰੁ ੪ ॥ | Siree Raag, First Mehl, Fourth House: |
| ਕੀਤਾ ਕਹਾ ਕਰੇ ਮਨਿ ਮਾਨੁ ॥ | Why should the created beings feel pride in their minds? |
| ਦੇਵਣਹਾਰੇ ਕੈ ਹਥਿ ਦਾਨੁ ॥ | The Gift is in the Hands of the Great Giver. |
| ਭਾਵੈ ਦੇਇ ਨ ਦੇਈ ਸੋਇ ॥ | As it pleases Him, He may give, or not give. |
| ਕੀਤੇ ਕੈ ਕਹਿਐ ਕਿਆ ਹੋਇ ॥੧॥ | What can be done by the order of the created beings? \|\|1\|\| |
| ਆਪੇ ਸਚੁ ਭਾਵੈ ਤਿਸੁ ਸਚੁ ॥ | He Himself is True; Truth is pleasing to His Will. |
| ਅੰਧਾ ਕਚਾ ਕਚੁ ਨਿਕਚੁ ॥੧॥ ਰਹਾਉ ॥ | The spiritually blind are unripe and imperfect, inferior and worthless. \|\|1\|\|Pause\|\| |
| ਜਾ ਕੇ ਰੁਖ ਬਿਰਖ ਆਰਾਉ ॥ | The One who owns the trees of the forest and the plants of the garden |
| ਜੇਹੀ ਧਾਤੁ ਤੇਹਾ ਤਿਨ ਨਾਉ ॥ | according to their nature, He gives them all their names. |
| ਫੁਲੁ ਭਾਉ ਫਲੁ ਲਿਖਿਆ ਪਾਇ ॥ | The Flower and the Fruit of the Lord's Love are obtained by pre-ordained destiny. |
| ਆਪਿ ਬੀਜਿ ਆਪੇ ਹੀ ਖਾਇ ॥੨॥ | As we plant, so we harvest and eat. \|\|2\|\| |
| ਕਚੀ ਕੰਧ ਕਚਾ ਵਿਚਿ ਰਾਜੁ ॥ | The wall of the body is temporary, as is the soul-mason within it. |
| ਮਤਿ ਅਲੂਣੀ ਫਿਕਾ ਸਾਦੁ ॥ | The flavor of the intellect is bland and insipid without the Salt. |
| ਨਾਨਕ ਆਣੇ ਆਵੈ ਰਾਸਿ ॥ | O Nanak, as He wills, He makes things right. |
| ਵਿਣੁ ਨਾਵੈ ਨਾਹੀ ਸਾਬਾਸਿ ॥੩॥੩੨॥ | Without the Name, no one is approved. \|\|3\|\|32\|\| |

| | |
|---|---|
| ਸਿਰੀਰਾਗੁ ਮਹਲਾ ੧ ਘਰੁ ੫ ॥ | Siree Raag, First Mehl, Fifth House: |
| ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥ | The Undeceivable is not deceived by deception. He cannot be wounded by any dagger. |
| ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ ॥੧॥ | As our Lord and Master keeps us, so do we exist. The soul of this greedy person is tossed this way and that. ‖1‖ |
| ਬਿਨੁ ਤੇਲ ਦੀਵਾ ਕਿਉ ਜਲੈ ॥੧॥ ਰਹਾਉ ॥ | Without the oil, how can the lamp be lit? ‖1‖Pause‖ |
| ਪੋਥੀ ਪੁਰਾਣ ਕਮਾਈਐ ॥ ਭਉ ਵਟੀ ਇਤੁ ਤਨਿ ਪਾਈਐ ॥ | Let the reading of your prayer book be the oil, and let the Fear of God be the wick for the lamp of this body. |
| ਸਚੁ ਬੂਝਣੁ ਆਨਿ ਜਲਾਈਐ ॥੨॥ | Light this lamp with the understanding of Truth. ‖2‖ |
| ਇਹੁ ਤੇਲੁ ਦੀਵਾ ਇਉ ਜਲੈ ॥ | Use this oil to light this lamp. |
| ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ ਰਹਾਉ ॥ | Light it, and meet your Lord and Master. ‖1‖Pause‖ |
| ਇਤੁ ਤਨਿ ਲਾਗੈ ਬਾਣੀਆ ॥ | This body is softened with the Word of the Guru's Bani; |
| ਸੁਖੁ ਹੋਵੈ ਸੇਵ ਕਮਾਣੀਆ ॥ | you shall find peace, doing seva (selfless service). |
| **੨੬** | **26** |
| ਸਭ ਦੁਨੀਆ ਆਵਣ ਜਾਣੀਆ ॥੩॥ | All the world continues coming and going in reincarnation. ‖3‖ |
| ਵਿਚਿ ਦੁਨੀਆ ਸੇਵ ਕਮਾਈਐ ॥ | In the midst of this world, do seva, |
| ਤਾ ਦਰਗਹ ਬੈਸਣੁ ਪਾਈਐ ॥ | and you shall be given a place of honor in the Court of the Lord. |
| ਕਹੁ ਨਾਨਕ ਬਾਹ ਲੁਡਾਈਐ ॥੪॥੩੩॥ | Says Nanak, swing your arms in joy! ‖4‖33‖ |
| ਸਿਰੀਰਾਗੁ ਮਹਲਾ ੩ ਘਰੁ ੧ | Siree Raag, Third Mehl, First House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਹਉ ਸਤਿਗੁਰੁ ਸੇਵੀ ਆਪਣਾ ਇਕ ਮਨਿ ਇਕ ਚਿਤਿ ਭਾਇ ॥ | I serve my True Guru with single-minded devotion, and lovingly focus my consciousness on Him. |
| ਸਤਿਗੁਰੁ ਮਨ ਕਾਮਨਾ ਤੀਰਥੁ ਹੈ ਜਿਸ ਨੋ ਦੇਇ ਬੁਝਾਇ ॥ | The True Guru is the mind's desire and the sacred shrine of pilgrimage, for those unto whom He has given this understanding. |

| | |
|---|---|
| ਮਨ ਚਿੰਦਿਆ ਵਰੁ ਪਾਵਣਾ ਜੋ ਇਛੈ ਸੋ ਫਲੁ ਪਾਇ ॥ | The blessings of the wishes of the mind are obtained, and the fruits of one's desires. |
| ਨਾਉ ਧਿਆਈਐ ਨਾਉ ਮੰਗੀਐ ਨਾਮੇ ਸਹਜਿ ਸਮਾਇ ॥੧॥ | Meditate on the Name, worship the Name, and through the Name, you shall be absorbed in intuitive peace and poise. \|\|1\|\| |
| ਮਨ ਮੇਰੇ ਹਰਿ ਰਸੁ ਚਾਖੁ ਤਿਖ ਜਾਇ ॥ | O my mind, drink in the Sublime Essence of the Lord, and your thirst shall be quenched. |
| ਜਿਨੀ ਗੁਰਮੁਖਿ ਚਾਖਿਆ ਸਹਜੇ ਰਹੇ ਸਮਾਇ ॥੧॥ ਰਹਾਉ ॥ | Those Gurmukhs who have tasted it remain intuitively absorbed in the Lord. \|\|1\|\|Pause\|\| |
| ਜਿਨੀ ਸਤਿਗੁਰੁ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ ॥ | Those who serve the True Guru obtain the Treasure of the Naam. |
| ਅੰਤਰਿ ਹਰਿ ਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ ॥ | Deep within, they are drenched with the Essence of the Lord, and the egotistical pride of the mind is subdued. |
| ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ ॥ | The heart-lotus blossoms forth, and they intuitively center themselves in meditation. |
| ਮਨੁ ਨਿਰਮਲੁ ਹਰਿ ਰਵਿ ਰਹਿਆ ਪਾਇਆ ਦਰਗਹਿ ਮਾਨੁ ॥੨॥ | Their minds become pure, and they remain immersed in the Lord; they are honored in His Court. \|\|2\|\| |
| ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥ | Those who serve the True Guru in this world are very rare. |
| ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ ॥ | Those who keep the Lord enshrined in their hearts subdue egotism and possessiveness. |
| ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ ॥ | I am a sacrifice to those who are in love with the Naam. |
| ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ ॥੩॥ | Those who attain the Inexhaustible Name of the Infinite Lord remain happy throughout the four ages. \|\|3\|\| |
| ਗੁਰ ਮਿਲਿਐ ਨਾਮੁ ਪਾਈਐ ਚੂਕੈ ਮੋਹ ਪਿਆਸ ॥ | Meeting with the Guru, the Naam is obtained, and the thirst of emotional attachment departs. |
| ਹਰਿ ਸੇਤੀ ਮਨੁ ਰਵਿ ਰਹਿਆ ਘਰ ਹੀ ਮਾਹਿ ਉਦਾਸੁ ॥ | When the mind is permeated with the Lord, one remains detached within the home of the heart. |
| ਜਿਨਾ ਹਰਿ ਕਾ ਸਾਦੁ ਆਇਆ ਹਉ ਤਿਨ ਬਲਿਹਾਰੈ ਜਾਸੁ ॥ | I am a sacrifice to those who enjoy the Sublime Taste of the Lord. |

| | |
|---|---|
| ਨਾਨਕ ਨਦਰੀ ਪਾਈਐ ਸਚੁ ਨਾਮੁ ਗੁਣਤਾਸੁ ॥੪॥੧॥੩੪॥ | O Nanak, by His Glance of Grace, the True Name, the Treasure of Excellence, is obtained. ‖4‖1‖34‖ |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ ॥ | People wear all sorts of costumes and wander all around, but in their hearts and minds, they practice deception. |
| ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ ॥੧॥ | They do not attain the Mansion of the Lord's Presence, and after death, they sink into manure. ‖1‖ |
| ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ॥ | O mind, remain detached in the midst of your household. |
| ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ ॥੧॥ ਰਹਾਉ ॥ | Practicing truth, self-discipline and good deeds, the Gurmukh is enlightened. ‖1‖Pause‖ |
| ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ ॥ | Through the Word of the Guru's Shabad, the mind is conquered, and one attains the State of Liberation in one's own home. |
| ਹਰਿ ਕਾ ਨਾਮੁ ਧਿਆਈਐ ਸਤਸੰਗਤਿ ਮੇਲਿ ਮਿਲਾਇ ॥੨॥ | So meditate on the Name of the Lord; join and merge with the Sat Sangat, the True Congregation. ‖2‖ |
| ਜੇ ਲਖ ਇਸਤਰੀਆ ਭੋਗ ਕਰਹਿ ਨਵ ਖੰਡ ਰਾਜੁ ਕਮਾਹਿ ॥ | You may enjoy the pleasures of hundreds of thousands of women, and rule the nine continents of the world. |
| ਬਿਨੁ ਸਤਿਗੁਰ ਸੁਖੁ ਨ ਪਾਵਈ ਫਿਰਿ ਫਿਰਿ ਜੋਨੀ ਪਾਹਿ ॥੩॥ | But without the True Guru, you will not find peace; you will be reincarnated over and over again. ‖3‖ |
| ਹਰਿ ਹਾਰੁ ਕੰਠਿ ਜਿਨੀ ਪਹਿਰਿਆ ਗੁਰ ਚਰਣੀ ਚਿਤੁ ਲਾਇ ॥ | Those who wear the Necklace of the Lord around their necks, and focus their consciousness on the Guru's Feet |
| ਤਿਨਾ ਪਿਛੈ ਰਿਧਿ ਸਿਧਿ ਫਿਰੈ ਓਨਾ ਤਿਲੁ ਨ ਤਮਾਇ ॥੪॥ | -wealth and supernatural spiritual powers follow them, but they do not care for such things at all. ‖4‖ |
| ਜੋ ਪ੍ਰਭ ਭਾਵੈ ਸੋ ਥੀਐ ਅਵਰੁ ਨ ਕਰਣਾ ਜਾਇ ॥ | Whatever pleases God's Will comes to pass. Nothing else can be done. |
| ਜਨੁ ਨਾਨਕੁ ਜੀਵੈ ਨਾਮੁ ਲੈ ਹਰਿ ਦੇਵਹੁ ਸਹਜਿ ਸੁਭਾਇ ॥੫॥੨॥੩੫॥ | Servant Nanak lives by chanting the Naam. O Lord, please give it to me, in Your Natural Way. ‖5‖2‖35‖ |

| ੨੭ | 27 |
|---|---|
| ਸਿਰੀਰਾਗੁ ਮਹਲਾ ੩ ਘਰੁ ੧ ॥ | Siree Raag, Third Mehl, First House: |
| ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ ॥ | Everyone belongs to the One who rules the Universe. |
| ਗੁਰਮੁਖਿ ਕਾਰ ਕਮਾਵਣੀ ਸਚੁ ਘਟਿ ਪਰਗਟੁ ਹੋਇ ॥ | The Gurmukh practices good deeds, and the truth is revealed in the heart. |
| ਅੰਤਰਿ ਜਿਸ ਕੈ ਸਚੁ ਵਸੈ ਸਚੇ ਸਚੀ ਸੋਇ ॥ | True is the reputation of the true, within whom truth abides. |
| ਸਚਿ ਮਿਲੇ ਸੇ ਨ ਵਿਛੁੜਹਿ ਤਿਨ ਨਿਜ ਘਰਿ ਵਾਸਾ ਹੋਇ ॥੧॥ | Those who meet the True Lord are not separated again; they come to dwell in the home of the self deep within. \|\|1\|\| |
| ਮੇਰੇ ਰਾਮ ਮੈ ਹਰਿ ਬਿਨੁ ਅਵਰੁ ਨ ਕੋਇ ॥ | O my Lord! Without the Lord, I have no other at all. |
| ਸਤਗੁਰੁ ਸਚੁ ਪ੍ਰਭੁ ਨਿਰਮਲਾ ਸਬਦਿ ਮਿਲਾਵਾ ਹੋਇ ॥੧॥ ਰਹਾਉ ॥ | The True Guru leads us to meet the Immaculate True God through the Word of His Shabad. \|\|1\|\|Pause\|\| |
| ਸਬਦਿ ਮਿਲੈ ਸੋ ਮਿਲਿ ਰਹੈ ਜਿਸ ਨਉ ਆਪੇ ਲਏ ਮਿਲਾਇ ॥ | One whom the Lord merges into Himself is merged in the Shabad, and remains so merged. |
| ਦੂਜੈ ਭਾਇ ਕੋ ਨਾ ਮਿਲੈ ਫਿਰਿ ਫਿਰਿ ਆਵੈ ਜਾਇ ॥ | No one merges with Him through the love of duality; over and over again, they come and go in reincarnation. |
| ਸਭ ਮਹਿ ਇਕੁ ਵਰਤਦਾ ਏਕੋ ਰਹਿਆ ਸਮਾਇ ॥ | The One Lord permeates all. The One Lord is pervading everywhere. |
| ਜਿਸ ਨਉ ਆਪਿ ਦਇਆਲੁ ਹੋਇ ਸੋ ਗੁਰਮੁਖਿ ਨਾਮਿ ਸਮਾਇ ॥੨॥ | That Gurmukh, unto whom the Lord shows His Kindness, is absorbed in the Naam, the Name of the Lord. \|\|2\|\| |
| ਪੜਿ ਪੜਿ ਪੰਡਿਤ ਜੋਤਕੀ ਵਾਦ ਕਰਹਿ ਬੀਚਾਰੁ ॥ | After all their reading, the Pandits, the religious scholars, and the astrologers argue and debate. |
| ਮਤਿ ਬੁਧਿ ਭਵੀ ਨ ਬੁਝਈ ਅੰਤਰਿ ਲੋਭ ਵਿਕਾਰੁ ॥ | Their intellect and understanding are perverted; they just don't understand. They are filled with greed and corruption. |
| ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ ॥ | Through 8.4 million incarnations they wander lost and confused; through all their wandering and roaming, they are ruined. |
| ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ ॥੩॥ | They act according to their pre-ordained destiny, which no one can erase. \|\|3\|\| |

ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥

It is very difficult to serve the True Guru. Surrender your head; give up your selfishness.

ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ ॥

Realizing the Shabad, one meets with the Lord, and all one's service is accepted.

ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ ॥

By personally experiencing the Personality of the Guru, one's own personality is uplifted, and one's light merges into the Light.

ਜਿਨ ਕਉ ਪੂਰਬਿ ਲਿਖਿਆ ਤਿਨ ਸਤਗੁਰੁ ਮਿਲਿਆ ਆਇ ॥੪॥

Those who have such pre-ordained destiny come to meet the True Guru. ||4||

ਮਨ ਭੁਖਾ ਭੁਖਾ ਮਤ ਕਰਹਿ ਮਤ ਤੂ ਕਰਹਿ ਪੂਕਾਰ ॥

O mind, don't cry out that you are hungry, always hungry; stop complaining.

ਲਖ ਚਉਰਾਸੀਹ ਜਿਨਿ ਸਿਰੀ ਸਭਸੈ ਦੇਇ ਅਧਾਰੁ ॥

The One who created the 8.4 million species of beings gives sustenance to all.

ਨਿਰਭਉ ਸਦਾ ਦਇਆਲੁ ਹੈ ਸਭਨਾ ਕਰਦਾ ਸਾਰ ॥

The Fearless Lord is forever Merciful; He takes care of all.

ਨਾਨਕ ਗੁਰਮੁਖਿ ਬੁਝੀਐ ਪਾਈਐ ਮੋਖ ਦੁਆਰੁ ॥੫॥੩॥੩੬॥

O Nanak, the Gurmukh understands, and finds the Door of Liberation. ||5||3||36||

ਸਿਰੀਰਾਗੁ ਮਹਲਾ ੩ ॥

Siree Raag, Third Mehl:

ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥

Those who hear and believe, find the home of the self deep within.

ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥

Through the Guru's Teachings, they praise the True Lord; they find the Lord, the Treasure of Excellence.

ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥

Attuned to the Word of the Shabad, they are immaculate and pure. I am forever a sacrifice to them.

ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥੧॥

Those people, within whose hearts the Lord abides, are radiant and enlightened. ||1||

ਮਨ ਮੇਰੇ ਹਰਿ ਹਰਿ ਨਿਰਮਲੁ ਧਿਆਇ ॥

O my mind, meditate on the Immaculate Lord, Har, Har.

ਧੁਰਿ ਮਸਤਕਿ ਜਿਨ ਕਉ ਲਿਖਿਆ ਸੇ ਗੁਰਮੁਖਿ ਰਹੇ ਲਿਵ ਲਾਇ ॥੧॥ ਰਹਾਉ ॥

Those whose have such pre-ordained destiny written on their foreheads-those Gurmukhs remain absorbed in the Lord's Love. ||1||Pause||

| | |
|---|---|
| ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ ॥ | O Saints, see clearly that the Lord is near at hand; He is pervading everywhere. |
| ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ ॥ | Those who follow the Guru's Teachings realize Him, and see Him Ever-present. |
| ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥ | He dwells forever in the minds of the virtuous. He is far removed from those worthless people who lack virtue. |
| ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥ | The self-willed manmukhs are totally without virtue. Without the Name, they die in frustration. \|\|2\|\| |
| ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥ | Those who hear and believe in the Word of the Guru's Shabad, meditate on the Lord in their minds. |
| ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ | Night and day, they are steeped in devotion; their minds and bodies become pure. |
| ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥ | The color of the world is false and weak; when it washes away, people cry out in pain. |
| ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥ | Those who have the Radiant Light of the Naam within, become steady and stable, forever and ever. \|\|3\|\| |

## ੨੮ 28

| | |
|---|---|
| ਇਹੁ ਜਨਮੁ ਪਦਾਰਥੁ ਪਾਇ ਕੈ ਹਰਿ ਨਾਮੁ ਨ ਚੇਤੈ ਲਿਵ ਲਾਇ ॥ | The blessing of this human life has been obtained, but still, people do not lovingly focus their thoughts on the Name of the Lord. |
| ਪਗਿ ਖਿਸਿਐ ਰਹਣਾ ਨਹੀ ਆਗੈ ਠਉਰੁ ਨ ਪਾਇ ॥ | Their feet slip, and they cannot stay here any longer. And in the next world, they find no place of rest at all. |
| ਓਹ ਵੇਲਾ ਹਥਿ ਨ ਆਵਈ ਅੰਤਿ ਗਇਆ ਪਛੁਤਾਇ ॥ | This opportunity shall not come again. In the end, they depart, regretting and repenting. |
| ਜਿਸੁ ਨਦਰਿ ਕਰੇ ਸੋ ਉਬਰੈ ਹਰਿ ਸੇਤੀ ਲਿਵ ਲਾਇ ॥੪॥ | Those whom the Lord blesses with His Glance of Grace are saved; they are lovingly attuned to the Lord. \|\|4\|\| |
| ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥ | They all show off and pretend, but the self-willed manmukhs do not understand. |
| ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥ | Those Gurmukhs who are pure of heart-their service is accepted. |

| | |
|---|---|
| ਹਰਿ ਗੁਣ ਗਾਵਹਿ ਹਰਿ ਨਿਤ ਪੜਹਿ ਹਰਿ ਗੁਣ ਗਾਇ ਸਮਾਇ ॥ | They sing the Glorious Praise of the Lord; they read about the Lord each day. Singing the Praise of the Lord, they merge in absorption. |
| ਨਾਨਕ ਤਿਨ ਕੀ ਬਾਣੀ ਸਦਾ ਸਚੁ ਹੈ ਜਿ ਨਾਮਿ ਰਹੇ ਲਿਵ ਲਾਇ ॥੫॥੪॥੩੭॥ | O Nanak, the words of those who are lovingly attuned to the Naam are true forever. \|\|5\|\|4\|\|37\|\| |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਜਿਨੀ ਇਕ ਮਨਿ ਨਾਮੁ ਧਿਆਇਆ ਗੁਰਮਤੀ ਵੀਚਾਰਿ ॥ | Those who meditate single-mindedly on the Naam, and contemplate the Teachings of the Guru |
| ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥ | -their faces are forever radiant in the Court of the True Lord. |
| ਓਇ ਅੰਮ੍ਰਿਤੁ ਪੀਵਹਿ ਸਦਾ ਸਦਾ ਸਚੈ ਨਾਮਿ ਪਿਆਰਿ ॥੧॥ | They drink in the Ambrosial Nectar forever and ever, and they love the True Name. \|\|1\|\| |
| ਭਾਈ ਰੇ ਗੁਰਮੁਖਿ ਸਦਾ ਪਤਿ ਹੋਇ ॥ | O Siblings of Destiny, the Gurmukhs are honored forever. |
| ਹਰਿ ਹਰਿ ਸਦਾ ਧਿਆਈਐ ਮਲੁ ਹਉਮੈ ਕਢੈ ਧੋਇ ॥੧॥ ਰਹਾਉ ॥ | They meditate forever on the Lord, Har, Har, and they wash off the filth of egotism. \|\|1\|\|Pause\|\| |
| ਮਨਮੁਖ ਨਾਮੁ ਨ ਜਾਣਨੀ ਵਿਣੁ ਨਾਵੈ ਪਤਿ ਜਾਇ ॥ | The self-willed manmukhs do not know the Naam. Without the Name, they lose their honor. |
| ਸਬਦੈ ਸਾਦੁ ਨ ਆਇਓ ਲਾਗੇ ਦੂਜੈ ਭਾਇ ॥ | They do not savor the Taste of the Shabad; they are attached to the love of duality. |
| ਵਿਸਟਾ ਕੇ ਕੀੜੇ ਪਵਹਿ ਵਿਚਿ ਵਿਸਟਾ ਸੇ ਵਿਸਟਾ ਮਾਹਿ ਸਮਾਇ ॥੨॥ | They are worms in the filth of manure. They fall into manure, and into manure they are absorbed. \|\|2\|\| |
| ਤਿਨ ਕਾ ਜਨਮੁ ਸਫਲੁ ਹੈ ਜੋ ਚਲਹਿ ਸਤਗੁਰ ਭਾਇ ॥ | Fruitful are the lives of those who walk in harmony with the Will of the True Guru. |
| ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ ॥ | Their families are saved; blessed are the mothers who gave birth to them. |
| ਹਰਿ ਹਰਿ ਨਾਮੁ ਧਿਆਈਐ ਜਿਸ ਨਉ ਕਿਰਪਾ ਕਰੇ ਰਜਾਇ ॥੩॥ | By His Will He grants His Grace; those who are so blessed, meditate on the Name of the Lord, Har, Har. \|\|3\|\| |
| ਜਿਨੀ ਗੁਰਮੁਖਿ ਨਾਮੁ ਧਿਆਇਆ ਵਿਚਹੁ ਆਪੁ ਗਵਾਇ ॥ | The Gurmukhs meditate on the Naam; they eradicate selfishness and conceit from within. |

| | |
|---|---|
| ਓਇ ਅੰਦਰਹੁ ਬਾਹਰਹੁ ਨਿਰਮਲੇ ਸਚੇ ਸਚਿ ਸਮਾਇ ॥ | They are pure, inwardly and outwardly; they merge into the Truest of the True. |
| ਨਾਨਕ ਆਏ ਸੇ ਪਰਵਾਣੁ ਹਹਿ ਜਿਨ ਗੁਰਮਤੀ ਹਰਿ ਧਿਆਇ ॥੪॥੫॥੩੮॥ | O Nanak, blessed is the coming of those who follow the Guru's Teachings and meditate on the Lord. ‖4‖5‖38‖ |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰ ਪੂਛਿ ਕਰਹਿ ਵਾਪਾਰੁ ॥ | The devotees of the Lord have the Wealth and Capital of the Lord; with Guru's Advice, they carry on their trade. |
| ਹਰਿ ਨਾਮੁ ਸਲਾਹਨਿ ਸਦਾ ਸਦਾ ਵਖਰੁ ਹਰਿ ਨਾਮੁ ਅਧਾਰੁ ॥ | They praise the Name of the Lord forever and ever. The Name of the Lord is their Merchandise and Support. |
| ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਹਰਿ ਭਗਤਾ ਅਤੁਟੁ ਭੰਡਾਰੁ ॥੧॥ | The Perfect Guru has implanted the Name of the Lord into the Lord's devotees; it is an Inexhaustible Treasure. ‖1‖ |
| ਭਾਈ ਰੇ ਇਸੁ ਮਨ ਕਉ ਸਮਝਾਇ ॥ | O Siblings of Destiny, instruct your minds in this way. |
| ਏ ਮਨ ਆਲਸੁ ਕਿਆ ਕਰਹਿ ਗੁਰਮੁਖਿ ਨਾਮੁ ਧਿਆਇ ॥੧॥ ਰਹਾਉ ॥ | O mind, why are you so lazy? Become Gurmukh, and meditate on the Naam. ‖1‖Pause‖ |
| ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ ॥ | Devotion to the Lord is love for the Lord. The Gurmukh reflects deeply and contemplates. |
| ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥ | Hypocrisy is not devotion-speaking words of duality leads only to misery. |
| ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥੨॥ | Those humble beings who are filled with keen understanding and meditative contemplation-even though they intermingle with others, they remain distinct. ‖2‖ |
| ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ ॥ | Those who keep the Lord enshrined within their hearts are said to be the servants of the Lord. |
| ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥ | Placing mind and body in offering before the Lord, they conquer and eradicate egotism from within. |
| ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ ॥੩॥ | Blessed and acclaimed is that Gurmukh, who shall never be defeated. ‖3‖ |
| ਕਰਮਿ ਮਿਲੈ ਤਾ ਪਾਈਐ ਵਿਣੁ ਕਰਮੈ ਪਾਇਆ ਨ ਜਾਇ ॥ | Those who receive His Grace find Him. Without His Grace, He cannot be found. |

## ੨੯ 29

ਲਖ ਚਉਰਾਸੀਹ ਤਰਸਦੇ ਜਿਸੁ ਮੇਲੇ ਸੋ ਮਿਲੈ ਹਰਿ ਆਇ ॥

The 8.4 million species of beings all yearn for the Lord. Those whom He unites, come to be united with the Lord.

ਨਾਨਕ ਗੁਰਮੁਖਿ ਹਰਿ ਪਾਇਆ ਸਦਾ ਹਰਿ ਨਾਮਿ ਸਮਾਇ ॥੪॥੬॥੩੯॥

O Nanak, the Gurmukh finds the Lord, and remains forever absorbed in the Lord's Name. ||4||6||39||

ਸਿਰੀਰਾਗੁ ਮਹਲਾ ੩ ॥

Siree Raag, Third Mehl:

ਸੁਖ ਸਾਗਰੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥

The Name of the Lord is the Ocean of Peace; the Gurmukhs obtain it.

ਅਨਦਿਨੁ ਨਾਮੁ ਧਿਆਈਐ ਸਹਜੇ ਨਾਮਿ ਸਮਾਇ ॥

Meditating on the Naam, night and day, they are easily and intuitively absorbed in the Naam.

ਅੰਦਰੁ ਰਚੈ ਹਰਿ ਸਚ ਸਿਉ ਰਸਨਾ ਹਰਿ ਗੁਣ ਗਾਇ ॥੧॥

Their inner beings are immersed in the True Lord; they sing the Glorious Praises of the Lord. ||1||

ਭਾਈ ਰੇ ਜਗੁ ਦੁਖੀਆ ਦੂਜੈ ਭਾਇ ॥

O Siblings of Destiny, the world is in misery, engrossed in the love of duality.

ਗੁਰ ਸਰਣਾਈ ਸੁਖੁ ਲਹਹਿ ਅਨਦਿਨੁ ਨਾਮੁ ਧਿਆਇ ॥੧॥ ਰਹਾਉ ॥

In the Sanctuary of the Guru, peace is found, meditating on the Naam night and day. ||1||Pause||

ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ ॥

The truthful ones are not stained by filth. Meditating on the Lord, their minds remain pure.

ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥

The Gurmukhs realize the Word of the Shabad; they are immersed in the Ambrosial Nectar of the Lord's Name.

ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥੨॥

The Guru has lit the brilliant light of spiritual wisdom, and the darkness of ignorance has been dispelled. ||2||

ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥

The self-willed manmukhs are polluted. They are filled with the pollution of egotism, wickedness and desire.

ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥

Without the Shabad, this pollution is not washed off; through the cycle of death and rebirth, they waste away in misery.

ਧਾਤੁਰ ਬਾਜੀ ਪਲਚਿ ਰਹੇ ਨਾ ਉਰਵਾਰੁ ਨ ਪਾਰੁ ॥੩॥

Engrossed in this transitory drama, they are not at home in either this world or the next. ||3||

| | |
|---|---|
| ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ ॥ | For the Gurmukh, the love of the Name of the Lord is chanting, deep meditation and self-discipline. |
| ਗੁਰਮੁਖਿ ਸਦਾ ਧਿਆਈਐ ਏਕੁ ਨਾਮੁ ਕਰਤਾਰੁ ॥ | The Gurmukh meditates forever on the Name of the One Creator Lord. |
| ਨਾਨਕ ਨਾਮੁ ਧਿਆਈਐ ਸਭਨਾ ਜੀਆ ਕਾ ਆਧਾਰੁ ॥੪॥੭॥੪੦॥ | O Nanak, meditate on the Naam, the Name of the Lord, the Support of all beings. \|\|4\|\|7\|\|40\|\| |
| ਸ੍ਰੀਰਾਗੁ ਮਹਲਾ ੩ ॥ | Siree Raag, Third Mehl: |
| ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ ॥ | The self-willed manmukhs are engrossed in emotional attachment; they are not balanced or detached. |
| ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹਿ ਪਤਿ ਖੋਇ ॥ | They do not comprehend the Word of the Shabad. They suffer in pain forever, and lose their honor in the Court of the Lord. |
| ਹਉਮੈ ਗੁਰਮੁਖਿ ਖੋਈਐ ਨਾਮਿ ਰਤੇ ਸੁਖੁ ਹੋਇ ॥੧॥ | The Gurmukhs shed their ego; attuned to the Naam, they find peace. \|\|1\|\| |
| ਮੇਰੇ ਮਨ ਅਹਿਨਿਸਿ ਪੂਰਿ ਰਹੀ ਨਿਤ ਆਸਾ ॥ | O my mind, day and night, you are always full of wishful hopes. |
| ਸਤਗੁਰੁ ਸੇਵਿ ਮੋਹੁ ਪਰਜਲੈ ਘਰ ਹੀ ਮਾਹਿ ਉਦਾਸਾ ॥੧॥ ਰਹਾਉ ॥ | Serve the True Guru, and your emotional attachment shall be totally burnt away; remain detached within the home of your heart. \|\|1\|\|Pause\|\| |
| ਗੁਰਮੁਖਿ ਕਰਮ ਕਮਾਵੈ ਬਿਗਸੈ ਹਰਿ ਬੈਰਾਗੁ ਅਨੰਦੁ ॥ | The Gurmukhs do good deeds and blossom forth; balanced and detached in the Lord, they are in ecstasy. |
| ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਹਉਮੈ ਮਾਰਿ ਨਿਚੰਦੁ ॥ | Night and day, they perform devotional worship, day and night; subduing their ego, they are carefree. |
| ਵਡੈ ਭਾਗਿ ਸਤਸੰਗਤਿ ਪਾਈ ਹਰਿ ਪਾਇਆ ਸਹਜਿ ਅਨੰਦੁ ॥੨॥ | By great good fortune, I found the Sat Sangat, the True Congregation; I have found the Lord, with intuitive ease and ecstasy. \|\|2\|\| |
| ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ ॥ | That person is a Holy Saadhu, and a renouncer of the world, whose heart is filled with the Naam. |
| ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ ॥ | His inner being is not touched by anger or dark energies at all; he has lost his selfishness and conceit. |

ਨਾਮੁ ਨਿਧਾਨੁ ਸਤਗੁਰੂ ਦਿਖਾਲਿਆ ਹਰਿ ਰਸੁ ਪੀਆ ਅਘਾਏ ॥੩॥

The True Guru has revealed to him the Treasure of the Naam, the Name of the Lord; he drinks in the Sublime Essence of the Lord, and is satisfied. ||3||

ਜਿਨਿ ਕਿਨੈ ਪਾਇਆ ਸਾਧਸੰਗਤੀ ਪੂਰੈ ਭਾਗਿ ਬੈਰਾਗਿ ॥

Whoever has found it, has done so in the Saadh Sangat, the Company of the Holy. Through perfect good fortune, such balanced detachment is attained.

ਮਨਮੁਖ ਫਿਰਹਿ ਨ ਜਾਣਹਿ ਸਤਗੁਰੁ ਹਉਮੈ ਅੰਦਰਿ ਲਾਗਿ ॥

The self-willed manmukhs wander around lost, but they do not know the True Guru. They are inwardly attached to egotism.

ਨਾਨਕ ਸਬਦਿ ਰਤੇ ਹਰਿ ਨਾਮਿ ਰੰਗਾਏ ਬਿਨੁ ਭੈ ਕੇਹੀ ਲਾਗਿ ॥੪॥੮॥੪੧॥

O Nanak, those who are attuned to the Shabad are dyed in the Color of the Lord's Name. Without the Fear of God, how can they retain this Color? ||4||8||41||

ਸਿਰੀਰਾਗੁ ਮਹਲਾ ੩ ॥

Siree Raag, Third Mehl:

ਘਰ ਹੀ ਸਉਦਾ ਪਾਈਐ ਅੰਤਰਿ ਸਭ ਵਥੁ ਹੋਇ ॥

Within the home of your own inner being, the merchandise is obtained. All commodities are within.

ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ ॥

Each and every moment, dwell on the Naam, the Name of the Lord; the Gurmukhs obtain it.

ਨਾਮੁ ਨਿਧਾਨੁ ਅਖੁਟੁ ਹੈ ਵਡਭਾਗਿ ਪਰਾਪਤਿ ਹੋਇ ॥੧॥

The Treasure of the Naam is inexhaustible. By great good fortune, it is obtained. ||1||

ਮੇਰੇ ਮਨ ਤਜਿ ਨਿੰਦਾ ਹਉਮੈ ਅਹੰਕਾਰੁ ॥

O my mind, give up slander, egotism and arrogance.

੩੦

30

ਹਰਿ ਜੀਉ ਸਦਾ ਧਿਆਇ ਤੂ ਗੁਰਮੁਖਿ ਏਕੰਕਾਰੁ ॥੧॥ ਰਹਾਉ ॥

Become Gurmukh, and meditate forever on the Dear Lord, the One and Only Creator. ||1||Pause||

ਗੁਰਮੁਖਾ ਕੇ ਮੁਖ ਉਜਲੇ ਗੁਰ ਸਬਦੀ ਬੀਚਾਰਿ ॥

The faces of the Gurmukhs are radiant and bright; they reflect on the Word of the Guru's Shabad.

ਹਲਤਿ ਪਲਤਿ ਸੁਖੁ ਪਾਇਦੇ ਜਪਿ ਜਪਿ ਰਿਦੈ ਮੁਰਾਰਿ ॥

They obtain peace in this world and the next, chanting and meditating within their hearts on the Lord.

ਘਰ ਹੀ ਵਿਚਿ ਮਹਲੁ ਪਾਇਆ ਗੁਰ ਸਬਦੀ ਵੀਚਾਰਿ ॥੨॥

Within the home of their own inner being, they obtain the Mansion of the Lord's Presence, reflecting on the Guru's Shabad. ||2||

ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥

Those who turn their faces away from the True Guru shall have their faces blackened.

ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ ॥

Night and day, they suffer in pain; they see the noose of Death always hovering above them.

ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ ॥੩॥

Even in their dreams, they find no peace; they are consumed by the fires of intense anxiety. ||3||

ਸਭਨਾ ਕਾ ਦਾਤਾ ਏਕੁ ਹੈ ਆਪੇ ਬਖਸ ਕਰੇਇ ॥

The One Lord is the Giver of all; He Himself bestows all blessings.

ਕਹਣਾ ਕਿਛੂ ਨ ਜਾਵਈ ਜਿਸੁ ਭਾਵੈ ਤਿਸੁ ਦੇਇ ॥

No one else has any say in this; He gives just as He pleases.

ਨਾਨਕ ਗੁਰਮੁਖਿ ਪਾਈਐ ਆਪੇ ਜਾਣੈ ਸੋਇ ॥੪॥੯॥੪੨॥

O Nanak, the Gurmukhs obtain Him; He Himself knows Himself. ||4||9||42||

ਸਿਰੀਰਾਗੁ ਮਹਲਾ ੩ ॥

Siree Raag, Third Mehl:

ਸਚਾ ਸਾਹਿਬੁ ਸੇਵੀਐ ਸਚੁ ਵਡਿਆਈ ਦੇਇ ॥

Serve your True Lord and Master, and you shall be blessed with true greatness.

ਗੁਰ ਪਰਸਾਦੀ ਮਨਿ ਵਸੈ ਹਉਮੈ ਦੂਰਿ ਕਰੇਇ ॥

By Guru's Grace, He abides in the mind, and egotism is driven out.

ਇਹੁ ਮਨੁ ਧਾਵਤੁ ਤਾ ਰਹੈ ਜਾ ਆਪੇ ਨਦਰਿ ਕਰੇਇ ॥੧॥

This wandering mind comes to rest, when the Lord casts His Glance of Grace. ||1||

ਭਾਈ ਰੇ ਗੁਰਮੁਖਿ ਹਰਿ ਨਾਮੁ ਧਿਆਇ ॥

O Siblings of Destiny, become Gurmukh, and meditate on the Name of the Lord.

ਨਾਮੁ ਨਿਧਾਨੁ ਸਦ ਮਨਿ ਵਸੈ ਮਹਲੀ ਪਾਵੈ ਥਾਉ ॥੧॥ ਰਹਾਉ ॥

The Treasure of the Naam abides forever within the mind, and one's place of rest is found in the Mansion of the Lord's Presence. ||1||Pause||

ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ ॥

The minds and bodies of the self-willed manmukhs are filled with darkness; they find no shelter, no place of rest.

ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈਂ ਘਰਿ ਕਾਉ ॥

Through countless incarnations they wander lost, like crows in a deserted house.

ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ ॥੨॥

Through the Guru's Teachings, the heart is illuminated. Through the Shabad, the Name of the Lord is received. ||2||

ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥

In the corruption of the three qualities, there is blindness; in attachment to Maya, there is darkness.

ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥

The greedy people serve others, instead of the Lord, although they loudly announce their reading of scriptures.

ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥੩॥

They are burnt to death by their own corruption; they are not at home, on either this shore or the one beyond. ||3||

ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ ॥

In attachment to Maya, they have forgotten the Father, the Cherisher of the World.

ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ ॥

Without the Guru, all are unconscious; they are held in bondage by the Messenger of Death.

ਨਾਨਕ ਗੁਰਮਤਿ ਉਬਰੇ ਸਚਾ ਨਾਮੁ ਸਮਾਲਿ ॥੪॥੧੦॥੪੩॥

O Nanak, through the Guru's Teachings, you shall be saved, contemplating the True Name. ||4||10||43||

ਸਿਰੀਰਾਗੁ ਮਹਲਾ ੩ ॥

Siree Raag, Third Mehl:

ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥

The three qualities hold people in attachment to Maya. The Gurmukh attains the fourth state of higher consciousness.

ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥

Granting His Grace, God unites us with Himself. The Name of the Lord comes to abide within the mind.

ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ ॥੧॥

Those who have the treasure of goodness join the Sat Sangat, the True Congregation. ||1||

ਭਾਈ ਰੇ ਗੁਰਮਤਿ ਸਾਚਿ ਰਹਾਉ ॥

O Siblings of Destiny, follow the Guru's Teachings and dwell in truth.

ਸਾਚੋ ਸਾਚੁ ਕਮਾਵਣਾ ਸਾਚੈ ਸਬਦਿ ਮਿਲਾਉ ॥੧॥ ਰਹਾਉ ॥

Practice truth, and only truth, and merge in the True Word of the Shabad. ||1||Pause||

ਜਿਨੀ ਨਾਮੁ ਪਛਾਣਿਆ ਤਿਨ ਵਿਟਹੁ ਬਲਿ ਜਾਉ ॥

I am a sacrifice to those who recognize the Naam, the Name of the Lord.

ਆਪੁ ਛੋਡਿ ਚਰਣੀ ਲਗਾ ਚਲਾ ਤਿਨ ਕੈ ਭਾਇ ॥

Renouncing selfishness, I fall at their feet, and walk in harmony with His Will.

ਲਾਹਾ ਹਰਿ ਹਰਿ ਨਾਮੁ ਮਿਲੈ ਸਹਜੇ ਨਾਮਿ ਸਮਾਇ ॥੨॥

Earning the Profit of the Name of the Lord, Har, Har, I am intuitively absorbed in the Naam. ||2||

ਬਿਨੁ ਗੁਰ ਮਹਲੁ ਨ ਪਾਈਐ ਨਾਮੁ ਨ ਪਰਾਪਤਿ ਹੋਇ ॥

Without the Guru, the Mansion of the Lord's Presence is not found, and the Naam is not obtained.

| | |
|---|---|
| ਐਸਾ ਸਤਗੁਰੁ ਲੋੜਿ ਲਹੁ ਜਿਦੂ ਪਾਈਐ ਸਚੁ ਸੋਇ ॥ | Seek and find such a True Guru, who shall lead you to the True Lord. |
| ਅਸੁਰ ਸੰਘਾਰੈ ਸੁਖਿ ਵਸੈ ਜੋ ਤਿਸੁ ਭਾਵੈ ਸੁ ਹੋਇ ॥੩॥ | Destroy your evil passions, and you shall dwell in peace. Whatever pleases the Lord comes to pass. ‖3‖ |
| ਜੇਹਾ ਸਤਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ ॥ | As one knows the True Guru, so is the peace obtained. |
| ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ ॥ | There is no doubt at all about this, but those who love Him are very rare. |
| ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ ॥੪॥੧੧॥੪੪॥ | O Nanak, the One Light has two forms; through the Shabad, union is attained. ‖4‖11‖44‖ |

## ੩੧ / 31

| | |
|---|---|
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ ॥ | Discarding the Ambrosial Nectar, they greedily grab the poison; they serve others, instead of the Lord. |
| ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ ॥ | They lose their faith, they have no understanding; night and day, they suffer in pain. |
| ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ ॥੧॥ | The blind, self-willed manmukhs do not even think of the Lord; they are drowned to death without water. ‖1‖ |
| ਮਨ ਰੇ ਸਦਾ ਭਜਹੁ ਹਰਿ ਸਰਣਾਈ ॥ | O mind, vibrate and meditate forever on the Lord; seek the Protection of His Sanctuary. |
| ਗੁਰ ਕਾ ਸਬਦੁ ਅੰਤਰਿ ਵਸੈ ਤਾ ਹਰਿ ਵਿਸਰਿ ਨ ਜਾਈ ॥੧॥ ਰਹਾਉ ॥ | If the Word of the Guru's Shabad abides deep within, then you shall not forget the Lord. ‖1‖Pause‖ |
| ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ ॥ | This body is the puppet of Maya. The evil of egotism is within it. |
| ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ ॥ | Coming and going through birth and death, the self-willed manmukhs lose their honor. |
| ਸਤਗੁਰੁ ਸੇਵਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਈ ॥੨॥ | Serving the True Guru, eternal peace is obtained, and one's light merges into the Light. ‖2‖ |
| ਸਤਗੁਰ ਕੀ ਸੇਵਾ ਅਤਿ ਸੁਖਾਲੀ ਜੋ ਇਛੇ ਸੋ ਫਲੁ ਪਾਏ ॥ | Serving the True Guru brings a deep and profound peace, and one's desires are fulfilled. |

ਜਤੁ ਸਤੁ ਤਪੁ ਪਵਿਤੁ ਸਰੀਰਾ ਹਰਿ ਹਰਿ ਮੰਨਿ ਵਸਾਏ ॥

Abstinence, truthfulness and self-discipline are obtained, and the body is purified; the Lord, Har, Har, comes to dwell within the mind.

ਸਦਾ ਅਨੰਦਿ ਰਹੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਪਾਏ ॥੩॥

Such a person remains blissful forever, day and night. Meeting the Beloved, peace is found. ||3||

ਜੋ ਸਤਗੁਰ ਕੀ ਸਰਣਾਗਤੀ ਹਉ ਤਿਨ ਕੈ ਬਲਿ ਜਾਉ ॥

I am a sacrifice to those who seek the Sanctuary of the True Guru.

ਦਰਿ ਸਚੈ ਸਚੀ ਵਡਿਆਈ ਸਹਜੇ ਸਚਿ ਸਮਾਉ ॥

In the Court of the True One, they are blessed with true greatness; they are intuitively absorbed into the True Lord.

ਨਾਨਕ ਨਦਰੀ ਪਾਈਐ ਗੁਰਮੁਖਿ ਮੇਲਿ ਮਿਲਾਉ ॥੪॥੧੨॥੪੫॥

O Nanak, by His Glance of Grace He is found; the Gurmukh is united in His Union. ||4||12||45||

ਸਿਰੀਰਾਗੁ ਮਹਲਾ ੩ ॥

Siree Raag, Third Mehl:

ਮਨਮੁਖ ਕਰਮ ਕਮਾਵਣੇ ਜਿਉ ਦੋਹਾਗਣਿ ਤਨਿ ਸੀਗਾਰੁ ॥

The self-willed manmukh performs religious rituals, like the unwanted bride decorating her body.

ਸੇਜੈ ਕੰਤੁ ਨ ਆਵਈ ਨਿਤ ਨਿਤ ਹੋਇ ਖੁਆਰੁ ॥

Her Husband Lord does not come to her bed; day after day, she grows more and more miserable.

ਪਿਰ ਕਾ ਮਹਲੁ ਨ ਪਾਵਈ ਨਾ ਦੀਸੈ ਘਰੁ ਬਾਰੁ ॥੧॥

She does not attain the Mansion of His Presence; she does not find the door to His House. ||1||

ਭਾਈ ਰੇ ਇਕ ਮਨਿ ਨਾਮੁ ਧਿਆਇ ॥

O Siblings of Destiny, meditate on the Naam with one-pointed mind.

ਸੰਤਾ ਸੰਗਤਿ ਮਿਲਿ ਰਹੈ ਜਪਿ ਰਾਮ ਨਾਮੁ ਸੁਖੁ ਪਾਇ ॥੧॥ ਰਹਾਉ ॥

Remain united with the Society of the Saints; chant the Name of the Lord, and find peace. ||1||Pause||

ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰ ਧਾਰਿ ॥

The Gurmukh is the happy and pure soul-bride forever. She keeps her Husband Lord enshrined within her heart.

ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ ॥

Her speech is sweet, and her way of life is humble. She enjoys the Bed of her Husband Lord.

ਸੋਭਾਵੰਤੀ ਸੋਹਾਗਣੀ ਜਿਨ ਗੁਰ ਕਾ ਹੇਤੁ ਅਪਾਰੁ ॥੨॥

The happy and pure soul-bride is noble; she has infinite love for the Guru. ||2||

ਪੂਰੈ ਭਾਗਿ ਸਤਗੁਰੁ ਮਿਲੈ ਜਾ ਭਾਗੈ ਕਾ ਉਦਉ ਹੋਇ ॥

By perfect good fortune, one meets the True Guru, when one's destiny is awakened.

ਅੰਤਰਹੁ ਦੁਖੁ ਭ੍ਰਮੁ ਕਟੀਐ ਸੁਖੁ ਪਰਾਪਤਿ ਹੋਇ ॥

Suffering and doubt are cut out from within, and peace is obtained.

| | |
|---|---|
| ਗੁਰ ਕੈ ਭਾਣੈ ਜੋ ਚਲੈ ਦੁਖੁ ਨ ਪਾਵੈ ਕੋਇ ॥੩॥ | One who walks in harmony with the Guru's Will shall not suffer in pain. \|\|3\|\| |
| ਗੁਰ ਕੇ ਭਾਣੇ ਵਿਚਿ ਅੰਮ੍ਰਿਤੁ ਹੈ ਸਹਜੇ ਪਾਵੈ ਕੋਇ ॥ | The Amrit, the Ambrosial Nectar, is in the Guru's Will. With intuitive ease, it is obtained. |
| ਜਿਨਾ ਪਰਾਪਤਿ ਤਿਨ ਪੀਆ ਹਉਮੈ ਵਿਚਹੁ ਖੋਇ ॥ | Those who are destined to have it, drink it in; their egotism is eradicated from within. |
| ਨਾਨਕ ਗੁਰਮੁਖਿ ਨਾਮੁ ਧਿਆਈਐ ਸਚਿ ਮਿਲਾਵਾ ਹੋਇ ॥੪॥੧੩॥੪੬॥ | O Nanak, the Gurmukh meditates on the Naam, and is united with the True Lord. \|\|4\|\|13\|\|46\|\| |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਜਾ ਪਿਰੁ ਜਾਣੈ ਆਪਣਾ ਤਨੁ ਮਨੁ ਅਗੈ ਧਰੇਇ ॥ | If you know that He is your Husband Lord, offer your body and mind to Him. |
| ਸੋਹਾਗਣੀ ਕਰਮ ਕਮਾਵਦੀਆ ਸੇਈ ਕਰਮ ਕਰੇਇ ॥ | Behave like the happy and pure soul-bride. |
| ਸਹਜੇ ਸਾਚਿ ਮਿਲਾਵੜਾ ਸਾਚੁ ਵਡਾਈ ਦੇਇ ॥੧॥ | With intuitive ease, you shall merge with the True Lord, and He shall bless you with true greatness. \|\|1\|\| |
| ਭਾਈ ਰੇ ਗੁਰ ਬਿਨੁ ਭਗਤਿ ਨ ਹੋਇ ॥ | O Siblings of Destiny, without the Guru, there is no devotional worship. |
| ਬਿਨੁ ਗੁਰ ਭਗਤਿ ਨ ਪਾਈਐ ਜੇ ਲੋਚੈ ਸਭੁ ਕੋਇ ॥੧॥ ਰਹਾਉ ॥ | Without the Guru, devotion is not obtained, even though everyone may long for it. \|\|1\|\|Pause\|\| |
| ਲਖ ਚਉਰਾਸੀਹ ਫੇਰੁ ਪਇਆ ਕਾਮਣਿ ਦੂਜੈ ਭਾਇ ॥ | The soul-bride in love with duality goes around the wheel of reincarnation, through 8.4 million incarnations. |
| ਬਿਨੁ ਗੁਰ ਨੀਦ ਨ ਆਵਈ ਦੁਖੀ ਰੈਣਿ ਵਿਹਾਇ ॥ | Without the Guru, she finds no sleep, and she passes her life-night in pain. |
| ਬਿਨੁ ਸਬਦੈ ਪਿਰੁ ਨ ਪਾਈਐ ਬਿਰਥਾ ਜਨਮੁ ਗਵਾਇ ॥੨॥ | Without the Shabad, she does not find her Husband Lord, and her life wastes away in vain. \|\|2\|\| |
| **੩੨** | **32** |
| ਹਉ ਹਉ ਕਰਤੀ ਜਗੁ ਫਿਰੀ ਨਾ ਧਨੁ ਸੰਪੈ ਨਾਲਿ ॥ | Practicing egotism, selfishness and conceit, she wanders around the world, but her wealth and property will not go with her. |

| | |
|---|---|
| ਅੰਧੀ ਨਾਮੁ ਨ ਚੇਤਈ ਸਭ ਬਾਧੀ ਜਮਕਾਲਿ ॥ | The spiritually blind do not even think of the Naam; they are all bound and gagged by the Messenger of Death. |
| ਸਤਗੁਰਿ ਮਿਲਿਐ ਧਨੁ ਪਾਇਆ ਹਰਿ ਨਾਮਾ ਰਿਦੈ ਸਮਾਲਿ ॥੩॥ | Meeting the True Guru, the wealth is obtained, contemplating the Name of the Lord in the heart. ‖3‖ |
| ਨਾਮਿ ਰਤੇ ਸੇ ਨਿਰਮਲੇ ਗੁਰ ਕੈ ਸਹਜਿ ਸੁਭਾਇ ॥ | Those who are attuned to the Naam are immaculate and pure; through the Guru, they obtain intuitive peace and poise. |
| ਮਨੁ ਤਨੁ ਰਾਤਾ ਰੰਗ ਸਿਉ ਰਸਨਾ ਰਸਨ ਰਸਾਇ ॥ | Their minds and bodies are dyed in the Color of the Lord's Love, and their tongues savor His Sublime Essence. |
| ਨਾਨਕ ਰੰਗੁ ਨ ਉਤਰੈ ਜੋ ਹਰਿ ਧੁਰਿ ਛੋਡਿਆ ਲਾਇ ॥੪॥੧੪॥੪੭॥ | O Nanak, that Primal Color which the Lord has applied, shall never fade away. ‖4‖14‖47‖ |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ ਬਿਨੁ ਗੁਰ ਭਗਤਿ ਨ ਹੋਈ ॥ | By His Grace one becomes Gurmukh, worshipping the Lord with devotion. Without the Guru there is no devotional worship. |
| ਆਪੈ ਆਪੁ ਮਿਲਾਏ ਬੂਝੈ ਤਾ ਨਿਰਮਲੁ ਹੋਵੈ ਸੋਈ ॥ | Those whom He unites with Himself, understand and become pure. |
| ਹਰਿ ਜੀਉ ਸਾਚਾ ਸਾਚੀ ਬਾਣੀ ਸਬਦਿ ਮਿਲਾਵਾ ਹੋਈ ॥੧॥ | The Dear Lord is True, and True is the Word of His Bani. Through the Shabad, we merge with Him. ‖1‖ |
| ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ ॥ | O Siblings of Destiny: those who lack devotion-why have they even bothered to come into the world? |
| ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ ॥੧॥ ਰਹਾਉ ॥ | They do not serve the Perfect Guru; they waste away their lives in vain. ‖1‖Pause‖ |
| ਆਪੇ ਜਗਜੀਵਨੁ ਸੁਖਦਾਤਾ ਆਪੇ ਬਖਸਿ ਮਿਲਾਏ ॥ | The Lord Himself, the Life of the World, is the Giver of Peace. He Himself forgives, and unites with Himself. |
| ਜੀਅ ਜੰਤ ਏ ਕਿਆ ਵੇਚਾਰੇ ਕਿਆ ਕੋ ਆਖਿ ਸੁਣਾਏ ॥ | So what about all these poor beings and creatures? What can anyone say? |
| ਗੁਰਮੁਖਿ ਆਪੇ ਦੇਇ ਵਡਾਈ ਆਪੇ ਸੇਵ ਕਰਾਏ ॥੨॥ | He Himself blesses the Gurmukh with glory. He Himself enjoins us to His Service. ‖2‖ |
| ਦੇਖਿ ਕੁਟੰਬੁ ਮੋਹਿ ਲੋਭਾਣਾ ਚਲਦਿਆ ਨਾਲਿ ਨ ਜਾਈ ॥ | Gazing upon their families, people are lured and trapped by emotional attachment, but none will go along with them in the end. |

| | |
|---|---|
| ਸਤਗੁਰੁ ਸੇਵਿ ਗੁਣ ਨਿਧਾਨੁ ਪਾਇਆ ਤਿਸ ਦੀ ਕੀਮ ਨ ਪਾਈ ॥ | Serving the True Guru, one finds the Lord, the Treasure of Excellence. His Value cannot be estimated. |
| ਹਰਿ ਪ੍ਰਭੁ ਸਖਾ ਮੀਤੁ ਪ੍ਰਭੁ ਮੇਰਾ ਅੰਤੇ ਹੋਇ ਸਖਾਈ ॥੩॥ | The Lord God is my Friend and Companion. God shall be my Helper and Support in the end. \|\|3\|\| |
| ਆਪਣੈ ਮਨਿ ਚਿਤਿ ਕਹੈ ਕਹਾਏ ਬਿਨੁ ਗੁਰ ਆਪੁ ਨ ਜਾਈ ॥ | Within your conscious mind, you may say anything, but without the Guru, selfishness is not removed. |
| ਹਰਿ ਜੀਉ ਦਾਤਾ ਭਗਤਿ ਵਛਲੁ ਹੈ ਕਰਿ ਕਿਰਪਾ ਮੰਨਿ ਵਸਾਈ ॥ | The Dear Lord is the Giver, the Lover of His devotees. By His Grace, He comes to dwell in the mind. |
| ਨਾਨਕ ਸੋਭਾ ਸੁਰਤਿ ਦੇਇ ਪ੍ਰਭੁ ਆਪੇ ਗੁਰਮੁਖਿ ਦੇ ਵਡਿਆਈ ॥੪॥੧੫॥੪੮॥ | O Nanak, by His Grace, He bestows enlightened awareness; God Himself blesses the Gurmukh with glorious greatness. \|\|4\|\|15\|\|48\|\| |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ॥ ਸਤਗੁਰੁ ਸੇਵਿ ਸੁਖੁ ਪਾਇਆ ਵਿਚਹੁ ਗਇਆ ਗੁਮਾਨੁ ॥ | Blessed is the mother who gave birth; blessed and respected is the father of one who serves the True Guru and finds peace. His arrogant pride is banished from within. |
| ਦਰਿ ਸੇਵਨਿ ਸੰਤ ਜਨ ਖੜੇ ਪਾਇਨਿ ਗੁਣੀ ਨਿਧਾਨੁ ॥੧॥ | Standing at the Lord's Door, the humble Saints serve Him; they find the Treasure of Excellence. \|\|1\|\| |
| ਮੇਰੇ ਮਨ ਗੁਰ ਮੁਖਿ ਧਿਆਇ ਹਰਿ ਸੋਇ ॥ | O my mind, become Gurmukh, and meditate on the Lord. |
| ਗੁਰ ਕਾ ਸਬਦੁ ਮਨਿ ਵਸੈ ਮਨੁ ਤਨੁ ਨਿਰਮਲੁ ਹੋਇ ॥੧॥ ਰਹਾਉ ॥ | The Word of the Guru's Shabad abides within the mind, and the body and mind become pure. \|\|1\|\|Pause\|\| |
| ਕਰਿ ਕਿਰਪਾ ਘਰਿ ਆਇਆ ਆਪੇ ਮਿਲਿਆ ਆਇ ॥ | By His Grace, He has come into my home; He Himself has come to meet me. |
| ਗੁਰ ਸਬਦੀ ਸਾਲਾਹੀਐ ਰੰਗੇ ਸਹਜਿ ਸੁਭਾਇ ॥ | Singing His Praises through the Shabads of the Guru, we are dyed in His Color with intuitive ease. |
| ਸਚੈ ਸਚਿ ਸਮਾਇਆ ਮਿਲਿ ਰਹੈ ਨ ਵਿਛੁੜਿ ਜਾਇ ॥੨॥ | Becoming truthful, we merge with the True One; remaining blended with Him, we shall never be separated again. \|\|2\|\| |
| ਜੋ ਕਿਛੁ ਕਰਣਾ ਸੁ ਕਰਿ ਰਹਿਆ ਅਵਰੁ ਨ ਕਰਣਾ ਜਾਇ ॥ | Whatever is to be done, the Lord is doing. No one else can do anything. |

| | |
|---|---|
| ਚਿਰੀ ਵਿਛੁੰਨੇ ਮੇਲਿਅਨੁ ਸਤਗੁਰ ਪੰਨੈ ਪਾਇ ॥ | Those separated from Him for so long are reunited with Him once again by the True Guru, who takes them into His Own Account. |
| ਆਪੇ ਕਾਰ ਕਰਾਇਸੀ ਅਵਰੁ ਨ ਕਰਣਾ ਜਾਇ ॥੩॥ | He Himself assigns all to their tasks; nothing else can be done. \|\|3\|\| |
| ਮਨੁ ਤਨੁ ਰਤਾ ਰੰਗ ਸਿਉ ਹਉਮੈ ਤਜਿ ਵਿਕਾਰ ॥ | One whose mind and body are imbued with the Lord's Love gives up egotism and corruption. |
| ਅਹਿਨਿਸਿ ਹਿਰਦੈ ਰਵਿ ਰਹੈ ਨਿਰਭਉ ਨਾਮੁ ਨਿਰੰਕਾਰ ॥ | Day and night, the Name of the One Lord, the Fearless and Formless One, dwells within the heart. |
| ਨਾਨਕ ਆਪਿ ਮਿਲਾਇਅਨੁ ਪੂਰੈ ਸਬਦਿ ਅਪਾਰ ॥੪॥੧੬॥੪੯॥ | O Nanak, He blends us with Himself, through the Perfect, Infinite Word of His Shabad. \|\|4\|\|16\|\|49\|\| |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਗੋਵਿਦੁ ਗੁਣੀ ਨਿਧਾਨੁ ਹੈ ਅੰਤੁ ਨ ਪਾਇਆ ਜਾਇ ॥ | The Lord of the Universe is the Treasure of Excellence; His limits cannot be found. |
| ਕਥਨੀ ਬਦਨੀ ਨ ਪਾਈਐ ਹਉਮੈ ਵਿਚਹੁ ਜਾਇ ॥ | He is not obtained by mouthing mere words, but by rooting out ego from within. |
| **੩੩** | 33 |
| ਸਤਗੁਰਿ ਮਿਲਿਐ ਸਦ ਭੈ ਰਚੈ ਆਪਿ ਵਸੈ ਮਨਿ ਆਇ ॥੧॥ | Meeting the True Guru, one is permeated forever with the Fear of God, who Himself comes to dwell within the mind. \|\|1\|\| |
| ਭਾਈ ਰੇ ਗੁਰਮੁਖਿ ਬੂਝੈ ਕੋਇ ॥ | O Siblings of Destiny, one who becomes Gurmukh and understands this is very rare. |
| ਬਿਨੁ ਬੂਝੇ ਕਰਮ ਕਮਾਵਣੇ ਜਨਮੁ ਪਦਾਰਥੁ ਖੋਇ ॥੧॥ ਰਹਾਉ ॥ | To act without understanding is to lose the treasure of this human life. \|\|1\|\|Pause\|\| |
| ਜਿਨੀ ਚਾਖਿਆ ਤਿਨੀ ਸਾਦੁ ਪਾਇਆ ਬਿਨੁ ਚਾਖੇ ਭਰਮਿ ਭੁਲਾਇ ॥ | Those who have tasted it, enjoy its flavor; without tasting it, they wander in doubt, lost and deceived. |
| ਅੰਮ੍ਰਿਤੁ ਸਾਚਾ ਨਾਮੁ ਹੈ ਕਹਣਾ ਕਛੂ ਨ ਜਾਇ ॥ | The True Name is the Ambrosial Nectar; no one can describe it. |
| ਪੀਵਤ ਹੂ ਪਰਵਾਣੁ ਭਇਆ ਪੂਰੈ ਸਬਦਿ ਸਮਾਇ ॥੨॥ | Drinking it in, one becomes honorable, absorbed in the Perfect Word of the Shabad. \|\|2\|\| |

| | |
|---|---|
| ਆਪੇ ਦੇਇ ਤ ਪਾਈਐ ਹੋਰੁ ਕਰਣਾ ਕਿਛੂ ਨ ਜਾਇ ॥ | He Himself gives, and then we receive. Nothing else can be done. |
| ਦੇਵਣ ਵਾਲੇ ਕੈ ਹਥਿ ਦਾਤਿ ਹੈ ਗੁਰੂ ਦੁਆਰੈ ਪਾਇ ॥ | The Gift is in the Hands of the Great Giver. At the Guru's Door, in the Gurdwara, it is received. |
| ਜੇਹਾ ਕੀਤੋਨੁ ਤੇਹਾ ਹੋਆ ਜੇਹੇ ਕਰਮ ਕਮਾਇ ॥੩॥ | Whatever He does, comes to pass. All act according to His Will. ‖3‖ |
| ਜਤੁ ਸਤੁ ਸੰਜਮੁ ਨਾਮੁ ਹੈ ਵਿਣੁ ਨਾਵੈ ਨਿਰਮਲੁ ਨ ਹੋਇ ॥ | The Naam, the Name of the Lord, is abstinence, truthfulness, and self-restraint. Without the Name, no one becomes pure. |
| ਪੂਰੈ ਭਾਗਿ ਨਾਮੁ ਮਨਿ ਵਸੈ ਸਬਦਿ ਮਿਲਾਵਾ ਹੋਇ ॥ | Through perfect good fortune, the Naam comes to abide within the mind. Through the Shabad, we merge into Him. |
| ਨਾਨਕ ਸਹਜੇ ਹੀ ਰੰਗਿ ਵਰਤਦਾ ਹਰਿ ਗੁਣ ਪਾਵੈ ਸੋਇ ॥੪॥੧੭॥੫੦॥ | O Nanak, one who lives in intuitive peace and poise, imbued with the Lord's Love, obtains the Glorious Praises of the Lord. ‖4‖17‖50‖ |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ ॥ | You may torment your body with extremes of self-discipline, practice intensive meditation and hang upside-down, but your ego will not be eliminated from within. |
| ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬ ਹੀ ਪਾਇ ॥ | You may perform religious rituals, and still never obtain the Naam, the Name of the Lord. |
| ਗੁਰ ਕੈ ਸਬਦਿ ਜੀਵਤੁ ਮਰੈ ਹਰਿ ਨਾਮੁ ਵਸੈ ਮਨਿ ਆਇ ॥੧॥ | Through the Word of the Guru's Shabad, remain dead while yet alive, and the Name of the Lord shall come to dwell within the mind. ‖1‖ |
| ਸੁਣਿ ਮਨ ਮੇਰੇ ਭਜੁ ਸਤਗੁਰ ਸਰਣਾ ॥ | Listen, O my mind: hurry to the Protection of the Guru's Sanctuary. |
| ਗੁਰ ਪਰਸਾਦੀ ਛੁਟੀਐ ਬਿਖੁ ਭਵਜਲੁ ਸਬਦਿ ਗੁਰ ਤਰਣਾ ॥੧॥ ਰਹਾਉ ॥ | By Guru's Grace you shall be saved. Through the Word of the Guru's Shabad, you shall cross over the terrifying world-ocean of poison. ‖1‖Pause‖ |
| ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ ॥ | Everything under the influence of the three qualities shall perish; the love of duality is corrupting. |
| ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ ॥ | The Pandits, the religious scholars, read the scriptures, but they are trapped in the bondage of emotional attachment. In love with evil, they do not understand. |

| | |
|---|---|
| ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥੨॥ | Meeting the Guru, the bondage of the three qualities is cut away, and in the fourth state, the Door of Liberation is attained. \|\|2\|\| |
| ਗੁਰ ਤੇ ਮਾਰਗੁ ਪਾਈਐ ਚੂਕੈ ਮੋਹੁ ਗੁਬਾਰੁ ॥ | Through the Guru, the Path is found, and the darkness of emotional attachment is dispelled. |
| ਸਬਦਿ ਮਰੈ ਤਾ ਉਧਰੈ ਪਾਏ ਮੋਖ ਦੁਆਰੁ ॥ | If one dies through the Shabad, then salvation is obtained, and one finds the Door of Liberation. |
| ਗੁਰ ਪਰਸਾਦੀ ਮਿਲਿ ਰਹੈ ਸਚੁ ਨਾਮੁ ਕਰਤਾਰੁ ॥੩॥ | By Guru's Grace, one remains blended with the True Name of the Creator. \|\|3\|\| |
| ਇਹੁ ਮਨੂਆ ਅਤਿ ਸਬਲ ਹੈ ਛਡੇ ਨ ਕਿਤੈ ਉਪਾਇ ॥ | This mind is very powerful; we cannot escape it just by trying. |
| ਦੂਜੈ ਭਾਇ ਦੁਖੁ ਲਾਇਦਾ ਬਹੁਤੀ ਦੇਇ ਸਜਾਇ ॥ | In the love of duality, people suffer in pain, condemned to terrible punishment. |
| ਨਾਨਕ ਨਾਮਿ ਲਗੇ ਸੇ ਉਬਰੇ ਹਉਮੈ ਸਬਦਿ ਗਵਾਇ ॥੪॥੧੮॥੫੧॥ | O Nanak, those who are attached to the Naam are saved; through the Shabad, their ego is banished. \|\|4\|\|18\|\|51\|\| |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਕਿਰਪਾ ਕਰੇ ਗੁਰੁ ਪਾਈਐ ਹਰਿ ਨਾਮੋ ਦੇਇ ਦ੍ਰਿੜਾਇ ॥ | By His Grace, the Guru is found, and the Name of the Lord is implanted within. |
| ਬਿਨੁ ਗੁਰ ਕਿਨੈ ਨ ਪਾਇਓ ਬਿਰਥਾ ਜਨਮੁ ਗਵਾਇ ॥ | Without the Guru, no one has obtained it; they waste away their lives in vain. |
| ਮਨਮੁਖ ਕਰਮ ਕਮਾਵਣੇ ਦਰਗਹ ਮਿਲੈ ਸਜਾਇ ॥੧॥ | The self-willed manmukhs create karma, and in the Court of the Lord, they receive their punishment. \|\|1\|\| |
| ਮਨ ਰੇ ਦੂਜਾ ਭਾਉ ਚੁਕਾਇ ॥ | O mind, give up the love of duality. |
| ਅੰਤਰਿ ਤੇਰੈ ਹਰਿ ਵਸੈ ਗੁਰ ਸੇਵਾ ਸੁਖੁ ਪਾਇ ॥ ਰਹਾਉ ॥ | The Lord dwells within you; serving the Guru, you shall find peace. \|\|Pause\|\| |
| ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ ॥ | When you love the Truth, your words are true; they reflect the True Word of the Shabad. |
| ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ ॥ | The Name of the Lord dwells within the mind; egotism and anger are wiped away. |
| ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ ॥੨॥ | Meditating on the Naam with a pure mind, the Door of Liberation is found. \|\|2\|\| |

| | |
|---|---|
| ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ ॥ | Engrossed in egotism, the world perishes. It dies and is reborn; it continues coming and going in reincarnation. |
| ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ ॥ | The self-willed manmukhs do not recognize the Shabad; they forfeit their honor, and depart in disgrace. |
| ਗੁਰ ਸੇਵਾ ਨਾਉ ਪਾਈਐ ਸਚੇ ਰਹੈ ਸਮਾਇ ॥੩॥ | Serving the Guru, the Name is obtained, and one remains absorbed in the True Lord. \|\|3\|\| |

## ੩੪ / 34

| | |
|---|---|
| ਸਬਦਿ ਮੰਨਿਐ ਗੁਰੁ ਪਾਈਐ ਵਿਚਹੁ ਆਪੁ ਗਵਾਇ ॥ | With faith in the Shabad, the Guru is found, and selfishness is eradicated from within. |
| ਅਨਦਿਨੁ ਭਗਤਿ ਕਰੇ ਸਦਾ ਸਾਚੇ ਕੀ ਲਿਵ ਲਾਇ ॥ | Night and day, worship the True Lord with devotion and love forever. |
| ਨਾਮੁ ਪਦਾਰਥੁ ਮਨਿ ਵਸਿਆ ਨਾਨਕ ਸਹਜਿ ਸਮਾਇ ॥੪॥੧੯॥੫੨॥ | The Treasure of the Naam abides in the mind; O Nanak, in the poise of perfect balance, merge into the Lord. \|\|4\|\|19\|\|52\|\| |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਜਿਨੀ ਪੁਰਖੀ ਸਤਗੁਰੁ ਨ ਸੇਵਿਓ ਸੇ ਦੁਖੀਏ ਜੁਗ ਚਾਰਿ ॥ | Those who do not serve the True Guru shall be miserable throughout the four ages. |
| ਘਰਿ ਹੋਦਾ ਪੁਰਖੁ ਨ ਪਛਾਣਿਆ ਅਭਿਮਾਨਿ ਮੁਠੇ ਅਹੰਕਾਰਿ ॥ | The Primal Being is within their own home, but they do not recognize Him. They are plundered by their egotistical pride and arrogance. |
| ਸਤਗੁਰੂ ਕਿਆ ਫਿਟਕਿਆ ਮੰਗਿ ਥਕੇ ਸੰਸਾਰਿ ॥ | Cursed by the True Guru, they wander around the world begging, until they are exhausted. |
| ਸਚਾ ਸਬਦੁ ਨ ਸੇਵਿਓ ਸਭਿ ਕਾਜ ਸਵਾਰਣਹਾਰੁ ॥੧॥ | They do not serve the True Word of the Shabad, which is the solution to all of their problems. \|\|1\|\| |
| ਮਨ ਮੇਰੇ ਸਦਾ ਹਰਿ ਵੇਖੁ ਹਦੂਰਿ ॥ | O my mind, see the Lord ever close at hand. |
| ਜਨਮ ਮਰਨ ਦੁਖੁ ਪਰਹਰੈ ਸਬਦਿ ਰਹਿਆ ਭਰਪੂਰਿ ॥੧॥ ਰਹਾਉ ॥ | He shall remove the pains of death and rebirth; the Word of the Shabad shall fill you to overflowing. \|\|1\|\|Pause\|\| |
| ਸਚੁ ਸਲਾਹਨਿ ਸੇ ਸਚੇ ਸਚਾ ਨਾਮੁ ਅਧਾਰੁ ॥ | Those who praise the True One are true; the True Name is their Support. |
| ਸਚੀ ਕਾਰ ਕਮਾਵਣੀ ਸਚੇ ਨਾਲਿ ਪਿਆਰੁ ॥ | They act truthfully, in love with the True Lord. |

| | |
|---|---|
| ਸਚਾ ਸਾਹੁ ਵਰਤਦਾ ਕੋਇ ਨ ਮੇਟਣਹਾਰੁ ॥ | The True King has written His Order, which no one can erase. |
| ਮਨਮੁਖ ਮਹਲੁ ਨ ਪਾਇਨੀ ਕੂੜਿ ਮੁਠੇ ਕੂੜਿਆਰ ॥੨॥ | The self-willed manmukhs do not obtain the Mansion of the Lord's Presence. The false are plundered by falsehood. \|\|2\|\| |
| ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ ॥ | Engrossed in egotism, the world perishes. Without the Guru, there is utter darkness. |
| ਮਾਇਆ ਮੋਹਿ ਵਿਸਾਰਿਆ ਸੁਖਦਾਤਾ ਦਾਤਾਰੁ ॥ | In emotional attachment to Maya, they have forgotten the Great Giver, the Giver of Peace. |
| ਸਤਗੁਰੁ ਸੇਵਹਿ ਤਾ ਉਬਰਹਿ ਸਚੁ ਰਖਹਿ ਉਰ ਧਾਰਿ ॥ | Those who serve the True Guru are saved; they keep the True One enshrined in their hearts. |
| ਕਿਰਪਾ ਤੇ ਹਰਿ ਪਾਈਐ ਸਚਿ ਸਬਦਿ ਵੀਚਾਰਿ ॥੩॥ | By His Grace, we find the Lord, and reflect on the True Word of the Shabad. \|\|3\|\| |
| ਸਤਗੁਰੁ ਸੇਵਿ ਮਨੁ ਨਿਰਮਲਾ ਹਉਮੈ ਤਜਿ ਵਿਕਾਰ ॥ | Serving the True Guru, the mind becomes immaculate and pure; egotism and corruption are discarded. |
| ਆਪੁ ਛੋਡਿ ਜੀਵਤ ਮਰੈ ਗੁਰ ਕੈ ਸਬਦਿ ਵੀਚਾਰ ॥ | So abandon your selfishness, and remain dead while yet alive. Contemplate the Word of the Guru's Shabad. |
| ਧੰਧਾ ਧਾਵਤ ਰਹਿ ਗਏ ਲਾਗਾ ਸਾਚਿ ਪਿਆਰੁ ॥ | The pursuit of worldly affairs comes to an end, when you embrace love for the True One. |
| ਸਚਿ ਰਤੇ ਮੁਖ ਉਜਲੇ ਤਿਤੁ ਸਾਚੈ ਦਰਬਾਰਿ ॥੪॥ | Those who are attuned to Truth-their faces are radiant in the Court of the True Lord. \|\|4\|\| |
| ਸਤਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ ॥ | Those who do not have faith in the Primal Being, the True Guru, and who do not enshrine love for the Shabad |
| ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ ॥ | they take their cleansing baths, and give to charity again and again, but they are ultimately consumed by their love of duality. |
| ਹਰਿ ਜੀਉ ਆਪਣੀ ਕ੍ਰਿਪਾ ਕਰੇ ਤਾ ਲਾਗੈ ਨਾਮ ਪਿਆਰੁ ॥ | When the Dear Lord Himself grants His Grace, they are inspired to love the Naam. |
| ਨਾਨਕ ਨਾਮੁ ਸਮਾਲਿ ਤੂ ਗੁਰ ਕੈ ਹੇਤਿ ਅਪਾਰਿ ॥੫॥੨੦॥੫੩॥ | O Nanak, immerse yourself in the Naam, through the Infinite Love of the Guru. \|\|5\|\|20\|\|53\|\| |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ ॥ | Whom shall I serve? What shall I chant? I will go and ask the Guru. |

| | |
|---|---|
| ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ ॥ | I will accept the Will of the True Guru, and eradicate selfishness from within. |
| ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ॥ | By this work and service, the Naam shall come to dwell within my mind. |
| ਨਾਮੈ ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ ॥੧॥ | Through the Naam, peace is obtained; I am adorned and embellished by the True Word of the Shabad. \|\|1\|\| |
| ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ ॥ | O my mind, remain awake and aware night and day, and think of the Lord. |
| ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ॥੧॥ ਰਹਾਉ ॥ | Protect your crops, or else the birds shall descend on your farm. \|\|1\|\|Pause\|\| |
| ਮਨ ਕੀਆ ਇਛਾ ਪੂਰੀਆ ਸਬਦਿ ਰਹਿਆ ਭਰਪੂਰਿ ॥ | The desires of the mind are fulfilled, when one is filled to overflowing with the Shabad. |
| ਭੈ ਭਾਇ ਭਗਤਿ ਕਰਹਿ ਦਿਨੁ ਰਾਤੀ ਹਰਿ ਜੀਉ ਵੇਖੈ ਸਦਾ ਹਦੂਰਿ ॥ | One who fears, loves, and is devoted to the Dear Lord day and night, sees Him always close at hand. |
| ਸਚੈ ਸਬਦਿ ਸਦਾ ਮਨੁ ਰਾਤਾ ਭ੍ਰਮੁ ਗਇਆ ਸਰੀਰਹੁ ਦੂਰਿ ॥ | Doubt runs far away from the bodies of those, whose minds remain forever attuned to the True Word of the Shabad. |
| ਨਿਰਮਲੁ ਸਾਹਿਬੁ ਪਾਇਆ ਸਾਚਾ ਗੁਣੀ ਗਹੀਰੁ ॥੨॥ | The Immaculate Lord and Master is found. He is True; He is the Ocean of Excellence. \|\|2\|\| |
| ਜੋ ਜਾਗੇ ਸੇ ਉਬਰੇ ਸੂਤੇ ਗਏ ਮੁਹਾਇ ॥ | Those who remain awake and aware are saved, while those who sleep are plundered. |
| ਸਚਾ ਸਬਦੁ ਨ ਪਛਾਣਿਓ ਸੁਪਨਾ ਗਇਆ ਵਿਹਾਇ ॥ | They do not recognize the True Word of the Shabad, and like a dream, their lives fade away. |
| ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ ॥ | Like guests in a deserted house, they leave just exactly as they have come. |
| **੩੫** | **35** |
| ਮਨਮੁਖ ਜਨਮੁ ਬਿਰਥਾ ਗਇਆ ਕਿਆ ਮੁਹੁ ਦੇਸੀ ਜਾਇ ॥੩॥ | The life of the self-willed manmukh passes uselessly. What face will he show when he passes beyond? \|\|3\|\| |
| ਸਭ ਕਿਛੁ ਆਪੇ ਆਪਿ ਹੈ ਹਉਮੈ ਵਿਚਿ ਕਹਨੁ ਨ ਜਾਇ ॥ | God Himself is everything; those who are in their ego cannot even speak of this. |

ਗੁਰ ਕੈ ਸਬਦਿ ਪਛਾਣੀਐ ਦੁਖੁ ਹਉਮੈ ਵਿਚਹੁ ਗਵਾਇ ॥

Through the Word of the Guru's Shabad, He is realized, and the pain of egotism is eradicated from within.

ਸਤਗੁਰੁ ਸੇਵਨਿ ਆਪਣਾ ਹਉ ਤਿਨ ਕੈ ਲਾਗਉ ਪਾਇ ॥

I fall at the feet of those who serve their True Guru.

ਨਾਨਕ ਦਰਿ ਸਚੈ ਸਚਿਆਰ ਹਹਿ ਹਉ ਤਿਨ ਬਲਿਹਾਰੈ ਜਾਉ ॥੪॥੨੧॥੫੪॥

O Nanak, I am a sacrifice to those who are found to be true in the True Court. ||4||21||54||

ਸਿਰੀਰਾਗੁ ਮਹਲਾ ੩ ॥

Siree Raag, Third Mehl:

ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥

Consider the time and the moment-when should we worship the Lord?

ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥

Night and day, one who is attuned to the Name of the True Lord is true.

ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥

If someone forgets the Beloved Lord, even for an instant, what sort of devotion is that?

ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ ॥੧॥

One whose mind and body are cooled and soothed by the True Lord-no breath of his is wasted. ||1||

ਮੇਰੇ ਮਨ ਹਰਿ ਕਾ ਨਾਮੁ ਧਿਆਇ ॥

O my mind, meditate on the Name of the Lord.

ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ ॥੧॥ ਰਹਾਉ ॥

True devotional worship is performed when the Lord comes to dwell in the mind. ||1||Pause||

ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ ॥

With intuitive ease, cultivate your farm, and plant the Seed of the True Name.

ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ ॥

The seedlings have sprouted luxuriantly, and with intuitive ease, the mind is satisfied.

ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥

The Word of the Guru's Shabad is Ambrosial Nectar; drinking it in, thirst is quenched.

ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ ॥੨॥

This true mind is attuned to Truth, and it remains permeated with the True One. ||2||

ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ ॥

In speaking, in seeing and in words, remain immersed in the Shabad.

ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ ॥

The Word of the Guru's Bani vibrates throughout the four ages. As Truth, it teaches Truth.

| | |
|---|---|
| ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ ॥ | Egotism and possessiveness are eliminated, and the True One absorbs them into Himself. |
| ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ ॥੩॥ | Those who remain lovingly absorbed in the True One see the Mansion of His Presence close at hand. ‖3‖ |
| ਨਦਰੀ ਨਾਮੁ ਧਿਆਈਐ ਵਿਣੁ ਕਰਮਾ ਪਾਇਆ ਨ ਜਾਇ ॥ | By His Grace, we meditate on the Naam, the Name of the Lord. Without His Mercy, it cannot be obtained. |
| ਪੂਰੈ ਭਾਗਿ ਸਤਸੰਗਤਿ ਲਹੈ ਸਤਗੁਰੁ ਭੇਟੈ ਜਿਸੁ ਆਇ ॥ | Through perfect good destiny, one finds the Sat Sangat, the True Congregation, and one comes to meet the True Guru. |
| ਅਨਦਿਨੁ ਨਾਮੇ ਰਤਿਆ ਦੁਖੁ ਬਿਖਿਆ ਵਿਚਹੁ ਜਾਇ ॥ | Night and day, remain attuned to the Naam, and the pain of corruption shall be dispelled from within. |
| ਨਾਨਕ ਸਬਦਿ ਮਿਲਾਵੜਾ ਨਾਮੇ ਨਾਮਿ ਸਮਾਇ ॥੪॥੨੨॥੫੫॥ | O Nanak, merging with the Shabad through the Name, one is immersed in the Name. ‖4‖22‖55‖ |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਆਪਣਾ ਭਉ ਤਿਨ ਪਾਇਓਨੁ ਜਿਨ ਗੁਰ ਕਾ ਸਬਦੁ ਬੀਚਾਰਿ ॥ | Those who contemplate the Word of the Guru's Shabad are filled with the Fear of God. |
| ਸਤਸੰਗਤੀ ਸਦਾ ਮਿਲਿ ਰਹੇ ਸਚੇ ਕੇ ਗੁਣ ਸਾਰਿ ॥ | They remain forever merged with the Sat Sangat, the True Congregation; they dwell upon the Glories of the True One. |
| ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰ ਧਾਰਿ ॥ | They cast off the filth of their mental duality, and they keep the Lord enshrined in their hearts. |
| ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ ॥੧॥ | True is their speech, and true are their minds. They are in love with the True One. ‖1‖ |
| ਮਨ ਮੇਰੇ ਹਉਮੈ ਮੈਲੁ ਭਰ ਨਾਲਿ ॥ | O my mind, you are filled with the filth of egotism. |
| ਹਰਿ ਨਿਰਮਲੁ ਸਦਾ ਸੋਹਣਾ ਸਬਦਿ ਸਵਾਰਣਹਾਰੁ ॥੧॥ ਰਹਾਉ ॥ | The Immaculate Lord is eternally Beautiful. We are adorned with the Word of the Shabad. ‖1‖Pause‖ |
| ਸਚੈ ਸਬਦਿ ਮਨੁ ਮੋਹਿਆ ਪ੍ਰਭਿ ਆਪੇ ਲਏ ਮਿਲਾਇ ॥ | God joins to Himself those whose minds are fascinated with the True Word of His Shabad. |
| ਅਨਦਿਨੁ ਨਾਮੇ ਰਤਿਆ ਜੋਤੀ ਜੋਤਿ ਸਮਾਇ ॥ | Night and day, they are attuned to the Naam, and their light is absorbed into the Light. |
| ਜੋਤੀ ਹੂ ਪ੍ਰਭੁ ਜਾਪਦਾ ਬਿਨੁ ਸਤਗੁਰ ਬੂਝ ਨ ਪਾਇ ॥ | Through His Light, God is revealed. Without the True Guru, understanding is not obtained. |

| | |
|---|---|
| ਜਿਨ ਕਉ ਪੂਰਬਿ ਲਿਖਿਆ ਸਤਗੁਰੁ ਭੇਟਿਆ ਤਿਨ ਆਇ ॥੨॥ | The True Guru comes to meet those who have such pre-ordained destiny. \|\|2\|\| |
| ਵਿਣੁ ਨਾਵੈ ਸਭ ਡੁਮਣੀ ਦੂਜੈ ਭਾਇ ਖੁਆਇ ॥ | Without the Name, all are miserable. In the love of duality, they are ruined. |
| ਤਿਸੁ ਬਿਨੁ ਘੜੀ ਨ ਜੀਵਦੀ ਦੁਖੀ ਰੈਣਿ ਵਿਹਾਇ ॥ | Without Him, I cannot survive even for an instant, and my life-night passes in anguish. |
| ਭਰਮਿ ਭੁਲਾਣਾ ਅੰਧੁਲਾ ਫਿਰਿ ਫਿਰਿ ਆਵੈ ਜਾਇ ॥ | Wandering in doubt, the spiritually blind come and go in reincarnation, over and over again. |
| ਨਦਰਿ ਕਰੇ ਪ੍ਰਭੁ ਆਪਣੀ ਆਪੇ ਲਏ ਮਿਲਾਇ ॥੩॥ | When God Himself bestows His Glance of Grace, He blends us into Himself. \|\|3\|\| |

## ੩੬ / 36

| | |
|---|---|
| ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ ॥ | He hears and sees everything. How can anyone deny Him? |
| ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਇ ॥ | Those who sin again and again, shall rot and die in sin. |
| ਸੋ ਪ੍ਰਭੁ ਨਦਰਿ ਨ ਆਵਈ ਮਨਮੁਖਿ ਬੂਝ ਨ ਪਾਇ ॥ | God's Glance of Grace does not come to them; those self-willed manmukhs do not obtain understanding. |
| ਜਿਸੁ ਵੇਖਾਲੇ ਸੋਈ ਵੇਖੈ ਨਾਨਕ ਗੁਰਮੁਖਿ ਪਾਇ ॥੪॥੨੩॥੫੬॥ | They alone see the Lord, unto whom He reveals Himself. O Nanak, the Gurmukhs find Him. \|\|4\|\|23\|\|56\|\| |

### ਸ੍ਰੀਰਾਗੁ ਮਹਲਾ ੩ ॥ / Siree Raag, Third Mehl:

| | |
|---|---|
| ਬਿਨੁ ਗੁਰ ਰੋਗੁ ਨ ਤੁਟਈ ਹਉਮੈ ਪੀੜ ਨ ਜਾਇ ॥ | Without the Guru, the disease is not cured, and the pain of egotism is not removed. |
| ਗੁਰ ਪਰਸਾਦੀ ਮਨਿ ਵਸੈ ਨਾਮੇ ਰਹੈ ਸਮਾਇ ॥ | By Guru's Grace, He dwells in the mind, and one remains immersed in His Name. |
| ਗੁਰ ਸਬਦੀ ਹਰਿ ਪਾਈਐ ਬਿਨੁ ਸਬਦੈ ਭਰਮਿ ਭੁਲਾਇ ॥੧॥ | Through the Word of the Guru's Shabad, the Lord is found; without the Shabad, people wander, deceived by doubt. \|\|1\|\| |
| ਮਨ ਰੇ ਨਿਜ ਘਰਿ ਵਾਸਾ ਹੋਇ ॥ | O mind, dwell in the balanced state of your own inner being. |
| ਰਾਮ ਨਾਮੁ ਸਾਲਾਹਿ ਤੂ ਫਿਰਿ ਆਵਣ ਜਾਣੁ ਨ ਹੋਇ ॥੧॥ ਰਹਾਉ ॥ | Praise the Lord's Name, and you shall no longer come and go in reincarnation. \|\|1\|\|Pause\|\| |

| | |
|---|---|
| ਹਰਿ ਇਕੋ ਦਾਤਾ ਵਰਤਦਾ ਦੂਜਾ ਅਵਰੁ ਨ ਕੋਇ ॥ | The One Lord alone is the Giver, pervading everywhere. There is no other at all. |
| ਸਬਦਿ ਸਾਲਾਹੀ ਮਨਿ ਵਸੈ ਸਹਜੇ ਹੀ ਸੁਖੁ ਹੋਇ ॥ | Praise the Word of the Shabad, and He shall come to dwell in your mind; you shall be blessed with intuitive peace and poise. |
| ਸਭ ਨਦਰੀ ਅੰਦਰਿ ਵੇਖਦਾ ਜੈ ਭਾਵੈ ਤੈ ਦੇਇ ॥੨॥ | Everything is within the Lord's Glance of Grace. As He wishes, He gives. \|\|2\|\| |
| ਹਉਮੈ ਸਭਾ ਗਣਤ ਹੈ ਗਣਤੈ ਨਉ ਸੁਖੁ ਨਾਹਿ ॥ | In egotism, all must account for their actions. In this accounting, there is no peace. |
| ਬਿਖੁ ਕੀ ਕਾਰ ਕਮਾਵਣੀ ਬਿਖੁ ਹੀ ਮਾਹਿ ਸਮਾਹਿ ॥ | Acting in evil and corruption, people are immersed in corruption. |
| ਬਿਨੁ ਨਾਵੈ ਠਉਰੁ ਨ ਪਾਇਨੀ ਜਮਪੁਰਿ ਦੂਖ ਸਹਾਹਿ ॥੩॥ | Without the Name, they find no place of rest. In the City of Death, they suffer in agony. \|\|3\|\| |
| ਜੀਉ ਪਿੰਡੁ ਸਭੁ ਤਿਸ ਦਾ ਤਿਸੈ ਦਾ ਆਧਾਰੁ ॥ | Body and soul all belong to Him; He is the Support of all. |
| ਗੁਰ ਪਰਸਾਦੀ ਬੁਝੀਐ ਤਾ ਪਾਏ ਮੋਖ ਦੁਆਰੁ ॥ | By Guru's Grace, understanding comes, and then the Door of Liberation is found. |
| ਨਾਨਕ ਨਾਮੁ ਸਲਾਹਿ ਤੂੰ ਅੰਤੁ ਨ ਪਾਰਾਵਾਰੁ ॥੪॥੨੪॥੫੭॥ | O Nanak, sing the Praises of the Naam, the Name of the Lord; He has no end or limitation. \|\|4\|\|24\|\|57\|\| |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਤਿਨਾ ਅਨੰਦੁ ਸਦਾ ਸੁਖੁ ਹੈ ਜਿਨਾ ਸਚੁ ਨਾਮੁ ਆਧਾਰੁ ॥ | Those who have the Support of the True Name are in ecstasy and peace forever. |
| ਗੁਰ ਸਬਦੀ ਸਚੁ ਪਾਇਆ ਦੂਖ ਨਿਵਾਰਣਹਾਰੁ ॥ | Through the Word of the Guru's Shabad, they obtain the True One, the Destroyer of pain. |
| ਸਦਾ ਸਦਾ ਸਾਚੇ ਗੁਣ ਗਾਵਹਿ ਸਾਚੈ ਨਾਇ ਪਿਆਰੁ ॥ | Forever and ever, they sing the Glorious Praises of the True One; they love the True Name. |
| ਕਿਰਪਾ ਕਰਿ ਕੈ ਆਪਣੀ ਦਿਤੋਨੁ ਭਗਤਿ ਭੰਡਾਰੁ ॥੧॥ | When the Lord Himself grants His Grace, He bestows the treasure of devotion. \|\|1\|\| |
| ਮਨ ਰੇ ਸਦਾ ਅਨੰਦੁ ਗੁਣ ਗਾਇ ॥ | O mind, sing His Glorious Praises, and be in ecstasy forever. |
| ਸਚੀ ਬਾਣੀ ਹਰਿ ਪਾਈਐ ਹਰਿ ਸਿਉ ਰਹੈ ਸਮਾਇ ॥੧॥ ਰਹਾਉ ॥ | Through the True Word of His Bani, the Lord is obtained, and one remains immersed in the Lord. \|\|1\|\|Pause\|\| |

| | |
|---|---|
| ਸਚੀ ਭਗਤੀ ਮਨੁ ਲਾਲੁ ਥੀਆ ਰਤਾ ਸਹਜਿ ਸੁਭਾਇ ॥ | In true devotion, the mind is dyed in the deep crimson color of the Lord's Love, with intuitive peace and poise. |
| ਗੁਰ ਸਬਦੀ ਮਨੁ ਮੋਹਿਆ ਕਹਣਾ ਕਛੂ ਨ ਜਾਇ ॥ | The mind is fascinated by the Word of the Guru's Shabad, which cannot be described. |
| ਜਿਹਵਾ ਰਤੀ ਸਬਦਿ ਸਚੈ ਅੰਮ੍ਰਿਤੁ ਪੀਵੈ ਰਸਿ ਗੁਣ ਗਾਇ ॥ | The tongue imbued with the True Word of the Shabad drinks in the Amrit with delight, singing His Glorious Praises. |
| ਗੁਰਮੁਖਿ ਏਹੁ ਰੰਗੁ ਪਾਈਐ ਜਿਸ ਨੋ ਕਿਰਪਾ ਕਰੇ ਰਜਾਇ ॥੨॥ | The Gurmukh obtains this love, when the Lord, in His Will, grants His Grace. ‖2‖ |
| ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ ॥ | This world is an illusion; people pass their life-nights sleeping. |
| ਇਕਿ ਆਪਣੈ ਭਾਣੈ ਕਢਿ ਲਇਅਨੁ ਆਪੇ ਲਇਓਨੁ ਮਿਲਾਇ ॥ | By the Pleasure of His Will, He lifts some out, and unites them with Himself. |
| ਆਪੇ ਹੀ ਆਪਿ ਮਨਿ ਵਸਿਆ ਮਾਇਆ ਮੋਹੁ ਚੁਕਾਇ ॥ | He Himself abides in the mind, and drives out attachment to Maya. |
| ਆਪਿ ਵਡਾਈ ਦਿਤੀਅਨੁ ਗੁਰਮੁਖਿ ਦੇਇ ਬੁਝਾਇ ॥੩॥ | He Himself bestows glorious greatness; He inspires the Gurmukh to understand. ‖3‖ |
| ਸਭਨਾ ਕਾ ਦਾਤਾ ਏਕੁ ਹੈ ਭੁਲਿਆ ਲਏ ਸਮਝਾਇ ॥ | The One Lord is the Giver of all. He corrects those who make mistakes. |
| ਇਕਿ ਆਪੇ ਆਪਿ ਖੁਆਇਅਨੁ ਦੂਜੈ ਛਡਿਅਨੁ ਲਾਇ ॥ | He Himself has deceived some, and attached them to duality. |
| ਗੁਰਮਤੀ ਹਰਿ ਪਾਈਐ ਜੋਤੀ ਜੋਤਿ ਮਿਲਾਇ ॥ | Through the Guru's Teachings, the Lord is found, and one's light merges into the Light. |
| ਅਨਦਿਨੁ ਨਾਮੇ ਰਤਿਆ ਨਾਨਕ ਨਾਮਿ ਸਮਾਇ ॥੪॥੨੫॥੫੮॥ | Attuned to the Name of the Lord night and day, O Nanak, you shall be absorbed into the Name. ‖4‖25‖58‖ |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥ | The virtuous obtain Truth; they give up their desires for evil and corruption. |
| ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥ | Their minds are imbued with the Word of the Guru's Shabad; the Love of their Beloved is on their tongues. |

## ੩੭ 37

| | |
|---|---|
| ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥ | Without the True Guru, no one has found Him; reflect upon this in your mind and see. |
| ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥ | The filth of the self-willed manmukhs is not washed off; they have no love for the Guru's Shabad. ‖1‖ |
| ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥ | O my mind, walk in harmony with the True Guru. |
| ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥੧॥ ਰਹਾਉ ॥ | Dwell within the home of your own inner being, and drink in the Ambrosial Nectar; you shall attain the Peace of the Mansion of His Presence. ‖1‖Pause‖ |
| ਅਉਗੁਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ ॥ | The unvirtuous have no merit; they are not allowed to sit in His Presence. |
| ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ ॥ | The self-willed manmukhs do not know the Shabad; those without virtue are far removed from God. |
| ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ ॥ | Those who recognize the True One are permeated and attuned to Truth. |
| ਗੁਰ ਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰਿ ॥੨॥ | Their minds are pierced through by the Word of the Guru's Shabad, and God Himself ushers them into His Presence. ‖2‖ |
| ਆਪੇ ਰੰਗਣਿ ਰੰਗਿਓਨੁ ਸਬਦੇ ਲਇਓਨੁ ਮਿਲਾਇ ॥ | He Himself dyes us in the Color of His Love; through the Word of His Shabad, He unites us with Himself. |
| ਸਚਾ ਰੰਗੁ ਨ ਉਤਰੈ ਜੋ ਸਚਿ ਰਤੇ ਲਿਵ ਲਾਇ ॥ | This True Color shall not fade away, for those who are attuned to His Love. |
| ਚਾਰੇ ਕੁੰਡਾ ਭਵਿ ਥਕੇ ਮਨਮੁਖ ਬੂਝ ਨ ਪਾਇ ॥ | The self-willed manmukhs grow weary of wandering around in all four directions, but they do not understand. |
| ਜਿਸੁ ਸਤਿਗੁਰੁ ਮੇਲੇ ਸੋ ਮਿਲੈ ਸਚੈ ਸਬਦਿ ਸਮਾਇ ॥੩॥ | One who is united with the True Guru, meets and merges in the True Word of the Shabad. ‖3‖ |
| ਮਿਤ੍ਰ ਘਣੇਰੇ ਕਰਿ ਥਕੀ ਮੇਰਾ ਦੁਖੁ ਕਾਟੈ ਕੋਇ ॥ | I have grown weary of making so many friends, hoping that someone might be able to end my suffering. |
| ਮਿਲਿ ਪ੍ਰੀਤਮ ਦੁਖੁ ਕਟਿਆ ਸਬਦਿ ਮਿਲਾਵਾ ਹੋਇ ॥ | Meeting with my Beloved, my suffering has ended; I have attained Union with the Word of the Shabad. |
| ਸਚੁ ਖਟਣਾ ਸਚੁ ਰਾਸਿ ਹੈ ਸਚੇ ਸਚੀ ਸੋਇ ॥ | Earning Truth, and accumulating the Wealth of Truth, the truthful person gains a reputation of Truth. |

| | |
|---|---|
| ਸਚਿ ਮਿਲੇ ਸੇ ਨ ਵਿਛੁੜਹਿ ਨਾਨਕ ਗੁਰਮੁਖਿ ਹੋਇ ॥੪॥੨੬॥੫੯॥ | Meeting with the True One, O Nanak, the Gurmukh shall not be separated from Him again. \|\|4\|\|26\|\|59\|\| |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਆਪੇ ਕਾਰਣੁ ਕਰਤਾ ਕਰੇ ਸ੍ਰਿਸਟਿ ਦੇਖੈ ਆਪਿ ਉਪਾਇ ॥ | The Creator Himself created the Creation; He produced the Universe, and He Himself watches over it. |
| ਸਭ ਏਕੋ ਇਕੁ ਵਰਤਦਾ ਅਲਖੁ ਨ ਲਖਿਆ ਜਾਇ ॥ | The One and Only Lord is pervading and permeating all. The Unseen cannot be seen. |
| ਆਪੇ ਪ੍ਰਭੂ ਦਇਆਲੁ ਹੈ ਆਪੇ ਦੇਇ ਬੁਝਾਇ ॥ | God Himself is Merciful; He Himself bestows understanding. |
| ਗੁਰਮਤੀ ਸਦ ਮਨਿ ਵਸਿਆ ਸਚਿ ਰਹੇ ਲਿਵ ਲਾਇ ॥੧॥ | Through the Guru's Teachings, the True One dwells forever in the mind of those who remain lovingly attached to Him. \|\|1\|\| |
| ਮਨ ਮੇਰੇ ਗੁਰ ਕੀ ਮੰਨਿ ਲੈ ਰਜਾਇ ॥ | O my mind, surrender to the Guru's Will. |
| ਮਨੁ ਤਨੁ ਸੀਤਲੁ ਸਭੁ ਥੀਐ ਨਾਮੁ ਵਸੈ ਮਨਿ ਆਇ ॥੧॥ ਰਹਾਉ ॥ | Mind and body are totally cooled and soothed, and the Naam comes to dwell in the mind. \|\|1\|\|Pause\|\| |
| ਜਿਨਿ ਕਰਿ ਕਾਰਣੁ ਧਾਰਿਆ ਸੋਈ ਸਾਰ ਕਰੇਇ ॥ | Having created the creation, He supports it and takes care of it. |
| ਗੁਰ ਕੈ ਸਬਦਿ ਪਛਾਣੀਐ ਜਾ ਆਪੇ ਨਦਰਿ ਕਰੇਇ ॥ | The Word of the Guru's Shabad is realized, when He Himself bestows His Glance of Grace. |
| ਸੇ ਜਨ ਸਬਦੇ ਸੋਹਣੇ ਤਿਤੁ ਸਚੈ ਦਰਬਾਰਿ ॥ | Those who are beautifully adorned with the Shabad in the Court of the True Lord |
| ਗੁਰਮੁਖਿ ਸਚੈ ਸਬਦਿ ਰਤੇ ਆਪਿ ਮੇਲੇ ਕਰਤਾਰਿ ॥੨॥ | -those Gurmukhs are attuned to the True Word of the Shabad; the Creator unites them with Himself. \|\|2\|\| |
| ਗੁਰਮਤੀ ਸਚੁ ਸਲਾਹਣਾ ਜਿਸ ਦਾ ਅੰਤੁ ਨ ਪਾਰਾਵਾਰੁ ॥ | Through the Guru's Teachings, praise the True One, who has no end or limitation. |
| ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ ॥ | He dwells in each and every heart, by the Hukam of His Command; by His Hukam, we contemplate Him. |
| ਗੁਰ ਸਬਦੀ ਸਾਲਾਹੀਐ ਹਉਮੈ ਵਿਚਹੁ ਖੋਇ ॥ | So praise Him through the Word of the Guru's Shabad, and drive out egotism from within. |
| ਸਾ ਧਨ ਨਾਵੈ ਬਾਹਰੀ ਅਵਗਣਵੰਤੀ ਰੋਇ ॥੩॥ | That soul-bride who lacks the Lord's Name acts without virtue, and so she grieves. \|\|3\|\| |

| | |
|---|---|
| ਸਚੁ ਸਲਾਹੀ ਸਚਿ ਲਗਾ ਸਚੈ ਨਾਇ ਤ੍ਰਿਪਤਿ ਹੋਇ ॥ | Praising the True One, attached to the True One, I am satisfied with the True Name. |
| ਗੁਣ ਵੀਚਾਰੀ ਗੁਣ ਸੰਗ੍ਰਹਾ ਅਵਗੁਣ ਕਢਾ ਧੋਇ ॥ | Contemplating His Virtues, I accumulate virtue and merit; I wash myself clean of demerits. |
| ਆਪੇ ਮੇਲਿ ਮਿਲਾਇਦਾ ਫਿਰਿ ਵੇਛੋੜਾ ਨ ਹੋਇ ॥ | He Himself unites us in His Union; there is no more separation. |
| ਨਾਨਕ ਗੁਰੁ ਸਾਲਾਹੀ ਆਪਣਾ ਜਿਦੂ ਪਾਈ ਪ੍ਰਭੁ ਸੋਇ ॥੪॥੨੭॥੬੦॥ | O Nanak, I sing the Praises of my Guru; through Him, I find that God. \|\|4\|\|27\|\|60\|\| |

| | |
|---|---|
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਸੁਣਿ ਸੁਣਿ ਕਾਮ ਗਹੇਲੀਏ ਕਿਆ ਚਲਹਿ ਬਾਹ ਲੁਡਾਇ ॥ | Listen, listen, O soul-bride: you are overtaken by sexual desire-why do you walk like that, swinging your arms in joy? |
| ਆਪਣਾ ਪਿਰੁ ਨ ਪਛਾਣਹੀ ਕਿਆ ਮੁਹੁ ਦੇਸਹਿ ਜਾਇ ॥ | You do not recognize your own Husband Lord! When you go to Him, what face will you show Him? |
| ਜਿਨੀ ਸਖੀ ਕੰਤੁ ਪਛਾਣਿਆ ਹਉ ਤਿਨ ਕੈ ਲਾਗਉ ਪਾਇ ॥ | I touch the feet of my sister soul-brides who have known their Husband Lord. |
| ਤਿਨ ਹੀ ਜੈਸੀ ਥੀ ਰਹਾ ਸਤਸੰਗਤਿ ਮੇਲਿ ਮਿਲਾਇ ॥੧॥ | If only I could be like them! Joining the Sat Sangat, the True Congregation, I am united in His Union. \|\|1\|\| |

| | |
|---|---|
| **੩੮** | 38 |
| ਮੁੰਧੇ ਕੂੜਿ ਮੁਠੀ ਕੂੜਿਆਰਿ ॥ | O woman, the false ones are being cheated by falsehood. |
| ਪਿਰੁ ਪ੍ਰਭੁ ਸਾਚਾ ਸੋਹਣਾ ਪਾਈਐ ਗੁਰ ਬੀਚਾਰਿ ॥੧॥ ਰਹਾਉ ॥ | God is your Husband; He is Handsome and True. He is obtained by reflecting upon the Guru. \|\|1\|\|Pause\|\| |
| ਮਨਮੁਖਿ ਕੰਤੁ ਨ ਪਛਾਣਈ ਤਿਨ ਕਿਉ ਰੈਣਿ ਵਿਹਾਇ ॥ | The self-willed manmukhs do not recognize their Husband Lord; how will they spend their life-night? |
| ਗਰਬਿ ਅਟੀਆ ਤ੍ਰਿਸਨਾ ਜਲਹਿ ਦੁਖੁ ਪਾਵਹਿ ਦੂਜੈ ਭਾਇ ॥ | Filled with arrogance, they burn with desire; they suffer in the pain of the love of duality. |
| ਸਬਦਿ ਰਤੀਆ ਸੋਹਾਗਣੀ ਤਿਨ ਵਿਚਹੁ ਹਉਮੈ ਜਾਇ ॥ | The happy soul-brides are attuned to the Shabad; their egotism is eliminated from within. |
| ਸਦਾ ਪਿਰੁ ਰਾਵਹਿ ਆਪਣਾ ਤਿਨਾ ਸੁਖੇ ਸੁਖਿ ਵਿਹਾਇ ॥੨॥ | They enjoy their Husband Lord forever, and their life-night passes in the most blissful peace. \|\|2\|\| |

| | |
|---|---|
| ਗਿਆਨ ਵਿਹੂਣੀ ਪਿਰ ਮੁਤੀਆ ਪਿਰਮੁ ਨ ਪਾਇਆ ਜਾਇ ॥ | She is utterly lacking in spiritual wisdom; she is abandoned by her Husband Lord. She cannot obtain His Love. |
| ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ ਭੁਖ ਨ ਜਾਇ ॥ | In the darkness of intellectual ignorance, she cannot see her Husband, and her hunger does not depart. |
| ਆਵਹੁ ਮਿਲਹੁ ਸਹੇਲੀਹੋ ਮੈ ਪਿਰੁ ਦੇਹੁ ਮਿਲਾਇ ॥ | Come and meet with me, my sister soul-brides, and unite me with my Husband. |
| ਪੂਰੈ ਭਾਗਿ ਸਤਿਗੁਰੁ ਮਿਲੈ ਪਿਰੁ ਪਾਇਆ ਸਚਿ ਸਮਾਇ ॥੩॥ | She who meets the True Guru, by perfect good fortune, finds her Husband; she is absorbed in the True One. \|\|3\|\| |
| ਸੇ ਸਹੀਆ ਸੋਹਾਗਣੀ ਜਿਨ ਕਉ ਨਦਰਿ ਕਰੇਇ ॥ | Those upon whom He casts His Glance of Grace become His happy soul-brides. |
| ਖਸਮੁ ਪਛਾਣਹਿ ਆਪਣਾ ਤਨੁ ਮਨੁ ਆਗੈ ਦੇਇ ॥ | One who recognizes her Lord and Master places her body and mind in offering before Him. |
| ਘਰਿ ਵਰੁ ਪਾਇਆ ਆਪਣਾ ਹਉਮੈ ਦੂਰਿ ਕਰੇਇ ॥ | Within her own home, she finds her Husband Lord; her egotism is dispelled. |
| ਨਾਨਕ ਸੋਭਾਵੰਤੀਆ ਸੋਹਾਗਣੀ ਅਨਦਿਨੁ ਭਗਤਿ ਕਰੇਇ ॥੪॥੨੮॥੬੧॥ | O Nanak, the happy soul-brides are embellished and exalted; night and day they are absorbed in devotional worship. \|\|4\|\|28\|\|61\|\| |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਇਕਿ ਪਿਰੁ ਰਾਵਹਿ ਆਪਣਾ ਹਉ ਕੈ ਦਰਿ ਪੂਛਉ ਜਾਇ ॥ | Some enjoy their Husband Lord; unto whose door should I go to ask for Him? |
| ਸਤਿਗੁਰੁ ਸੇਵੀ ਭਾਉ ਕਰਿ ਮੈ ਪਿਰੁ ਦੇਹੁ ਮਿਲਾਇ ॥ | I serve my True Guru with love, that He may lead me to Union with my Husband Lord. |
| ਸਭੁ ਉਪਾਏ ਆਪੇ ਵੇਖੈ ਕਿਸੁ ਨੇੜੈ ਕਿਸੁ ਦੂਰਿ ॥ | He created all, and He Himself watches over us. Some are close to Him, and some are far away. |
| ਜਿਨਿ ਪਿਰੁ ਸੰਗੇ ਜਾਣਿਆ ਪਿਰੁ ਰਾਵੇ ਸਦਾ ਹਦੂਰਿ ॥੧॥ | She who knows her Husband Lord to be always with her, enjoys His Constant Presence. \|\|1\|\| |
| ਮੁੰਧੇ ਤੂ ਚਲੁ ਗੁਰ ਕੈ ਭਾਇ ॥ | O woman, you must walk in harmony with the Guru’s Will. |
| ਅਨਦਿਨੁ ਰਾਵਹਿ ਪਿਰੁ ਆਪਣਾ ਸਹਜੇ ਸਚਿ ਸਮਾਇ ॥੧॥ ਰਹਾਉ ॥ | Night and day, you shall enjoy your Husband, and you shall intuitively merge into the True One. \|\|1\|\|Pause\|\| |

| | |
|---|---|
| ਸਬਦਿ ਰਤੀਆ ਸੋਹਾਗਣੀ ਸਚੈ ਸਬਦਿ ਸੀਗਾਰਿ ॥ | Attuned to the Shabad, the happy soul-brides are adorned with the True Word of the Shabad. |
| ਹਰਿ ਵਰੁ ਪਾਇਨਿ ਘਰਿ ਆਪਣੈ ਗੁਰ ਕੈ ਹੇਤਿ ਪਿਆਰਿ ॥ | Within their own home, they obtain the Lord as their Husband, with love for the Guru. |
| ਸੇਜ ਸੁਹਾਵੀ ਹਰਿ ਰੰਗਿ ਰਵੈ ਭਗਤਿ ਭਰੇ ਭੰਡਾਰ ॥ | Upon her beautiful and cozy bed, she enjoys the Love of her Lord. She is overflowing with the treasure of devotion. |
| ਸੋ ਪ੍ਰਭੁ ਪ੍ਰੀਤਮੁ ਮਨਿ ਵਸੈ ਜਿ ਸਭਸੈ ਦੇਇ ਅਧਾਰੁ ॥੨॥ | That Beloved God abides in her mind; He gives His Support to all. \|\|2\|\| |
| ਪਿਰੁ ਸਾਲਾਹਨਿ ਆਪਣਾ ਤਿਨ ਕੈ ਹਉ ਸਦ ਬਲਿਹਾਰੈ ਜਾਉ ॥ | I am forever a sacrifice to those who praise their Husband Lord. |
| ਮਨੁ ਤਨੁ ਅਰਪੀ ਸਿਰੁ ਦੇਈ ਤਿਨ ਕੈ ਲਾਗਾ ਪਾਇ ॥ | I dedicate my mind and body to them, and give my head as well; I fall at their feet. |
| ਜਿਨੀ ਇਕੁ ਪਛਾਣਿਆ ਦੂਜਾ ਭਾਉ ਚੁਕਾਇ ॥ | Those who recognize the One renounce the love of duality. |
| ਗੁਰਮੁਖਿ ਨਾਮੁ ਪਛਾਣੀਐ ਨਾਨਕ ਸਚਿ ਸਮਾਇ ॥੩॥੨੯॥੬੨॥ | The Gurmukh recognizes the Naam, O Nanak, and is absorbed into the True One. \|\|3\|\|29\|\|62\|\| |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਹਰਿ ਜੀ ਸਚਾ ਸਚੁ ਤੂ ਸਭੁ ਕਿਛੁ ਤੇਰੈ ਚੀਰੈ ॥ | O Dear Lord, You are the Truest of the True. All things are in Your Power. |
| ਲਖ ਚਉਰਾਸੀਹ ਤਰਸਦੇ ਫਿਰੇ ਬਿਨੁ ਗੁਰ ਭੇਟੇ ਪੀਰੈ ॥ | The 8.4 million species of beings wander around searching for You, but without the Guru, they do not find You. |
| ਹਰਿ ਜੀਉ ਬਖਸੇ ਬਖਸਿ ਲਏ ਸੂਖ ਸਦਾ ਸਰੀਰੈ ॥ | When the Dear Lord grants His Forgiveness, this human body finds lasting peace. |
| ਗੁਰ ਪਰਸਾਦੀ ਸੇਵ ਕਰੀ ਸਚੁ ਗਹਿਰ ਗੰਭੀਰੈ ॥੧॥ | By Guru's Grace, I serve the True One, who is Immeasurably Deep and Profound. \|\|1\|\| |
| ਮਨ ਮੇਰੇ ਨਾਮਿ ਰਤੇ ਸੁਖੁ ਹੋਇ ॥ | O my mind, attuned to the Naam, you shall find peace. |
| ਗੁਰਮਤੀ ਨਾਮੁ ਸਲਾਹੀਐ ਦੂਜਾ ਅਵਰੁ ਨ ਕੋਇ ॥੧॥ ਰਹਾਉ ॥ | Follow the Guru's Teachings, and praise the Naam; there is no other at all. \|\|1\|\|Pause\|\| |
| ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥ | The Righteous Judge of Dharma, by the Hukam of God's Command, sits and administers True Justice. |

| | |
|---|---|
| ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥ | Those evil souls, ensnared by the love of duality, are subject to Your Command. |
| ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ ॥ | The souls on their spiritual journey chant and meditate within their minds on the One Lord, the Treasure of Excellence. |
| **੩੯** | **39** |
| ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ ॥੨॥ | The Righteous Judge of Dharma serves them; blessed is the Lord who adorns them. \|\|2\|\| |
| ਮਨ ਕੇ ਬਿਕਾਰ ਮਨਹਿ ਤਜੈ ਮਨਿ ਚੂਕੈ ਮੋਹੁ ਅਭਿਮਾਨੁ ॥ | One who eliminates mental wickedness from within the mind, and casts out emotional attachment and egotistical pride, |
| ਆਤਮ ਰਾਮੁ ਪਛਾਣਿਆ ਸਹਜੇ ਨਾਮਿ ਸਮਾਨੁ ॥ | comes to recognize the All-pervading Soul, and is intuitively absorbed into the Naam. |
| ਬਿਨੁ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ ਫਿਰੈ ਦਿਵਾਨੁ ॥ | Without the True Guru, the self-willed manmukhs do not find liberation; they wander around like lunatics. |
| ਸਬਦੁ ਨ ਚੀਨੈ ਕਥਨੀ ਬਦਨੀ ਕਰੇ ਬਿਖਿਆ ਮਾਹਿ ਸਮਾਨੁ ॥੩॥ | They do not contemplate the Shabad; engrossed in corruption, they utter only empty words. \|\|3\|\| |
| ਸਭੁ ਕਿਛੁ ਆਪੇ ਆਪਿ ਹੈ ਦੂਜਾ ਅਵਰੁ ਨ ਕੋਇ ॥ | He Himself is everything; there is no other at all. |
| ਜਿਉ ਬੋਲਾਏ ਤਿਉ ਬੋਲੀਐ ਜਾ ਆਪਿ ਬੁਲਾਏ ਸੋਇ ॥ | I speak just as He makes me speak, when He Himself makes me speak. |
| ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ ॥ | The Word of the Gurmukh is God Himself. Through the Shabad, we merge in Him. |
| ਨਾਨਕ ਨਾਮੁ ਸਮਾਲਿ ਤੂ ਜਿਤੁ ਸੇਵਿਐ ਸੁਖੁ ਹੋਇ ॥੪॥੩੦॥੬੩॥ | O Nanak, remember the Naam; serving Him, peace is obtained. \|\|4\|\|30\|\|63\|\| |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥ | The world is polluted with the filth of egotism, suffering in pain. This filth sticks to them because of their love of duality. |
| ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ | This filth of egotism cannot be washed away, even by taking cleansing baths at hundreds of sacred shrines. |

| | |
|---|---|
| ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥ | Performing all sorts of rituals, people are smeared with twice as much filth. |
| ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ | This filth is not removed by studying. Go ahead, and ask the wise ones. \|\|1\|\| |
| ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥ | O my mind, coming to the Sanctuary of the Guru, you shall become immaculate and pure. |
| ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥ | The self-willed manmukhs have grown weary of chanting the Name of the Lord, Har, Har, but their filth cannot be removed. \|\|1\|\|Pause\|\| |
| ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ | With a polluted mind, devotional service cannot be performed, and the Naam, the Name of the Lord, cannot be obtained. |
| ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥ | The filthy, self-willed manmukhs die in filth, and they depart in disgrace. |
| ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥ | By Guru's Grace, the Lord comes to abide in the mind, and the filth of egotism is dispelled. |
| ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥ | Like a lamp lit in the darkness, the spiritual wisdom of the Guru dispels ignorance. \|\|2\|\| |
| ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ | "I have done this, and I will do that"-I am an idiotic fool for saying this! |
| ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥ | I have forgotten the Doer of all; I am caught in the love of duality. |
| ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ | There is no pain as great as the pain of Maya; it drives people to wander all around the world, until they become exhausted. |
| ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥ | Through the Guru's Teachings, peace is found, with the True Name enshrined in the heart. \|\|3\|\| |
| ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ | I am a sacrifice to those who meet and merge with the Lord. |
| ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥ | This mind is attuned to devotional worship; through the True Word of Gurbani, it finds its own home. |

ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥

With the mind so imbued, and the tongue imbued as well, sing the Glorious Praises of the True Lord.

ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥

O Nanak, never forget the Naam; immerse yourself in the True One. ||4||31||64||

ਸਿਰੀਰਾਗੁ ਮਹਲਾ ੪ ਘਰੁ ੧ ॥

Siree Raag, Fourth Mehl, First House:

ਮੈ ਮਨਿ ਤਨਿ ਬਿਰਹੁ ਅਤਿ ਅਗਲਾ ਕਿਉ ਪ੍ਰੀਤਮੁ ਮਿਲੈ ਘਰਿ ਆਇ ॥

Within my mind and body is the intense pain of separation; how can my Beloved come to meet me in my home?

ਜਾ ਦੇਖਾ ਪ੍ਰਭੁ ਆਪਣਾ ਪ੍ਰਭਿ ਦੇਖਿਐ ਦੁਖੁ ਜਾਇ ॥

When I see my God, seeing God Himself, my pain is taken away.

ਜਾਇ ਪੁਛਾ ਤਿਨ ਸਜਣਾ ਪ੍ਰਭੁ ਕਿਤੁ ਬਿਧਿ ਮਿਲੈ ਮਿਲਾਇ ॥੧॥

I go and ask my friends, "How can I meet and merge with God?"||1||

ਮੇਰੇ ਸਤਿਗੁਰਾ ਮੈ ਤੁਝ ਬਿਨੁ ਅਵਰੁ ਨ ਕੋਇ ॥

O my True Guru, without You I have no other at all.

ਹਮ ਮੂਰਖ ਮੁਗਧ ਸਰਣਾਗਤੀ ਕਰਿ ਕਿਰਪਾ ਮੇਲੇ ਹਰਿ ਸੋਇ ॥੧॥ ਰਹਾਉ ॥

I am foolish and ignorant; I seek Your Sanctuary. Please be Merciful and unite me with the Lord. ||1||Pause||

ਸਤਿਗੁਰੁ ਦਾਤਾ ਹਰਿ ਨਾਮ ਕਾ ਪ੍ਰਭੁ ਆਪਿ ਮਿਲਾਵੈ ਸੋਇ ॥

The True Guru is the Giver of the Name of the Lord. God Himself causes us to meet Him.

ਸਤਿਗੁਰਿ ਹਰਿ ਪ੍ਰਭੁ ਬੁਝਿਆ ਗੁਰ ਜੇਵਡੁ ਅਵਰੁ ਨ ਕੋਇ ॥

The True Guru understands the Lord God. There is no other as Great as the Guru.

ਹਉ ਗੁਰ ਸਰਣਾਈ ਢਹਿ ਪਵਾ ਕਰਿ ਦਇਆ ਮੇਲੇ ਪ੍ਰਭੁ ਸੋਇ ॥੨॥

I have come and collapsed in the Guru's Sanctuary. In His Kindness, He has united me with God. ||2||

ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ ॥

No one has found Him by stubborn-mindedness. All have grown weary of the effort.

੪੦

40

ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗੁ ਨ ਹੋਇ ॥

Thousands of clever mental tricks have been tried, but still, the raw and undisciplined mind does not absorb the Color of the Lord's Love.

ਕੂੜਿ ਕਪਟਿ ਕਿਨੈ ਨ ਪਾਇਓ ਜੋ ਬੀਜੈ ਖਾਵੈ ਸੋਇ ॥੩॥

By falsehood and deception, none have found Him. Whatever you plant, you shall eat. ||3||

ਸਭਨਾ ਤੇਰੀ ਆਸ ਪ੍ਰਭੁ ਸਭ ਜੀਅ ਤੇਰੇ ਤੂੰ ਰਾਸਿ ॥

O God, You are the Hope of all. All beings are Yours; You are the Wealth of all.

| | |
|---|---|
| ਪ੍ਰਭ ਤੁਧਹੁ ਖਾਲੀ ਕੋ ਨਹੀ ਦਰਿ ਗੁਰਮੁਖਾ ਨੋ ਸਾਬਾਸਿ ॥ | O God, none return from You empty-handed; at Your Door, the Gurmukhs are praised and acclaimed. |
| ਬਿਖੁ ਭਉਜਲ ਡੁਬਦੇ ਕਢਿ ਲੈ ਜਨ ਨਾਨਕ ਕੀ ਅਰਦਾਸਿ ॥੪॥੧॥੬੫॥ | In the terrifying world-ocean of poison, people are drowning-please lift them up and save them! This is servant Nanak's humble prayer. \|\|4\|\|1\|\|65\|\| |
| ਸਿਰੀਰਾਗੁ ਮਹਲਾ ੪ ॥ | Siree Raag, Fourth Mehl: |
| ਨਾਮੁ ਮਿਲੈ ਮਨੁ ਤ੍ਰਿਪਤੀਐ ਬਿਨੁ ਨਾਮੈ ਧ੍ਰਿਗੁ ਜੀਵਾਸੁ ॥ | Receiving the Naam, the mind is satisfied; without the Naam, life is cursed. |
| ਕੋਈ ਗੁਰਮੁਖਿ ਸਜਣੁ ਜੇ ਮਿਲੈ ਮੈ ਦਸੇ ਪ੍ਰਭੁ ਗੁਣਤਾਸੁ ॥ | If I meet the Gurmukh, my Spiritual Friend, he will show me God, the Treasure of Excellence. |
| ਹਉ ਤਿਸੁ ਵਿਟਹੁ ਚਉ ਖੰਨੀਐ ਮੈ ਨਾਮ ਕਰੇ ਪਰਗਾਸੁ ॥੧॥ | I am every bit a sacrifice to one who reveals to me the Naam. \|\|1\|\| |
| ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ ॥ | O my Beloved, I live by meditating on Your Name. |
| ਬਿਨੁ ਨਾਵੈ ਜੀਵਣੁ ਨਾ ਥੀਐ ਮੇਰੇ ਸਤਿਗੁਰ ਨਾਮੁ ਦ੍ਰਿੜਾਇ ॥੧॥ ਰਹਾਉ ॥ | Without Your Name, my life does not even exist. My True Guru has implanted the Naam within me. \|\|1\|\|Pause\|\| |
| ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥ | The Naam is a Priceless Jewel; it is with the Perfect True Guru. |
| ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥ | When one is enjoined to serve the True Guru, He brings out this Jewel and bestows this enlightenment. |
| ਧੰਨੁ ਵਡਭਾਗੀ ਵਡ ਭਾਗੀਆ ਜੋ ਆਇ ਮਿਲੇ ਗੁਰ ਪਾਸਿ ॥੨॥ | Blessed, and most fortunate of the very fortunate, are those who come to meet the Guru. \|\|2\|\| |
| ਜਿਨਾ ਸਤਿਗੁਰੁ ਪੁਰਖੁ ਨ ਭੇਟਿਓ ਸੇ ਭਾਗਹੀਣ ਵਸਿ ਕਾਲ ॥ | Those who have not met the Primal Being, the True Guru, are most unfortunate, and are subject to death. |
| ਓਇ ਫਿਰਿ ਫਿਰਿ ਜੋਨਿ ਭਵਾਈਅਹਿ ਵਿਚਿ ਵਿਸਟਾ ਕਰਿ ਵਿਕਰਾਲ ॥ | They wander in reincarnation over and over again, as the most disgusting maggots in manure. |
| ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ ॥੩॥ | Do not meet with, or even approach those people, whose hearts are filled with horrible anger. \|\|3\|\| |

| | |
|---|---|
| ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ ॥ | The True Guru, the Primal Being, is the Pool of Ambrosial Nectar. The very fortunate ones come to bathe in it. |
| ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ ॥ | The filth of many incarnations is washed away, and the Immaculate Naam is implanted within. |
| ਜਨ ਨਾਨਕ ਉਤਮ ਪਦੁ ਪਾਇਆ ਸਤਿਗੁਰ ਕੀ ਲਿਵ ਲਾਇ ॥੪॥੨॥੬੬॥ | Servant Nanak has obtained the most exalted state, lovingly attuned to the True Guru. ‖4‖2‖66‖ |
| ਸਿਰੀਰਾਗੁ ਮਹਲਾ ੪ ॥ | Siree Raag, Fourth Mehl: |
| ਗੁਣ ਗਾਵਾ ਗੁਣ ਵਿਥਰਾ ਗੁਣ ਬੋਲੀ ਮੇਰੀ ਮਾਇ ॥ | I sing His Glories, I describe His Glories, I speak of His Glories, O my mother. |
| ਗੁਰਮੁਖਿ ਸਜਣੁ ਗੁਣਕਾਰੀਆ ਮਿਲਿ ਸਜਣ ਹਰਿ ਗੁਣ ਗਾਇ ॥ | The Gurmukhs, my spiritual friends, bestow virtue. Meeting with my spiritual friends, I sing the Glorious Praises of the Lord. |
| ਹੀਰੈ ਹੀਰੁ ਮਿਲਿ ਬੇਧਿਆ ਰੰਗਿ ਚਲੂਲੈ ਨਾਇ ॥੧॥ | The Diamond of the Guru has pierced the diamond of my mind, which is now dyed in the deep crimson color of the Name. ‖1‖ |
| ਮੇਰੇ ਗੋਵਿੰਦਾ ਗੁਣ ਗਾਵਾ ਤ੍ਰਿਪਤਿ ਮਨਿ ਹੋਇ ॥ | O my Lord of the Universe, singing Your Glorious Praises, my mind is satisfied. |
| ਅੰਤਰਿ ਪਿਆਸ ਹਰਿ ਨਾਮ ਕੀ ਗੁਰੁ ਤੁਸਿ ਮਿਲਾਵੈ ਸੋਇ ॥੧॥ ਰਹਾਉ ॥ | Within me is the thirst for the Lord's Name; may the Guru, in His Pleasure, grant it to me. ‖1‖Pause‖ |
| ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ ॥ | Let your minds be imbued with His Love, O blessed and fortunate ones. By His Pleasure, the Guru bestows His Gifts. |
| ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ ॥ | The Guru has lovingly implanted the Naam, the Name of the Lord, within me; I am a sacrifice to the True Guru. |
| ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ ॥੨॥ | Without the True Guru, the Name of the Lord is not found, even though people may perform hundreds of thousands, even millions of rituals. ‖2‖ |
| ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥ | Without destiny, the True Guru is not found, even though He sits within the home of our own inner being, always near and close at hand. |
| ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥ | There is ignorance within, and the pain of doubt, like a separating screen. |

| | |
|---|---|
| ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥ | Without meeting with the True Guru, no one is transformed into gold. The self-willed manmukh sinks like iron, while the boat is very close. \|\|3\|\| |
| ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥ | The Boat of the True Guru is the Name of the Lord. How can we climb on board? |
| ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥ | One who walks in harmony with the True Guru's Will comes to sit in this Boat. |
| ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ ॥੪॥੩॥੬੭॥ | Blessed, blessed are those very fortunate ones, O Nanak, who are united with the Lord through the True Guru. \|\|4\|\|3\|\|67\|\| |

| ੪੧ | 41 |
|---|---|
| ਸਿਰੀਰਾਗੁ ਮਹਲਾ ੪ ॥ | Siree Raag, Fourth Mehl: |
| ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ ॥ | I stand by the wayside and ask the Way. If only someone would show me the Way to God-I would go with him. |
| ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪੀਛੈ ਲਾਗਿ ਫਿਰਾਉ ॥ | I follow in the footsteps of those who enjoy the Love of my Beloved. |
| ਕਰਿ ਮਿੰਨਤਿ ਕਰਿ ਜੋਦੜੀ ਮੈ ਪ੍ਰਭੁ ਮਿਲਣੈ ਕਾ ਚਾਉ ॥੧॥ | I beg of them, I implore them; I have such a yearning to meet God! \|\|1\|\| |
| ਮੇਰੇ ਭਾਈ ਜਨਾ ਕੋਈ ਮੋ ਕਉ ਹਰਿ ਪ੍ਰਭੁ ਮੇਲਿ ਮਿਲਾਇ ॥ | O my Siblings of Destiny, please unite me in Union with my Lord God. |
| ਹਉ ਸਤਿਗੁਰ ਵਿਟਹੁ ਵਾਰਿਆ ਜਿਨਿ ਹਰਿ ਪ੍ਰਭੁ ਦੀਆ ਦਿਖਾਇ ॥੧॥ ਰਹਾਉ ॥ | I am a sacrifice to the True Guru, who has shown me the Lord God. \|\|1\|\|Pause\|\| |
| ਹੋਇ ਨਿਮਾਣੀ ਢਹਿ ਪਵਾ ਪੂਰੇ ਸਤਿਗੁਰ ਪਾਸਿ ॥ | In deep humility, I fall at the Feet of the Perfect True Guru. |
| ਨਿਮਾਣਿਆ ਗੁਰੁ ਮਾਣੁ ਹੈ ਗੁਰੁ ਸਤਿਗੁਰੁ ਕਰੇ ਸਾਬਾਸਿ ॥ | The Guru is the Honor of the dishonored. The Guru, the True Guru, brings approval and applause. |
| ਹਉ ਗੁਰੁ ਸਾਲਾਹਿ ਨ ਰਜਊ ਮੈ ਮੇਲੇ ਹਰਿ ਪ੍ਰਭੁ ਪਾਸਿ ॥੨॥ | I am never tired of praising the Guru, who unites me with the Lord God. \|\|2\|\| |
| ਸਤਿਗੁਰ ਨੋ ਸਭ ਕੋ ਲੋਚਦਾ ਜੇਤਾ ਜਗਤੁ ਸਭੁ ਕੋਇ ॥ | Everyone, all over the world, longs for the True Guru. |

| | |
|---|---|
| ਬਿਨੁ ਭਾਗਾ ਦਰਸਨੁ ਨਾ ਥੀਐ ਭਾਗਹੀਣ ਬਹਿ ਰੋਇ ॥ | Without the good fortune of destiny, the Blessed Vision of His Darshan is not obtained. The unfortunate ones just sit and cry. |
| ਜੋ ਹਰਿ ਪ੍ਰਭ ਭਾਣਾ ਸੋ ਥੀਆ ਧੁਰਿ ਲਿਖਿਆ ਨ ਮੇਟੈ ਕੋਇ ॥੩॥ | All things happen according to the Will of the Lord God. No one can erase the pre-ordained Writ of Destiny. \|\|3\|\| |
| ਆਪੇ ਸਤਿਗੁਰੁ ਆਪਿ ਹਰਿ ਆਪੇ ਮੇਲਿ ਮਿਲਾਇ ॥ | He Himself is the True Guru; He Himself is the Lord. He Himself unites in His Union. |
| ਆਪਿ ਦਇਆ ਕਰਿ ਮੇਲਸੀ ਗੁਰ ਸਤਿਗੁਰ ਪੀਛੈ ਪਾਇ ॥ | In His Kindness, He unites us with Himself, as we follow the Guru, the True Guru. |
| ਸਭੁ ਜਗਜੀਵਨੁ ਜਗਿ ਆਪਿ ਹੈ ਨਾਨਕ ਜਲੁ ਜਲਹਿ ਸਮਾਇ ॥੪॥੪॥੬੮॥ | Over all the world, He is the Life of the World, O Nanak, like water mingled with water. \|\|4\|\|4\|\|68\|\| |
| ਸਿਰੀਰਾਗੁ ਮਹਲਾ ੪ ॥ | Siree Raag, Fourth Mehl: |
| ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ ਕਿਤੁ ਬਿਧਿ ਮਿਲੈ ਰਸੁ ਖਾਇ ॥ | The Essence of the Ambrosial Naam is the most sublime essence; how can I get to taste this essence? |
| ਜਾਇ ਪੁਛਹੁ ਸੋਹਾਗਣੀ ਤੁਸਾ ਕਿਉ ਕਰਿ ਮਿਲਿਆ ਪ੍ਰਭੁ ਆਇ ॥ | I go and ask the happy soul-brides, "How did you come to meet God?" |
| ਓਇ ਵੇਪਰਵਾਹ ਨ ਬੋਲਨੀ ਹਉ ਮਲਿ ਮਲਿ ਧੋਵਾ ਤਿਨ ਪਾਇ ॥੧॥ | They are care-free and do not speak; I massage and wash their feet. \|\|1\|\| |
| ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ ॥ | O Siblings of Destiny, meet with your spiritual friend, and dwell upon the Glorious Praises of the Lord. |
| ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ ॥੧॥ ਰਹਾਉ ॥ | The True Guru, the Primal Being, is your Friend, who shall drive out pain and subdue your ego. \|\|1\|\|Pause\|\| |
| ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥ | The Gurmukhs are the happy soul-brides; their minds are filled with kindness. |
| ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥ | The Word of the True Guru is the Jewel. One who believes in it tastes the Sublime Essence of the Lord. |
| ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥ | Those who partake of the Lord's Sublime Essence, through the Guru's Love, are known as great and very fortunate. \|\|2\|\| |
| ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥ | This Sublime Essence of the Lord is in the forests, in the fields and everywhere, but the unfortunate ones do not taste it. |

ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥

Without the True Guru, it is not obtained. The self-willed manmukhs continue to cry in misery.

ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥

They do not bow before the True Guru; the demon of anger is within them. ||3||

ਹਰਿ ਹਰਿ ਹਰਿ ਰਸੁ ਆਪਿ ਹੈ ਆਪੇ ਹਰਿ ਰਸੁ ਹੋਇ ॥

The Lord Himself, Har, Har, Har, is the Sublime Essence. The Lord Himself is the Essence.

ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ ॥

In His Kindness, He blesses the Gurmukh with it; the Ambrosial Nectar of this Amrit trickles down.

ਸਭੁ ਤਨੁ ਮਨੁ ਹਰਿਆ ਹੋਇਆ ਨਾਨਕ ਹਰਿ ਵਸਿਆ ਮਨਿ ਸੋਇ ॥੪॥੫॥੬੯॥

Then, the body and mind totally blossom forth and flourish; O Nanak, the Lord comes to dwell within the mind. ||4||5||69||

ਸਿਰੀਰਾਗੁ ਮਹਲਾ ੪ ॥

Siree Raag, Fourth Mehl:

ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਈ ਜਾਇ ॥

The day dawns, and then it ends, and the night passes away.

ਆਵ ਘਟੈ ਨਰੁ ਨਾ ਬੁਝੈ ਨਿਤਿ ਮੂਸਾ ਲਾਜੁ ਟੁਕਾਇ ॥

Man's life is diminishing, but he does not understand. Each day, the mouse of death is gnawing away at the rope of life.

ਗੁੜੁ ਮਿਠਾ ਮਾਇਆ ਪਸਰਿਆ ਮਨਮੁਖੁ ਲਗਿ ਮਾਖੀ ਪਚੈ ਪਚਾਇ ॥੧॥

Maya spreads out like sweet molasses; the self-willed manmukh is stuck like a fly, rotting away. ||1||

ਭਾਈ ਰੇ ਮੈ ਮੀਤੁ ਸਖਾ ਪ੍ਰਭੁ ਸੋਇ ॥

O Siblings of Destiny, God is my Friend and Companion.

ਪੁਤੁ ਕਲਤੁ ਮੋਹੁ ਬਿਖੁ ਹੈ ਅੰਤਿ ਬੇਲੀ ਕੋਇ ਨ ਹੋਇ ॥੧॥ ਰਹਾਉ ॥

Emotional attachment to children and spouse is poison; in the end, no one will go along with you as your helper. ||1||Pause||

ਗੁਰਮਤਿ ਹਰਿ ਲਿਵ ਉਬਰੇ ਅਲਿਪਤੁ ਰਹੇ ਸਰਣਾਇ ॥

Through the Guru's Teachings, some embrace love for the Lord, and are saved. They remain detached and unaffected, and they find the Sanctuary of the Lord.

**੪੨**

42

ਓਨੀ ਚਲਣੁ ਸਦਾ ਨਿਹਾਲਿਆ ਹਰਿ ਖਰਚੁ ਲੀਆ ਪਤਿ ਪਾਇ ॥

They keep death constantly before their eyes; they gather the Provisions of the Lord's Name, and receive honor.

ਗੁਰਮੁਖਿ ਦਰਗਹ ਮੰਨੀਅਹਿ ਹਰਿ ਆਪਿ ਲਏ ਗਲਿ ਲਾਇ ॥੨॥

The Gurmukhs are honored in the Court of the Lord. The Lord Himself takes them in His Loving Embrace. ||2||

| | |
|---|---|
| ਗੁਰਮੁਖਾ ਨੋ ਪੰਥੁ ਪਰਗਟਾ ਦਰਿ ਠਾਕ ਨ ਕੋਈ ਪਾਇ ॥ | For the Gurmukhs, the Way is obvious. At the Lord's Door, they face no obstructions. |
| ਹਰਿ ਨਾਮੁ ਸਲਾਹਨਿ ਨਾਮੁ ਮਨਿ ਨਾਮਿ ਰਹਨਿ ਲਿਵ ਲਾਇ ॥ | They praise the Lord's Name, they keep the Naam in their minds, and they remain attached to the Love of the Naam. |
| ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ ॥੩॥ | The Unstruck Celestial Music vibrates for them at the Lord's Door, and they are honored at the True Door. \|\|3\|\| |
| ਜਿਨੀ ਗੁਰਮੁਖਿ ਨਾਮੁ ਸਲਾਹਿਆ ਤਿਨਾ ਸਭ ਕੋ ਕਹੈ ਸਾਬਾਸਿ ॥ | Those Gurmukhs who praise the Naam are applauded by everyone. |
| ਤਿਨ ਕੀ ਸੰਗਤਿ ਦੇਹਿ ਪ੍ਰਭ ਮੈ ਜਾਚਿਕ ਕੀ ਅਰਦਾਸਿ ॥ | Grant me their company, God-I am a beggar; this is my prayer. |
| ਨਾਨਕ ਭਾਗ ਵਡੇ ਤਿਨਾ ਗੁਰਮੁਖਾ ਜਿਨ ਅੰਤਰਿ ਨਾਮੁ ਪਰਗਾਸਿ ॥੪॥੩੩॥੩੧॥੬॥੭੦॥ | O Nanak, great is the good fortune of those Gurmukhs, who are filled with the Light of the Naam within. \|\|4\|\|33\|\|31\|\|6\|\|70\|\| |
| ਸਿਰੀਰਾਗੁ ਮਹਲਾ ੫ ਘਰੁ ੧ ॥ | Siree Raag, Fifth Mehl, First House: |
| ਕਿਆ ਤੂ ਰਤਾ ਦੇਖਿ ਕੈ ਪੁਤ੍ਰ ਕਲਤ੍ਰ ਸੀਗਾਰ ॥ | Why are you so thrilled by the sight of your son and your beautifully decorated wife? |
| ਰਸ ਭੋਗਹਿ ਖੁਸੀਆ ਕਰਹਿ ਮਾਣਹਿ ਰੰਗ ਅਪਾਰ ॥ | You enjoy tasty delicacies, you have lots of fun, and you indulge in endless pleasures. |
| ਬਹੁਤੁ ਕਰਹਿ ਫੁਰਮਾਇਸੀ ਵਰਤਹਿ ਹੋਇ ਅਫਾਰ ॥ | You give all sorts of commands, and you act so superior. |
| ਕਰਤਾ ਚਿਤਿ ਨ ਆਵਈ ਮਨਮੁਖ ਅੰਧ ਗਵਾਰ ॥੧॥ | The Creator does not come into the mind of the blind, idiotic, self-willed manmukh. \|\|1\|\| |
| ਮੇਰੇ ਮਨ ਸੁਖਦਾਤਾ ਹਰਿ ਸੋਇ ॥ | O my mind, the Lord is the Giver of peace. |
| ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥੧॥ ਰਹਾਉ ॥ | By Guru's Grace, He is found. By His Mercy, He is obtained. \|\|1\|\|Pause\|\| |
| ਕਪੜਿ ਭੋਗਿ ਲਪਟਾਇਆ ਸੁਇਨਾ ਰੁਪਾ ਖਾਕੁ ॥ | People are entangled in the enjoyment of fine clothes, but gold and silver are only dust. |
| ਹੈਵਰ ਗੈਵਰ ਬਹੁ ਰੰਗੇ ਕੀਏ ਰਥ ਅਥਾਕ ॥ | They acquire beautiful horses and elephants, and ornate carriages of many kinds. |
| ਕਿਸ ਹੀ ਚਿਤਿ ਨ ਪਾਵਹੀ ਬਿਸਰਿਆ ਸਭ ਸਾਕ ॥ | They think of nothing else, and they forget all their relatives. |

| | |
|---|---|
| ਸਿਰਜਣਹਾਰਿ ਭੁਲਾਇਆ ਵਿਣੁ ਨਾਵੈ ਨਾਪਾਕ ॥੨॥ | They ignore their Creator; without the Name, they are impure. ‖2‖ |
| ਲੈਦਾ ਬਦ ਦੁਆਇ ਤੂੰ ਮਾਇਆ ਕਰਹਿ ਇਕਤ ॥ | Gathering the wealth of Maya, you earn an evil reputation. |
| ਜਿਸ ਨੋ ਤੂੰ ਪਤੀਆਇਦਾ ਸੋ ਸਣੁ ਤੁਝੈ ਅਨਿਤ ॥ | Those whom you work to please shall pass away along with you. |
| ਅਹੰਕਾਰੁ ਕਰਹਿ ਅਹੰਕਾਰੀਆ ਵਿਆਪਿਆ ਮਨ ਕੀ ਮਤਿ ॥ | The egotistical are engrossed in egotism, ensnared by the intellect of the mind. |
| ਤਿਨਿ ਪ੍ਰਭਿ ਆਪਿ ਭੁਲਾਇਆ ਨਾ ਤਿਸੁ ਜਾਤਿ ਨ ਪਤਿ ॥੩॥ | One who is deceived by God Himself, has no position and no honor. ‖3‖ |
| ਸਤਿਗੁਰਿ ਪੁਰਖਿ ਮਿਲਾਇਆ ਇਕੋ ਸਜਣੁ ਸੋਇ ॥ | The True Guru, the Primal Being, has led me to meet the One, my only Friend. |
| ਹਰਿ ਜਨ ਕਾ ਰਾਖਾ ਏਕੁ ਹੈ ਕਿਆ ਮਾਣਸ ਹਉਮੈ ਰੋਇ ॥ | The One is the Saving Grace of His humble servant. Why should the proud cry out in ego? |
| ਜੋ ਹਰਿ ਜਨ ਭਾਵੈ ਸੋ ਕਰੇ ਦਰਿ ਫੇਰੁ ਨ ਪਾਵੈ ਕੋਇ ॥ | As the servant of the Lord wills, so does the Lord act. At the Lord’s Door, none of his requests are denied. |
| ਨਾਨਕ ਰਤਾ ਰੰਗਿ ਹਰਿ ਸਭ ਜਗ ਮਹਿ ਚਾਨਣੁ ਹੋਇ ॥੪॥੧॥੭੧॥ | Nanak is attuned to the Love of the Lord, whose Light pervades the entire Universe. ‖4‖1‖71‖ |
| ਸਿਰੀਰਾਗੁ ਮਹਲਾ ੫ ॥ | Siree Raag, Fifth Mehl: |
| ਮਨਿ ਬਿਲਾਸੁ ਬਹੁ ਰੰਗੁ ਘਣਾ ਦ੍ਰਿਸਟਿ ਭੂਲਿ ਖੁਸੀਆ ॥ | With the mind caught up in playful pleasures, involved in all sorts of amusements and sights that stagger the eyes, people are led astray. |
| ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ ਪਰੀਆ ॥੧॥ | The emperors sitting on their thrones are consumed by anxiety. ‖1‖ |
| ਭਾਈ ਰੇ ਸੁਖੁ ਸਾਧਸੰਗਿ ਪਾਇਆ ॥ | O Siblings of Destiny, peace is found in the Saadh Sangat, the Company of the Holy. |
| ਲਿਖਿਆ ਲੇਖੁ ਤਿਨਿ ਪੁਰਖਿ ਬਿਧਾਤੈ ਦੁਖੁ ਸਹਸਾ ਮਿਟਿ ਗਇਆ ॥੧॥ ਰਹਾਉ ॥ | If the Supreme Lord, the Architect of Destiny, writes such an order, then anguish and anxiety are erased. ‖1‖Pause‖ |
| ਜੇਤੇ ਥਾਨ ਥਨੰਤਰਾ ਤੇਤੇ ਭਵਿ ਆਇਆ ॥ | There are so many places-I have wandered through them all. |

ਧਨ ਪਾਤੀ ਵਡ ਭੂਮੀਆ ਮੇਰੀ ਮੇਰੀ ਕਰਿ ਪਰਿਆ ॥੨॥

The masters of wealth and the great land-lords have fallen, crying out, "This is mine! This is mine!"||2||

ਹੁਕਮੁ ਚਲਾਏ ਨਿਸੰਗ ਹੋਇ ਵਰਤੈ ਅਫਰਿਆ ॥

They issue their commands fearlessly, and act in pride.

ਸਭੁ ਕੋ ਵਸਗਤਿ ਕਰਿ ਲਇਓਨੁ ਬਿਨੁ ਨਾਵੈ ਖਾਕੁ ਰਲਿਆ ॥੩॥

They subdue all under their command, but without the Name, they are reduced to dust. ||3||

ਕੋਟਿ ਤੇਤੀਸ ਸੇਵਕਾ ਸਿਧ ਸਾਧਿਕ ਦਰਿ ਖਰਿਆ ॥

Even those who are served by the 33 million angelic beings, at whose door the Siddhas and the Saadhus stand,

ਗਿਰੰਬਾਰੀ ਵਡ ਸਾਹਬੀ ਸਭੁ ਨਾਨਕ ਸੁਪਨੁ ਥੀਆ ॥੪॥੨॥੭੨॥

who live in wondrous affluence and rule over mountains, oceans and vast dominions-O Nanak, in the end, all this vanishes like a dream! ||4||2||72||

## ੪੩

## 43

ਸਿਰੀਰਾਗੁ ਮਹਲਾ ੫ ॥

Siree Raag, Fifth Mehl:

ਭਲਕੇ ਉਠਿ ਪਪੋਲੀਐ ਵਿਣੁ ਬੁਝੇ ਮੁਗਧ ਅਜਾਣਿ ॥

Arising each day, you cherish your body, but you are idiotic, ignorant and without understanding.

ਸੋ ਪ੍ਰਭੁ ਚਿਤਿ ਨ ਆਇਓ ਛੁਟੈਗੀ ਬੇਬਾਣਿ ॥

You are not conscious of God, and your body shall be cast into the wilderness.

ਸਤਿਗੁਰ ਸੇਤੀ ਚਿਤੁ ਲਾਇ ਸਦਾ ਸਦਾ ਰੰਗੁ ਮਾਣਿ ॥੧॥

Focus your consciousness on the True Guru; you shall enjoy bliss forever and ever. ||1||

ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥

O mortal, you came here to earn a profit.

ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥੧॥ ਰਹਾਉ ॥

What useless activities are you attached to? Your life-night is coming to its end. ||1||Pause||

ਕੁਦਮ ਕਰੇ ਪਸੁ ਪੰਖੀਆ ਦਿਸੈ ਨਾਹੀ ਕਾਲੁ ॥

The animals and the birds frolic and play-they do not see death.

ਓਤੈ ਸਾਥਿ ਮਨੁਖੁ ਹੈ ਫਾਥਾ ਮਾਇਆ ਜਾਲਿ ॥

Mankind is also with them, trapped in the net of Maya.

ਮੁਕਤੇ ਸੇਈ ਭਾਲੀਅਹਿ ਜਿ ਸਚਾ ਨਾਮੁ ਸਮਾਲਿ ॥੨॥

Those who always remember the Naam, the Name of the Lord, are considered to be liberated. ||2||

ਜੋ ਘਰੁ ਛਡਿ ਗਵਾਵਣਾ ਸੋ ਲਗਾ ਮਨ ਮਾਹਿ ॥

That dwelling which you will have to abandon and vacate-you are attached to it in your mind.

| | |
|---|---|
| ਜਿਥੈ ਜਾਇ ਤੁਧੁ ਵਰਤਣਾ ਤਿਸ ਕੀ ਚਿੰਤਾ ਨਾਹਿ ॥ | And that place where you must go to dwell-you have no regard for it at all. |
| ਫਾਥੇ ਸੇਈ ਨਿਕਲੇ ਜਿ ਗੁਰ ਕੀ ਪੈਰੀ ਪਾਹਿ ॥੩॥ | Those who fall at the Feet of the Guru are released from this bondage. ‖3‖ |
| ਕੋਈ ਰਖਿ ਨ ਸਕਈ ਦੂਜਾ ਕੋ ਨ ਦਿਖਾਇ ॥ | No one else can save you-don't look for anyone else. |
| ਚਾਰੇ ਕੁੰਡਾ ਭਾਲਿ ਕੈ ਆਇ ਪਇਆ ਸਰਣਾਇ ॥ | I have searched in all four directions; I have come to find His Sanctuary. |
| ਨਾਨਕ ਸਚੈ ਪਾਤਿਸਾਹਿ ਡੁਬਦਾ ਲਇਆ ਕਢਾਇ ॥੪॥੩॥੭੩॥ | O Nanak, the True King has pulled me out and saved me from drowning! ‖4‖3‖73‖ |
| ਸਿਰੀਰਾਗੁ ਮਹਲਾ ੫ ॥ | Siree Raag, Fifth Mehl: |
| ਘੜੀ ਮੁਹਤ ਕਾ ਪਾਹੁਣਾ ਕਾਜ ਸਵਾਰਣਹਾਰੁ ॥ | For a brief moment, man is a guest of the Lord; he tries to resolve his affairs. |
| ਮਾਇਆ ਕਾਮਿ ਵਿਆਪਿਆ ਸਮਝੈ ਨਾਹੀ ਗਾਵਾਰੁ ॥ | Engrossed in Maya and sexual desire, the fool does not understand. |
| ਉਠਿ ਚਲਿਆ ਪਛੁਤਾਇਆ ਪਰਿਆ ਵਸਿ ਜੰਦਾਰ ॥੧॥ | He arises and departs with regret, and falls into the clutches of the Messenger of Death. ‖1‖ |
| ਅੰਧੇ ਤੂੰ ਬੈਠਾ ਕੰਧੀ ਪਾਹਿ ॥ | You are sitting on the collapsing riverbank-are you blind? |
| ਜੇ ਹੋਵੀ ਪੂਰਬਿ ਲਿਖਿਆ ਤਾ ਗੁਰ ਕਾ ਬਚਨੁ ਕਮਾਹਿ ॥੧॥ ਰਹਾਉ ॥ | If you are so pre-destined, then act according to the Guru's Teachings. ‖1‖Pause‖ |
| ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ ॥ | The Reaper does not look upon any as unripe, half-ripe or fully ripe. |
| ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ ॥ | Picking up and wielding their sickles, the harvesters arrive. |
| ਜਾ ਹੋਆ ਹੁਕਮੁ ਕਿਰਸਾਣ ਦਾ ਤਾ ਲੁਣਿ ਮਿਣਿਆ ਖੇਤਾਰੁ ॥੨॥ | When the landlord gives the order, they cut and measure the crop. ‖2‖ |
| ਪਹਿਲਾ ਪਹਰੁ ਧੰਧੈ ਗਇਆ ਦੂਜੈ ਭਰਿ ਸੋਇਆ ॥ | The first watch of the night passes away in worthless affairs, and the second passes in deep sleep. |
| ਤੀਜੈ ਝਾਖ ਝਖਾਇਆ ਚਉਥੈ ਭੋਰੁ ਭਇਆ ॥ | In the third, they babble nonsense, and when the fourth watch comes, the day of death has arrived. |

| | |
|---|---|
| ਕਦ ਹੀ ਚਿਤਿ ਨ ਆਇਓਂ ਜਿਨਿ ਜੀਉ ਪਿੰਡੁ ਦੀਆ ॥੩॥ | The thought of the One who bestows body and soul never enters the mind. \|\|3\|\| |
| ਸਾਧਸੰਗਤਿ ਕਉ ਵਾਰਿਆ ਜੀਉ ਕੀਆ ਕੁਰਬਾਣੁ ॥ | I am devoted to the Saadh Sangat, the Company of the Holy; I sacrifice my soul to them. |
| ਜਿਸ ਤੇ ਸੋਝੀ ਮਨਿ ਪਈ ਮਿਲਿਆ ਪੁਰਖੁ ਸੁਜਾਣੁ ॥ | Through them, understanding has entered my mind, and I have met the All-knowing Lord God. |
| ਨਾਨਕ ਡਿਠਾ ਸਦਾ ਨਾਲਿ ਹਰਿ ਅੰਤਰਜਾਮੀ ਜਾਣੁ ॥੪॥੪॥੭੪॥ | Nanak sees the Lord always with him-the Lord, the Inner-knower, the Searcher of hearts. \|\|4\|\|4\|\|74\|\| |
| ਸਿਰੀਰਾਗੁ ਮਹਲਾ ੫ ॥ | Siree Raag, Fifth Mehl: |
| ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ ॥ | Let me forget everything, but let me not forget the One Lord. |
| ਧੰਧਾ ਸਭੁ ਜਲਾਇ ਕੈ ਗੁਰਿ ਨਾਮੁ ਦੀਆ ਸਚੁ ਸੁਆਉ ॥ | All my evil pursuits have been burnt away; the Guru has blessed me with the Naam, the true object of life. |
| ਆਸਾ ਸਭੇ ਲਾਹਿ ਕੈ ਇਕਾ ਆਸ ਕਮਾਉ ॥ | Give up all other hopes, and rely on the One Hope. |
| ਜਿਨੀ ਸਤਿਗੁਰੁ ਸੇਵਿਆ ਤਿਨ ਅਗੈ ਮਿਲਿਆ ਥਾਉ ॥੧॥ | Those who serve the True Guru receive a place in the world hereafter. \|\|1\|\| |
| ਮਨ ਮੇਰੇ ਕਰਤੇ ਨੋ ਸਾਲਾਹਿ ॥ | O my mind, praise the Creator. |
| ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ ॥੧॥ ਰਹਾਉ ॥ | Give up all your clever tricks, and fall at the Feet of the Guru. \|\|1\|\|Pause\|\| |
| ਦੁਖ ਭੁਖ ਨਹ ਵਿਆਪਈ ਜੇ ਸੁਖਦਾਤਾ ਮਨਿ ਹੋਇ ॥ | Pain and hunger shall not oppress you, if the Giver of Peace comes into your mind. |
| ਕਿਤ ਹੀ ਕੰਮਿ ਨ ਛਿਜੀਐ ਜਾ ਹਿਰਦੈ ਸਚਾ ਸੋਇ ॥ | No undertaking shall fail, when the True Lord is always in your heart. |
| ਜਿਸੁ ਤੂੰ ਰਖਹਿ ਹਥ ਦੇ ਤਿਸੁ ਮਾਰਿ ਨ ਸਕੈ ਕੋਇ ॥ | No one can kill that one unto whom You, Lord, give Your Hand and protect. |
| ਸੁਖਦਾਤਾ ਗੁਰੁ ਸੇਵੀਐ ਸਭਿ ਅਵਗਣ ਕਢੈ ਧੋਇ ॥੨॥ | Serve the Guru, the Giver of Peace; He shall remove and wash off all your faults. \|\|2\|\| |
| ਸੇਵਾ ਮੰਗੈ ਸੇਵਕੋ ਲਾਈਆਂ ਅਪੁਨੀ ਸੇਵ ॥ | Your servant begs to serve those who are enjoined to Your service. |

| ੪੪ | 44 |
|---|---|
| ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ ॥ | The opportunity to work hard serving the Saadh Sangat is obtained, when the Divine Lord is pleased. |
| ਸਭੁ ਕਿਛੁ ਵਸਗਤਿ ਸਾਹਿਬੈ ਆਪੇ ਕਰਣ ਕਰੇਵ ॥ | Everything is in the Hands of our Lord and Master; He Himself is the Doer of deeds. |
| ਸਤਿਗੁਰ ਕੈ ਬਲਿਹਾਰਣੈ ਮਨਸਾ ਸਭ ਪੂਰੇਵ ॥੩॥ | I am a sacrifice to the True Guru, who fulfills all hopes and desires. \|\|3\|\| |
| ਇਕੋ ਦਿਸੈ ਸਜਣੋ ਇਕੋ ਭਾਈ ਮੀਤੁ ॥ | The One appears to be my Companion; the One is my Brother and Friend. |
| ਇਕਸੈ ਦੀ ਸਾਮਗਰੀ ਇਕਸੈ ਦੀ ਹੈ ਰੀਤਿ ॥ | The elements and the components are all made by the One; they are held in their order by the One. |
| ਇਕਸ ਸਿਉ ਮਨੁ ਮਾਨਿਆ ਤਾ ਹੋਆ ਨਿਹਚਲੁ ਚੀਤੁ ॥ | When the mind accepts, and is satisfied with the One, then the consciousness becomes steady and stable. |
| ਸਚੁ ਖਾਣਾ ਸਚੁ ਪੈਨਣਾ ਟੇਕ ਨਾਨਕ ਸਚੁ ਕੀਤੁ ॥੪॥੫॥੭੫॥ | Then, one's food is the True Name, one's garments are the True Name, and one's Support, O Nanak, is the True Name. \|\|4\|\|5\|\|75\|\| |
| ਸਿਰੀਰਾਗੁ ਮਹਲਾ ੫ ॥ | Siree Raag, Fifth Mehl: |
| ਸਭੇ ਥੋਕ ਪਰਾਪਤੇ ਜੇ ਆਵੈ ਇਕੁ ਹਥਿ ॥ | All things are received if the One is obtained. |
| ਜਨਮੁ ਪਦਾਰਥੁ ਸਫਲੁ ਹੈ ਜੇ ਸਚਾ ਸਬਦੁ ਕਥਿ ॥ | The precious gift of this human life becomes fruitful when one chants the True Word of the Shabad. |
| ਗੁਰ ਤੇ ਮਹਲੁ ਪਰਾਪਤੇ ਜਿਸੁ ਲਿਖਿਆ ਹੋਵੈ ਮਥਿ ॥੧॥ | One who has such destiny written on his forehead enters the Mansion of the Lord's Presence, through the Guru. \|\|1\|\| |
| ਮੇਰੇ ਮਨ ਏਕਸ ਸਿਉ ਚਿਤੁ ਲਾਇ ॥ | O my mind, focus your consciousness on the One. |
| ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ ॥੧॥ ਰਹਾਉ ॥ | Without the One, all entanglements are worthless; emotional attachment to Maya is totally false. \|\|1\|\|Pause\|\| |
| ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥ | Hundreds of thousands of princely pleasures are enjoyed, if the True Guru bestows His Glance of Grace. |

| | |
|---|---|
| ਨਿਮਖ ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ ॥ | If He bestows the Name of the Lord, for even a moment, my mind and body are cooled and soothed. |
| ਜਿਸ ਕਉ ਪੂਰਬਿ ਲਿਖਿਆ ਤਿਨਿ ਸਤਿਗੁਰ ਚਰਨ ਗਹੇ ॥੨॥ | Those who have such pre-ordained destiny hold tight to the Feet of the True Guru. \|\|2\|\| |
| ਸਫਲ ਮੂਰਤੁ ਸਫਲਾ ਘੜੀ ਜਿਤੁ ਸਚੇ ਨਾਲਿ ਪਿਆਰੁ ॥ | Fruitful is that moment, and fruitful is that time, when one is in love with the True Lord. |
| ਦੂਖੁ ਸੰਤਾਪੁ ਨ ਲਗਈ ਜਿਸੁ ਹਰਿ ਕਾ ਨਾਮੁ ਅਧਾਰੁ ॥ | Suffering and sorrow do not touch those who have the Support of the Name of the Lord. |
| ਬਾਹ ਪਕੜਿ ਗੁਰਿ ਕਾਢਿਆ ਸੋਈ ਉਤਰਿਆ ਪਾਰਿ ॥੩॥ | Grasping him by the arm, the Guru lifts them up and out, and carries them across to the other side. \|\|3\|\| |
| ਥਾਨੁ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ ॥ | Embellished and immaculate is that place where the Saints gather together. |
| ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ ॥ | He alone finds shelter, who has met the Perfect Guru. |
| ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥੪॥੬॥੭੬॥ | Nanak builds his house upon that site where there is no death, no birth, and no old age. \|\|4\|\|6\|\|76\|\| |
| ਸ੍ਰੀਰਾਗੁ ਮਹਲਾ ੫ ॥ | Siree Raag, Fifth Mehl: |
| ਸੋਈ ਧਿਆਈਐ ਜੀਅੜੇ ਸਿਰਿ ਸਾਹਾਂ ਪਾਤਿਸਾਹੁ ॥ | Meditate on Him, O my soul; He is the Supreme Lord over kings and emperors. |
| ਤਿਸ ਹੀ ਕੀ ਕਰਿ ਆਸ ਮਨ ਜਿਸ ਕਾ ਸਭਸੁ ਵੇਸਾਹੁ ॥ | Place the hopes of your mind in the One, in whom all have faith. |
| ਸਭਿ ਸਿਆਣਪਾ ਛਡਿ ਕੈ ਗੁਰ ਕੀ ਚਰਣੀ ਪਾਹੁ ॥੧॥ | Give up all your clever tricks, and grasp the Feet of the Guru. \|\|1\|\| |
| ਮਨ ਮੇਰੇ ਸੁਖ ਸਹਜ ਸੇਤੀ ਜਪਿ ਨਾਉ ॥ | O my mind, chant the Name with intuitive peace and poise. |
| ਆਠ ਪਹਰ ਪ੍ਰਭੁ ਧਿਆਇ ਤੂੰ ਗੁਣ ਗੋਇੰਦ ਨਿਤ ਗਾਉ ॥੧॥ ਰਹਾਉ ॥ | Twenty-four hours a day, meditate on God. Constantly sing the Glories of the Lord of the Universe. \|\|1\|\|Pause\|\| |
| ਤਿਸ ਕੀ ਸਰਨੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ ॥ | Seek His Shelter, O my mind; there is no other as Great as He. |
| ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ ॥ | Remembering Him in meditation, a profound peace is obtained. Pain and suffering will not touch you at all. |

| | |
|---|---|
| ਸਦਾ ਸਦਾ ਕਰਿ ਚਾਕਰੀ ਪ੍ਰਭੁ ਸਾਹਿਬੁ ਸਚਾ ਸੋਇ ॥੨॥ | Forever and ever, work for God; He is our True Lord and Master. \|\|2\|\| |
| ਸਾਧਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ ॥ | In the Saadh Sangat, the Company of the Holy, you shall become absolutely pure, and the noose of death shall be cut away. |
| ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ ॥ | So offer your prayers to Him, the Giver of Peace, the Destroyer of fear. |
| ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ ॥੩॥ | Showing His Mercy, the Merciful Master shall resolve your affairs. \|\|3\|\| |
| ਬਹੁਤੋ ਬਹੁਤੁ ਵਖਾਣੀਐ ਊਚੋ ਊਚਾ ਥਾਉ ॥ | The Lord is said to be the Greatest of the Great; His Kingdom is the Highest of the High. |
| ਵਰਨਾ ਚਿਹਨਾ ਬਾਹਰਾ ਕੀਮਤਿ ਕਹਿ ਨ ਸਕਾਉ ॥ | He has no color or mark; His Value cannot be estimated. |
| ਨਾਨਕ ਕਉ ਪ੍ਰਭ ਮਇਆ ਕਰਿ ਸਚੁ ਦੇਵਹੁ ਅਪੁਣਾ ਨਾਉ ॥੪॥੭॥੭੭॥ | Please show Mercy to Nanak, God, and bless him with Your True Name. \|\|4\|\|7\|\|77\|\| |
| ਸ੍ਰੀਰਾਗੁ ਮਹਲਾ ੫ ॥ | Siree Raag, Fifth Mehl: |
| ਨਾਮੁ ਧਿਆਏ ਸੋ ਸੁਖੀ ਤਿਸੁ ਮੁਖੁ ਊਜਲੁ ਹੋਇ ॥ | One who meditates on the Naam is at peace; his face is radiant and bright. |
| ਪੂਰੇ ਗੁਰ ਤੇ ਪਾਈਐ ਪਰਗਟੁ ਸਭਨੀ ਲੋਇ ॥ | Obtaining it from the Perfect Guru, he is honored all over the world. |
| ਸਾਧਸੰਗਤਿ ਕੈ ਘਰਿ ਵਸੈ ਏਕੋ ਸਚਾ ਸੋਇ ॥੧॥ | In the Company of the Holy, the One True Lord comes to abide within the home of the self. \|\|1\|\| |
| ੪੫ | 45 |
| ਮੇਰੇ ਮਨ ਹਰਿ ਹਰਿ ਨਾਮੁ ਧਿਆਇ ॥ | O my mind, meditate on the Name of the Lord, Har, Har. |
| ਨਾਮੁ ਸਹਾਈ ਸਦਾ ਸੰਗਿ ਆਗੈ ਲਏ ਛਡਾਇ ॥੧॥ ਰਹਾਉ ॥ | The Naam is your Companion; it shall always be with you. It shall save you in the world hereafter. \|\|1\|\|Pause\|\| |
| ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ ॥ | What good is worldly greatness? |

ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ ॥

All the pleasures of Maya are tasteless and insipid. In the end, they shall all fade away.

ਜਾ ਕੈ ਹਿਰਦੈ ਹਰਿ ਵਸੈ ਸੋ ਪੂਰਾ ਪਰਧਾਨੁ ॥੨॥

Perfectly fulfilled and supremely acclaimed is the one, in whose heart the Lord abides. ||2||

ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ ॥

Become the dust of the Saints; renounce your selfishness and conceit.

ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ ਲਾਗੁ ॥

Give up all your schemes and your clever mental tricks, and fall at the Feet of the Guru.

ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ ॥੩॥

He alone receives the Jewel, upon whose forehead such wondrous destiny is written. ||3||

ਤਿਸੈ ਪਰਾਪਤਿ ਭਾਈਹੋ ਜਿਸੁ ਦੇਵੈ ਪ੍ਰਭੁ ਆਪਿ ॥

O Siblings of Destiny, it is received only when God Himself bestows it.

ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥

People serve the True Guru only when the fever of egotism has been eradicated.

ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ ॥੪॥੮॥੭੮॥

Nanak has met the Guru; all his sufferings have come to an end. ||4||8||78||

ਸਿਰੀਰਾਗੁ ਮਹਲਾ ੫ ॥

Siree Raag, Fifth Mehl:

ਇਕੁ ਪਛਾਣੂ ਜੀਅ ਕਾ ਇਕੋ ਰਖਣਹਾਰੁ ॥

The One is the Knower of all beings; He alone is our Savior.

ਇਕਸ ਕਾ ਮਨਿ ਆਸਰਾ ਇਕੋ ਪ੍ਰਾਣ ਅਧਾਰੁ ॥

The One is the Support of the mind; the One is the Support of the breath of life.

ਤਿਸੁ ਸਰਣਾਈ ਸਦਾ ਸੁਖੁ ਪਾਰਬ੍ਰਹਮੁ ਕਰਤਾਰੁ ॥੧॥

In His Sanctuary there is eternal peace. He is the Supreme Lord God, the Creator. ||1||

ਮਨ ਮੇਰੇ ਸਗਲ ਉਪਾਵ ਤਿਆਗੁ ॥

O my mind, give up all these efforts.

ਗੁਰੁ ਪੂਰਾ ਆਰਾਧਿ ਨਿਤ ਇਕਸੁ ਕੀ ਲਿਵ ਲਾਗੁ ॥੧॥ ਰਹਾਉ ॥

Dwell upon the Perfect Guru each day, and attach yourself to the One Lord. ||1||Pause||

ਇਕੋ ਭਾਈ ਮਿਤੁ ਇਕੁ ਇਕੋ ਮਾਤ ਪਿਤਾ ॥

The One is my Brother, the One is my Friend. The One is my Mother and Father.

ਇਕਸ ਕੀ ਮਨਿ ਟੇਕ ਹੈ ਜਿਨਿ ਜੀਉ ਪਿੰਡੁ ਦਿਤਾ ॥

The One is the Support of the mind; He has given us body and soul.

ਸੋ ਪ੍ਰਭੁ ਮਨਹੁ ਨ ਵਿਸਰੈ ਜਿਨਿ ਸਭੁ ਕਿਛੁ ਵਸਿ ਕੀਤਾ ॥੨॥

May I never forget God from my mind; He holds all in the Power of His Hands. ||2||

ਘਰਿ ਇਕੋ ਬਾਹਰਿ ਇਕੋ ਥਾਨ ਥਨੰਤਰਿ ਆਪਿ ॥

The One is within the home of the self, and the One is outside as well. He Himself is in all places and interspaces.

ਜੀਅ ਜੰਤ ਸਭਿ ਜਿਨਿ ਕੀਏ ਆਠ ਪਹਰ ਤਿਸੁ ਜਾਪਿ ॥

Meditate twenty-four hours a day on the One who created all beings and creatures.

ਇਕਸੁ ਸੇਤੀ ਰਤਿਆ ਨ ਹੋਵੀ ਸੋਗ ਸੰਤਾਪੁ ॥੩॥

Attuned to the Love of the One, there is no sorrow or suffering. ||3||

ਪਾਰਬ੍ਰਹਮੁ ਪ੍ਰਭੁ ਏਕੁ ਹੈ ਦੂਜਾ ਨਾਹੀ ਕੋਇ ॥

There is only the One Supreme Lord God; there is no other at all.

ਜੀਉ ਪਿੰਡੁ ਸਭੁ ਤਿਸ ਕਾ ਜੋ ਤਿਸੁ ਭਾਵੈ ਸੁ ਹੋਇ ॥

Soul and body all belong to Him; whatever pleases His Will comes to pass.

ਗੁਰਿ ਪੂਰੈ ਪੂਰਾ ਭਇਆ ਜਪਿ ਨਾਨਕ ਸਚਾ ਸੋਇ ॥੪॥੯॥੭੯॥

Through the Perfect Guru, one becomes perfect; O Nanak, meditate on the True One. ||4||9||79||

ਸਿਰੀਰਾਗੁ ਮਹਲਾ ੫ ॥

Siree Raag, Fifth Mehl:

ਜਿਨਾ ਸਤਿਗੁਰ ਸਿਉ ਚਿਤੁ ਲਾਇਆ ਸੇ ਪੂਰੇ ਪਰਧਾਨ ॥

Those who focus their consciousness on the True Guru are perfectly fulfilled and famous.

ਜਿਨ ਕਉ ਆਪਿ ਦਇਆਲੁ ਹੋਇ ਤਿਨ ਉਪਜੈ ਮਨਿ ਗਿਆਨੁ ॥

Spiritual wisdom wells up in the minds of those unto whom the Lord Himself shows Mercy.

ਜਿਨ ਕਉ ਮਸਤਕਿ ਲਿਖਿਆ ਤਿਨ ਪਾਇਆ ਹਰਿ ਨਾਮੁ ॥੧॥

Those who have such destiny written upon their foreheads obtain the Name of the Lord. ||1||

ਮਨ ਮੇਰੇ ਏਕੋ ਨਾਮੁ ਧਿਆਇ ॥

O my mind, meditate on the Name of the One Lord.

ਸਰਬ ਸੁਖਾ ਸੁਖ ਊਪਜਹਿ ਦਰਗਹ ਪੈਧਾ ਜਾਇ ॥੧॥ ਰਹਾਉ ॥

The happiness of all happiness shall well up, and in the Court of the Lord, you shall be dressed in robes of honor. ||1||Pause||

ਜਨਮ ਮਰਣ ਕਾ ਭਉ ਗਇਆ ਭਾਉ ਭਗਤਿ ਗੋਪਾਲ ॥

The fear of death and rebirth is removed by performing loving devotional service to the Lord of the World.

ਸਾਧੂ ਸੰਗਤਿ ਨਿਰਮਲਾ ਆਪਿ ਕਰੇ ਪ੍ਰਤਿਪਾਲ ॥

In the Saadh Sangat, the Company of the Holy, one becomes immaculate and pure; the Lord Himself takes care of such a one.

| | |
|---|---|
| ਜਨਮ ਮਰਣ ਕੀ ਮਲੁ ਕਟੀਐ ਗੁਰ ਦਰਸਨੁ ਦੇਖਿ ਨਿਹਾਲ ॥੨॥ | The filth of birth and death is washed away, and one is uplifted, beholding the Blessed Vision of the Guru's Darshan. \|\|2\|\| |
| ਥਾਨ ਥਨੰਤਰਿ ਰਵਿ ਰਹਿਆ ਪਾਰਬ੍ਰਹਮੁ ਪ੍ਰਭੁ ਸੋਇ ॥ | The Supreme Lord God is pervading all places and interspaces. |
| ਸਭਨਾ ਦਾਤਾ ਏਕੁ ਹੈ ਦੂਜਾ ਨਾਹੀ ਕੋਇ ॥ | The One is the Giver of all-there is no other at all. |
| ਤਿਸੁ ਸਰਣਾਈ ਛੁਟੀਐ ਕੀਤਾ ਲੋੜੇ ਸੁ ਹੋਇ ॥੩॥ | In His Sanctuary, one is saved. Whatever He wishes, comes to pass. \|\|3\|\| |
| ਜਿਨ ਮਨਿ ਵਸਿਆ ਪਾਰਬ੍ਰਹਮੁ ਸੇ ਪੂਰੇ ਪਰਧਾਨ ॥ | Perfectly fulfilled and famous are those, in whose minds the Supreme Lord God abides. |
| ਤਿਨ ਕੀ ਸੋਭਾ ਨਿਰਮਲੀ ਪਰਗਟੁ ਭਈ ਜਹਾਨ ॥ | Their reputation is spotless and pure; they are famous all over the world. |
| ਜਿਨੀ ਮੇਰਾ ਪ੍ਰਭੁ ਧਿਆਇਆ ਨਾਨਕ ਤਿਨ ਕੁਰਬਾਨ ॥੪॥੧੦॥੮੦॥ | O Nanak, I am a sacrifice to those who meditate on my God. \|\|4\|\|10\|\|80\|\| |

## ੪੬ / 46

| | |
|---|---|
| ਸਿਰੀਰਾਗੁ ਮਹਲਾ ੫ ॥ | Siree Raag, Fifth Mehl: |
| ਮਿਲਿ ਸਤਿਗੁਰ ਸਭੁ ਦੁਖੁ ਗਇਆ ਹਰਿ ਸੁਖੁ ਵਸਿਆ ਮਨਿ ਆਇ ॥ | Meeting the True Guru, all my sufferings have ended, and the Peace of the Lord has come to dwell within my mind. |
| ਅੰਤਰਿ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ ॥ | The Divine Light illuminates my inner being, and I am lovingly absorbed in the One. |
| ਮਿਲਿ ਸਾਧੂ ਮੁਖੁ ਊਜਲਾ ਪੂਰਬਿ ਲਿਖਿਆ ਪਾਇ ॥ | Meeting with the Holy Saint, my face is radiant; I have realized my pre-ordained destiny. |
| ਗੁਣ ਗੋਵਿੰਦ ਨਿਤ ਗਾਵਣੇ ਨਿਰਮਲ ਸਾਚੈ ਨਾਇ ॥੧॥ | I constantly sing the Glories of the Lord of the Universe. Through the True Name, I have become spotlessly pure. \|\|1\|\| |
| ਮੇਰੇ ਮਨ ਗੁਰ ਸਬਦੀ ਸੁਖੁ ਹੋਇ ॥ | O my mind, you shall find peace through the Word of the Guru's Shabad. |
| ਗੁਰ ਪੂਰੇ ਕੀ ਚਾਕਰੀ ਬਿਰਥਾ ਜਾਇ ਨ ਕੋਇ ॥੧॥ ਰਹਾਉ ॥ | Working for the Perfect Guru, no one goes away empty-handed. \|\|1\|\|Pause\|\| |
| ਮਨ ਕੀਆ ਇਛਾਂ ਪੂਰੀਆ ਪਾਇਆ ਨਾਮੁ ਨਿਧਾਨੁ ॥ | The desires of the mind are fulfilled, when the Treasure of the Naam, the Name of the Lord, is obtained. |

| | |
|---|---|
| ਅੰਤਰਜਾਮੀ ਸਦਾ ਸੰਗਿ ਕਰਣੈਹਾਰੁ ਪਛਾਨੁ ॥ | The Inner-knower, the Searcher of hearts, is always with you; recognize Him as the Creator. |
| ਗੁਰ ਪਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ ਇਸਨਾਨੁ ॥ | By Guru's Grace, your face shall be radiant. Chanting the Naam, you shall receive the benefits of giving charity and taking cleansing baths. |
| ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥੨॥ | Sexual desire, anger and greed are eliminated, and all egotistical pride is abandoned. \|\|2\|\| |
| ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ ॥ | The Profit of the Naam is obtained, and all affairs are brought to fruition. |
| ਕਰਿ ਕਿਰਪਾ ਪ੍ਰਭਿ ਮੇਲਿਆ ਦੀਆ ਅਪਣਾ ਨਾਮੁ ॥ | In His Mercy, God unites us with Himself, and He blesses us with the Naam. |
| ਆਵਣ ਜਾਣਾ ਰਹਿ ਗਇਆ ਆਪਿ ਹੋਆ ਮਿਹਰਵਾਨੁ ॥ | My comings and goings in reincarnation have come to an end; He Himself has bestowed His Mercy. |
| ਸਚੁ ਮਹਲੁ ਘਰੁ ਪਾਇਆ ਗੁਰ ਕਾ ਸਬਦੁ ਪਛਾਨੁ ॥੩॥ | I have obtained my home in the True Mansion of His Presence, realizing the Word of the Guru's Shabad. \|\|3\|\| |
| ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ ॥ | His humble devotees are protected and saved; He Himself showers His Blessings upon us. |
| ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣ ਸਾਰਿ ॥ | In this world and in the world hereafter, radiant are the faces of those who cherish and enshrine the Glories of the True Lord. |
| ਆਠ ਪਹਰ ਗੁਣ ਸਾਰਦੇ ਰਤੇ ਰੰਗਿ ਅਪਾਰ ॥ | Twenty-four hours a day, they lovingly dwell upon His Glories; they are imbued with His Infinite Love. |
| ਪਾਰਬ੍ਰਹਮੁ ਸੁਖ ਸਾਗਰੋ ਨਾਨਕ ਸਦ ਬਲਿਹਾਰ ॥੪॥੧੧॥੮੧॥ | Nanak is forever a sacrifice to the Supreme Lord God, the Ocean of Peace. \|\|4\|\|11\|\|81\|\| |
| ਸਿਰੀਰਾਗੁ ਮਹਲਾ ੫ ॥ | Siree Raag, Fifth Mehl: |
| ਪੂਰਾ ਸਤਿਗੁਰੁ ਜੇ ਮਿਲੈ ਪਾਈਐ ਸਬਦੁ ਨਿਧਾਨੁ ॥ | If we meet the Perfect True Guru, we obtain the Treasure of the Shabad. |
| ਕਰਿ ਕਿਰਪਾ ਪ੍ਰਭ ਆਪਣੀ ਜਪੀਐ ਅੰਮ੍ਰਿਤ ਨਾਮੁ ॥ | Please grant Your Grace, God, that we may meditate on Your Ambrosial Naam. |
| ਜਨਮ ਮਰਣ ਦੁਖੁ ਕਾਟੀਐ ਲਾਗੈ ਸਹਜਿ ਧਿਆਨੁ ॥੧॥ | The pains of birth and death are taken away; we are intuitively centered on His Meditation. \|\|1\|\| |
| ਮੇਰੇ ਮਨ ਪ੍ਰਭ ਸਰਣਾਈ ਪਾਇ ॥ | O my mind, seek the Sanctuary of God. |

| | |
|---|---|
| ਹਰਿ ਬਿਨੁ ਦੂਜਾ ਕੋ ਨਹੀ ਏਕੋ ਨਾਮੁ ਧਿਆਇ ॥੧॥ ਰਹਾਉ ॥ | Without the Lord, there is no other at all. Meditate on the One and only Naam, the Name of the Lord. \|\|1\|\|Pause\|\| |
| ਕੀਮਤਿ ਕਹਣੁ ਨ ਜਾਈਐ ਸਾਗਰੁ ਗੁਣੀ ਅਥਾਹੁ ॥ | His Value cannot be estimated; He is the Vast Ocean of Excellence. |
| ਵਡਭਾਗੀ ਮਿਲੁ ਸੰਗਤੀ ਸਚਾ ਸਬਦੁ ਵਿਸਾਹੁ ॥ | O most fortunate ones, join the Sangat, the Blessed Congregation; purchase the True Word of the Shabad. |
| ਕਰਿ ਸੇਵਾ ਸੁਖ ਸਾਗਰੈ ਸਿਰਿ ਸਾਹਾ ਪਾਤਿਸਾਹੁ ॥੨॥ | Serve the Lord, the Ocean of Peace, the Supreme Lord over kings and emperors. \|\|2\|\| |
| ਚਰਣ ਕਮਲ ਕਾ ਆਸਰਾ ਦੂਜਾ ਨਾਹੀ ਠਾਉ ॥ | I take the Support of the Lord's Lotus Feet; there is no other place of rest for me. |
| ਮੈ ਧਰ ਤੇਰੀ ਪਾਰਬ੍ਰਹਮ ਤੇਰੈ ਤਾਣਿ ਰਹਾਉ ॥ | I lean upon You as my Support, O Supreme Lord God. I exist only by Your Power. |
| ਨਿਮਾਣਿਆ ਪ੍ਰਭੁ ਮਾਣੁ ਤੂੰ ਤੇਰੈ ਸੰਗਿ ਸਮਾਉ ॥੩॥ | O God, You are the Honor of the dishonored. I seek to merge with You. \|\|3\|\| |
| ਹਰਿ ਜਪੀਐ ਆਰਾਧੀਐ ਆਠ ਪਹਰ ਗੋਵਿੰਦੁ ॥ | Chant the Lord's Name and contemplate the Lord of the World, twenty-four hours a day. |
| ਜੀਅ ਪ੍ਰਾਣ ਤਨੁ ਧਨੁ ਰਖੇ ਕਰਿ ਕਿਰਪਾ ਰਾਖੀ ਜਿੰਦੁ ॥ | He preserves our soul, our breath of life, body and wealth. By His Grace, He protects our soul. |
| ਨਾਨਕ ਸਗਲੇ ਦੋਖ ਉਤਾਰਿਅਨੁ ਪ੍ਰਭੁ ਪਾਰਬ੍ਰਹਮ ਬਖਸਿੰਦੁ ॥੪॥੧੨॥੮੨॥ | O Nanak, all pain has been washed away, by the Supreme Lord God, the Forgiver. \|\|4\|\|12\|\|82\|\| |
| ਸਿਰੀਰਾਗੁ ਮਹਲਾ ੫ ॥ | Siree Raag, Fifth Mehl: |
| ਪ੍ਰੀਤਿ ਲਗੀ ਤਿਸੁ ਸਚ ਸਿਉ ਮਰੈ ਨ ਆਵੈ ਜਾਇ ॥ | I have fallen in love with the True Lord. He does not die, He does not come and go. |
| ਨਾ ਵੇਛੋੜਿਆ ਵਿਛੁੜੈ ਸਭ ਮਹਿ ਰਹਿਆ ਸਮਾਇ ॥ | In separation, He is not separated from us; He is pervading and permeating amongst all. |
| ਦੀਨ ਦਰਦ ਦੁਖ ਭੰਜਨਾ ਸੇਵਕ ਕੈ ਸਤ ਭਾਇ ॥ | He is the Destroyer of the pain and suffering of the meek. He bears True Love for His servants. |
| ਅਚਰਜ ਰੂਪੁ ਨਿਰੰਜਨੋ ਗੁਰਿ ਮੇਲਾਇਆ ਮਾਇ ॥੧॥ | Wondrous is the Form of the Immaculate One. Through the Guru, I have met Him, O my mother! \|\|1\|\| |
| ਭਾਈ ਰੇ ਮੀਤੁ ਕਰਹੁ ਪ੍ਰਭੁ ਸੋਇ ॥ | O Siblings of Destiny, make God your Friend. |

| ੪੭ | 47 |
|---|---|
| ਮਾਇਆ ਮੋਹ ਪਰੀਤਿ ਧ੍ਰਿਗੁ ਸੁਖੀ ਨ ਦੀਸੈ ਕੋਇ ॥੧॥ ਰਹਾਉ ॥ | Cursed is emotional attachment and love of Maya; no one is seen to be at peace. \|\|1\|\|Pause\|\| |
| ਦਾਨਾ ਦਾਤਾ ਸੀਲਵੰਤੁ ਨਿਰਮਲੁ ਰੂਪੁ ਅਪਾਰੁ ॥ | God is Wise, Giving, Tender-hearted, Pure, Beautiful and Infinite. |
| ਸਖਾ ਸਹਾਈ ਅਤਿ ਵਡਾ ਊਚਾ ਵਡਾ ਅਪਾਰੁ ॥ | He is our Companion and Helper, Supremely Great, Lofty and Utterly Infinite. |
| ਬਾਲਕੁ ਬਿਰਧਿ ਨ ਜਾਣੀਐ ਨਿਹਚਲੁ ਤਿਸੁ ਦਰਵਾਰੁ ॥ | He is not known as young or old; His Court is Steady and Stable. |
| ਜੋ ਮੰਗੀਐ ਸੋਈ ਪਾਈਐ ਨਿਧਾਰਾ ਆਧਾਰੁ ॥੨॥ | Whatever we seek from Him, we receive. He is the Support of the unsupported. \|\|2\|\| |
| ਜਿਸੁ ਪੇਖਤ ਕਿਲਵਿਖ ਹਿਰਹਿ ਮਨਿ ਤਨਿ ਹੋਵੈ ਸਾਂਤਿ ॥ | Seeing Him, our evil inclinations vanish; mind and body become peaceful and tranquil. |
| ਇਕ ਮਨਿ ਏਕੁ ਧਿਆਈਐ ਮਨ ਕੀ ਲਾਹਿ ਭਰਾਂਤਿ ॥ | With one-pointed mind, meditate on the One Lord, and the doubts of your mind will be dispelled. |
| ਗੁਣ ਨਿਧਾਨੁ ਨਵਤਨੁ ਸਦਾ ਪੂਰਨ ਜਾ ਕੀ ਦਾਤਿ ॥ | He is the Treasure of Excellence, the Ever-fresh Being. His Gift is Perfect and Complete. |
| ਸਦਾ ਸਦਾ ਆਰਾਧੀਐ ਦਿਨੁ ਵਿਸਰਹੁ ਨਹੀ ਰਾਤਿ ॥੩॥ | Forever and ever, worship and adore Him. Day and night, do not forget Him. \|\|3\|\| |
| ਜਿਨ ਕਉ ਪੂਰਬਿ ਲਿਖਿਆ ਤਿਨ ਕਾ ਸਖਾ ਗੋਵਿੰਦੁ ॥ | One whose destiny is so pre-ordained, obtains the Lord of the Universe as his Companion. |
| ਤਨੁ ਮਨੁ ਧਨੁ ਅਰਪੀ ਸਭੋ ਸਗਲ ਵਾਰੀਐ ਇਹ ਜਿੰਦੁ ॥ | I dedicate my body, mind, wealth and all to Him. I totally sacrifice my soul to Him. |
| ਦੇਖੈ ਸੁਣੈ ਹਦੂਰਿ ਸਦ ਘਟਿ ਘਟਿ ਬ੍ਰਹਮੁ ਰਵਿੰਦੁ ॥ | Seeing and hearing, He is always close at hand. In each and every heart, God is pervading. |
| ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ ॥੪॥੧੩॥੮੩॥ | Even the ungrateful ones are cherished by God. O Nanak, He is forever the Forgiver. \|\|4\|\|13\|\|83\|\| |
| ਸਿਰੀਰਾਗੁ ਮਹਲਾ ੫ ॥ | Siree Raag, Fifth Mehl: |
| ਮਨੁ ਤਨੁ ਧਨੁ ਜਿਨਿ ਪ੍ਰਭਿ ਦੀਆ ਰਖਿਆ ਸਹਜਿ ਸਵਾਰਿ ॥ | This mind, body and wealth were given by God, who naturally adorns us. |

| | |
|---|---|
| ਸਰਬ ਕਲਾ ਕਰਿ ਥਾਪਿਆ ਅੰਤਰਿ ਜੋਤਿ ਅਪਾਰ ॥ | He has blessed us with all our energy, and infused His Infinite Light deep within us. |
| ਸਦਾ ਸਦਾ ਪ੍ਰਭੁ ਸਿਮਰੀਐ ਅੰਤਰਿ ਰਖੁ ਉਰ ਧਾਰਿ ॥੧॥ | Forever and ever, meditate in remembrance on God; keep Him enshrined in your heart. \|\|1\|\| |
| ਮੇਰੇ ਮਨ ਹਰਿ ਬਿਨੁ ਅਵਰੁ ਨ ਕੋਇ ॥ | O my mind, without the Lord, there is no other at all. |
| ਪ੍ਰਭ ਸਰਣਾਈ ਸਦਾ ਰਹੁ ਦੂਖੁ ਨ ਵਿਆਪੈ ਕੋਇ ॥੧॥ ਰਹਾਉ ॥ | Remain in God's Sanctuary forever, and no suffering shall afflict you. \|\|1\|\|Pause\|\| |
| ਰਤਨ ਪਦਾਰਥ ਮਾਣਕਾ ਸੁਇਨਾ ਰੁਪਾ ਖਾਕੁ ॥ | Jewels, treasures, pearls, gold and silver-all these are just dust. |
| ਮਾਤ ਪਿਤਾ ਸੁਤ ਬੰਧਪਾ ਕੂੜੇ ਸਭੇ ਸਾਕ ॥ | Mother, father, children and relatives-all relations are false. |
| ਜਿਨਿ ਕੀਤਾ ਤਿਸਹਿ ਨ ਜਾਣਈ ਮਨਮੁਖ ਪਸੁ ਨਾਪਾਕ ॥੨॥ | The self-willed manmukh is an insulting beast; he does not acknowledge the One who created him. \|\|2\|\| |
| ਅੰਤਰਿ ਬਾਹਰਿ ਰਵਿ ਰਹਿਆ ਤਿਸ ਨੋ ਜਾਣੈ ਦੂਰਿ ॥ | The Lord is pervading within and beyond, and yet people think that He is far away. |
| ਤ੍ਰਿਸਨਾ ਲਾਗੀ ਰਚਿ ਰਹਿਆ ਅੰਤਰਿ ਹਉਮੈ ਕੂਰਿ ॥ | They are engrossed in clinging desires; within their hearts there is ego and falsehood. |
| ਭਗਤੀ ਨਾਮ ਵਿਹੂਣਿਆ ਆਵਹਿ ਵੰਞਹਿ ਪੂਰ ॥੩॥ | Without devotion to the Naam, crowds of people come and go. \|\|3\|\| |
| ਰਾਖਿ ਲੇਹੁ ਪ੍ਰਭੁ ਕਰਣਹਾਰ ਜੀਅ ਜੰਤ ਕਰਿ ਦਇਆ ॥ | Please preserve Your beings and creatures, God; O Creator Lord, please be merciful! |
| ਬਿਨੁ ਪ੍ਰਭ ਕੋਇ ਨ ਰਖਨਹਾਰੁ ਮਹਾ ਬਿਕਟ ਜਮ ਭਇਆ ॥ | Without God, there is no saving grace. The Messenger of Death is cruel and unfeeling. |
| ਨਾਨਕ ਨਾਮੁ ਨ ਵੀਸਰਉ ਕਰਿ ਅਪੁਨੀ ਹਰਿ ਮਇਆ ॥੪॥੧੪॥੮੪॥ | O Nanak, may I never forget the Naam! Please bless me with Your Mercy, Lord! \|\|4\|\|14\|\|84\|\| |
| ਸਿਰੀਰਾਗੁ ਮਹਲਾ ੫ ॥ | Siree Raag, Fifth Mehl: |
| ਮੇਰਾ ਤਨੁ ਅਰੁ ਧਨੁ ਮੇਰਾ ਰਾਜ ਰੂਪ ਮੈ ਦੇਸੁ ॥ | "My body and my wealth; my ruling power, my beautiful form and country-mine!" |
| ਸੁਤ ਦਾਰਾ ਬਨਿਤਾ ਅਨੇਕ ਬਹੁਤੁ ਰੰਗ ਅਰੁ ਵੇਸ ॥ | You may have children, a wife and many mistresses; you may enjoy all sorts of pleasures and fine clothes. |

| | |
|---|---|
| ਹਰਿ ਨਾਮੁ ਰਿਦੈ ਨ ਵਸਈ ਕਾਰਜਿ ਕਿਤੈ ਨ ਲੇਖਿ ॥੧॥ | And yet, if the Name of the Lord does not abide within the heart, none of it has any use or value. ‖1‖ |
| ਮੇਰੇ ਮਨ ਹਰਿ ਹਰਿ ਨਾਮੁ ਧਿਆਇ ॥ | O my mind, meditate on the Name of the Lord, Har, Har. |
| ਕਰਿ ਸੰਗਤਿ ਨਿਤ ਸਾਧ ਕੀ ਗੁਰ ਚਰਣੀ ਚਿਤੁ ਲਾਇ ॥੧॥ ਰਹਾਉ ॥ | Always keep the Company of the Holy, and focus your consciousness on the Feet of the Guru. ‖1‖Pause‖ |
| ਨਾਮੁ ਨਿਧਾਨੁ ਧਿਆਈਐ ਮਸਤਕਿ ਹੋਵੈ ਭਾਗੁ ॥ | Those who have such blessed destiny written on their foreheads meditate on the Treasure of the Naam. |
| ਕਾਰਜ ਸਭਿ ਸਵਾਰੀਅਹਿ ਗੁਰ ਕੀ ਚਰਣੀ ਲਾਗੁ ॥ | All their affairs are brought to fruition, holding onto the Guru's Feet. |
| ਹਉਮੈ ਰੋਗੁ ਭ੍ਰਮੁ ਕਟੀਐ ਨਾ ਆਵੈ ਨਾ ਜਾਗੁ ॥੨॥ | The diseases of ego and doubt are cast out; they shall not come and go in reincarnation. ‖2‖ |
| ਕਰਿ ਸੰਗਤਿ ਤੂ ਸਾਧ ਕੀ ਅਠਸਠਿ ਤੀਰਥ ਨਾਉ ॥ | Let the Saadh Sangat, the Company of the Holy, be your cleansing baths at the sixty-eight sacred shrines of pilgrimage. |
| ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ ॥ | Your soul, breath of life, mind and body shall blossom forth in lush profusion; this is the true purpose of life. |
| **੪੮** | **48** |
| ਐਥੈ ਮਿਲਹਿ ਵਡਾਈਆ ਦਰਗਹਿ ਪਾਵਹਿ ਥਾਉ ॥੩॥ | In this world you shall be blessed with greatness, and in the Court of the Lord you shall find your place of rest. ‖3‖ |
| ਕਰੇ ਕਰਾਏ ਆਪਿ ਪ੍ਰਭੁ ਸਭੁ ਕਿਛੁ ਤਿਸ ਹੀ ਹਾਥਿ ॥ | God Himself acts, and causes others to act; everything is in His Hands. |
| ਮਾਰਿ ਆਪੇ ਜੀਵਾਲਦਾ ਅੰਤਰਿ ਬਾਹਰਿ ਸਾਥਿ ॥ | He Himself bestows life and death; He is with us, within and beyond. |
| ਨਾਨਕ ਪ੍ਰਭ ਸਰਣਾਗਤੀ ਸਰਬ ਘਟਾ ਕੇ ਨਾਥ ॥੪॥੧੫॥੮੫॥ | Nanak seeks the Sanctuary of God, the Master of all hearts. ‖4‖15‖85‖ |
| ਸਿਰੀਰਾਗੁ ਮਹਲਾ ੫ ॥ | Siree Raag, Fifth Mehl: |
| ਸਰਣਿ ਪਏ ਪ੍ਰਭ ਆਪਣੇ ਗੁਰੁ ਹੋਆ ਕਿਰਪਾਲੁ ॥ | The Guru is Merciful; we seek the Sanctuary of God. |

| | |
|---|---|
| ਸਤਗੁਰ ਕੈ ਉਪਦੇਸਿਐ ਬਿਨਸੇ ਸਰਬ ਜੰਜਾਲ ॥ | Through the Teachings of the True Guru, all worldly entanglements are eliminated. |
| ਅੰਦਰੁ ਲਗਾ ਰਾਮ ਨਾਮਿ ਅੰਮ੍ਰਿਤ ਨਦਰਿ ਨਿਹਾਲੁ ॥੧॥ | The Name of the Lord is firmly implanted within my mind; through His Ambrosial Glance of Grace, I am exalted and enraptured. \|\|1\|\| |
| ਮਨ ਮੇਰੇ ਸਤਿਗੁਰ ਸੇਵਾ ਸਾਰੁ ॥ | O my mind, serve the True Guru. |
| ਕਰੇ ਦਇਆ ਪ੍ਰਭੁ ਆਪਣੀ ਇਕ ਨਿਮਖ ਨ ਮਨਹੁ ਵਿਸਾਰੁ ॥ ਰਹਾਉ ॥ | God Himself grants His Grace; do not forget Him, even for an instant. \|\|Pause\|\| |
| ਗੁਣ ਗੋਵਿੰਦ ਨਿਤ ਗਾਵੀਅਹਿ ਅਵਗੁਣ ਕਟਣਹਾਰ ॥ | Continually sing the Glorious Praises of the Lord of the Universe, the Destroyer of demerits. |
| ਬਿਨੁ ਹਰਿ ਨਾਮ ਨ ਸੁਖੁ ਹੋਇ ਕਰਿ ਡਿਠੇ ਬਿਸਥਾਰ ॥ | Without the Name of the Lord, there is no peace. Having tried all sorts of ostentatious displays, I have come to see this. |
| ਸਹਜੇ ਸਿਫਤੀ ਰਤਿਆ ਭਵਜਲੁ ਉਤਰੇ ਪਾਰਿ ॥੨॥ | Intuitively imbued with His Praises, one is saved, crossing over the terrifying world-ocean. \|\|2\|\| |
| ਤੀਰਥ ਵਰਤ ਲਖ ਸੰਜਮਾ ਪਾਈਐ ਸਾਧੂ ਧੂਰਿ ॥ | The merits of pilgrimages, fasts and hundreds of thousands of techniques of austere self-discipline are found in the dust of the feet of the Holy. |
| ਲੂਕਿ ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ ॥ | From whom are you trying to hide your actions? God sees all; |
| ਥਾਨ ਥਨੰਤਰਿ ਰਵਿ ਰਹਿਆ ਪ੍ਰਭੁ ਮੇਰਾ ਭਰਪੂਰਿ ॥੩॥ | He is Ever-present. My God is totally pervading all places and interspaces. \|\|3\|\| |
| ਸਚੁ ਪਾਤਿਸਾਹੀ ਅਮਰੁ ਸਚੁ ਸਚੇ ਸਚਾ ਥਾਨੁ ॥ | True is His Empire, and True is His Command. True is His Seat of True Authority. |
| ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ ॥ | True is the Creative Power which He has created. True is the world which He has fashioned. |
| ਨਾਨਕ ਜਪੀਐ ਸਚੁ ਨਾਮੁ ਹਉ ਸਦਾ ਸਦਾ ਕੁਰਬਾਨੁ ॥੪॥੧੬॥੮੬॥ | O Nanak, chant the True Name; I am forever and ever a sacrifice to Him. \|\|4\|\|16\|\|86\|\| |
| ਸਿਰੀਰਾਗੁ ਮਹਲਾ ੫ ॥ | Siree Raag, Fifth Mehl: |
| ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ ॥ | Make the effort, and chant the Lord’s Name. O very fortunate ones, earn this wealth. |
| ਸੰਤਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ ॥੧॥ | In the Society of the Saints, meditate in remembrance on the Lord, and wash off the filth of countless incarnations. \|\|1\|\| |

| | |
|---|---|
| ਮਨ ਮੇਰੇ ਰਾਮ ਨਾਮੁ ਜਪਿ ਜਾਪੁ ॥ | O my mind, chant and meditate on the Name of the Lord. |
| ਮਨ ਇਛੇ ਫਲ ਭੁੰਚਿ ਤੂ ਸਭੁ ਚੂਕੈ ਸੋਗੁ ਸੰਤਾਪੁ ॥ ਰਹਾਉ ॥ | Enjoy the fruits of your mind's desires; all suffering and sorrow shall depart. \|\|Pause\|\| |
| ਜਿਸੁ ਕਾਰਣਿ ਤਨੁ ਧਾਰਿਆ ਸੋ ਪ੍ਰਭੁ ਡਿਠਾ ਨਾਲਿ ॥ | For His sake, you assumed this body; see God always with you. |
| ਜਲਿ ਥਲਿ ਮਹੀਅਲਿ ਪੂਰਿਆ ਪ੍ਰਭੁ ਆਪਣੀ ਨਦਰਿ ਨਿਹਾਲਿ ॥੨॥ | God is pervading the water, the land and the sky; He sees all with His Glance of Grace. \|\|2\|\| |
| ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ ॥ | The mind and body become spotlessly pure, enshrining love for the True Lord. |
| ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨ ਹੀ ਕੀਤਿ ॥੩॥ | One who dwells upon the Feet of the Supreme Lord God has truly performed all meditations and austerities. \|\|3\|\| |
| ਰਤਨ ਜਵੇਹਰ ਮਾਣਿਕਾ ਅੰਮ੍ਰਿਤੁ ਹਰਿ ਕਾ ਨਾਉ ॥ | The Ambrosial Name of the Lord is a Gem, a Jewel, a Pearl. |
| ਸੂਖ ਸਹਜ ਆਨੰਦ ਰਸ ਜਨ ਨਾਨਕ ਹਰਿ ਗੁਣ ਗਾਉ ॥੪॥੧੭॥੮੭॥ | The essence of intuitive peace and bliss is obtained, O servant Nanak, by singing the Glories of God. \|\|4\|\|17\|\|87\|\| |
| ਸਿਰੀਰਾਗੁ ਮਹਲਾ ੫ ॥ | Siree Raag, Fifth Mehl: |
| ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ ॥ | That is the essence of the scriptures, and that is a good omen, by which one comes to chant the Name of the Lord. |
| ਚਰਣ ਕਮਲ ਗੁਰਿ ਧਨੁ ਦੀਆ ਮਿਲਿਆ ਨਿਥਾਵੇ ਥਾਉ ॥ | The Guru has given me the Wealth of the Lotus Feet of the Lord, and I, without shelter, have now obtained Shelter. |
| ਸਾਚੀ ਪੂੰਜੀ ਸਚੁ ਸੰਜਮੋ ਆਠ ਪਹਰ ਗੁਣ ਗਾਉ ॥ | The True Capital, and the True Way of Life, comes by chanting His Glories, twenty-four hours a day. |
| ਕਰਿ ਕਿਰਪਾ ਪ੍ਰਭੁ ਭੇਟਿਆ ਮਰਣੁ ਨ ਆਵਣੁ ਜਾਉ ॥੧॥ | Granting His Grace, God meets us, and we no longer die, or come or go in reincarnation. \|\|1\|\| |
| ਮੇਰੇ ਮਨ ਹਰਿ ਭਜੁ ਸਦਾ ਇਕ ਰੰਗਿ ॥ | O my mind, vibrate and meditate forever on the Lord, with single-minded love. |
| ਘਟ ਘਟ ਅੰਤਰਿ ਰਵਿ ਰਹਿਆ ਸਦਾ ਸਹਾਈ ਸੰਗਿ ॥੧॥ ਰਹਾਉ ॥ | He is contained deep within each and every heart. He is always with you, as your Helper and Support. \|\|1\|\|Pause\|\| |
| ਸੁਖਾ ਕੀ ਮਿਤਿ ਕਿਆ ਗਣੀ ਜਾ ਸਿਮਰੀ ਗੋਵਿੰਦੁ ॥ | How can I measure the happiness of meditating on the Lord of the Universe? |

| | |
|---|---|
| ਜਿਨ ਚਾਖਿਆ ਸੇ ਤ੍ਰਿਪਤਾਸਿਆ ਉਹ ਰਸੁ ਜਾਣੈ ਜਿੰਦੁ ॥ | Those who taste it are satisfied and fulfilled; their souls know this Sublime Essence. |
| ਸੰਤਾ ਸੰਗਤਿ ਮਨਿ ਵਸੈ ਪ੍ਰਭੁ ਪ੍ਰੀਤਮੁ ਬਖਸਿੰਦੁ ॥ | In the Society of the Saints, God, the Beloved, the Forgiver, comes to dwell within the mind. |
| **੪੯** | **49** |
| ਜਿਨਿ ਸੇਵਿਆ ਪ੍ਰਭੁ ਆਪਣਾ ਸੋਈ ਰਾਜ ਨਰਿੰਦੁ ॥੨॥ | One who has served his God is the emperor of kings‖2‖ |
| ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸਨਾਨੁ ॥ | This is the time to speak and sing the Praise and the Glory of God, which brings the merit of millions of cleansing and purifying baths. |
| ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ ॥ | The tongue which chants these Praises is worthy; there is no charity equal to this. |
| ਦ੍ਰਿਸਟਿ ਧਾਰਿ ਮਨਿ ਤਨਿ ਵਸੈ ਦਇਆਲ ਪੁਰਖੁ ਮਿਹਰਵਾਨੁ ॥ | Blessing us with His Glance of Grace, the Kind and Compassionate, All-powerful Lord comes to dwell within the mind and body. |
| ਜੀਉ ਪਿੰਡੁ ਧਨੁ ਤਿਸ ਦਾ ਹਉ ਸਦਾ ਸਦਾ ਕੁਰਬਾਨੁ ॥੩॥ | My soul, body and wealth are His. Forever and ever, I am a sacrifice to Him. ‖3‖ |
| ਮਿਲਿਆ ਕਦੇ ਨ ਵਿਛੁੜੈ ਜੋ ਮੇਲਿਆ ਕਰਤਾਰਿ ॥ | One whom the Creator Lord has met and joined to Himself shall never again be separated. |
| ਦਾਸਾ ਕੇ ਬੰਧਨ ਕਟਿਆ ਸਾਚੈ ਸਿਰਜਣਹਾਰਿ ॥ | The True Creator Lord breaks the bonds of His slave. |
| ਭੂਲਾ ਮਾਰਗਿ ਪਾਇਓਨੁ ਗੁਣ ਅਵਗੁਣ ਨ ਬੀਚਾਰਿ ॥ | The doubter has been put back on the path; his merits and demerits have not been considered. |
| ਨਾਨਕ ਤਿਸੁ ਸਰਣਾਗਤੀ ਜਿ ਸਗਲ ਘਟਾ ਆਧਾਰੁ ॥੪॥੧੮॥੮੮॥ | Nanak seeks the Sanctuary of the One who is the Support of every heart. ‖4‖18‖88‖ |
| ਸਿਰੀਰਾਗੁ ਮਹਲਾ ੫ ॥ | Siree Raag, Fifth Mehl: |
| ਰਸਨਾ ਸਚਾ ਸਿਮਰੀਐ ਮਨੁ ਤਨੁ ਨਿਰਮਲੁ ਹੋਇ ॥ | With your tongue, repeat the True Name, and your mind and body shall become pure. |
| ਮਾਤ ਪਿਤਾ ਸਾਕ ਅਗਲੇ ਤਿਸੁ ਬਿਨੁ ਅਵਰੁ ਨ ਕੋਇ ॥ | Your mother and father and all your relations-without Him, there are none at all. |

| | |
|---|---|
| ਮਿਹਰ ਕਰੇ ਜੇ ਆਪਣੀ ਚਸਾ ਨ ਵਿਸਰੈ ਸੋਇ ॥੧॥ | If God Himself bestows His Mercy, then He is not forgotten, even for an instant. ‖1‖ |
| ਮਨ ਮੇਰੇ ਸਾਚਾ ਸੇਵਿ ਜਿਚਰੁ ਸਾਸੁ ॥ | O my mind, serve the True One, as long as you have the breath of life. |
| ਬਿਨੁ ਸਚੇ ਸਭ ਕੂੜੁ ਹੈ ਅੰਤੇ ਹੋਇ ਬਿਨਾਸੁ ॥੧॥ ਰਹਾਉ ॥ | Without the True One, everything is false; in the end, all shall perish. ‖1‖Pause‖ |
| ਸਾਹਿਬੁ ਮੇਰਾ ਨਿਰਮਲਾ ਤਿਸੁ ਬਿਨੁ ਰਹਣੁ ਨ ਜਾਇ ॥ | My Lord and Master is Immaculate and Pure; without Him, I cannot even survive. |
| ਮੇਰੈ ਮਨਿ ਤਨਿ ਭੁਖ ਅਤਿ ਅਗਲੀ ਕੋਈ ਆਣਿ ਮਿਲਾਵੈ ਮਾਇ ॥ | Within my mind and body, there is such a great hunger; if only someone would come and unite me with Him, O my mother! |
| ਚਾਰੇ ਕੁੰਡਾ ਭਾਲੀਆ ਸਹ ਬਿਨੁ ਅਵਰੁ ਨ ਜਾਇ ॥੨॥ | I have searched the four corners of the world-without our Husband Lord, there is no other place of rest. ‖2‖ |
| ਤਿਸੁ ਆਗੈ ਅਰਦਾਸਿ ਕਰਿ ਜੋ ਮੇਲੇ ਕਰਤਾਰੁ ॥ | Offer your prayers to Him, who shall unite you with the Creator. |
| ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ ॥ | The True Guru is the Giver of the Naam; His Treasure is perfect and overflowing. |
| ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ ॥੩॥ | Forever and ever, praise the One, who has no end or limitation. ‖3‖ |
| ਪਰਵਦਗਾਰੁ ਸਾਲਾਹੀਐ ਜਿਸ ਦੇ ਚਲਤ ਅਨੇਕ ॥ | Praise God, the Nurturer and Cherisher; His Wondrous Ways are unlimited. |
| ਸਦਾ ਸਦਾ ਆਰਾਧੀਐ ਏਹਾ ਮਤਿ ਵਿਸੇਖ ॥ | Forever and ever, worship and adore Him; this is the most wonderful wisdom. |
| ਮਨਿ ਤਨਿ ਮਿਠਾ ਤਿਸੁ ਲਗੈ ਜਿਸੁ ਮਸਤਕਿ ਨਾਨਕ ਲੇਖ ॥੪॥੧੯॥੮੯॥ | O Nanak, God's Flavor is sweet to the minds and bodies of those who have such blessed destiny written on their foreheads. ‖4‖19‖89‖ |
| ਸਿਰੀਰਾਗੁ ਮਹਲਾ ੫ ॥ | Siree Raag, Fifth Mehl: |
| ਸੰਤ ਜਨਹੁ ਮਿਲਿ ਭਾਈਹੋ ਸਚਾ ਨਾਮੁ ਸਮਾਲਿ ॥ | Meet with the humble Saints, O Siblings of Destiny, and contemplate the True Name. |
| ਤੋਸਾ ਬੰਧਹੁ ਜੀਅ ਕਾ ਐਥੈ ਓਥੈ ਨਾਲਿ ॥ | For the journey of the soul, gather those supplies which will go with you here and hereafter. |

| | |
|---|---|
| ਗੁਰ ਪੂਰੇ ਤੇ ਪਾਈਐ ਅਪਣੀ ਨਦਰਿ ਨਿਹਾਲਿ ॥ | These are obtained from the Perfect Guru, when God bestows His Glance of Grace. |
| ਕਰਮਿ ਪਰਾਪਤਿ ਤਿਸੁ ਹੋਵੈ ਜਿਸ ਨੋ ਹੋਇ ਦਇਆਲੁ ॥੧॥ | Those unto whom He is Merciful, receive His Grace. \|\|1\|\| |
| ਮੇਰੇ ਮਨ ਗੁਰ ਜੇਵਡੁ ਅਵਰੁ ਨ ਕੋਇ ॥ | O my mind, there is no other as great as the Guru. |
| ਦੂਜਾ ਥਾਉ ਨ ਕੋ ਸੁਝੈ ਗੁਰ ਮੇਲੇ ਸਚੁ ਸੋਇ ॥੧॥ ਰਹਾਉ ॥ | I cannot imagine any other place. The Guru leads me to meet the True Lord. \|\|1\|\|Pause\|\| |
| ਸਗਲ ਪਦਾਰਥ ਤਿਸੁ ਮਿਲੇ ਜਿਨਿ ਗੁਰੁ ਡਿਠਾ ਜਾਇ ॥ | Those who go to see the Guru obtain all treasures. |
| ਗੁਰ ਚਰਣੀ ਜਿਨ ਮਨੁ ਲਗਾ ਸੇ ਵਡਭਾਗੀ ਮਾਇ ॥ | Those whose minds are attached to the Guru's Feet are very fortunate, O my mother. |
| ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ ॥ | The Guru is the Giver, the Guru is All-powerful. The Guru is All-pervading, contained amongst all. |
| ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ ॥੨॥ | The Guru is the Transcendent Lord, the Supreme Lord God. The Guru lifts up and saves those who are drowning. \|\|2\|\| |
| ਸਤਿਗੁਰੁ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ ॥੪॥ | The True Guru is the only boat on this terrifying ocean. His Glance of Grace carries us across. \|\|4\|\| |
| ਇਕੁ ਤਿਲੁ ਪਿਆਰਾ ਵਿਸਰੈ ਦੁਖੁ ਲਾਗੈ ਸੁਖੁ ਜਾਇ ॥ | If I forget my Beloved, even for an instant, suffering overtakes me and peace departs. |
| ਜਿਹਵਾ ਜਲਉ ਜਲਾਵਣੀ ਨਾਮੁ ਨ ਜਪੈ ਰਸਾਇ ॥ | Let that tongue be burnt in flames, which does not chant the Naam with love. |
| ਘਟੁ ਬਿਨਸੈ ਦੁਖੁ ਅਗਲੋ ਜਮੁ ਪਕੜੈ ਪਛੁਤਾਇ ॥੫॥ | When the pitcher of the body bursts, there is terrible pain; those who are caught by the Minister of Death regret and repent. \|\|5\|\| |
| ਮੇਰੀ ਮੇਰੀ ਕਰਿ ਗਏ ਤਨੁ ਧਨੁ ਕਲਤੁ ਨ ਸਾਥਿ ॥ | Crying out, "Mine! Mine!", they have departed, but their bodies, their wealth, and their wives did not go with them. |
| ਬਿਨੁ ਨਾਵੈ ਧਨੁ ਬਾਦਿ ਹੈ ਭੂਲੋ ਮਾਰਗਿ ਆਥਿ ॥ | Without the Name, wealth is useless; deceived by wealth, they have lost their way. |
| ਸਾਚਉ ਸਾਹਿਬੁ ਸੇਵੀਐ ਗੁਰਮੁਖਿ ਅਕਥੋ ਕਾਥਿ ॥੬॥ | So serve the True Lord; become Gurmukh, and speak the Unspoken. \|\|6\|\| |
| ਆਵੈ ਜਾਇ ਭਵਾਈਐ ਪਇਐ ਕਿਰਤਿ ਕਮਾਇ ॥ | Coming and going, people wander through reincarnation; they act according to their past actions. |
| ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ ॥ | How can one's pre-ordained destiny be erased? It is written in accordance with the Lord's Will. |
| ਬਿਨੁ ਹਰਿ ਨਾਮ ਨ ਛੁਟੀਐ ਗੁਰਮਤਿ ਮਿਲੈ ਮਿਲਾਇ ॥੭॥ | Without the Name of the Lord, no one can be saved. Through the Guru's Teachings, we are united in His Union. \|\|7\|\| |

ਤਿਸੁ ਬਿਨੁ ਮੇਰਾ ਕੋ ਨਹੀ ਜਿਸ ਕਾ ਜੀਉ ਪਰਾਨੁ ॥

Without Him, I have no one to call my own. My soul and my breath of life belong to Him.

ਹਉਮੈ ਮਮਤਾ ਜਲਿ ਬਲਉ ਲੋਭੁ ਜਲਉ ਅਭਿਮਾਨੁ ॥

May my egotism and possessiveness be burnt to ashes, and my greed and egotistical pride consigned to the fire.

ਨਾਨਕ ਸਬਦੁ ਵੀਚਾਰੀਐ ਪਾਈਐ ਗੁਣੀ ਨਿਧਾਨੁ ॥੮॥੧੦॥

O Nanak, contemplating the Shabad, the Treasure of Excellence is obtained. ||8||10||

ਸਿਰੀਰਾਗੁ ਮਹਲਾ ੧ ॥

Siree Raag, First Mehl:

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ ॥

O mind, love the Lord, as the lotus loves the water.

ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ ॥

Tossed about by the waves, it still blossoms with love.

ਜਲ ਮਹਿ ਜੀਅ ਉਪਾਇ ਕੈ ਬਿਨੁ ਜਲ ਮਰਣੁ ਤਿਨੇਹਿ ॥੧॥

In the water, the creatures are created; outside of the water they die. ||1||

## ੬੦

## 60

ਮਨ ਰੇ ਕਿਉ ਛੂਟਹਿ ਬਿਨੁ ਪਿਆਰ ॥

O mind, how can you be saved without love?

ਗੁਰਮੁਖਿ ਅੰਤਰਿ ਰਵਿ ਰਹਿਆ ਬਖਸੇ ਭਗਤਿ ਭੰਡਾਰ ॥੧॥ ਰਹਾਉ ॥

God permeates the inner beings of the Gurmukhs. They are blessed with the treasure of devotion. ||1||Pause||

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ ॥

O mind, love the Lord, as the fish loves the water.

ਜਿਉ ਅਧਿਕਉ ਤਿਉ ਸੁਖੁ ਘਣੋ ਮਨਿ ਤਨਿ ਸਾਂਤਿ ਸਰੀਰ ॥

The more the water, the more the happiness, and the greater the peace of mind and body.

ਬਿਨੁ ਜਲ ਘੜੀ ਨ ਜੀਵਈ ਪ੍ਰਭੁ ਜਾਣੈ ਅਭ ਪੀਰ ॥੨॥

Without water, she cannot live, even for an instant. God knows the suffering of her mind. ||2||

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ ॥

O mind, love the Lord, as the song-bird loves the rain.

ਸਰ ਭਰਿ ਥਲ ਹਰੀਆਵਲੇ ਇਕ ਬੂੰਦ ਨ ਪਵਈ ਕੇਹ ॥

The pools are overflowing with water, and the land is luxuriantly green, but what are they to her, if that single drop of rain does not fall into her mouth?

ਕਰਮਿ ਮਿਲੈ ਸੋ ਪਾਈਐ ਕਿਰਤੁ ਪਇਆ ਸਿਰਿ ਦੇਹ ॥੩॥

By His Grace, she receives it; otherwise, because of her past actions, she gives her head. ||3||

| | |
|---|---|
| ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ ॥ | O mind, love the Lord, as the water loves the milk. |
| ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ ॥ | The water, added to the milk, itself bears the heat, and prevents the milk from burning. |
| ਆਪੇ ਮੇਲਿ ਵਿਛੁੰਨਿਆ ਸਚਿ ਵਡਿਆਈ ਦੇਇ ॥੪॥ | God unites the separated ones with Himself again, and blesses them with true greatness. \|\|4\|\| |
| ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ ॥ | O mind, love the Lord, as the chakvee duck loves the sun. |
| ਖਿਨੁ ਪਲੁ ਨੀਦ ਨ ਸੋਵਈ ਜਾਣੈ ਦੂਰਿ ਹਜੂਰਿ ॥ | She does not sleep, for an instant or a moment; the sun is so far away, but she thinks that it is near. |
| ਮਨਮੁਖਿ ਸੋਝੀ ਨਾ ਪਵੈ ਗੁਰਮੁਖਿ ਸਦਾ ਹਜੂਰਿ ॥੫॥ | Understanding does not come to the self-willed manmukh. But to the Gurmukh, the Lord is always close. \|\|5\|\| |
| ਮਨਮੁਖਿ ਗਣਤ ਗਣਾਵਣੀ ਕਰਤਾ ਕਰੇ ਸੁ ਹੋਇ ॥ | The self-willed manmukhs make their calculations and plans, but only the actions of the Creator come to pass. |
| ਤਾ ਕੀ ਕੀਮਤਿ ਨਾ ਪਵੈ ਜੇ ਲੋਚੈ ਸਭੁ ਕੋਇ ॥ | His Value cannot be estimated, even though everyone may wish to do so. |
| ਗੁਰਮਤਿ ਹੋਇ ਤ ਪਾਈਐ ਸਚਿ ਮਿਲੈ ਸੁਖੁ ਹੋਇ ॥੬॥ | Through the Guru's Teachings, it is revealed. Meeting with the True One, peace is found. \|\|6\|\| |
| ਸਚਾ ਨੇਹੁ ਨ ਤੁਟਈ ਜੇ ਸਤਿਗੁਰੁ ਭੇਟੈ ਸੋਇ ॥ | True love shall not be broken, if the True Guru is met. |
| ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ ॥ | Obtaining the wealth of spiritual wisdom, the understanding of the three worlds is acquired. |
| ਨਿਰਮਲੁ ਨਾਮੁ ਨ ਵੀਸਰੈ ਜੇ ਗੁਣ ਕਾ ਗਾਹਕੁ ਹੋਇ ॥੭॥ | So become a customer of merit, and do not forget the Immaculate Naam, the Name of the Lord. \|\|7\|\| |
| ਖੇਲਿ ਗਏ ਸੇ ਪੰਖਣੂੰ ਜੋ ਚੁਗਦੇ ਸਰ ਤਲਿ ॥ | Those birds which peck at the shore of the pool have played and have departed. |
| ਘੜੀ ਕਿ ਮੁਹਤਿ ਕਿ ਚਲਣਾ ਖੇਲਣੁ ਅਜੁ ਕਿ ਕਲਿ ॥ | In a moment, in an instant, we too must depart. Our play is only for today or tomorrow. |
| ਜਿਸੁ ਤੂੰ ਮੇਲਹਿ ਸੋ ਮਿਲੈ ਜਾਇ ਸਚਾ ਪਿੜੁ ਮਲਿ ॥੮॥ | But those whom You unite, Lord, are united with You; they obtain a seat in the Arena of Truth. \|\|8\|\| |
| ਬਿਨੁ ਗੁਰ ਪ੍ਰੀਤਿ ਨ ਊਪਜੈ ਹਉਮੈ ਮੈਲੁ ਨ ਜਾਇ ॥ | Without the Guru, love does not well up, and the filth of egotism does not depart. |

| | |
|---|---|
| ਸੋਹੰ ਆਪੁ ਪਛਾਣੀਐ ਸਬਦਿ ਭੇਦਿ ਪਤੀਆਇ ॥ | One who recognizes within himself that, “He is me”, and who is pierced through by the Shabad, is satisfied. |
| ਗੁਰਮੁਖਿ ਆਪੁ ਪਛਾਣੀਐ ਅਵਰ ਕਿ ਕਰੇ ਕਰਾਇ ॥੯॥ | When one becomes Gurmukh and realizes his own self, what more is there left to do or have done? ‖9‖ |
| ਮਿਲਿਆ ਕਾ ਕਿਆ ਮੇਲੀਐ ਸਬਦਿ ਮਿਲੇ ਪਤੀਆਇ ॥ | Why speak of union to those who are already united with the Lord? Receiving the Shabad, they are satisfied. |
| ਮਨਮੁਖਿ ਸੋਝੀ ਨਾ ਪਵੈ ਵੀਛੁੜਿ ਚੋਟਾ ਖਾਇ ॥ | The self-willed manmukhs do not understand; separated from Him, they endure beatings. |
| ਨਾਨਕ ਦਰੁ ਘਰੁ ਏਕੁ ਹੈ ਅਵਰੁ ਨ ਦੂਜੀ ਜਾਇ ॥੧੦॥੧੧॥ | O Nanak, there is only the one door to His Home; there is no other place at all. ‖10‖11‖ |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ ॥ | The self-willed manmukhs wander around, deluded and deceived. They find no place of rest. |
| ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥ | Without the Guru, no one is shown the Way. Like the blind, they continue coming and going. |
| ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧॥ | Having lost the treasure of spiritual wisdom, they depart, defrauded and plundered. ‖1‖ |
| ਬਾਬਾ ਮਾਇਆ ਭਰਮਿ ਭੁਲਾਇ ॥ | O Baba, Maya deceives with its illusion. |
| ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥ | Deceived by doubt, the discarded bride is not received into the Lap of her Beloved. ‖1‖Pause‖ |
| ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ ॥ | The deceived bride wanders around in foreign lands; she leaves, and abandons her own home. |
| ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ ॥ | Deceived, she climbs the plateaus and mountains; her mind wavers in doubt. |
| ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ ॥੨॥ | Separated from the Primal Being, how can she meet with Him again? Plundered by pride, she cries out and bewails. ‖2‖ |
| ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮ ਪਿਆਰਿ ॥ | The Guru unites the separated ones with the Lord again, through the love of the Delicious Name of the Lord. |

| ੬੧ | 61 |
|---|---|
| ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਧਾਰਿ ॥ | Through truth and intuitive poise, great honor is obtained, with the Support of the Naam and the Glory of the Lord. |
| ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ ॥੩॥ | As it pleases You, Lord, please save and protect me. Without You, O my Husband Lord, who else is there for me? ‖3‖ |
| ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥ | Reading their books over and over again, people continue making mistakes; they are so proud of their religious robes. |
| ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥ | But what is the use of bathing at sacred shrines of pilgrimage, when the filth of stubborn pride is within the mind? |
| ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥੪॥ | Other than the Guru, who can explain that within the mind is the Lord, the King, the Emperor? ‖4‖ |
| ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥ | The Treasure of the Lord's Love is obtained by the Gurmukh, who contemplates the essence of reality. |
| ਸਾ ਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰੁ ॥ | The bride eradicates her selfishness, and adorns herself with the Word of the Guru's Shabad. |
| ਘਰ ਹੀ ਸੋ ਪਿਰੁ ਪਾਇਆ ਗੁਰ ਕੈ ਹੇਤਿ ਅਪਾਰੁ ॥੫॥ | Within her own home, she finds her Husband, through infinite love for the Guru. ‖5‖ |
| ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥ | Applying oneself to the service of the Guru, the mind is purified, and peace is obtained. |
| ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥ | The Word of the Guru's Shabad abides within the mind, and egotism is eliminated from within. |
| ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥੬॥ | The Treasure of the Naam is acquired, and the mind reaps the lasting profit. ‖6‖ |
| ਕਰਮਿ ਮਿਲੈ ਤਾ ਪਾਈਐ ਆਪਿ ਨ ਲਇਆ ਜਾਇ ॥ | If He grants His Grace, then we obtain it. We cannot find it by our own efforts. |
| ਗੁਰ ਕੀ ਚਰਣੀ ਲਗਿ ਰਹੁ ਵਿਚਹੁ ਆਪੁ ਗਵਾਇ ॥ | Remain attached to the Feet of the Guru, and eradicate selfishness from within. |
| ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥੭॥ | Attuned to Truth, you shall obtain the True One. ‖7‖ |
| ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥ | Everyone makes mistakes; only the Guru and the Creator are infallible. |

| | |
|---|---|
| ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ ॥ | One who instructs his mind with the Guru's Teachings comes to embrace love for the Lord. |
| ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ ॥੮॥੧੨॥ | O Nanak, do not forget the Truth; you shall receive the Infinite Word of the Shabad. \|\|8\|\|12\|\| |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ ॥ | The enticing desire for Maya leads people to become emotionally attached to their children, relatives, households and spouses. |
| ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ ॥ | The world is deceived and plundered by riches, youth, greed and egotism. |
| ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ ॥੧॥ | The drug of emotional attachment has destroyed me, as it has destroyed the whole world. \|\|1\|\| |
| ਮੇਰੇ ਪ੍ਰੀਤਮਾ ਮੈ ਤੁਝ ਬਿਨੁ ਅਵਰੁ ਨ ਕੋਇ ॥ | O my Beloved, I have no one except You. |
| ਮੈ ਤੁਝ ਬਿਨੁ ਅਵਰੁ ਨ ਭਾਵਈ ਤੂੰ ਭਾਵਹਿ ਸੁਖੁ ਹੋਇ ॥੧॥ ਰਹਾਉ ॥ | Without You, nothing else pleases me. Loving You, I am at peace. \|\|1\|\|Pause\|\| |
| ਨਾਮੁ ਸਾਲਾਹੀ ਰੰਗ ਸਿਉ ਗੁਰ ਕੈ ਸਬਦਿ ਸੰਤੋਖੁ ॥ | I sing the Praises of the Naam, the Name of the Lord, with love; I am content with the Word of the Guru's Shabad. |
| ਜੋ ਦੀਸੈ ਸੋ ਚਲਸੀ ਕੂੜਾ ਮੋਹੁ ਨ ਵੇਖੁ ॥ | Whatever is seen shall pass away. So do not be attached to this false show. |
| ਵਾਟ ਵਟਾਊ ਆਇਆ ਨਿਤ ਚਲਦਾ ਸਾਥੁ ਦੇਖੁ ॥੨॥ | Like a traveller in his travels, you have come. Behold the caravan leaving each day. \|\|2\|\| |
| ਆਖਣਿ ਆਖਹਿ ਕੇਤੜੇ ਗੁਰ ਬਿਨੁ ਬੂਝ ਨ ਹੋਇ ॥ | Many preach sermons, but without the Guru, understanding is not obtained. |
| ਨਾਮੁ ਵਡਾਈ ਜੇ ਮਿਲੈ ਸਚਿ ਰਪੈ ਪਤਿ ਹੋਇ ॥ | If someone receives the Glory of the Naam, he is attuned to truth and blessed with honor. |
| ਜੋ ਤੁਧੁ ਭਾਵਹਿ ਸੇ ਭਲੇ ਖੋਟਾ ਖਰਾ ਨ ਕੋਇ ॥੩॥ | Those who are pleasing to You are good; no one is counterfeit or genuine. \|\|3\|\| |
| ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥ | In the Guru's Sanctuary we are saved. The assets of the self-willed manmukhs are false. |
| ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ ॥ | The eight metals of the King are made into coins by the Word of His Shabad. |

ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ ॥੪॥

The Assayer Himself assays them, and He places the genuine ones in His Treasury. ||4||

ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕਿ ਵਜਾਇ ॥

Your Value cannot be appraised; I have seen and tested everything.

ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ ॥

By speaking, His Depth cannot be found. Abiding in truth, honor is obtained.

ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ ॥੫॥

Through the Guru's Teachings, I praise You; otherwise, I cannot describe Your Value. ||5||

ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥

That body which does not appreciate the Naam-that body is infested with egotism and conflict.

ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥

Without the Guru, spiritual wisdom is not obtained; other tastes are poison.

ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥

Without virtue, nothing is of any use. The taste of Maya is bland and insipid. ||6||

ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ ॥

Through desire, people are cast into the womb and reborn. Through desire, they taste the sweet and sour flavors.

ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ ॥

Bound by desire, they are led on, beaten and struck on their faces and mouths.

ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ ਨਾਇ ॥੭॥

Bound and gagged and assaulted by evil, they are released only through the Name, through the Guru's Teachings. ||7||

## ੬੨ / 62

ਸਰਬੇ ਥਾਈ ਏਕੁ ਤੂੰ ਜਿਉ ਭਾਵੈ ਤਿਉ ਰਾਖੁ ॥

In all places, You are the One and Only. As it pleases You, Lord, please save and protect me!

ਗੁਰਮਤਿ ਸਾਚਾ ਮਨਿ ਵਸੈ ਨਾਮੁ ਭਲੋ ਪਤਿ ਸਾਖੁ ॥

Through the Guru's Teachings, the True One abides within the mind. The Companionship of the Naam brings the most excellent honor.

ਹਉਮੈ ਰੋਗੁ ਗਵਾਈਐ ਸਬਦਿ ਸਚੈ ਸਚੁ ਭਾਖੁ ॥੮॥

Eradicate the disease of egotism, and chant the True Shabad, the Word of the True Lord. ||8||

ਆਕਾਸੀ ਪਾਤਾਲਿ ਤੂੰ ਤ੍ਰਿਭਵਣਿ ਰਹਿਆ ਸਮਾਇ ॥

You are pervading throughout the Akaashic Ethers, the nether regions and the three worlds.

ਆਪੇ ਭਗਤੀ ਭਾਉ ਤੂੰ ਆਪੇ ਮਿਲਹਿ ਮਿਲਾਇ ॥

You Yourself are bhakti, loving devotional worship. You Yourself unite us in Union with Yourself.

| | |
|---|---|
| ਨਾਨਕ ਨਾਮੁ ਨ ਵੀਸਰੈ ਜਿਉ ਭਾਵੈ ਤਿਵੈ ਰਜਾਇ ॥੯॥੧੩॥ | O Nanak, may I never forget the Naam! As is Your Pleasure, so is Your Will. ‖9‖13‖ |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਰਾਮ ਨਾਮਿ ਮਨੁ ਬੇਧਿਆ ਅਵਰੁ ਕਿ ਕਰੀ ਵੀਚਾਰੁ ॥ | My mind is pierced through by the Name of the Lord. What else should I contemplate? |
| ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ ॥ | Focusing your awareness on the Shabad, happiness wells up. Attuned to God, the most excellent peace is found. |
| ਜਿਉ ਭਾਵੈ ਤਿਉ ਰਾਖੁ ਤੂੰ ਮੈ ਹਰਿ ਨਾਮੁ ਅਧਾਰੁ ॥੧॥ | As it pleases You, please save me, Lord. The Name of the Lord is my Support. ‖1‖ |
| ਮਨ ਰੇ ਸਾਚੀ ਖਸਮ ਰਜਾਇ ॥ | O mind, the Will of our Lord and Master is true. |
| ਜਿਨਿ ਤਨੁ ਮਨੁ ਸਾਜਿ ਸੀਗਾਰਿਆ ਤਿਸੁ ਸੇਤੀ ਲਿਵ ਲਾਇ ॥੧॥ ਰਹਾਉ ॥ | Focus your love upon the One who created and adorned your body and mind. ‖1‖Pause‖ |
| ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ ॥ | If I cut my body into pieces, and burn them in the fire, |
| ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ ॥ | and if I make my body and mind into firewood, and night and day burn them in the fire, |
| ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥੨॥ | and if I perform hundreds of thousands and millions of religious rituals-still, all these are not equal to the Name of the Lord. ‖2‖ |
| ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ ॥ | If my body were cut in half, if a saw was put to my head, |
| ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥ | and if my body were frozen in the Himalayas-even then, my mind would not be free of disease. |
| ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥੩॥ | None of these are equal to the Name of the Lord. I have seen and tried and tested them all. ‖3‖ |
| ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥ | If I made a donation of castles of gold, and gave lots of fine horses and wondrous elephants in charity, |
| ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥ | and if I made donations of land and cows-even then, pride and ego would still be within me. |

| | |
|---|---|
| ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥੪॥ | The Name of the Lord has pierced my mind; the Guru has given me this true gift. ‖4‖ |
| ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥ | There are so many stubborn-minded intelligent people, and so many who contemplate the Vedas. |
| ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥ | There are so many entanglements for the soul. Only as Gurmukh do we find the Gate of Liberation. |
| ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥ | Truth is higher than everything; but higher still is truthful living. ‖5‖ |
| ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥ | Call everyone exalted; no one seems lowly. |
| ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥ | The One Lord has fashioned the vessels, and His One Light pervades the three worlds. |
| ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ॥੬॥ | Receiving His Grace, we obtain Truth. No one can erase His Primal Blessing. ‖6‖ |
| ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥ | When one Holy person meets another Holy person, they abide in contentment, through the Love of the Guru. |
| ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥ | They contemplate the Unspoken Speech, merging in absorption in the True Guru. |
| ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ ॥੭॥ | Drinking in the Ambrosial Nectar, they are contented; they go to the Court of the Lord in robes of honor. ‖7‖ |
| ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥ | In each and every heart the Music of the Lord's Flute vibrates, night and day, with sublime love for the Shabad. |
| ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ ॥ | Only those few who become Gurmukh understand this by instructing their minds. |
| ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ ॥੮॥੧੪॥ | O Nanak, do not forget the Naam. Practicing the Shabad you shall be saved. ‖8‖14‖ |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਚਿਤੇ ਦਿਸਹਿ ਧਉਲਹਰ ਬਗੇ ਬੰਕ ਦੁਆਰ ॥ | There are painted mansions to behold, white-washed, with beautiful doors; |
| ਕਰਿ ਮਨ ਖੁਸੀ ਉਸਾਰਿਆ ਦੂਜੈ ਹੇਤਿ ਪਿਆਰਿ ॥ | they were constructed to give pleasure to the mind, but this is only for the sake of the love of duality. |

| | |
|---|---|
| ਅੰਦਰੁ ਖਾਲੀ ਪ੍ਰੇਮ ਬਿਨੁ ਢਹਿ ਢੇਰੀ ਤਨੁ ਛਾਰੁ ॥੧॥ | The inner being is empty without love. The body shall crumble into a heap of ashes. \|\|1\|\| |
| ਭਾਈ ਰੇ ਤਨੁ ਧਨੁ ਸਾਥਿ ਨ ਹੋਇ ॥ | O Siblings of Destiny, this body and wealth shall not go along with you. |
| ਰਾਮ ਨਾਮੁ ਧਨੁ ਨਿਰਮਲੋ ਗੁਰੁ ਦਾਤਿ ਕਰੇ ਪ੍ਰਭੁ ਸੋਇ ॥੧॥ ਰਹਾਉ ॥ | The Lord's Name is the pure wealth; through the Guru, God bestows this gift. \|\|1\|\|Pause\|\| |
| ਰਾਮ ਨਾਮੁ ਧਨੁ ਨਿਰਮਲੋ ਜੇ ਦੇਵੈ ਦੇਵਣਹਾਰੁ ॥ | The Lord's Name is the pure wealth; it is given only by the Giver. |
| ਆਗੈ ਪੂਛ ਨ ਹੋਵਈ ਜਿਸੁ ਬੇਲੀ ਗੁਰੁ ਕਰਤਾਰੁ ॥ | One who has the Guru, the Creator, as his Friend, shall not be questioned hereafter. |
| ਆਪਿ ਛਡਾਏ ਛੁਟੀਐ ਆਪੇ ਬਖਸਣਹਾਰੁ ॥੨॥ | He Himself delivers those who are delivered. He Himself is the Forgiver. \|\|2\|\| |
| **੬੩** | **63** |
| ਮਨਮੁਖੁ ਜਾਣੈ ਆਪਣੇ ਧੀਆ ਪੂਤ ਸੰਜੋਗੁ ॥ | The self-willed manmukh looks upon his daughters, sons and relatives as his own. |
| ਨਾਰੀ ਦੇਖਿ ਵਿਗਾਸੀਅਹਿ ਨਾਲੇ ਹਰਖੁ ਸੁ ਸੋਗੁ ॥ | Gazing upon his wife, he is pleased. But along with happiness, they bring grief. |
| ਗੁਰਮੁਖਿ ਸਬਦਿ ਰੰਗਾਵਲੇ ਅਹਿਨਿਸਿ ਹਰਿ ਰਸੁ ਭੋਗੁ ॥੩॥ | The Gurmukhs are attuned to the Word of the Shabad. Day and night, they enjoy the Sublime Essence of the Lord. \|\|3\|\| |
| ਚਿਤੁ ਚਲੈ ਵਿਤੁ ਜਾਵਣੋ ਸਾਕਤ ਡੋਲਿ ਡੋਲਾਇ ॥ | The consciousness of the wicked, faithless cynics wanders around in search of transitory wealth, unstable and distracted. |
| ਬਾਹਰਿ ਢੂੰਢਿ ਵਿਗੁਚੀਐ ਘਰ ਮਹਿ ਵਸਤੁ ਸੁਥਾਇ ॥ | Searching outside of themselves, they are ruined; the object of their search is in that sacred place within the home of the heart. |
| ਮਨਮੁਖਿ ਹਉਮੈ ਕਰਿ ਮੁਸੀ ਗੁਰਮੁਖਿ ਪਲੈ ਪਾਇ ॥੪॥ | The self-willed manmukhs, in their ego, miss it; the Gurmukhs receive it in their laps. \|\|4\|\| |
| ਸਾਕਤ ਨਿਰਗੁਣਿਆਰਿਆ ਆਪਣਾ ਮੂਲੁ ਪਛਾਣੁ ॥ | You worthless, faithless cynic-recognize your own origin! |
| ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ ॥ | This body is made of blood and semen. It shall be consigned to the fire in the end. |

| | |
|---|---|
| ਪਵਣੈ ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ ॥੫॥ | The body is under the power of the breath, according to the True Sign inscribed upon your forehead. \|\|5\|\| |
| ਬਹੁਤਾ ਜੀਵਣੁ ਮੰਗੀਐ ਮੁਆ ਨ ਲੋੜੈ ਕੋਇ ॥ | Everyone begs for a long life-no one wishes to die. |
| ਸੁਖ ਜੀਵਣੁ ਤਿਸੁ ਆਖੀਐ ਜਿਸੁ ਗੁਰਮੁਖਿ ਵਸਿਆ ਸੋਇ ॥ | A life of peace and comfort comes to that Gurmukh, within whom God dwells. |
| ਨਾਮ ਵਿਹੂਣੇ ਕਿਆ ਗਣੀ ਜਿਸੁ ਹਰਿ ਗੁਰ ਦਰਸੁ ਨ ਹੋਇ ॥੬॥ | Without the Naam, what good are those who do not have the Blessed Vision, the Darshan of the Lord and Guru? \|\|6\|\| |
| ਜਿਉ ਸੁਪਨੈ ਨਿਸਿ ਭੁਲੀਐ ਜਬ ਲਗਿ ਨਿਦ੍ਰਾ ਹੋਇ ॥ | In their dreams at night, people wander around as long as they sleep; |
| ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ ॥ | just so, they are under the power of the snake Maya, as long as their hearts are filled with ego and duality. |
| ਗੁਰਮਤਿ ਹੋਇ ਵੀਚਾਰੀਐ ਸੁਪਨਾ ਇਹੁ ਜਗੁ ਲੋਇ ॥੭॥ | Through the Guru's Teachings, they come to understand and see that this world is just a dream. \|\|7\|\| |
| ਅਗਨਿ ਮਰੈ ਜਲੁ ਪਾਈਐ ਜਿਉ ਬਾਰਿਕ ਦੂਧੈ ਮਾਇ ॥ | As thirst is quenched with water, and the baby is satisfied with mother's milk, |
| ਬਿਨੁ ਜਲ ਕਮਲ ਸੁ ਨਾ ਥੀਐ ਬਿਨੁ ਜਲ ਮੀਨੁ ਮਰਾਇ ॥ | and as the lotus does not exist without water, and as the fish dies without water |
| ਨਾਨਕ ਗੁਰਮੁਖਿ ਹਰਿ ਰਸਿ ਮਿਲੈ ਜੀਵਾ ਹਰਿ ਗੁਣ ਗਾਇ ॥੮॥੧੫॥ | -O Nanak, so does the Gurmukh live, receiving the Sublime Essence of the Lord, and singing the Glorious Praises of the Lord. \|\|8\|\|15\|\| |
| ਸਿਰੀਰਾਗੁ ਮਹਲਾ ੧ ॥ | Siree Raag, First Mehl: |
| ਡੂੰਗਰੁ ਦੇਖਿ ਡਰਾਵਣੋ ਪੇਈਅੜੈ ਡਰੀਆਸੁ ॥ | Beholding the terrifying mountain in this world of my father's home, I am terrified. |
| ਊਚਉ ਪਰਬਤੁ ਗਾਖੜੋ ਨਾ ਪਉੜੀ ਤਿਤੁ ਤਾਸੁ ॥ | It is so difficult to climb this high mountain; there is no ladder which reaches up there. |
| ਗੁਰਮੁਖਿ ਅੰਤਰਿ ਜਾਣਿਆ ਗੁਰਿ ਮੇਲੀ ਤਰੀਆਸੁ ॥੧॥ | But as Gurmukh, I know that it is within my self; the Guru has brought me to Union, and so I cross over. \|\|1\|\| |
| ਭਾਈ ਰੇ ਭਵਜਲੁ ਬਿਖਮੁ ਡਰਾਂਉ ॥ | O Siblings of Destiny, the terrifying world-ocean is so difficult to cross-I am terrified! |
| ਪੂਰਾ ਸਤਿਗੁਰੁ ਰਸਿ ਮਿਲੈ ਗੁਰੁ ਤਾਰੇ ਹਰਿ ਨਾਉ ॥੧॥ ਰਹਾਉ ॥ | The Perfect True Guru, in His Pleasure, has met with me; the Guru has saved me, through the Name of the Lord. \|\|1\|\|Pause\|\| |

| | |
|---|---|
| ਚਲਾ ਚਲਾ ਜੇ ਕਰੀ ਜਾਣਾ ਚਲਣਹਾਰੁ ॥ | I may say, "I am going, I am going", but I know that, in the end, I must really go. |
| ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ ॥ | Whoever comes must also go. Only the Guru and the Creator are Eternal. |
| ਭੀ ਸਚਾ ਸਾਲਾਹਣਾ ਸਚੈ ਥਾਨਿ ਪਿਆਰੁ ॥੨॥ | So praise the True One continually, and love His Place of Truth. \|\|2\|\| |
| ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ ॥ | Beautiful gates, houses and palaces, solidly built forts, |
| ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ ॥ | elephants, saddled horses, hundreds of thousands of uncounted armies |
| ਕਿਸ ਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ ॥੩॥ | -none of these will go along with anyone in the end, and yet, the fools bother themselves to exhaustion with these, and then die. \|\|3\|\| |
| ਸੁਇਨਾ ਰੁਪਾ ਸੰਚੀਐ ਮਾਲੁ ਜਾਲੁ ਜੰਜਾਲੁ ॥ | You may gather gold and sliver, but wealth is just a net of entanglement. |
| ਸਭ ਜਗ ਮਹਿ ਦੋਹੀ ਫੇਰੀਐ ਬਿਨੁ ਨਾਵੈ ਸਿਰਿ ਕਾਲੁ ॥ | You may beat the drum and proclaim authority over the whole world, but without the Name, death hovers over your head. |
| ਪਿੰਡੁ ਪੜੈ ਜੀਉ ਖੇਲਸੀ ਬਦਫੈਲੀ ਕਿਆ ਹਾਲੁ ॥੪॥ | When the body falls, the play of life is over; what shall be the condition of the evil-doers then? \|\|4\|\| |
| ਪੁਤਾ ਦੇਖਿ ਵਿਗਸੀਐ ਨਾਰੀ ਸੇਜ ਭਤਾਰ ॥ | The husband is delighted seeing his sons, and his wife upon his bed. |
| ਚੋਆ ਚੰਦਨੁ ਲਾਈਐ ਕਾਪੜੁ ਰੂਪੁ ਸੀਗਾਰੁ ॥ | He applies sandalwood and scented oils, and dresses himself in his beautiful clothes. |
| ਖੇਹੂ ਖੇਹ ਰਲਾਈਐ ਛੋਡਿ ਚਲੈ ਘਰ ਬਾਰੁ ॥੫॥ | But dust shall mix with dust, and he shall depart, leaving hearth and home behind. \|\|5\|\| |
| ਮਹਰ ਮਲੂਕ ਕਹਾਈਐ ਰਾਜਾ ਰਾਉ ਕਿ ਖਾਨੁ ॥ | He may be called a chief, an emperor, a king, a governor or a lord; |
| ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨ ॥ | he may present himself as a leader or a chief, but this just burns him in the fire of egotistical pride. |
| ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ ਕਾਨੁ ॥੬॥ | The self-willed manmukh has forgotten the Naam. He is like straw, burning in the forest fire. \|\|6\|\| |

| | |
|---|---|
| ਹਉਮੈ ਕਰਿ ਕਰਿ ਜਾਇਸੀ ਜੋ ਆਇਆ ਜਗ ਮਾਹਿ ॥ | Whoever comes into the world and indulges in ego, must depart. |
| **੬੪** | **64** |
| ਸਭੁ ਜਗੁ ਕਾਜਲ ਕੋਠੜੀ ਤਨੁ ਮਨੁ ਦੇਹ ਸੁਆਹਿ ॥ | The whole world is a store-house of lamp-black; the body and mind are blackened with it. |
| ਗੁਰਿ ਰਾਖੇ ਸੇ ਨਿਰਮਲੇ ਸਬਦਿ ਨਿਵਾਰੀ ਭਾਹਿ ॥੭॥ | Those who are saved by the Guru are immaculate and pure; through the Word of the Shabad, they extinguish the fire of desire. \|\|7\|\| |
| ਨਾਨਕ ਤਰੀਐ ਸਚਿ ਨਾਮਿ ਸਿਰਿ ਸਾਹਾ ਪਾਤਿਸਾਹੁ ॥ | O Nanak, they swim across with the True Name of the Lord, the King above the heads of kings. |
| ਮੈ ਹਰਿ ਨਾਮੁ ਨ ਵੀਸਰੈ ਹਰਿ ਨਾਮੁ ਰਤਨੁ ਵੇਸਾਹੁ ॥ | May I never forget the Name of the Lord! I have purchased the Jewel of the Lord's Name. |
| ਮਨਮੁਖ ਭਉਜਲਿ ਪਚਿ ਮੁਏ ਗੁਰਮੁਖਿ ਤਰੇ ਅਥਾਹੁ ॥੮॥੧੬॥ | The self-willed manmukhs putrefy and die in the terrifying world-ocean, while the Gurmukhs cross over the bottomless ocean. \|\|8\|\|16\|\| |
| ਸਿਰੀਰਾਗੁ ਮਹਲਾ ੧ ਘਰੁ ੨ ॥ | Siree Raag, First Mehl, Second House: |
| ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ ॥ | They have made this their resting place and they sit at home, but the urge to depart is always there. |
| ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ ॥੧॥ | This would be known as a lasting place of rest, only if they were to remain stable and unchanging. \|\|1\|\| |
| ਦੁਨੀਆ ਕੈਸਿ ਮੁਕਾਮੇ ॥ | What sort of a resting place is this world? |
| ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥੧॥ ਰਹਾਉ ॥ | Doing deeds of faith, pack up the supplies for your journey, and remain committed to the Name. \|\|1\|\|Pause\|\| |
| ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ ॥ | The Yogis sit in their Yogic postures, and the Mullahs sit at their resting stations. |
| ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ ॥੨॥ | The Hindu Pandits recite from their books, and the Siddhas sit in the temples of their gods. \|\|2\|\| |
| ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ ॥ | The angels, Siddhas, worshippers of Shiva, heavenly musicians, silent sages, Saints, priests, preachers, spiritual teachers and commanders |

| | |
|---|---|
| ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ ॥੩॥ | -each and every one has left, and all others shall depart as well. \|\|3\|\| |
| ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ ॥ | The sultans and kings, the rich and the mighty, have marched away in succession. |
| ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ ॥੪॥ | In a moment or two, we shall also depart. O my heart, understand that you must go as well! \|\|4\|\| |
| ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ ॥ | This is described in the Shabads; only a few understand this! |
| ਨਾਨਕੁ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ ॥੫॥ | Nanak offers this prayer to the One who pervades the water, the land and the air. \|\|5\|\| |
| ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ ॥ | He is Allah, the Unknowable, the Inaccessible, All-powerful and Merciful Creator. |
| ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥੬॥ | All the world comes and goes-only the Merciful Lord is permanent. \|\|6\|\| |
| ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ ॥ | Call permanent only the One, who does not have destiny inscribed upon His Forehead. |
| ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥੭॥ | The sky and the earth shall pass away; He alone is permanent. \|\|7\|\| |
| ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥ | The day and the sun shall pass away; the night and the moon shall pass away; the hundreds of thousands of stars shall disappear. |
| ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ॥੮॥੧੭॥ | He alone is permanent; Nanak speaks the Truth. \|\|8\|\|17\|\| |
| ਮਹਲੇ ਪਹਿਲੇ ਸਤਾਰਹ ਅਸਟਪਦੀਆ ॥ | Seventeen Ashtapadees Of The First Mehl. |
| ਸਿਰੀਰਾਗੁ ਮਹਲਾ ੩ ਘਰੁ ੧ ਅਸਟਪਦੀਆ | Siree Raag, Third Mehl, First House, Ashtapadees: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ ਬਿਨੁ ਗੁਰ ਭਗਤਿ ਨ ਹੋਇ ॥ | By God's Grace, the Gurmukh practices devotion; without the Guru, there is no devotional worship. |

| | |
|---|---|
| ਆਪੈ ਆਪੁ ਮਿਲਾਏ ਬੂਝੈ ਤਾ ਨਿਰਮਲੁ ਹੋਵੈ ਕੋਇ ॥ | One who merges his own self into Him understands, and so becomes pure. |
| ਹਰਿ ਜੀਉ ਸਚਾ ਸਚੀ ਬਾਣੀ ਸਬਦਿ ਮਿਲਾਵਾ ਹੋਇ ॥੧॥ | The Dear Lord is True, and True is the Word of His Bani. Through the Word of the Shabad, Union with Him is obtained. \|\|1\|\| |
| ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ ॥ | O Siblings of Destiny, without devotion, why have people even come into the world? |
| ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ ॥੧॥ ਰਹਾਉ ॥ | They have not served the Perfect Guru; they have wasted their lives in vain. \|\|1\|\|Pause\|\| |
| ਆਪੇ ਹਰਿ ਜਗਜੀਵਨੁ ਦਾਤਾ ਆਪੇ ਬਖਸਿ ਮਿਲਾਏ ॥ | The Lord Himself, the Life of the World, is the Giver. He Himself forgives, and unites us with Himself. |
| ਜੀਅ ਜੰਤ ਏ ਕਿਆ ਵੇਚਾਰੇ ਕਿਆ ਕੋ ਆਖਿ ਸੁਣਾਏ ॥ | What are these poor beings and creatures? What can they speak and say? |
| ਗੁਰਮੁਖਿ ਆਪੇ ਦੇ ਵਡਿਆਈ ਆਪੇ ਸੇਵ ਕਰਾਏ ॥੨॥ | God Himself grants glory to the Gurmukhs; He joins them to His Service. \|\|2\|\| |
| ਦੇਖਿ ਕੁਟੰਬੁ ਮੋਹਿ ਲੋਭਾਣਾ ਚਲਦਿਆ ਨਾਲਿ ਨ ਜਾਈ ॥ | Beholding your family, you are lured away by emotional attachment, but when you leave, they will not go with you. |
| ੬੫ | 65 |
| ਸਤਿਗੁਰੁ ਸੇਵਿ ਗੁਣ ਨਿਧਾਨੁ ਪਾਇਆ ਤਿਸ ਕੀ ਕੀਮ ਨ ਪਾਈ ॥ | Serving the True Guru, I have found the Treasure of Excellence. Its value cannot be estimated. |
| ਪ੍ਰਭੁ ਸਖਾ ਹਰਿ ਜੀਉ ਮੇਰਾ ਅੰਤੇ ਹੋਇ ਸਖਾਈ ॥੩॥ | The Dear Lord God is my Best Friend. In the end, He shall be my Companion and Support. \|\|3\|\| |
| ਪੇਈਅੜੈ ਜਗਜੀਵਨੁ ਦਾਤਾ ਮਨਮੁਖਿ ਪਤਿ ਗਵਾਈ ॥ | In this world of my father's home, the Great Giver is the Life of the World. The self-willed manmukhs have lost their honor. |
| ਬਿਨੁ ਸਤਿਗੁਰ ਕੋ ਮਗੁ ਨ ਜਾਣੈ ਅੰਧੇ ਠਉਰ ਨ ਕਾਈ ॥ | Without the True Guru, no one knows the Way. The blind find no place of rest. |
| ਹਰਿ ਸੁਖਦਾਤਾ ਮਨਿ ਨਹੀ ਵਸਿਆ ਅੰਤਿ ਗਇਆ ਪਛੁਤਾਈ ॥੪॥ | If the Lord, the Giver of Peace, does not dwell within the mind, then they shall depart with regret in the end. \|\|4\|\| |
| ਪੇਈਅੜੈ ਜਗਜੀਵਨੁ ਦਾਤਾ ਗੁਰਮਤਿ ਮੰਨਿ ਵਸਾਇਆ ॥ | In this world of my father's house, through the Guru's Teachings, I have cultivated within my mind the Great Giver, the Life of the World. |

| | |
|---|---|
| ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਹਉਮੈ ਮੋਹੁ ਚੁਕਾਇਆ ॥ | Night and day, performing devotional worship, day and night, ego and emotional attachment are removed. |
| ਜਿਸੁ ਸਿਉ ਰਾਤਾ ਤੈਸੋ ਹੋਵੈ ਸਚੇ ਸਚਿ ਸਮਾਇਆ ॥੫॥ | And then, attuned to Him, we become like Him, truly absorbed in the True One. \|\|5\|\| |
| ਆਪੇ ਨਦਰਿ ਕਰੇ ਭਾਉ ਲਾਏ ਗੁਰ ਸਬਦੀ ਬੀਚਾਰਿ ॥ | Bestowing His Glance of Grace, He gives us His Love, and we contemplate the Word of the Guru's Shabad. |
| ਸਤਿਗੁਰੁ ਸੇਵਿਐ ਸਹਜੁ ਊਪਜੈ ਹਉਮੈ ਤ੍ਰਿਸਨਾ ਮਾਰਿ ॥ | Serving the True Guru, intuitive peace wells up, and ego and desire die. |
| ਹਰਿ ਗੁਣਦਾਤਾ ਸਦ ਮਨਿ ਵਸੈ ਸਚੁ ਰਖਿਆ ਉਰ ਧਾਰਿ ॥੬॥ | The Lord, the Giver of Virtue, dwells forever within the minds of those who keep Truth enshrined within their hearts. \|\|6\|\| |
| ਪ੍ਰਭੁ ਮੇਰਾ ਸਦਾ ਨਿਰਮਲਾ ਮਨਿ ਨਿਰਮਲਿ ਪਾਇਆ ਜਾਇ ॥ | My God is forever Immaculate and Pure; with a pure mind, He can be found. |
| ਨਾਮੁ ਨਿਧਾਨੁ ਹਰਿ ਮਨਿ ਵਸੈ ਹਉਮੈ ਦੁਖੁ ਸਭੁ ਜਾਇ ॥ | If the Treasure of the Name of the Lord abides within the mind, egotism and pain are totally eliminated. |
| ਸਤਿਗੁਰਿ ਸਬਦੁ ਸੁਣਾਇਆ ਹਉ ਸਦ ਬਲਿਹਾਰੈ ਜਾਉ ॥੭॥ | The True Guru has instructed me in the Word of the Shabad. I am forever a sacrifice to Him. \|\|7\|\| |
| ਆਪਣੈ ਮਨਿ ਚਿਤਿ ਕਹੈ ਕਹਾਏ ਬਿਨੁ ਗੁਰ ਆਪੁ ਨ ਜਾਈ ॥ | Within your own conscious mind, you may say anything, but without the Guru, selfishness and conceit are not eradicated. |
| ਹਰਿ ਜੀਉ ਭਗਤਿ ਵਛਲੁ ਸੁਖਦਾਤਾ ਕਰਿ ਕਿਰਪਾ ਮੰਨਿ ਵਸਾਈ ॥ | The Dear Lord is the Lover of His devotees, the Giver of Peace. By His Grace, He abides within the mind. |
| ਨਾਨਕ ਸੋਭਾ ਸੁਰਤਿ ਦੇਇ ਪ੍ਰਭੁ ਆਪੇ ਗੁਰਮੁਖਿ ਦੇ ਵਡਿਆਈ ॥੮॥੧॥੧੮॥ | O Nanak, God blesses us with the sublime awakening of consciousness; He Himself grants glorious greatness to the Gurmukh. \|\|8\|\|1\|\|18\|\| |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਹਉਮੈ ਕਰਮ ਕਮਾਵਦੇ ਜਮਡੰਡੁ ਲਗੈ ਤਿਨ ਆਇ ॥ | Those who go around acting in egotism are struck down by the Messenger of Death with his club. |
| ਜਿ ਸਤਿਗੁਰੁ ਸੇਵਨਿ ਸੇ ਉਬਰੇ ਹਰਿ ਸੇਤੀ ਲਿਵ ਲਾਇ ॥੧॥ | Those who serve the True Guru are uplifted and saved, in love with the Lord. \|\|1\|\| |
| ਮਨ ਰੇ ਗੁਰਮੁਖਿ ਨਾਮੁ ਧਿਆਇ ॥ | O mind, become Gurmukh, and meditate on the Naam, the Name of the Lord. |

| | |
|---|---|
| ਧੁਰਿ ਪੂਰਬਿ ਕਰਤੈ ਲਿਖਿਆ ਤਿਨਾ ਗੁਰਮਤਿ ਨਾਮਿ ਸਮਾਇ ॥੧॥ ਰਹਾਉ ॥ | Those who are so pre-destined by the Creator are absorbed into the Naam, through the Guru's Teachings. ‖1‖Pause‖ |
| ਵਿਣੁ ਸਤਿਗੁਰ ਪਰਤੀਤਿ ਨ ਆਵਈ ਨਾਮਿ ਨ ਲਾਗੋ ਭਾਉ ॥ | Without the True Guru, faith does not come, and love for the Naam is not embraced. |
| ਸੁਪਨੈ ਸੁਖੁ ਨ ਪਾਵਈ ਦੁਖ ਮਹਿ ਸਵੈ ਸਮਾਇ ॥੨॥ | Even in dreams, they find no peace; they sleep immersed in pain. ‖2‖ |
| ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ ॥ | Even if you chant the Name of the Lord, Har, Har, with great longing, your past actions are still not erased. |
| ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ ॥੩॥ | The Lord's devotees surrender to His Will; those devotees are accepted at His Door. ‖3‖ |
| ਗੁਰੁ ਸਬਦੁ ਦਿੜਾਵੈ ਰੰਗ ਸਿਉ ਬਿਨੁ ਕਿਰਪਾ ਲਇਆ ਨ ਜਾਇ ॥ | The Guru has lovingly implanted the Word of His Shabad within me. Without His Grace, it cannot be attained. |
| ਜੇ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ ਫਲੁ ਲਾਗੈ ਧਾਇ ॥੪॥ | Even if the poisonous plant is watered with ambrosial nectar a hundred times, it will still bear poisonous fruit. ‖4‖ |
| ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥ | Those humble beings who are in love with the True Guru are pure and true. |
| ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥ | They act in harmony with the Will of the True Guru; they shed the poison of ego and corruption. ‖5‖ |
| ਮਨਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥ | Acting in stubborn-mindedness, no one is saved; go and study the Simritees and the Shaastras. |
| ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥੬॥ | Joining the Saadh Sangat, the Company of the Holy, and practicing the Shabads of the Guru, you shall be saved. ‖6‖ |
| ਹਰਿ ਕਾ ਨਾਮੁ ਨਿਧਾਨੁ ਹੈ ਜਿਸੁ ਅੰਤੁ ਨ ਪਾਰਾਵਾਰੁ ॥ | The Name of the Lord is the Treasure, which has no end or limitation. |
| ਗੁਰਮੁਖਿ ਸੇਈ ਸੋਹਦੇ ਜਿਨ ਕਿਰਪਾ ਕਰੇ ਕਰਤਾਰੁ ॥੭॥ | The Gurmukhs are beauteous; the Creator has blessed them with His Mercy. ‖7‖ |
| ਨਾਨਕ ਦਾਤਾ ਏਕੁ ਹੈ ਦੂਜਾ ਅਉਰੁ ਨ ਕੋਇ ॥ | O Nanak, the One Lord alone is the Giver; there is no other at all. |
| ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥੮॥੨॥੧੯॥ | By Guru's Grace, He is obtained. By His Mercy, He is found. ‖8‖2‖19‖ |

| ੬੬ | 66 |
| --- | --- |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ ॥ | The soul-bird in the beautiful tree of the body pecks at Truth, with love for the Guru. |
| ਹਰਿ ਰਸੁ ਪੀਵੈ ਸਹਜਿ ਰਹੈ ਉਡੈ ਨ ਆਵੈ ਜਾਇ ॥ | She drinks in the Sublime Essence of the Lord, and abides in intuitive ease; she does not fly around coming and going. |
| ਨਿਜ ਘਰਿ ਵਾਸਾ ਪਾਇਆ ਹਰਿ ਹਰਿ ਨਾਮਿ ਸਮਾਇ ॥੧॥ | She obtains her home within her own heart; she is absorbed into the Name of the Lord, Har, Har. \|\|1\|\| |
| ਮਨ ਰੇ ਗੁਰ ਕੀ ਕਾਰ ਕਮਾਇ ॥ | O mind, work to serve the Guru. |
| ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ ॥੧॥ ਰਹਾਉ ॥ | If you walk in harmony with the Guru's Will, you shall remain immersed in the Lord's Name, night and day. \|\|1\|\|Pause\|\| |
| ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ ॥ | The birds in the beautiful trees fly around in all four directions. |
| ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ ॥ | The more they fly around, the more they suffer; they burn and cry out in pain. |
| ਬਿਨੁ ਗੁਰ ਮਹਲੁ ਨ ਜਾਪਈ ਨਾ ਅੰਮ੍ਰਿਤ ਫਲ ਪਾਹਿ ॥੨॥ | Without the Guru, they do not find the Mansion of the Lord's Presence, and they do not obtain the Ambrosial Fruit. \|\|2\|\| |
| ਗੁਰਮੁਖਿ ਬ੍ਰਹਮੁ ਹਰੀਆਵਲਾ ਸਾਚੈ ਸਹਜਿ ਸੁਭਾਇ ॥ | The Gurmukh is like God's tree, always green, blessed with the Sublime Love of the True One, with intuitive peace and poise. |
| ਸਾਖਾ ਤੀਨਿ ਨਿਵਾਰੀਆ ਏਕ ਸਬਦਿ ਲਿਵ ਲਾਇ ॥ | He cuts off the three branches of the three qualities, and embraces love for the One Word of the Shabad. |
| ਅੰਮ੍ਰਿਤ ਫਲੁ ਹਰਿ ਏਕੁ ਹੈ ਆਪੇ ਦੇਇ ਖਵਾਇ ॥੩॥ | The Lord alone is the Ambrosial Fruit; He Himself gives it to us to eat. \|\|3\|\| |
| ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ ॥ | The self-willed manmukhs stand there and dry up; they do not bear any fruit, and they do not provide any shade. |
| ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ ॥ | Don't even bother to sit near them-they have no home or village. |
| ਕਟੀਅਹਿ ਤੈ ਨਿਤ ਜਾਲੀਅਹਿ ਓਨਾ ਸਬਦੁ ਨ ਨਾਉ ॥੪॥ | They are cut down and burnt each day; they have neither the Shabad, nor the Lord's Name. \|\|4\|\| |

| | |
|---|---|
| ਹੁਕਮੇ ਕਰਮ ਕਮਾਵਣੇ ਪਇਐ ਕਿਰਤਿ ਫਿਰਾਉ ॥ | According to the Lord's Command, people perform their actions; they wander around, driven by the karma of their past actions. |
| ਹੁਕਮੇ ਦਰਸਨੁ ਦੇਖਣਾ ਜਹ ਭੇਜਹਿ ਤਹ ਜਾਉ ॥ | By the Lord's Command, they behold the Blessed Vision of His Darshan. Wherever He sends them, there they go. |
| ਹੁਕਮੇ ਹਰਿ ਹਰਿ ਮਨਿ ਵਸੈ ਹੁਕਮੇ ਸਚਿ ਸਮਾਉ ॥੫॥ | By His Command, the Lord, Har, Har, abides within our minds; by His Command we merge in Truth. ‖5‖ |
| ਹੁਕਮੁ ਨ ਜਾਣਹਿ ਬਪੁੜੇ ਭੂਲੇ ਫਿਰਹਿ ਗਵਾਰ ॥ | The wretched fools do not know the Lord's Will; they wander around making mistakes. |
| ਮਨਹਠਿ ਕਰਮ ਕਮਾਵਦੇ ਨਿਤ ਨਿਤ ਹੋਹਿ ਖੁਆਰੁ ॥ | They go about their business stubborn-mindedly; they are disgraced forever and ever. |
| ਅੰਤਰਿ ਸਾਂਤਿ ਨ ਆਵਈ ਨਾ ਸਚਿ ਲਗੈ ਪਿਆਰੁ ॥੬॥ | Inner peace does not come to them; they do not embrace love for the True Lord. ‖6‖ |
| ਗੁਰਮੁਖੀਆ ਮੁਹ ਸੋਹਣੇ ਗੁਰ ਕੈ ਹੇਤਿ ਪਿਆਰਿ ॥ | Beautiful are the faces of the Gurmukhs, who bear love and affection for the Guru. |
| ਸਚੀ ਭਗਤੀ ਸਚਿ ਰਤੇ ਦਰਿ ਸਚੈ ਸਚਿਆਰ ॥ | Through true devotional worship, they are attuned to Truth; at the True Door, they are found to be true. |
| ਆਏ ਸੇ ਪਰਵਾਣੁ ਹੈ ਸਭ ਕੁਲ ਕਾ ਕਰਹਿ ਉਧਾਰੁ ॥੭॥ | Blessed is their coming into being; they redeem all their ancestors. ‖7‖ |
| ਸਭ ਨਦਰੀ ਕਰਮ ਕਮਾਵਦੇ ਨਦਰੀ ਬਾਹਰਿ ਨ ਕੋਇ ॥ | All do their deeds under the Lord's Glance of Grace; no one is beyond His Vision. |
| ਜੈਸੀ ਨਦਰਿ ਕਰਿ ਦੇਖੈ ਸਚਾ ਤੈਸਾ ਹੀ ਕੋ ਹੋਇ ॥ | According to the Glance of Grace with which the True Lord beholds us, so do we become. |
| ਨਾਨਕ ਨਾਮਿ ਵਡਾਈਆ ਕਰਮਿ ਪਰਾਪਤਿ ਹੋਇ ॥੮॥੩॥੨੦॥ | O Nanak, the Glorious Greatness of the Naam, the Name of the Lord, is received only by His Mercy. ‖8‖3‖20‖ |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਗੁਰਮੁਖਿ ਨਾਮੁ ਧਿਆਈਐ ਮਨਮੁਖਿ ਬੂਝ ਨ ਪਾਇ ॥ | The Gurmukhs meditate on the Naam; the self-willed manmukhs do not understand. |
| ਗੁਰਮੁਖਿ ਸਦਾ ਮੁਖ ਊਜਲੇ ਹਰਿ ਵਸਿਆ ਮਨਿ ਆਇ ॥ | The faces of the Gurmukhs are always radiant; the Lord has come to dwell within their minds. |

| | |
|---|---|
| ਸਹਜੇ ਹੀ ਸੁਖੁ ਪਾਈਐ ਸਹਜੇ ਰਹੈ ਸਮਾਇ ॥੧॥ | Through intuitive understanding they are at peace, and through intuitive understanding they remain absorbed in the Lord. \|\|1\|\| |
| ਭਾਈ ਰੇ ਦਾਸਨਿ ਦਾਸਾ ਹੋਇ ॥ | O Siblings of Destiny, be the slaves of the Lord's slaves. |
| ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥੧॥ ਰਹਾਉ ॥ | Service to the Guru is worship of the Guru. How rare are those who obtain it! \|\|1\|\|Pause\|\| |
| ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ ॥ | The happy soul-bride is always with her Husband Lord, if she walks in harmony with the Will of the True Guru. |
| ਸਦਾ ਪਿਰੁ ਨਿਹਚਲੁ ਪਾਈਐ ਨਾ ਓਹੁ ਮਰੈ ਨ ਜਾਇ ॥ | She attains her Eternal, Ever-stable Husband, who never dies or goes away. |
| ਸਬਦਿ ਮਿਲੀ ਨਾ ਵੀਛੁੜੈ ਪਿਰ ਕੈ ਅੰਕਿ ਸਮਾਇ ॥੨॥ | United with the Word of the Shabad, she shall not be separated again. She is immersed in the Lap of her Beloved. \|\|2\|\| |
| ਹਰਿ ਨਿਰਮਲੁ ਅਤਿ ਊਜਲਾ ਬਿਨੁ ਗੁਰ ਪਾਇਆ ਨ ਜਾਇ ॥ | The Lord is Immaculate and Radiantly Bright; without the Guru, He cannot be found. |
| ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ ॥ | He cannot be understood by reading scriptures; the deceitful pretenders are deluded by doubt. |
| ਗੁਰਮਤੀ ਹਰਿ ਸਦਾ ਪਾਇਆ ਰਸਨਾ ਹਰਿ ਰਸੁ ਸਮਾਇ ॥੩॥ | Through the Guru's Teachings, the Lord is always found, and the tongue is permeated with the Sublime Essence of the Lord. \|\|3\|\| |
| ਮਾਇਆ ਮੋਹੁ ਚੁਕਾਇਆ ਗੁਰਮਤੀ ਸਹਜਿ ਸੁਭਾਇ ॥ | Emotional attachment to Maya is shed with intuitive ease, through the Guru's Teachings. |
| ੬੭ | 67 |
| ਬਿਨੁ ਸਬਦੈ ਜਗੁ ਦੁਖੀਆ ਫਿਰੈ ਮਨਮੁਖਾ ਨੋ ਗਈ ਖਾਇ ॥ | Without the Shabad, the world wanders lost in pain. The self-willed manmukh is consumed. |
| ਸਬਦੇ ਨਾਮੁ ਧਿਆਈਐ ਸਬਦੇ ਸਚਿ ਸਮਾਇ ॥੪॥ | Through the Shabad, meditate on the Naam; through the Shabad, you shall merge in Truth. \|\|4\|\| |
| ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥ | The Siddhas wander around, deluded by Maya; they are not absorbed in the Samaadhi of the Lord's Sublime Love. |
| ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥ | The three worlds are permeated by Maya; they are totally covered by it. |

ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥੫॥

Without the Guru, liberation is not attained, and the double-mindedness of Maya does not go away. ||5||

ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥

What is called Maya? What does Maya do?

ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥

These beings are bound by pleasure and pain; they do their deeds in egotism.

ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥

Without the Shabad, doubt is not dispelled, and egotism is not eliminated from within. ||6||

ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥

Without love, there is no devotional worship. Without the Shabad, no one finds acceptance.

ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥

Through the Shabad, egotism is conquered and subdued, and the illusion of Maya is dispelled.

ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ ॥੭॥

The Gurmukh obtains the Treasure of the Naam with intuitive ease. ||7||

ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ ॥

Without the Guru, one's virtues do not shine forth; without virtue, there is no devotional worship.

ਭਗਤਿ ਵਛਲੁ ਹਰਿ ਮਨਿ ਵਸਿਆ ਸਹਜਿ ਮਿਲਿਆ ਪ੍ਰਭੁ ਸੋਇ ॥

The Lord is the Lover of His devotees; He abides within their minds. They meet that God with intuitive ease.

ਨਾਨਕ ਸਬਦੇ ਹਰਿ ਸਾਲਾਹੀਐ ਕਰਮਿ ਪਰਾਪਤਿ ਹੋਇ ॥੮॥੪॥੨੧॥

O Nanak, through the Shabad, praise the Lord. By His Grace, He is obtained. ||8||4||21||

ਸਿਰੀਰਾਗੁ ਮਹਲਾ ੩ ॥

Siree Raag, Third Mehl:

ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ ॥

Emotional attachment to Maya is created by my God; He Himself misleads us through illusion and doubt.

ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਏ ॥

The self-willed manmukhs perform their actions, but they do not understand; they waste away their lives in vain.

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥੧॥

Gurbani is the Light to illuminate this world; by His Grace, it comes to abide within the mind. ||1||

ਮਨ ਰੇ ਨਾਮੁ ਜਪਹੁ ਸੁਖੁ ਹੋਇ ॥

O mind, chant the Naam, the Name of the Lord, and find peace.

ਗੁਰੁ ਪੂਰਾ ਸਾਲਾਹੀਐ ਸਹਜਿ ਮਿਲੈ ਪ੍ਰਭੁ ਸੋਇ ॥੧॥ ਰਹਾਉ ॥

Praising the Perfect Guru, you shall easily meet with that God. ||1||Pause||

| | |
|---|---|
| ਭਰਮੁ ਗਇਆ ਭਉ ਭਾਗਿਆ ਹਰਿ ਚਰਣੀ ਚਿਤੁ ਲਾਇ ॥ | Doubt departs, and fear runs away, when you focus your consciousness on the Lord's Feet. |
| ਗੁਰਮੁਖਿ ਸਬਦੁ ਕਮਾਈਐ ਹਰਿ ਵਸੈ ਮਨਿ ਆਇ ॥ | The Gurmukh practices the Shabad, and the Lord comes to dwell within the mind. |
| ਘਰਿ ਮਹਲਿ ਸਚਿ ਸਮਾਈਐ ਜਮਕਾਲੁ ਨ ਸਕੈ ਖਾਇ ॥੨॥ | In the mansion of the home within the self, we merge in Truth, and the Messenger of Death cannot devour us. \|\|2\|\| |
| ਨਾਮਾ ਛੀਬਾ ਕਬੀਰੁ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ ॥ | Naam Dayv the printer, and Kabeer the weaver, obtained salvation through the Perfect Guru. |
| ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ ॥ | Those who know God and recognize His Shabad lose their ego and class consciousness. |
| ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ ॥੩॥ | Their Banis are sung by the angelic beings, and no one can erase them, O Siblings of Destiny! \|\|3\|\| |
| ਦੈਤ ਪੁਤੁ ਕਰਮ ਧਰਮ ਕਿਛੁ ਸੰਜਮ ਨ ਪੜੈ ਦੂਜਾ ਭਾਉ ਨ ਜਾਣੈ ॥ | The demon's son Prahlaad had not read about religious rituals or ceremonies, austerity or self-discipline; he did not know the love of duality. |
| ਸਤਿਗੁਰੁ ਭੇਟਿਐ ਨਿਰਮਲੁ ਹੋਆ ਅਨਦਿਨੁ ਨਾਮੁ ਵਖਾਣੈ ॥ | Upon meeting with the True Guru, he became pure; night and day, he chanted the Naam, the Name of the Lord. |
| ਏਕੋ ਪੜੈ ਏਕੋ ਨਾਉ ਬੂਝੈ ਦੂਜਾ ਅਵਰੁ ਨ ਜਾਣੈ ॥੪॥ | He read only of the One and he understood only the One Name; he knew no other at all. \|\|4\|\| |
| ਖਟੁ ਦਰਸਨ ਜੋਗੀ ਸੰਨਿਆਸੀ ਬਿਨੁ ਗੁਰ ਭਰਮਿ ਭੁਲਾਏ ॥ | The followers of the six different life-styles and world-views, the Yogis and the Sanyaasees have gone astray in doubt without the Guru. |
| ਸਤਿਗੁਰੁ ਸੇਵਹਿ ਤਾ ਗਤਿ ਮਿਤਿ ਪਾਵਹਿ ਹਰਿ ਜੀਉ ਮੰਨਿ ਵਸਾਏ ॥ | If they serve the True Guru, they find the state of salvation; they enshrine the Dear Lord within their minds. |
| ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ ਰਹਾਏ ॥੫॥ | They focus their consciousness on the True Bani, and their comings and goings in reincarnation are over. \|\|5\|\| |
| ਪੰਡਿਤ ਪੜਿ ਪੜਿ ਵਾਦੁ ਵਖਾਣਹਿ ਬਿਨੁ ਗੁਰ ਭਰਮਿ ਭੁਲਾਏ ॥ | The Pandits, the religious scholars, read and argue and stir up controversies, but without the Guru, they are deluded by doubt. |
| ਲਖ ਚਉਰਾਸੀਹ ਫੇਰੁ ਪਇਆ ਬਿਨੁ ਸਬਦੈ ਮੁਕਤਿ ਨ ਪਾਏ ॥ | They wander around the cycle of 8.4 million reincarnations; without the Shabad, they do not attain liberation. |
| ਜਾ ਨਾਉ ਚੇਤੈ ਤਾ ਗਤਿ ਪਾਏ ਜਾ ਸਤਿਗੁਰੁ ਮੇਲਿ ਮਿਲਾਏ ॥੬॥ | But when they remember the Name, then they attain the state of salvation, when the True Guru unites them in Union. \|\|6\|\| |

ਸਤਸੰਗਤਿ ਮਹਿ ਨਾਮੁ ਹਰਿ ਉਪਜੈ ਜਾ ਸਤਿਗੁਰੁ ਮਿਲੈ ਸੁਭਾਏ ॥

In the Sat Sangat, the True Congregation, the Name of the Lord wells up, when the True Guru unites us in His Sublime Love.

## ੬੮ — 68

ਮਨੁ ਤਨੁ ਅਰਪੀ ਆਪੁ ਗਵਾਈ ਚਲਾ ਸਤਿਗੁਰ ਭਾਏ ॥

I offer my mind and body, and I renounce my selfishness and conceit; I walk in Harmony with the Will of the True Guru.

ਸਦ ਬਲਿਹਾਰੀ ਗੁਰ ਅਪੁਨੇ ਵਿਟਹੁ ਜਿ ਹਰਿ ਸੇਤੀ ਚਿਤੁ ਲਾਏ ॥੭॥

I am forever a sacrifice to my Guru, who has attached my consciousness to the Lord. ||7||

ਸੋ ਬ੍ਰਾਹਮਣੁ ਬ੍ਰਹਮੁ ਜੋ ਬਿੰਦੇ ਹਰਿ ਸੇਤੀ ਰੰਗਿ ਰਾਤਾ ॥

He alone is a Brahmin, who knows the Lord Brahma, and is attuned to the Love of the Lord.

ਪ੍ਰਭੁ ਨਿਕਟਿ ਵਸੈ ਸਭਨਾ ਘਟ ਅੰਤਰਿ ਗੁਰਮੁਖਿ ਵਿਰਲੈ ਜਾਤਾ ॥

God is close at hand; He dwells deep within the hearts of all. How rare are those who, as Gurmukh, know Him.

ਨਾਨਕ ਨਾਮੁ ਮਿਲੈ ਵਡਿਆਈ ਗੁਰ ਕੈ ਸਬਦਿ ਪਛਾਤਾ ॥੮॥੫॥੨੨॥

O Nanak, through the Naam, greatness is obtained; through the Word of the Guru's Shabad, He is realized. ||8||5||22||

### ਸਿਰੀਰਾਗੁ ਮਹਲਾ ੩ ॥

### Siree Raag, Third Mehl:

ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥

Everyone longs to be centered and balanced, but without the Guru, no one can.

ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਏ ॥

The Pandits and the astrologers read and read until they grow weary, while the fanatics are deluded by doubt.

ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ ॥੧॥

Meeting with the Guru, intuitive balance is obtained, when God, in His Will, grants His Grace. ||1||

ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥

O Siblings of Destiny, without the Guru, intuitive balance is not obtained.

ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥੧॥ ਰਹਾਉ ॥

Through the Word of the Shabad, intuitive peace and poise wells up, and that True Lord is obtained. ||1||Pause||

ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥

That which is sung intuitively is acceptable; without this intuition, all chanting is useless.

ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ ॥

In the state of intuitive balance, devotion wells up. In intuitive balance, love is balanced and detached.

ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥੨॥

In the state of intuitive balance, peace and tranquility are produced. Without intuitive balance, life is useless. ||2||

| | |
|---|---|
| ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥ | In the state of intuitive balance, praise the Lord forever and ever. With intuitive ease, embrace Samaadhi. |
| ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥ | In the state of intuitive balance, chant His Glories, lovingly absorbed in devotional worship. |
| ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥ | Through the Shabad, the Lord dwells within the mind, and the tongue tastes the Sublime Essence of the Lord. \|\|3\|\| |
| ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥ | In the poise of intuitive balance, death is destroyed, entering the Sanctuary of the True One. |
| ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥ | Intuitively balanced, the Name of the Lord dwells within the mind, practicing the lifestyle of Truth. |
| ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥੪॥ | Those who have found Him are very fortunate; they remain intuitively absorbed in Him. \|\|4\|\| |
| ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ | Within Maya, the poise of intuitive balance is not produced. Maya leads to the love of duality. |
| ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥ | The self-willed manmukhs perform religious rituals, but they are burnt down by their selfishness and conceit. |
| ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥ | Their births and deaths do not cease; over and over again, they come and go in reincarnation. \|\|5\|\| |
| ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥ | In the three qualities, intuitive balance is not obtained; the three qualities lead to delusion and doubt. |
| ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ | What is the point of reading, studying and debating, if one loses his roots? |
| ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥ | In the fourth state, there is intuitive balance; the Gurmukhs gather it in. \|\|6\|\| |
| ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ | The Naam, the Name of the Formless Lord, is the treasure. Through intuitive balance, understanding is obtained. |
| ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥ | The virtuous praise the True One; their reputation is true. |
| ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥ | The wayward are united with God through intuitive balance; through the Shabad, union is obtained. \|\|7\|\| |
| ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥ | Without intuitive balance, all are blind. Emotional attachment to Maya is utter darkness. |

ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥

In intuitive balance, understanding of the True, Infinite Shabad is obtained.

ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥

Granting forgiveness, the Perfect Guru unites us with the Creator. ||8||

ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥

In intuitive balance, the Unseen is recognized-the Fearless, Luminous, Formless Lord.

ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥

There is only the One Giver of all beings. He blends our light with His Light.

ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥

So praise God through the Perfect Word of His Shabad; He has no end or limitation. ||9||

ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥

Those who are wise take the Naam as their wealth; with intuitive ease, they trade with Him.

ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥

Night and day, they receive the Profit of the Lord's Name, which is an inexhaustible and over-flowing treasure.

ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥੬॥੨੩॥

O Nanak, when the Great Giver gives, nothing at all is lacking. ||10||6||23||

## ੬੯ / 69

ਸਿਰੀਰਾਗੁ ਮਹਲਾ ੩ ॥

Siree Raag, Third Mehl:

ਸਤਿਗੁਰਿ ਮਿਲਿਐ ਫੇਰੁ ਨ ਪਵੈ ਜਨਮ ਮਰਣ ਦੁਖੁ ਜਾਇ ॥

Meeting with the True Guru, you shall not have to go through the cycle of reincarnation again; the pains of birth and death will be taken away.

ਪੂਰੈ ਸਬਦਿ ਸਭ ਸੋਝੀ ਹੋਈ ਹਰਿ ਨਾਮੈ ਰਹੈ ਸਮਾਇ ॥੧॥

Through the Perfect Word of the Shabad, all understanding is obtained; remain absorbed in the Name of the Lord. ||1||

ਮਨ ਮੇਰੇ ਸਤਿਗੁਰ ਸਿਉ ਚਿਤੁ ਲਾਇ ॥

O my mind, focus your consciousness on the True Guru.

ਨਿਰਮਲੁ ਨਾਮੁ ਸਦ ਨਵਤਨੋ ਆਪਿ ਵਸੈ ਮਨਿ ਆਇ ॥੧॥ ਰਹਾਉ ॥

The Immaculate Naam itself, ever-fresh, comes to abide within the mind. ||1||Pause||

ਹਰਿ ਜੀਉ ਰਾਖਹੁ ਅਪੁਨੀ ਸਰਣਾਈ ਜਿਉ ਰਾਖਹਿ ਤਿਉ ਰਹਣਾ ॥

O Dear Lord, please protect and preserve me in Your Sanctuary. As You keep me, so do I remain.

ਗੁਰ ਕੈ ਸਬਦਿ ਜੀਵਤੁ ਮਰੈ ਗੁਰਮੁਖਿ ਭਵਜਲੁ ਤਰਣਾ ॥੨॥

Through the Word of the Guru's Shabad, the Gurmukh remains dead while yet alive, and swims across the terrifying world-ocean. ||2||

| | |
|---|---|
| ਵਡੈ ਭਾਗਿ ਨਾਉ ਪਾਈਐ ਗੁਰਮਤਿ ਸਬਦਿ ਸੁਹਾਈ ॥ | By great good fortune, the Name is obtained. Following the Guru's Teachings, through the Shabad, you shall be exalted. |
| ਆਪੇ ਮਨਿ ਵਸਿਆ ਪ੍ਰਭੁ ਕਰਤਾ ਸਹਜੇ ਰਹਿਆ ਸਮਾਈ ॥੩॥ | God, the Creator Himself, dwells within the mind; remain absorbed in the state of intuitive balance. \|\|3\|\| |
| ਇਕਨਾ ਮਨਮੁਖਿ ਸਬਦੁ ਨ ਭਾਵੈ ਬੰਧਨਿ ਬੰਧਿ ਭਵਾਇਆ ॥ | Some are self-willed manmukhs; they do not love the Word of the Shabad. Bound in chains, they wander lost in reincarnation. |
| ਲਖ ਚਉਰਾਸੀਹ ਫਿਰਿ ਫਿਰਿ ਆਵੈ ਬਿਰਥਾ ਜਨਮੁ ਗਵਾਇਆ ॥੪॥ | Through 8.4 million lifetimes, they wander over and over again; they waste away their lives in vain. \|\|4\|\| |
| ਭਗਤਾ ਮਨਿ ਆਨੰਦੁ ਹੈ ਸਚੈ ਸਬਦਿ ਰੰਗਿ ਰਾਤੇ ॥ | In the minds of the devotees there is bliss; they are attuned to the Love of the True Word of the Shabad. |
| ਅਨਦਿਨੁ ਗੁਣ ਗਾਵਹਿ ਸਦ ਨਿਰਮਲ ਸਹਜੇ ਨਾਮਿ ਸਮਾਤੇ ॥੫॥ | Night and day, they constantly sing the Glories of the Immaculate Lord; with intuitive ease, they are absorbed into the Naam, the Name of the Lord. \|\|5\|\| |
| ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ਸਭ ਆਤਮ ਰਾਮੁ ਪਛਾਣੀ ॥ | The Gurmukhs speak the Ambrosial Bani; they recognize the Lord, the Supreme Soul in all. |
| ਏਕੋ ਸੇਵਨਿ ਏਕੁ ਅਰਾਧਹਿ ਗੁਰਮੁਖਿ ਅਕਥ ਕਹਾਣੀ ॥੬॥ | They serve the One; they worship and adore the One. The Gurmukhs speak the Unspoken Speech. \|\|6\|\| |
| ਸਚਾ ਸਾਹਿਬੁ ਸੇਵੀਐ ਗੁਰਮੁਖਿ ਵਸੈ ਮਨਿ ਆਇ ॥ | The Gurmukhs serve their True Lord and Master, who comes to dwell in the mind. |
| ਸਦਾ ਰੰਗਿ ਰਾਤੇ ਸਚ ਸਿਉ ਅਪੁਨੀ ਕਿਰਪਾ ਕਰੇ ਮਿਲਾਇ ॥੭॥ | They are forever attuned to the Love of the True One, who bestows His Mercy and unites them with Himself. \|\|7\|\| |
| ਆਪੇ ਕਰੇ ਕਰਾਏ ਆਪੇ ਇਕਨਾ ਸੁਤਿਆ ਦੇਇ ਜਗਾਇ ॥ | He Himself does, and He Himself causes others to do; He wakes some from their sleep. |
| ਆਪੇ ਮੇਲਿ ਮਿਲਾਇਦਾ ਨਾਨਕ ਸਬਦਿ ਸਮਾਇ ॥੮॥੭॥੨੪॥ | He Himself unites us in Union; Nanak is absorbed in the Shabad. \|\|8\|\|7\|\|24\|\| |
| ਸਿਰੀਰਾਗੁ ਮਹਲਾ ੩ ॥ | Siree Raag, Third Mehl: |
| ਸਤਿਗੁਰਿ ਸੇਵਿਐ ਮਨੁ ਨਿਰਮਲਾ ਭਏ ਪਵਿਤੁ ਸਰੀਰ ॥ | Serving the True Guru, the mind becomes immaculate, and the body becomes pure. |
| ਮਨਿ ਆਨੰਦੁ ਸਦਾ ਸੁਖੁ ਪਾਇਆ ਭੇਟਿਆ ਗਹਿਰ ਗੰਭੀਰੁ ॥ | The mind obtains bliss and eternal peace, meeting with the Deep and Profound Lord. |

| | |
|---|---|
| ਸਚੀ ਸੰਗਤਿ ਬੈਸਣਾ ਸਚਿ ਨਾਮਿ ਮਨੁ ਧੀਰ ॥੧॥ | Sitting in the Sangat, the True Congregation, the mind is comforted and consoled by the True Name. \|\|1\|\| |
| ਮਨ ਰੇ ਸਤਿਗੁਰੁ ਸੇਵਿ ਨਿਸੰਗੁ ॥ | O mind, serve the True Guru without hesitation. |
| ਸਤਿਗੁਰੁ ਸੇਵਿਐ ਹਰਿ ਮਨਿ ਵਸੈ ਲਗੈ ਨ ਮੈਲੁ ਪਤੰਗੁ ॥੧॥ ਰਹਾਉ ॥ | Serving the True Guru, the Lord abides within the mind, and no trace of filth shall attach itself to you. \|\|1\|\|Pause\|\| |
| ਸਚੈ ਸਬਦਿ ਪਤਿ ਊਪਜੈ ਸਚੇ ਸਚਾ ਨਾਉ ॥ | From the True Word of the Shabad comes honor. True is the Name of the True One. |
| ਜਿਨੀ ਹਉਮੈ ਮਾਰਿ ਪਛਾਣਿਆ ਹਉ ਤਿਨ ਬਲਿਹਾਰੈ ਜਾਉ ॥ | I am a sacrifice to those who conquer their ego and recognize the Lord. |
| ਮਨਮੁਖ ਸਚੁ ਨ ਜਾਣਨੀ ਤਿਨ ਠਉਰ ਨ ਕਤਹੂ ਥਾਉ ॥੨॥ | The self-willed manmukhs do not know the True One; they find no shelter, and no place of rest anywhere. \|\|2\|\| |
| ਸਚੁ ਖਾਣਾ ਸਚੁ ਪੈਨਣਾ ਸਚੇ ਹੀ ਵਿਚਿ ਵਾਸੁ ॥ | Those who take the Truth as their food and the Truth as their clothing, have their home in the True One. |
| ਸਦਾ ਸਚਾ ਸਾਲਾਹਣਾ ਸਚੈ ਸਬਦਿ ਨਿਵਾਸੁ ॥ | They constantly praise the True One, and in the True Word of the Shabad they have their dwelling. |
| ਸਭੁ ਆਤਮ ਰਾਮੁ ਪਛਾਣਿਆ ਗੁਰਮਤੀ ਨਿਜ ਘਰਿ ਵਾਸੁ ॥੩॥ | They recognize the Lord, the Supreme Soul in all, and through the Guru's Teachings they dwell in the home of their own inner self. \|\|3\|\| |
| ਸਚੁ ਵੇਖਣੁ ਸਚੁ ਬੋਲਣਾ ਤਨੁ ਮਨੁ ਸਚਾ ਹੋਇ ॥ | They see the Truth, and they speak the Truth; their bodies and minds are True. |
| ਸਚੀ ਸਾਖੀ ਉਪਦੇਸੁ ਸਚੁ ਸਚੇ ਸਚੀ ਸੋਇ ॥ | True are their teachings, and True are their instructions; True are the reputations of the true ones. |
| ਜਿੰਨੀ ਸਚੁ ਵਿਸਾਰਿਆ ਸੇ ਦੁਖੀਏ ਚਲੇ ਰੋਇ ॥੪॥ | Those who have forgotten the True One are miserable-they depart weeping and wailing. \|\|4\|\| |
| ਸਤਿਗੁਰੁ ਜਿਨੀ ਨ ਸੇਵਿਓ ਸੇ ਕਿਤੁ ਆਏ ਸੰਸਾਰਿ ॥ | Those who have not served the True Guru-why did they even bother to come into the world? |
| ਜਮ ਦਰਿ ਬਧੇ ਮਾਰੀਅਹਿ ਕੂਕ ਨ ਸੁਣੈ ਪੂਕਾਰ ॥ | They are bound and gagged and beaten at Death's door, but no one hears their shrieks and cries. |
| ਬਿਰਥਾ ਜਨਮੁ ਗਵਾਇਆ ਮਰਿ ਜੰਮਹਿ ਵਾਰੋ ਵਾਰ ॥੫॥ | They waste their lives uselessly; they die and are reincarnated over and over again. \|\|5\|\| |

| | |
|---|---|
| ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਸਤਿਗੁਰ ਸਰਣਾ ॥ | Seeing this world on fire, I rushed to the Sanctuary of the True Guru. |
| ਸਤਿਗੁਰਿ ਸਚੁ ਦਿੜਾਇਆ ਸਦਾ ਸਚਿ ਸੰਜਮਿ ਰਹਣਾ ॥ | The True Guru has implanted the Truth within me; I dwell steadfastly in Truth and self-restraint. |
| ਸਤਿਗੁਰ ਸਚਾ ਹੈ ਬੋਹਿਥਾ ਸਬਦੇ ਭਵਜਲੁ ਤਰਣਾ ॥੬॥ | The True Guru is the Boat of Truth; in the Word of the Shabad, we cross over the terrifying world-ocean. \|\|6\|\| |
| ਲਖ ਚਉਰਾਸੀਹ ਫਿਰਦੇ ਰਹੇ ਬਿਨੁ ਸਤਿਗੁਰ ਮੁਕਤਿ ਨ ਹੋਈ ॥ | People continue wandering through the cycle of 8.4 million incarnations; without the True Guru, liberation is not obtained. |
| ਪੜਿ ਪੜਿ ਪੰਡਿਤ ਮੋਨੀ ਥਕੇ ਦੂਜੈ ਭਾਇ ਪਤਿ ਖੋਈ ॥ | Reading and studying, the Pandits and the silent sages have grown weary, but attached to the love of duality, they have lost their honor. |
| ਸਤਿਗੁਰਿ ਸਬਦੁ ਸੁਣਾਇਆ ਬਿਨੁ ਸਚੇ ਅਵਰੁ ਨ ਕੋਈ ॥੭॥ | The True Guru teaches the Word of the Shabad; without the True One, there is no other at all. \|\|7\|\| |
| ਜੋ ਸਚੈ ਲਾਏ ਸੇ ਸਚਿ ਲਗੇ ਨਿਤ ਸਚੀ ਕਾਰ ਕਰੰਨਿ ॥ | Those who are linked by the True One are linked to Truth. They always act in Truth. |
| ਤਿਨਾ ਨਿਜ ਘਰਿ ਵਾਸਾ ਪਾਇਆ ਸਚੈ ਮਹਲਿ ਰਹੰਨਿ ॥ | They attain their dwelling in the home of their own inner being, and they abide in the Mansion of Truth. |
| ਨਾਨਕ ਭਗਤ ਸੁਖੀਏ ਸਦਾ ਸਚੈ ਨਾਮਿ ਰਚੰਨਿ ॥੮॥੧੭॥੮॥੨੫॥ | O Nanak, the devotees are happy and peaceful forever. They are absorbed in the True Name. \|\|8\|\|17\|\|8\|\|25\|\| |
| ਸਿਰੀਰਾਗੁ ਮਹਲਾ ੫ ॥ | Siree Raag, Fifth Mehl: |
| ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥ | When you are confronted with terrible hardships, and no one offers you any support, |
| ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥ | when your friends turn into enemies, and even your relatives have deserted you, |
| ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥ | and when all support has given way, and all hope has been lost |
| ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥੧॥ | -if you then come to remember the Supreme Lord God, even the hot wind shall not touch you. \|\|1\|\| |
| ਸਾਹਿਬੁ ਨਿਤਾਣਿਆ ਕਾ ਤਾਣੁ ॥ | Our Lord and Master is the Power of the powerless. |
| ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ ॥੧॥ ਰਹਾਉ ॥ | He does not come or go; He is Eternal and Permanent. Through the Word of the Guru's Shabad, He is known as True. \|\|1\|\|Pause\|\| |

| | |
|---|---|
| ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ ॥ | If you are weakened by the pains of hunger and poverty, |
| ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ ॥ | with no money in your pockets, and no one will give you any comfort, |
| ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ ॥ | and no one will satisfy your hopes and desires, and none of your works will be accomplished |
| ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ ॥੨॥ | -if you then come to remember the Supreme Lord God, you shall obtain the eternal kingdom. \|\|2\|\| |
| ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ ॥ | When you are plagued by great and excessive anxiety, and diseases of the body; |
| ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ ॥ | when you are wrapped up in the attachments of household and family, sometimes feeling joy, and then other times sorrow; |
| ਗਉਣੁ ਕਰੇ ਚਹੁ ਕੁੰਟ ਕਾ ਘੜੀ ਨ ਬੈਸਣੁ ਸੋਇ ॥ | when you are wandering around in all four directions, and you cannot sit or sleep even for a moment |
| ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ ਮਨੁ ਸੀਤਲੁ ਹੋਇ ॥੩॥ | -if you come to remember the Supreme Lord God, then your body and mind shall be cooled and soothed. \|\|3\|\| |
| ਕਾਮਿ ਕਰੋਧਿ ਮੋਹਿ ਵਸਿ ਕੀਆ ਕਿਰਪਨ ਲੋਭਿ ਪਿਆਰੁ ॥ | When you are under the power of sexual desire, anger and worldly attachment, or a greedy miser in love with your wealth; |
| ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ ॥ | if you have committed the four great sins and other mistakes; even if you are a murderous fiend |
| ਪੋਥੀ ਗੀਤ ਕਵਿਤ ਕਿਛੁ ਕਦੇ ਨ ਕਰਨਿ ਧਰਿਆ ॥ | who has never taken the time to listen to sacred books, hymns and poetry |
| ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਮਖ ਸਿਮਰਤ ਤਰਿਆ ॥੪॥ | -if you then come to remember the Supreme Lord God, and contemplate Him, even for a moment, you shall be saved. \|\|4\|\| |
| ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ ॥ | People may recite by heart the Shaastras, the Simritees and the four Vedas; |
| ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ ॥ | they may be ascetics, great, self-disciplined Yogis; they may visit sacred shrines of pilgrimage |
| ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ ॥ | and perform the six ceremonial rituals, over and over again, performing worship services and ritual bathings. |

| | |
|---|---|
| ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ ॥੫॥ | Even so, if they have not embraced love for the Supreme Lord God, then they shall surely go to hell. ‖5‖ |
| ਰਾਜ ਮਿਲਕ ਸਿਕਦਾਰੀਆ ਰਸ ਭੋਗਣ ਬਿਸਥਾਰ ॥ | You may possess empires, vast estates, authority over others, and the enjoyment of myriads of pleasures; |
| ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ ॥ | you may have delightful and beautiful gardens, and issue unquestioned commands; |
| ਰੰਗ ਤਮਾਸੇ ਬਹੁ ਬਿਧੀ ਚਾਇ ਲਗਿ ਰਹਿਆ ॥ | you may have enjoyments and entertainments of all sorts and kinds, and continue to enjoy exciting pleasures |
| ਚਿਤਿ ਨ ਆਇਓ ਪਾਰਬ੍ਰਹਮੁ ਤਾ ਸਰਪ ਕੀ ਜੂਨਿ ਗਇਆ ॥੬॥ | -and yet, if you do not come to remember the Supreme Lord God, you shall be reincarnated as a snake. ‖6‖ |
| ਬਹੁਤੁ ਧਨਾਢਿ ਅਚਾਰਵੰਤੁ ਸੋਭਾ ਨਿਰਮਲ ਰੀਤਿ ॥ | You may possess vast riches, maintain virtuous conduct, have a spotless reputation and observe religious customs; |
| ਮਾਤ ਪਿਤਾ ਸੁਤ ਭਾਈਆ ਸਾਜਨ ਸੰਗਿ ਪਰੀਤਿ ॥ | you may have the loving affections of mother, father, children, siblings and friends; |
| ਲਸਕਰ ਤਰਕਸਬੰਦ ਬੰਦ ਜੀਉ ਜੀਉ ਸਗਲੀ ਕੀਤ ॥ | you may have armies well-equipped with weapons, and all may salute you with respect; |

## ੭੧ 71

| | |
|---|---|
| ਚਿਤਿ ਨ ਆਇਓ ਪਾਰਬ੍ਰਹਮੁ ਤਾ ਖੜਿ ਰਸਾਤਲਿ ਦੀਤ ॥੭॥ | But still, if you do not come to remember the Supreme Lord God, then you shall be taken and consigned to the most hideous hell! ‖7‖ |
| ਕਾਇਆ ਰੋਗੁ ਨ ਛਿਦ੍ਰੁ ਕਿਛੁ ਨਾ ਕਿਛੁ ਕਾੜਾ ਸੋਗੁ ॥ | You may have a body free of disease and deformity, and have no worries or grief at all; |
| ਮਿਰਤੁ ਨ ਆਵੀ ਚਿਤਿ ਤਿਸੁ ਅਹਿਨਿਸਿ ਭੋਗੈ ਭੋਗੁ ॥ | you may be unmindful of death, and night and day revel in pleasures; |
| ਸਭ ਕਿਛੁ ਕੀਤੋਨੁ ਆਪਣਾ ਜੀਇ ਨ ਸੰਕ ਧਰਿਆ ॥ | you may take everything as your own, and have no fear in your mind at all; |
| ਚਿਤਿ ਨ ਆਇਓ ਪਾਰਬ੍ਰਹਮੁ ਜਮਕੰਕਰ ਵਸਿ ਪਰਿਆ ॥੮॥ | but still, if you do not come to remember the Supreme Lord God, you shall fall under the power of the Messenger of Death. ‖8‖ |
| ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ ॥ | The Supreme Lord showers His Mercy, and we find the Saadh Sangat, the Company of the Holy. |

| | |
|---|---|
| ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥ | The more time we spend there, the more we come to love the Lord. |
| ਦੁਹਾ ਸਿਰਿਆ ਕਾ ਖਸਮੁ ਆਪਿ ਅਵਰੁ ਨ ਦੂਜਾ ਥਾਉ ॥ | The Lord is the Master of both worlds; there is no other place of rest. |
| ਸਤਿਗੁਰ ਤੁਠੈ ਪਾਇਆ ਨਾਨਕ ਸਚਾ ਨਾਉ ॥੯॥੧॥੨੬॥ | When the True Guru is pleased and satisfied, O Nanak, the True Name is obtained. \|\|9\|\|1\|\|26\|\| |
| ਸਿਰੀਰਾਗੁ ਮਹਲਾ ੫ ਘਰੁ ੫ ॥ | Siree Raag, Fifth Mehl, Fifth House: |
| ਜਾਨਉ ਨਹੀ ਭਾਵੈ ਕਵਨ ਬਾਤਾ ॥ | I do not know what pleases my Lord. |
| ਮਨ ਖੋਜਿ ਮਾਰਗੁ ॥੧॥ ਰਹਾਉ ॥ | O mind, seek out the way! \|\|1\|\|Pause\|\| |
| ਧਿਆਨੀ ਧਿਆਨੁ ਲਾਵਹਿ ॥ | The meditatives practice meditation, |
| ਗਿਆਨੀ ਗਿਆਨੁ ਕਮਾਵਹਿ ॥ | and the wise practice spiritual wisdom, |
| ਪ੍ਰਭੁ ਕਿਨ ਹੀ ਜਾਤਾ ॥੧॥ | but how rare are those who know God! \|\|1\|\| |
| ਭਗਉਤੀ ਰਹਤ ਜੁਗਤਾ ॥ | The worshipper of Bhagaauti practices self-discipline, |
| ਜੋਗੀ ਕਹਤ ਮੁਕਤਾ ॥ | the Yogi speaks of liberation, |
| ਤਪਸੀ ਤਪਹਿ ਰਾਤਾ ॥੨॥ | and the ascetic is absorbed in asceticism. \|\|2\|\| |
| ਮੋਨੀ ਮੋਨਿਧਾਰੀ ॥ | The men of silence observe silence, |
| ਸਨਿਆਸੀ ਬ੍ਰਹਮਚਾਰੀ ॥ | the Sanyaasees observe celibacy, |
| ਉਦਾਸੀ ਉਦਾਸਿ ਰਾਤਾ ॥੩॥ | and the Udaasees abide in detachment. \|\|3\|\| |
| ਭਗਤਿ ਨਵੈ ਪਰਕਾਰਾ ॥ | There are nine forms of devotional worship. |
| ਪੰਡਿਤੁ ਵੇਦੁ ਪੁਕਾਰਾ ॥ | The Pandits recite the Vedas. |
| ਗਿਰਸਤੀ ਗਿਰਸਤਿ ਧਰਮਾਤਾ ॥੪॥ | The householders assert their faith in family life. \|\|4\|\| |
| ਇਕ ਸਬਦੀ ਬਹੁ ਰੂਪਿ ਅਵਧੂਤਾ ॥ | Those who utter only One Word, those who take many forms, the naked renunciates, |
| ਕਾਪੜੀ ਕਉਤੇ ਜਾਗੂਤਾ ॥ | the wearers of patched coats, the magicians, those who remain always awake, |
| ਇਕਿ ਤੀਰਥਿ ਨਾਤਾ ॥੫॥ | and those who bathe at holy places of pilgrimage \|\|5\|\| |
| ਨਿਰਹਾਰ ਵਰਤੀ ਆਪਰਸਾ ॥ | Those who go without food, those who never touch others, |
| ਇਕਿ ਲੂਕਿ ਨ ਦੇਵਹਿ ਦਰਸਾ ॥ | the hermits who never show themselves, |
| ਇਕਿ ਮਨ ਹੀ ਗਿਆਤਾ ॥੬॥ | and those who are wise in their own minds \|\|6\|\| |

| | |
|---|---|
| ਘਾਟਿ ਨ ਕਿਨ ਹੀ ਕਹਾਇਆ ॥ | Of these, no one admits to any deficiency; |
| ਸਭ ਕਹਤੇ ਹੈ ਪਾਇਆ ॥ | all say that they have found the Lord. |
| ਜਿਸੁ ਮੇਲੇ ਸੋ ਭਗਤਾ ॥੭॥ | But he alone is a devotee, whom the Lord has united with Himself. \|\|7\|\| |
| ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥ | Abandoning all devices and contrivances, I have sought His Sanctuary. |
| ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥ | Nanak has fallen at the Feet of the Guru. \|\|8\|\|2\|\|27\|\| |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸਿਰੀਰਾਗੁ ਮਹਲਾ ੧ ਘਰੁ ੩ ॥ | Siree Raag, First Mehl, Third House: |
| ਜੋਗੀ ਅੰਦਰਿ ਜੋਗੀਆ ॥ | Among Yogis, You are the Yogi; |
| ਤੂੰ ਭੋਗੀ ਅੰਦਰਿ ਭੋਗੀਆ ॥ | among pleasure seekers, You are the Pleasure Seeker. |
| ਤੇਰਾ ਅੰਤੁ ਨ ਪਾਇਆ ਸੁਰਗਿ ਮਛਿ ਪਇਆਲਿ ਜੀਉ ॥੧॥ | Your limits are not known to any of the beings in the heavens, in this world, or in the nether regions of the underworld. \|\|1\|\| |
| ਹਉ ਵਾਰੀ ਹਉ ਵਾਰਣੈ ਕੁਰਬਾਣੁ ਤੇਰੇ ਨਾਵ ਨੋ ॥੧॥ ਰਹਾਉ ॥ | I am devoted, dedicated, a sacrifice to Your Name. \|\|1\|\|Pause\|\| |
| ਤੁਧੁ ਸੰਸਾਰੁ ਉਪਾਇਆ ॥ | You created the world, |
| ਸਿਰੇ ਸਿਰਿ ਧੰਧੇ ਲਾਇਆ ॥ | and assigned tasks to one and all. |
| ਵੇਖਹਿ ਕੀਤਾ ਆਪਣਾ ਕਰਿ ਕੁਦਰਤਿ ਪਾਸਾ ਢਾਲਿ ਜੀਉ ॥੨॥ | You watch over Your Creation, and through Your All-powerful Creative Potency, You cast the dice. \|\|2\|\| |
| ਪਰਗਟਿ ਪਾਹਾਰੈ ਜਾਪਦਾ ॥ | You are manifest in the Expanse of Your Workshop. |
| ਸਭੁ ਨਾਵੈ ਨੋ ਪਰਤਾਪਦਾ ॥ | Everyone longs for Your Name, |
| ਸਤਿਗੁਰ ਬਾਝੁ ਨ ਪਾਇਓ ਸਭ ਮੋਹੀ ਮਾਇਆ ਜਾਲਿ ਜੀਉ ॥੩॥ | but without the Guru, no one finds You. All are enticed and trapped by Maya. \|\|3\|\| |
| ਸਤਿਗੁਰ ਕਉ ਬਲਿ ਜਾਈਐ ॥ | I am a sacrifice to the True Guru. |
| ਜਿਤੁ ਮਿਲਿਐ ਪਰਮ ਗਤਿ ਪਾਈਐ ॥ | Meeting Him, the supreme status is obtained. |

| | |
|---|---|
| ਸੁਰਿ ਨਰ ਮੁਨਿ ਜਨ ਲੋਚਦੇ ਸੋ ਸਤਿਗੁਰਿ ਦੀਆ ਬੁਝਾਇ ਜੀਉ ॥੪॥ | The angelic beings and the silent sages long for Him; the True Guru has given me this understanding. \|\|4\|\| |
| ਸਤਸੰਗਤਿ ਕੈਸੀ ਜਾਣੀਐ ॥ | How is the Society of the Saints to be known? |
| ਜਿਥੈ ਏਕੋ ਨਾਮੁ ਵਖਾਣੀਐ ॥ | There, the Name of the One Lord is chanted. |
| ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥ | The One Name is the Lord's Command; O Nanak, the True Guru has given me this understanding. \|\|5\|\| |
| ਇਹੁ ਜਗਤੁ ਭਰਮਿ ਭੁਲਾਇਆ ॥ | This world has been deluded by doubt. |
| ਆਪਹੁ ਤੁਧੁ ਖੁਆਇਆ ॥ | You Yourself, Lord, have led it astray. |
| ਪਰਤਾਪੁ ਲਗਾ ਦੋਹਾਗਣੀ ਭਾਗ ਜਿਨਾ ਕੇ ਨਾਹਿ ਜੀਉ ॥੬॥ | The discarded soul-brides suffer in terrible agony; they have no luck at all. \|\|6\|\| |
| ਦੋਹਾਗਣੀ ਕਿਆ ਨੀਸਾਣੀਆ ॥ | What are the signs of the discarded brides? |
| ਖਸਮਹੁ ਘੁਥੀਆ ਫਿਰਹਿ ਨਿਮਾਣੀਆ ॥ | They miss their Husband Lord, and they wander around in dishonor. |
| ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ ॥੭॥ | The clothes of those brides are filthy-they pass their life-night in agony. \|\|7\|\| |
| ਸੋਹਾਗਣੀ ਕਿਆ ਕਰਮੁ ਕਮਾਇਆ ॥ | What actions have the happy soul-brides performed? |
| ਪੂਰਬਿ ਲਿਖਿਆ ਫਲੁ ਪਾਇਆ ॥ | They have obtained the fruit of their pre-ordained destiny. |
| ਨਦਰਿ ਕਰੇ ਕੈ ਆਪਣੀ ਆਪੇ ਲਏ ਮਿਲਾਇ ਜੀਉ ॥੮॥ | Casting His Glance of Grace, the Lord unites them with Himself. \|\|8\|\| |
| ਹੁਕਮੁ ਜਿਨਾ ਨੋ ਮਨਾਇਆ ॥ | Those, whom God causes to abide by His Will, |
| ਤਿਨ ਅੰਤਰਿ ਸਬਦੁ ਵਸਾਇਆ ॥ | have the Shabad of His Word abiding deep within. |
| ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥੯॥ | They are the true soul-brides, who embrace love for their Husband Lord. \|\|9\|\| |
| ਜਿਨਾ ਭਾਣੇ ਕਾ ਰਸੁ ਆਇਆ ॥ | Those who take pleasure in God's Will |
| ਤਿਨ ਵਿਚਹੁ ਭਰਮੁ ਚੁਕਾਇਆ ॥ | remove doubt from within. |
| ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥੧੦॥ | O Nanak, know Him as the True Guru, who unites all with the Lord. \|\|10\|\| |
| ਸਤਿਗੁਰਿ ਮਿਲਿਐ ਫਲੁ ਪਾਇਆ ॥ | Meeting with the True Guru, they receive the fruits of their destiny, |
| ਜਿਨਿ ਵਿਚਹੁ ਅਹਕਰਣੁ ਚੁਕਾਇਆ ॥ | and egotism is driven out from within. |

| | |
|---|---|
| ਦੁਰਮਤਿ ਕਾ ਦੁਖੁ ਕਟਿਆ ਭਾਗੁ ਬੈਠਾ ਮਸਤਕਿ ਆਇ ਜੀਉ ॥੧੧॥ | The pain of evil-mindedness is eliminated; good fortune comes and shines radiantly from their foreheads. ‖11‖ |
| ਅੰਮ੍ਰਿਤੁ ਤੇਰੀ ਬਾਣੀਆ ॥ | The Bani of Your Word is Ambrosial Nectar. |
| ਤੇਰਿਆ ਭਗਤਾ ਰਿਦੈ ਸਮਾਣੀਆ ॥ | It permeates the hearts of Your devotees. |
| ਸੁਖ ਸੇਵਾ ਅੰਦਰਿ ਰਖਿਐ ਆਪਣੀ ਨਦਰਿ ਕਰਹਿ ਨਿਸਤਾਰਿ ਜੀਉ ॥੧੨॥ | Serving You, peace is obtained; granting Your Mercy, You bestow salvation. ‖12‖ |
| ਸਤਿਗੁਰੁ ਮਿਲਿਆ ਜਾਣੀਐ ॥ | Meeting with the True Guru, one comes to know; |
| ਜਿਤੁ ਮਿਲਿਐ ਨਾਮੁ ਵਖਾਣੀਐ ॥ | by this meeting, one comes to chant the Name. |
| ਸਤਿਗੁਰ ਬਾਝੁ ਨ ਪਾਇਓ ਸਭ ਥਕੀ ਕਰਮ ਕਮਾਇ ਜੀਉ ॥੧੩॥ | Without the True Guru, God is not found; all have grown weary of performing religious rituals. ‖13‖ |
| ਹਉ ਸਤਿਗੁਰ ਵਿਟਹੁ ਘੁਮਾਇਆ ॥ | I am a sacrifice to the True Guru; |
| ਜਿਨਿ ਭ੍ਰਮਿ ਭੁਲਾ ਮਾਰਗਿ ਪਾਇਆ ॥ | I was wandering in doubt, and He has set me on the right path. |
| ਨਦਰਿ ਕਰੇ ਜੇ ਆਪਣੀ ਆਪੇ ਲਏ ਰਲਾਇ ਜੀਉ ॥੧੪॥ | If the Lord casts His Glance of Grace, He unites us with Himself. ‖14‖ |
| ਤੂੰ ਸਭਨਾ ਮਾਹਿ ਸਮਾਇਆ ॥ | You, Lord, are pervading in all, |
| ਤਿਨਿ ਕਰਤੈ ਆਪੁ ਲੁਕਾਇਆ ॥ | and yet, the Creator keeps Himself concealed. |
| ਨਾਨਕ ਗੁਰਮੁਖਿ ਪਰਗਟੁ ਹੋਇਆ ਜਾ ਕਉ ਜੋਤਿ ਧਰੀ ਕਰਤਾਰਿ ਜੀਉ ॥੧੫॥ | O Nanak, the Creator is revealed to the Gurmukh, within whom He has infused His Light. ‖15‖ |
| ਆਪੇ ਖਸਮਿ ਨਿਵਾਜਿਆ ॥ | The Master Himself bestows honor. |
| ਜੀਉ ਪਿੰਡੁ ਦੇ ਸਾਜਿਆ ॥ | He creates and bestows body and soul. |
| ਆਪਣੇ ਸੇਵਕ ਕੀ ਪੈਜ ਰਖੀਆ ਦੁਇ ਕਰ ਮਸਤਕਿ ਧਾਰਿ ਜੀਉ ॥੧੬॥ | He Himself preserves the honor of His servants; He places both His Hands upon their foreheads. ‖16‖ |
| ਸਭਿ ਸੰਜਮ ਰਹੇ ਸਿਆਣਪਾ ॥ | All strict rituals are just clever contrivances. |
| ਮੇਰਾ ਪ੍ਰਭੁ ਸਭੁ ਕਿਛੁ ਜਾਣਦਾ ॥ | My God knows everything. |
| ਪ੍ਰਗਟ ਪ੍ਰਤਾਪੁ ਵਰਤਾਇਓ ਸਭੁ ਲੋਕੁ ਕਰੈ ਜੈਕਾਰੁ ਜੀਉ ॥੧੭॥ | He has made His Glory manifest, and all people celebrate Him. ‖17 ‖ |

| | |
|---|---|
| ਮੇਰੇ ਗੁਣ ਅਵਗਨ ਨ ਬੀਚਾਰਿਆ ॥ | He has not considered my merits and demerits; |
| ਪ੍ਰਭਿ ਅਪਣਾ ਬਿਰਦੁ ਸਮਾਰਿਆ ॥ | this is God's Own Nature. |
| ਕੰਠਿ ਲਾਇ ਕੈ ਰਖਿਓਨੁ ਲਗੈ ਨ ਤਤੀ ਵਾਉ ਜੀਉ ॥੧੮॥ | Hugging me close in His Embrace, He protects me, and now, even the hot wind does not touch me. \|\|18\|\| |
| ਮੈ ਮਨਿ ਤਨਿ ਪ੍ਰਭੂ ਧਿਆਇਆ ॥ | Within my mind and body, I meditate on God. |
| ਜੀਇ ਇਛਿਅੜਾ ਫਲੁ ਪਾਇਆ ॥ | I have obtained the fruits of my soul's desire. |
| ਸਾਹ ਪਾਤਿਸਾਹ ਸਿਰਿ ਖਸਮੁ ਤੂੰ ਜਪਿ ਨਾਨਕ ਜੀਵੈ ਨਾਉ ਜੀਉ ॥੧੯॥ | You are the Supreme Lord and Master, above the heads of kings. Nanak lives by chanting Your Name. \|\|19\|\| |
| **੭੩** | **73** |
| ਤੁਧੁ ਆਪੇ ਆਪੁ ਉਪਾਇਆ ॥ | You Yourself created the Universe; |
| ਦੂਜਾ ਖੇਲੁ ਕਰਿ ਦਿਖਲਾਇਆ ॥ | You created the play of duality, and staged it. |
| ਸਭੁ ਸਚੋ ਸਚੁ ਵਰਤਦਾ ਜਿਸੁ ਭਾਵੈ ਤਿਸੈ ਬੁਝਾਇ ਜੀਉ ॥੨੦॥ | The Truest of the True is pervading everywhere; He instructs those with whom He is pleased. \|\|20\|\| |
| ਗੁਰ ਪਰਸਾਦੀ ਪਾਇਆ ॥ | By Guru's Grace, I have found God. |
| ਤਿਥੈ ਮਾਇਆ ਮੋਹੁ ਚੁਕਾਇਆ ॥ | By His Grace, I have shed emotional attachment to Maya. |
| ਕਿਰਪਾ ਕਰਿ ਕੈ ਆਪਣੀ ਆਪੇ ਲਏ ਸਮਾਇ ਜੀਉ ॥੨੧॥ | Showering His Mercy, He has blended me into Himself. \|\|21\|\| |
| ਗੋਪੀ ਨੈ ਗੋਆਲੀਆ ॥ | You are the Gopis, the milk-maids of Krishna; You are the sacred river Jamunaa; You are Krishna, the herdsman. |
| ਤੁਧੁ ਆਪੇ ਗੋਇ ਉਠਾਲੀਆ ॥ | You Yourself support the world. |
| ਹੁਕਮੀ ਭਾਂਡੇ ਸਾਜਿਆ ਤੂੰ ਆਪੇ ਭੰਨਿ ਸਵਾਰਿ ਜੀਉ ॥੨੨॥ | By Your Command, human beings are fashioned. You Yourself embellish them, and then again destroy them. \|\|22\|\| |
| ਜਿਨ ਸਤਿਗੁਰ ਸਿਉ ਚਿਤੁ ਲਾਇਆ ॥ | Those who have focused their consciousness on the True Guru |
| ਤਿਨੀ ਦੂਜਾ ਭਾਉ ਚੁਕਾਇਆ ॥ | have rid themselves of the love of duality. |
| ਨਿਰਮਲ ਜੋਤਿ ਤਿਨ ਪ੍ਰਾਣੀਆ ਓਇ ਚਲੇ ਜਨਮੁ ਸਵਾਰਿ ਜੀਉ ॥੨੩॥ | The light of those mortal beings is immaculate. They depart after redeeming their lives. \|\|23\|\| |
| ਤੇਰੀਆ ਸਦਾ ਸਦਾ ਚੰਗਿਆਈਆ ॥ ਮੈ ਰਾਤਿ ਦਿਹੈ ਵਡਿਆਈਆਂ ॥ | Forever and ever, night and day, I praise the Greatness of Your Goodness. |

| | |
|---|---|
| ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ ॥੨੪॥੧॥ | You bestow Your Gifts, even if we do not ask for them. Says Nanak, contemplate the True Lord. \|\|24\|\|1\|\| |
| ਸਿਰੀਰਾਗੁ ਮਹਲਾ ੫ ॥ | Siree Raag, Fifth Mehl: |
| ਪੈ ਪਾਇ ਮਨਾਈ ਸੋਇ ਜੀਉ ॥ | I fall at His Feet to please and appease Him. |
| ਸਤਿਗੁਰ ਪੁਰਖਿ ਮਿਲਾਇਆ ਤਿਸੁ ਜੇਵਡੁ ਅਵਰੁ ਨ ਕੋਇ ਜੀਉ ॥੧॥ ਰਹਾਉ ॥ | The True Guru has united me with the Lord, the Primal Being. There is no other as great as He. \|\|1\|\|Pause\|\| |
| ਗੋਸਾਈ ਮਿਹੰਡਾ ਇਠੜਾ ॥ | The Lord of the Universe is my Sweet Beloved. |
| ਅੰਮ ਅਬੇ ਥਾਵਹੁ ਮਿਠੜਾ ॥ | He is sweeter than my mother or father. |
| ਭੈਣ ਭਾਈ ਸਭਿ ਸਜਣਾ ਤੁਧੁ ਜੇਹਾ ਨਾਹੀ ਕੋਇ ਜੀਉ ॥੧॥ | Among all sisters and brothers and friends, there is no one like You. \|\|1\|\| |
| ਤੇਰੈ ਹੁਕਮੇ ਸਾਵਣੁ ਆਇਆ ॥ | By Your Command, the month of Saawan has come. |
| ਮੈ ਸਤ ਕਾ ਹਲੁ ਜੋਆਇਆ ॥ | I have hooked up the plow of Truth, |
| ਨਾਉ ਬੀਜਣ ਲਗਾ ਆਸ ਕਰਿ ਹਰਿ ਬੋਹਲ ਬਖਸ ਜਮਾਇ ਜੀਉ ॥੨॥ | and I plant the seed of the Name in hopes that the Lord, in His Generosity, will bestow a bountiful harvest. \|\|2\|\| |
| ਹਉ ਗੁਰ ਮਿਲਿ ਇਕੁ ਪਛਾਣਦਾ ॥ | Meeting with the Guru, I recognize only the One Lord. |
| ਦੁਯਾ ਕਾਗਲੁ ਚਿਤਿ ਨ ਜਾਣਦਾ ॥ | In my consciousness, I do not know of any other account. |
| ਹਰਿ ਇਕਤੈ ਕਾਰੈ ਲਾਇਓਨੁ ਜਿਉ ਭਾਵੈ ਤਿੰਵੈ ਨਿਬਾਹਿ ਜੀਉ ॥੩॥ | The Lord has assigned one task to me; as it pleases Him, I perform it. \|\|3\|\| |
| ਤੁਸੀ ਭੋਗਿਹੁ ਭੁੰਚਹੁ ਭਾਈਹੋ ॥ | Enjoy yourselves and eat, O Siblings of Destiny. |
| ਗੁਰਿ ਦੀਬਾਣਿ ਕਵਾਇ ਪੈਨਾਈਓ ॥ | In the Guru's Court, He has blessed me with the Robe of Honor. |
| ਹਉ ਹੋਆ ਮਾਹਰੁ ਪਿੰਡ ਦਾ ਬੰਨਿ ਆਦੇ ਪੰਜਿ ਸਰੀਕ ਜੀਉ ॥੪॥ | I have become the Master of my body-village; I have taken the five rivals as prisoners. \|\|4\|\| |
| ਹਉ ਆਇਆ ਸਾਮ੍ਹੈ ਤਿਹੰਡੀਆ ॥ | I have come to Your Sanctuary. |
| ਪੰਜਿ ਕਿਰਸਾਣ ਮੁਜੇਰੇ ਮਿਹਡਿਆ ॥ | The five farm-hands have become my tenants; |
| ਕੰਨੁ ਕੋਈ ਕਢਿ ਨ ਹੰਘਈ ਨਾਨਕ ਵੁਠਾ ਘੁਘਿ ਗਿਰਾਉ ਜੀਉ ॥੫॥ | none dare to raise their heads against me. O Nanak, my village is populous and prosperous. \|\|5\|\| |
| ਹਉ ਵਾਰੀ ਘੁੰਮਾ ਜਾਵਦਾ ॥ | I am a sacrifice, a sacrifice to You. |
| ਇਕ ਸਾਹਾ ਤੁਧੁ ਧਿਆਇਦਾ ॥ | I meditate on You continually. |

ਉਜੜੁ ਥੇਹੁ ਵਸਾਇਓ ਹਉ ਤੁਧ ਵਿਟਹੁ ਕੁਰਬਾਣੁ ਜੀਉ ॥੬॥

The village was in ruins, but You have re-populated it. I am a sacrifice to You. ||6||

ਹਰਿ ਇਠੈ ਨਿਤ ਧਿਆਇਦਾ ॥

O Beloved Lord, I meditate on You continually;

ਮਨਿ ਚਿੰਦੀ ਸੋ ਫਲੁ ਪਾਇਦਾ ॥

I obtain the fruits of my mind's desires.

ਸਭੇ ਕਾਜ ਸਵਾਰਿਅਨੁ ਲਾਹੀਅਨੁ ਮਨ ਕੀ ਭੁਖ ਜੀਉ ॥੭॥

All my affairs are arranged, and the hunger of my mind is appeased. ||7||

ਮੈ ਛਡਿਆ ਸਭੋ ਧੰਧੜਾ ॥

I have forsaken all my entanglements;

ਗੋਸਾਈ ਸੇਵੀ ਸਚੜਾ ॥

I serve the True Lord of the Universe.

ਨਉ ਨਿਧਿ ਨਾਮੁ ਨਿਧਾਨੁ ਹਰਿ ਮੈ ਪਲੈ ਬਧਾ ਛਿਕਿ ਜੀਉ ॥੮॥

I have firmly attached the Name, the Home of the Nine Treasures to my robe. ||8||

ਮੈ ਸੁਖੀ ਹੂੰ ਸੁਖੁ ਪਾਇਆ ॥

I have obtained the comfort of comforts.

ਗੁਰਿ ਅੰਤਰਿ ਸਬਦੁ ਵਸਾਇਆ ॥

The Guru has implanted the Word of the Shabad deep within me.

ਸਤਿਗੁਰਿ ਪੁਰਖਿ ਵਿਖਾਲਿਆ ਮਸਤਕਿ ਧਰਿ ਕੈ ਹਥੁ ਜੀਉ ॥੯॥

The True Guru has shown me my Husband Lord; He has placed His Hand upon my forehead. ||9||

ਮੈ ਬਧੀ ਸਚੁ ਧਰਮ ਸਾਲ ਹੈ ॥

I have established the Temple of Truth.

ਗੁਰਸਿਖਾ ਲਹਦਾ ਭਾਲਿ ਕੈ ॥

I sought out the Guru's Sikhs, and brought them into it.

ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥੧੦॥

I wash their feet, and wave the fan over them. Bowing low, I fall at their feet. ||10||

## ੭੪ — 74

ਸੁਣਿ ਗਲਾ ਗੁਰ ਪਹਿ ਆਇਆ ॥

I heard of the Guru, and so I went to Him.

ਨਾਮੁ ਦਾਨੁ ਇਸਨਾਨੁ ਦਿੜਾਇਆ ॥

He instilled within me the Naam, the goodness of charity and true cleansing.

ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ ॥੧੧॥

All the world is liberated, O Nanak, by embarking upon the Boat of Truth. ||11||

ਸਭ ਸ੍ਰਿਸਟਿ ਸੇਵੇ ਦਿਨੁ ਰਾਤਿ ਜੀਉ ॥

The whole Universe serves You, day and night.

ਦੇ ਕੰਨੁ ਸੁਣਹੁ ਅਰਦਾਸਿ ਜੀਉ ॥

Please hear my prayer, O Dear Lord.

| | |
|---|---|
| ਠੋਕਿ ਵਜਾਇ ਸਭ ਡਿਠੀਆ ਤੁਸਿ ਆਪੇ ਲਇਅਨੁ ਛਡਾਇ ਜੀਉ ॥੧੨॥ | I have thoroughly tested and seen all-You alone, by Your Pleasure, can save us. \|\|12\|\| |
| ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ | Now, the Merciful Lord has issued His Command. |
| ਪੈ ਕੋਇ ਨ ਕਿਸੈ ਰਞਾਣਦਾ ॥ | Let no one chase after and attack anyone else. |
| ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥ | Let all abide in peace, under this Benevolent Rule. \|\|13\|\| |
| ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ ॥ | Softly and gently, drop by drop, the Ambrosial Nectar trickles down. |
| ਬੋਲਾਇਆ ਬੋਲੀ ਖਸਮ ਦਾ ॥ | I speak as my Lord and Master causes me to speak. |
| ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ ॥੧੪॥ | I place all my faith in You; please accept me. \|\|14\|\| |
| ਤੇਰਿਆ ਭਗਤਾ ਭੁਖ ਸਦ ਤੇਰੀਆ ॥ | Your devotees are forever hungry for You. |
| ਹਰਿ ਲੋਚਾ ਪੂਰਨ ਮੇਰੀਆ ॥ | O Lord, please fulfill my desires. |
| ਦੇਹੁ ਦਰਸੁ ਸੁਖਦਾਤਿਆ ਮੈ ਗਲ ਵਿਚਿ ਲੈਹੁ ਮਿਲਾਇ ਜੀਉ ॥੧੫॥ | Grant me the Blessed Vision of Your Darshan, O Giver of Peace. Please, take me into Your Embrace. \|\|15\|\| |
| ਤੁਧੁ ਜੇਵਡੁ ਅਵਰੁ ਨ ਭਾਲਿਆ ॥ | I have not found any other as Great as You. |
| ਤੂੰ ਦੀਪ ਲੋਅ ਪਇਆਲਿਆ ॥ | You pervade the continents, the worlds and the nether regions; |
| ਤੂੰ ਥਾਨਿ ਥਨੰਤਰਿ ਰਵਿ ਰਹਿਆ ਨਾਨਕ ਭਗਤਾ ਸਚੁ ਅਧਾਰੁ ਜੀਉ ॥੧੬॥ | You are permeating all places and interspaces. Nanak: You are the True Support of Your devotees. \|\|16\|\| |
| ਹਉ ਗੋਸਾਈ ਦਾ ਪਹਿਲਵਾਨੜਾ ॥ | I am a wrestler; I belong to the Lord of the World. |
| ਮੈ ਗੁਰ ਮਿਲਿ ਉਚ ਦੁਮਾਲੜਾ ॥ | I met with the Guru, and I have tied a tall, plumed turban. |
| ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥੧੭॥ | All have gathered to watch the wrestling match, and the Merciful Lord Himself is seated to behold it. \|\|17\|\| |
| ਵਾਤ ਵਜਨਿ ਟੰਮਕ ਭੇਰੀਆ ॥ | The bugles play and the drums beat. |
| ਮਲ ਲਥੇ ਲੈਦੇ ਫੇਰੀਆ ॥ | The wrestlers enter the arena and circle around. |
| ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥੧੮॥ | I have thrown the five challengers to the ground, and the Guru has patted me on the back. \|\|18\|\| |
| ਸਭ ਇਕਠੇ ਹੋਇ ਆਇਆ ॥ | All have gathered together, |

ਘਰਿ ਜਾਸਨਿ ਵਾਟ ਵਟਾਇਆ ॥

but we shall return home by different routes.

ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ ॥੧੯॥

The Gurmukhs reap their profits and leave, while the self-willed manmukhs lose their investment and depart. ||19||

ਤੂੰ ਵਰਨਾ ਚਿਹਨਾ ਬਾਹਰਾ ॥

You are without color or mark.

ਹਰਿ ਦਿਸਹਿ ਹਾਜਰੁ ਜਾਹਰਾ ॥

The Lord is seen to be manifest and present.

ਸੁਣਿ ਸੁਣਿ ਤੁਝੈ ਧਿਆਇਦੇ ਤੇਰੇ ਭਗਤ ਰਤੇ ਗੁਣਤਾਸੁ ਜੀਉ ॥੨੦॥

Hearing of Your Glories again and again, Your devotees meditate on You; they are attuned to You, O Lord, Treasure of Excellence. ||20||

ਮੈ ਜੁਗਿ ਜੁਗਿ ਦਯੈ ਸੇਵੜੀ ॥

Through age after age, I am the servant of the Merciful Lord.

ਗੁਰਿ ਕਟੀ ਮਿਹਡੀ ਜੇਵੜੀ ॥

The Guru has cut away my bonds.

ਹਉ ਬਾਹੁੜਿ ਛਿੰਝ ਨ ਨਚਊ ਨਾਨਕ ਅਉਸਰੁ ਲਧਾ ਭਾਲਿ ਜੀਉ ॥੨੧॥੨॥੨੯॥

I shall not have to dance in the wrestling arena of life again. Nanak has searched, and found this opportunity. ||21||2||29||

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਸਿਰੀਰਾਗੁ ਮਹਲਾ ੧ ਪਹਰੇ ਘਰੁ ੧ ॥

Siree Raag, First Mehl, Pehray, First House:

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥

In the first watch of the night, O my merchant friend, you were cast into the womb, by the Lord's Command.

ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥

Upside-down, within the womb, you performed penance, O my merchant friend, and you prayed to your Lord and Master.

ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ ॥

You uttered prayers to your Lord and Master, while upside-down, and you meditated on Him with deep love and affection.

ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ ॥

You came into this Dark Age of Kali Yuga naked, and you shall depart again naked.

ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥

As God's Pen has written on your forehead, so it shall be with your soul.

ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ ॥੧॥

Says Nanak, in the first watch of the night, by the Hukam of the Lord's Command, you enter into the womb. ||1||

| ੭੫ | 75 |
|---|---|
| ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ॥ | In the second watch of the night, O my merchant friend, you have forgotten to meditate. |
| ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ ॥ | From hand to hand, you are passed around, O my merchant friend, like Krishna in the house of Yashoda. |
| ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ ॥ | From hand to hand, you are passed around, and your mother says, “This is my son.” |
| ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ ॥ | O, my thoughtless and foolish mind, think: In the end, nothing shall be yours. |
| ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ ॥ | You do not know the One who created the creation. Gather spiritual wisdom within your mind. |
| ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ ॥੨॥ | Says Nanak, in the second watch of the night, you have forgotten to meditate. \|\|2\|\| |
| ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ ॥ | In the third watch of the night, O my merchant friend, your consciousness is focused on wealth and youth. |
| ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ ॥ | You have not remembered the Name of the Lord, O my merchant friend, although it would release you from bondage. |
| ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ ॥ | You do not remember the Name of the Lord, and you become confused by Maya. |
| ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ ॥ | Revelling in your riches and intoxicated with youth, you waste your life uselessly. |
| ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ ॥ | You have not traded in righteousness and Dharma; you have not made good deeds your friends. |
| ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ॥੩॥ | Says Nanak, in the third watch of the night, your mind is attached to wealth and youth. \|\|3\|\| |
| ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ॥ | In the fourth watch of the night, O my merchant friend, the Grim Reaper comes to the field. |
| ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ॥ | When the Messenger of Death seizes and dispatches you, O my merchant friend, no one knows the mystery of where you have gone. |

ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ॥

So think of the Lord! No one knows this secret, of when the Messenger of Death will seize you and take you away.

ਝੂਠਾ ਰੁਦਨੁ ਹੋਆ ਦੋੁਆਲੈ ਖਿਨ ਮਹਿ ਭਇਆ ਪਰਾਇਆ ॥

All your weeping and wailing then is false. In an instant, you become a stranger.

ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ ॥

You obtain exactly what you have longed for.

ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ ॥੪॥੧॥

Says Nanak, in the fourth watch of the night, O mortal, the Grim Reaper has harvested your field. ||4||1||

ਸਿਰੀਰਾਗੁ ਮਹਲਾ ੧ ॥

Siree Raag, First Mehl:

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਾਲਕ ਬੁਧਿ ਅਚੇਤੁ ॥

In the first watch of the night, O my merchant friend, your innocent mind has a child-like understanding.

ਖੀਰੁ ਪੀਐ ਖੇਲਾਈਐ ਵਣਜਾਰਿਆ ਮਿਤ੍ਰਾ ਮਾਤ ਪਿਤਾ ਸੁਤ ਹੇਤੁ ॥
ਮਾਤ ਪਿਤਾ ਸੁਤ ਨੇਹੁ ਘਨੇਰਾ ਮਾਇਆ ਮੋਹੁ ਸਬਾਈ ॥

You drink milk, and you are fondled so gently, O my merchant friend. The mother and father love their child so much, but in Maya, all are caught in emotional attachment.

ਸੰਜੋਗੀ ਆਇਆ ਕਿਰਤੁ ਕਮਾਇਆ ਕਰਣੀ ਕਾਰ ਕਰਾਈ ॥

By the good fortune of good deeds done in the past, you have come, and now you perform actions to determine your future.

ਰਾਮ ਨਾਮ ਬਿਨੁ ਮੁਕਤਿ ਨ ਹੋਈ ਬੂਡੀ ਦੂਜੈ ਹੇਤਿ ॥

Without the Lord's Name, liberation is not obtained, and you are drowned in the love of duality.

ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਛੂਟਹਿਗਾ ਹਰਿ ਚੇਤਿ ॥੧॥

Says Nanak, in the first watch of the night, O mortal, you shall be saved by remembering the Lord. ||1||

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੋਬਨਿ ਮੈ ਮਤਿ ॥

In the second watch of the night, O my merchant friend, you are intoxicated with the wine of youth and beauty.

ਅਹਿਨਿਸਿ ਕਾਮਿ ਵਿਆਪਿਆ ਵਣਜਾਰਿਆ ਮਿਤ੍ਰਾ ਅੰਧੁਲੇ ਨਾਮੁ ਨ ਚਿਤਿ ॥

Day and night, you are engrossed in sexual desire, O my merchant friend, and your consciousness is blind to the Naam.

ਰਾਮ ਨਾਮੁ ਘਟ ਅੰਤਰਿ ਨਾਹੀ ਹੋਰਿ ਜਾਣੈ ਰਸ ਕਸ ਮੀਠੇ ॥

The Lord's Name is not within your heart, but all sorts of other tastes seem sweet to you.

ਗਿਆਨੁ ਧਿਆਨੁ ਗੁਣ ਸੰਜਮੁ ਨਾਹੀ ਜਨਮਿ ਮਰਹੁਗੇ ਝੂਠੇ ॥

You have no wisdom at all, no meditation, no virtue or self-discipline; in falsehood, you are caught in the cycle of birth and death.

| | |
|---|---|
| ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮੁ ਧਰਮੁ ਨਹੀ ਪੂਜਾ ॥ | Pilgrimages, fasts, purification and self-discipline are of no use, nor are rituals, religious ceremonies or empty worship. |
| ਨਾਨਕ ਭਾਇ ਭਗਤਿ ਨਿਸਤਾਰਾ ਦੁਬਿਧਾ ਵਿਆਪੈ ਦੂਜਾ ॥੨॥ | O Nanak, emancipation comes only by loving devotional worship; through duality, people are engrossed in duality. ‖2‖ |
| ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਸਰਿ ਹੰਸ ਉਲਥੜੇ ਆਇ ॥ | In the third watch of the night, O my merchant friend, the swans, the white hairs, come and land upon the pool of the head. |
| ਜੋਬਨੁ ਘਟੈ ਜਰੂਆ ਜਿਣੈ ਵਣਜਾਰਿਆ ਮਿਤ੍ਰਾ ਆਵ ਘਟੈ ਦਿਨੁ ਜਾਇ ॥ | Youth wears itself out, and old age triumphs, O my merchant friend; as time passes, your days diminish. |
| ੭੬ | 76 |
| ਅੰਤਿ ਕਾਲਿ ਪਛੁਤਾਸੀ ਅੰਧੁਲੇ ਜਾ ਜਮਿ ਪਕੜਿ ਚਲਾਇਆ ॥ | At the last moment, you repent-you are so blind!-when the Messenger of Death seizes you and carries you away. |
| ਸਭੁ ਕਿਛੁ ਅਪੁਨਾ ਕਰਿ ਕਰਿ ਰਾਖਿਆ ਖਿਨ ਮਹਿ ਭਇਆ ਪਰਾਇਆ ॥ | You kept all your things for yourself, but in an instant, they are all lost. |
| ਬੁਧਿ ਵਿਸਰਜੀ ਗਈ ਸਿਆਣਪ ਕਰਿ ਅਵਗਣ ਪਛੁਤਾਇ ॥ | Your intellect left you, your wisdom departed, and now you repent for the evil deeds you committed. |
| ਕਹੁ ਨਾਨਕ ਪ੍ਰਾਣੀ ਤੀਜੈ ਪਹਰੈ ਪ੍ਰਭੁ ਚੇਤਹੁ ਲਿਵ ਲਾਇ ॥੩॥ | Says Nanak, O mortal, in the third watch of the night, let your consciousness be lovingly focused on God. ‖3‖ |
| ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਰਧਿ ਭਇਆ ਤਨੁ ਖੀਣੁ ॥ | In the fourth watch of the night, O my merchant friend, your body grows old and weak. |
| ਅਖੀ ਅੰਧੁ ਨ ਦੀਸਈ ਵਣਜਾਰਿਆ ਮਿਤ੍ਰਾ ਕੰਨੀ ਸੁਣੈ ਨ ਵੈਣ ॥ | Your eyes go blind, and cannot see, O my merchant friend, and your ears do not hear any words. |
| ਅਖੀ ਅੰਧੁ ਜੀਭ ਰਸੁ ਨਾਹੀ ਰਹੇ ਪਰਾਕਉ ਤਾਣਾ ॥ | Your eyes go blind, and your tongue is unable to taste; you live only with the help of others. |
| ਗੁਣ ਅੰਤਰਿ ਨਾਹੀ ਕਿਉ ਸੁਖੁ ਪਾਵੈ ਮਨਮੁਖ ਆਵਣ ਜਾਣਾ ॥ | With no virtue within, how can you find peace? The self-willed manmukh comes and goes in reincarnation. |
| ਖੜੁ ਪਕੀ ਕੁੜਿ ਭਜੈ ਬਿਨਸੈ ਆਇ ਚਲੈ ਕਿਆ ਮਾਣੁ ॥ | When the crop of life has matured, it bends, breaks and perishes; why take pride in that which comes and goes? |
| ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਗੁਰਮੁਖਿ ਸਬਦੁ ਪਛਾਣੁ ॥੪॥ | Says Nanak, O mortal, in the fourth watch of the night, the Gurmukh recognizes the Word of the Shabad. ‖4‖ |

| | |
|---|---|
| ਓੜਕੁ ਆਇਆ ਤਿਨ ਸਾਹਿਆ ਵਣਜਾਰਿਆ ਮਿਤ੍ਰਾ ਜਰੁ ਜਰਵਾਣਾ ਕੰਨਿ ॥ | Your breath comes to its end, O my merchant friend, and your shoulders are weighed down by the tyrant of old age. |
| ਇਕ ਰਤੀ ਗੁਣ ਨ ਸਮਾਣਿਆ ਵਣਜਾਰਿਆ ਮਿਤ੍ਰਾ ਅਵਗਣ ਖੜਸਨਿ ਬੰਨਿ ॥ | Not one iota of virtue came into you, O my merchant friend; bound and gagged by evil, you are driven along. |
| ਗੁਣ ਸੰਜਮਿ ਜਾਵੈ ਚੋਟ ਨ ਖਾਵੈ ਨਾ ਤਿਸੁ ਜੰਮਣੁ ਮਰਣਾ ॥ | One who departs with virtue and self-discipline is not struck down, and is not consigned to the cycle of birth and death. |
| ਕਾਲੁ ਜਾਲੁ ਜਮੁ ਜੋਹਿ ਨ ਸਾਕੈ ਭਾਇ ਭਗਤਿ ਭੈ ਤਰਣਾ ॥ | The Messenger of Death and his trap cannot touch him; through loving devotional worship, he crosses over the ocean of fear. |
| ਪਤਿ ਸੇਤੀ ਜਾਵੈ ਸਹਜਿ ਸਮਾਵੈ ਸਗਲੇ ਦੂਖ ਮਿਟਾਵੈ ॥ | He departs with honor, and merges in intuitive peace and poise; all his pains depart. |
| ਕਹੁ ਨਾਨਕ ਪ੍ਰਾਣੀ ਗੁਰਮੁਖਿ ਛੂਟੈ ਸਾਚੇ ਤੇ ਪਤਿ ਪਾਵੈ ॥੫॥੨॥ | Says Nanak, when the mortal becomes Gurmukh, he is saved and honored by the True Lord. \|\|5\|\|2\|\| |
| ਸਿਰੀਰਾਗੁ ਮਹਲਾ ੪ ॥ | Siree Raag, Fourth Mehl: |
| ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਪਾਇਆ ਉਦਰ ਮੰਝਾਰਿ ॥ | In the first watch of the night, O my merchant friend, the Lord places you in the womb. |
| ਹਰਿ ਧਿਆਵੈ ਹਰਿ ਉਚਰੈ ਵਣਜਾਰਿਆ ਮਿਤ੍ਰਾ ਹਰਿ ਹਰਿ ਨਾਮੁ ਸਮਾਰਿ ॥ | You meditate on the Lord, and chant the Lord's Name, O my merchant friend. You contemplate the Name of the Lord, Har, Har. |
| ਹਰਿ ਹਰਿ ਨਾਮੁ ਜਪੇ ਆਰਾਧੇ ਵਿਚਿ ਅਗਨੀ ਹਰਿ ਜਪਿ ਜੀਵਿਆ ॥ | Chanting the Name of the Lord, Har, Har, and meditating on it within the fire of the womb, your life is sustained by dwelling on the Naam. |
| ਬਾਹਰਿ ਜਨਮੁ ਭਇਆ ਮੁਖਿ ਲਾਗਾ ਸਰਸੇ ਪਿਤਾ ਮਾਤ ਥੀਵਿਆ ॥ | You are born and you come out, and your mother and father are delighted to see your face. |
| ਜਿਸ ਕੀ ਵਸਤੁ ਤਿਸੁ ਚੇਤਹੁ ਪ੍ਰਾਣੀ ਕਰਿ ਹਿਰਦੈ ਗੁਰਮੁਖਿ ਬੀਚਾਰਿ ॥ | Remember the One, O mortal, to whom the child belongs. As Gurmukh, reflect upon Him within your heart. |
| ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹਰਿ ਜਪੀਐ ਕਿਰਪਾ ਧਾਰਿ ॥੧॥ | Says Nanak, O mortal, in the first watch of the night, dwell upon the Lord, who shall shower you with His Grace. \|\|1\|\| |
| ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਮਨੁ ਲਾਗਾ ਦੂਜੈ ਭਾਇ ॥ | In the second watch of the night, O my merchant friend, the mind is attached to the love of duality. |

| | |
|---|---|
| ਮੇਰਾ ਮੇਰਾ ਕਰਿ ਪਾਲੀਐ ਵਣਜਾਰਿਆ ਮਿਤ੍ਰਾ ਲੇ ਮਾਤ ਪਿਤਾ ਗਲਿ ਲਾਇ ॥ | Mother and father hug you close in their embrace, claiming, "He is mine, he is mine"; so is the child brought up, O my merchant friend. |
| ਲਾਵੈ ਮਾਤ ਪਿਤਾ ਸਦਾ ਗਲ ਸੇਤੀ ਮਨਿ ਜਾਣੈ ਖਟਿ ਖਵਾਏ ॥ | Your mother and father constantly hug you close in their embrace; in their minds, they believe that you will provide for them and support them. |
| ਜੋ ਦੇਵੈ ਤਿਸੈ ਨ ਜਾਣੈ ਮੂੜਾ ਦਿਤੇ ਨੋ ਲਪਟਾਏ ॥ | The fool does not know the One who gives; instead, he clings to the gift. |
| ਕੋਈ ਗੁਰਮੁਖਿ ਹੋਵੈ ਸੁ ਕਰੈ ਵੀਚਾਰੁ ਹਰਿ ਧਿਆਵੈ ਮਨਿ ਲਿਵ ਲਾਇ ॥ | Rare is the Gurmukh who reflects upon, meditates upon, and within his mind, is lovingly attached to the Lord. |
| ਕਹੁ ਨਾਨਕ ਦੂਜੈ ਪਹਰੈ ਪ੍ਰਾਣੀ ਤਿਸੁ ਕਾਲੁ ਨ ਕਬਹੂੰ ਖਾਇ ॥੨॥ | Says Nanak, in the second watch of the night, O mortal, death never devours you. \|\|2\|\| |
| ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਮਨੁ ਲਗਾ ਆਲਿ ਜੰਜਾਲਿ ॥ | In the third watch of the night, O my merchant friend, your mind is entangled in worldly and household affairs. |
| ਧਨੁ ਚਿਤਵੈ ਧਨੁ ਸੰਚਵੈ ਵਣਜਾਰਿਆ ਮਿਤ੍ਰਾ ਹਰਿ ਨਾਮਾ ਹਰਿ ਨ ਸਮਾਲਿ ॥ | You think of wealth, and gather wealth, O my merchant friend, but you do not contemplate the Lord or the Lord's Name. |
| ਹਰਿ ਨਾਮਾ ਹਰਿ ਹਰਿ ਕਦੇ ਨ ਸਮਾਲੈ ਜਿ ਹੋਵੈ ਅੰਤਿ ਸਖਾਈ ॥ | You never dwell upon the Name of the Lord, Har, Har, who will be your only Helper and Support in the end. |

## ੭੭ / 77

| | |
|---|---|
| ਇਹੁ ਧਨੁ ਸੰਪੈ ਮਾਇਆ ਝੂਠੀ ਅੰਤਿ ਛੋਡਿ ਚਲਿਆ ਪਛੁਤਾਈ ॥ | This wealth, property and Maya are false. In the end, you must leave these, and depart in sorrow. |
| ਜਿਸ ਨੋ ਕਿਰਪਾ ਕਰੇ ਗੁਰੁ ਮੇਲੇ ਸੋ ਹਰਿ ਹਰਿ ਨਾਮੁ ਸਮਾਲਿ ॥ | Those whom the Lord, in His Mercy, unites with the Guru, reflect upon the Name of the Lord, Har, Har. |
| ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਸੇ ਜਾਇ ਮਿਲੇ ਹਰਿ ਨਾਲਿ ॥੩॥ | Says Nanak, in the third watch of the night, O mortal, they go, and are united with the Lord. \|\|3\|\| |
| ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਚਲਣ ਵੇਲਾ ਆਦੀ ॥ | In the fourth watch of the night, O my merchant friend, the Lord announces the time of departure. |
| ਕਰਿ ਸੇਵਹੁ ਪੂਰਾ ਸਤਿਗੁਰੂ ਵਣਜਾਰਿਆ ਮਿਤ੍ਰਾ ਸਭ ਚਲੀ ਰੈਣਿ ਵਿਹਾਦੀ ॥ | Serve the Perfect True Guru, O my merchant friend; your entire life-night is passing away. |

ਹਰਿ ਸੇਵਹੁ ਖਿਨੁ ਖਿਨੁ ਢਿਲ ਮੂਲਿ ਨ ਕਰਿਹੁ ਜਿਤੁ ਅਸਥਿਰੁ ਜੁਗੁ ਜੁਗੁ ਹੋਵਹੁ ॥

Serve the Lord each and every instant-do not delay! You shall become eternal throughout the ages.

ਹਰਿ ਸੇਤੀ ਸਦ ਮਾਣਹੁ ਰਲੀਆ ਜਨਮ ਮਰਣ ਦੁਖ ਖੋਵਹੁ ॥

Enjoy ecstasy forever with the Lord, and do away with the pains of birth and death.

ਗੁਰ ਸਤਿਗੁਰ ਸੁਆਮੀ ਭੇਦੁ ਨ ਜਾਣਹੁ ਜਿਤੁ ਮਿਲਿ ਹਰਿ ਭਗਤਿ ਸੁਖਾਂਦੀ ॥

Know that there is no difference between the Guru, the True Guru, and your Lord and Master. Meeting with Him, take pleasure in the Lord's devotional service.

ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਸਫਲਿਓੁ ਰੈਣਿ ਭਗਤਾ ਦੀ ॥੪॥੧॥੩॥

Says Nanak, O mortal, in the fourth watch of the night, the life-night of the devotee is fruitful. ||4||1||3||

ਸਿਰੀਰਾਗੁ ਮਹਲਾ ੫ ॥

Siree Raag, Fifth Mehl:

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਰਿ ਪਾਇਤਾ ਉਦਰੈ ਮਾਹਿ ॥

In the first watch of the night, O my merchant friend, the Lord placed your soul in the womb.

ਦਸੀ ਮਾਸੀ ਮਾਨਸੁ ਕੀਆ ਵਣਜਾਰਿਆ ਮਿਤ੍ਰਾ ਕਰਿ ਮੁਹਲਤਿ ਕਰਮ ਕਮਾਹਿ ॥

In the tenth month, you were made into a human being, O my merchant friend, and you were given your allotted time to perform good deeds.

ਮੁਹਲਤਿ ਕਰਿ ਦੀਨੀ ਕਰਮ ਕਮਾਣੇ ਜੈਸਾ ਲਿਖਤੁ ਧੁਰਿ ਪਾਇਆ ॥

You were given this time to perform good deeds, according to your pre-ordained destiny.

ਮਾਤ ਪਿਤਾ ਭਾਈ ਸੁਤ ਬਨਿਤਾ ਤਿਨ ਭੀਤਰਿ ਪ੍ਰਭੂ ਸੰਜੋਇਆ ॥

God placed you with your mother, father, brothers, sons and wife.

ਕਰਮ ਸੁਕਰਮ ਕਰਾਏ ਆਪੇ ਇਸੁ ਜੰਤੈ ਵਸਿ ਕਿਛੁ ਨਾਹਿ ॥

God Himself is the Cause of causes, good and bad-no one has control over these things.

ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਧਰਿ ਪਾਇਤਾ ਉਦਰੈ ਮਾਹਿ ॥੧॥

Says Nanak, O mortal, in the first watch of the night, the soul is placed in the womb. ||1||

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੁਆਨੀ ਲਹਰੀ ਦੇਇ ॥

In the second watch of the night, O my merchant friend, the fullness of youth rises in you like waves.

ਬੁਰਾ ਭਲਾ ਨ ਪਛਾਣਈ ਵਣਜਾਰਿਆ ਮਿਤ੍ਰਾ ਮਨੁ ਮਤਾ ਅਹੰਮੇਇ ॥

You do not distinguish between good and evil, O my merchant friend-your mind is intoxicated with ego.

ਬੁਰਾ ਭਲਾ ਨ ਪਛਾਣੈ ਪ੍ਰਾਣੀ ਆਗੈ ਪੰਥੁ ਕਰਾਰਾ ॥

Mortal beings do not distinguish between good and evil, and the road ahead is treacherous.

ਪੂਰਾ ਸਤਿਗੁਰੁ ਕਬਹੂੰ ਨ ਸੇਵਿਆ ਸਿਰਿ ਠਾਢੇ ਜਮ ਜੰਦਾਰਾ ॥

They never serve the Perfect True Guru, and the cruel tyrant Death stands over their heads.

ਧਰਮ ਰਾਇ ਜਬ ਪਕਰਸਿ ਬਵਰੇ ਤਬ ਕਿਆ ਜਬਾਬੁ ਕਰੇਇ ॥

When the Righteous Judge seizes you and interrogates you, O madman, what answer will you give him then?

ਕਹੁ ਨਾਨਕ ਦੂਜੈ ਪਹਰੈ ਪ੍ਰਾਣੀ ਭਰਿ ਜੋਬਨੁ ਲਹਰੀ ਦੇਇ ॥੨॥

Says Nanak, in the second watch of the night, O mortal, the fullness of youth tosses you about like waves in the storm. ||2||

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਖੁ ਸੰਚੈ ਅੰਧੁ ਅਗਿਆਨੁ ॥

In the third watch of the night, O my merchant friend, the blind and ignorant person gathers poison.

ਪੁਤ੍ਰਿ ਕਲਤ੍ਰਿ ਮੋਹਿ ਲਪਟਿਆ ਵਣਜਾਰਿਆ ਮਿਤ੍ਰਾ ਅੰਤਰਿ ਲਹਰਿ ਲੋਭਾਨੁ ॥

He is entangled in emotional attachment to his wife and sons, O my merchant friend, and deep within him, the waves of greed are rising up.

ਅੰਤਰਿ ਲਹਰਿ ਲੋਭਾਨੁ ਪਰਾਨੀ ਸੋ ਪ੍ਰਭੁ ਚਿਤਿ ਨ ਆਵੈ ॥

The waves of greed are rising up within him, and he does not remember God.

ਸਾਧਸੰਗਤਿ ਸਿਉ ਸੰਗੁ ਨ ਕੀਆ ਬਹੁ ਜੋਨੀ ਦੁਖੁ ਪਾਵੈ ॥

He does not join the Saadh Sangat, the Company of the Holy, and he suffers in terrible pain through countless incarnations.

ਸਿਰਜਨਹਾਰੁ ਵਿਸਾਰਿਆ ਸੁਆਮੀ ਇਕ ਨਿਮਖ ਨ ਲਗੋ ਧਿਆਨੁ ॥

He has forgotten the Creator, his Lord and Master, and he does not meditate on Him, even for an instant.

ਕਹੁ ਨਾਨਕ ਪ੍ਰਾਣੀ ਤੀਜੈ ਪਹਰੈ ਬਿਖੁ ਸੰਚੇ ਅੰਧੁ ਅਗਿਆਨੁ ॥੩॥

Says Nanak, in the third watch of the night, the blind and ignorant person gathers poison. ||3||

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਦਿਨੁ ਨੇੜੈ ਆਇਆ ਸੋਇ ॥

In the fourth watch of the night, O my merchant friend, that day is drawing near.

ਗੁਰਮੁਖਿ ਨਾਮੁ ਸਮਾਲਿ ਤੂੰ ਵਣਜਾਰਿਆ ਮਿਤ੍ਰਾ ਤੇਰਾ ਦਰਗਹ ਬੇਲੀ ਹੋਇ ॥

As Gurmukh, remember the Naam, O my merchant friend. It shall be your Friend in the Court of the Lord.

ਗੁਰਮੁਖਿ ਨਾਮੁ ਸਮਾਲਿ ਪਰਾਣੀ ਅੰਤੇ ਹੋਇ ਸਖਾਈ ॥

As Gurmukh, remember the Naam, O mortal; in the end, it shall be your only companion.

੭੮ 78

ਇਹੁ ਮੋਹੁ ਮਾਇਆ ਤੇਰੈ ਸੰਗਿ ਨ ਚਾਲੈ ਝੂਠੀ ਪ੍ਰੀਤਿ ਲਗਾਈ ॥

This emotional attachment to Maya shall not go with you; it is false to fall in love with it.

ਸਗਲੀ ਰੈਣਿ ਗੁਦਰੀ ਅੰਧਿਆਰੀ ਸੇਵਿ ਸਤਿਗੁਰੁ ਚਾਨਣੁ ਹੋਇ ॥

The entire night of your life has passed away in darkness; but by serving the True Guru, the Divine Light shall dawn within.

| | |
|---|---|
| ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਦਿਨੁ ਨੇੜੈ ਆਇਆ ਸੋਇ ॥੪॥ | Says Nanak, O mortal, in the fourth watch of the night, that day is drawing near! \|\|4\|\| |
| ਲਿਖਿਆ ਆਇਆ ਗੋਵਿੰਦ ਕਾ ਵਣਜਾਰਿਆ ਮਿਤ੍ਰਾ ਉਠਿ ਚਲੇ ਕਮਾਣਾ ਸਾਥਿ ॥ | Receiving the summons from the Lord of the Universe, O my merchant friend, you must arise and depart with the actions you have committed. |
| ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ ਓਨੀ ਤਕੜੇ ਪਾਏ ਹਾਥ ॥ | You are not allowed a moment's delay, O my merchant friend; the Messenger of Death seizes you with firm hands. |
| ਲਿਖਿਆ ਆਇਆ ਪਕੜਿ ਚਲਾਇਆ ਮਨਮੁਖ ਸਦਾ ਦੁਹੇਲੇ ॥ | Receiving the summons, people are seized and dispatched. The self-willed manmukhs are miserable forever. |
| ਜਿਨੀ ਪੂਰਾ ਸਤਿਗੁਰੁ ਸੇਵਿਆ ਸੇ ਦਰਗਹ ਸਦਾ ਸੁਹੇਲੇ ॥ | But those who serve the Perfect True Guru are forever happy in the Court of the Lord. |
| ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ ॥ | The body is the field of karma in this age; whatever you plant, you shall harvest. |
| ਕਹੁ ਨਾਨਕ ਭਗਤ ਸੋਹਹਿ ਦਰਵਾਰੇ ਮਨਮੁਖ ਸਦਾ ਭਵਾਤਿ ॥੫॥੧॥੪॥ | Says Nanak, the devotees look beautiful in the Court of the Lord; the self-willed manmukhs wander forever in reincarnation. \|\|5\|\|1\|\|4\|\| |
| ਸਿਰੀਰਾਗੁ ਮਹਲਾ ੪ ਘਰੁ ੨ ਛੰਤ | Siree Raag, Fourth Mehl, Second House, Chhant: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥ | How can the ignorant soul-bride obtain the Blessed Vision of the Lord's Darshan, while she is in this world of her father's home? |
| ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ ॥ | When the Lord Himself grants His Grace, the Gurmukh learns the duties of her Husband's Celestial Home. |
| ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥ | The Gurmukh learns the duties of her Husband's Celestial Home; she meditates forever on the Lord, Har, Har. |
| ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥ | She walks happily among her companions, and in the Lord's Court, she swings her arms joyfully. |
| ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥ | Her account is cleared by the Righteous Judge of Dharma, when she chants the Name of the Lord, Har, Har. |
| ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥ | The ignorant soul-bride becomes Gurmukh, and gains the Blessed Vision of the Lord's Darshan, while she is still in her father's house. \|\|1\|\| |

ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥

My marriage has been performed, O my father. As Gurmukh, I have found the Lord.

ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥

The darkness of ignorance has been dispelled. The Guru has revealed the blazing light of spiritual wisdom.

ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥

This spiritual wisdom given by the Guru shines forth, and the darkness has been dispelled. I have found the Priceless Jewel of the Lord.

ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥

The sickness of my ego has been dispelled, and my pain is over and done. Through the Guru's Teachings, my identity has consumed my identical identity.

ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥

I have obtained my Husband Lord, the Akaal Moorat, the Undying Form. He is Imperishable; He shall never die, and He shall never ever leave.

ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥

My marriage has been performed, O my father. As Gurmukh, I have found the Lord. ||2||

ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਞ ਸੁਹੰਦੀ ॥

The Lord is the Truest of the True, O my father. Meeting with the humble servants of the Lord, the marriage procession looks beautiful.

ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥

She who chants the Lord's Name is happy in this world of her father's home, and in the next world of her Husband Lord, she shall be very beautiful.

ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ ॥

In her Husband Lord's Celestial Home, she shall be most beautiful, if she has remembered the Naam in this world.

ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ ॥

Fruitful are the lives of those who, as Gurmukh, have conquered their minds-they have won the game of life.

ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ ॥

Joining with the humble Saints of the Lord, my actions bring prosperity, and I have obtained the Lord of Bliss as my Husband.

ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿ ਜਨ ਮਿਲਿ ਜੰਞ ਸੋਹੰਦੀ ॥੩॥

The Lord is the Truest of the True, O my father. Joining with the humble servants of the Lord, the marriage party has been embellished. ||3||

ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥

O my father, give me the Name of the Lord God as my wedding gift and dowry.

| ੭੯ | 79 |
|---|---|
| ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥ | Give me the Lord as my wedding gown, and the Lord as my glory, to accomplish my works. |
| ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥ | Through devotional worship to the Lord, this ceremony is made blissful and beautiful; the Guru, the True Guru, has given this gift. |
| ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥ | Across the continents, and throughout the Universe, the Lord's Glory is pervading. This gift is not diminished by being diffused among all. |
| ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥ | Any other dowry, which the self-willed manmukhs offer for show, is only false egotism and a worthless display. |
| ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥੪॥ | O my father, please give me the Name of the Lord God as my wedding gift and dowry. ‖4‖ |
| ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥ | The Lord, Raam, Raam, is All-pervading, O my father. Meeting her Husband Lord, the soul-bride blossoms forth like the flourishing vine. |
| ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥ | In age after age, through all the ages, forever and ever, those who belong to the Guru's Family shall prosper and increase. |
| ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥ | Age after age, the Family of the True Guru shall increase. As Gurmukh, they meditate on the Naam, the Name of the Lord. |
| ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥ | The Almighty Lord never dies or goes away. Whatever He gives, keeps on increasing. |
| ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥ | O Nanak, the One Lord is the Saint of Saints. Chanting the Name of the Lord, Har, Har, the soul-bride is bountiful and beautiful. |
| ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ ॥੫॥੧॥ | The Lord, Raam, Raam, is All-pervading, O my father. Meeting her Husband Lord, the soul-bride blossoms forth like the flourishing vine. ‖5‖1‖ |
| ਸਿਰੀਰਾਗੁ ਮਹਲਾ ੫ ਛੰਤ | Siree Raag, Fifth Mehl, Chhant: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਮਨ ਪਿਆਰਿਆ ਜੀਉ ਮਿਤ੍ਰਾ ਗੋਬਿੰਦ ਨਾਮੁ ਸਮਾਲੇ ॥ | O dear beloved mind, my friend, reflect upon the Name of the Lord of the Universe. |

| | |
|---|---|
| ਮਨ ਪਿਆਰਿਆ ਜੀ ਮਿਤ੍ਰਾ ਹਰਿ ਨਿਬਹੈ ਤੇਰੈ ਨਾਲੇ ॥ | O dear beloved mind, my friend, the Lord shall always be with you. |
| ਸੰਗਿ ਸਹਾਈ ਹਰਿ ਨਾਮੁ ਧਿਆਈ ਬਿਰਥਾ ਕੋਇ ਨ ਜਾਏ ॥ | The Name of the Lord shall be with you as your Helper and Support. Meditate on Him-no one who does so shall ever return empty-handed. |
| ਮਨ ਚਿੰਦੇ ਸੇਈ ਫਲ ਪਾਵਹਿ ਚਰਣ ਕਮਲ ਚਿਤੁ ਲਾਏ ॥ | You shall obtain the fruits of your mind's desires, by focusing your consciousness on the Lord's Lotus Feet. |
| ਜਲਿ ਥਲਿ ਪੂਰਿ ਰਹਿਆ ਬਨਵਾਰੀ ਘਟਿ ਘਟਿ ਨਦਰਿ ਨਿਹਾਲੇ ॥ | He is totally pervading the water and the land; He is the Lord of the World-forest. Behold Him in exaltation in each and every heart. |
| ਨਾਨਕੁ ਸਿਖ ਦੇਇ ਮਨ ਪ੍ਰੀਤਮ ਸਾਧਸੰਗਿ ਭ੍ਰਮੁ ਜਾਲੇ ॥੧॥ | Nanak gives this advice: O beloved mind, in the Company of the Holy, burn away your doubts. \|\|1\|\| |
| ਮਨ ਪਿਆਰਿਆ ਜੀ ਮਿਤ੍ਰਾ ਹਰਿ ਬਿਨੁ ਝੂਠੁ ਪਸਾਰੇ ॥ | O dear beloved mind, my friend, without the Lord, all outward show is false. |
| ਮਨ ਪਿਆਰਿਆ ਜੀਉ ਮਿਤ੍ਰਾ ਬਿਖੁ ਸਾਗਰੁ ਸੰਸਾਰੇ ॥ | O dear beloved mind, my friend, the world is an ocean of poison. |
| ਚਰਣ ਕਮਲ ਕਰਿ ਬੋਹਿਥੁ ਕਰਤੇ ਸਹਸਾ ਦੂਖੁ ਨ ਬਿਆਪੈ ॥ | Let the Lord's Lotus Feet be your Boat, so that pain and skepticism shall not touch you. |
| ਗੁਰੁ ਪੂਰਾ ਭੇਟੈ ਵਡਭਾਗੀ ਆਠ ਪਹਰ ਪ੍ਰਭੁ ਜਾਪੈ ॥ | Meeting with the Perfect Guru, by great good fortune, meditate on God twenty-four hours a day. |
| ਆਦਿ ਜੁਗਾਦੀ ਸੇਵਕ ਸੁਆਮੀ ਭਗਤਾ ਨਾਮੁ ਅਧਾਰੇ ॥ | From the very beginning, and throughout the ages, He is the Lord and Master of His servants. His Name is the Support of His devotees. |
| ਨਾਨਕੁ ਸਿਖ ਦੇਇ ਮਨ ਪ੍ਰੀਤਮ ਬਿਨੁ ਹਰਿ ਝੂਠ ਪਸਾਰੇ ॥੨॥ | Nanak gives this advice: O beloved mind, without the Lord, all outward show is false. \|\|2\|\| |
| ਮਨ ਪਿਆਰਿਆ ਜੀਉ ਮਿਤ੍ਰਾ ਹਰਿ ਲਦੇ ਖੇਪ ਸਵਲੀ ॥ | O dear beloved mind, my friend, load the profitable cargo of the Lord's Name. |
| ਮਨ ਪਿਆਰਿਆ ਜੀਉ ਮਿਤ੍ਰਾ ਹਰਿ ਦਰੁ ਨਿਹਚਲੁ ਮਲੀ ॥ | O dear beloved mind, my friend, enter through the eternal Door of the Lord. |
| ਹਰਿ ਦਰੁ ਸੇਵੇ ਅਲਖ ਅਭੇਵੇ ਨਿਹਚਲੁ ਆਸਣੁ ਪਾਇਆ ॥ | One who serves at the Door of the Imperceptible and Unfathomable Lord, obtains this eternal position. |
| ਤਹ ਜਨਮ ਨ ਮਰਣੁ ਨ ਆਵਣ ਜਾਣਾ ਸੰਸਾ ਦੂਖੁ ਮਿਟਾਇਆ ॥ | There is no birth or death there, no coming or going; anguish and anxiety are ended. |

ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ ॥

The accounts of Chitr and Gupt, the recording scribes of the conscious and the subconscious are torn up, and the Messenger of Death cannot do anything.

ਨਾਨਕੁ ਸਿਖ ਦੇਇ ਮਨ ਪ੍ਰੀਤਮ ਹਰਿ ਲਦੇ ਖੇਪ ਸਵਲੀ ॥੩॥

Nanak gives this advice: O beloved mind, load the profitable cargo of the Lord's Name. ||3||

ਮਨ ਪਿਆਰਿਆ ਜੀਉ ਮਿਤ੍ਰਾ ਕਰਿ ਸੰਤਾ ਸੰਗਿ ਨਿਵਾਸੋ ॥

O dear beloved mind, my friend, abide in the Society of the Saints.

ਮਨ ਪਿਆਰਿਆ ਜੀਉ ਮਿਤ੍ਰਾ ਹਰਿ ਨਾਮੁ ਜਪਤ ਪਰਗਾਸੋ ॥

O dear beloved mind, my friend, chanting the Lord's Name, the Divine Light shines within.

ਸਿਮਰਿ ਸੁਆਮੀ ਸੁਖਹ ਗਾਮੀ ਇਛ ਸਗਲੀ ਪੁੰਨੀਆ ॥

Remember your Lord and Master, who is easily obtained, and all desires shall be fulfilled.

## ੮੦

## 80

ਪੁਰਬੇ ਕਮਾਏ ਸ੍ਰੀਰੰਗ ਪਾਏ ਹਰਿ ਮਿਲੇ ਚਿਰੀ ਵਿਛੁੰਨਿਆ ॥

By my past actions, I have found the Lord, the Greatest Lover. Separated from Him for so long, I am united with Him again.

ਅੰਤਰਿ ਬਾਹਰਿ ਸਰਬਤਿ ਰਵਿਆ ਮਨਿ ਉਪਜਿਆ ਬਿਸੁਆਸੋ ॥

Inside and out, He is pervading everywhere. Faith in Him has welled up within my mind.

ਨਾਨਕੁ ਸਿਖ ਦੇਇ ਮਨ ਪ੍ਰੀਤਮ ਕਰਿ ਸੰਤਾ ਸੰਗਿ ਨਿਵਾਸੋ ॥੪॥

Nanak gives this advice: O beloved mind, let the Society of the Saints be your dwelling. ||4||

ਮਨ ਪਿਆਰਿਆ ਜੀਉ ਮਿਤ੍ਰਾ ਹਰਿ ਪ੍ਰੇਮ ਭਗਤਿ ਮਨੁ ਲੀਨਾ ॥

O dear beloved mind, my friend, let your mind remain absorbed in loving devotion to the Lord.

ਮਨ ਪਿਆਰਿਆ ਜੀਉ ਮਿਤ੍ਰਾ ਹਰਿ ਜਲ ਮਿਲਿ ਜੀਵੇ ਮੀਨਾ ॥

O dear beloved mind, my friend, the fish of the mind lives only when it is immersed in the Water of the Lord.

ਹਰਿ ਪੀ ਆਘਾਨੇ ਅੰਮ੍ਰਿਤ ਬਾਨੇ ਸ੍ਰਬ ਸੁਖਾ ਮਨ ਵੁਠੇ ॥

Drinking in the Lord's Ambrosial Bani, the mind is satisfied, and all pleasures come to abide within.

ਸ੍ਰੀਧਰ ਪਾਏ ਮੰਗਲ ਗਾਏ ਇਛ ਪੁੰਨੀ ਸਤਿਗੁਰ ਤੁਠੇ ॥

Attaining the Lord of Excellence, I sing the Songs of Joy. The True Guru, becoming merciful, has fulfilled my desires.

ਲੜਿ ਲੀਨੇ ਲਾਏ ਨਉ ਨਿਧਿ ਪਾਏ ਨਾਉ ਸਰਬਸੁ ਠਾਕੁਰਿ ਦੀਨਾ ॥

He has attached me to the hem of His robe, and I have obtained the nine treasures. My Lord and Master has bestowed His Name, which is everything to me.

ਨਾਨਕ ਸਿਖ ਸੰਤ ਸਮਝਾਈ ਹਰਿ ਪ੍ਰੇਮ ਭਗਤਿ ਮਨੁ ਲੀਨਾ ॥੫॥੧॥੨॥

Nanak instructs the Saints to teach, that the mind is imbued with loving devotion to the Lord. ||5||1||2||

| ਸਿਰੀਰਾਗ ਕੇ ਛੰਤ ਮਹਲਾ ੫ | Chhants Of Siree Raag, Fifth Mehl: |
|---|---|
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਡਖਣਾ ॥ | Dakhanaa: |
| ਹਠ ਮਞਾਹੂ ਮਾ ਪਿਰੀ ਪਸੇ ਕਿਉ ਦੀਦਾਰ ॥ | My Beloved Husband Lord is deep within my heart. How can I see Him? |
| ਸੰਤ ਸਰਣਾਈ ਲਭਣੇ ਨਾਨਕ ਪ੍ਰਾਣ ਅਧਾਰ ॥੧॥ | In the Sanctuary of the Saints, O Nanak, the Support of the breath of life is found. ‖1‖ |
| ਛੰਤੁ ॥ | Chhant: |
| ਚਰਨ ਕਮਲ ਸਿਉ ਪ੍ਰੀਤਿ ਰੀਤਿ ਸੰਤਨ ਮਨਿ ਆਵਏ ਜੀਉ ॥ | To love the Lotus Feet of the Lord-this way of life has come into the minds of His Saints. |
| ਦੁਤੀਆ ਭਾਉ ਬਿਪਰੀਤਿ ਅਨੀਤਿ ਦਾਸਾ ਨਹ ਭਾਵਏ ਜੀਉ ॥ | The love of duality, this evil practice, this bad habit, is not liked by the Lord's slaves. |
| ਦਾਸਾ ਨਹ ਭਾਵਏ ਬਿਨੁ ਦਰਸਾਵਏ ਇਕ ਖਿਨੁ ਧੀਰਜੁ ਕਿਉ ਕਰੈ ॥ | It is not pleasing to the Lord's slaves; without the Blessed Vision of the Lord's Darshan, how can they find peace, even for a moment? |
| ਨਾਮ ਬਿਹੂਨਾ ਤਨੁ ਮਨੁ ਹੀਨਾ ਜਲ ਬਿਨੁ ਮਛੁਲੀ ਜਿਉ ਮਰੈ ॥ | Without the Naam, the Name of the Lord, the body and mind are empty; like fish out of water, they die. |
| ਮਿਲੁ ਮੇਰੇ ਪਿਆਰੇ ਪ੍ਰਾਨ ਅਧਾਰੇ ਗੁਣ ਸਾਧਸੰਗਿ ਮਿਲਿ ਗਾਵਏ ॥ | Please meet with me, O my Beloved-You are the Support of my breath of life. Joining the Saadh Sangat, the Company of the Holy, I sing Your Glorious Praises. |
| ਨਾਨਕ ਕੇ ਸੁਆਮੀ ਧਾਰਿ ਅਨੁਗ੍ਰਹੁ ਮਨਿ ਤਨਿ ਅੰਕਿ ਸਮਾਵਏ ॥੧॥ | O Lord and Master of Nanak, please grant Your Grace, and permeate my body, mind and being. ‖1‖ |
| ਡਖਣਾ ॥ | Dakhanaa: |
| ਸੋਹੰਦੜੋ ਹਭ ਠਾਇ ਕੋਇ ਨ ਦਿਸੈ ਡੂਜੜੋ ॥ | He is Beautiful in all places; I do not see any other at all. |
| ਖੁਲ੍ਹੜੇ ਕਪਾਟ ਨਾਨਕ ਸਤਿਗੁਰ ਭੇਟਤੇ ॥੧॥ | Meeting with the True Guru, O Nanak, the doors are opened wide. ‖1‖ |
| ਛੰਤੁ ॥ | Chhant: |
| ਤੇਰੇ ਬਚਨ ਅਨੂਪ ਅਪਾਰ ਸੰਤਨ ਆਧਾਰ ਬਾਣੀ ਬੀਚਾਰੀਐ ਜੀਉ ॥ | Your Word is Incomparable and Infinite. I contemplate the Word of Your Bani, the Support of the Saints. |

ਸਿਮਰਤ ਸਾਸ ਗਿਰਾਸ ਪੂਰਨ ਬਿਸੁਆਸ ਕਿਉ ਮਨਹੁ ਬਿਸਾਰੀਐ ਜੀਉ ॥

I remember Him in meditation with every breath and morsel of food, with perfect faith. How could I forget Him from my mind?

ਕਿਉ ਮਨਹੁ ਬੇਸਾਰੀਐ ਨਿਮਖ ਨਹੀ ਟਾਰੀਐ ਗੁਣਵੰਤ ਪ੍ਰਾਨ ਹਮਾਰੇ ॥

How could I forget Him from my mind, even for an instant? He is the Most Worthy; He is my very life!

ਮਨ ਬਾਂਛਤ ਫਲ ਦੇਤ ਹੈ ਸੁਆਮੀ ਜੀਅ ਕੀ ਬਿਰਥਾ ਸਾਰੇ ॥

My Lord and Master is the Giver of the fruits of the mind's desires. He knows all the useless vanities and pains of the soul.

ਅਨਾਥ ਕੇ ਨਾਥੇ ਸ੍ਰਬ ਕੈ ਸਾਥੇ ਜਪਿ ਜੂਐ ਜਨਮੁ ਨ ਹਾਰੀਐ ॥

Meditating on the Patron of lost souls, the Companion of all, your life shall not be lost in the gamble.

ਨਾਨਕ ਕੀ ਬੇਨੰਤੀ ਪ੍ਰਭ ਪਹਿ ਕ੍ਰਿਪਾ ਕਰਿ ਭਵਜਲੁ ਤਾਰੀਐ ॥੨॥

Nanak offers this prayer to God: Please shower me with Your Mercy, and carry me across the terrifying world-ocean. ||2||

ਡਖਣਾ ॥

Dakhanaa:

ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ ॥

People bathe in the dust of the feet of the Saints, when the Lord becomes merciful.

ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲ ॥੧॥

I have obtained all things, O Nanak; the Lord is my Wealth and Property. ||1||

ਛੰਤੁ ॥

Chhant:

ਸੁੰਦਰ ਸੁਆਮੀ ਧਾਮ ਭਗਤਹ ਬਿਸ੍ਰਾਮ ਆਸਾ ਲਗਿ ਜੀਵਤੇ ਜੀਉ ॥

My Lord and Master's Home is beautiful. It is the resting place of His devotees, who live in hopes of attaining it.

ਮਨਿ ਤਨੇ ਗਲਤਾਨ ਸਿਮਰਤ ਪ੍ਰਭ ਨਾਮ ਹਰਿ ਅੰਮ੍ਰਿਤੁ ਪੀਵਤੇ ਜੀਉ ॥

Their minds and bodies are absorbed in meditation on the Name of God; they drink in the Lord's Ambrosial Nectar.

## ੮੧

## 81

ਅੰਮ੍ਰਿਤੁ ਹਰਿ ਪੀਵਤੇ ਸਦਾ ਥਿਰੁ ਥੀਵਤੇ ਬਿਖੈ ਬਨੁ ਫੀਕਾ ਜਾਨਿਆ ॥

They drink in the Lord's Ambrosial Nectar, and become eternally stable. They know that the water of corruption is insipid and tasteless.

ਭਏ ਕਿਰਪਾਲ ਗੋਪਾਲ ਪ੍ਰਭ ਮੇਰੇ ਸਾਧਸੰਗਤਿ ਨਿਧਿ ਮਾਨਿਆ ॥

When my God, the Lord of the Universe became merciful, I came to look upon the Saadh Sangat as the treasure.

ਸਰਬਸੋ ਸੂਖ ਆਨੰਦ ਘਨ ਪਿਆਰੇ ਹਰਿ ਰਤਨੁ ਮਨ ਅੰਤਰਿ ਸੀਵਤੇ ॥

All pleasures and supreme ecstasy, O my Beloved, come to those who sew the Jewel of the Lord into their minds.

ਇਕੁ ਤਿਲੁ ਨਹੀ ਵਿਸਰੈ ਪ੍ਰਾਨ ਆਧਾਰਾ ਜਪਿ ਜਪਿ ਨਾਨਕ ਜੀਵਤੇ ॥੩॥

They do not forget, even for an instant, the Support of the breath of life. They live by constantly meditating on Him, O Nanak. ||3||

ਡਖਣਾ ॥

Dakhanaa:

ਜੋ ਤਉ ਕੀਨੇ ਆਪਣੇ ਤਿਨਾ ਕੂੰ ਮਿਲਿਓਹਿ ॥

O Lord, You meet and merge with those whom you have made Your Own.

ਆਪੇ ਹੀ ਆਪਿ ਮੋਹਿਓਹੁ ਜਸੁ ਨਾਨਕ ਆਪਿ ਸੁਣਿਓਹਿ ॥੧॥

You Yourself are entranced, O Nanak, hearing Your Own Praises. ||1||

ਛੰਤੁ ॥

Chhant:

ਪ੍ਰੇਮ ਠਗਉਰੀ ਪਾਇ ਰੀਝਾਇ ਗੋਬਿੰਦ ਮਨੁ ਮੋਹਿਆ ਜੀਉ ॥

Administering the intoxicating drug of love, I have won over the Lord of the Universe; I have fascinated His Mind.

ਸੰਤਨ ਕੈ ਪਰਸਾਦਿ ਅਗਾਧਿ ਕੰਠੇ ਲਗਿ ਸੋਹਿਆ ਜੀਉ ॥

By the Grace of the Saints, I am held in the loving embrace of the Unfathomable Lord, and I am entranced.

ਹਰਿ ਕੰਠਿ ਲਗਿ ਸੋਹਿਆ ਦੋਖ ਸਭਿ ਜੋਹਿਆ ਭਗਤਿ ਲਖ੍ਯ਼ਣ ਕਰਿ ਵਸਿ ਭਏ ॥

Held in the Lord's loving embrace, I look beautiful, and all my pains have been dispelled. By the loving worship of His devotees, the Lord has come under their power.

ਮਨਿ ਸਰਬ ਸੁਖ ਵੁਠੇ ਗੋਵਿਦ ਤੁਠੇ ਜਨਮ ਮਰਣਾ ਸਭਿ ਮਿਟਿ ਗਏ ॥

All pleasures have come to dwell in the mind; the Lord of the Universe is pleased and appeased. Birth and death have been totally eliminated.

ਸਖੀ ਮੰਗਲੋ ਗਾਇਆ ਇਛ ਪੁਜਾਇਆ ਬਹੁੜਿ ਨ ਮਾਇਆ ਹੋਹਿਆ ॥

O my companions, sing the Songs of Joy. My desires have been fulfilled, and I shall never again be trapped or shaken by Maya.

ਕਰੁ ਗਹਿ ਲੀਨੇ ਨਾਨਕ ਪ੍ਰਭ ਪਿਆਰੇ ਸੰਸਾਰੁ ਸਾਗਰੁ ਨਹੀ ਪੋਹਿਆ ॥੪॥

Taking hold of my hand, O Nanak, my Beloved God will not let me be swallowed up by the world-ocean. ||4||

ਡਖਣਾ ॥

Dakhanaa:

ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥

The Master's Name is Priceless; no one knows its value.

ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥੧॥

Those who have good destiny recorded upon their foreheads, O Nanak, enjoy the Love of the Lord. ||1||

ਛੰਤੁ ॥

Chhant:

ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੀਂ ਕੁਲੁ ਤਾਰਿਆ ਜੀਉ ॥

Those who chant are sanctified. All those who listen are blessed, and those who write save their ancestors.

ਜਿਨ ਕਉ ਸਾਧੂ ਸੰਗੁ ਨਾਮ ਹਰਿ ਰੰਗੁ ਤਿਨੀ ਬ੍ਰਹਮੁ ਬੀਚਾਰਿਆ ਜੀਉ ॥

Those who join the Saadh Sangat are imbued with the Lord's Love; they reflect and meditate on God.

| | |
|---|---|
| ਬ੍ਰਹਮੁ ਬੀਚਾਰਿਆ ਜਨਮੁ ਸਵਾਰਿਆ ਪੂਰਨ ਕਿਰਪਾ ਪ੍ਰਭਿ ਕਰੀ ॥ | Contemplating God, their lives are reformed and redeemed; God has showered His Perfect Mercy upon them. |
| ਕਰੁ ਗਹਿ ਲੀਨੇ ਹਰਿ ਜਸੋ ਦੀਨੇ ਜੋਨਿ ਨਾ ਧਾਵੈ ਨਹ ਮਰੀ ॥ | Taking them by the hand, the Lord has blessed them with His Praises. They no longer have to wander in reincarnation, and they never have to die. |
| ਸਤਿਗੁਰ ਦਇਆਲ ਕਿਰਪਾਲ ਭੇਟਤ ਹਰੇ ਕਾਮੁ ਕ੍ਰੋਧੁ ਲੋਭੁ ਮਾਰਿਆ ॥ | Through the Kind and Compassionate True Guru, I have met the Lord; I have conquered sexual desire, anger and greed. |
| ਕਥਨੁ ਨ ਜਾਇ ਅਕਥੁ ਸੁਆਮੀ ਸਦਕੈ ਜਾਇ ਨਾਨਕੁ ਵਾਰਿਆ ॥੫॥੧॥੩॥ | Our Indescribable Lord and Master cannot be described. Nanak is devoted, forever a sacrifice to Him. \|\|5\|\|1\|\|3\|\| |
| ਸਿਰੀਰਾਗੁ ਮਹਲਾ ੪ ਵਣਜਾਰਾ | Siree Raag, Fourth Mehl, Vanajaaraa ~ The Merchant: |
| ੧ੴ ਸਤਿ ਨਾਮੁ ਗੁਰ ਪ੍ਰਸਾਦਿ ॥ | One Universal Creator God. Truth Is The Name. By Guru's Grace: |
| ਹਰਿ ਹਰਿ ਉਤਮੁ ਨਾਮੁ ਹੈ ਜਿਨਿ ਸਿਰਿਆ ਸਭੁ ਕੋਇ ਜੀਉ ॥ | The Name of the Lord, Har, Har, is Excellent and Sublime. He created everyone. |
| ਹਰਿ ਜੀਅ ਸਭੇ ਪ੍ਰਤਿਪਾਲਦਾ ਘਟਿ ਘਟਿ ਰਮਈਆ ਸੋਇ ॥ | The Lord cherishes all beings. He permeates each and every heart. |
| ਸੋ ਹਰਿ ਸਦਾ ਧਿਆਈਐ ਤਿਸੁ ਬਿਨੁ ਅਵਰੁ ਨ ਕੋਇ ॥ | Meditate forever on that Lord. Without Him, there is no other at all. |
| ਜੋ ਮੋਹਿ ਮਾਇਆ ਚਿਤੁ ਲਾਇਦੇ ਸੇ ਛੋਡਿ ਚਲੇ ਦੁਖੁ ਰੋਇ ॥ | Those who focus their consciousness on emotional attachment to Maya must leave; they depart crying out in despair. |
| ਜਨ ਨਾਨਕ ਨਾਮੁ ਧਿਆਇਆ ਹਰਿ ਅੰਤਿ ਸਖਾਈ ਹੋਇ ॥੧॥ | Servant Nanak meditates on the Naam, the Name of the Lord, his only Companion in the end. \|\|1\|\| |
| ਮੈ ਹਰਿ ਬਿਨੁ ਅਵਰੁ ਨ ਕੋਇ ॥ | I have none other than You, O Lord. |
| ਹਰਿ ਗੁਰ ਸਰਣਾਈ ਪਾਈਐ ਵਣਜਾਰਿਆ ਮਿਤ੍ਰਾ ਵਡਭਾਗਿ ਪਰਾਪਤਿ ਹੋਇ ॥੧॥ ਰਹਾਉ ॥ | In the Guru's Sanctuary, the Lord is found, O my merchant friend; by great good fortune, He is obtained. \|\|1\|\|Pause\|\| |
| ੮੨ | 82 |
| ਸੰਤ ਜਨਾ ਵਿਣੁ ਭਾਈਆ ਹਰਿ ਕਿਨੈ ਨ ਪਾਇਆ ਨਾਉ ॥ | Without the humble Saints, O Siblings of Destiny, no one has obtained the Lord's Name. |

| | |
|---|---|
| ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਆ ਪੁਤੁ ਨਿਨਾਉ ॥ | Those who do their deeds in ego are like the prostitute's son, who has no name. |
| ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ ॥ | The father's status is obtained only if the Guru is pleased and bestows His Favor. |
| ਵਡਭਾਗੀ ਗੁਰੁ ਪਾਇਆ ਹਰਿ ਅਹਿਨਿਸਿ ਲਗਾ ਭਾਉ ॥ | By great good fortune, the Guru is found; embrace love for the Lord, day and night. |
| ਜਨ ਨਾਨਕਿ ਬ੍ਰਹਮੁ ਪਛਾਣਿਆ ਹਰਿ ਕੀਰਤਿ ਕਰਮ ਕਮਾਉ ॥੨॥ | Servant Nanak has realized God; he sings the Lord's Praises through the actions he does. \|\|2\|\| |
| ਮਨਿ ਹਰਿ ਹਰਿ ਲਗਾ ਚਾਉ ॥ | In my mind there is such a deep yearning for the Lord, Har, Har. |
| ਗੁਰਿ ਪੂਰੈ ਨਾਮੁ ਦ੍ਰਿੜਾਇਆ ਹਰਿ ਮਿਲਿਆ ਹਰਿ ਪ੍ਰਭ ਨਾਉ ॥੧॥ ਰਹਾਉ ॥ | The Perfect Guru has implanted the Naam within me; I have found the Lord through the Lord God's Name. \|\|1\|\|Pause\|\| |
| ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਨਾਮੁ ਧਿਆਇ ॥ | As long as there is youth and health, meditate on the Naam. |
| ਚਲਦਿਆ ਨਾਲਿ ਹਰਿ ਚਲਸੀ ਹਰਿ ਅੰਤੇ ਲਏ ਛਡਾਇ ॥ | Along the way, the Lord shall go along with you, and in the end, He shall save you. |
| ਹਉ ਬਲਿਹਾਰੀ ਤਿਨ ਕਉ ਜਿਨ ਹਰਿ ਮਨਿ ਵੁਠਾ ਆਇ ॥ | I am a sacrifice to those, within whose minds the Lord has come to dwell. |
| ਜਿਨੀ ਹਰਿ ਹਰਿ ਨਾਮੁ ਨ ਚੇਤਿਓ ਸੇ ਅੰਤਿ ਗਏ ਪਛੁਤਾਇ ॥ | Those who have not remembered the Name of the Lord, Har, Har, shall leave with regret in the end. |
| ਧੁਰਿ ਮਸਤਕਿ ਹਰਿ ਪ੍ਰਭਿ ਲਿਖਿਆ ਜਨ ਨਾਨਕ ਨਾਮੁ ਧਿਆਇ ॥੩॥ | Those who have such pre-ordained destiny written upon their foreheads, O servant Nanak, meditate on the Naam. \|\|3\|\| |
| ਮਨ ਹਰਿ ਹਰਿ ਪ੍ਰੀਤਿ ਲਗਾਇ ॥ | O my mind, embrace love for the Lord, Har, Har. |
| ਵਡਭਾਗੀ ਗੁਰੁ ਪਾਇਆ ਗੁਰ ਸਬਦੀ ਪਾਰਿ ਲਘਾਇ ॥੧॥ ਰਹਾਉ ॥ | By great good fortune, the Guru is found; through the Word of the Guru's Shabad, we are carried across to the other side. \|\|1\|\|Pause\|\| |
| ਹਰਿ ਆਪੇ ਆਪੁ ਉਪਾਇਦਾ ਹਰਿ ਆਪੇ ਦੇਵੈ ਲੇਇ ॥ | The Lord Himself creates, He Himself gives and takes away. |
| ਹਰਿ ਆਪੇ ਭਰਮਿ ਭੁਲਾਇਦਾ ਹਰਿ ਆਪੇ ਹੀ ਮਤਿ ਦੇਇ ॥ | The Lord Himself leads us astray in doubt; the Lord Himself imparts understanding. |

| | |
|---|---|
| ਗੁਰਮੁਖਾ ਮਨਿ ਪਰਗਾਸੁ ਹੈ ਸੇ ਵਿਰਲੇ ਕੇਈ ਕੇਇ ॥ | The minds of the Gurmukhs are illuminated and enlightened; they are so very rare. |
| ਹਉ ਬਲਿਹਾਰੀ ਤਿਨ ਕਉ ਜਿਨ ਹਰਿ ਪਾਇਆ ਗੁਰਮਤੇ ॥ | I am a sacrifice to those who find the Lord, through the Guru's Teachings. |
| ਜਨ ਨਾਨਕਿ ਕਮਲੁ ਪਰਗਾਸਿਆ ਮਨਿ ਹਰਿ ਹਰਿ ਵੁਠੜਾ ਹੇ ॥੪॥ | Servant Nanak's heart-lotus has blossomed forth, and the Lord, Har, Har, has come to dwell in the mind. \|\|4\|\| |
| ਮਨਿ ਹਰਿ ਹਰਿ ਜਪਨੁ ਕਰੇ ॥ | O mind, chant the Name of the Lord, Har, Har. |
| ਹਰਿ ਗੁਰ ਸਰਣਾਈ ਭਜਿ ਪਉ ਜਿੰਦੂ ਸਭ ਕਿਲਵਿਖ ਦੁਖ ਪਰਹਰੇ ॥੧॥ ਰਹਾਉ ॥ | Hurry to the Sanctuary of the Lord, the Guru, O my soul; all your sins shall be taken away. \|\|1\|\|Pause\|\| |
| ਘਟਿ ਘਟਿ ਰਮਈਆ ਮਨਿ ਵਸੈ ਕਿਉ ਪਾਈਐ ਕਿਤੁ ਭਤਿ ॥ | The All-pervading Lord dwells within each and every person's heart-how can He be obtained? |
| ਗੁਰੁ ਪੂਰਾ ਸਤਿਗੁਰੁ ਭੇਟੀਐ ਹਰਿ ਆਇ ਵਸੈ ਮਨਿ ਚਿਤਿ ॥ | By meeting the Perfect Guru, the True Guru, the Lord comes to dwell within the conscious mind. |
| ਮੈ ਧਰ ਨਾਮੁ ਅਧਾਰੁ ਹੈ ਹਰਿ ਨਾਮੈ ਤੇ ਗਤਿ ਮਤਿ ॥ | The Naam is my Support and Sustenance. From the Lord's Name, I obtain salvation and understanding. |
| ਮੈ ਹਰਿ ਹਰਿ ਨਾਮੁ ਵਿਸਾਹੁ ਹੈ ਹਰਿ ਨਾਮੇ ਹੀ ਜਤਿ ਪਤਿ ॥ | My faith is in the Name of the Lord, Har, Har. The Lord's Name is my status and honor. |
| ਜਨ ਨਾਨਕ ਨਾਮੁ ਧਿਆਇਆ ਰੰਗਿ ਰਤੜਾ ਹਰਿ ਰੰਗਿ ਰਤਿ ॥੫॥ | Servant Nanak meditates on the Naam, the Name of the Lord; He is dyed in the deep crimson color of the Lord's Love. \|\|5\|\| |
| ਹਰਿ ਧਿਆਵਹੁ ਹਰਿ ਪ੍ਰਭੁ ਸਤਿ ॥ | Meditate on the Lord, the True Lord God. |
| ਗੁਰ ਬਚਨੀ ਹਰਿ ਪ੍ਰਭੁ ਜਾਣਿਆ ਸਭ ਹਰਿ ਪ੍ਰਭੁ ਤੇ ਉਤਪਤਿ ॥੧॥ ਰਹਾਉ ॥ | Through the Guru's Word, you shall come to know the Lord God. From the Lord God, everything was created. \|\|1\|\|Pause\|\| |
| ਜਿਨ ਕਉ ਪੂਰਬਿ ਲਿਖਿਆ ਸੇ ਆਇ ਮਿਲੇ ਗੁਰ ਪਾਸਿ ॥ | Those who have such pre-ordained destiny, come to the Guru and meet Him. |
| ਸੇਵਕ ਭਾਇ ਵਣਜਾਰਿਆ ਮਿਤ੍ਰਾ ਗੁਰੁ ਹਰਿ ਹਰਿ ਨਾਮੁ ਪ੍ਰਗਾਸਿ ॥ | They love to serve, O my merchant friend, and through the Guru, they are illuminated by the Name of the Lord, Har, Har. |
| ਧਨੁ ਧਨੁ ਵਣਜੁ ਵਾਪਾਰੀਆ ਜਿਨ ਵਖਰੁ ਲਦਿਅੜਾ ਹਰਿ ਰਾਸਿ ॥ | Blessed, blessed is the trade of those traders who have loaded the merchandise of the Wealth of the Lord. |
| ਗੁਰਮੁਖਾ ਦਰਿ ਮੁਖ ਉਜਲੇ ਸੇ ਆਇ ਮਿਲੇ ਹਰਿ ਪਾਸਿ ॥ | The faces of the Gurmukhs are radiant in the Court of the Lord; they come to the Lord and merge with Him. |

| | |
|---|---|
| ਜਨ ਨਾਨਕ ਗੁਰੁ ਤਿਨ ਪਾਇਆ ਜਿਨਾ ਆਪਿ ਤੁਠਾ ਗੁਣਤਾਸਿ ॥੬॥ | O servant Nanak, they alone find the Guru, with whom the Lord, the Treasure of Excellence, is pleased. ‖6‖ |
| ਹਰਿ ਧਿਆਵਹੁ ਸਾਸਿ ਗਿਰਾਸਿ ॥ | Meditate on the Lord, with every breath and morsel of food. |
| ਮਨਿ ਪ੍ਰੀਤਿ ਲਗੀ ਤਿਨਾ ਗੁਰਮੁਖਾ ਹਰਿ ਨਾਮੁ ਜਿਨਾ ਰਹਰਾਸਿ ॥੧॥ ਰਹਾਉ ॥੧॥ | The Gurmukhs embrace the Love of the Lord in their minds; they are continually occupied with the Lord's Name. ‖1‖Pause‖1‖ |

## ੮੩ / 83

| | |
|---|---|
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸਿਰੀਰਾਗ ਕੀ ਵਾਰ ਮਹਲਾ ੪ ਸਲੋਕਾ ਨਾਲਿ ॥ | Vaar Of Siree Raag, Fourth Mehl, With Shaloks: |
| ਸਲੋਕ ਮਃ ੩ ॥ | Shalok, Third Mehl: |
| ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ॥ | Among the ragas, Siree Raag is the best, if it inspires you to enshrine love for the True Lord. |
| ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥ | The True Lord comes to abide forever in the mind, and your understanding becomes steady and unequalled. |
| ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥ | The priceless jewel is obtained, by contemplating the Word of the Guru's Shabad. |
| ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ ॥ | The tongue becomes true, the mind becomes true, and the body becomes true as well. |
| ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ ॥੧॥ | O Nanak, forever true are the dealings of those who serve the True Guru. ‖1‖ |
| ਮਃ ੩ ॥ | Third Mehl: |
| ਹੋਰੁ ਬਿਰਹਾ ਸਭ ਧਾਤੁ ਹੈ ਜਬ ਲਗੁ ਸਾਹਿਬ ਪ੍ਰੀਤਿ ਨ ਹੋਇ ॥ | All other loves are transitory, as long as people do not love their Lord and Master. |
| ਇਹੁ ਮਨੁ ਮਾਇਆ ਮੋਹਿਆ ਵੇਖਣੁ ਸੁਨਣੁ ਨ ਹੋਇ ॥ | This mind is enticed by Maya-it cannot see or hear. |
| ਸਹ ਦੇਖੇ ਬਿਨੁ ਪ੍ਰੀਤਿ ਨ ਊਪਜੈ ਅੰਧਾ ਕਿਆ ਕਰੇਇ ॥ | Without seeing her Husband Lord, love does not well up; what can the blind person do? |
| ਨਾਨਕ ਜਿਨਿ ਅਖੀ ਲੀਤੀਆ ਸੋਈ ਸਚਾ ਦੇਇ ॥੨॥ | O Nanak, the True One who takes away the eyes of spiritual wisdom-He alone can restore them. ‖2‖ |

| | |
|---|---|
| ਪਉੜੀ ॥ | Pauree: |
| ਹਰਿ ਇਕੋ ਕਰਤਾ ਇਕੁ ਇਕੋ ਦੀਬਾਣੁ ਹਰਿ ॥ | The Lord alone is the One Creator; there is only the One Court of the Lord. |
| ਹਰਿ ਇਕਸੈ ਦਾ ਹੈ ਅਮਰੁ ਇਕੋ ਹਰਿ ਚਿਤਿ ਧਰਿ ॥ | The One Lord's Command is the One and Only-enshrine the One Lord in your consciousness. |
| ਹਰਿ ਤਿਸੁ ਬਿਨੁ ਕੋਈ ਨਾਹਿ ਡਰੁ ਭ੍ਰਮੁ ਭਉ ਦੂਰਿ ਕਰਿ ॥ | Without that Lord, there is no other at all. Remove your fear, doubt and dread. |
| ਹਰਿ ਤਿਸੈ ਨੋ ਸਾਲਾਹਿ ਜਿ ਤੁਧੁ ਰਖੈ ਬਾਹਰਿ ਘਰਿ ॥ | Praise that Lord who protects you, inside your home, and outside as well. |
| ਹਰਿ ਜਿਸ ਨੋ ਹੋਇ ਦਇਆਲੁ ਸੋ ਹਰਿ ਜਪਿ ਭਉ ਬਿਖਮੁ ਤਰਿ ॥੧॥ | When that Lord becomes merciful, and one comes to chant the Lord's Name, one swims across the ocean of fear. ‖1‖ |
| ਸਲੋਕ ਮਃ ੧ ॥ | Shalok, First Mehl: |
| ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥ | The gifts belong to our Lord and Master; how can we compete with Him? |
| ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ ॥੧॥ | Some remain awake and aware, and do not receive these gifts, while others are awakened from their sleep to be blessed. ‖1‖ |
| ਮਃ ੧ ॥ | First Mehl: |
| ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾਂ ॥ | Faith, contentment and tolerance are the food and provisions of the angels. |
| ਦੀਦਾਰੁ ਪੂਰੇ ਪਾਇਸਾ ਥਾਉ ਨਾਹੀ ਖਾਇਕਾ ॥੨॥ | They obtain the Perfect Vision of the Lord, while those who gossip find no place of rest. ‖2‖ |
| ਪਉੜੀ ॥ | Pauree: |
| ਸਭ ਆਪੇ ਤੁਧੁ ਉਪਾਇ ਕੈ ਆਪਿ ਕਾਰੈ ਲਾਈ ॥ | You Yourself created all; You Yourself delegate the tasks. |
| ਤੂੰ ਆਪੇ ਵੇਖਿ ਵਿਗਸਦਾ ਆਪਣੀ ਵਡਿਆਈ ॥ | You Yourself are pleased, beholding Your Own Glorious Greatness. |
| ਹਰਿ ਤੁਧਹੁ ਬਾਹਰਿ ਕਿਛੁ ਨਾਹੀ ਤੂੰ ਸਚਾ ਸਾਈ ॥ | O Lord, there is nothing at all beyond You. You are the True Lord. |
| ਤੂੰ ਆਪੇ ਆਪਿ ਵਰਤਦਾ ਸਭਨੀ ਹੀ ਥਾਈ ॥ | You Yourself are contained in all places. |

| | |
|---|---|
| ਹਰਿ ਤਿਸੈ ਧਿਆਵਹੁ ਸੰਤ ਜਨਹੁ ਜੋ ਲਏ ਛਡਾਈ ॥੨॥ | Meditate on that Lord, O Saints; He shall rescue and save you. ‖2‖ |
| ਸਲੋਕ ਮਃ ੧ ॥ | Shalok, First Mehl: |
| ਫਕੜ ਜਾਤੀ ਫਕੜੁ ਨਾਉ ॥ | Pride in social status is empty; pride in personal glory is useless. |
| ਸਭਨਾ ਜੀਆ ਇਕਾ ਛਾਉ ॥ | The One Lord gives shade to all beings. |
| ਆਪਹੁ ਜੇ ਕੋ ਭਲਾ ਕਹਾਏ ॥ | You may call yourself good; |
| ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ ॥੧॥ | O Nanak, this will only be known when your honor is approved in God's Account. ‖1‖ |
| ਮਃ ੨ ॥ | Second Mehl: |
| ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥ | Die before the one whom you love; |
| ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥੨॥ | to live after he dies is to live a worthless life in this world. ‖2‖ |
| ਪਉੜੀ ॥ | Pauree: |
| ਤੁਧੁ ਆਪੇ ਧਰਤੀ ਸਾਜੀਐ ਚੰਦੁ ਸੂਰਜੁ ਦੁਇ ਦੀਵੇ ॥ | You Yourself created the earth, and the two lamps of the sun and the moon. |
| ਦਸ ਚਾਰਿ ਹਟ ਤੁਧੁ ਸਾਜਿਆ ਵਾਪਾਰੁ ਕਰੀਵੇ ॥ | You created the fourteen world-shops, in which Your Business is transacted. |
| ਇਕਨਾ ਨੋ ਹਰਿ ਲਾਭੁ ਦੇਇ ਜੋ ਗੁਰਮੁਖਿ ਥੀਵੇ ॥ | The Lord bestows His Profits on those who become Gurmukh. |
| ਤਿਨ ਜਮਕਾਲੁ ਨ ਵਿਆਪਈ ਜਿਨ ਸਚੁ ਅੰਮ੍ਰਿਤੁ ਪੀਵੇ ॥ | The Messenger of Death does not touch those who drink in the True Ambrosial Nectar. |
| ਓਇ ਆਪਿ ਛੁਟੇ ਪਰਵਾਰ ਸਿਉ ਤਿਨ ਪਿਛੈ ਸਭੁ ਜਗਤੁ ਛੁਟੀਵੇ ॥੩॥ | They themselves are saved, along with their family, and all those who follow them are saved as well. ‖3‖ |
| ਸਲੋਕ ਮਃ ੧ ॥ | Shalok, First Mehl: |
| ਕੁਦਰਤਿ ਕਰਿ ਕੈ ਵਸਿਆ ਸੋਇ ॥ | He created the Creative Power of the Universe, within which He dwells. |

## ੮੪ 84

| | |
|---|---|
| ਵਖਤੁ ਵੀਚਾਰੇ ਸੁ ਬੰਦਾ ਹੋਇ ॥ | One who reflects upon his allotted span of life, becomes the slave of God. |
| ਕੁਦਰਤਿ ਹੈ ਕੀਮਤਿ ਨਹੀ ਪਾਇ ॥ | The value of the Creative Power of the Universe cannot be known. |
| ਜਾ ਕੀਮਤਿ ਪਾਇ ਤ ਕਹੀ ਨ ਜਾਇ ॥ | Even if its value were known, it could not be described. |
| ਸਰੈ ਸਰੀਅਤਿ ਕਰਹਿ ਬੀਚਾਰੁ ॥ | Some think about religious rituals and regulations, |
| ਬਿਨੁ ਬੂਝੇ ਕੈਸੇ ਪਾਵਹਿ ਪਾਰੁ ॥ | but without understanding, how can they cross over to the other side? |
| ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ ॥ | Let sincere faith be your bowing in prayer, and let the conquest of your mind be your objective in life. |
| ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ ॥੧॥ | Wherever I look, there I see God's Presence. \|\|1\|\| |
| ਮਃ ੩ ॥ | Third Mehl: |
| ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ ॥ | The Society of the Guru is not obtained like this, by trying to be near or far away. |
| ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨੁ ਰਹੈ ਹਦੂਰਿ ॥੨॥ | O Nanak, you shall meet the True Guru, if your mind remains in His Presence. \|\|2\|\| |
| ਪਉੜੀ ॥ | Pauree: |
| ਸਪਤ ਦੀਪ ਸਪਤ ਸਾਗਰਾ ਨਵ ਖੰਡ ਚਾਰਿ ਵੇਦ ਦਸ ਅਸਟ ਪੁਰਾਣਾ ॥ | The seven islands, seven seas, nine continents, four Vedas and eighteen Puraanas |
| ਹਰਿ ਸਭਨਾ ਵਿਚਿ ਤੂੰ ਵਰਤਦਾ ਹਰਿ ਸਭਨਾ ਭਾਣਾ ॥ | O Lord, You pervade and permeate all. Lord, everyone loves You. |
| ਸਭਿ ਤੁਝੈ ਧਿਆਵਹਿ ਜੀਅ ਜੰਤ ਹਰਿ ਸਾਰਗ ਪਾਣਾ ॥ | All beings and creatures meditate on You, Lord. You hold the earth in Your Hands. |
| ਜੋ ਗੁਰਮੁਖਿ ਹਰਿ ਆਰਾਧਦੇ ਤਿਨ ਹਉ ਕੁਰਬਾਣਾ ॥ | I am a sacrifice to those Gurmukhs who worship and adore the Lord. |
| ਤੂੰ ਆਪੇ ਆਪਿ ਵਰਤਦਾ ਕਰਿ ਚੋਜ ਵਿਡਾਣਾ ॥੪॥ | You Yourself are All-pervading; You stage this wondrous drama! \|\|4\|\| |

| | |
|---|---|
| ਸਲੋਕ ਮਃ ੩ ॥ | Shalok, Third Mehl: |
| ਕਲਉ ਮਸਾਜਨੀ ਕਿਆ ਸਦਾਈਐ ਹਿਰਦੈ ਹੀ ਲਿਖਿ ਲੇਹੁ ॥ | Why ask for a pen, and why ask for ink? Write within your heart. |
| ਸਦਾ ਸਾਹਿਬ ਕੈ ਰੰਗਿ ਰਹੈ ਕਬਹੂੰ ਨ ਤੂਟਸਿ ਨੇਹੁ ॥ | Remain immersed forever in the Love of your Lord and Master, and your love for Him shall never break. |
| ਕਲਉ ਮਸਾਜਨੀ ਜਾਇਸੀ ਲਿਖਿਆ ਭੀ ਨਾਲੇ ਜਾਇ ॥ | Pen and ink shall pass away, along with what has been written. |
| ਨਾਨਕ ਸਹ ਪ੍ਰੀਤਿ ਨ ਜਾਇਸੀ ਜੋ ਧੁਰਿ ਛੋਡੀ ਸਚੈ ਪਾਇ ॥੧॥ | O Nanak, the Love of your Husband Lord shall never perish. The True Lord has bestowed it, as it was pre-ordained. ‖1‖ |
| ਮਃ ੩ ॥ | Third Mehl: |
| ਨਦਰੀ ਆਵਦਾ ਨਾਲਿ ਨ ਚਲਈ ਵੇਖਹੁ ਕੋ ਵਿਉਪਾਇ ॥ | That which is seen, shall not go along with you. What does it take to make you see this? |
| ਸਤਿਗੁਰਿ ਸਚੁ ਦ੍ਰਿੜਾਇਆ ਸਚਿ ਰਹਹੁ ਲਿਵ ਲਾਇ ॥ | The True Guru has implanted the True Name within; remain lovingly absorbed in the True One. |
| ਨਾਨਕ ਸਬਦੀ ਸਚੁ ਹੈ ਕਰਮੀ ਪਲੈ ਪਾਇ ॥੨॥ | O Nanak, the Word of His Shabad is True. By His Grace, it is obtained. ‖2‖ |
| ਪਉੜੀ ॥ | Pauree: |
| ਹਰਿ ਅੰਦਰਿ ਬਾਹਰਿ ਇਕੁ ਤੂੰ ਤੂੰ ਜਾਣਹਿ ਭੇਤੁ ॥ | O Lord, You are inside and outside as well. You are the Knower of secrets. |
| ਜੋ ਕੀਚੈ ਸੋ ਹਰਿ ਜਾਣਦਾ ਮੇਰੇ ਮਨ ਹਰਿ ਚੇਤੁ ॥ | Whatever anyone does, the Lord knows. O my mind, think of the Lord. |
| ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥ | The one who commits sins lives in fear, while the one who lives righteously rejoices. |
| ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤੁ ॥ | O Lord, You Yourself are True, and True is Your Justice. Why should anyone be afraid? |
| ਜਿਨਾ ਨਾਨਕ ਸਚੁ ਪਛਾਣਿਆ ਸੇ ਸਚਿ ਰਲੇਤੁ ॥੫॥ | O Nanak, those who recognize the True Lord are blended with the True One. ‖5‖ |
| ਸਲੋਕ ਮਃ ੩ ॥ | Shalok, Third Mehl: |
| ਕਲਮ ਜਲਉ ਸਣੁ ਮਸਵਾਣੀਐ ਕਾਗਦੁ ਭੀ ਜਲਿ ਜਾਉ ॥ | Burn the pen, and burn the ink; burn the paper as well. |

| | |
|---|---|
| ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ ॥ | Burn the writer who writes in the love of duality. |
| ਨਾਨਕ ਪੂਰਬਿ ਲਿਖਿਆ ਕਮਾਵਣਾ ਅਵਰੁ ਨ ਕਰਣਾ ਜਾਇ ॥੧॥ | O Nanak, people do what is pre-ordained; they cannot do anything else. \|\|1\|\| |
| ਮਃ ੩ ॥ | Third Mehl: |
| ਹੋਰੁ ਕੂੜੁ ਪੜਣਾ ਕੂੜੁ ਬੋਲਣਾ ਮਾਇਆ ਨਾਲਿ ਪਿਆਰੁ ॥ | False is other reading, and false is other speaking, in the love of Maya. |
| ਨਾਨਕ ਵਿਣੁ ਨਾਵੈ ਕੋ ਥਿਰੁ ਨਹੀ ਪੜਿ ਪੜਿ ਹੋਇ ਖੁਆਰੁ ॥੨॥ | O Nanak, without the Name, nothing is permanent; those who read and read are ruined. \|\|2\|\| |
| ਪਉੜੀ ॥ | Pauree: |
| ਹਰਿ ਕੀ ਵਡਿਆਈ ਵਡੀ ਹੈ ਹਰਿ ਕੀਰਤਨੁ ਹਰਿ ਕਾ ॥ | Great is the Greatness of the Lord, and the Kirtan of the Lord's Praises. |
| ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮ ਕਾ ॥ | Great is the Greatness of the Lord; His Justice is totally Righteous. |
| ਹਰਿ ਕੀ ਵਡਿਆਈ ਵਡੀ ਹੈ ਜਾ ਫਲੁ ਹੈ ਜੀਅ ਕਾ ॥ | Great is the Greatness of the Lord; people receive the fruits of the soul. |
| ਹਰਿ ਕੀ ਵਡਿਆਈ ਵਡੀ ਹੈ ਜਾ ਨ ਸੁਣਈ ਕਹਿਆ ਚੁਗਲ ਕਾ ॥ | Great is the Greatness of the Lord; He does not hear the words of the back-biters. |
| ਹਰਿ ਕੀ ਵਡਿਆਈ ਵਡੀ ਹੈ ਅਪੁਛਿਆ ਦਾਨੁ ਦੇਵਕਾ ॥੬॥ | Great is the Greatness of the Lord; He gives His Gifts without being asked. \|\|6\|\| |
| ਸਲੋਕ ਮਃ ੩ ॥ | Shalok, Third Mehl: |
| ਹਉ ਹਉ ਕਰਤੀ ਸਭ ਮੁਈ ਸੰਪਉ ਕਿਸੈ ਨ ਨਾਲਿ ॥ | Those who act in ego shall all die. Their worldly possessions shall not go along with them. |
| ਦੂਜੈ ਭਾਇ ਦੁਖੁ ਪਾਇਆ ਸਭ ਜੋਹੀ ਜਮਕਾਲਿ ॥ | Because of their love of duality, they suffer in pain. The Messenger of Death is watching all. |
| ੮੫ | 85 |
| ਨਾਨਕ ਗੁਰਮੁਖਿ ਉਬਰੇ ਸਾਚਾ ਨਾਮੁ ਸਮਾਲਿ ॥੧॥ | O Nanak, the Gurmukhs are saved, by contemplating the True Name. \|\|1\|\| |

| | |
|---|---|
| ਮਃ ੧ ॥ | First Mehl: |
| ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥ | We are good at talking, but our actions are bad. |
| ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥ | Mentally, we are impure and black, but outwardly, we appear white. |
| ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥ | We imitate those who stand and serve at the Lord's Door. |
| ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥ | They are attuned to the Love of their Husband Lord, and they experience the pleasure of His Love. |
| ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥ | They remain powerless, even while they have power; they remain humble and meek. |
| ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ॥੨॥ | O Nanak, our lives become profitable if we associate with them. ‖2‖ |
| ਪਉੜੀ ॥ | Pauree: |
| ਤੂੰ ਆਪੇ ਜਲੁ ਮੀਨਾ ਹੈ ਆਪੇ ਆਪੇ ਹੀ ਆਪਿ ਜਾਲੁ ॥ | You Yourself are the water, You Yourself are the fish, and You Yourself are the net. |
| ਤੂੰ ਆਪੇ ਜਾਲੁ ਵਤਾਇਦਾ ਆਪੇ ਵਿਚਿ ਸੇਬਾਲੁ ॥ | You Yourself cast the net, and You Yourself are the bait. |
| ਤੂੰ ਆਪੇ ਕਮਲੁ ਅਲਿਪਤੁ ਹੈ ਸੈ ਹਥਾ ਵਿਚਿ ਗੁਲਾਲੁ ॥ | You Yourself are the lotus, unaffected and still brightly-colored in hundreds of feet of water. |
| ਤੂੰ ਆਪੇ ਮੁਕਤਿ ਕਰਾਇਦਾ ਇਕ ਨਿਮਖ ਘੜੀ ਕਰਿ ਖਿਆਲੁ ॥ | You Yourself liberate those who think of You for even an instant. |
| ਹਰਿ ਤੁਧਹੁ ਬਾਹਰਿ ਕਿਛੁ ਨਹੀ ਗੁਰ ਸਬਦੀ ਵੇਖਿ ਨਿਹਾਲੁ ॥੭॥ | O Lord, nothing is beyond You. I am delighted to behold You, through the Word of the Guru's Shabad. ‖7‖ |
| ਸਲੋਕ ਮਃ ੩ ॥ | Shalok, Third Mehl: |
| ਹੁਕਮੁ ਨ ਜਾਣੈ ਬਹੁਤਾ ਰੋਵੈ ॥ | One who does not know the Hukam of the Lord's Command cries out in terrible pain. |
| ਅੰਦਰਿ ਧੋਖਾ ਨੀਦ ਨ ਸੋਵੈ ॥ | She is filled with deception, and she cannot sleep in peace. |
| ਜੇ ਧਨ ਖਸਮੈ ਚਲੈ ਰਜਾਈ ॥ ਦਰਿ ਘਰਿ ਸੋਭਾ ਮਹਲਿ ਬੁਲਾਈ ॥ | But if the soul-bride follows the Will of her Lord and Master, she shall be honored in her own home, and called to the Mansion of His Presence. |

| | |
|---|---|
| ਨਾਨਕ ਕਰਮੀ ਇਹ ਮਤਿ ਪਾਈ ॥ | O Nanak, by His Mercy, this understanding is obtained. |
| ਗੁਰ ਪਰਸਾਦੀ ਸਚਿ ਸਮਾਈ ॥੧॥ | By Guru's Grace, she is absorbed into the True One. ‖1‖ |
| ਮਃ ੩ ॥ | Third Mehl: |
| ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ ॥ | O self-willed manmukh, devoid of the Naam, do not be misled upon beholding the color of the safflower. |
| ਇਸ ਕਾ ਰੰਗੁ ਦਿਨ ਥੋੜਿਆ ਛੋਛਾ ਇਸ ਦਾ ਮੁਲੁ ॥ | Its color lasts for only a few days-it is worthless! |
| ਦੂਜੈ ਲਗੇ ਪਚਿ ਮੁਏ ਮੂਰਖ ਅੰਧ ਗਵਾਰ ॥ | Attached to duality, the foolish, blind and stupid people waste away and die. |
| ਬਿਸਟਾ ਅੰਦਰਿ ਕੀਟ ਸੇ ਪਇ ਪਚਹਿ ਵਾਰੋ ਵਾਰ ॥ | Like worms, they live in manure, and in it, they die over and over again. |
| ਨਾਨਕ ਨਾਮ ਰਤੇ ਸੇ ਰੰਗੁਲੇ ਗੁਰ ਕੈ ਸਹਜਿ ਸੁਭਾਇ ॥ | O Nanak, those who are attuned to the Naam are dyed in the color of truth; they take on the intuitive peace and poise of the Guru. |
| ਭਗਤੀ ਰੰਗੁ ਨ ਉਤਰੈ ਸਹਜੇ ਰਹੈ ਸਮਾਇ ॥੨॥ | The color of devotional worship does not fade away; they remain intuitively absorbed in the Lord. ‖2‖ |
| ਪਉੜੀ ॥ | Pauree: |
| ਸਿਸਟਿ ਉਪਾਈ ਸਭ ਤੁਧੁ ਆਪੇ ਰਿਜਕੁ ਸੰਬਾਹਿਆ ॥ | You created the entire universe, and You Yourself bring sustenance to it. |
| ਇਕਿ ਵਲੁ ਛਲੁ ਕਰਿ ਕੈ ਖਾਵਦੇ ਮੁਹਹੁ ਕੂੜੁ ਕੁਸਤੁ ਤਿਨੀ ਢਾਹਿਆ ॥ | Some eat and survive by practicing fraud and deceit; from their mouths they drop falsehood and lies. |
| ਤੁਧੁ ਆਪੇ ਭਾਵੈ ਸੋ ਕਰਹਿ ਤੁਧੁ ਓਤੈ ਕੰਮਿ ਓਇ ਲਾਇਆ ॥ | As it pleases You, You assign them their tasks. |
| ਇਕਨਾ ਸਚੁ ਬੁਝਾਇਓਨੁ ਤਿਨਾ ਅਤੁਟ ਭੰਡਾਰ ਦੇਵਾਇਆ ॥ | Some understand Truthfulness; they are given the inexhaustible treasure. |
| ਹਰਿ ਚੇਤਿ ਖਾਹਿ ਤਿਨਾ ਸਫਲੁ ਹੈ ਅਚੇਤਾ ਹਥ ਤਡਾਇਆ ॥੮॥ | Those who eat by remembering the Lord are prosperous, while those who do not remember Him stretch out their hands in need. ‖8‖ |
| ਸਲੋਕ ਮਃ ੩ ॥ | Shalok, Third Mehl: |
| ਪੜਿ ਪੜਿ ਪੰਡਿਤ ਬੇਦ ਵਖਾਣਹਿ ਮਾਇਆ ਮੋਹ ਸੁਆਇ ॥ | The Pandits, the religious scholars, constantly read and recite the Vedas, for the sake of the love of Maya. |

| | |
|---|---|
| ਦੂਜੈ ਭਾਇ ਹਰਿ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ ॥ | In the love of duality, the foolish people have forgotten the Lord's Name; they shall receive their punishment. |
| ਜਿਨਿ ਜੀਉ ਪਿੰਡੁ ਦਿਤਾ ਤਿਸੁ ਕਬਹੂੰ ਨ ਚੇਤੈ ਜੋ ਦੇਂਦਾ ਰਿਜਕੁ ਸੰਬਾਹਿ ॥ | They never think of the One who gave them body and soul, who provides sustenance to all. |
| ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵੈ ਜਾਇ ॥ | The noose of death shall not be cut away from their necks; they shall come and go in reincarnation over and over again. |
| ਮਨਮੁਖਿ ਕਿਛੂ ਨ ਸੂਝੈ ਅੰਧੁਲੇ ਪੂਰਬਿ ਲਿਖਿਆ ਕਮਾਇ ॥ | The blind, self-willed manmukhs do not understand anything. They do what they are pre-ordained to do. |
| ਪੂਰੈ ਭਾਗਿ ਸਤਿਗੁਰੁ ਮਿਲੈ ਸੁਖਦਾਤਾ ਨਾਮੁ ਵਸੈ ਮਨਿ ਆਇ ॥ | Through perfect destiny, they meet the True Guru, the Giver of peace, and the Naam comes to abide in the mind. |
| ਸੁਖੁ ਮਾਣਹਿ ਸੁਖੁ ਪੈਨਣਾ ਸੁਖੇ ਸੁਖਿ ਵਿਹਾਇ ॥ | They enjoy peace, they wear peace, and they pass their lives in the peace of peace. |
| ਨਾਨਕ ਸੋ ਨਾਉ ਮਨਹੁ ਨ ਵਿਸਾਰੀਐ ਜਿਤੁ ਦਰਿ ਸਚੈ ਸੋਭਾ ਪਾਇ ॥੧॥ | O Nanak, they do not forget the Naam from the mind; they are honored in the Court of the Lord. \|\|1\|\| |
| ਮਃ ੩ ॥ | Third Mehl: |
| ਸਤਿਗੁਰੁ ਸੇਵਿ ਸੁਖੁ ਪਾਇਆ ਸਚੁ ਨਾਮੁ ਗੁਣਤਾਸੁ ॥ | Serving the True Guru, peace is obtained. The True Name is the Treasure of Excellence. |
| **੮੬** | **86** |
| ਗੁਰਮਤੀ ਆਪੁ ਪਛਾਣਿਆ ਰਾਮ ਨਾਮ ਪਰਗਾਸੁ ॥ | Follow the Guru's Teachings, and recognize your own self; the Divine Light of the Lord's Name shall shine within. |
| ਸਚੋ ਸਚੁ ਕਮਾਵਣਾ ਵਡਿਆਈ ਵਡੇ ਪਾਸਿ ॥ | The true ones practice Truth; greatness rests in the Great Lord. |
| ਜੀਉ ਪਿੰਡੁ ਸਭੁ ਤਿਸ ਕਾ ਸਿਫਤਿ ਕਰੇ ਅਰਦਾਸਿ ॥ | Body, soul and all things belong to the Lord-praise Him, and offer your prayers to Him. |
| ਸਚੈ ਸਬਦਿ ਸਾਲਾਹਣਾ ਸੁਖੇ ਸੁਖਿ ਨਿਵਾਸੁ ॥ | Sing the Praises of the True Lord through the Word of His Shabad, and you shall abide in the peace of peace. |
| ਜਪੁ ਤਪੁ ਸੰਜਮੁ ਮਨੈ ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ ॥ | You may practice chanting, penance and austere self-discipline within your mind, but without the Name, life is useless. |

| | |
|---|---|
| ਗੁਰਮਤੀ ਨਾਉ ਪਾਈਐ ਮਨਮੁਖ ਮੋਹਿ ਵਿਣਾਸੁ ॥ | Through the Guru's Teachings, the Name is obtained, while the self-willed manmukh wastes away in emotional attachment. |
| ਜਿਉ ਭਾਵੈ ਤਿਉ ਰਾਖੁ ਤੂੰ ਨਾਨਕੁ ਤੇਰਾ ਦਾਸੁ ॥੨॥ | Please protect me, by the Pleasure of Your Will. Nanak is Your slave. \|\|2\|\| |
| ਪਉੜੀ ॥ | Pauree: |
| ਸਭੁ ਕੋ ਤੇਰਾ ਤੂੰ ਸਭਸੁ ਦਾ ਤੂੰ ਸਭਨਾ ਰਾਸਿ ॥ | All are Yours, and You belong to all. You are the wealth of all. |
| ਸਭਿ ਤੁਧੈ ਪਾਸਹੁ ਮੰਗਦੇ ਨਿਤ ਕਰਿ ਅਰਦਾਸਿ ॥ | Everyone begs from You, and all offer prayers to You each day. |
| ਜਿਸੁ ਤੂੰ ਦੇਹਿ ਤਿਸੁ ਸਭੁ ਕਿਛੁ ਮਿਲੈ ਇਕਨਾ ਦੂਰਿ ਹੈ ਪਾਸਿ ॥ | Those, unto whom You give, receive everything. You are far away from some, and You are close to others. |
| ਤੁਧੁ ਬਾਝਹੁ ਥਾਉ ਕੋ ਨਾਹੀ ਜਿਸੁ ਪਾਸਹੁ ਮੰਗੀਐ ਮਨਿ ਵੇਖਹੁ ਕੋ ਨਿਰਜਾਸਿ ॥ | Without You, there is not even a place to stand begging. See this yourself and verify it in your mind. |
| ਸਭਿ ਤੁਧੈ ਨੋ ਸਾਲਾਹਦੇ ਦਰਿ ਗੁਰਮੁਖਾ ਨੋ ਪਰਗਾਸਿ ॥੯॥ | All praise You, O Lord; at Your Door, the Gurmukhs are enlightened. \|\|9\|\| |
| ਸਲੋਕ ਮਃ ੩ ॥ | Shalok, Third Mehl: |
| ਪੰਡਿਤੁ ਪੜਿ ਪੜਿ ਉਚਾ ਕੂਕਦਾ ਮਾਇਆ ਮੋਹਿ ਪਿਆਰੁ ॥ | The Pandits, the religious scholars, read and read, and shout out loud, but they are attached to the love of Maya. |
| ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਾਵਾਰੁ ॥ | They do not recognize God within themselves-they are so foolish and ignorant! |
| ਦੂਜੈ ਭਾਇ ਜਗਤੁ ਪਰਬੋਧਦਾ ਨਾ ਬੂਝੈ ਬੀਚਾਰੁ ॥ | In the love of duality, they try to teach the world, but they do not understand meditative contemplation. |
| ਬਿਰਥਾ ਜਨਮੁ ਗਵਾਇਆ ਮਰਿ ਜੰਮੈ ਵਾਰੋ ਵਾਰ ॥੧॥ | They lose their lives uselessly; they die, only to be re-born, over and over again. \|\|1\|\| |
| ਮਃ ੩ ॥ | Third Mehl: |
| ਜਿਨੀ ਸਤਿਗੁਰੁ ਸੇਵਿਆ ਤਿਨੀ ਨਾਉ ਪਾਇਆ ਬੂਝਹੁ ਕਰਿ ਬੀਚਾਰੁ ॥ | Those who serve the True Guru obtain the Name. Reflect on this and understand. |
| ਸਦਾ ਸਾਂਤਿ ਸੁਖੁ ਮਨਿ ਵਸੈ ਚੂਕੈ ਕੂਕ ਪੁਕਾਰ ॥ | Eternal peace and joy abide in their minds; they abandon their cries and complaints. |

| | |
|---|---|
| ਆਪੈ ਨੋ ਆਪੁ ਖਾਇ ਮਨੁ ਨਿਰਮਲੁ ਹੋਵੈ ਗੁਰ ਸਬਦੀ ਵੀਚਾਰੁ ॥ | Their identity consumes their identical identity, and their minds become pure by contemplating the Word of the Guru's Shabad. |
| ਨਾਨਕ ਸਬਦਿ ਰਤੇ ਸੇ ਮੁਕਤੁ ਹੈ ਹਰਿ ਜੀਉ ਹੇਤਿ ਪਿਆਰੁ ॥੨॥ | O Nanak, attuned to the Shabad, they are liberated. They love their Beloved Lord. ‖2‖ |
| ਪਉੜੀ ॥ | Pauree: |
| ਹਰਿ ਕੀ ਸੇਵਾ ਸਫਲ ਹੈ ਗੁਰਮੁਖਿ ਪਾਵੈ ਥਾਇ ॥ | Service to the Lord is fruitful; through it, the Gurmukh is honored and approved. |
| ਜਿਸੁ ਹਰਿ ਭਾਵੈ ਤਿਸੁ ਗੁਰੁ ਮਿਲੈ ਸੋ ਹਰਿ ਨਾਮੁ ਧਿਆਇ ॥ | That person, with whom the Lord is pleased, meets with the Guru, and meditates on the Name of the Lord. |
| ਗੁਰ ਸਬਦੀ ਹਰਿ ਪਾਈਐ ਹਰਿ ਪਾਰਿ ਲਘਾਇ ॥ | Through the Word of the Guru's Shabad, the Lord is found. The Lord carries us across. |
| ਮਨਹਠਿ ਕਿਨੈ ਨ ਪਾਇਓ ਪੁਛਹੁ ਵੇਦਾ ਜਾਇ ॥ | Through stubborn-mindedness, none have found Him; go and consult the Vedas on this. |
| ਨਾਨਕ ਹਰਿ ਕੀ ਸੇਵਾ ਸੋ ਕਰੇ ਜਿਸੁ ਲਏ ਹਰਿ ਲਾਇ ॥੧੦॥ | O Nanak, he alone serves the Lord, whom the Lord attaches to Himself. ‖10‖ |
| ਸਲੋਕ ਮਃ ੩ ॥ | Shalok, Third Mehl: |
| ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥ | O Nanak, he is a brave warrior, who conquers and subdues his vicious inner ego. |
| ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ ॥ | Praising the Naam, the Name of the Lord, the Gurmukhs redeem their lives. |
| ਆਪਿ ਹੋਆ ਸਦਾ ਮੁਕਤੁ ਸਭੁ ਕੁਲੁ ਨਿਸਤਾਰਿਆ ॥ | They themselves are liberated forever, and they save all their ancestors. |
| ਸੋਹਨਿ ਸਚਿ ਦੁਆਰਿ ਨਾਮੁ ਪਿਆਰਿਆ ॥ | Those who love the Naam look beauteous at the Gate of Truth. |
| ਮਨਮੁਖ ਮਰਹਿ ਅਹੰਕਾਰਿ ਮਰਣੁ ਵਿਗਾੜਿਆ ॥ | The self-willed manmukhs die in egotism-even their death is painfully ugly. |
| ਸਭੋ ਵਰਤੈ ਹੁਕਮੁ ਕਿਆ ਕਰਹਿ ਵਿਚਾਰਿਆ ॥ | Everything happens according to the Lord's Will; what can the poor people do? |
| ਆਪਹੁ ਦੂਜੈ ਲਗਿ ਖਸਮੁ ਵਿਸਾਰਿਆ ॥ | Attached to self-conceit and duality, they have forgotten their Lord and Master. |

ਨਾਨਕ ਬਿਨੁ ਨਾਵੈ ਸਭੁ ਦੁਖੁ ਸੁਖੁ ਵਿਸਾਰਿਆ ॥੧॥

O Nanak, without the Name, everything is painful, and happiness is forgotten. ||1||

ਮਃ ੩ ॥

Third Mehl:

ਗੁਰਿ ਪੂਰੈ ਹਰਿ ਨਾਮੁ ਦਿੜਾਇਆ ਤਿਨਿ ਵਿਚਹੁ ਭਰਮੁ ਚੁਕਾਇਆ ॥

The Perfect Guru has implanted the Name of the Lord within me. It has dispelled my doubts from within.

ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ ॥

I sing the Lord's Name and the Kirtan of the Lord's Praises; the Divine Light shines, and now I see the Way.

ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥

Conquering my ego, I am lovingly focused on the One Lord; the Naam has come to dwell within me.

੮੭

87

ਗੁਰਮਤੀ ਜਮੁ ਜੋਹਿ ਨ ਸਾਕੈ ਸਾਚੈ ਨਾਮਿ ਸਮਾਇਆ ॥

Following the Guru's Teachings, I cannot be touched by the Messenger of Death. I am absorbed in the True Name.

ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥

The Creator Himself is All-pervading everywhere; He links those with whom He is pleased to His Name.

ਜਨ ਨਾਨਕੁ ਨਾਮੁ ਲਏ ਤਾ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨॥

Servant Nanak chants the Naam, and so he lives. Without the Name, he would die in an instant. ||2||

ਪਉੜੀ ॥

Pauree:

ਜੋ ਮਿਲਿਆ ਹਰਿ ਦੀਬਾਣ ਸਿਉ ਸੋ ਸਭਨੀ ਦੀਬਾਣੀ ਮਿਲਿਆ ॥

One who is accepted at the Court of the Lord shall be accepted in courts everywhere.

ਜਿਥੈ ਓਹੁ ਜਾਇ ਤਿਥੈ ਓਹੁ ਸੁਰਖਰੂ ਉਸ ਕੈ ਮੁਹਿ ਡਿਠੈ ਸਭ ਪਾਪੀ ਤਰਿਆ ॥

Wherever he goes, he is recognized as honorable. Seeing his face, all sinners are saved.

ਓਸੁ ਅੰਤਰਿ ਨਾਮੁ ਨਿਧਾਨੁ ਹੈ ਨਾਮੋ ਪਰਵਰਿਆ ॥

Within him is the Treasure of the Naam, the Name of the Lord. Through the Naam, he is exalted.

ਨਾਉ ਪੂਜੀਐ ਨਾਉ ਮੰਨੀਐ ਨਾਇ ਕਿਲਵਿਖ ਸਭ ਹਿਰਿਆ ॥

He worships the Name, and believes in the Name; the Name erases all his sinful mistakes.

ਜਿਨੀ ਨਾਮੁ ਧਿਆਇਆ ਇਕ ਮਨਿ ਇਕ ਚਿਤਿ ਸੇ ਅਸਥਿਰੁ ਜਗਿ ਰਹਿਆ ॥੧੧॥

Those who meditate on the Name, with one-pointed mind and focused consciousness, remain forever stable in the world. ||11||

| | |
|---|---|
| ਸਲੋਕ ਮਃ ੩ ॥ | Shalok, Third Mehl: |
| ਆਤਮਾ ਦੇਉ ਪੂਜੀਐ ਗੁਰ ਕੈ ਸਹਜਿ ਸੁਭਾਇ ॥ | Worship the Divine, Supreme Soul, with the intuitive peace and poise of the Guru. |
| ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ ਤਾ ਘਰ ਹੀ ਪਰਚਾ ਪਾਇ ॥ | If the individual soul has faith in the Supreme Soul, then it shall obtain realization within its own home. |
| ਆਤਮਾ ਅਡੋਲੁ ਨ ਡੋਲਈ ਗੁਰ ਕੈ ਭਾਇ ਸੁਭਾਇ ॥ | The soul becomes steady, and does not waver, by the natural inclination of the Guru's Loving Will. |
| ਗੁਰ ਵਿਣੁ ਸਹਜੁ ਨ ਆਵਈ ਲੋਭੁ ਮੈਲੁ ਨ ਵਿਚਹੁ ਜਾਇ ॥ | Without the Guru, intuitive wisdom does not come, and the filth of greed does not depart from within. |
| ਖਿਨੁ ਪਲੁ ਹਰਿ ਨਾਮੁ ਮਨਿ ਵਸੈ ਸਭ ਅਠਸਠਿ ਤੀਰਥ ਨਾਇ ॥ | If the Lord's Name abides within the mind, for a moment, even for an instant, it is like bathing at all the sixty-eight sacred shrines of pilgrimage. |
| ਸਚੇ ਮੈਲੁ ਨ ਲਗਈ ਮਲੁ ਲਾਗੈ ਦੂਜੈ ਭਾਇ ॥ | Filth does not stick to those who are true, but filth attaches itself to those who love duality. |
| ਧੋਤੀ ਮੂਲਿ ਨ ਉਤਰੈ ਜੇ ਅਠਸਠਿ ਤੀਰਥ ਨਾਇ ॥ | This filth cannot be washed off, even by bathing at the sixty-eight sacred shrines of pilgrimage. |
| ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ ॥ | The self-willed manmukh does deeds in egotism; he earns only pain and more pain. |
| ਨਾਨਕ ਮੈਲਾ ਊਜਲੁ ਤਾ ਥੀਐ ਜਾ ਸਤਿਗੁਰ ਮਾਹਿ ਸਮਾਇ ॥੧॥ | O Nanak, the filthy ones become clean only when they meet and surrender to the True Guru. \|\|1\|\| |
| ਮਃ ੩ ॥ | Third Mehl: |
| ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ ॥ | The self-willed manmukhs may be taught, but how can they really be taught? |
| ਮਨਮੁਖੁ ਰਲਾਇਆ ਨਾ ਰਲੈ ਪਇਐ ਕਿਰਤਿ ਫਿਰਾਇ ॥ | The manmukhs do not fit in at all. Because of their past actions, they are condemned to the cycle of reincarnation. |
| ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ ॥ | Loving attention to the Lord and attachment to Maya are the two separate ways; all act according to the Hukam of the Lord's Command. |
| ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ ॥ | The Gurmukh has conquered his own mind, by applying the Touchstone of the Shabad. |
| ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ ॥ | He fights with his mind, he settles with his mind, and he is at peace with his mind. |

ਮਨੁ ਜੋ ਇਛੇ ਸੋ ਲਹੈ ਸਚੈ ਸਬਦਿ ਸੁਭਾਇ ॥

All obtain the desires of their minds, through the Love of the True Word of the Shabad.

ਅੰਮ੍ਰਿਤ ਨਾਮੁ ਸਦ ਭੁੰਚੀਐ ਗੁਰਮੁਖਿ ਕਾਰ ਕਮਾਇ ॥

They drink in the Ambrosial Nectar of the Naam forever; this is how the Gurmukhs act.

ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ ਜਾਸੀ ਜਨਮੁ ਗਵਾਇ ॥

Those who struggle with something other than their own mind, shall depart having wasted their lives.

ਮਨਮੁਖੀ ਮਨਹਠਿ ਹਾਰਿਆ ਕੂੜੁ ਕੁਸਤੁ ਕਮਾਇ ॥

The self-willed manmukhs, through stubborn-mindedness and the practice of falsehood, lose the game of life.

ਗੁਰ ਪਰਸਾਦੀ ਮਨੁ ਜਿਣੈ ਹਰਿ ਸੇਤੀ ਲਿਵ ਲਾਇ ॥

Those who conquer their own mind, by Guru's Grace, lovingly focus their attention on the Lord.

ਨਾਨਕ ਗੁਰਮੁਖਿ ਸਚੁ ਕਮਾਵੈ ਮਨਮੁਖਿ ਆਵੈ ਜਾਇ ॥੨॥

O Nanak, the Gurmukhs practice Truth, while the self-willed manmukhs continue coming and going in reincarnation. ||2||

ਪਉੜੀ ॥

Pauree:

ਹਰਿ ਕੇ ਸੰਤ ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇਕ ਸਾਖੀ ॥

O Saints of the Lord, O Siblings of Destiny, listen, and hear the Lord's Teachings, through the True Guru.

ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ ਤਿਨਿ ਜਨਿ ਲੈ ਹਿਰਦੈ ਰਾਖੀ ॥

Those who have good destiny pre-ordained and inscribed on their foreheads, grasp it and keep it enshrined in the heart.

ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ ॥

Through the Guru's Teachings, they intuitively taste the sublime, exquisite and ambrosial sermon of the Lord.

ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ ॥

The Divine Light shines in their hearts, and like the sun which removes the darkness of night, it dispels the darkness of ignorance.

ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ ॥੧੨॥

As Gurmukh, they behold with their eyes the Unseen, Imperceptible, Unknowable, Immaculate Lord. ||12||

ਸਲੋਕੁ ਮਃ ੩ ॥

Shalok, Third Mehl:

## ੮੮

## 88

ਸਤਿਗੁਰੁ ਸੇਵੇ ਆਪਣਾ ਸੋ ਸਿਰੁ ਲੇਖੈ ਲਾਇ ॥

Those who serve their True Guru are certified and accepted.

ਵਿਚਹੁ ਆਪੁ ਗਵਾਇ ਕੈ ਰਹਨਿ ਸਚਿ ਲਿਵ ਲਾਇ ॥

They eradicate selfishness and conceit from within; they remain lovingly absorbed in the True One.

| | |
|---|---|
| ਸਤਿਗੁਰੁ ਜਿਨੀ ਨ ਸੇਵਿਓ ਤਿਨਾ ਬਿਰਥਾ ਜਨਮੁ ਗਵਾਇ ॥ | Those who do not serve the True Guru waste away their lives in vain. |
| ਨਾਨਕ ਜੋ ਤਿਸੁ ਭਾਵੈ ਸੋ ਕਰੇ ਕਹਣਾ ਕਿਛੂ ਨ ਜਾਇ ॥੧॥ | O Nanak, the Lord does just as He pleases. No one has any say in this. \|\|1\|\| |
| ਮਃ ੩ ॥ | Third Mehl: |
| ਮਨੁ ਵੇਕਾਰੀ ਵੇੜਿਆ ਵੇਕਾਰਾ ਕਰਮ ਕਮਾਇ ॥ | With the mind encircled by wickedness and evil, people do evil deeds. |
| ਦੂਜੈ ਭਾਇ ਅਗਿਆਨੀ ਪੂਜਦੇ ਦਰਗਹ ਮਿਲੈ ਸਜਾਇ ॥ | The ignorant worship the love of duality; in the Lord's Court they shall be punished. |
| ਆਤਮ ਦੇਉ ਪੂਜੀਐ ਬਿਨੁ ਸਤਿਗੁਰ ਬੂਝ ਨ ਪਾਇ ॥ | So worship the Lord, the Light of the soul; without the True Guru, understanding is not obtained. |
| ਜਪੁ ਤਪੁ ਸੰਜਮੁ ਭਾਣਾ ਸਤਿਗੁਰੂ ਕਾ ਕਰਮੀ ਪਲੈ ਪਾਇ ॥ | Meditation, penance and austere self-discipline are found by surrendering to the True Guru's Will. By His Grace this is received. |
| ਨਾਨਕ ਸੇਵਾ ਸੁਰਤਿ ਕਮਾਵਣੀ ਜੋ ਹਰਿ ਭਾਵੈ ਸੋ ਥਾਇ ਪਾਇ ॥੨॥ | O Nanak, serve with this intuitive awareness; only that which is pleasing to the Lord is approved. \|\|2\|\| |
| ਪਉੜੀ ॥ | Pauree: |
| ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਸਦਾ ਸੁਖੁ ਹੋਵੈ ਦਿਨੁ ਰਾਤੀ ॥ | Chant the Name of the Lord, Har, Har, O my mind; it will bring you eternal peace, day and night. |
| ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਸਿਮਰਤ ਸਭਿ ਕਿਲਵਿਖ ਪਾਪ ਲਹਾਤੀ ॥ | Chant the Name of the Lord, Har, Har, O my mind; meditating on it, all sins and misdeeds shall be erased. |
| ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਦਾਲਦੁ ਦੁਖ ਭੁਖ ਸਭ ਲਹਿ ਜਾਤੀ ॥ | Chant the Name of the Lord, Har, Har, O my mind; through it, all poverty, pain and hunger shall be removed. |
| ਹਰਿ ਹਰਿ ਨਾਮੁ ਜਪਹੁ ਮਨ ਮੇਰੇ ਮੁਖਿ ਗੁਰਮੁਖਿ ਪ੍ਰੀਤਿ ਲਗਾਤੀ ॥ | Chant the Name of the Lord, Har, Har, O my mind; as Gurmukh, declare your love. |
| ਜਿਤੁ ਮੁਖਿ ਭਾਗੁ ਲਿਖਿਆ ਧੁਰਿ ਸਾਚੈ ਹਰਿ ਤਿਤੁ ਮੁਖਿ ਨਾਮੁ ਜਪਾਤੀ ॥੧੩॥ | One who has such pre-ordained destiny inscribed upon his forehead by the True Lord, chants the Naam, the Name of the Lord. \|\|13\|\| |

ਸਲੋਕ ਮਃ ੩ ॥

Shalok, Third Mehl:

ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥

Those who do not serve the True Guru, and who do not contemplate the Word of the Shabad

ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥

-spiritual wisdom does not enter into their hearts; they are like dead bodies in the world.

ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥

They go through the cycle of 8.4 million reincarnations, and they are ruined through death and rebirth.

ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥

He alone serves the True Guru, whom the Lord Himself inspires to do so.

ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥

The Treasure of the Naam is within the True Guru; by His Grace, it is obtained.

ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥

Those who are truly attuned to the Word of the Guru's Shabad-their love is forever True.

ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥

O Nanak, those who are united with Him shall not be separated again. They merge imperceptibly into God. ||1||

ਮਃ ੩ ॥

Third Mehl:

ਸੋ ਭਗਉਤੀ ਜੁੋ ਭਗਵੰਤੈ ਜਾਣੈ ॥

One who knows the Benevolent Lord God is the true devotee of Bhagaautee.

ਗੁਰ ਪਰਸਾਦੀ ਆਪੁ ਪਛਾਣੈ ॥

By Guru's Grace, he is self-realized.

ਧਾਵਤੁ ਰਾਖੈ ਇਕਤੁ ਘਰਿ ਆਣੈ ॥

He restrains his wandering mind, and brings it back to its own home within the self.

ਜੀਵਤੁ ਮਰੈ ਹਰਿ ਨਾਮੁ ਵਖਾਣੈ ॥

He remains dead while yet alive, and he chants the Name of the Lord.

ਐਸਾ ਭਗਉਤੀ ਉਤਮੁ ਹੋਇ ॥

Such a Bhagaautee is most exalted.

ਨਾਨਕ ਸਚਿ ਸਮਾਵੈ ਸੋਇ ॥੨॥

O Nanak, he merges into the True One. ||2||

ਮਃ ੩ ॥

Third Mehl:

ਅੰਤਰਿ ਕਪਟੁ ਭਗਉਤੀ ਕਹਾਏ ॥

He is full of deceit, and yet he calls himself a devotee of Bhagaautee.

ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥

Through hypocrisy, he shall never attain the Supreme Lord God.

ਪਰ ਨਿੰਦਾ ਕਰੇ ਅੰਤਰਿ ਮਲੁ ਲਾਏ ॥

He slanders others, and pollutes himself with his own filth.

ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ ॥

Outwardly, he washes off the filth, but the impurity of his mind does not go away.

| | |
|---|---|
| ਸਤਸੰਗਤਿ ਸਿਉ ਬਾਦੁ ਰਚਾਏ ॥ | He argues with the Sat Sangat, the True Congregation. |
| ਅਨਦਿਨੁ ਦੁਖੀਆ ਦੂਜੈ ਭਾਇ ਰਚਾਏ ॥ | Night and day, he suffers, engrossed in the love of duality. |
| ਹਰਿ ਨਾਮੁ ਨ ਚੇਤੈ ਬਹੁ ਕਰਮ ਕਮਾਏ ॥ | He does not remember the Name of the Lord, but still, he performs all sorts of empty rituals. |
| ਪੂਰਬ ਲਿਖਿਆ ਸੁ ਮੇਟਣਾ ਨ ਜਾਏ ॥ | That which is pre-ordained cannot be erased. |
| ਨਾਨਕ ਬਿਨੁ ਸਤਿਗੁਰ ਸੇਵੇ ਮੋਖੁ ਨ ਪਾਏ ॥੩॥ | O Nanak, without serving the True Guru, liberation is not obtained. \|\|3\|\| |
| ਪਉੜੀ ॥ | Pauree: |
| ਸਤਿਗੁਰੁ ਜਿਨੀ ਧਿਆਇਆ ਸੇ ਕੜਿ ਨ ਸਵਾਹੀ ॥ | Those who meditate on the True Guru shall not be burnt to ashes. |
| ਸਤਿਗੁਰੁ ਜਿਨੀ ਧਿਆਇਆ ਸੇ ਤ੍ਰਿਪਤਿ ਅਘਾਹੀ ॥ | Those who meditate on the True Guru are satisfied and fulfilled. |
| ਸਤਿਗੁਰੁ ਜਿਨੀ ਧਿਆਇਆ ਤਿਨ ਜਮ ਡਰੁ ਨਾਹੀ ॥ | Those who meditate on the True Guru are not afraid of the Messenger of Death. |
| ੮੯ | 89 |
| ਜਿਨ ਕਉ ਹੋਆ ਕ੍ਰਿਪਾਲੁ ਹਰਿ ਸੇ ਸਤਿਗੁਰ ਪੈਰੀ ਪਾਹੀ ॥ | Those upon whom the Lord showers His Mercy, fall at the Feet of the True Guru. |
| ਤਿਨ ਐਥੈ ਓਥੈ ਮੁਖ ਉਜਲੇ ਹਰਿ ਦਰਗਹ ਪੈਧੇ ਜਾਹੀ ॥੧੪॥ | Here and hereafter, their faces are radiant; they go to the Lord's Court in robes of honor. \|\|14\|\| |
| ਸਲੋਕ ਮਃ ੨ ॥ | Shalok, Second Mehl: |
| ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ ॥ | Chop off that head which does not bow to the Lord. |
| ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ ॥੧॥ | O Nanak, that human body, in which there is no pain of separation from the Lord-take that body and burn it. \|\|1\|\| |
| ਮਃ ੫ ॥ | Fifth Mehl: |
| ਮੁੰਢਹੁ ਭੁਲੀ ਨਾਨਕਾ ਫਿਰਿ ਫਿਰਿ ਜਨਮਿ ਮੁਈਆਸੁ ॥ | Forgetting the Primal Lord, O Nanak, people are born and die, over and over again. |

| | |
|---|---|
| ਕਸਤੂਰੀ ਕੈ ਭੋਲੜੈ ਗੰਦੇ ਡੁੰਮਿ ਪਈਆਸੁ ॥੨॥ | Mistaking it for musk, they have fallen into the stinking pit of filth. \|\|2\|\| |
| ਪਉੜੀ ॥ | Pauree: |
| ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ ਜੋ ਸਭਨਾ ਉਪਰਿ ਹੁਕਮੁ ਚਲਾਏ ॥ | Meditate on that Name of the Lord, O my mind, whose Command rules over all. |
| ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੋ ਅੰਤੀ ਅਉਸਰਿ ਲਏ ਛਡਾਏ ॥ | Chant that Name of the Lord, O my mind, which will save you at the very last moment. |
| ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੁ ਮਨ ਕੀ ਤ੍ਰਿਸਨਾ ਸਭ ਭੁਖ ਗਵਾਏ ॥ | Chant that Name of the Lord, O my mind, which shall drive out all hunger and desire from your mind. |
| ਸੋ ਗੁਰਮੁਖਿ ਨਾਮੁ ਜਪਿਆ ਵਡਭਾਗੀ ਤਿਨ ਨਿੰਦਕ ਦੁਸਟ ਸਭਿ ਪੈਰੀ ਪਾਏ ॥ | Very fortunate and blessed is that Gurmukh who chants the Naam; it shall bring all slanderers and wicked enemies to fall at his feet. |
| ਨਾਨਕ ਨਾਮੁ ਅਰਾਧਿ ਸਭਨਾ ਤੇ ਵਡਾ ਸਭਿ ਨਾਵੈ ਅਗੈ ਆਣਿ ਨਿਵਾਏ ॥੧੫॥ | O Nanak, worship and adore the Naam, the Greatest Name of all, before which all come and bow. \|\|15\|\| |
| ਸਲੋਕ ਮਃ ੩ ॥ | Shalok, Third Mehl: |
| ਵੇਸ ਕਰੇ ਕੁਰੂਪਿ ਕੁਲਖਣੀ ਮਨਿ ਖੋਟੈ ਕੂੜਿਆਰਿ ॥ | She may wear good clothes, but the bride is ugly and rude; her mind is false and impure. |
| ਪਿਰ ਕੈ ਭਾਣੈ ਨਾ ਚਲੈ ਹੁਕਮੁ ਕਰੇ ਗਾਵਾਰਿ ॥ | She does not walk in harmony with the Will of her Husband Lord. Instead, she foolishly gives Him orders. |
| ਗੁਰ ਕੈ ਭਾਣੈ ਜੋ ਚਲੈ ਸਭਿ ਦੁਖ ਨਿਵਾਰਣਹਾਰਿ ॥ | But she who walks in harmony with the Guru's Will, shall be spared all pain and suffering. |
| ਲਿਖਿਆ ਮੇਟਿ ਨ ਸਕੀਐ ਜੋ ਧੁਰਿ ਲਿਖਿਆ ਕਰਤਾਰਿ ॥ | That destiny which was pre-ordained by the Creator cannot be erased. |
| ਮਨੁ ਤਨੁ ਸਉਪੇ ਕੰਤ ਕਉ ਸਬਦੇ ਧਰੇ ਪਿਆਰੁ ॥ | She must dedicate her mind and body to her Husband Lord, and enshrine love for the Word of the Shabad. |
| ਬਿਨੁ ਨਾਵੈ ਕਿਨੈ ਨ ਪਾਇਆ ਦੇਖਹੁ ਰਿਦੈ ਬੀਚਾਰਿ ॥ | Without His Name, no one has found Him; see this and reflect upon it in your heart. |
| ਨਾਨਕ ਸਾ ਸੁਆਲਿਓ ਸੁਲਖਣੀ ਜਿ ਰਾਵੀ ਸਿਰਜਨਹਾਰਿ ॥੧॥ | O Nanak, she is beautiful and graceful; the Creator Lord ravishes and enjoys her. \|\|1\|\| |

| | |
|---|---|
| ਮਃ ੩ ॥ | Third Mehl: |
| ਮਾਇਆ ਮੋਹੁ ਗੁਬਾਰੁ ਹੈ ਤਿਸ ਦਾ ਨ ਦਿਸੈ ਉਰਵਾਰੁ ਨ ਪਾਰੁ ॥ | Attachment to Maya is an ocean of darkness; neither this shore nor the one beyond can be seen. |
| ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ ਡੁਬੇ ਹਰਿ ਨਾਮੁ ਵਿਸਾਰਿ ॥ | The ignorant, self-willed manmukhs suffer in terrible pain; they forget the Lord's Name and drown. |
| ਭਲਕੇ ਉਠਿ ਬਹੁ ਕਰਮ ਕਮਾਵਹਿ ਦੂਜੈ ਭਾਇ ਪਿਆਰੁ ॥ | They arise in the morning and perform all sorts of rituals, but they are caught in the love of duality. |
| ਸਤਿਗੁਰੁ ਸੇਵਹਿ ਆਪਣਾ ਭਉਜਲੁ ਉਤਰੇ ਪਾਰਿ ॥ | Those who serve the True Guru cross over the terrifying world-ocean. |
| ਨਾਨਕ ਗੁਰਮੁਖਿ ਸਚਿ ਸਮਾਵਹਿ ਸਚੁ ਨਾਮੁ ਉਰ ਧਾਰਿ ॥੨॥ | O Nanak, the Gurmukhs keep the True Name enshrined in their hearts; they are absorbed into the True One. ‖2‖ |
| ਪਉੜੀ ॥ | Pauree: |
| ਹਰਿ ਜਲਿ ਥਲਿ ਮਹੀਅਲਿ ਭਰਪੂਰਿ ਦੂਜਾ ਨਾਹਿ ਕੋਇ ॥ | The Lord pervades and permeates the water, the land and the sky; there is no other at all. |
| ਹਰਿ ਆਪਿ ਬਹਿ ਕਰੇ ਨਿਆਉ ਕੂੜਿਆਰ ਸਭ ਮਾਰਿ ਕਢੋਇ ॥ | The Lord Himself sits upon His Throne and administers justice. He beats and drives out the false-hearted. |
| ਸਚਿਆਰਾ ਦੇਇ ਵਡਿਆਈ ਹਰਿ ਧਰਮ ਨਿਆਉ ਕੀਓਇ ॥ | The Lord bestows glorious greatness upon those who are truthful. He administers righteous justice. |
| ਸਭ ਹਰਿ ਕੀ ਕਰਹੁ ਉਸਤਤਿ ਜਿਨਿ ਗਰੀਬ ਅਨਾਥ ਰਾਖਿ ਲੀਓਇ ॥ | So praise the Lord, everybody; He protects the poor and the lost souls. |
| ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ ॥੧੬॥ | He honors the righteous and punishes the sinners. ‖16‖ |
| ਸਲੋਕ ਮਃ ੩ ॥ | Shalok, Third Mehl: |
| ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ ॥ | The self-willed manmukh, the foolish bride, is a filthy, rude and evil wife. |
| ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ ॥ | Forsaking her Husband Lord and leaving her own home, she gives her love to another. |
| ਤ੍ਰਿਸਨਾ ਕਦੇ ਨ ਚੁਕਈ ਜਲਦੀ ਕਰੇ ਪੂਕਾਰ ॥ | Her desires are never satisfied, and she burns and cries out in pain. |

| | |
|---|---|
| ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ ਪਰਹਰਿ ਛੋਡੀ ਭਤਾਰਿ ॥੧॥ | O Nanak, without the Name, she is ugly and ungraceful. She is abandoned and left behind by her Husband Lord. \|\|1\|\| |
| **੯੦** | **90** |
| ਮਃ ੩ ॥ | Third Mehl: |
| ਸਬਦਿ ਰਤੀ ਸੋਹਾਗਣੀ ਸਤਿਗੁਰ ਕੈ ਭਾਇ ਪਿਆਰਿ ॥ | The happy soul-bride is attuned to the Word of the Shabad; she is in love with the True Guru. |
| ਸਦਾ ਰਾਵੇ ਪਿਰੁ ਆਪਣਾ ਸਚੈ ਪ੍ਰੇਮਿ ਪਿਆਰਿ ॥ | She continually enjoys and ravishes her Beloved, with true love and affection. |
| ਅਤਿ ਸੁਆਲਿਉ ਸੁੰਦਰੀ ਸੋਭਾਵੰਤੀ ਨਾਰਿ ॥ | She is such a loveable, beautiful and noble woman. |
| ਨਾਨਕ ਨਾਮਿ ਸੋਹਾਗਣੀ ਮੇਲੀ ਮੇਲਣਹਾਰਿ ॥੨॥ | O Nanak, through the Naam, the happy soul-bride unites with the Lord of Union. \|\|2\|\| |
| ਪਉੜੀ ॥ | Pauree: |
| ਹਰਿ ਤੇਰੀ ਸਭ ਕਰਹਿ ਉਸਤਤਿ ਜਿਨਿ ਫਾਥੇ ਕਾਢਿਆ ॥ | Lord, everyone sings Your Praises. You have freed us from bondage. |
| ਹਰਿ ਤੁਧਨੋ ਕਰਹਿ ਸਭ ਨਮਸਕਾਰੁ ਜਿਨਿ ਪਾਪੈ ਤੇ ਰਾਖਿਆ ॥ | Lord, everyone bows in reverence to You. You have saved us from our sinful ways. |
| ਹਰਿ ਨਿਮਾਣਿਆ ਤੂੰ ਮਾਣੁ ਹਰਿ ਡਾਢੀ ਹੂੰ ਤੂੰ ਡਾਢਿਆ ॥ | Lord, You are the Honor of the dishonored. Lord, You are the Strongest of the strong. |
| ਹਰਿ ਅਹੰਕਾਰੀਆ ਮਾਰਿ ਨਿਵਾਏ ਮਨਮੁਖ ਮੂੜ ਸਾਧਿਆ ॥ | The Lord beats down the egocentrics and corrects the foolish, self-willed manmukhs. |
| ਹਰਿ ਭਗਤਾ ਦੇਇ ਵਡਿਆਈ ਗਰੀਬ ਅਨਾਥਿਆ ॥੧੭॥ | The Lord bestows glorious greatness on His devotees, the poor, and the lost souls. \|\|17\|\| |
| ਸਲੋਕ ਮਃ ੩ ॥ | Shalok, Third Mehl: |
| ਸਤਿਗੁਰ ਕੈ ਭਾਣੈ ਜੋ ਚਲੈ ਤਿਸੁ ਵਡਿਆਈ ਵਡੀ ਹੋਇ ॥ | One who walks in harmony with the Will of the True Guru, obtains the greatest glory. |
| ਹਰਿ ਕਾ ਨਾਮੁ ਉਤਮੁ ਮਨਿ ਵਸੈ ਮੇਟਿ ਨ ਸਕੈ ਕੋਇ ॥ | The Exalted Name of the Lord abides in his mind, and no one can take it away. |
| ਕਿਰਪਾ ਕਰੇ ਜਿਸੁ ਆਪਣੀ ਤਿਸੁ ਕਰਮਿ ਪਰਾਪਤਿ ਹੋਇ ॥ | That person, upon whom the Lord bestows His Grace, receives His Mercy. |

| | |
|---|---|
| ਨਾਨਕ ਕਾਰਣੁ ਕਰਤੇ ਵਸਿ ਹੈ ਗੁਰਮੁਖਿ ਬੂਝੈ ਕੋਇ ॥੧॥ | O Nanak, creativity is under the control of the Creator; how rare are those who, as Gurmukh, realize this! ‖1‖ |
| ਮਃ ੩ ॥ | Third Mehl: |
| ਨਾਨਕ ਹਰਿ ਨਾਮੁ ਜਿਨੀ ਆਰਾਧਿਆ ਅਨਦਿਨੁ ਹਰਿ ਲਿਵ ਤਾਰ ॥ | O Nanak, those who worship and adore the Lord's Name night and day, vibrate the String of the Lord's Love. |
| ਮਾਇਆ ਬੰਦੀ ਖਸਮ ਕੀ ਤਿਨ ਅਗੈ ਕਮਾਵੈ ਕਾਰ ॥ | Maya, the maid-servant of our Lord and Master, serves them. |
| ਪੂਰੈ ਪੂਰਾ ਕਰਿ ਛੋਡਿਆ ਹੁਕਮਿ ਸਵਾਰਣਹਾਰ ॥ | The Perfect One has made them perfect; by the Hukam of His Command, they are embellished. |
| ਗੁਰ ਪਰਸਾਦੀ ਜਿਨਿ ਬੁਝਿਆ ਤਿਨਿ ਪਾਇਆ ਮੋਖ ਦੁਆਰੁ ॥ | By Guru's Grace, they understand Him, and they find the gate of salvation. |
| ਮਨਮੁਖ ਹੁਕਮੁ ਨ ਜਾਣਨੀ ਤਿਨ ਮਾਰੇ ਜਮ ਜੰਦਾਰੁ ॥ | The self-willed manmukhs do not know the Lord's Command; they are beaten down by the Messenger of Death. |
| ਗੁਰਮੁਖਿ ਜਿਨੀ ਅਰਾਧਿਆ ਤਿਨੀ ਤਰਿਆ ਭਉਜਲੁ ਸੰਸਾਰੁ ॥ | But the Gurmukhs, who worship and adore the Lord, cross over the terrifying world-ocean. |
| ਸਭਿ ਅਉਗਣ ਗੁਣੀ ਮਿਟਾਇਆ ਗੁਰੁ ਆਪੇ ਬਖਸਣਹਾਰੁ ॥੨॥ | All their demerits are erased, and replaced with merits. The Guru Himself is their Forgiver. ‖2‖ |
| ਪਉੜੀ ॥ | Pauree: |
| ਹਰਿ ਕੀ ਭਗਤਾ ਪਰਤੀਤਿ ਹਰਿ ਸਭ ਕਿਛੁ ਜਾਣਦਾ ॥ | The Lord's devotees have faith in Him. The Lord knows everything. |
| ਹਰਿ ਜੇਵਡੁ ਨਾਹੀ ਕੋਈ ਜਾਣੁ ਹਰਿ ਧਰਮੁ ਬੀਚਾਰਦਾ ॥ | No one is as great a Knower as the Lord; the Lord administers righteous justice. |
| ਕਾੜਾ ਅੰਦੇਸਾ ਕਿਉ ਕੀਜੈ ਜਾ ਨਾਹੀ ਅਧਰਮਿ ਮਾਰਦਾ ॥ | Why should we feel any burning anxiety, since the Lord does not punish without just cause? |
| ਸਚਾ ਸਾਹਿਬੁ ਸਚੁ ਨਿਆਉ ਪਾਪੀ ਨਰੁ ਹਾਰਦਾ ॥ | True is the Master, and True is His Justice; only the sinners are defeated. |
| ਸਾਲਾਹਿਹੁ ਭਗਤਹੁ ਕਰ ਜੋੜਿ ਹਰਿ ਭਗਤ ਜਨ ਤਾਰਦਾ ॥੧੮॥ | O devotees, praise the Lord with your palms pressed together; the Lord saves His humble devotees. ‖18‖ |

| | |
|---|---|
| ਸਲੋਕ ਮਃ ੩ ॥ | Shalok, Third Mehl: |
| ਆਪਣੇ ਪ੍ਰੀਤਮ ਮਿਲਿ ਰਹਾ ਅੰਤਰਿ ਰਖਾ ਉਰਿ ਧਾਰਿ ॥ | Oh, if only I could meet my Beloved, and keep Him enshrined deep within my heart! |
| ਸਾਲਾਹੀ ਸੋ ਪ੍ਰਭ ਸਦਾ ਸਦਾ ਗੁਰ ਕੈ ਹੇਤਿ ਪਿਆਰਿ ॥ | I praise that God forever and ever, through love and affection for the Guru. |
| ਨਾਨਕ ਜਿਸੁ ਨਦਰਿ ਕਰੇ ਤਿਸੁ ਮੇਲਿ ਲਏ ਸਾਈ ਸੁਹਾਗਣਿ ਨਾਰਿ ॥੧॥ | O Nanak, that one upon whom He bestows His Glance of Grace is united with Him; such a person is the true soul-bride of the Lord. \|\|1\|\| |
| ਮਃ ੩ ॥ | Third Mehl: |
| ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ ॥ | Serving the Guru, the Lord is obtained, when He bestows His Glance of Grace. |
| ਮਾਣਸ ਤੇ ਦੇਵਤੇ ਭਏ ਧਿਆਇਆ ਨਾਮੁ ਹਰੇ ॥ | They are transformed from humans into angels, meditating on the Naam, the Name of the Lord. |
| ਹਉਮੈ ਮਾਰਿ ਮਿਲਾਇਅਨੁ ਗੁਰ ਕੈ ਸਬਦਿ ਤਰੇ ॥ | They conquer their egotism and merge with the Lord; they are saved through the Word of the Guru’s Shabad. |
| ਨਾਨਕ ਸਹਜਿ ਸਮਾਇਅਨੁ ਹਰਿ ਆਪਣੀ ਕ੍ਰਿਪਾ ਕਰੇ ॥੨॥ | O Nanak, they merge imperceptibly into the Lord, who has bestowed His Favor upon them. \|\|2\|\| |
| ਪਉੜੀ ॥ | Pauree: |
| ਹਰਿ ਆਪਣੀ ਭਗਤਿ ਕਰਾਇ ਵਡਿਆਈ ਵੇਖਾਲੀਅਨੁ ॥ | The Lord Himself inspires us to worship Him; He reveals His Glorious Greatness. |
| ਆਪਣੀ ਆਪਿ ਕਰੇ ਪਰਤੀਤਿ ਆਪੇ ਸੇਵ ਘਾਲੀਅਨੁ ॥ | He Himself inspires us to place our faith in Him. Thus He performs His Own Service. |
| ੯੧ | 91 |
| ਹਰਿ ਭਗਤਾ ਨੋ ਦੇਇ ਅਨੰਦੁ ਥਿਰੁ ਘਰੀ ਬਹਾਲਿਅਨੁ ॥ | The Lord bestows bliss upon His devotees, and gives them a seat in the eternal home. |
| ਪਾਪੀਆ ਨੋ ਨ ਦੇਈ ਥਿਰੁ ਰਹਣਿ ਚੁਣਿ ਨਰਕ ਘੋਰਿ ਚਾਲਿਅਨੁ ॥ | He does not give the sinners any stability or place of rest; He consigns them to the depths of hell. |
| ਹਰਿ ਭਗਤਾ ਨੋ ਦੇਇ ਪਿਆਰੁ ਕਰਿ ਅੰਗੁ ਨਿਸਤਾਰਿਅਨੁ ॥੧੯॥ | The Lord blesses His devotees with His Love; He sides with them and saves them. \|\|19\|\| |

| | |
|---|---|
| ਸਲੋਕ ਮਃ ੧ ॥ | Shalok, First Mehl: |
| ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥ | False-mindedness is the drummer-woman; cruelty is the butcheress; slander of others in one's heart is the cleaning-woman, and deceitful anger is the outcast-woman. |
| ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥ | What good are the ceremonial lines drawn around your kitchen, when these four are seated there with you? |
| ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥ | Make Truth your self-discipline, and make good deeds the lines you draw; make chanting the Name your cleansing bath. |
| ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥੧॥ | O Nanak, those who do not walk in the ways of sin, shall be exalted in the world hereafter. \|\|1\|\| |
| ਮਃ ੧ ॥ | First Mehl: |
| ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ ॥ | Which is the swan, and which is the crane? It is only by His Glance of Grace. |
| ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ ॥੨॥ | Whoever is pleasing to Him, O Nanak, is transformed from a crow into a swan. \|\|2\|\| |
| ਪਉੜੀ ॥ | Pauree: |
| ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥ | Whatever work you wish to accomplish-tell it to the Lord. |
| ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥ | He will resolve your affairs; the True Guru gives His Guarantee of Truth. |
| ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ ॥ | In the Society of the Saints, you shall taste the treasure of the Ambrosial Nectar. |
| ਭੈ ਭੰਜਨ ਮਿਹਰਵਾਨ ਦਾਸ ਕੀ ਰਾਖੀਐ ॥ | The Lord is the Merciful Destroyer of fear; He preserves and protects His slaves. |
| ਨਾਨਕ ਹਰਿ ਗੁਣ ਗਾਇ ਅਲਖੁ ਪ੍ਰਭੁ ਲਾਖੀਐ ॥੨੦॥ | O Nanak, sing the Glorious Praises of the Lord, and see the Unseen Lord God. \|\|20\|\| |
| ਸਲੋਕ ਮਃ ੩ ॥ | Shalok, Third Mehl: |
| ਜੀਉ ਪਿੰਡੁ ਸਭੁ ਤਿਸ ਕਾ ਸਭਸੈ ਦੇਇ ਅਧਾਰੁ ॥ | Body and soul, all belong to Him. He gives His Support to all. |

| | |
|---|---|
| ਨਾਨਕ ਗੁਰਮੁਖਿ ਸੇਵੀਐ ਸਦਾ ਸਦਾ ਦਾਤਾਰੁ ॥ | O Nanak, become Gurmukh and serve Him, who is forever and ever the Giver. |
| ਹਉ ਬਲਿਹਾਰੀ ਤਿਨ ਕਉ ਜਿਨਿ ਧਿਆਇਆ ਹਰਿ ਨਿਰੰਕਾਰੁ ॥ | I am a sacrifice to those who meditate on the Formless Lord. |
| ਓਨਾ ਕੇ ਮੁਖ ਸਦ ਉਜਲੇ ਓਨਾ ਨੋ ਸਭੁ ਜਗਤੁ ਕਰੇ ਨਮਸਕਾਰੁ ॥੧॥ | Their faces are forever radiant, and the whole world bows in reverence to them. \|\|1\|\| |
| ਮਃ ੩ ॥ | Third Mehl: |
| ਸਤਿਗੁਰ ਮਿਲਿਐ ਉਲਟੀ ਭਈ ਨਵ ਨਿਧਿ ਖਰਚਿਉ ਖਾਉ ॥ | Meeting the True Guru, I am totally transformed; I have obtained the nine treasures to use and consume. |
| ਅਠਾਰਹ ਸਿਧੀ ਪਿਛੈ ਲਗੀਆ ਫਿਰਨਿ ਨਿਜ ਘਰਿ ਵਸੈ ਨਿਜ ਥਾਇ ॥ | The Siddhis-the eighteen supernatural spiritual powers-follow in my footsteps; I dwell in my own home, within my own self. |
| ਅਨਹਦ ਧੁਨੀ ਸਦ ਵਜਦੇ ਉਨਮਨਿ ਹਰਿ ਲਿਵ ਲਾਇ ॥ | The Unstruck Melody constantly vibrates within; my mind is exalted and uplifted-I am lovingly absorbed in the Lord. |
| ਨਾਨਕ ਹਰਿ ਭਗਤਿ ਤਿਨਾ ਕੈ ਮਨਿ ਵਸੈ ਜਿਨ ਮਸਤਕਿ ਲਿਖਿਆ ਧੁਰਿ ਪਾਇ ॥੨॥ | O Nanak, devotion to the Lord abides within the minds of those who have such pre-ordained destiny written on their foreheads. \|\|2\|\| |
| ਪਉੜੀ ॥ | Pauree: |
| ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ ॥ | I am a minstrel of the Lord God, my Lord and Master; I have come to the Lord's Door. |
| ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ ॥ | The Lord has heard my sad cries from within; He has called me, His minstrel, into His Presence. |
| ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ ॥ | The Lord called His minstrel in, and asked, "Why have you come here?" |
| ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਨਾਮੁ ਧਿਆਇਆ ॥ | "O Merciful God, please grant me the gift of continual meditation on the Lord's Name." |
| ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ ॥੨੧॥੧॥ ਸੁਧੁ | And so the Lord, the Great Giver, inspired Nanak to chant the Lord's Name, and blessed him with robes of honor. \|\|21\|\|1\|\|Sudh\|\| |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |

| | |
|---|---|
| ਸਿਰੀਰਾਗੁ ਕਬੀਰ ਜੀਉ ਕਾ ॥ ਏਕੁ ਸੁਆਨੁ ਕੈ ਘਰਿ ਗਾਵਣਾ | Siree Raag, Kabeer Jee: To Be Sung To The Tune Of "Ayk Su-Aan" : |
| ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥ | The mother thinks that her son is growing up; she does not understand that, day by day, his life is diminishing. |
| ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ ॥੧॥ | Calling him, "Mine, mine", she fondles him lovingly, while the Messenger of Death looks on and laughs. \|\|1\|\| |
| **੯੨** | **92** |
| ਐਸਾ ਤੈਂ ਜਗੁ ਭਰਮਿ ਲਾਇਆ ॥ | You have misled the world so deeply in doubt. |
| ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥੧॥ ਰਹਾਉ ॥ | How can people understand You, when they are entranced by Maya? \|\|1\|\|Pause\|\| |
| ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥ | Says Kabeer, give up the pleasures of corruption, or else you will surely die of them. |
| ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ ॥੨॥ | Meditate on the Lord, O mortal being, through the Word of His Bani; you shall be blessed with eternal life. In this way, shall you cross over the terrifying world-ocean. \|\|2\|\| |
| ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ | As it pleases Him, people embrace love for the Lord, |
| ਭਰਮੁ ਭੁਲਾਵਾ ਵਿਚਹੁ ਜਾਇ ॥ | and doubt and delusion are dispelled from within. |
| ਉਪਜੈ ਸਹਜੁ ਗਿਆਨ ਮਤਿ ਜਾਗੈ ॥ | Intuitive peace and poise well up within, and the intellect is awakened to spiritual wisdom. |
| ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥ | By Guru's Grace, the inner being is touched by the Lord's Love. \|\|3\|\| |
| ਇਤੁ ਸੰਗਤਿ ਨਾਹੀ ਮਰਣਾ ॥ | In this association, there is no death. |
| ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥ | Recognizing the Hukam of His Command, you shall meet with your Lord and Master. \|\|1\|\|Second Pause\|\| |
| ਸਿਰੀਰਾਗੁ ਤ੍ਰਿਲੋਚਨ ਕਾ ॥ | Siree Raag, Trilochan: |
| ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ ਜਰਾ ਮਰਣੁ ਭਉ ਵਿਸਰਿ ਗਇਆ ॥ | The mind is totally attached to Maya; the mortal has forgotten his fear of old age and death. |

ਕੁਟੰਬੁ ਦੇਖਿ ਬਿਗਸਹਿ ਕਮਲਾ ਜਿਉ ਪਰ ਘਰਿ ਜੋਹਹਿ ਕਪਟ ਨਰਾ ॥੧॥

Gazing upon his family, he blossoms forth like the lotus flower; the deceitful person watches and covets the homes of others. ||1||

ਦੂੜਾ ਆਇਓਹਿ ਜਮਹਿ ਤਣਾ ॥ ਤਿਨ ਆਗਲੜੈ ਮੈ ਰਹਣੁ ਨ ਜਾਇ ॥

When the powerful Messenger of Death comes, no one can stand against his awesome power.

ਕੋਈ ਕੋਈ ਸਾਜਣੁ ਆਇ ਕਹੈ ॥

Rare, very rare, is that friend who comes and says,

ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ ॥ ਮਿਲੁ ਮੇਰੇ ਰਮਈਆ ਮੈ ਲੇਹਿ ਛਡਾਇ ॥੧॥ ਰਹਾਉ ॥

"O my Beloved, take me into Your Embrace! O my Lord, please save me!"||1||Pause||

ਅਨਿਕ ਅਨਿਕ ਭੋਗ ਰਾਜ ਬਿਸਰੇ ਪ੍ਰਾਣੀ ਸੰਸਾਰ ਸਾਗਰ ਪੈ ਅਮਰੁ ਭਇਆ ॥

Indulging in all sorts of princely pleasures, O mortal, you have forgotten God; you have fallen into the world-ocean, and you think that you have become immortal.

ਮਾਇਆ ਮੂਠਾ ਚੇਤਸਿ ਨਾਹੀ ਜਨਮੁ ਗਵਾਇਓ ਆਲਸੀਆ ॥੨॥

Cheated and plundered by Maya, you do not think of God, and you waste your life in laziness. ||2||

ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ ਰਵਿ ਸਸਿ ਤਹ ਨ ਪ੍ਰਵੇਸੰ ॥

The path you must walk is treacherous and terrifying, O mortal; neither the sun nor the moon shine there.

ਮਾਇਆ ਮੋਹੁ ਤਬ ਬਿਸਰਿ ਗਇਆ ਜਾਂ ਤਜੀਅਲੇ ਸੰਸਾਰੰ ॥੩॥

Your emotional attachment to Maya will be forgotten, when you have to leave this world. ||3||

ਆਜੁ ਮੇਰੈ ਮਨਿ ਪ੍ਰਗਟੁ ਭਇਆ ਹੈ ਪੇਖੀਅਲੇ ਧਰਮਰਾਓ ॥

Today, it became clear to my mind that the Righteous Judge of Dharma is watching us.

ਤਹ ਕਰ ਦਲ ਕਰਨਿ ਮਹਾਬਲੀ ਤਿਨ ਆਗਲੜੈ ਮੈ ਰਹਣੁ ਨ ਜਾਇ ॥੪॥

His messengers, with their awesome power, crush people between their hands; I cannot stand against them. ||4||

ਜੇ ਕੋ ਮੂੰ ਉਪਦੇਸੁ ਕਰਤੁ ਹੈ ਤਾ ਵਣਿ ਤ੍ਰਿਣਿ ਰਤੜਾ ਨਾਰਾਇਣਾ ॥

If someone is going to teach me something, let it be that the Lord is pervading the forests and fields.

ਐ ਜੀ ਤੂੰ ਆਪੇ ਸਭ ਕਿਛੁ ਜਾਣਦਾ ਬਦਤਿ ਤ੍ਰਿਲੋਚਨੁ ਰਾਮਈਆ ॥੫॥੨॥

O Dear Lord, You Yourself know everything; so prays Trilochan, Lord. ||5||2||

ਸ੍ਰੀਰਾਗੁ ਭਗਤ ਕਬੀਰ ਜੀਉ ਕਾ ॥

Siree Raag, Devotee Kabeer Jee:

ਅਚਰਜ ਏਕੁ ਸੁਨਹੁ ਰੇ ਪੰਡੀਆ ਅਬ ਕਿਛੁ ਕਹਨੁ ਨ ਜਾਈ ॥

Listen, O religious scholar: the One Lord alone is Wondrous; no one can describe Him.

ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ ਤ੍ਰਿਭਵਣ ਮੇਖੁਲੀ ਲਾਈ ॥੧॥

He fascinates the angels, the celestial singers and the heavenly musicians; he has strung the three worlds upon His Thread. ||1||

ਰਾਜਾ ਰਾਮ ਅਨਹਦ ਕਿੰਗੁਰੀ ਬਾਜੈ ॥

The Unstruck Melody of the Sovereign Lord's Harp vibrates;

ਜਾ ਕੀ ਦਿਸਟਿ ਨਾਦ ਲਿਵ ਲਾਗੈ ॥੧॥ ਰਹਾਉ ॥

by His Glance of Grace, we are lovingly attuned to the Sound-current of the Naad. ||1||Pause||

ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ ਕਨਕ ਕਲਸ ਇਕੁ ਪਾਇਆ ॥

The Tenth Gate of my crown chakra is the distilling fire, and the channels of the Ida and Pingala are the funnels, to pour in and empty out the golden vat.

ਤਿਸੁ ਮਹਿ ਧਾਰ ਚੁਐ ਅਤਿ ਨਿਰਮਲ ਰਸ ਮਹਿ ਰਸਨ ਚੁਆਇਆ ॥੨॥

Into that vat, there trickles a gentle stream of the most sublime and pure essence of all distilled essences. ||2||

ਏਕ ਜੁ ਬਾਤ ਅਨੂਪ ਬਨੀ ਹੈ ਪਵਨ ਪਿਆਲਾ ਸਾਜਿਆ ॥

Something wonderful has happened-the breath has become the cup.

ਤੀਨਿ ਭਵਨ ਮਹਿ ਏਕੋ ਜੋਗੀ ਕਹਹੁ ਕਵਨੁ ਹੈ ਰਾਜਾ ॥੩॥

In all the three worlds, such a Yogi is unique. What king can compare to him? ||3||

ਐਸੇ ਗਿਆਨ ਪ੍ਰਗਟਿਆ ਪੁਰਖੋਤਮ ਕਹੁ ਕਬੀਰ ਰੰਗਿ ਰਾਤਾ ॥

This spiritual wisdom of God, the Supreme Soul, has illuminated my being. Says Kabeer, I am attuned to His Love.

ਅਉਰ ਦੁਨੀ ਸਭ ਭਰਮਿ ਭੁਲਾਨੀ ਮਨੁ ਰਾਮ ਰਸਾਇਨ ਮਾਤਾ ॥੪॥੩॥

All the rest of the world is deluded by doubt, while my mind is intoxicated with the Sublime Essence of the Lord. ||4||3||

## ੯੩ / 93

ਸ੍ਰੀਰਾਗ ਬਾਣੀ ਭਗਤ ਬੇਣੀ ਜੀਉ ਕੀ ॥

Sree Raag, The Word Of Devotee Baynee Jee:

ਪਹਰਿਆ ਕੈ ਘਰਿ ਗਾਵਣਾ ॥

To Be Sung To The Tune Of "Pehray":

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ ॥

O man, when you were coiled in the cradle of the womb, upside-down, you were absorbed in meditation.

ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ ॥

You took no pride in your perishable body; night and day were all the same to you-you lived unknowing, in the silence of the void.

ਤੇ ਦਿਨ ਸੰਮਲੁ ਕਸਟ ਮਹਾ ਦੁਖ ਅਬ ਚਿਤੁ ਅਧਿਕ ਪਸਾਰਿਆ ॥

Remember the terrible pain and suffering of those days, now that you have spread out the net of your consciousness far and wide.

ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰਹਰਿ ਮਨਹੁ ਬਿਸਾਰਿਆ ॥੧॥

Leaving the womb, you entered this mortal world; you have forgotten the Lord from your mind. ||1||

ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ ॥

Later, you will regret and repent-you fool! Why are you engrossed in evil-mindedness and skepticism?

ਚੇਤਿ ਰਾਮੁ ਨਾਹੀ ਜਮ ਪੁਰਿ ਜਾਹਿਗਾ ਜਨੁ ਬਿਚਰੈ ਅਨਰਾਧਾ ॥੧॥ ਰਹਾਉ ॥

Think of the Lord, or else you shall be led to the City of Death. Why are you wandering around, out of control? ||1||Pause||

ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ ॥

You play like a child, craving sweets; moment by moment, you become more entangled in emotional attachment.

ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ ॥

Tasting good and bad, you eat nectar and then poison, and then the five passions appear and torture you.

ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ ॥

Abandoning meditation, penance and self-restraint, and the wisdom of good actions, you do not worship and adore the Lord's Name.

ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ ॥੨॥

You are overflowing with sexual desire, and your intellect is stained with darkness; you are held in the grip of Shakti's power. ||2||

ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ ॥

In the heat of youthful passion, you look with desire upon the faces of other men's wives; you do not distinguish between good and evil.

ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ ॥

Drunk with sexual desire and other great sins, you go astray, and do not distinguish between vice and virtue.

ਸੁਤ ਸੰਪਤਿ ਦੇਖਿ ਇਹੁ ਮਨੁ ਗਰਬਿਆ ਰਾਮੁ ਰਿਦੈ ਤੇ ਖੋਇਆ ॥

Gazing upon your children and your property, your mind is proud and arrogant; you cast out the Lord from your heart.

ਅਵਰ ਮਰਤ ਮਾਇਆ ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ ॥੩॥

When others die, you measure your own wealth in your mind; you waste your life in the pleasures of the mouth and sexual organs. ||3||

ਪੁੰਡਰ ਕੇਸ ਕੁਸਮ ਤੇ ਧਉਲੇ ਸਪਤ ਪਾਤਾਲ ਕੀ ਬਾਣੀ ॥

Your hair is whiter than the jasmine flower, and your voice has grown feeble, as if it comes from the seventh underworld.

ਲੋਚਨ ਸ੍ਰਮਹਿ ਬੁਧਿ ਬਲ ਨਾਠੀ ਤਾ ਕਾਮੁ ਪਵਸਿ ਮਾਧਾਣੀ ॥

Your eyes water, and your intellect and strength have left you; but still, your sexual desire churns and drives you on.

ਤਾ ਤੇ ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ ॥

And so, your intellect has dried up through corruption, and the lotus flower of your body has wilted and withered.

ਅਵਗਤਿ ਬਾਣਿ ਛੋਡਿ ਮ੍ਰਿਤ ਮੰਡਲਿ ਤਉ ਪਾਛੈ ਪਛੁਤਾਣਾ ॥੪॥

You have forsaken the Bani, the Word of the Immortal Lord, in this mortal world; in the end, you shall regret and repent. ||4||

ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ ॥

Gazing upon the tiny bodies of your children, love has welled up within your heart; you are proud of them, but you do not understand.

ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥

You long for the dignity of a long life, but your eyes can no longer see anything.

ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ ॥

Your light has gone out, and the bird of your mind has flown away; you are no longer welcome in your own home and courtyard.

ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥੫॥

Says Baynee, listen, O devotee: who has ever attained liberation after such a death? ||5||

ਸਿਰੀਰਾਗੁ ॥

Sree Raag:

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥

You are me, and I am You-what is the difference between us?

ਕਨਕ ਕਟਿਕ ਜਲ ਤਰੰਗ ਜੈਸਾ ॥੧॥

We are like gold and the bracelet, or water and the waves. ||1||

ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥

If I did not commit any sins, O Infinite Lord,

ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥੧॥ ਰਹਾਉ ॥

how would You have acquired the name, 'Redeemer of sinners'? ||1||Pause||

ਤੁਮ੍ਹ ਜੁ ਨਾਇਕ ਆਛਹੁ ਅੰਤਰਜਾਮੀ ॥

You are my Master, the Inner-knower, Searcher of hearts.

ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥੨॥

The servant is known by his God, and the Lord and Master is known by His servant. ||2||

| | |
|---|---|
| ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ ॥ | Grant me the wisdom to worship and adore You with my body. |
| ਰਵਿਦਾਸ ਸਮ ਦਲ ਸਮਝਾਵੈ ਕੋਊ ॥੩॥ | O Ravi Daas, one who understands that the Lord is equally in all, is very rare. ‖3‖ |

## ੯੪ / 94

ਰਾਗੁ ਮਾਝ ਚਉਪਦੇ
ਘਰੁ ੧ ਮਹਲਾ ੪

Raag Maajh, Chau-Padas,
First House, Fourth Mehl:

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

One Universal Creator God. The Name Is Truth. Creative Being Personified. No Fear. No Hatred. Image Of The Undying, Beyond Birth, Self-Existent. By Guru's Grace:

| | |
|---|---|
| ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ ॥ | The Name of the Lord, Har, Har, is pleasing to my mind. |
| ਵਡਭਾਗੀ ਹਰਿ ਨਾਮੁ ਧਿਆਇਆ ॥ | By great good fortune, I meditate on the Lord's Name. |
| ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ ॥੧॥ | The Perfect Guru has attained spiritual perfection in the Name of the Lord. How rare are those who follow the Guru's Teachings. ‖1‖ |
| ਮੈ ਹਰਿ ਹਰਿ ਖਰਚੁ ਲਇਆ ਬੰਨਿ ਪਲੈ ॥ | I have loaded my pack with the provisions of the Name of the Lord, Har, Har. |
| ਮੇਰਾ ਪ੍ਰਾਣ ਸਖਾਈ ਸਦਾ ਨਾਲਿ ਚਲੈ ॥ | The Companion of my breath of life shall always be with me. |
| ਗੁਰਿ ਪੂਰੈ ਹਰਿ ਨਾਮੁ ਦਿੜਾਇਆ ਹਰਿ ਨਿਹਚਲੁ ਹਰਿ ਧਨੁ ਪਲੈ ਜੀਉ ॥੨॥ | The Perfect Guru has implanted the Lord's Name within me. I have the Imperishable Treasure of the Lord in my lap. ‖2‖ |
| ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ ॥ | The Lord, Har, Har, is my Best Friend; He is my Beloved Lord King. |
| ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ ॥ | If only someone would come and introduce me to Him, the Rejuvenator of my breath of life. |
| ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ ॥੩॥ | I cannot survive without seeing my Beloved. My eyes are welling up with tears. ‖3‖ |
| ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ ॥ | My Friend, the True Guru, has been my Best Friend since I was very young. |
| ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ ॥ | I cannot survive without seeing Him, O my mother! |

| | |
|---|---|
| ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਜਨ ਨਾਨਕ ਹਰਿ ਧਨੁ ਪਲੈ ਜੀਉ ॥੪॥੧॥ | O Dear Lord, please show Mercy to me, that I may meet the Guru. Servant Nanak gathers the Wealth of the Lord's Name in his lap. \|\|4\|\|1\|\| |
| ਮਾਝ ਮਹਲਾ ੪ ॥ | Maajh, Fourth Mehl: |
| ਮਧੁਸੂਦਨ ਮੇਰੇ ਮਨ ਤਨ ਪ੍ਰਾਨਾ ॥ | The Lord is my mind, body and breath of life. |
| ਹਉ ਹਰਿ ਬਿਨੁ ਦੂਜਾ ਅਵਰੁ ਨ ਜਾਨਾ ॥ | I do not know any other than the Lord. |
| ਕੋਈ ਸਜਣੁ ਸੰਤੁ ਮਿਲੈ ਵਡਭਾਗੀ ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ ॥੧॥ | If only I could have the good fortune to meet some friendly Saint; he might show me the Way to my Beloved Lord God. \|\|1\|\| |
| ਹਉ ਮਨੁ ਤਨੁ ਖੋਜੀ ਭਾਲਿ ਭਾਲਾਈ ॥ | I have searched my mind and body, through and through. |
| ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ ॥ | How can I meet my Darling Beloved, O my mother? |
| ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥੨॥ | Joining the Sat Sangat, the True Congregation, I ask about the Path to God. In that Congregation, the Lord God abides. \|\|2\|\| |
| ਮੇਰਾ ਪਿਆਰਾ ਪ੍ਰੀਤਮੁ ਸਤਿਗੁਰੁ ਰਖਵਾਲਾ ॥ | My Darling Beloved True Guru is my Protector. |
| ਹਮ ਬਾਰਿਕ ਦੀਨ ਕਰਹੁ ਪ੍ਰਤਿਪਾਲਾ ॥ | I am a helpless child-please cherish me. |
| ਮੇਰਾ ਮਾਤ ਪਿਤਾ ਗੁਰੁ ਸਤਿਗੁਰੁ ਪੂਰਾ ਗੁਰ ਜਲ ਮਿਲਿ ਕਮਲੁ ਵਿਗਸੈ ਜੀਉ ॥੩॥ | The Guru, the Perfect True Guru, is my Mother and Father. Obtaining the Water of the Guru, the lotus of my heart blossoms forth. \|\|3\|\| |
| ਮੈ ਬਿਨੁ ਗੁਰ ਦੇਖੇ ਨੀਦ ਨ ਆਵੈ ॥ | Without seeing my Guru, sleep does not come. |
| ਮੇਰੇ ਮਨ ਤਨਿ ਵੇਦਨ ਗੁਰ ਬਿਰਹੁ ਲਗਾਵੈ ॥ | My mind and body are afflicted with the pain of separation from the Guru. |
| ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ ਜਨ ਨਾਨਕ ਗੁਰ ਮਿਲਿ ਰਹਸੈ ਜੀਉ ॥੪॥੨॥ | O Lord, Har, Har, show mercy to me, that I may meet my Guru. Meeting the Guru, servant Nanak blossoms forth. \|\|4\|\|2\|\| |

| ੯੫ | 95 |
|---|---|
| ਮਾਝ ਮਹਲਾ ੪ ॥ | Maajh, Fourth Mehl: |
| ਹਰਿ ਗੁਣ ਪੜੀਐ ਹਰਿ ਗੁਣ ਗੁਣੀਐ ॥ | Read of the Lord's Glories and reflect upon the Lord's Glories. |
| ਹਰਿ ਹਰਿ ਨਾਮ ਕਥਾ ਨਿਤ ਸੁਣੀਐ ॥ | Listen continually to the Sermon of the Naam, the Name of the Lord, Har, Har. |
| ਮਿਲਿ ਸਤਸੰਗਤਿ ਹਰਿ ਗੁਣ ਗਾਏ ਜਗੁ ਭਉਜਲੁ ਦੁਤਰੁ ਤਰੀਐ ਜੀਉ ॥੧॥ | Joining the Sat Sangat, the True Congregation, and singing the Glorious Praises of the Lord, you shall cross over the treacherous and terrifying world-ocean. \|\|1\|\| |
| ਆਉ ਸਖੀ ਹਰਿ ਮੇਲੁ ਕਰੇਹਾ ॥ | Come, friends, let us meet our Lord. |
| ਮੇਰੇ ਪ੍ਰੀਤਮ ਕਾ ਮੈ ਦੇਇ ਸਨੇਹਾ ॥ | Bring me a message from my Beloved. |
| ਮੇਰਾ ਮਿਤ੍ਰੁ ਸਖਾ ਸੋ ਪ੍ਰੀਤਮੁ ਭਾਈ ਮੈ ਦਸੇ ਹਰਿ ਨਰਹਰੀਐ ਜੀਉ ॥੨॥ | He alone is a friend, companion, beloved and brother of mine, who shows me the way to the Lord, the Lord of all. \|\|2\|\| |
| ਮੇਰੀ ਬੇਦਨ ਹਰਿ ਗੁਰੁ ਪੂਰਾ ਜਾਣੈ ॥ | My illness is known only to the Lord and the Perfect Guru. |
| ਹਉ ਰਹਿ ਨ ਸਕਾ ਬਿਨੁ ਨਾਮ ਵਖਾਣੇ ॥ | I cannot continue living without chanting the Naam. |
| ਮੈ ਅਉਖਧੁ ਮੰਤ੍ਰੁ ਦੀਜੈ ਗੁਰ ਪੂਰੇ ਮੈ ਹਰਿ ਹਰਿ ਨਾਮਿ ਉਧਰੀਐ ਜੀਉ ॥੩॥ | So give me the medicine, the Mantra of the Perfect Guru. Through the Name of the Lord, Har, Har, I am saved. \|\|3\|\| |
| ਹਮ ਚਾਤ੍ਰਿਕ ਦੀਨ ਸਤਿਗੁਰ ਸਰਣਾਈ ॥ | I am just a poor song-bird, in the Sanctuary of the True Guru, |
| ਹਰਿ ਹਰਿ ਨਾਮੁ ਬੂੰਦ ਮੁਖਿ ਪਾਈ ॥ | who has placed the Drop of Water, the Lord's Name, Har, Har, in my mouth. |
| ਹਰਿ ਜਲਨਿਧਿ ਹਮ ਜਲ ਕੇ ਮੀਨੇ ਜਨ ਨਾਨਕ ਜਲ ਬਿਨੁ ਮਰੀਐ ਜੀਉ ॥੪॥੩॥ | The Lord is the Treasure of Water; I am just a fish in that water. Without this Water, servant Nanak would die. \|\|4\|\|3\|\| |
| ਮਾਝ ਮਹਲਾ ੪ ॥ | Maajh, Fourth Mehl: |
| ਹਰਿ ਜਨ ਸੰਤ ਮਿਲਹੁ ਮੇਰੇ ਭਾਈ ॥ | O servants of the Lord, O Saints, O my Siblings of Destiny, let us join together! |
| ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ ॥ | Show me the way to my Lord God-I am so hungry for Him! |

| | |
|---|---|
| ਮੇਰੀ ਸਰਧਾ ਪੂਰਿ ਜਗਜੀਵਨ ਦਾਤੇ ਮਿਲਿ ਹਰਿ ਦਰਸਨਿ ਮਨੁ ਭੀਜੈ ਜੀਉ ॥੧॥ | Please reward my faith, O Life of the World, O Great Giver. Obtaining the Blessed Vision of the Lord's Darshan, my mind is fulfilled. ‖1‖ |
| ਮਿਲਿ ਸਤਸੰਗਿ ਬੋਲੀ ਹਰਿ ਬਾਣੀ ॥ | Joining the Sat Sangat, the True Congregation, I chant the Bani of the Lord's Word. |
| ਹਰਿ ਹਰਿ ਕਥਾ ਮੇਰੈ ਮਨਿ ਭਾਣੀ ॥ | The Sermon of the Lord, Har, Har, is pleasing to my mind. |
| ਹਰਿ ਹਰਿ ਅੰਮ੍ਰਿਤੁ ਹਰਿ ਮਨਿ ਭਾਵੈ ਮਿਲਿ ਸਤਿਗੁਰ ਅੰਮ੍ਰਿਤੁ ਪੀਜੈ ਜੀਉ ॥੨॥ | The Ambrosial Nectar of the Lord's Name, Har, Har, is so sweet to my mind. Meeting the True Guru, I drink in this Ambrosial Nectar. ‖2‖ |
| ਵਡਭਾਗੀ ਹਰਿ ਸੰਗਤਿ ਪਾਵਹਿ ॥ | By great good fortune, the Lord's Congregation is found, |
| ਭਾਗਹੀਨ ਭ੍ਰਮਿ ਚੋਟਾ ਖਾਵਹਿ ॥ | while the unfortunate ones wander around in doubt, enduring painful beatings. |
| ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥੩॥ | Without good fortune, the Sat Sangat is not found; without this Sangat, people are stained with filth and pollution. ‖3‖ |
| ਮੈ ਆਇ ਮਿਲਹੁ ਜਗਜੀਵਨ ਪਿਆਰੇ ॥ | Come and meet me, O Life of the World, my Beloved. |
| ਹਰਿ ਹਰਿ ਨਾਮੁ ਦਇਆ ਮਨਿ ਧਾਰੇ ॥ | Please bless me with Your Mercy, and enshrine Your Name, Har, Har, within my mind. |
| ਗੁਰਮਤਿ ਨਾਮੁ ਮੀਠਾ ਮਨਿ ਭਾਇਆ ਜਨ ਨਾਨਕ ਨਾਮਿ ਮਨੁ ਭੀਜੈ ਜੀਉ ॥੪॥੪॥ | Through the Guru's Teachings, the Sweet Name has become pleasing to my mind. Servant Nanak's mind is drenched and delighted with the Naam. ‖4‖4‖ |
| ਮਾਝ ਮਹਲਾ ੪ ॥ | Maajh, Fourth Mehl: |
| ਹਰਿ ਗੁਰ ਗਿਆਨੁ ਹਰਿ ਰਸੁ ਹਰਿ ਪਾਇਆ ॥ | Through the Guru, I have obtained the Lord's spiritual wisdom. I have obtained the Sublime Essence of the Lord. |
| ਮਨੁ ਹਰਿ ਰੰਗਿ ਰਾਤਾ ਹਰਿ ਰਸੁ ਪੀਆਇਆ ॥ | My mind is imbued with the Love of the Lord; I drink in the Sublime Essence of the Lord. |
| ਹਰਿ ਹਰਿ ਨਾਮੁ ਮੁਖਿ ਹਰਿ ਹਰਿ ਬੋਲੀ ਮਨੁ ਹਰਿ ਰਸਿ ਟੁਲਿ ਟੁਲਿ ਪਉਦਾ ਜੀਉ ॥੧॥ | With my mouth, I chant the Name of the Lord, Har, Har; my mind is filled to overflowing with the Sublime Essence of the Lord. ‖1‖ |
| ਆਵਹੁ ਸੰਤ ਮੈ ਗਲਿ ਮੇਲਾਈਐ ॥ | Come, O Saints, and lead me to my Lord's Embrace. |

| | |
|---|---|
| ਮੇਰੇ ਪ੍ਰੀਤਮ ਕੀ ਮੈ ਕਥਾ ਸੁਣਾਈਐ ॥ | Recite to me the Sermon of my Beloved. |
| ਹਰਿ ਕੇ ਸੰਤ ਮਿਲਹੁ ਮਨੁ ਦੇਵਾ ਜੋ ਗੁਰਬਾਣੀ ਮੁਖਿ ਚਉਦਾ ਜੀਉ ॥੨॥ | I dedicate my mind to those Saints of the Lord, who chant the Word of the Guru's Bani with their mouths. \|\|2\|\| |
| ਵਡਭਾਗੀ ਹਰਿ ਸੰਤੁ ਮਿਲਾਇਆ ॥ | By great good fortune, the Lord has led me to meet His Saint. |
| ਗੁਰਿ ਪੂਰੈ ਹਰਿ ਰਸੁ ਮੁਖਿ ਪਾਇਆ ॥ | The Perfect Guru has placed the Sublime Essence of the Lord into my mouth. |
| ਭਾਗਹੀਨ ਸਤਿਗੁਰੁ ਨਹੀ ਪਾਇਆ ਮਨਮੁਖੁ ਗਰਭ ਜੂਨੀ ਨਿਤਿ ਪਉਦਾ ਜੀਉ ॥੩॥ | The unfortunate ones do not find the True Guru; the self-willed manmukhs continually endure reincarnation through the womb. \|\|3\|\| |
| ਆਪਿ ਦਇਆਲਿ ਦਇਆ ਪ੍ਰਭਿ ਧਾਰੀ ॥ | God, the Merciful, has Himself bestowed His Mercy. |
| ਮਲੁ ਹਉਮੈ ਬਿਖਿਆ ਸਭ ਨਿਵਾਰੀ ॥ | He has totally removed the poisonous pollution of egotism. |
| ਨਾਨਕ ਹਟ ਪਟਣ ਵਿਚਿ ਕਾਂਇਆ ਹਰਿ ਲੈਂਦੇ ਗੁਰਮੁਖਿ ਸਉਦਾ ਜੀਉ ॥੪॥੫॥ | O Nanak, in the shops of the city of the human body, the Gurmukhs buy the merchandise of the Lord's Name. \|\|4\|\|5\|\| |
| ਮਾਝ ਮਹਲਾ ੪ ॥ | Maajh, Fourth Mehl: |
| ਹਉ ਗੁਣ ਗੋਵਿੰਦ ਹਰਿ ਨਾਮੁ ਧਿਆਈ ॥ | I meditate on the Glorious Praises of the Lord of the Universe, and the Name of the Lord. |
| ਮਿਲਿ ਸੰਗਤਿ ਮਨਿ ਨਾਮੁ ਵਸਾਈ ॥ | Joining the Sangat, the Holy Congregation, the Name comes to dwell in the mind. |
| ਹਰਿ ਪ੍ਰਭ ਅਗਮ ਅਗੋਚਰ ਸੁਆਮੀ ਮਿਲਿ ਸਤਿਗੁਰ ਹਰਿ ਰਸੁ ਕੀਚੈ ਜੀਉ ॥੧॥ | The Lord God is our Lord and Master, Inaccessible and Unfathomable. Meeting the True Guru, I enjoy the Sublime Essence of the Lord. \|\|1\|\| |
| **੯੬** | **96** |
| ਧਨੁ ਧਨੁ ਹਰਿ ਜਨ ਜਿਨਿ ਹਰਿ ਪ੍ਰਭੁ ਜਾਤਾ ॥ | Blessed, blessed are the humble servants of the Lord, who know the Lord God. |
| ਜਾਇ ਪੁਛਾ ਜਨ ਹਰਿ ਕੀ ਬਾਤਾ ॥ | I go and ask those humble servants about the Mysteries of the Lord. |
| ਪਾਵ ਮਲੋਵਾ ਮਲਿ ਮਲਿ ਧੋਵਾ ਮਿਲਿ ਹਰਿ ਜਨ ਹਰਿ ਰਸੁ ਪੀਚੈ ਜੀਉ ॥੨॥ | I wash and massage their feet; joining with the humble servants of the Lord, I drink in the Sublime Essence of the Lord. \|\|2\|\| |

| | |
|---|---|
| ਸਤਿਗੁਰ ਦਾਤੈ ਨਾਮੁ ਦਿੜਾਇਆ ॥ | The True Guru, the Giver, has implanted the Naam, the Name of the Lord, within me. |
| ਵਡਭਾਗੀ ਗੁਰ ਦਰਸਨੁ ਪਾਇਆ ॥ | By great good fortune, I have obtained the Blessed Vision of the Guru's Darshan. |
| ਅੰਮ੍ਰਿਤ ਰਸੁ ਸਚੁ ਅੰਮ੍ਰਿਤੁ ਬੋਲੀ ਗੁਰਿ ਪੂਰੈ ਅੰਮ੍ਰਿਤੁ ਲੀਚੈ ਜੀਉ ॥੩॥ | The True Essence is Ambrosial Nectar; through the Ambrosial Words of the Perfect Guru, this Amrit is obtained. \|\|3\|\| |
| ਹਰਿ ਸਤਸੰਗਤਿ ਸਤ ਪੁਰਖੁ ਮਿਲਾਈਐ ॥ | O Lord, lead me to the Sat Sangat, the True Congregation, and the true beings. |
| ਮਿਲਿ ਸਤਸੰਗਤਿ ਹਰਿ ਨਾਮੁ ਧਿਆਈਐ ॥ | Joining the Sat Sangat, I meditate on the Lord's Name. |
| ਨਾਨਕ ਹਰਿ ਕਥਾ ਸੁਣੀ ਮੁਖਿ ਬੋਲੀ ਗੁਰਮਤਿ ਹਰਿ ਨਾਮਿ ਪਰੀਚੈ ਜੀਉ ॥੪॥੬॥ | O Nanak, I listen and chant the Lord's Sermon; through the Guru's Teachings, I am fulfilled by the Name of the Lord. \|\|4\|\|6\|\| |
| ਮਾਝ ਮਹਲਾ ੪ ॥ | Maajh, Fourth Mehl: |
| ਆਵਹੁ ਭੈਣੇ ਤੁਸੀ ਮਿਲਹੁ ਪਿਆਰੀਆ ॥ | Come, dear sisters-let us join together. |
| ਜੋ ਮੇਰਾ ਪ੍ਰੀਤਮੁ ਦਸੇ ਤਿਸ ਕੈ ਹਉ ਵਾਰੀਆ ॥ | I am a sacrifice to the one who tells me of my Beloved. |
| ਮਿਲਿ ਸਤਸੰਗਤਿ ਲਧਾ ਹਰਿ ਸਜਣੁ ਹਉ ਸਤਿਗੁਰ ਵਿਟਹੁ ਘੁਮਾਈਆ ਜੀਉ ॥੧॥ | Joining the Sat Sangat, the True Congregation, I have found the Lord, my Best Friend. I am a sacrifice to the True Guru. \|\|1\|\| |
| ਜਹ ਜਹ ਦੇਖਾ ਤਹ ਤਹ ਸੁਆਮੀ ॥ | Wherever I look, there I see my Lord and Master. |
| ਤੂ ਘਟਿ ਘਟਿ ਰਵਿਆ ਅੰਤਰਜਾਮੀ ॥ | You are permeating each and every heart, O Lord, Inner-knower, Searcher of Hearts. |
| ਗੁਰਿ ਪੂਰੈ ਹਰਿ ਨਾਲਿ ਦਿਖਾਲਿਆ ਹਉ ਸਤਿਗੁਰ ਵਿਟਹੁ ਸਦ ਵਾਰਿਆ ਜੀਉ ॥੨॥ | The Perfect Guru has shown me that the Lord is always with me. I am forever a sacrifice to the True Guru. \|\|2\|\| |
| ਏਕੋ ਪਵਣੁ ਮਾਟੀ ਸਭ ਏਕਾ ਸਭ ਏਕਾ ਜੋਤਿ ਸਬਾਈਆ ॥ | There is only one breath; all are made of the same clay; the light within all is the same. |
| ਸਭ ਇਕਾ ਜੋਤਿ ਵਰਤੈ ਭਿਨਿ ਭਿਨਿ ਨ ਰਲਈ ਕਿਸੈ ਦੀ ਰਲਾਈਆ ॥ | The One Light pervades all the many and various beings. This Light intermingles with them, but it is not diluted or obscured. |

ਗੁਰ ਪਰਸਾਦੀ ਇਕੁ ਨਦਰੀ ਆਇਆ ਹਉ ਸਤਿਗੁਰ ਵਿਟਹੁ ਵਤਾਇਆ ਜੀਉ ॥੩॥

By Guru's Grace, I have come to see the One. I am a sacrifice to the True Guru. ||3||

ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ ॥

Servant Nanak speaks the Ambrosial Bani of the Word.

ਗੁਰਸਿਖਾਂ ਕੈ ਮਨਿ ਪਿਆਰੀ ਭਾਣੀ ॥

It is dear and pleasing to the minds of the GurSikhs.

ਉਪਦੇਸੁ ਕਰੇ ਗੁਰੁ ਸਤਿਗੁਰੁ ਪੂਰਾ ਗੁਰੁ ਸਤਿਗੁਰੁ ਪਰਉਪਕਾਰੀਆ ਜੀਉ ॥੪॥੭॥

The Guru, the Perfect True Guru, shares the Teachings. The Guru, the True Guru, is Generous to all. ||4||7||

ਸਤ ਚਉਪਦੇ ਮਹਲੇ ਚਉਥੇ ਕੇ ॥

Seven Chau-Padas Of The Fourth Mehl. ||

ਮਾਝ ਮਹਲਾ ੫ ਚਉਪਦੇ ਘਰੁ ੧ ॥

Maajh, Fifth Mehl, Chau-Padas, First House:

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥

My mind longs for the Blessed Vision of the Guru's Darshan.

ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥

It cries out like the thirsty song-bird.

ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥

My thirst is not quenched, and I can find no peace, without the Blessed Vision of the Beloved Saint. ||1||

ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ ॥

I am a sacrifice, my soul is a sacrifice, to the Blessed Vision of the Beloved Saint Guru. ||1||Pause||

ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥

Your Face is so Beautiful, and the Sound of Your Words imparts intuitive wisdom.

ਚਿਰੁ ਹੋਆ ਦੇਖੇ ਸਾਰਿੰਗਪਾਣੀ ॥

It is so long since this rainbird has had even a glimpse of water.

ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥

Blessed is that land where You dwell, O my Friend and Intimate Divine Guru. ||2||

ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥੧॥ ਰਹਾਉ ॥

I am a sacrifice, I am forever a sacrifice, to my Friend and Intimate Divine Guru. ||1||Pause||

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥

When I could not be with You for just one moment, the Dark Age of Kali Yuga dawned for me.

| | |
|---|---|
| ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥ | When will I meet You, O my Beloved Lord? |
| ੯੭ | 97 |
| ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥ | I cannot endure the night, and sleep does not come, without the Sight of the Beloved Guru's Court. ‖3‖ |
| ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ ਰਹਾਉ ॥ | I am a sacrifice, my soul is a sacrifice, to that True Court of the Beloved Guru. ‖1‖Pause‖ |
| ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥ | By good fortune, I have met the Saint Guru. |
| ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥ | I have found the Immortal Lord within the home of my own self. |
| ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥੪॥ | I will now serve You forever, and I shall never be separated from You, even for an instant. Servant Nanak is Your slave, O Beloved Master. ‖4‖ |
| ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥੧॥੮॥ | I am a sacrifice, my soul is a sacrifice; servant Nanak is Your slave, Lord. ‖Pause‖1‖8‖ |
| ਰਾਗੁ ਮਾਝ ਮਹਲਾ ੫ ॥ | Raag Maajh, Fifth Mehl: |
| ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ ॥ | Sweet is that season when I remember You. |
| ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ ॥ | Sublime is that work which is done for You. |
| ਸੋ ਰਿਦਾ ਸੁਹੇਲਾ ਜਿਤੁ ਰਿਦੈ ਤੂੰ ਵੁਠਾ ਸਭਨਾ ਕੇ ਦਾਤਾਰਾ ਜੀਉ ॥੧॥ | Blessed is that heart in which You dwell, O Giver of all. ‖1‖ |
| ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥ | You are the Universal Father of all, O my Lord and Master. |
| ਨਉ ਨਿਧਿ ਤੇਰੈ ਅਖੁਟ ਭੰਡਾਰਾ ॥ | Your nine treasures are an inexhaustible storehouse. |
| ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ ॥੨॥ | Those unto whom You give are satisfied and fulfilled; they become Your devotees, Lord. ‖2‖ |
| ਸਭੁ ਕੋ ਆਸੈ ਤੇਰੀ ਬੈਠਾ ॥ | All place their hopes in You. |

| | |
|---|---|
| ਘਟ ਘਟ ਅੰਤਰਿ ਤੂੰਹੈ ਵੁਠਾ ॥ | You dwell deep within each and every heart. |
| ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥ | All share in Your Grace; none are beyond You. \|\|3\|\| |
| ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ ॥ | You Yourself liberate the Gurmukhs; |
| ਤੂੰ ਆਪੇ ਮਨਮੁਖਿ ਜਨਮਿ ਭਵਾਇਹਿ ॥ | You Yourself consign the self-willed manmukhs to wander in reincarnation. |
| ਨਾਨਕ ਦਾਸ ਤੇਰੈ ਬਲਿਹਾਰੈ ਸਭੁ ਤੇਰਾ ਖੇਲੁ ਦਸਾਹਰਾ ਜੀਉ ॥੪॥੨॥੯॥ | Slave Nanak is a sacrifice to You; Your Entire Play is self-evident, Lord. \|\|4\|\|2\|\|9\|\| |
| ਮਾਝ ਮਹਲਾ ੫ ॥ | Maajh, Fifth Mehl: |
| ਅਨਹਦੁ ਵਾਜੈ ਸਹਜਿ ਸੁਹੇਲਾ ॥ | The Unstruck Melody resounds and resonates in peaceful ease. |
| ਸਬਦਿ ਅਨੰਦ ਕਰੇ ਸਦ ਕੇਲਾ ॥ | I rejoice in the eternal bliss of the Word of the Shabad. |
| ਸਹਜ ਗੁਫਾ ਮਹਿ ਤਾੜੀ ਲਾਈ ਆਸਣੁ ਊਚ ਸਵਾਰਿਆ ਜੀਉ ॥੧॥ | In the cave of intuitive wisdom I sit, absorbed in the silent trance of the Primal Void. I have obtained my seat in the heavens. \|\|1\|\| |
| ਫਿਰਿ ਘਿਰਿ ਅਪੁਨੇ ਗ੍ਰਿਹ ਮਹਿ ਆਇਆ ॥ | After wandering through many other homes and houses, I have returned to my own home, |
| ਜੋ ਲੋੜੀਦਾ ਸੋਈ ਪਾਇਆ ॥ | and I have found what I was longing for. |
| ਤ੍ਰਿਪਤਿ ਅਘਾਇ ਰਹਿਆ ਹੈ ਸੰਤਹੁ ਗੁਰਿ ਅਨਭਉ ਪੁਰਖੁ ਦਿਖਾਰਿਆ ਜੀਉ ॥੨॥ | I am satisfied and fulfilled; O Saints, the Guru has shown me the Fearless Lord God. \|\|2\|\| |
| ਆਪੇ ਰਾਜਨੁ ਆਪੇ ਲੋਗਾ ॥ | He Himself is the King, and He Himself is the people. |
| ਆਪਿ ਨਿਰਬਾਣੀ ਆਪੇ ਭੋਗਾ ॥ | He Himself is in Nirvaanaa, and He Himself indulges in pleasures. |
| ਆਪੇ ਤਖਤਿ ਬਹੈ ਸਚੁ ਨਿਆਈ ਸਭ ਚੂਕੀ ਕੂਕ ਪੁਕਾਰਿਆ ਜੀਉ ॥੩॥ | He Himself sits on the throne of true justice, answering the cries and prayers of all. \|\|3\|\| |
| ਜੇਹਾ ਡਿਠਾ ਮੈ ਤੇਹੋ ਕਹਿਆ ॥ | As I have seen Him, so have I described Him. |
| ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ ॥ | This Sublime Essence comes only to one who knows the Mystery of the Lord. |

ਜੋਤੀ ਜੋਤਿ ਮਿਲੀ ਸੁਖੁ ਪਾਇਆ
ਜਨ ਨਾਨਕ ਇਕੁ ਪਸਾਰਿਆ ਜੀਉ
॥੪॥੩॥੧੦॥

His light merges into the Light, and he finds peace.
O servant Nanak, this is all the Extension of the One.
||4||3||10||

ਮਾਝ ਮਹਲਾ ੫ ॥

Maajh, Fifth Mehl:

ਜਿਤੁ ਘਰਿ ਪਿਰਿ ਸੋਹਾਗੁ ਬਣਾਇਆ ॥

That house, in which the soul-bride has married her Husband Lord

ਤਿਤੁ ਘਰਿ ਸਖੀਏ ਮੰਗਲੁ ਗਾਇਆ ॥

in that house, O my companions, sing the songs of rejoicing.

ਅਨਦ ਬਿਨੋਦ ਤਿਤੈ ਘਰਿ ਸੋਹਹਿ ਜੋ ਧਨ ਕੰਤਿ ਸਿਗਾਰੀ ਜੀਉ ॥੧॥

Joy and celebrations decorate that house, in which the Husband Lord has adorned His soul-bride. ||1||

ਸਾ ਗੁਣਵੰਤੀ ਸਾ ਵਡਭਾਗਣਿ ॥

She is virtuous, and she is very fortunate;

ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥

she is blessed with sons and tender-hearted. The happy soul-bride is loved by her Husband.

ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ ॥੨॥

She is beautiful, wise, and clever. That soul-bride is the beloved of her Husband Lord. ||2||

ਅਚਾਰਵੰਤਿ ਸਾਈ ਪਰਧਾਨੇ ॥

She is well-mannered, noble and distinguished.

ਸਭ ਸਿੰਗਾਰ ਬਣੇ ਤਿਸੁ ਗਿਆਨੇ ॥

She is decorated and adorned with wisdom.

ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥੩॥

She is from a most respected family; she is the queen, adorned with the Love of her Husband Lord. ||3||

ਮਹਿਮਾ ਤਿਸ ਕੀ ਕਹਣੁ ਨ ਜਾਏ ॥

Her glory cannot be described;

ਜੋ ਪਿਰਿ ਮੇਲਿ ਲਈ ਅੰਗਿ ਲਾਏ ॥

she melts in the Embrace of her Husband Lord.

ੴ੮ 

98

ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ ਜਨ ਨਾਨਕ ਪ੍ਰੇਮ ਸਾਧਾਰੀ ਜੀਉ ॥੪॥੪॥੧੧॥

Her marriage is eternal; her Husband is Inaccessible and Incomprehensible. O Servant Nanak, His Love is her only Support. ||4||4||11||

ਮਾਝ ਮਹਲਾ ੫ ॥

Maajh, Fifth Mehl:

ਖੋਜਤ ਖੋਜਤ ਦਰਸਨ ਚਾਹੇ ॥

I have searched and searched, seeking the Blessed Vision of His Darshan.

| | |
|---|---|
| ਭਾਂਤਿ ਭਾਂਤਿ ਬਨ ਬਨ ਅਵਗਾਹੇ ॥ | I travelled through all sorts of woods and forests. |
| ਨਿਰਗੁਣੁ ਸਰਗੁਣੁ ਹਰਿ ਹਰਿ ਮੇਰਾ ਕੋਈ ਹੈ ਜੀਉ ਆਣਿ ਮਿਲਾਵੈ ਜੀਉ ॥੧॥ | My Lord, Har, Har, is both absolute and related, unmanifest and manifest; is there anyone who can come and unite me with Him? \|\|1\|\| |
| ਖਟੁ ਸਾਸਤ ਬਿਚਰਤ ਮੁਖਿ ਗਿਆਨਾ ॥ | People recite from memory the wisdom of the six schools of philosophy; |
| ਪੂਜਾ ਤਿਲਕੁ ਤੀਰਥ ਇਸਨਾਨਾ ॥ | they perform worship services, wear ceremonial religious marks on their foreheads, and take ritual cleansing baths at sacred shrines of pilgrimage. |
| ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ ॥੨॥ | They perform the inner cleansing practice with water and adopt the eighty-four Yogic postures; but still, they find no peace in any of these. \|\|2\|\| |
| ਅਨਿਕ ਬਰਖ ਕੀਏ ਜਪ ਤਾਪਾ ॥ | They chant and meditate, practicing austere self-discipline for years and years; |
| ਗਵਨੁ ਕੀਆ ਧਰਤੀ ਭਰਮਾਤਾ ॥ | they wander on journeys all over the earth; |
| ਇਕੁ ਖਿਨੁ ਹਿਰਦੈ ਸਾਂਤਿ ਨ ਆਵੈ ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ ॥੩॥ | and yet, their hearts are not at peace, even for an instant. The Yogi rises up and goes out, over and over again. \|\|3\|\| |
| ਕਰਿ ਕਿਰਪਾ ਮੋਹਿ ਸਾਧੁ ਮਿਲਾਇਆ ॥ | By His Mercy, I have met the Holy Saint. |
| ਮਨੁ ਤਨੁ ਸੀਤਲੁ ਧੀਰਜੁ ਪਾਇਆ ॥ | My mind and body have been cooled and soothed; I have been blessed with patience and composure. |
| ਪ੍ਰਭੁ ਅਬਿਨਾਸੀ ਬਸਿਆ ਘਟ ਭੀਤਰਿ ਹਰਿ ਮੰਗਲੁ ਨਾਨਕੁ ਗਾਵੈ ਜੀਉ ॥੪॥੫॥੧੨॥ | The Immortal Lord God has come to dwell within my heart. Nanak sings the songs of joy to the Lord. \|\|4\|\|5\|\|12\|\| |
| ਮਾਝ ਮਹਲਾ ੫ ॥ | Maajh, Fifth Mehl: |
| ਪਾਰਬ੍ਰਹਮ ਅਪਰੰਪਰ ਦੇਵਾ ॥ | The Supreme Lord God is Infinite and Divine; |
| ਅਗਮ ਅਗੋਚਰ ਅਲਖ ਅਭੇਵਾ ॥ | He is Inaccessible, Incomprehensible, Invisible and Inscrutable. |
| ਦੀਨ ਦਇਆਲ ਗੋਪਾਲ ਗੋਬਿੰਦਾ ਹਰਿ ਧਿਆਵਹੁ ਗੁਰਮੁਖਿ ਗਾਤੀ ਜੀਉ ॥੧॥ | Merciful to the meek, Sustainer of the World, Lord of the Universe-meditating on the Lord, the Gurmukhs find salvation. \|\|1\|\| |

| | |
|---|---|
| ਗੁਰਮੁਖਿ ਮਧੁਸੂਦਨੁ ਨਿਸਤਾਰੇ ॥ | The Gurmukhs are emancipated by the Lord. |
| ਗੁਰਮੁਖਿ ਸੰਗੀ ਕ੍ਰਿਸਨ ਮੁਰਾਰੇ ॥ | The Lord Krishna becomes the Gurmukh's Companion. |
| ਦਇਆਲ ਦਮੋਦਰੁ ਗੁਰਮੁਖਿ ਪਾਈਐ ਹੋਰਤੁ ਕਿਤੈ ਨ ਭਾਤੀ ਜੀਉ ॥੨॥ | The Gurmukh finds the Merciful Lord. He is not found any other way. \|\|2\|\| |
| ਨਿਰਹਾਰੀ ਕੇਸਵ ਨਿਰਵੈਰਾ ॥ | He does not need to eat; His Hair is Wondrous and Beautiful; He is free of hate. |
| ਕੋਟਿ ਜਨਾ ਜਾ ਕੇ ਪੂਜਹਿ ਪੈਰਾ ॥ | Millions of people worship His Feet. |
| ਗੁਰਮੁਖਿ ਹਿਰਦੈ ਜਾ ਕੈ ਹਰਿ ਹਰਿ ਸੋਈ ਭਗਤੁ ਇਕਾਤੀ ਜੀਉ ॥੩॥ | He alone is a devotee, who becomes Gurmukh, whose heart is filled with the Lord, Har, Har. \|\|3\|\| |
| ਅਮੋਘ ਦਰਸਨ ਬੇਅੰਤ ਅਪਾਰਾ ॥ | Forever fruitful is the Blessed Vision of His Darshan; He is Infinite and Incomparable. |
| ਵਡ ਸਮਰਥੁ ਸਦਾ ਦਾਤਾਰਾ ॥ | He is Awesome and All-powerful; He is forever the Great Giver. |
| ਗੁਰਮੁਖਿ ਨਾਮੁ ਜਪੀਐ ਤਿਤੁ ਤਰੀਐ ਗਤਿ ਨਾਨਕ ਵਿਰਲੀ ਜਾਤੀ ਜੀਉ ॥੪॥੬॥੧੩॥ | As Gurmukh, chant the Naam, the Name of the Lord, and you shall be carried across. O Nanak, rare are those who know this state! \|\|4\|\|6\|\|13\|\| |
| ਮਾਝ ਮਹਲਾ ੫ ॥ | Maajh, Fifth Mehl: |
| ਕਹਿਆ ਕਰਣਾ ਦਿਤਾ ਲੈਣਾ ॥ | As You command, I obey; as You give, I receive. |
| ਗਰੀਬਾ ਅਨਾਥਾ ਤੇਰਾ ਮਾਣਾ ॥ | You are the Pride of the meek and the poor. |
| ਸਭ ਕਿਛੁ ਤੂੰਹੈ ਤੂੰਹੈ ਮੇਰੇ ਪਿਆਰੇ ਤੇਰੀ ਕੁਦਰਤਿ ਕਉ ਬਲਿ ਜਾਈ ਜੀਉ ॥੧॥ | You are everything; You are my Beloved. I am a sacrifice to Your Creative Power. \|\|1\|\| |
| ਭਾਣੈ ਉਝੜ ਭਾਣੈ ਰਾਹਾ ॥ | By Your Will, we wander in the wilderness; by Your Will, we find the path. |
| ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ ॥ | By Your Will, we become Gurmukh and sing the Glorious Praises of the Lord. |
| ਭਾਣੈ ਭਰਮਿ ਭਵੈ ਬਹੁ ਜੂਨੀ ਸਭ ਕਿਛੁ ਤਿਸੈ ਰਜਾਈ ਜੀਉ ॥੨॥ | By Your Will, we wander in doubt through countless lifetimes. Everything happens by Your Will. \|\|2\|\| |
| ਨਾ ਕੋ ਮੂਰਖੁ ਨਾ ਕੋ ਸਿਆਣਾ ॥ | No one is foolish, and no one is clever. |
| ਵਰਤੈ ਸਭ ਕਿਛੁ ਤੇਰਾ ਭਾਣਾ ॥ | Your Will determines everything; |

| | |
|---|---|
| ਅਗਮ ਅਗੋਚਰ ਬੇਅੰਤ ਅਥਾਹਾ ਤੇਰੀ ਕੀਮਤਿ ਕਹਣੁ ਨ ਜਾਈ ਜੀਉ ॥੩॥ | You are Inaccessible, Incomprehensible, Infinite and Unfathomable. Your Value cannot be expressed. ‖3‖ |
| ਖਾਕੁ ਸੰਤਨ ਕੀ ਦੇਹੁ ਪਿਆਰੇ ॥ | Please bless me with the dust of the Saints, O my Beloved. |
| ਆਇ ਪਇਆ ਹਰਿ ਤੇਰੈ ਦੁਆਰੈ ॥ | I have come and fallen at Your Door, O Lord. |
| ਦਰਸਨੁ ਪੇਖਤ ਮਨੁ ਆਘਾਵੈ ਨਾਨਕ ਮਿਲਣੁ ਸੁਭਾਈ ਜੀਉ ॥੪॥੭॥੧੪॥ | Gazing upon the Blessed Vision of His Darshan, my mind is fulfilled. O Nanak, with natural ease, I merge into Him. ‖4‖7‖14‖ |
| ਮਾਝ ਮਹਲਾ ੫ ॥ | Maajh, Fifth Mehl: |
| ਦੁਖੁ ਤਦੇ ਜਾ ਵਿਸਰਿ ਜਾਵੈ ॥ | They forget the Lord, and they suffer in pain. |
| ਭੁਖ ਵਿਆਪੈ ਬਹੁ ਬਿਧਿ ਧਾਵੈ ॥ | Afflicted with hunger, they run around in all directions. |
| ਸਿਮਰਤ ਨਾਮੁ ਸਦਾ ਸੁਹੇਲਾ ਜਿਸੁ ਦੇਵੈ ਦੀਨ ਦਇਆਲਾ ਜੀਉ ॥੧॥ | Meditating in remembrance on the Naam, they are happy forever. The Lord, Merciful to the meek, bestows it upon them. ‖1‖ |
| ਸਤਿਗੁਰੁ ਮੇਰਾ ਵਡ ਸਮਰਥਾ ॥ | My True Guru is absolutely All-powerful. |
| ੯੯ | 99 |
| ਜੀਇ ਸਮਾਲੀ ਤਾ ਸਭੁ ਦੁਖੁ ਲਥਾ ॥ | When I dwell upon Him in my soul, all my sorrows depart. |
| ਚਿੰਤਾ ਰੋਗੁ ਗਈ ਹਉ ਪੀੜਾ ਆਪਿ ਕਰੇ ਪ੍ਰਤਿਪਾਲਾ ਜੀਉ ॥੨॥ | The sickness of anxiety and the disease of ego are cured; He Himself cherishes me. ‖2‖ |
| ਬਾਰਿਕ ਵਾਂਗੀ ਹਉ ਸਭ ਕਿਛੁ ਮੰਗਾ ॥ | Like a child, I ask for everything. |
| ਦੇਦੇ ਤੋਟਿ ਨਾਹੀ ਪ੍ਰਭ ਰੰਗਾ ॥ | God is Bountiful and Beautiful; He never comes up empty. |
| ਪੈਰੀ ਪੈ ਪੈ ਬਹੁਤੁ ਮਨਾਈ ਦੀਨ ਦਇਆਲ ਗੋਪਾਲਾ ਜੀਉ ॥੩॥ | Again and again, I fall at His Feet. He is Merciful to the meek, the Sustainer of the World. ‖3‖ |
| ਹਉ ਬਲਿਹਾਰੀ ਸਤਿਗੁਰ ਪੂਰੇ ॥ | I am a sacrifice to the Perfect True Guru, |
| ਜਿਨਿ ਬੰਧਨ ਕਾਟੇ ਸਗਲੇ ਮੇਰੇ ॥ | who has shattered all my bonds. |
| ਹਿਰਦੈ ਨਾਮੁ ਦੇ ਨਿਰਮਲ ਕੀਏ ਨਾਨਕ ਰੰਗਿ ਰਸਾਲਾ ਜੀਉ ॥੪॥੮॥੧੫॥ | With the Naam, the Name of the Lord, in my heart, I have been purified. O Nanak, His Love has imbued me with nectar. ‖4‖8‖15‖ |

| | |
|---|---|
| ਮਾਝ ਮਹਲਾ ੫ ॥ | Maajh, Fifth Mehl: |
| ਲਾਲ ਗੋਪਾਲ ਦਇਆਲ ਰੰਗੀਲੇ ॥ | O my Love, Sustainer of the World, Merciful, Loving Lord, |
| ਗਹਿਰ ਗੰਭੀਰ ਬੇਅੰਤ ਗੋਵਿੰਦੇ ॥ | Profoundly Deep, Infinite Lord of the Universe, |
| ਊਚ ਅਥਾਹ ਬੇਅੰਤ ਸੁਆਮੀ ਸਿਮਰਿ ਸਿਮਰਿ ਹਉ ਜੀਵਾਂ ਜੀਉ ॥੧॥ | Highest of the High, Unfathomable, Infinite Lord and Master: continually remembering You in deep meditation, I live. \|\|1\|\| |
| ਦੁਖ ਭੰਜਨ ਨਿਧਾਨ ਅਮੋਲੇ ॥ | O Destroyer of pain, Priceless Treasure, |
| ਨਿਰਭਉ ਨਿਰਵੈਰ ਅਥਾਹ ਅਤੋਲੇ ॥ | Fearless, free of hate, Unfathomable, Immeasurable, |
| ਅਕਾਲ ਮੂਰਤਿ ਅਜੂਨੀ ਸੰਭੌ ਮਨ ਸਿਮਰਤ ਠੰਢਾ ਥੀਵਾਂ ਜੀਉ ॥੨॥ | of Undying Form, Unborn, Self-illumined: remembering You in meditation, my mind is filled with a deep and profound peace. \|\|2\|\| |
| ਸਦਾ ਸੰਗੀ ਹਰਿ ਰੰਗ ਗੋਪਾਲਾ ॥ | The Joyous Lord, the Sustainer of the World, is my constant Companion. |
| ਊਚ ਨੀਚ ਕਰੇ ਪ੍ਰਤਿਪਾਲਾ ॥ | He cherishes the high and the low. |
| ਨਾਮੁ ਰਸਾਇਣੁ ਮਨੁ ਤ੍ਰਿਪਤਾਇਣੁ ਗੁਰਮੁਖਿ ਅੰਮ੍ਰਿਤੁ ਪੀਵਾਂ ਜੀਉ ॥੩॥ | The Nectar of the Name satisfies my mind. As Gurmukh, I drink in the Ambrosial Nectar. \|\|3\|\| |
| ਦੁਖਿ ਸੁਖਿ ਪਿਆਰੇ ਤੁਧੁ ਧਿਆਈ ॥ | In suffering and in comfort, I meditate on You, O Beloved. |
| ਏਹ ਸੁਮਤਿ ਗੁਰੂ ਤੇ ਪਾਈ ॥ | I have obtained this sublime understanding from the Guru. |
| ਨਾਨਕ ਕੀ ਧਰ ਤੂੰਹੈ ਠਾਕੁਰ ਹਰਿ ਰੰਗਿ ਪਾਰਿ ਪਰੀਵਾਂ ਜੀਉ ॥੪॥੯॥੧੬॥ | You are Nanak's Support, O my Lord and Master; through Your Love, I swim across to the other side. \|\|4\|\|9\|\|16\|\| |
| ਮਾਝ ਮਹਲਾ ੫ ॥ | Maajh, Fifth Mehl: |
| ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ॥ | Blessed is that time when I meet the True Guru. |
| ਸਫਲੁ ਦਰਸਨੁ ਨੇਤ੍ਰ ਪੇਖਤ ਤਰਿਆ ॥ | Gazing upon the Fruitful Vision of His Darshan, I have been saved. |
| ਧੰਨੁ ਮੂਰਤ ਚਸੇ ਪਲ ਘੜੀਆ ਧੰਨਿ ਸੁ ਓਇ ਸੰਜੋਗਾ ਜੀਉ ॥੧॥ | Blessed are the hours, the minutes and the seconds-blessed is that Union with Him. \|\|1\|\| |
| ਉਦਮੁ ਕਰਤ ਮਨੁ ਨਿਰਮਲੁ ਹੋਆ ॥ | Making the effort, my mind has become pure. |

| | |
|---|---|
| ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ ॥ | Walking on the Lord's Path, my doubts have all been cast out. |
| ਨਾਮੁ ਨਿਧਾਨੁ ਸਤਿਗੁਰੂ ਸੁਣਾਇਆ ਮਿਟਿ ਗਏ ਸਗਲੇ ਰੋਗਾ ਜੀਉ ॥੨॥ | The True Guru has inspired me to hear the Treasure of the Naam; all my illness has been dispelled. \|\|2\|\| |
| ਅੰਤਰਿ ਬਾਹਰਿ ਤੇਰੀ ਬਾਣੀ ॥ | The Word of Your Bani is inside and outside as well. |
| ਤੁਧੁ ਆਪਿ ਕਥੀ ਤੈ ਆਪਿ ਵਖਾਣੀ ॥ | You Yourself chant it, and You Yourself speak it. |
| ਗੁਰਿ ਕਹਿਆ ਸਭੁ ਏਕੋ ਏਕੋ ਅਵਰੁ ਨ ਕੋਈ ਹੋਇਗਾ ਜੀਉ ॥੩॥ | The Guru has said that He is One-All is the One. There shall never be any other. \|\|3\|\| |
| ਅੰਮ੍ਰਿਤ ਰਸੁ ਹਰਿ ਗੁਰ ਤੇ ਪੀਆ ॥ | I drink in the Lord's Ambrosial Essence from the Guru; |
| ਹਰਿ ਪੈਨਣੁ ਨਾਮੁ ਭੋਜਨੁ ਥੀਆ ॥ | the Lord's Name has become my clothing and food. |
| ਨਾਮਿ ਰੰਗ ਨਾਮਿ ਚੋਜ ਤਮਾਸੇ ਨਾਉ ਨਾਨਕ ਕੀਨੇ ਭੋਗਾ ਜੀਉ ॥੪॥੧੦॥੧੭॥ | The Name is my delight, the Name is my play and entertainment. O Nanak, I have made the Name my enjoyment. \|\|4\|\|10\|\|17\|\| |
| ਮਾਝ ਮਹਲਾ ੫ ॥ | Maajh, Fifth Mehl: |
| ਸਗਲ ਸੰਤਨ ਪਹਿ ਵਸਤੁ ਇਕ ਮਾਂਗਉ ॥ | I beg of all the Saints: please, give me the merchandise. |
| ਕਰਉ ਬਿਨੰਤੀ ਮਾਨੁ ਤਿਆਗਉ ॥ | I offer my prayers-I have forsaken my pride. |
| ਵਾਰਿ ਵਾਰਿ ਜਾਈ ਲਖ ਵਰੀਆ ਦੇਹੁ ਸੰਤਨ ਕੀ ਧੂਰਾ ਜੀਉ ॥੧॥ | I am a sacrifice, hundreds of thousands of times a sacrifice, and I pray: please, give me the dust of the feet of the Saints. \|\|1\|\| |
| ਤੁਮ ਦਾਤੇ ਤੁਮ ਪੁਰਖ ਬਿਧਾਤੇ ॥ | You are the Giver, You are the Architect of Destiny. |
| ਤੁਮ ਸਮਰਥ ਸਦਾ ਸੁਖਦਾਤੇ ॥ | You are All-powerful, the Giver of Eternal Peace. |
| ਸਭ ਕੋ ਤੁਮ ਹੀ ਤੇ ਵਰਸਾਵੈ ਅਉਸਰੁ ਕਰਹੁ ਹਮਾਰਾ ਪੂਰਾ ਜੀਉ ॥੨॥ | You bless everyone. Please bring my life to fulfillment. \|\|2\|\| |
| ਦਰਸਨਿ ਤੇਰੈ ਭਵਨ ਪੁਨੀਤਾ ॥ | The body-temple is sanctified by the Blessed Vision of Your Darshan, |
| ਆਤਮ ਗੜੁ ਬਿਖਮੁ ਤਿਨਾ ਹੀ ਜੀਤਾ ॥ | and thus, the impregnable fort of the soul is conquered. |
| ਤੁਮ ਦਾਤੇ ਤੁਮ ਪੁਰਖ ਬਿਧਾਤੇ ਤੁਧੁ ਜੇਵਡੁ ਅਵਰੁ ਨ ਸੂਰਾ ਜੀਉ ॥੩॥ | You are the Giver, You are the Architect of Destiny. There is no other warrior as great as You. \|\|3\|\| |

## ੧੦੦ 100

| | |
|---|---|
| ਰੇਨੁ ਸੰਤਨ ਕੀ ਮੇਰੈ ਮੁਖਿ ਲਾਗੀ ॥ | I applied the dust of the feet of the Saints to my face. |
| ਦੁਰਮਤਿ ਬਿਨਸੀ ਕੁਬੁਧਿ ਅਭਾਗੀ ॥ | My evil-mindedness disappeared, along with my misfortune and false-mindedness. |
| ਸਚ ਘਰਿ ਬੈਸਿ ਰਹੇ ਗੁਣ ਗਾਏ ਨਾਨਕ ਬਿਨਸੇ ਕੂਰਾ ਜੀਉ ॥੪॥੧੧॥੧੮॥ | I sit in the true home of my self; I sing His Glorious Praises. O Nanak, my falsehood has vanished! \|\|4\|\|11\|\|18\|\| |
| ਮਾਝ ਮਹਲਾ ੫ ॥ | Maajh, Fifth Mehl: |
| ਵਿਸਰੁ ਨਾਹੀ ਏਵਡ ਦਾਤੇ ॥ | I shall never forget You-You are such a Great Giver! |
| ਕਰਿ ਕਿਰਪਾ ਭਗਤਨ ਸੰਗਿ ਰਾਤੇ ॥ | Please grant Your Grace, and imbue me with the love of devotional worship. |
| ਦਿਨਸੁ ਰੈਣਿ ਜਿਉ ਤੁਧੁ ਧਿਆਈ ਏਹੁ ਦਾਨੁ ਮੋਹਿ ਕਰਣਾ ਜੀਉ ॥੧॥ | If it pleases You, let me meditate on You day and night; please, grant me this gift! \|\|1\|\| |
| ਮਾਟੀ ਅੰਧੀ ਸੁਰਤਿ ਸਮਾਈ ॥ | Into this blind clay, You have infused awareness. |
| ਸਭ ਕਿਛੁ ਦੀਆ ਭਲੀਆ ਜਾਈ ॥ | Everything, everywhere which You have given is good. |
| ਅਨਦ ਬਿਨੋਦ ਚੋਜ ਤਮਾਸੇ ਤੁਧੁ ਭਾਵੈ ਸੋ ਹੋਣਾ ਜੀਉ ॥੨॥ | Bliss, joyful celebrations, wondrous plays and entertainment-whatever pleases You, comes to pass. \|\|2\|\| |
| ਜਿਸ ਦਾ ਦਿਤਾ ਸਭੁ ਕਿਛੁ ਲੈਣਾ ॥ | Everything we receive is a gift from Him |
| ਛਤੀਹ ਅੰਮ੍ਰਿਤ ਭੋਜਨੁ ਖਾਣਾ ॥ | -the thirty-six delicious foods to eat, |
| ਸੇਜ ਸੁਖਾਲੀ ਸੀਤਲੁ ਪਵਣਾ ਸਹਜ ਕੇਲ ਰੰਗ ਕਰਣਾ ਜੀਉ ॥੩॥ | cozy beds, cooling breezes, peaceful joy and the experience of pleasure. \|\|3\|\| |
| ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ ॥ | Give me that state of mind, by which I may not forget You. |
| ਸਾ ਮਤਿ ਦੀਜੈ ਜਿਤੁ ਤੁਧੁ ਧਿਆਈ ॥ | Give me that understanding, by which I may meditate on You. |
| ਸਾਸ ਸਾਸ ਤੇਰੇ ਗੁਣ ਗਾਵਾ ਓਟ ਨਾਨਕ ਗੁਰ ਚਰਣਾ ਜੀਉ ॥੪॥੧੨॥੧੯॥ | I sing Your Glorious Praises with each and every breath. Nanak takes the Support of the Guru's Feet. \|\|4\|\|12\|\|19\|\| |

| | |
|---|---|
| ਮਾਝ ਮਹਲਾ ੫ ॥ | Maajh, Fifth Mehl: |
| ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ ॥ | To praise You is to follow Your Command and Your Will. |
| ਸੋ ਗਿਆਨੁ ਧਿਆਨੁ ਜੋ ਤੁਧੁ ਭਾਈ ॥ | That which pleases You is spiritual wisdom and meditation. |
| ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ ॥੧॥ | That which pleases God is chanting and meditation; to be in harmony with His Will is perfect spiritual wisdom. \|\|1\|\| |
| ਅੰਮ੍ਰਿਤੁ ਨਾਮੁ ਤੇਰਾ ਸੋਈ ਗਾਵੈ ॥ ਜੋ ਸਾਹਿਬ ਤੇਰੈ ਮਨਿ ਭਾਵੈ ॥ | He alone sings Your Ambrosial Naam, who is pleasing to Your Mind, O my Lord and Master. |
| ਤੂੰ ਸੰਤਨ ਕਾ ਸੰਤ ਤੁਮਾਰੇ ਸੰਤ ਸਾਹਿਬ ਮਨੁ ਮਾਨਾ ਜੀਉ ॥੨॥ | You belong to the Saints, and the Saints belong to You. The minds of the Saints are attuned to You, O my Lord and Master. \|\|2\|\| |
| ਤੂੰ ਸੰਤਨ ਕੀ ਕਰਹਿ ਪ੍ਰਤਿਪਾਲਾ ॥ | You cherish and nurture the Saints. |
| ਸੰਤ ਖੇਲਹਿ ਤੁਮ ਸੰਗਿ ਗੋਪਾਲਾ ॥ | The Saints play with You, O Sustainer of the World. |
| ਅਪੁਨੇ ਸੰਤ ਤੁਧੁ ਖਰੇ ਪਿਆਰੇ ਤੂ ਸੰਤਨ ਕੇ ਪ੍ਰਾਨਾ ਜੀਉ ॥੩॥ | Your Saints are very dear to You. You are the breath of life of the Saints. \|\|3\|\| |
| ਉਨ ਸੰਤਨ ਕੈ ਮੇਰਾ ਮਨੁ ਕੁਰਬਾਨੇ ॥ | My mind is a sacrifice to those Saints who know You, |
| ਜਿਨ ਤੂੰ ਜਾਤਾ ਜੋ ਤੁਧੁ ਮਨਿ ਭਾਨੇ ॥ | and are pleasing to Your Mind. |
| ਤਿਨ ਕੈ ਸੰਗਿ ਸਦਾ ਸੁਖੁ ਪਾਇਆ ਹਰਿ ਰਸ ਨਾਨਕ ਤ੍ਰਿਪਤਿ ਅਘਾਨਾ ਜੀਉ ॥੪॥੧੩॥੨੦॥ | In their company I have found a lasting peace. Nanak is satisfied and fulfilled with the Sublime Essence of the Lord. \|\|4\|\|13\|\|20\|\| |
| ਮਾਝ ਮਹਲਾ ੫ ॥ | Maajh, Fifth Mehl |
| ਤੂੰ ਜਲਨਿਧਿ ਹਮ ਮੀਨ ਤੁਮਾਰੇ ॥ | : You are the Ocean of Water, and I am Your fish. |
| ਤੇਰਾ ਨਾਮੁ ਬੂੰਦ ਹਮ ਚਾਤ੍ਰਿਕ ਤਿਖਹਾਰੇ ॥ | Your Name is the drop of water, and I am a thirsty rainbird. |
| ਤੁਮਰੀ ਆਸ ਪਿਆਸਾ ਤੁਮਰੀ ਤੁਮ ਹੀ ਸੰਗਿ ਮਨੁ ਲੀਨਾ ਜੀਉ ॥੧॥ | You are my hope, and You are my thirst. My mind is absorbed in You. \|\|1\|\| |
| ਜਿਉ ਬਾਰਿਕੁ ਪੀ ਖੀਰੁ ਅਘਾਵੈ ॥ | Just as the baby is satisfied by drinking milk, |
| ਜਿਉ ਨਿਰਧਨੁ ਧਨੁ ਦੇਖਿ ਸੁਖੁ ਪਾਵੈ ॥ | and the poor person is pleased by seeing wealth, |

ਤ੍ਰਿਖਾਵੰਤ ਜਲੁ ਪੀਵਤ ਠੰਢਾ ਤਿਉ ਹਰਿ ਸੰਗਿ ਇਹੁ ਮਨੁ ਭੀਨਾ ਜੀਉ ॥੨॥

and the thirsty person is refreshed by drinking cool water, so is this mind drenched with delight in the Lord. ||2||

ਜਿਉ ਅੰਧਿਆਰੈ ਦੀਪਕੁ ਪਰਗਾਸਾ ॥

Just as the darkness is lit up by the lamp,

ਭਰਤਾ ਚਿਤਵਤ ਪੂਰਨ ਆਸਾ ॥

and the hopes of the wife are fulfilled by thinking about her husband,

ਮਿਲਿ ਪ੍ਰੀਤਮ ਜਿਉ ਹੋਤ ਅਨੰਦਾ ਤਿਉ ਹਰਿ ਰੰਗਿ ਮਨੁ ਰੰਗੀਨਾ ਜੀਉ ॥੩॥

and people are filled with bliss upon meeting their beloved, so is my mind imbued with the Lord's Love. ||3||

ਸੰਤਨ ਮੋ ਕਉ ਹਰਿ ਮਾਰਗਿ ਪਾਇਆ ॥

The Saints have set me upon the Lord's Path.

ਸਾਧ ਕ੍ਰਿਪਾਲਿ ਹਰਿ ਸੰਗਿ ਗਿਝਾਇਆ ॥

By the Grace of the Holy Saint, I have been attuned to the Lord.

ਹਰਿ ਹਮਰਾ ਹਮ ਹਰਿ ਕੇ ਦਾਸੇ ਨਾਨਕ ਸਬਦੁ ਗੁਰੂ ਸਚੁ ਦੀਨਾ ਜੀਉ ॥੪॥੧੪॥੨੧॥

The Lord is mine, and I am the slave of the Lord. O Nanak, the Guru has blessed me with the True Word of the Shabad. ||4||14||21||

ਮਾਝ ਮਹਲਾ ੫ ॥

Maajh, Fifth Mehl:

ਅੰਮ੍ਰਿਤ ਨਾਮੁ ਸਦਾ ਨਿਰਮਲੀਆ ॥

The Ambrosial Naam, the Name of the Lord, is eternally pure.

ਸੁਖਦਾਈ ਦੂਖ ਬਿਡਾਰਨ ਹਰੀਆ ॥

The Lord is the Giver of Peace and the Dispeller of sorrow.

ਅਵਰਿ ਸਾਦ ਚਖਿ ਸਗਲੇ ਦੇਖੇ ਮਨ ਹਰਿ ਰਸੁ ਸਭ ਤੇ ਮੀਠਾ ਜੀਉ ॥੧॥

I have seen and tasted all other flavors, but to my mind, the Subtle Essence of the Lord is the sweetest of all. ||1||

**੧੦੧** 101

ਜੋ ਜੋ ਪੀਵੈ ਸੋ ਤ੍ਰਿਪਤਾਵੈ ॥

Whoever drinks this in, is satisfied.

ਅਮਰੁ ਹੋਵੈ ਜੋ ਨਾਮ ਰਸੁ ਪਾਵੈ ॥

Whoever obtains the Sublime Essence of the Naam becomes immortal.

ਨਾਮ ਨਿਧਾਨ ਤਿਸਹਿ ਪਰਾਪਤਿ ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ ॥੨॥

The Treasure of the Naam is obtained by one whose mind is filled with the Word of the Guru's Shabad. ||2||

ਜਿਨਿ ਹਰਿ ਰਸੁ ਪਾਇਆ ਸੋ ਤ੍ਰਿਪਤਿ ਅਘਾਨਾ ॥

One who obtains the Sublime Essence of the Lord is satisfied and fulfilled.

| | |
|---|---|
| ਜਿਨਿ ਹਰਿ ਸਾਦੁ ਪਾਇਆ ਸੋ ਨਾਹਿ ਡੁਲਾਨਾ ॥ | One who obtains this Flavor of the Lord does not waver. |
| ਤਿਸਹਿ ਪਰਾਪਤਿ ਹਰਿ ਹਰਿ ਨਾਮਾ ਜਿਸੁ ਮਸਤਕਿ ਭਾਗੀਠਾ ਜੀਉ ॥੩॥ | One who has this destiny written on his forehead obtains the Name of the Lord, Har, Har. \|\|3\|\| |
| ਹਰਿ ਇਕਸੁ ਹਥਿ ਆਇਆ ਵਰਸਾਣੇ ਬਹੁਤੇਰੇ ॥ | The Lord has come into the hands of the One, the Guru, who has blessed so many with good fortune. |
| ਤਿਸੁ ਲਗਿ ਮੁਕਤੁ ਭਏ ਘਣੇਰੇ ॥ | Attached to Him, a great many have been liberated. |
| ਨਾਮੁ ਨਿਧਾਨਾ ਗੁਰਮੁਖਿ ਪਾਈਐ ਕਹੁ ਨਾਨਕ ਵਿਰਲੀ ਡੀਠਾ ਜੀਉ ॥੪॥੧੫॥੨੨॥ | The Gurmukh obtains the Treasure of the Naam; says Nanak, those who see the Lord are very rare. \|\|4\|\|15\|\|22\|\| |
| ਮਾਝ ਮਹਲਾ ੫ ॥ | Maajh, Fifth Mehl: |
| ਨਿਧਿ ਸਿਧਿ ਰਿਧਿ ਹਰਿ ਹਰਿ ਹਰਿ ਮੇਰੈ ॥ | My Lord, Har, Har, Har, is the nine treasures, the supernatural spiritual powers of the Siddhas, wealth and prosperity. |
| ਜਨਮੁ ਪਦਾਰਥੁ ਗਹਿਰ ਗੰਭੀਰੈ ॥ | He is the Deep and Profound Treasure of Life. |
| ਲਾਖ ਕੋਟ ਖੁਸੀਆ ਰੰਗ ਰਾਵੈ ਜੋ ਗੁਰ ਲਾਗਾ ਪਾਈ ਜੀਉ ॥੧॥ | Hundreds of thousands, even millions of pleasures and delights are enjoyed by one who falls at the Guru's Feet. \|\|1\|\| |
| ਦਰਸਨੁ ਪੇਖਤ ਭਏ ਪੁਨੀਤਾ ॥ | Gazing upon the Blessed Vision of His Darshan, all are sanctified, |
| ਸਗਲ ਉਧਾਰੇ ਭਾਈ ਮੀਤਾ ॥ | and all family and friends are saved. |
| ਅਗਮ ਅਗੋਚਰੁ ਸੁਆਮੀ ਅਪੁਨਾ ਗੁਰ ਕਿਰਪਾ ਤੇ ਸਚੁ ਧਿਆਈ ਜੀਉ ॥੨॥ | By Guru's Grace, I meditate on the Inaccessible and Unfathomable True Lord. \|\|2\|\| |
| ਜਾ ਕਉ ਖੋਜਹਿ ਸਰਬ ਉਪਾਏ ॥ ਵਡਭਾਗੀ ਦਰਸਨੁ ਕੋ ਵਿਰਲਾ ਪਾਏ ॥ | The One, the Guru, who is sought by all-only a few, by great good fortune, receive His Darshan. |
| ਊਚ ਅਪਾਰ ਅਗੋਚਰ ਥਾਨਾ ਓਹੁ ਮਹਲੁ ਗੁਰੂ ਦੇਖਾਈ ਜੀਉ ॥੩॥ | His Place is lofty, infinite and unfathomable; the Guru has shown me that palace. \|\|3\|\| |
| ਗਹਿਰ ਗੰਭੀਰ ਅੰਮ੍ਰਿਤ ਨਾਮੁ ਤੇਰਾ ॥ | Your Ambrosial Name is deep and profound. |
| ਮੁਕਤਿ ਭਇਆ ਜਿਸੁ ਰਿਦੈ ਵਸੇਰਾ ॥ | That person is liberated, in whose heart You dwell. |
| ਗੁਰਿ ਬੰਧਨ ਤਿਨ ਕੇ ਸਗਲੇ ਕਾਟੇ ਜਨ ਨਾਨਕ ਸਹਜਿ ਸਮਾਈ ਜੀਉ ॥੪॥੧੬॥੨੩॥ | The Guru cuts away all his bonds; O Servant Nanak, he is absorbed in the poise of intuitive peace. \|\|4\|\|16\|\|23\|\| |

| | |
|---|---|
| ਮਾਝ ਮਹਲਾ ੫ ॥ | Maajh, Fifth Mehl: |
| ਪ੍ਰਭ ਕਿਰਪਾ ਤੇ ਹਰਿ ਹਰਿ ਧਿਆਵਉ ॥ | By God's Grace, I meditate on the Lord, Har, Har. |
| ਪ੍ਰਭੂ ਦਇਆ ਤੇ ਮੰਗਲੁ ਗਾਵਉ ॥ | By God's Kindness, I sing the songs of joy. |
| ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ ਸਗਲ ਅਵਰਦਾ ਜੀਉ ॥੧॥ | While standing and sitting, while sleeping and while awake, meditate on the Lord, all your life. ‖1‖ |
| ਨਾਮੁ ਅਉਖਧੁ ਮੋ ਕਉ ਸਾਧੂ ਦੀਆ ॥ | The Holy Saint has given me the Medicine of the Naam. |
| ਕਿਲਬਿਖ ਕਾਟੇ ਨਿਰਮਲੁ ਥੀਆ ॥ | My sins have been cut out, and I have become pure. |
| ਅਨਦੁ ਭਇਆ ਨਿਕਸੀ ਸਭ ਪੀਰਾ ਸਗਲ ਬਿਨਾਸੇ ਦਰਦਾ ਜੀਉ ॥੨॥ | I am filled with bliss, and all my pains have been taken away. All my suffering has been dispelled. ‖2‖ |
| ਜਿਸ ਕਾ ਅੰਗੁ ਕਰੇ ਮੇਰਾ ਪਿਆਰਾ ॥ ਸੋ ਮੁਕਤਾ ਸਾਗਰ ਸੰਸਾਰਾ ॥ | One who has my Beloved on his side, is liberated from the world-ocean. |
| ਸਤਿ ਕਰੇ ਜਿਨਿ ਗੁਰੂ ਪਛਾਤਾ ਸੋ ਕਾਹੇ ਕਉ ਡਰਦਾ ਜੀਉ ॥੩॥ | One who recognizes the Guru practices Truth; why should he be afraid? ‖3‖ |
| ਜਬ ਤੇ ਸਾਧੂ ਸੰਗਤਿ ਪਾਏ ॥ ਗੁਰ ਭੇਟਤ ਹਉ ਗਈ ਬਲਾਏ ॥ | Since I found the Company of the Holy and met the Guru, the demon of pride has departed. |
| ਸਾਸਿ ਸਾਸਿ ਹਰਿ ਗਾਵੈ ਨਾਨਕੁ ਸਤਿਗੁਰ ਢਾਕਿ ਲੀਆ ਮੇਰਾ ਪੜਦਾ ਜੀਉ ॥੪॥੧੭॥੨੪॥ | With each and every breath, Nanak sings the Lord's Praises. The True Guru has covered my sins. ‖4‖17‖24‖ |
| ਮਾਝ ਮਹਲਾ ੫ ॥ | Maajh, Fifth Mehl: |
| ਓਤਿ ਪੋਤਿ ਸੇਵਕ ਸੰਗਿ ਰਾਤਾ ॥ | Through and through, the Lord is intermingled with His servant. |
| ਪ੍ਰਭ ਪ੍ਰਤਿਪਾਲੇ ਸੇਵਕ ਸੁਖਦਾਤਾ ॥ | God, the Giver of Peace, cherishes His servant. |
| ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ ॥੧॥ | I carry the water, wave the fan, and grind the grain for the servant of my Lord and Master. ‖1‖ |
| ਕਾਟਿ ਸਿਲਕ ਪ੍ਰਭਿ ਸੇਵਾ ਲਾਇਆ ॥ | God has cut the noose from around my neck; He has placed me in His Service. |
| ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ ॥ | The Lord and Master's Command is pleasing to the mind of His servant. |

| | |
|---|---|
| ਸੋਈ ਕਮਾਵੈ ਜੋ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ ॥੨॥ | He does that which pleases his Lord and Master. Inwardly and outwardly, the servant knows his Lord. \|\|2\|\| |
| ਤੂੰ ਦਾਨਾ ਠਾਕੁਰੁ ਸਭ ਬਿਧਿ ਜਾਨਹਿ ॥ | You are the All-knowing Lord and Master; You know all ways and means. |
| **੧੦੨** | **102** |
| ਠਾਕੁਰ ਕੇ ਸੇਵਕ ਹਰਿ ਰੰਗ ਮਾਣਹਿ ॥ | The servant of the Lord and Master enjoys the Love and Affection of the Lord. |
| ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ ॥੩॥ | That which belongs to the Lord and Master, belongs to His servant. The servant becomes distinguished in association with his Lord and Master. \|\|3\|\| |
| ਅਪੁਨੈ ਠਾਕੁਰਿ ਜੋ ਪਹਿਰਾਇਆ ॥ ਬਹੁਰਿ ਨ ਲੇਖਾ ਪੁਛਿ ਬੁਲਾਇਆ ॥ | He, whom the Lord and Master dresses in the robes of honor, is not called to answer for his account any longer. |
| ਤਿਸੁ ਸੇਵਕ ਕੈ ਨਾਨਕ ਕੁਰਬਾਣੀ ਸੋ ਗਹਿਰ ਗਭੀਰਾ ਗਉਹਰੁ ਜੀਉ ॥੪॥੧੮॥੨੫॥ | Nanak is a sacrifice to that servant. He is the pearl of the deep and unfathomable Ocean of God. \|\|4\|\|18\|\|25\|\| |
| ਮਾਝ ਮਹਲਾ ੫ ॥ | Maajh, Fifth Mehl: |
| ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ | Everything is within the home of the self; there is nothing beyond. |
| ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥ | One who searches outside is deluded by doubt. |
| ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥ | By Guru's Grace, one who has found the Lord within is happy, inwardly and outwardly. \|\|1\|\| |
| ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ | Slowly, gently, drop by drop, the stream of nectar trickles down within. |
| ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥ | The mind drinks it in, hearing and reflecting on the Word of the Shabad. |
| ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥ | It enjoys bliss and ecstasy day and night, and plays with the Lord forever and ever. \|\|2\|\| |
| ਜਨਮ ਜਨਮ ਕਾ ਵਿਛੁੜਿਆ ਮਿਲਿਆ ॥ | I have now been united with the Lord after having been separated and cut off from Him for so many lifetimes; |
| ਸਾਧ ਕ੍ਰਿਪਾ ਤੇ ਸੂਕਾ ਹਰਿਆ ॥ | by the Grace of the Holy Saint, the dried-up branches have blossomed forth again in their greenery. |

| | |
|---|---|
| ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥ | I have obtained this sublime understanding, and I meditate on the Naam; as Gurmukh, I have met the Lord. \|\|3\|\| |
| ਜਲ ਤਰੰਗੁ ਜਿਉ ਜਲਹਿ ਸਮਾਇਆ ॥ | As the waves of water merge again with the water, |
| ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥ | so does my light merge again into the Light. |
| ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥ | Says Nanak, the veil of illusion has been cut away, and I shall not go out wandering any more. \|\|4\|\|19\|\|26\|\| |

| | |
|---|---|
| ਮਾਝ ਮਹਲਾ ੫ ॥ | Maajh, Fifth Mehl: |
| ਤਿਸੁ ਕੁਰਬਾਣੀ ਜਿਨਿ ਤੂੰ ਸੁਣਿਆ ॥ | I am a sacrifice to those who have heard of You. |
| ਤਿਸੁ ਬਲਿਹਾਰੀ ਜਿਨਿ ਰਸਨਾ ਭਣਿਆ ॥ | I am a sacrifice to those whose tongues speak of You. |
| ਵਾਰਿ ਵਾਰਿ ਜਾਈ ਤਿਸੁ ਵਿਟਹੁ ਜੋ ਮਨਿ ਤਨਿ ਤੁਧੁ ਆਰਾਧੇ ਜੀਉ ॥੧॥ | Again and again, I am a sacrifice to those who meditate on You with mind and body. \|\|1\|\| |
| ਤਿਸੁ ਚਰਣ ਪਖਾਲੀ ਜੋ ਤੇਰੈ ਮਾਰਗਿ ਚਾਲੈ ॥ | I wash the feet of those who walk upon Your Path. |
| ਨੈਨ ਨਿਹਾਲੀ ਤਿਸੁ ਪੁਰਖ ਦਇਆਲੈ ॥ | With my eyes, I long to behold those kind people. |
| ਮਨੁ ਦੇਵਾ ਤਿਸੁ ਅਪੁਨੇ ਸਾਜਨ ਜਿਨਿ ਗੁਰ ਮਿਲਿ ਸੋ ਪ੍ਰਭੁ ਲਾਧੇ ਜੀਉ ॥੨॥ | I offer my mind to those friends, who have met the Guru and found God. \|\|2\|\| |
| ਸੇ ਵਡਭਾਗੀ ਜਿਨਿ ਤੁਮ ਜਾਣੇ ॥ | Very fortunate are those who know You. |
| ਸਭ ਕੈ ਮਧੇ ਅਲਿਪਤ ਨਿਰਬਾਣੇ ॥ | In the midst of all, they remain detached and balanced in Nirvaanaa. |
| ਸਾਧ ਕੈ ਸੰਗਿ ਉਨਿ ਭਉਜਲੁ ਤਰਿਆ ਸਗਲ ਦੂਤ ਉਨਿ ਸਾਧੇ ਜੀਉ ॥੩॥ | In the Saadh Sangat, the Company of the Holy, they cross over the terrifying world-ocean, and conquer all their evil passions. \|\|3\|\| |
| ਤਿਨ ਕੀ ਸਰਣਿ ਪਰਿਆ ਮਨੁ ਮੇਰਾ ॥ | My mind has entered their Sanctuary. |
| ਮਾਣੁ ਤਾਣੁ ਤਜਿ ਮੋਹੁ ਅੰਧੇਰਾ ॥ | I have renounced my pride in my own strength, and the darkness of emotional attachment. |

| | |
|---|---|
| ਨਾਮੁ ਦਾਨੁ ਦੀਜੈ ਨਾਨਕ ਕਉ ਤਿਸੁ ਪ੍ਰਭ ਅਗਮ ਅਗਾਧੇ ਜੀਉ ॥੪॥੨੦॥੨੭॥ | Please bless Nanak with the Gift of the Naam, the Name of the Inaccessible and Unfathomable God. \|\|4\|\|20\|\|27\|\| |
| ਮਾਝ ਮਹਲਾ ੫ ॥ | Maajh, Fifth Mehl: |
| ਤੂੰ ਪੇਡੁ ਸਾਖ ਤੇਰੀ ਫੂਲੀ ॥ | You are the tree; Your branches have blossomed forth. |
| ਤੂੰ ਸੂਖਮੁ ਹੋਆ ਅਸਥੂਲੀ ॥ | From the very small and subtle, You have become huge and manifest. |
| ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ ਤੁਧੁ ਬਿਨੁ ਅਵਰੁ ਨ ਭਾਲੀਐ ਜੀਉ ॥੧॥ | You are the Ocean of Water, and You are the foam and the bubbles on its surface. I cannot see any other except You, Lord. \|\|1\|\| |
| ਤੂੰ ਸੂਤੁ ਮਣੀਏ ਭੀ ਤੂੰਹੈ ॥ | You are the thread, and You are also the beads. |
| ਤੂੰ ਗੰਠੀ ਮੇਰੁ ਸਿਰਿ ਤੂੰਹੈ ॥ | You are the knot, and You are the primary bead of the maalaa. |
| ਆਦਿ ਮਧਿ ਅੰਤਿ ਪ੍ਰਭੁ ਸੋਈ ਅਵਰੁ ਨ ਕੋਇ ਦਿਖਾਲੀਐ ਜੀਉ ॥੨॥ | In the beginning, in the middle and in the end, there is God. I cannot see any other except You, Lord. \|\|2\|\| |
| ਤੂੰ ਨਿਰਗੁਣੁ ਸਰਗੁਣੁ ਸੁਖਦਾਤਾ ॥ | You transcend all qualities, and You possess the supreme qualities. You are the Giver of peace. |
| ਤੂੰ ਨਿਰਬਾਣੁ ਰਸੀਆ ਰੰਗਿ ਰਾਤਾ ॥ | You are detached in Nirvaanaa, and You are the Enjoyer, imbued with love. |
| ਅਪਣੇ ਕਰਤਬ ਆਪੇ ਜਾਣਹਿ ਆਪੇ ਤੁਧੁ ਸਮਾਲੀਐ ਜੀਉ ॥੩॥ | You Yourself know Your Own Ways; You dwell upon Yourself. \|\|3\|\| |
| ਤੂੰ ਠਾਕੁਰੁ ਸੇਵਕੁ ਫੁਨਿ ਆਪੇ ॥ | You are the Master, and then again, You are the servant. |
| ਤੂੰ ਗੁਪਤੁ ਪਰਗਟੁ ਪ੍ਰਭ ਆਪੇ ॥ | O God, You Yourself are the Manifest and the Unmanifest. |
| ਨਾਨਕ ਦਾਸੁ ਸਦਾ ਗੁਣ ਗਾਵੈ ਇਕ ਭੋਰੀ ਨਦਰਿ ਨਿਹਾਲੀਐ ਜੀਉ ॥੪॥੨੧॥੨੮॥ | Slave Nanak sings Your Glorious Praises forever. Please, just for a moment, bless him with Your Glance of Grace. \|\|4\|\|21\|\|28\|\| |
| **੧੦੩** | **103** |
| ਮਾਝ ਮਹਲਾ ੫ ॥ | Maajh, Fifth Mehl: |
| ਸਫਲ ਸੁ ਬਾਣੀ ਜਿਤੁ ਨਾਮੁ ਵਖਾਣੀ ॥ | Blessed are those words, by which the Naam is chanted. |
| ਗੁਰ ਪਰਸਾਦਿ ਕਿਨੈ ਵਿਰਲੈ ਜਾਣੀ ॥ | Rare are those who know this, by Guru's Grace. |

ਧੰਨੁ ਸੁ ਵੇਲਾ ਜਿਤੁ ਹਰਿ ਗਾਵਤ ਸੁਨਣਾ ਆਏ ਤੇ ਪਰਵਾਨਾ ਜੀਉ ॥੧॥

Blessed is that time when one sings and hears the Lord's Name. Blessed and approved is the coming of such a one. ||1||

ਸੇ ਨੇਤ੍ਰ ਪਰਵਾਣੁ ਜਿਨੀ ਦਰਸਨੁ ਪੇਖਾ ॥

Those eyes which behold the Blessed Vision of the Lord's Darshan are approved and accepted.

ਸੇ ਕਰ ਭਲੇ ਜਿਨੀ ਹਰਿ ਜਸੁ ਲੇਖਾ ॥

Those hands which write the Praises of the Lord are good.

ਸੇ ਚਰਣ ਸੁਹਾਵੇ ਜੋ ਹਰਿ ਮਾਰਗਿ ਚਲੇ ਹਉ ਬਲਿ ਤਿਨ ਸੰਗਿ ਪਛਾਣਾ ਜੀਉ ॥੨॥

Those feet which walk in the Lord's Way are beautiful. I am a sacrifice to that Congregation in which the Lord is recognized. ||2||

ਸੁਣਿ ਸਾਜਨ ਮੇਰੇ ਮੀਤ ਪਿਆਰੇ ॥

Listen, O my beloved friends and companions:

ਸਾਧਸੰਗਿ ਖਿਨ ਮਾਹਿ ਉਧਾਰੇ ॥

in the Saadh Sangat, the Company of the Holy, you shall be saved in an instant.

ਕਿਲਵਿਖ ਕਾਟਿ ਹੋਆ ਮਨੁ ਨਿਰਮਲੁ ਮਿਟਿ ਗਏ ਆਵਣ ਜਾਣਾ ਜੀਉ ॥੩॥

Your sins will be cut out; your mind will be immaculate and pure. Your comings and goings shall cease. ||3||

ਦੁਇ ਕਰ ਜੋੜਿ ਇਕੁ ਬਿਨਉ ਕਰੀਜੈ ॥

With my palms pressed together, I offer this prayer:

ਕਰਿ ਕਿਰਪਾ ਡੁਬਦਾ ਪਥਰੁ ਲੀਜੈ ॥

please bless me with Your Mercy, and save this sinking stone.

ਨਾਨਕ ਕਉ ਪ੍ਰਭ ਭਏ ਕ੍ਰਿਪਾਲਾ ਪ੍ਰਭ ਨਾਨਕ ਮਨਿ ਭਾਣਾ ਜੀਉ ॥੪॥੨੨॥੨੯॥

God has become merciful to Nanak; God is pleasing to Nanak's mind. ||4||22||29||

ਮਾਝ ਮਹਲਾ ੫ ॥

Maajh, Fifth Mehl:

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥

The Word of Your Bani, Lord, is Ambrosial Nectar.

ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ ॥

Hearing it again and again, I am elevated to the supreme heights.

ਜਲਨਿ ਬੁਝੀ ਸੀਤਲੁ ਹੋਇ ਮਨੂਆ ਸਤਿਗੁਰ ਕਾ ਦਰਸਨੁ ਪਾਏ ਜੀਉ ॥੧॥

The burning within me has been extinguished, and my mind has been cooled and soothed, by the Blessed Vision of the True Guru. ||1||

ਸੂਖੁ ਭਇਆ ਦੁਖੁ ਦੂਰਿ ਪਰਾਨਾ ॥

Happiness is obtained, and sorrow runs far away,

ਸੰਤ ਰਸਨ ਹਰਿ ਨਾਮੁ ਵਖਾਨਾ ॥

when the Saints chant the Lord's Name.

| | |
|---|---|
| ਜਲ ਥਲ ਨੀਰਿ ਭਰੇ ਸਰ ਸੁਭਰ ਬਿਰਥਾ ਕੋਇ ਨ ਜਾਏ ਜੀਉ ॥੨॥ | The sea, the dry land, and the lakes are filled with the Water of the Lord's Name; no place is left empty. \|\|2\|\| |
| ਦਇਆ ਧਾਰੀ ਤਿਨਿ ਸਿਰਜਨਹਾਰੇ ॥ | The Creator has showered His Kindness; |
| ਜੀਅ ਜੰਤ ਸਗਲੇ ਪ੍ਰਤਿਪਾਰੇ ॥ | He cherishes and nurtures all beings and creatures. |
| ਮਿਹਰਵਾਨ ਕਿਰਪਾਲ ਦਇਆਲਾ ਸਗਲੇ ਤ੍ਰਿਪਤਿ ਅਘਾਏ ਜੀਉ ॥੩॥ | He is Merciful, Kind and Compassionate. All are satisfied and fulfilled through Him. \|\|3\|\| |
| ਵਣੁ ਤ੍ਰਿਣੁ ਤ੍ਰਿਭਵਣੁ ਕੀਤੋਨੁ ਹਰਿਆ ॥ | The woods, the meadows and the three worlds are rendered green. |
| ਕਰਣਹਾਰਿ ਖਿਨ ਭੀਤਰਿ ਕਰਿਆ ॥ | The Doer of all did this in an instant. |
| ਗੁਰਮੁਖਿ ਨਾਨਕ ਤਿਸੈ ਅਰਾਧੇ ਮਨ ਕੀ ਆਸ ਪੁਜਾਏ ਜੀਉ ॥੪॥੨੩॥੩੦॥ | As Gurmukh, Nanak meditates on the One who fulfills the desires of the mind. \|\|4\|\|23\|\|30\|\| |
| ਮਾਝ ਮਹਲਾ ੫ ॥ | Maajh, Fifth Mehl: |
| ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥ | You are my Father, and You are my Mother. |
| ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥ | You are my Relative, and You are my Brother. |
| ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥੧॥ | You are my Protector everywhere; why should I feel any fear or anxiety? \|\|1\|\| |
| ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥ | By Your Grace, I recognize You. |
| ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ ॥ | You are my Shelter, and You are my Honor. |
| ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ ॥੨॥ | Without You, there is no other; the entire Universe is the Arena of Your Play. \|\|2\|\| |
| ਜੀਅ ਜੰਤ ਸਭਿ ਤੁਧੁ ਉਪਾਏ ॥ | You have created all beings and creatures. |
| ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ ॥ | As it pleases You, You assign tasks to one and all. |
| ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ ॥੩॥ | All things are Your Doing; we can do nothing ourselves. \|\|3\|\| |
| ਨਾਮੁ ਧਿਆਇ ਮਹਾ ਸੁਖੁ ਪਾਇਆ ॥ | Meditating on the Naam, I have found great peace. |
| ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ ॥ | Singing the Glorious Praises of the Lord, my mind is cooled and soothed. |

ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ ॥੪॥੨੪॥੩੧॥

Through the Perfect Guru, congratulations are pouring in-Nanak is victorious on the arduous battlefield of life! ||4||24||31||

ਮਾਝ ਮਹਲਾ ੫ ॥

Maajh, Fifth Mehl:

ਜੀਅ ਪ੍ਰਾਣ ਪ੍ਰਭ ਮਨਹਿ ਅਧਾਰਾ ॥

God is the Breath of Life of my soul, the Support of my mind.

ਭਗਤ ਜੀਵਹਿ ਗੁਣ ਗਾਇ ਅਪਾਰਾ ॥

His devotees live by singing the Glorious Praises of the Infinite Lord.

ਗੁਣ ਨਿਧਾਨ ਅੰਮ੍ਰਿਤੁ ਹਰਿ ਨਾਮਾ ਹਰਿ ਧਿਆਇ ਧਿਆਇ ਸੁਖੁ ਪਾਇਆ ਜੀਉ ॥੧॥

The Ambrosial Name of the Lord is the Treasure of Excellence. Meditating, meditating on the Lord's Name, I have found peace. ||1||

ਮਨਸਾ ਧਾਰਿ ਜੋ ਘਰ ਤੇ ਆਵੈ ॥
ਸਾਧਸੰਗਿ ਜਨਮੁ ਮਰਣੁ ਮਿਟਾਵੈ ॥

One whose heart's desires lead him from his own home to the Saadh Sangat, the Company of the Holy, shall be rid of the cycle of birth and death.

## ੧੦੪

## 104

ਆਸ ਮਨੋਰਥੁ ਪੂਰਨੁ ਹੋਵੈ ਭੇਟਤ ਗੁਰ ਦਰਸਾਇਆ ਜੀਉ ॥੨॥

His hopes and desires are fulfilled, when he gains the Blessed Vision of the Guru's Darshan. ||2||

ਅਗਮ ਅਗੋਚਰ ਕਿਛੁ ਮਿਤਿ ਨਹੀ ਜਾਨੀ ॥

The limits of the Inaccessible and Unfathomable Lord cannot be known.

ਸਾਧਿਕ ਸਿਧ ਧਿਆਵਹਿ ਗਿਆਨੀ ॥

The seekers, the Siddhas, those beings of miraculous spiritual powers, and the spiritual teachers, all meditate on Him.

ਖੁਦੀ ਮਿਟੀ ਚੂਕਾ ਭੋਲਾਵਾ ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ ॥੩॥

Thus, their egos are erased, and their doubts are dispelled. The Guru has enlightened their minds. ||3||

ਅਨਦ ਮੰਗਲ ਕਲਿਆਣ ਨਿਧਾਨਾ ॥
ਸੂਖ ਸਹਜ ਹਰਿ ਨਾਮੁ ਵਖਾਨਾ ॥

I chant the Name of the Lord, the Treasure of bliss, joy, salvation, intuitive peace and poise.

ਹੋਇ ਕ੍ਰਿਪਾਲੁ ਸੁਆਮੀ ਅਪਨਾ ਨਾਉ ਨਾਨਕ ਘਰ ਮਹਿ ਆਇਆ ਜੀਉ ॥੪॥੨੫॥੩੨॥

When my Lord and Master blessed me with His Mercy, O Nanak, then His Name entered the home of my mind. ||4||25||32||

| | |
|---|---|
| ਮਾਝ ਮਹਲਾ ੫ ॥ | Maajh, Fifth Mehl: |
| ਸੁਣਿ ਸੁਣਿ ਜੀਵਾ ਸੋਇ ਤੁਮਾਰੀ ॥ | Hearing of You, I live. |
| ਤੂੰ ਪ੍ਰੀਤਮੁ ਠਾਕੁਰੁ ਅਤਿ ਭਾਰੀ ॥ | You are my Beloved, my Lord and Master, Utterly Great. |
| ਤੁਮਰੇ ਕਰਤਬ ਤੁਮ ਹੀ ਜਾਣਹੁ ਤੁਮਰੀ ਓਟ ਗੋਪਾਲਾ ਜੀਉ ॥੧॥ | You alone know Your Ways; I grasp Your Support, Lord of the World. ‖1‖ |
| ਗੁਣ ਗਾਵਤ ਮਨੁ ਹਰਿਆ ਹੋਵੈ ॥ | Singing Your Glorious Praises, my mind is rejuvenated. |
| ਕਥਾ ਸੁਣਤ ਮਲੁ ਸਗਲੀ ਖੋਵੈ ॥ | Hearing Your Sermon, all filth is removed. |
| ਭੇਟਤ ਸੰਗਿ ਸਾਧ ਸੰਤਨ ਕੈ ਸਦਾ ਜਪਉ ਦਇਆਲਾ ਜੀਉ ॥੨॥ | Joining the Saadh Sangat, the Company of the Holy, I meditate forever on the Merciful Lord. ‖2‖ |
| ਪ੍ਰਭੁ ਅਪੁਨਾ ਸਾਸਿ ਸਾਸਿ ਸਮਾਰਉ ॥ | I dwell on my God with each and every breath. |
| ਇਹ ਮਤਿ ਗੁਰ ਪ੍ਰਸਾਦਿ ਮਨਿ ਧਾਰਉ ॥ | This understanding has been implanted within my mind, by Guru's Grace. |
| ਤੁਮਰੀ ਕ੍ਰਿਪਾ ਤੇ ਹੋਇ ਪ੍ਰਗਾਸਾ ਸਰਬ ਮਇਆ ਪ੍ਰਤਿਪਾਲਾ ਜੀਉ ॥੩॥ | By Your Grace, the Divine Light has dawned. The Merciful Lord cherishes everyone. ‖3‖ |
| ਸਤਿ ਸਤਿ ਸਤਿ ਪ੍ਰਭੁ ਸੋਈ ॥ | True, True, True is that God. |
| ਸਦਾ ਸਦਾ ਸਦ ਆਪੇ ਹੋਈ ॥ | Forever, forever and ever, He Himself is. |
| ਚਲਿਤ ਤੁਮਾਰੇ ਪ੍ਰਗਟ ਪਿਆਰੇ ਦੇਖਿ ਨਾਨਕ ਭਏ ਨਿਹਾਲਾ ਜੀਉ ॥੪॥੨੬॥੩੩॥ | Your Playful Ways are revealed, O my Beloved. Beholding them, Nanak is enraptured. ‖4‖26‖33‖ |
| ਮਾਝ ਮਹਲਾ ੫ ॥ | Maajh, Fifth Mehl: |
| ਹੁਕਮੀ ਵਰਸਣ ਲਾਗੇ ਮੇਹਾ ॥ | By His Command, the rain begins to fall. |
| ਸਾਜਨ ਸੰਤ ਮਿਲਿ ਨਾਮੁ ਜਪੇਹਾ ॥ | The Saints and friends have met to chant the Naam. |
| ਸੀਤਲ ਸਾਂਤਿ ਸਹਜ ਸੁਖੁ ਪਾਇਆ ਠਾਢਿ ਪਾਈ ਪ੍ਰਭਿ ਆਪੇ ਜੀਉ ॥੧॥ | Serene tranquility and peaceful ease have come; God Himself has brought a deep and profound peace. ‖1‖ |
| ਸਭੁ ਕਿਛੁ ਬਹੁਤੋ ਬਹੁਤੁ ਉਪਾਇਆ ॥ | God has produced everything in great abundance. |
| ਕਰਿ ਕਿਰਪਾ ਪ੍ਰਭਿ ਸਗਲ ਰਜਾਇਆ ॥ | Granting His Grace, God has satisfied all. |
| ਦਾਤਿ ਕਰਹੁ ਮੇਰੇ ਦਾਤਾਰਾ ਜੀਅ ਜੰਤ ਸਭਿ ਧ੍ਰਾਪੇ ਜੀਉ ॥੨॥ | Bless us with Your Gifts, O my Great Giver. All beings and creatures are satisfied. ‖2‖ |

| | |
|---|---|
| ਸਚਾ ਸਾਹਿਬੁ ਸਚੀ ਨਾਈ ॥ | True is the Master, and True is His Name. |
| ਗੁਰ ਪਰਸਾਦਿ ਤਿਸੁ ਸਦਾ ਧਿਆਈ ॥ | By Guru's Grace, I meditate forever on Him. |
| ਜਨਮ ਮਰਣ ਭੈ ਕਾਟੇ ਮੋਹਾ ਬਿਨਸੇ ਸੋਗ ਸੰਤਾਪੇ ਜੀਉ ॥੩॥ | The fear of birth and death has been dispelled; emotional attachment, sorrow and suffering have been erased. ‖3‖ |
| ਸਾਸਿ ਸਾਸਿ ਨਾਨਕੁ ਸਾਲਾਹੇ ॥ | With each and every breath, Nanak praises the Lord. |
| ਸਿਮਰਤ ਨਾਮੁ ਕਾਟੇ ਸਭਿ ਫਾਹੇ ॥ | Meditating in remembrance on the Name, all bonds are cut away. |
| ਪੂਰਨ ਆਸ ਕਰੀ ਖਿਨ ਭੀਤਰਿ ਹਰਿ ਹਰਿ ਹਰਿ ਗੁਣ ਜਾਪੇ ਜੀਉ ॥੪॥੨੭॥੩੪॥ | One's hopes are fulfilled in an instant, chanting the Glorious Praises of the Lord, Har, Har, Har. ‖4‖27‖34‖ |
| ਮਾਝ ਮਹਲਾ ੫ ॥ | Maajh, Fifth Mehl: |
| ਆਉ ਸਾਜਨ ਸੰਤ ਮੀਤ ਪਿਆਰੇ ॥ | Come, dear friends, Saints and companions: |
| ਮਿਲਿ ਗਾਵਹ ਗੁਣ ਅਗਮ ਅਪਾਰੇ ॥ | let us join together and sing the Glorious Praises of the Inaccessible and Infinite Lord. |
| ਗਾਵਤ ਸੁਣਤ ਸਭੇ ਹੀ ਮੁਕਤੇ ਸੋ ਧਿਆਈਐ ਜਿਨਿ ਹਮ ਕੀਏ ਜੀਉ ॥੧॥ | Those who sing and hear these praises are liberated, so let us meditate on the One who created us. ‖1‖ |
| ਜਨਮ ਜਨਮ ਕੇ ਕਿਲਬਿਖ ਜਾਵਹਿ ॥ | The sins of countless incarnations depart, |
| ਮਨਿ ਚਿੰਦੇ ਸੇਈ ਫਲ ਪਾਵਹਿ ॥ | and we receive the fruits of the mind's desires. |
| ਸਿਮਰਿ ਸਾਹਿਬੁ ਸੋ ਸਚੁ ਸੁਆਮੀ ਰਿਜਕੁ ਸਭਸੁ ਕਉ ਦੀਏ ਜੀਉ ॥੨॥ | So meditate on that Lord, our True Lord and Master, who gives sustenance to all. ‖2‖ |
| ਨਾਮੁ ਜਪਤ ਸਰਬ ਸੁਖੁ ਪਾਈਐ ॥ | Chanting the Naam, all pleasures are obtained. |
| ਸਭੁ ਭਉ ਬਿਨਸੈ ਹਰਿ ਹਰਿ ਧਿਆਈਐ ॥ | All fears are erased, meditating on the Name of the Lord, Har, Har. |
| ਜਿਨਿ ਸੇਵਿਆ ਸੋ ਪਾਰਗਿਰਾਮੀ ਕਾਰਜ ਸਗਲੇ ਥੀਏ ਜੀਉ ॥੩॥ | One who serves the Lord swims across to the other side, and all his affairs are resolved. ‖3‖ |
| ਆਇ ਪਇਆ ਤੇਰੀ ਸਰਣਾਈ ॥ | I have come to Your Sanctuary; |
| ਜਿਉ ਭਾਵੈ ਤਿਉ ਲੈਹਿ ਮਿਲਾਈ ॥ | if it pleases You, unite me with You. |

੧੦੫ 105

| | |
|---|---|
| ਕਰਿ ਕਿਰਪਾ ਪ੍ਰਭੁ ਭਗਤੀ ਲਾਵਹੁ ਸਚੁ ਨਾਨਕ ਅੰਮ੍ਰਿਤੁ ਪੀਏ ਜੀਉ ॥੪॥੨੮॥੩੫॥ | Shower Your Mercy upon me, God; let me be committed to devotional worship. Nanak drinks in the Ambrosial Nectar of Truth. \|\|4\|\|28\|\|35\|\| |
| ਮਾਝ ਮਹਲਾ ੫ ॥ | Maajh, Fifth Mehl: |
| ਭਏ ਕ੍ਰਿਪਾਲ ਗੋਵਿੰਦ ਗੁਸਾਈ ॥ | The Lord of the Universe, the Support of the earth, has become Merciful; |
| ਮੇਘੁ ਵਰਸੈ ਸਭਨੀ ਥਾਈ ॥ | the rain is falling everywhere. |
| ਦੀਨ ਦਇਆਲ ਸਦਾ ਕਿਰਪਾਲਾ ਠਾਢਿ ਪਾਈ ਕਰਤਾਰੇ ਜੀਉ ॥੧॥ | He is Merciful to the meek, always Kind and Gentle; the Creator has brought cooling relief. \|\|1\|\| |
| ਅਪੁਨੇ ਜੀਅ ਜੰਤ ਪ੍ਰਤਿਪਾਰੇ ॥ | He cherishes all His beings and creatures, |
| ਜਿਉ ਬਾਰਿਕ ਮਾਤਾ ਸੰਮਾਰੇ ॥ | as the mother cares for her children. |
| ਦੁਖ ਭੰਜਨ ਸੁਖ ਸਾਗਰ ਸੁਆਮੀ ਦੇਤ ਸਗਲ ਆਹਾਰੇ ਜੀਉ ॥੨॥ | The Destroyer of pain, the Ocean of Peace, the Lord and Master gives sustenance to all. \|\|2\|\| |
| ਜਲਿ ਥਲਿ ਪੂਰਿ ਰਹਿਆ ਮਿਹਰਵਾਨਾ ॥ | The Merciful Lord is totally pervading and permeating the water and the land. |
| ਸਦ ਬਲਿਹਾਰਿ ਜਾਈਐ ਕੁਰਬਾਨਾ ॥ | I am forever devoted, a sacrifice to Him. |
| ਰੈਣਿ ਦਿਨਸੁ ਤਿਸੁ ਸਦਾ ਧਿਆਈ ਜਿ ਖਿਨ ਮਹਿ ਸਗਲ ਉਧਾਰੇ ਜੀਉ ॥੩॥ | Night and day, I always meditate on Him; in an instant, He saves all. \|\|3\|\| |
| ਰਾਖਿ ਲੀਏ ਸਗਲੇ ਪ੍ਰਭਿ ਆਪੇ ॥ | God Himself protects all; |
| ਉਤਰਿ ਗਏ ਸਭ ਸੋਗ ਸੰਤਾਪੇ ॥ | He drives out all sorrow and suffering. |
| ਨਾਮੁ ਜਪਤ ਮਨੁ ਤਨੁ ਹਰੀਆਵਲੁ ਪ੍ਰਭ ਨਾਨਕ ਨਦਰਿ ਨਿਹਾਰੇ ਜੀਉ ॥੪॥੨੯॥੩੬॥ | Chanting the Naam, the Name of the Lord, the mind and body are rejuvenated. O Nanak, God has bestowed His Glance of Grace. \|\|4\|\|29\|\|36\|\| |
| ਮਾਝ ਮਹਲਾ ੫ ॥ | Maajh, Fifth Mehl: |
| ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ॥ | Where the Naam, the Name of God the Beloved is chanted |
| ਸੇ ਅਸਥਲ ਸੋਇਨ ਚਉਬਾਰੇ ॥ | those barren places become mansions of gold. |
| ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ ॥੧॥ | Where the Naam, the Name of my Lord of the Universe is not chanted-those towns are like the barren wilderness. \|\|1\|\| |

| | |
|---|---|
| ਹਰਿ ਰੁਖੀ ਰੋਟੀ ਖਾਇ ਸਮਾਲੇ ॥ | One who meditates as he eats dry bread, |
| ਹਰਿ ਅੰਤਰਿ ਬਾਹਰਿ ਨਦਰਿ ਨਿਹਾਲੇ ॥ | sees the Blessed Lord inwardly and outwardly. |
| ਖਾਇ ਖਾਇ ਕਰੇ ਬਦਫੈਲੀ ਜਾਣੁ ਵਿਸੂ ਕੀ ਵਾੜੀ ਜੀਉ ॥੨॥ | Know this well, that one who eats and eats while practicing evil, is like a field of poisonous plants. \|\|2\|\| |
| ਸੰਤਾ ਸੇਤੀ ਰੰਗੁ ਨ ਲਾਏ ॥ | One who does not feel love for the Saints, |
| ਸਾਕਤ ਸੰਗਿ ਵਿਕਰਮ ਕਮਾਏ ॥ | misbehaves in the company of the wicked shaaktas, the faithless cynics; |
| ਦੁਲਭ ਦੇਹ ਖੋਈ ਅਗਿਆਨੀ ਜੜ ਅਪੁਣੀ ਆਪਿ ਉਪਾੜੀ ਜੀਉ ॥੩॥ | he wastes this human body, so difficult to obtain. In his ignorance, he tears up his own roots. \|\|3\|\| |
| ਤੇਰੀ ਸਰਣਿ ਮੇਰੇ ਦੀਨ ਦਇਆਲਾ ॥ | I seek Your Sanctuary, O my Lord, Merciful to the meek, |
| ਸੁਖ ਸਾਗਰ ਮੇਰੇ ਗੁਰ ਗੋਪਾਲਾ ॥ | Ocean of Peace, my Guru, Sustainer of the world. |
| ਕਰਿ ਕਿਰਪਾ ਨਾਨਕੁ ਗੁਣ ਗਾਵੈ ਰਾਖਹੁ ਸਰਮ ਅਸਾੜੀ ਜੀਉ ॥੪॥੩੦॥੩੭॥ | Shower Your Mercy upon Nanak, that he may sing Your Glorious Praises; please, preserve my honor. \|\|4\|\|30\|\|37\|\| |
| ਮਾਝ ਮਹਲਾ ੫ ॥ | Maajh, Fifth Mehl: |
| ਚਰਣ ਠਾਕੁਰ ਕੇ ਰਿਦੈ ਸਮਾਣੇ ॥ | I cherish in my heart the Feet of my Lord and Master. |
| ਕਲਿ ਕਲੇਸ ਸਭ ਦੂਰਿ ਪਇਆਣੇ ॥ | All my troubles and sufferings have run away. |
| ਸਾਂਤਿ ਸੂਖ ਸਹਜ ਧੁਨਿ ਉਪਜੀ ਸਾਧੂ ਸੰਗਿ ਨਿਵਾਸਾ ਜੀਉ ॥੧॥ | The music of intuitive peace, poise and tranquility wells up within; I dwell in the Saadh Sangat, the Company of the Holy. \|\|1\|\| |
| ਲਾਗੀ ਪ੍ਰੀਤਿ ਨ ਤੂਟੈ ਮੂਲੇ ॥ | The bonds of love with the Lord are never broken. |
| ਹਰਿ ਅੰਤਰਿ ਬਾਹਰਿ ਰਹਿਆ ਭਰਪੂਰੇ ॥ | The Lord is totally permeating and pervading inside and out. |
| ਸਿਮਰਿ ਸਿਮਰਿ ਸਿਮਰਿ ਗੁਣ ਗਾਵਾ ਕਾਟੀ ਜਮ ਕੀ ਫਾਸਾ ਜੀਉ ॥੨॥ | Meditating, meditating, meditating in remembrance on Him, singing His Glorious Praises, the noose of death is cut away. \|\|2\|\| |
| ਅੰਮ੍ਰਿਤੁ ਵਰਖੈ ਅਨਹਦ ਬਾਣੀ ॥ | The Ambrosial Nectar, the Unstruck Melody of Gurbani rains down continually; |
| ਮਨ ਤਨ ਅੰਤਰਿ ਸਾਂਤਿ ਸਮਾਣੀ ॥ | deep within my mind and body, peace and tranquility have come. |

ਤ੍ਰਿਪਤਿ ਅਘਾਇ ਰਹੇ ਜਨ ਤੇਰੇ ਸਤਿਗੁਰਿ ਕੀਆ ਦਿਲਾਸਾ ਜੀਉ ॥੩॥

Your humble servants remain satisfied and fulfilled, and the True Guru blesses them with encouragement and comfort. ||3||

ਜਿਸ ਕਾ ਸਾ ਤਿਸ ਤੇ ਫਲੁ ਪਾਇਆ ॥

We are His, and from Him, we receive our rewards.

ਕਰਿ ਕਿਰਪਾ ਪ੍ਰਭ ਸੰਗਿ ਮਿਲਾਇਆ ॥

Showering His Mercy upon us, God has united us with Him.

ਆਵਣ ਜਾਣ ਰਹੇ ਵਡਭਾਗੀ ਨਾਨਕ ਪੂਰਨ ਆਸਾ ਜੀਉ ॥੪॥੩੧॥੩੮॥

Our comings and goings have ended, and through great good fortune, O Nanak, our hopes are fulfilled. ||4||31||38||

ਮਾਝ ਮਹਲਾ ੫ ॥

Maajh, Fifth Mehl:

ਮੀਹੁ ਪਇਆ ਪਰਮੇਸਰਿ ਪਾਇਆ ॥

The rain has fallen; I have found the Transcendent Lord God.

ਜੀਅ ਜੰਤ ਸਭਿ ਸੁਖੀ ਵਸਾਇਆ ॥

All beings and creatures dwell in peace.

ਗਇਆ ਕਲੇਸੁ ਭਇਆ ਸੁਖੁ ਸਾਚਾ ਹਰਿ ਹਰਿ ਨਾਮੁ ਸਮਾਲੀ ਜੀਉ ॥੧॥

Suffering has been dispelled, and true happiness has dawned, as we meditate on the Name of the Lord, Har, Har. ||1||

ਜਿਸ ਕੇ ਸੇ ਤਿਨ ਹੀ ਪ੍ਰਤਿਪਾਰੇ ॥

The One, to whom we belong, cherishes and nurtures us.

ਪਾਰਬ੍ਰਹਮ ਪ੍ਰਭ ਭਏ ਰਖਵਾਰੇ ॥

The Supreme Lord God has become our Protector.

ਸੁਣੀ ਬੇਨੰਤੀ ਠਾਕੁਰਿ ਮੇਰੈ ਪੂਰਨ ਹੋਈ ਘਾਲੀ ਜੀਉ ॥੨॥

My Lord and Master has heard my prayer; my efforts have been rewarded. ||2||

## ੧੦੬

## 106

ਸਰਬ ਜੀਆ ਕਉ ਦੇਵਣਹਾਰਾ ॥

He is the Giver of all souls.

ਗੁਰ ਪਰਸਾਦੀ ਨਦਰਿ ਨਿਹਾਰਾ ॥

By Guru's Grace, He blesses us with His Glance of Grace.

ਜਲ ਥਲ ਮਹੀਅਲ ਸਭਿ ਤ੍ਰਿਪਤਾਣੇ ਸਾਧੂ ਚਰਨ ਪਖਾਲੀ ਜੀਉ ॥੩॥

The beings in the water, on the land and in the sky are all satisfied; I wash the Feet of the Holy. ||3||

ਮਨ ਕੀ ਇਛ ਪੁਜਾਵਣਹਾਰਾ ॥

He is the Fulfiller of the desires of the mind.

ਸਦਾ ਸਦਾ ਜਾਈ ਬਲਿਹਾਰਾ ॥

Forever and ever, I am a sacrifice to Him.

ਨਾਨਕ ਦਾਨੁ ਕੀਆ ਦੁਖ ਭੰਜਨਿ ਰਤੇ ਰੰਗਿ ਰਸਾਲੀ ਜੀਉ ॥੪॥੩੨॥੩੯॥

O Nanak, the Destroyer of pain has given this Gift; I am imbued with the Love of the Delightful Lord. ||4||32||39||

| | |
|---|---|
| ਮਾਝ ਮਹਲਾ ੫ ॥ | Maajh, Fifth Mehl: |
| ਮਨੁ ਤਨੁ ਤੇਰਾ ਧਨੁ ਭੀ ਤੇਰਾ ॥ | Mind and body are Yours; all wealth is Yours. |
| ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ ॥ | You are my God, my Lord and Master. |
| ਜੀਉ ਪਿੰਡੁ ਸਭੁ ਰਾਸਿ ਤੁਮਾਰੀ ਤੇਰਾ ਜੋਰੁ ਗੋਪਾਲਾ ਜੀਉ ॥੧॥ | Body and soul and all riches are Yours. Yours is the Power, O Lord of the World. \|\|1\|\| |
| ਸਦਾ ਸਦਾ ਤੂੰਹੈ ਸੁਖਦਾਈ ॥ | Forever and ever, You are the Giver of Peace. |
| ਨਿਵਿ ਨਿਵਿ ਲਾਗਾ ਤੇਰੀ ਪਾਈ ॥ | I bow down and fall at Your Feet. |
| ਕਾਰ ਕਮਾਵਾ ਜੇ ਤੁਧੁ ਭਾਵਾ ਜਾ ਤੂੰ ਦੇਹਿ ਦਇਆਲਾ ਜੀਉ ॥੨॥ | I act as it pleases You, as You cause me to act, Kind and Compassionate Dear Lord. \|\|2\|\| |
| ਪ੍ਰਭ ਤੁਮ ਤੇ ਲਹਣਾ ਤੂੰ ਮੇਰਾ ਗਹਣਾ ॥ | O God, from You I receive; You are my decoration. |
| ਜੋ ਤੂੰ ਦੇਹਿ ਸੋਈ ਸੁਖੁ ਸਹਣਾ ॥ | Whatever You give me, brings me happiness. |
| ਜਿਥੈ ਰਖਹਿ ਬੈਕੁੰਠੁ ਤਿਥਾਈ ਤੂੰ ਸਭਨਾ ਕੇ ਪ੍ਰਤਿਪਾਲਾ ਜੀਉ ॥੩॥ | Wherever You keep me, is heaven. You are the Cherisher of all. \|\|3\|\| |
| ਸਿਮਰਿ ਸਿਮਰਿ ਨਾਨਕ ਸੁਖੁ ਪਾਇਆ ॥ | Meditating, meditating in remembrance, Nanak has found peace. |
| ਆਠ ਪਹਰ ਤੇਰੇ ਗੁਣ ਗਾਇਆ ॥ | Twenty-four hours a day, I sing Your Glorious Praises. |
| ਸਗਲ ਮਨੋਰਥ ਪੂਰਨ ਹੋਏ ਕਦੇ ਨ ਹੋਇ ਦੁਖਾਲਾ ਜੀਉ ॥੪॥੩੩॥੪੦॥ | All my hopes and desires are fulfilled; I shall never again suffer sorrow. \|\|4\|\|33\|\|40\|\| |
| ਮਾਝ ਮਹਲਾ ੫ ॥ | Maajh, Fifth Mehl: |
| ਪਾਰਬ੍ਰਹਮਿ ਪ੍ਰਭਿ ਮੇਘੁ ਪਠਾਇਆ ॥ | The Supreme Lord God has unleashed the rain clouds. |
| ਜਲਿ ਥਲਿ ਮਹੀਅਲਿ ਦਹ ਦਿਸਿ ਵਰਸਾਇਆ ॥ | Over the sea and over the land-over all the earth's surface, in all directions, He has brought the rain. |
| ਸਾਂਤਿ ਭਈ ਬੁਝੀ ਸਭ ਤ੍ਰਿਸਨਾ ਅਨਦੁ ਭਇਆ ਸਭ ਠਾਈ ਜੀਉ ॥੧॥ | Peace has come, and the thirst of all has been quenched; there is joy and ecstasy everywhere. \|\|1\|\| |
| ਸੁਖਦਾਤਾ ਦੁਖ ਭੰਜਨਹਾਰਾ ॥ | He is the Giver of Peace, the Destroyer of pain. |
| ਆਪੇ ਬਖਸਿ ਕਰੇ ਜੀਅ ਸਾਰਾ ॥ | He gives and forgives all beings. |

ਅਪਨੇ ਕੀਤੇ ਨੋ ਆਪਿ ਪ੍ਰਤਿਪਾਲੇ ਪਇ ਪੈਰੀ ਤਿਸਹਿ ਮਨਾਈ ਜੀਉ ॥੨॥

He Himself nurtures and cherishes His Creation. I fall at His Feet and surrender to Him. ||2||

ਜਾ ਕੀ ਸਰਣਿ ਪਇਆ ਗਤਿ ਪਾਈਐ ॥

Seeking His Sanctuary, salvation is obtained.

ਸਾਸਿ ਸਾਸਿ ਹਰਿ ਨਾਮੁ ਧਿਆਈਐ ॥

With each and every breath, I meditate on the Lord's Name.

ਤਿਸੁ ਬਿਨੁ ਹੋਰੁ ਨ ਦੂਜਾ ਠਾਕੁਰੁ ਸਭ ਤਿਸੈ ਕੀਆ ਜਾਈ ਜੀਉ ॥੩॥

Without Him, there is no other Lord and Master. All places belong to Him. ||3||

ਤੇਰਾ ਮਾਣੁ ਤਾਣੁ ਪ੍ਰਭ ਤੇਰਾ ॥

Yours is the Honor, God, and Yours is the Power.

ਤੂੰ ਸਚਾ ਸਾਹਿਬੁ ਗੁਣੀ ਗਹੇਰਾ ॥

You are the True Lord and Master, the Ocean of Excellence.

ਨਾਨਕੁ ਦਾਸੁ ਕਹੈ ਬੇਨੰਤੀ ਆਠ ਪਹਰ ਤੁਧੁ ਧਿਆਈ ਜੀਉ ॥੪॥੩੪॥੪੧॥

Servant Nanak utters this prayer: may I meditate on You twenty-four hours a day. ||4||34||41||

ਮਾਝ ਮਹਲਾ ੫ ॥

Maajh, Fifth Mehl:

ਸਭੇ ਸੁਖ ਭਏ ਪ੍ਰਭ ਤੁਠੇ ॥

All happiness comes, when God is pleased.

ਗੁਰ ਪੂਰੇ ਕੇ ਚਰਣ ਮਨਿ ਵੁਠੇ ॥

The Feet of the Perfect Guru dwell in my mind.

ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥੧॥

I am intuitively absorbed in the state of Samaadhi deep within. God alone knows this sweet pleasure. ||1||

ਅਗਮ ਅਗੋਚਰੁ ਸਾਹਿਬੁ ਮੇਰਾ ॥

My Lord and Master is Inaccessible and Unfathomable.

ਘਟ ਘਟ ਅੰਤਰਿ ਵਰਤੈ ਨੇਰਾ ॥

Deep within each and every heart, He dwells near and close at hand.

ਸਦਾ ਅਲਿਪਤੁ ਜੀਆ ਕਾ ਦਾਤਾ ਕੋ ਵਿਰਲਾ ਆਪੁ ਪਛਾਣੈ ਜੀਉ ॥੨॥

He is always detached; He is the Giver of souls. How rare is that person who understands his own self. ||2||

ਪ੍ਰਭ ਮਿਲਣੈ ਕੀ ਏਹ ਨੀਸਾਣੀ ॥

This is the sign of union with God:

ਮਨਿ ਇਕੋ ਸਚਾ ਹੁਕਮੁ ਪਛਾਣੀ ॥

in the mind, the Command of the True Lord is recognized.

ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ ॥੩॥

Intuitive peace and poise, contentment, enduring satisfaction and bliss come through the Pleasure of the Master's Will. ||3||

ਹਥੀ ਦਿਤੀ ਪ੍ਰਭਿ ਦੇਵਣਹਾਰੈ ॥

God, the Great Giver, has given me His Hand.

ਜਨਮ ਮਰਣ ਰੋਗ ਸਭਿ ਨਿਵਾਰੇ ॥

He has erased all the sickness of birth and death.

ਨਾਨਕ ਦਾਸ ਕੀਏ ਪ੍ਰਭਿ ਅਪੁਨੇ ਹਰਿ ਕੀਰਤਨਿ ਰੰਗ ਮਾਣੇ ਜੀਉ ॥੪॥੩੫॥੪੨॥

O Nanak, those whom God has made His slaves, rejoice in the pleasure of singing the Kirtan of the Lord's Praises. ||4||35||42||

## ੧੦੭

## 107

ਮਾਝ ਮਹਲਾ ੫ ॥

Maajh, Fifth Mehl:

ਕੀਨੀ ਦਇਆ ਗੋਪਾਲ ਗੁਸਾਈ ॥

The Life of the World, the Sustainer of the Earth, has showered His Mercy;

ਗੁਰ ਕੇ ਚਰਣ ਵਸੇ ਮਨ ਮਾਹੀ ॥

the Guru's Feet have come to dwell within my mind.

ਅੰਗੀਕਾਰੁ ਕੀਆ ਤਿਨਿ ਕਰਤੈ ਦੁਖ ਕਾ ਡੇਰਾ ਢਾਹਿਆ ਜੀਉ ॥੧॥

The Creator has made me His Own. He has destroyed the city of sorrow. ||1||

ਮਨਿ ਤਨਿ ਵਸਿਆ ਸਚਾ ਸੋਈ ॥

The True One abides within my mind and body;

ਬਿਖੜਾ ਥਾਨੁ ਨ ਦਿਸੈ ਕੋਈ ॥

no place seems difficult to me now.

ਦੂਤ ਦੁਸਮਣ ਸਭਿ ਸਜਣ ਹੋਏ ਏਕੋ ਸੁਆਮੀ ਆਹਿਆ ਜੀਉ ॥੨॥

All the evil-doers and enemies have now become my friends. I long only for my Lord and Master. ||2||

ਜੋ ਕਿਛੁ ਕਰੇ ਸੁ ਆਪੇ ਆਪੈ ॥

Whatever He does, He does all by Himself.

ਬੁਧਿ ਸਿਆਣਪ ਕਿਛੂ ਨ ਜਾਪੈ ॥

No one can know His Ways.

ਆਪਣਿਆ ਸੰਤਾ ਨੋ ਆਪਿ ਸਹਾਈ ਪ੍ਰਭਿ ਭਰਮ ਭੁਲਾਵਾ ਲਾਹਿਆ ਜੀਉ ॥੩॥

He Himself is the Helper and Support of His Saints. God has cast out my doubts and delusions. ||3||

ਚਰਣ ਕਮਲ ਜਨ ਕਾ ਆਧਾਰੋ ॥

His Lotus Feet are the Support of His humble servants.

ਆਠ ਪਹਰ ਰਾਮ ਨਾਮੁ ਵਾਪਾਰੋ ॥

Twenty-four hours a day, they deal in the Name of the Lord.

ਸਹਜ ਅਨੰਦ ਗਾਵਹਿ ਗੁਣ ਗੋਵਿੰਦ ਪ੍ਰਭ ਨਾਨਕ ਸਰਬ ਸਮਾਹਿਆ ਜੀਉ ॥੪॥੩੬॥੪੩॥

In peace and pleasure, they sing the Glorious Praises of the Lord of the Universe. O Nanak, God is permeating everywhere. ||4||36||43||

ਮਾਝ ਮਹਲਾ ੫ ॥

Maajh, Fifth Mehl:

ਸੋ ਸਚੁ ਮੰਦਰੁ ਜਿਤੁ ਸਚੁ ਧਿਆਈਐ ॥

True is that temple, within which one meditates on the True Lord.

ਸੋ ਰਿਦਾ ਸੁਹੇਲਾ ਜਿਤੁ ਹਰਿ ਗੁਣ ਗਾਈਐ ॥

Blessed is that heart, within which the Lord's Glorious Praises are sung.

ਸਾ ਧਰਤਿ ਸੁਹਾਵੀ ਜਿਤੁ ਵਸਹਿ ਹਰਿ ਜਨ ਸਚੇ ਨਾਮ ਵਿਟਹੁ ਕੁਰਬਾਣੋ ਜੀਉ ॥੧॥

Beautiful is that land, where the Lord's humble servants dwell. I am a sacrifice to the True Name. ||1||

ਸਚੁ ਵਡਾਈ ਕੀਮ ਨ ਪਾਈ ॥

The extent of the True Lord's Greatness cannot be known.

ਕੁਦਰਤਿ ਕਰਮੁ ਨ ਕਹਣਾ ਜਾਈ ॥

His Creative Power and His Bounties cannot be described.

ਧਿਆਇ ਧਿਆਇ ਜੀਵਹਿ ਜਨ ਤੇਰੇ ਸਚੁ ਸਬਦੁ ਮਨਿ ਮਾਣੋ ਜੀਉ ॥੨॥

Your humble servants live by meditating, meditating on You. Their minds treasure the True Word of the Shabad. ||2||

ਸਚੁ ਸਾਲਾਹਣੁ ਵਡਭਾਗੀ ਪਾਈਐ ॥

The Praises of the True One are obtained by great good fortune.

ਗੁਰ ਪਰਸਾਦੀ ਹਰਿ ਗੁਣ ਗਾਈਐ ॥

By Guru's Grace, the Glorious Praises of the Lord are sung.

ਰੰਗਿ ਰਤੇ ਤੇਰੈ ਤੁਧੁ ਭਾਵਹਿ ਸਚੁ ਨਾਮੁ ਨੀਸਾਣੋ ਜੀਉ ॥੩॥

Those who are imbued with Your Love are pleasing to You. The True Name is their Banner and Insignia. ||3||

ਸਚੇ ਅੰਤੁ ਨ ਜਾਣੈ ਕੋਈ ॥

No one knows the limits of the True Lord.

ਥਾਨਿ ਥਨੰਤਰਿ ਸਚਾ ਸੋਈ ॥

In all places and interspaces, the True One is pervading.

ਨਾਨਕ ਸਚੁ ਧਿਆਈਐ ਸਦ ਹੀ ਅੰਤਰਜਾਮੀ ਜਾਣੋ ਜੀਉ ॥੪॥੩੭॥੪੪॥

O Nanak, meditate forever on the True One, the Searcher of hearts, the Knower of all. ||4||37||44||

ਮਾਝ ਮਹਲਾ ੫ ॥

Maajh, Fifth Mehl:

ਰੈਣਿ ਸੁਹਾਵੜੀ ਦਿਨਸੁ ਸੁਹੇਲਾ ॥

Beautiful is the night, and beautiful is the day,

ਜਪਿ ਅੰਮ੍ਰਿਤ ਨਾਮੁ ਸੰਤਸੰਗਿ ਮੇਲਾ ॥

when one joins the Society of the Saints and chants the Ambrosial Naam.

ਘੜੀ ਮੂਰਤ ਸਿਮਰਤ ਪਲ ਵੰਞਹਿ ਜੀਵਣੁ ਸਫਲੁ ਤਿਥਾਈ ਜੀਉ ॥੧॥

If you remember the Lord in meditation for a moment, even for an instant, then your life will become fruitful and prosperous. ||1||

| | |
|---|---|
| ਸਿਮਰਤ ਨਾਮੁ ਦੋਖ ਸਭਿ ਲਾਥੇ ॥ | Remembering the Naam, the Name of the Lord, all sinful mistakes are erased. |
| ਅੰਤਰਿ ਬਾਹਰਿ ਹਰਿ ਪ੍ਰਭੁ ਸਾਥੇ ॥ | Inwardly and outwardly, the Lord God is always with us. |
| ਭੈ ਭਉ ਭਰਮੁ ਖੋਇਆ ਗੁਰਿ ਪੂਰੈ ਦੇਖਾ ਸਭਨੀ ਜਾਈ ਜੀਉ ॥੨॥ | Fear, dread and doubt have been dispelled by the Perfect Guru; now, I see God everywhere. ‖2‖ |
| ਪ੍ਰਭੁ ਸਮਰਥੁ ਵਡ ਊਚ ਅਪਾਰਾ ॥ | God is All-powerful, Vast, Lofty and Infinite. |
| ਨਉ ਨਿਧਿ ਨਾਮੁ ਭਰੇ ਭੰਡਾਰਾ ॥ | The Naam is overflowing with the nine treasures. |
| ਆਦਿ ਅੰਤਿ ਮਧਿ ਪ੍ਰਭੁ ਸੋਈ ਦੂਜਾ ਲਵੈ ਨ ਲਾਈ ਜੀਉ ॥੩॥ | In the beginning, in the middle, and in the end, there is God. Nothing else even comes close to Him. ‖3‖ |
| ਕਰਿ ਕਿਰਪਾ ਮੇਰੇ ਦੀਨ ਦਇਆਲਾ ॥ | Take pity on me, O my Lord, Merciful to the meek. |
| ਜਾਚਿਕੁ ਜਾਚੈ ਸਾਧ ਰਵਾਲਾ ॥ | I am a beggar, begging for the dust of the feet of the Holy. |
| ਦੇਹਿ ਦਾਨੁ ਨਾਨਕੁ ਜਨੁ ਮਾਗੈ ਸਦਾ ਸਦਾ ਹਰਿ ਧਿਆਈ ਜੀਉ ॥੪॥੩੮॥੪੫॥ | Servant Nanak begs for this gift: let me meditate on the Lord, forever and ever. ‖4‖38‖45‖ |
| ਮਾਝ ਮਹਲਾ ੫ ॥ | Maajh, Fifth Mehl: |
| ਐਥੈ ਤੂੰਹੈ ਆਗੈ ਆਪੇ ॥ | You are here, and You are hereafter. |
| ਜੀਅ ਜੰਤ੍ਰ ਸਭਿ ਤੇਰੇ ਥਾਪੇ ॥ | All beings and creatures were created by You. |
| ਤੁਧੁ ਬਿਨੁ ਅਵਰੁ ਨ ਕੋਈ ਕਰਤੇ ਮੈ ਧਰ ਓਟ ਤੁਮਾਰੀ ਜੀਉ ॥੧॥ | Without You, there is no other, O Creator. You are my Support and my Protection. ‖1‖ |
| ਰਸਨਾ ਜਪਿ ਜਪਿ ਜੀਵੈ ਸੁਆਮੀ ॥ | The tongue lives by chanting and meditating on the Lord’s Name. |
| ਪਾਰਬ੍ਰਹਮ ਪ੍ਰਭ ਅੰਤਰਜਾਮੀ ॥ | The Supreme Lord God is the Inner-knower, the Searcher of hearts. |
| ਜਿਨਿ ਸੇਵਿਆ ਤਿਨ ਹੀ ਸੁਖੁ ਪਾਇਆ ਸੋ ਜਨਮੁ ਨ ਜੂਐ ਹਾਰੀ ਜੀਉ ॥੨॥ | Those who serve the Lord find peace; they do not lose their lives in the gamble. ‖2‖ |
| ਨਾਮੁ ਅਵਖਧੁ ਜਿਨਿ ਜਨ ਤੇਰੈ ਪਾਇਆ ॥ | Your humble servant, who obtains the Medicine of the Naam, |

| ੧੦੮ | 108 |
|---|---|
| ਜਨਮ ਜਨਮ ਕਾ ਰੋਗੁ ਗਵਾਇਆ ॥ | is rid of the illnesses of countless lifetimes and incarnations. |
| ਹਰਿ ਕੀਰਤਨੁ ਗਾਵਹੁ ਦਿਨੁ ਰਾਤੀ ਸਫਲ ਏਹਾ ਹੈ ਕਾਰੀ ਜੀਉ ॥੩॥ | So sing the Kirtan of the Lord's Praises, day and night. This is the most fruitful occupation. \|\|3\|\| |
| ਦ੍ਰਿਸਟਿ ਧਾਰਿ ਅਪਨਾ ਦਾਸੁ ਸਵਾਰਿਆ ॥ | Bestowing His Glance of Grace, He has adorned His slave. |
| ਘਟ ਘਟ ਅੰਤਰਿ ਪਾਰਬ੍ਰਹਮੁ ਨਮਸਕਾਰਿਆ ॥ | Deep within each and every heart, the Supreme Lord is humbly worshipped. |
| ਇਕਸੁ ਵਿਣੁ ਹੋਰੁ ਦੂਜਾ ਨਾਹੀ ਬਾਬਾ ਨਾਨਕ ਇਹ ਮਤਿ ਸਾਰੀ ਜੀਉ ॥੪॥੩੯॥੪੬॥ | Without the One, there is no other at all. O Baba Nanak, this is the most excellent wisdom. \|\|4\|\|39\|\|46\|\| |
| ਮਾਝ ਮਹਲਾ ੫ ॥ | Maajh, Fifth Mehl: |
| ਮਨੁ ਤਨੁ ਰਤਾ ਰਾਮ ਪਿਆਰੇ ॥ | My mind and body are imbued with love for the Lord. |
| ਸਰਬਸੁ ਦੀਜੈ ਅਪਨਾ ਵਾਰੇ ॥ | I sacrifice everything for Him. |
| ਆਠ ਪਹਰ ਗੋਵਿੰਦ ਗੁਣ ਗਾਈਐ ਬਿਸਰੁ ਨ ਕੋਈ ਸਾਸਾ ਜੀਉ ॥੧॥ | Twenty-four hours a day, sing the Glorious Praises of the Lord of the Universe. Do not forget Him, for even one breath. \|\|1\|\| |
| ਸੋਈ ਸਾਜਨ ਮੀਤੁ ਪਿਆਰਾ ॥ | He is a companion, a friend, and a beloved of mine, |
| ਰਾਮ ਨਾਮੁ ਸਾਧਸੰਗਿ ਬੀਚਾਰਾ ॥ | who reflects upon the Lord's Name, in the Company of the Holy. |
| ਸਾਧੂ ਸੰਗਿ ਤਰੀਜੈ ਸਾਗਰੁ ਕਟੀਐ ਜਮ ਕੀ ਫਾਸਾ ਜੀਉ ॥੨॥ | In the Saadh Sangat, the Company of the Holy, cross over the world-ocean, and the noose of death shall be cut away. \|\|2\|\| |
| ਚਾਰਿ ਪਦਾਰਥ ਹਰਿ ਕੀ ਸੇਵਾ ॥ | The four cardinal blessings are obtained by serving the Lord. |
| ਪਾਰਜਾਤੁ ਜਪਿ ਅਲਖ ਅਭੇਵਾ ॥ | The Elysian Tree, the source of all blessings, is meditation on the Unseen and Unknowable Lord. |
| ਕਾਮੁ ਕ੍ਰੋਧੁ ਕਿਲਬਿਖ ਗੁਰਿ ਕਾਟੇ ਪੂਰਨ ਹੋਈ ਆਸਾ ਜੀਉ ॥੩॥ | The Guru has cut out the sinful mistakes of sexual desire and anger, and my hopes have been fulfilled. \|\|3\|\| |
| ਪੂਰਨ ਭਾਗ ਭਏ ਜਿਸੁ ਪ੍ਰਾਣੀ ॥ ਸਾਧਸੰਗਿ ਮਿਲੇ ਸਾਰੰਗਪਾਣੀ ॥ | That mortal who is blessed by perfect destiny meets the Lord, the Sustainer of the Universe, in the Company of the Holy. |

| | |
|---|---|
| ਨਾਨਕ ਨਾਮੁ ਵਸਿਆ ਜਿਸੁ ਅੰਤਰਿ ਪਰਵਾਣੁ ਗਿਰਸਤ ਉਦਾਸਾ ਜੀਉ ॥੪॥੪੦॥੪੭॥ | O Nanak, if the Naam, the Name of the Lord, dwells within the mind, one is approved and accepted, whether he is a house-holder or a renunciate. \|\|4\|\|40\|\|47\|\| |
| ਮਾਝ ਮਹਲਾ ੫ ॥ | Maajh, Fifth Mehl: |
| ਸਿਮਰਤ ਨਾਮੁ ਰਿਦੈ ਸੁਖੁ ਪਾਇਆ ॥ | Meditating on the Naam, the Name of the Lord, my heart is filled with peace. |
| ਕਰਿ ਕਿਰਪਾ ਭਗਤੀ ਪ੍ਰਗਟਾਇਆ ॥ | By His Grace, His devotees become famous and acclaimed. |
| ਸੰਤਸੰਗਿ ਮਿਲਿ ਹਰਿ ਹਰਿ ਜਪਿਆ ਬਿਨਸੇ ਆਲਸ ਰੋਗਾ ਜੀਉ ॥੧॥ | Joining the Society of the Saints, I chant the Name of the Lord, Har, Har; the disease of laziness has disappeared. \|\|1\|\| |
| ਜਾ ਕੈ ਗ੍ਰਿਹਿ ਨਵ ਨਿਧਿ ਹਰਿ ਭਾਈ ॥ | O Siblings of Destiny, the nine treasures are found in the Home of the Lord; |
| ਤਿਸੁ ਮਿਲਿਆ ਜਿਸੁ ਪੁਰਬ ਕਮਾਈ ॥ | He comes to meet those who deserve it by their past actions. |
| ਗਿਆਨ ਧਿਆਨ ਪੂਰਨ ਪਰਮੇਸੁਰ ਪ੍ਰਭੁ ਸਭਨਾ ਗਲਾ ਜੋਗਾ ਜੀਉ ॥੨॥ | The Perfect Transcendent Lord is spiritual wisdom and meditation. God is All-powerful to do all things. \|\|2\|\| |
| ਖਿਨ ਮਹਿ ਥਾਪਿ ਉਥਾਪਨਹਾਰਾ ॥ | In an instant, He establishes and disestablishes. |
| ਆਪਿ ਇਕੰਤੀ ਆਪਿ ਪਸਾਰਾ ॥ | He Himself is the One, and He Himself is the Many. |
| ਲੇਪੁ ਨਹੀ ਜਗਜੀਵਨ ਦਾਤੇ ਦਰਸਨ ਡਿਠੇ ਲਹਨਿ ਵਿਜੋਗਾ ਜੀਉ ॥੩॥ | Filth does not stick to the Giver, the Life of the World. Gazing upon the Blessed Vision of His Darshan, the pain of separation departs. \|\|3\|\| |
| ਅੰਚਲਿ ਲਾਇ ਸਭ ਸਿਸਟਿ ਤਰਾਈ ॥ | Holding on to the hem of His Robe, the entire Universe is saved. |
| ਆਪਣਾ ਨਾਉ ਆਪਿ ਜਪਾਈ ॥ | He Himself causes His Name to be chanted. |
| ਗੁਰ ਬੋਹਿਥੁ ਪਾਇਆ ਕਿਰਪਾ ਤੇ ਨਾਨਕ ਧੁਰਿ ਸੰਜੋਗਾ ਜੀਉ ॥੪॥੪੧॥੪੮॥ | The Boat of the Guru is found by His Grace; O Nanak, such blessed destiny is pre-ordained. \|\|4\|\|41\|\|48\|\| |
| ਮਾਝ ਮਹਲਾ ੫ ॥ | Maajh, Fifth Mehl: |
| ਸੋਈ ਕਰਣਾ ਜਿ ਆਪਿ ਕਰਾਏ ॥ | People do whatever the Lord inspires them to do. |
| ਜਿਥੈ ਰਖੈ ਸਾ ਭਲੀ ਜਾਏ ॥ | Wherever He keeps us is a good place. |

ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ ॥੧॥

That person is clever and honorable, unto whom the Hukam of the Lord's Command seems sweet. ||1||

ਸਭ ਪਰੋਈ ਇਕਤੁ ਧਾਗੈ ॥

Everything is strung upon the One String of the Lord.

ਜਿਸੁ ਲਾਇ ਲਏ ਸੋ ਚਰਣੀ ਲਾਗੈ ॥

Those whom the Lord attaches, are attached to His Feet.

ਊਂਧ ਕਵਲੁ ਜਿਸੁ ਹੋਇ ਪ੍ਰਗਾਸਾ ਤਿਨਿ ਸਰਬ ਨਿਰੰਜਨੁ ਡੀਠਾ ਜੀਉ ॥੨॥

Those, whose inverted lotus of the crown chakra is illuminated, see the Immaculate Lord everywhere. ||2||

ਤੇਰੀ ਮਹਿਮਾ ਤੂੰਹੈ ਜਾਣਹਿ ॥

Only You Yourself know Your Glory.

ਅਪਣਾ ਆਪੁ ਤੂੰ ਆਪਿ ਪਛਾਣਹਿ ॥

You Yourself recognize Your Own Self.

ਹਉ ਬਲਿਹਾਰੀ ਸੰਤਨ ਤੇਰੇ ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ ॥੩॥

I am a sacrifice to Your Saints, who have crushed their sexual desire, anger and greed. ||3||

ਤੂੰ ਨਿਰਵੈਰੁ ਸੰਤ ਤੇਰੇ ਨਿਰਮਲ ॥

You have no hatred or vengeance; Your Saints are immaculate and pure.

ਜਿਨ ਦੇਖੇ ਸਭ ਉਤਰਹਿ ਕਲਮਲ ॥

Seeing them, all sins depart.

ਨਾਨਕ ਨਾਮੁ ਧਿਆਇ ਧਿਆਇ ਜੀਵੈ ਬਿਨਸਿਆ ਭ੍ਰਮੁ ਭਉ ਧੀਠਾ ਜੀਉ ॥੪॥੪੨॥੪੯॥

Nanak lives by meditating, meditating on the Naam. His stubborn doubt and fear have departed. ||4||42||49||

## ੧੦੯ 109

ਮਾਂਝ ਮਹਲਾ ੫ ॥

Maajh, Fifth Mehl:

ਝੂਠਾ ਮੰਗਣੁ ਜੇ ਕੋਈ ਮਾਗੈ ॥

One who asks for a false gift,

ਤਿਸ ਕਉ ਮਰਤੇ ਘੜੀ ਨ ਲਾਗੈ ॥

shall not take even an instant to die.

ਪਾਰਬ੍ਰਹਮੁ ਜੋ ਸਦ ਹੀ ਸੇਵੈ ਸੋ ਗੁਰ ਮਿਲਿ ਨਿਹਚਲੁ ਕਹਣਾ ॥੧॥

But one who continually serves the Supreme Lord God and meets the Guru, is said to be immortal. ||1||

ਪ੍ਰੇਮ ਭਗਤਿ ਜਿਸ ਕੈ ਮਨਿ ਲਾਗੀ ॥

One whose mind is dedicated to loving devotional worship

ਗੁਣ ਗਾਵੈ ਅਨਦਿਨੁ ਨਿਤਿ ਜਾਗੀ ॥

sings His Glorious Praises night and day, and remains forever awake and aware.

ਬਾਹ ਪਕੜਿ ਤਿਸੁ ਸੁਆਮੀ ਮੇਲੈ ਜਿਸ ਕੈ ਮਸਤਕਿ ਲਹਣਾ ॥੨॥

Taking him by the hand, the Lord and Master merges into Himself that person, upon whose forehead such destiny is written. ||2||

ਚਰਨ ਕਮਲ ਭਗਤਾਂ ਮਨਿ ਵੁਠੇ ॥

His Lotus Feet dwell in the minds of His devotees.

ਵਿਣੁ ਪਰਮੇਸਰ ਸਗਲੇ ਮੁਠੇ ॥

Without the Transcendent Lord, all are plundered.

ਸੰਤ ਜਨਾਂ ਕੀ ਧੂੜਿ ਨਿਤ ਬਾਂਛਹਿ ਨਾਮੁ ਸਚੇ ਕਾ ਗਹਣਾ ॥੩॥

I long for the dust of the feet of His humble servants. The Name of the True Lord is my decoration. ||3||

ਊਠਤ ਬੈਠਤ ਹਰਿ ਹਰਿ ਗਾਈਐ ॥

Standing up and sitting down, I sing the Name of the Lord, Har, Har.

ਜਿਸੁ ਸਿਮਰਤ ਵਰੁ ਨਿਹਚਲੁ ਪਾਈਐ ॥

Meditating in remembrance on Him, I obtain my Eternal Husband Lord.

ਨਾਨਕ ਕਉ ਪ੍ਰਭ ਹੋਇ ਦਇਆਲਾ ਤੇਰਾ ਕੀਤਾ ਸਹਣਾ ॥੪॥੪੩॥੫੦॥

God has become merciful to Nanak. I cheerfully accept Your Will. ||4||43||50||

ਰਾਗੁ ਮਾਝ ਅਸਟਪਦੀਆ ਮਹਲਾ ੧ ਘਰੁ ੧

Raag Maajh, Ashtapadees: First Mehl, First House:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਸਬਦਿ ਰੰਗਾਏ ਹੁਕਮਿ ਸਬਾਏ ॥

By His Command, all are attuned to the Word of the Shabad,

ਸਚੀ ਦਰਗਹ ਮਹਲਿ ਬੁਲਾਏ ॥

and all are called to the Mansion of His Presence, the True Court of the Lord.

ਸਚੇ ਦੀਨ ਦਇਆਲ ਮੇਰੇ ਸਾਹਿਬਾ ਸਚੇ ਮਨੁ ਪਤੀਆਵਣਿਆ ॥੧॥

O my True Lord and Master, Merciful to the meek, my mind is pleased and appeased by the Truth. ||1||

ਹਉ ਵਾਰੀ ਜੀਉ ਵਾਰੀ ਸਬਦਿ ਸੁਹਾਵਣਿਆ ॥

I am a sacrifice, my soul is a sacrifice, to those who are adorned with the Word of the Shabad.

ਅੰਮ੍ਰਿਤ ਨਾਮੁ ਸਦਾ ਸੁਖਦਾਤਾ ਗੁਰਮਤੀ ਮੰਨਿ ਵਸਾਵਣਿਆ ॥੧॥ ਰਹਾਉ ॥

The Ambrosial Naam, the Name of the Lord, is forever the Giver of Peace. Through the Guru’s Teachings, it dwells in the mind. ||1||Pause||

ਨਾ ਕੋ ਮੇਰਾ ਹਉ ਕਿਸੁ ਕੇਰਾ ॥

No one is mine, and I am no one else’s.

ਸਾਚਾ ਠਾਕੁਰੁ ਤ੍ਰਿਭਵਣਿ ਮੇਰਾ ॥

The True Lord and Master of the three worlds is mine.

ਹਉਮੈ ਕਰਿ ਕਰਿ ਜਾਇ ਘਣੇਰੀ ਕਰਿ ਅਵਗਣ ਪਛੋਤਾਵਣਿਆ ॥੨॥

Acting in egotism, so very many have died. After making mistakes, they later repent and regret. ||2||

ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ ॥

Those who recognize the Hukam of the Lord’s Command chant the Glorious Praises of the Lord.

ਗੁਰ ਕੈ ਸਬਦਿ ਨਾਮਿ ਨੀਸਾਣੈ ॥

Through the Word of the Guru’s Shabad, they are glorified with the Naam.

| | |
|---|---|
| ਸਭਨਾ ਕਾ ਦਰਿ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ ॥੩॥ | Everyone's account is kept in the True Court, and through the Beauty of the Naam, they are saved. ‖3‖ |
| ਮਨਮੁਖੁ ਭੂਲਾ ਠਉਰੁ ਨ ਪਾਏ ॥ | The self-willed manmukhs are deluded; they find no place of rest. |
| ਜਮ ਦਰਿ ਬਧਾ ਚੋਟਾ ਖਾਏ ॥ | Bound and gagged at Death's Door, they are brutally beaten. |
| ਬਿਨੁ ਨਾਵੈ ਕੋ ਸੰਗਿ ਨ ਸਾਥੀ ਮੁਕਤੇ ਨਾਮੁ ਧਿਆਵਣਿਆ ॥੪॥ | Without the Name, there are no companions or friends. Liberation comes only by meditating on the Naam. ‖4‖ |
| ਸਾਕਤ ਕੂੜੇ ਸਚੁ ਨ ਭਾਵੈ ॥ | The false shaaktas, the faithless cynics, do not like the Truth. |
| ਦੁਬਿਧਾ ਬਾਧਾ ਆਵੈ ਜਾਵੈ ॥ | Bound by duality, they come and go in reincarnation. |
| ਲਿਖਿਆ ਲੇਖੁ ਨ ਮੇਟੈ ਕੋਈ ਗੁਰਮੁਖਿ ਮੁਕਤਿ ਕਰਾਵਣਿਆ ॥੫॥ | No one can erase pre-recorded destiny; the Gurmukhs are liberated. ‖5‖ |
| ਪੇਈਅੜੈ ਪਿਰੁ ਜਾਤੋ ਨਾਹੀ ॥ | In this world of her parents' house, the young bride did not know her Husband. |
| ਝੂਠਿ ਵਿਛੁੰਨੀ ਰੋਵੈ ਧਾਹੀ ॥ | Through falsehood, she has been separated from Him, and she cries out in misery. |
| ਅਵਗਣਿ ਮੁਠੀ ਮਹਲੁ ਨ ਪਾਏ ਅਵਗਣ ਗੁਣਿ ਬਖਸਾਵਣਿਆ ॥੬॥ | Defrauded by demerits, she does not find the Mansion of the Lord's Presence. But through virtuous actions, her demerits are forgiven. ‖6‖ |
| ਪੇਈਅੜੈ ਜਿਨਿ ਜਾਤਾ ਪਿਆਰਾ ॥ | She, who knows her Beloved in her parents' house, |
| ਗੁਰਮੁਖਿ ਬੂਝੈ ਤਤੁ ਬੀਚਾਰਾ ॥ | as Gurmukh, comes to understand the essence of reality; she contemplates her Lord. |
| ਆਵਣੁ ਜਾਣਾ ਠਾਕਿ ਰਹਾਏ ਸਚੈ ਨਾਮਿ ਸਮਾਵਣਿਆ ॥੭॥ | Her comings and goings cease, and she is absorbed in the True Name. ‖7‖ |
| ਗੁਰਮੁਖਿ ਬੂਝੈ ਅਕਥੁ ਕਹਾਵੈ ॥ | The Gurmukhs understand and describe the Indescribable. |
| ਸਚੇ ਠਾਕੁਰ ਸਾਚੋ ਭਾਵੈ ॥ | True is our Lord and Master; He loves the Truth. |
| ਨਾਨਕ ਸਚੁ ਕਹੈ ਬੇਨੰਤੀ ਸਚੁ ਮਿਲੈ ਗੁਣ ਗਾਵਣਿਆ ॥੮॥੧॥ | Nanak offers this true prayer: singing His Glorious Praises, I merge with the True One. ‖8‖1‖ |
| ਮਾਝ ਮਹਲਾ ੩ ਘਰੁ ੧ ॥ | Maajh, Third Mehl, First House: |
| ਕਰਮੁ ਹੋਵੈ ਸਤਿਗੁਰੂ ਮਿਲਾਏ ॥ | By His Mercy, we meet the True Guru. |

| | |
|---|---|
| ਸੇਵਾ ਸੁਰਤਿ ਸਬਦਿ ਚਿਤੁ ਲਾਏ ॥ | Center your awareness on seva-selfless service-and focus your consciousness on the Word of the Shabad. |
| ਹਉਮੈ ਮਾਰਿ ਸਦਾ ਸੁਖੁ ਪਾਇਆ ਮਾਇਆ ਮੋਹੁ ਚੁਕਾਵਣਿਆ ॥੧॥ | Subduing your ego, you shall find a lasting peace, and your emotional attachment to Maya will be dispelled. \|\|1\|\| |
| ਹਉ ਵਾਰੀ ਜੀਉ ਵਾਰੀ ਸਤਿਗੁਰ ਕੈ ਬਲਿਹਾਰਣਿਆ ॥ | I am a sacrifice, my soul is a sacrifice, I am totally devoted to the True Guru. |
| ਗੁਰਮਤੀ ਪਰਗਾਸੁ ਹੋਆ ਜੀ ਅਨਦਿਨੁ ਹਰਿ ਗੁਣ ਗਾਵਣਿਆ ॥੧॥ ਰਹਾਉ ॥ | Through the Guru's Teachings, the Divine Light has dawned; I sing the Glorious Praises of the Lord, night and day. \|\|1\|\|Pause\|\| |
| ਤਨੁ ਮਨੁ ਖੋਜੇ ਤਾ ਨਾਉ ਪਾਏ ॥ | Search your body and mind, and find the Name. |
| ਧਾਵਤੁ ਰਾਖੈ ਠਾਕਿ ਰਹਾਏ ॥ | Restrain your wandering mind, and keep it in check. |
| ਗੁਰ ਕੀ ਬਾਣੀ ਅਨਦਿਨੁ ਗਾਵੈ ਸਹਜੇ ਭਗਤਿ ਕਰਾਵਣਿਆ ॥੨॥ | Night and day, sing the Songs of the Guru's Bani; worship the Lord with intuitive devotion. \|\|2\|\| |
| ਇਸੁ ਕਾਇਆ ਅੰਦਰਿ ਵਸਤੁ ਅਸੰਖਾ ॥ | Within this body are countless objects. |
| ਗੁਰਮੁਖਿ ਸਾਚੁ ਮਿਲੈ ਤਾ ਵੇਖਾ ॥ | The Gurmukh attains Truth, and comes to see them. |
| ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥੩॥ | Beyond the nine gates, the Tenth Gate is found, and liberation is obtained. The Unstruck Melody of the Shabad vibrates. \|\|3\|\| |
| ਸਚਾ ਸਾਹਿਬੁ ਸਚੀ ਨਾਈ ॥ | True is the Master, and True is His Name. |
| ਗੁਰ ਪਰਸਾਦੀ ਮੰਨਿ ਵਸਾਈ ॥ | By Guru's Grace, He comes to dwell within the mind. |
| ਅਨਦਿਨੁ ਸਦਾ ਰਹੈ ਰੰਗਿ ਰਾਤਾ ਦਰਿ ਸਚੈ ਸੋਝੀ ਪਾਵਣਿਆ ॥੪॥ | Night and day, remain attuned to the Lord's Love forever, and you shall obtain understanding in the True Court. \|\|4\|\| |
| ਪਾਪ ਪੁੰਨ ਕੀ ਸਾਰ ਨ ਜਾਣੀ ॥ | Those who do not understand the nature of sin and virtue |
| ਦੂਜੈ ਲਾਗੀ ਭਰਮਿ ਭੁਲਾਣੀ ॥ | are attached to duality; they wander around deluded. |
| ਅਗਿਆਨੀ ਅੰਧਾ ਮਗੁ ਨ ਜਾਣੈ ਫਿਰਿ ਫਿਰਿ ਆਵਣ ਜਾਵਣਿਆ ॥੫॥ | The ignorant and blind people do not know the way; they come and go in reincarnation over and over again. \|\|5\|\| |
| ਗੁਰ ਸੇਵਾ ਤੇ ਸਦਾ ਸੁਖੁ ਪਾਇਆ ॥ | Serving the Guru, I have found eternal peace; |
| ਹਉਮੈ ਮੇਰਾ ਠਾਕਿ ਰਹਾਇਆ ॥ | my ego has been silenced and subdued. |
| ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ ॥੬॥ | Through the Guru's Teachings, the darkness has been dispelled, and the heavy doors have been opened. \|\|6\|\| |

| | |
|---|---|
| ਹਉਮੈ ਮਾਰਿ ਮੰਨਿ ਵਸਾਇਆ ॥ | Subduing my ego, I have enshrined the Lord within my mind. |
| ਗੁਰ ਚਰਣੀ ਸਦਾ ਚਿਤੁ ਲਾਇਆ ॥ | I focus my consciousness on the Guru's Feet forever. |
| ਗੁਰ ਕਿਰਪਾ ਤੇ ਮਨੁ ਤਨੁ ਨਿਰਮਲੁ ਨਿਰਮਲ ਨਾਮੁ ਧਿਆਵਣਿਆ ॥੭॥ | By Guru's Grace, my mind and body are immaculate and pure; I meditate on the Immaculate Naam, the Name of the Lord. \|\|7\|\| |
| ਜੀਵਣੁ ਮਰਣਾ ਸਭੁ ਤੁਧੈ ਤਾਈ ॥ | From birth to death, everything is for You. |
| ਜਿਸੁ ਬਖਸੇ ਤਿਸੁ ਦੇ ਵਡਿਆਈ ॥ | You bestow greatness upon those whom You have forgiven. |
| ਨਾਨਕ ਨਾਮੁ ਧਿਆਇ ਸਦਾ ਤੂੰ ਜੰਮਣੁ ਮਰਣੁ ਸਵਾਰਣਿਆ ॥੮॥੧॥੨॥ | O Nanak, meditating forever on the Naam, you shall be blessed in both birth and death. \|\|8\|\|1\|\|2\|\| |
| ਮਾਝ ਮਹਲਾ ੩ ॥ | Maajh, Third Mehl: |
| ਮੇਰਾ ਪ੍ਰਭੁ ਨਿਰਮਲੁ ਅਗਮ ਅਪਾਰਾ ॥ | My God is Immaculate, Inaccessible and Infinite. |
| ਬਿਨੁ ਤਕੜੀ ਤੋਲੈ ਸੰਸਾਰਾ ॥ | Without a scale, He weighs the universe. |
| ਗੁਰਮੁਖਿ ਹੋਵੈ ਸੋਈ ਬੂਝੈ ਗੁਣ ਕਹਿ ਗੁਣੀ ਸਮਾਵਣਿਆ ॥੧॥ | One who becomes Gurmukh, understands. Chanting His Glorious Praises, he is absorbed into the Lord of Virtue. \|\|1\|\| |
| ਹਉ ਵਾਰੀ ਜੀਉ ਵਾਰੀ ਹਰਿ ਕਾ ਨਾਮੁ ਮੰਨਿ ਵਸਾਵਣਿਆ ॥ | I am a sacrifice, my soul is a sacrifice, to those whose minds are filled with the Name of the Lord. |
| ਜੋ ਸਚਿ ਲਾਗੇ ਸੇ ਅਨਦਿਨੁ ਜਾਗੇ ਦਰਿ ਸਚੈ ਸੋਭਾ ਪਾਵਣਿਆ ॥੧॥ ਰਹਾਉ ॥ | Those who are committed to Truth remain awake and aware night and day. They are honored in the True Court. \|\|1\|\|Pause\|\| |
| ਆਪਿ ਸੁਣੈ ਤੈ ਆਪੇ ਵੇਖੈ ॥ | He Himself hears, and He Himself sees. |
| ਜਿਸ ਨੋ ਨਦਰਿ ਕਰੇ ਸੋਈ ਜਨੁ ਲੇਖੈ ॥ | Those, upon whom He casts His Glance of Grace, become acceptable. |
| ਆਪੇ ਲਾਇ ਲਏ ਸੋ ਲਾਗੈ ਗੁਰਮੁਖਿ ਸਚੁ ਕਮਾਵਣਿਆ ॥੨॥ | They are attached, whom the Lord Himself attaches; as Gurmukh, they live the Truth. \|\|2\|\| |
| ਜਿਸੁ ਆਪਿ ਭੁਲਾਏ ਸੁ ਕਿਥੈ ਹਥੁ ਪਾਏ ॥ | Those whom the Lord Himself misleads-whose hand can they take? |
| ਪੂਰਬਿ ਲਿਖਿਆ ਸੁ ਮੇਟਣਾ ਨ ਜਾਏ ॥ | That which is pre-ordained, cannot be erased. |

| | |
|---|---|
| ਜਿਨ ਸਤਿਗੁਰੁ ਮਿਲਿਆ ਸੇ ਵਡਭਾਗੀ ਪੂਰੈ ਕਰਮਿ ਮਿਲਾਵਣਿਆ ॥੩॥ | Those who meet the True Guru are very fortunate and blessed; through perfect karma, He is met. \|\|3\|\| |
| ਪੇਈਅੜੈ ਧਨ ਅਨਦਿਨੁ ਸੁਤੀ ॥ | The young bride is fast asleep in her parents' home, night and day. |
| ਕੰਤਿ ਵਿਸਾਰੀ ਅਵਗਣਿ ਮੁਤੀ ॥ | She has forgotten her Husband Lord; because of her faults and demerits, she is abandoned. |
| ਅਨਦਿਨੁ ਸਦਾ ਫਿਰੈ ਬਿਲਲਾਦੀ ਬਿਨੁ ਪਿਰ ਨੀਦ ਨ ਪਾਵਣਿਆ ॥੪॥ | She wanders around continually, crying out, night and day. Without her Husband Lord, she cannot get any sleep. \|\|4\|\| |
| ਪੇਈਅੜੈ ਸੁਖਦਾਤਾ ਜਾਤਾ ॥ | In this world of her parents' home, she may come to know the Giver of peace, |
| ਹਉਮੈ ਮਾਰਿ ਗੁਰ ਸਬਦਿ ਪਛਾਤਾ ॥ | if she subdues her ego, and recognizes the Word of the Guru's Shabad. |
| ਸੇਜ ਸੁਹਾਵੀ ਸਦਾ ਪਿਰੁ ਰਾਵੇ ਸਚੁ ਸੀਗਾਰੁ ਬਣਾਵਣਿਆ ॥੫॥ | Her bed is beautiful; she ravishes and enjoys her Husband Lord forever. She is adorned with the Decorations of Truth. \|\|5\|\| |

## ੧੧੧ 111

| | |
|---|---|
| ਲਖ ਚਉਰਾਸੀਹ ਜੀਅ ਉਪਾਏ ॥ | He created the 8.4 million species of beings. |
| ਜਿਸ ਨੋ ਨਦਰਿ ਕਰੇ ਤਿਸੁ ਗੁਰੂ ਮਿਲਾਏ ॥ | Those, upon whom He casts His Glance of Grace, come to meet the Guru. |
| ਕਿਲਬਿਖ ਕਾਟਿ ਸਦਾ ਜਨ ਨਿਰਮਲ ਦਰਿ ਸਚੈ ਨਾਮਿ ਸੁਹਾਵਣਿਆ ॥੬॥ | Shedding their sins, His servants are forever pure; at the True Court, they are beautified by the Naam, the Name of the Lord. \|\|6\|\| |
| ਲੇਖਾ ਮਾਗੈ ਤਾ ਕਿਨਿ ਦੀਐ ॥ | When they are called to settle their accounts, who will answer then? |
| ਸੁਖੁ ਨਾਹੀ ਫੁਨਿ ਦੂਐ ਤੀਐ ॥ | There shall be no peace then, from counting out by twos and threes. |
| ਆਪੇ ਬਖਸਿ ਲਏ ਪ੍ਰਭੁ ਸਾਚਾ ਆਪੇ ਬਖਸਿ ਮਿਲਾਵਣਿਆ ॥੭॥ | The True Lord God Himself forgives, and having forgiven, He unites them with Himself. \|\|7\|\| |
| ਆਪਿ ਕਰੇ ਤੈ ਆਪਿ ਕਰਾਏ ॥ | He Himself does, and He Himself causes all to be done. |
| ਪੂਰੇ ਗੁਰ ਕੈ ਸਬਦਿ ਮਿਲਾਏ ॥ | Through the Shabad, the Word of the Perfect Guru, He is met. |

| | |
|---|---|
| ਨਾਨਕ ਨਾਮੁ ਮਿਲੈ ਵਡਿਆਈ ਆਪੇ ਮੇਲਿ ਮਿਲਾਵਣਿਆ ॥੮॥੨॥੩॥ | O Nanak, through the Naam, greatness is obtained. He Himself unites in His Union. \|\|8\|\|2\|\|3\|\| |
| ਮਾਝ ਮਹਲਾ ੩ ॥ | Maajh, Third Mehl: |
| ਇਕੋ ਆਪਿ ਫਿਰੈ ਪਰਛੰਨਾ ॥ | The One Lord Himself moves about imperceptibly. |
| ਗੁਰਮੁਖਿ ਵੇਖਾ ਤਾ ਇਹੁ ਮਨੁ ਭਿੰਨਾ ॥ | As Gurmukh, I see Him, and then this mind is pleased and uplifted. |
| ਤ੍ਰਿਸਨਾ ਤਜਿ ਸਹਜ ਸੁਖੁ ਪਾਇਆ ਏਕੋ ਮੰਨਿ ਵਸਾਵਣਿਆ ॥੧॥ | Renouncing desire, I have found intuitive peace and poise; I have enshrined the One within my mind. \|\|1\|\| |
| ਹਉ ਵਾਰੀ ਜੀਉ ਵਾਰੀ ਇਕਸੁ ਸਿਉ ਚਿਤੁ ਲਾਵਣਿਆ ॥ | I am a sacrifice, my soul is a sacrifice, to those who focus their consciousness on the One. |
| ਗੁਰਮਤੀ ਮਨੁ ਇਕਤੁ ਘਰਿ ਆਇਆ ਸਚੈ ਰੰਗਿ ਰੰਗਾਵਣਿਆ ॥੧॥ ਰਹਾਉ ॥ | Through the Guru's Teachings, my mind has come to its only home; it is imbued with the True Color of the Lord's Love. \|\|1\|\|Pause\|\| |
| ਇਹੁ ਜਗੁ ਭੂਲਾ ਤੈਂ ਆਪਿ ਭੁਲਾਇਆ ॥ | This world is deluded; You Yourself have deluded it. |
| ਇਕੁ ਵਿਸਾਰਿ ਦੂਜੈ ਲੋਭਾਇਆ ॥ | Forgetting the One, it has become engrossed in duality. |
| ਅਨਦਿਨੁ ਸਦਾ ਫਿਰੈ ਭ੍ਰਮਿ ਭੂਲਾ ਬਿਨੁ ਨਾਵੈ ਦੁਖੁ ਪਾਵਣਿਆ ॥੨॥ | Night and day, it wanders around endlessly, deluded by doubt; without the Name, it suffers in pain. \|\|2\|\| |
| ਜੋ ਰੰਗਿ ਰਾਤੇ ਕਰਮ ਬਿਧਾਤੇ ॥ | Those who are attuned to the Love of the Lord, the Architect of Destiny |
| ਗੁਰ ਸੇਵਾ ਤੇ ਜੁਗ ਚਾਰੇ ਜਾਤੇ ॥ | by serving the Guru, they are known throughout the four ages. |
| ਜਿਸ ਨੋ ਆਪਿ ਦੇਇ ਵਡਿਆਈ ਹਰਿ ਕੈ ਨਾਮਿ ਸਮਾਵਣਿਆ ॥੩॥ | Those, upon whom the Lord bestows greatness, are absorbed in the Name of the Lord. \|\|3\|\| |
| ਮਾਇਆ ਮੋਹਿ ਹਰਿ ਚੇਤੈ ਨਾਹੀ ॥ | Being in love with Maya, they do not think of the Lord. |
| ਜਮਪੁਰਿ ਬਧਾ ਦੁਖ ਸਹਾਹੀ ॥ | Bound and gagged in the City of Death, they suffer in terrible pain. |
| ਅੰਨਾ ਬੋਲਾ ਕਿਛੁ ਨਦਰਿ ਨ ਆਵੈ ਮਨਮੁਖ ਪਾਪਿ ਪਚਾਵਣਿਆ ॥੪॥ | Blind and deaf, they see nothing at all; the self-willed manmukhs rot away in sin. \|\|4\|\| |
| ਇਕਿ ਰੰਗਿ ਰਾਤੇ ਜੋ ਤੁਧੁ ਆਪਿ ਲਿਵ ਲਾਏ ॥ | Those, whom You attach to Your Love, are attuned to Your Love. |

| | |
|---|---|
| ਭਾਇ ਭਗਤਿ ਤੇਰੈ ਮਨਿ ਭਾਏ ॥ | Through loving devotional worship, they become pleasing to Your Mind. |
| ਸਤਿਗੁਰੁ ਸੇਵਨਿ ਸਦਾ ਸੁਖਦਾਤਾ ਸਭ ਇਛਾ ਆਪਿ ਪੁਜਾਵਣਿਆ ॥੫॥ | They serve the True Guru, the Giver of eternal peace, and all their desires are fulfilled. \|\|5\|\| |
| ਹਰਿ ਜੀਉ ਤੇਰੀ ਸਦਾ ਸਰਣਾਈ ॥ | O Dear Lord, I seek Your Sanctuary forever. |
| ਆਪੇ ਬਖਸਿਹਿ ਦੇ ਵਡਿਆਈ ॥ | You Yourself forgive us, and bless us with Glorious Greatness. |
| ਜਮਕਾਲੁ ਤਿਸੁ ਨੇੜਿ ਨ ਆਵੈ ਜੋ ਹਰਿ ਹਰਿ ਨਾਮੁ ਧਿਆਵਣਿਆ ॥੬॥ | The Messenger of Death does not draw near those who meditate on the Name of the Lord, Har, Har. \|\|6\|\| |
| ਅਨਦਿਨੁ ਰਾਤੇ ਜੋ ਹਰਿ ਭਾਏ ॥ | Night and day, they are attuned to His Love; they are pleasing to the Lord. |
| ਮੇਰੈ ਪ੍ਰਭਿ ਮੇਲੇ ਮੇਲਿ ਮਿਲਾਏ ॥ | My God merges with them, and unites them in Union. |
| ਸਦਾ ਸਦਾ ਸਚੇ ਤੇਰੀ ਸਰਣਾਈ ਤੂੰ ਆਪੇ ਸਚੁ ਬੁਝਾਵਣਿਆ ॥੭॥ | Forever and ever, O True Lord, I seek the Protection of Your Sanctuary; You Yourself inspire us to understand the Truth. \|\|7\|\| |
| ਜਿਨ ਸਚੁ ਜਾਤਾ ਸੇ ਸਚਿ ਸਮਾਣੇ ॥ | Those who know the Truth are absorbed in Truth. |
| ਹਰਿ ਗੁਣ ਗਾਵਹਿ ਸਚੁ ਵਖਾਣੇ ॥ | They sing the Lord's Glorious Praises, and speak the Truth. |
| ਨਾਨਕ ਨਾਮਿ ਰਤੇ ਬੈਰਾਗੀ ਨਿਜ ਘਰਿ ਤਾੜੀ ਲਾਵਣਿਆ ॥੮॥੩॥੪॥ | O Nanak, those who are attuned to the Naam remain unattached and balanced; in the home of the inner self, they are absorbed in the primal trance of deep meditation. \|\|8\|\|3\|\|4\|\| |
| ਮਾਝ ਮਹਲਾ ੩ ॥ | Maajh, Third Mehl: |
| ਸਬਦਿ ਮਰੈ ਸੁ ਮੁਆ ਜਾਪੈ ॥ | One who dies in the Word of the Shabad is truly dead. |
| ਕਾਲੁ ਨ ਚਾਪੈ ਦੁਖੁ ਨ ਸੰਤਾਪੈ ॥ | Death does not crush him, and pain does not afflict him. |
| ਜੋਤੀ ਵਿਚਿ ਮਿਲਿ ਜੋਤਿ ਸਮਾਣੀ ਸੁਣਿ ਮਨ ਸਚਿ ਸਮਾਵਣਿਆ ॥੧॥ | His light merges and is absorbed into the Light, when he hears and merges in the Truth. \|\|1\|\| |
| ਹਉ ਵਾਰੀ ਜੀਉ ਵਾਰੀ ਹਰਿ ਕੈ ਨਾਇ ਸੋਭਾ ਪਾਵਣਿਆ ॥ | I am a sacrifice, my soul is a sacrifice, to the Lord's Name, which brings us to glory. |
| ਸਤਿਗੁਰੁ ਸੇਵਿ ਸਚਿ ਚਿਤੁ ਲਾਇਆ ਗੁਰਮਤੀ ਸਹਜਿ ਸਮਾਵਣਿਆ ॥੧॥ ਰਹਾਉ ॥ | One who serves the True Guru, and focuses his consciousness on Truth, following the Guru's Teachings, is absorbed in intuitive peace and poise. \|\|1\|\|Pause\|\| |

| | |
|---|---|
| ਕਾਇਆ ਕਚੀ ਕਚਾ ਚੀਰੁ ਹੰਢਾਏ ॥ | This human body is transitory, and transitory are the garments it wears. |
| ਦੂਜੈ ਲਾਗੀ ਮਹਲੁ ਨ ਪਾਏ ॥ | Attached to duality, no one attains the Mansion of the Lord's Presence. |
| **੧੧੨** | **112** |
| ਅਨਦਿਨੁ ਜਲਦੀ ਫਿਰੈ ਦਿਨੁ ਰਾਤੀ ਬਿਨੁ ਪਿਰ ਬਹੁ ਦੁਖੁ ਪਾਵਣਿਆ ॥੨॥ | Night and day, day and night, they burn. Without her Husband Lord, the soul-bride suffers in terrible pain. ‖2‖ |
| ਦੇਹੀ ਜਾਤਿ ਨ ਆਗੈ ਜਾਏ ॥ | Her body and her status shall not go with her to the world hereafter. |
| ਜਿਥੈ ਲੇਖਾ ਮੰਗੀਐ ਤਿਥੈ ਛੁਟੈ ਸਚੁ ਕਮਾਏ ॥ | Where she is called to answer for her account, there, she shall be emancipated only by true actions. |
| ਸਤਿਗੁਰੁ ਸੇਵਨਿ ਸੇ ਧਨਵੰਤੇ ਐਥੈ ਓਥੈ ਨਾਮਿ ਸਮਾਵਣਿਆ ॥੩॥ | Those who serve the True Guru shall prosper; here and hereafter, they are absorbed in the Naam. ‖3‖ |
| ਭੈ ਭਾਇ ਸੀਗਾਰੁ ਬਣਾਏ ॥ | She who adorns herself with the Love and the Fear of God, |
| ਗੁਰ ਪਰਸਾਦੀ ਮਹਲੁ ਘਰੁ ਪਾਏ ॥ | by Guru's Grace, obtains the Mansion of the Lord's Presence as her home. |
| ਅਨਦਿਨੁ ਸਦਾ ਰਵੈ ਦਿਨੁ ਰਾਤੀ ਮਜੀਠੈ ਰੰਗੁ ਬਣਾਵਣਿਆ ॥੪॥ | Night and day, day and night, she constantly ravishes and enjoys her Beloved. She is dyed in the permanent color of His Love. ‖4‖ |
| ਸਭਨਾ ਪਿਰੁ ਵਸੈ ਸਦਾ ਨਾਲੇ ॥ | The Husband Lord abides with everyone, always; |
| ਗੁਰ ਪਰਸਾਦੀ ਕੋ ਨਦਰਿ ਨਿਹਾਲੇ ॥ | but how rare are those few who, by Guru's Grace, obtain His Glance of Grace. |
| ਮੇਰਾ ਪ੍ਰਭੁ ਅਤਿ ਊਚੋ ਊਚਾ ਕਰਿ ਕਿਰਪਾ ਆਪਿ ਮਿਲਾਵਣਿਆ ॥੫॥ | My God is the Highest of the High; granting His Grace, He merges us into Himself. ‖5‖ |
| ਮਾਇਆ ਮੋਹਿ ਇਹੁ ਜਗੁ ਸੁਤਾ ॥ | This world is asleep in emotional attachment to Maya. |
| ਨਾਮੁ ਵਿਸਾਰਿ ਅੰਤਿ ਵਿਗੁਤਾ ॥ | Forgetting the Naam, the Name of the Lord, it ultimately comes to ruin. |
| ਜਿਸ ਤੇ ਸੁਤਾ ਸੋ ਜਾਗਾਏ ਗੁਰਮਤਿ ਸੋਝੀ ਪਾਵਣਿਆ ॥੬॥ | The One who put it to sleep shall also awaken it. Through the Guru's Teachings, understanding dawns. ‖6‖ |
| ਅਪਿਉ ਪੀਐ ਸੋ ਭਰਮੁ ਗਵਾਏ ॥ | One who drinks in this Nectar, shall have his delusions dispelled. |
| ਗੁਰ ਪਰਸਾਦਿ ਮੁਕਤਿ ਗਤਿ ਪਾਏ ॥ | By Guru's Grace, the state of liberation is attained. |

| | |
|---|---|
| ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥੭॥ | One who is imbued with devotion to the Lord, remains always balanced and detached. Subduing selfishness and conceit, he is united with the Lord. ‖7‖ |
| ਆਪਿ ਉਪਾਏ ਧੰਧੈ ਲਾਏ ॥ | He Himself creates, and He Himself assigns us to our tasks. |
| ਲਖ ਚਉਰਾਸੀ ਰਿਜਕੁ ਆਪਿ ਅਪੜਾਏ ॥ | He Himself gives sustenance to the 8.4 million species of beings. |
| ਨਾਨਕ ਨਾਮੁ ਧਿਆਇ ਸਚਿ ਰਾਤੇ ਜੋ ਤਿਸੁ ਭਾਵੈ ਸੁ ਕਾਰ ਕਰਾਵਣਿਆ ॥੮॥੪॥੫॥ | O Nanak, those who meditate on the Naam are attuned to Truth. They do that which is pleasing to His Will. ‖8‖4‖5‖ |
| ਮਾਝ ਮਹਲਾ ੩ ॥ | Maajh, Third Mehl: |
| ਅੰਦਰਿ ਹੀਰਾ ਲਾਲੁ ਬਣਾਇਆ ॥ | Diamonds and rubies are produced deep within the self. |
| ਗੁਰ ਕੈ ਸਬਦਿ ਪਰਖਿ ਪਰਖਾਇਆ ॥ | They are assayed and valued through the Word of the Guru's Shabad. |
| ਜਿਨ ਸਚੁ ਪਲੈ ਸਚੁ ਵਖਾਣਹਿ ਸਚੁ ਕਸਵਟੀ ਲਾਵਣਿਆ ॥੧॥ | Those who have gathered Truth, speak Truth; they apply the Touch-stone of Truth. ‖1‖ |
| ਹਉ ਵਾਰੀ ਜੀਉ ਵਾਰੀ ਗੁਰ ਕੀ ਬਾਣੀ ਮੰਨਿ ਵਸਾਵਣਿਆ ॥ | I am a sacrifice, my soul is a sacrifice, to those who enshrine the Word of the Guru's Bani within their minds. |
| ਅੰਜਨ ਮਾਹਿ ਨਿਰੰਜਨੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੧॥ ਰਹਾਉ ॥ | In the midst of the darkness of the world, they obtain the Immaculate One, and their light merges into the Light. ‖1‖Pause‖ |
| ਇਸੁ ਕਾਇਆ ਅੰਦਰਿ ਬਹੁਤੁ ਪਸਾਰਾ ॥ | Within this body are countless vast vistas; |
| ਨਾਮੁ ਨਿਰੰਜਨੁ ਅਤਿ ਅਗਮ ਅਪਾਰਾ ॥ | the Immaculate Naam is totally Inaccessible and Infinite. |
| ਗੁਰਮੁਖਿ ਹੋਵੈ ਸੋਈ ਪਾਏ ਆਪੇ ਬਖਸਿ ਮਿਲਾਵਣਿਆ ॥੨॥ | He alone becomes Gurmukh and obtains it, whom the Lord forgives, and unites with Himself. ‖2‖ |
| ਮੇਰਾ ਠਾਕੁਰੁ ਸਚੁ ਦ੍ਰਿੜਾਏ ॥ | My Lord and Master implants the Truth. |
| ਗੁਰ ਪਰਸਾਦੀ ਸਚਿ ਚਿਤੁ ਲਾਏ ॥ | By Guru's Grace, one's consciousness is attached to the Truth. |

| | |
|---|---|
| ਸਚੋ ਸਚੁ ਵਰਤੈ ਸਭਨੀ ਥਾਈ ਸਚੇ ਸਚਿ ਸਮਾਵਣਿਆ ॥੩॥ | The Truest of the True is pervading everywhere; the true ones merge in Truth. \|\|3\|\| |
| ਵੇਪਰਵਾਹੁ ਸਚੁ ਮੇਰਾ ਪਿਆਰਾ ॥ | The True Carefree Lord is my Beloved. |
| ਕਿਲਵਿਖ ਅਵਗਣ ਕਾਟਣਹਾਰਾ ॥ | He cuts out our sinful mistakes and evil actions; |
| ਪ੍ਰੇਮ ਪ੍ਰੀਤਿ ਸਦਾ ਧਿਆਈਐ ਭੈ ਭਾਇ ਭਗਤਿ ਦ੍ਰਿੜਾਵਣਿਆ ॥੪॥ | with love and affection, meditate forever on Him. He implants the Fear of God and loving devotional worship within us. \|\|4\|\| |
| ਤੇਰੀ ਭਗਤਿ ਸਚੀ ਜੇ ਸਚੇ ਭਾਵੈ ॥ | Devotional worship is True, if it pleases the True Lord. |
| ਆਪੇ ਦੇਇ ਨ ਪਛੋਤਾਵੈ ॥ | He Himself bestows it; He does not regret it later. |
| ਸਭਨਾ ਜੀਆ ਕਾ ਏਕੋ ਦਾਤਾ ਸਬਦੇ ਮਾਰਿ ਜੀਵਾਵਣਿਆ ॥੫॥ | He alone is the Giver of all beings. The Lord kills with the Word of His Shabad, and then revives. \|\|5\|\| |
| ਹਰਿ ਤੁਧੁ ਬਾਝਹੁ ਮੈ ਕੋਈ ਨਾਹੀ ॥ | Other than You, Lord, nothing is mine. |
| ਹਰਿ ਤੁਧੈ ਸੇਵੀ ਤੈ ਤੁਧੁ ਸਾਲਾਹੀ ॥ | I serve You, Lord, and I praise You. |
| ਆਪੇ ਮੇਲਿ ਲੈਹੁ ਪ੍ਰਭ ਸਾਚੇ ਪੂਰੈ ਕਰਮਿ ਤੂੰ ਪਾਵਣਿਆ ॥੬॥ | You unite me with Yourself, O True God. Through perfect good karma You are obtained. \|\|6\|\| |
| ਮੈ ਹੋਰੁ ਨ ਕੋਈ ਤੁਧੈ ਜੇਹਾ ॥ | For me, there is no other like You. |
| ਤੇਰੀ ਨਦਰੀ ਸੀਝਸਿ ਦੇਹਾ ॥ | By Your Glance of Grace, my body is blessed and sanctified. |
| ਅਨਦਿਨੁ ਸਾਰਿ ਸਮਾਲਿ ਹਰਿ ਰਾਖਹਿ ਗੁਰਮੁਖਿ ਸਹਜਿ ਸਮਾਵਣਿਆ ॥੭॥ | Night and day, the Lord takes care of us and protects us. The Gurmukhs are absorbed in intuitive peace and poise. \|\|7\|\| |
| ਤੁਧੁ ਜੇਵਡੁ ਮੈ ਹੋਰੁ ਨ ਕੋਈ ॥ | For me, there is no other as Great as You. |
| ਤੁਧੁ ਆਪੇ ਸਿਰਜੀ ਆਪੇ ਗੋਈ ॥ | You Yourself create, and You Yourself destroy. |
| **੧੧੩** | 113 |
| ਤੂੰ ਆਪੇ ਹੀ ਘੜਿ ਭੰਨਿ ਸਵਾਰਹਿ ਨਾਨਕ ਨਾਮਿ ਸੁਹਾਵਣਿਆ ॥੮॥੫॥੬॥ | You Yourself create, destroy and adorn. O Nanak, we are adorned and embellished with the Naam. \|\|8\|\|5\|\|6\|\| |
| ਮਾਝ ਮਹਲਾ ੩ ॥ | Maajh, Third Mehl: |

ਸਭ ਘਟ ਆਪੇ ਭੋਗਣਹਾਰਾ ॥
He is the Enjoyer of all hearts.

ਅਲਖੁ ਵਰਤੈ ਅਗਮ ਅਪਾਰਾ ॥
The Invisible, Inaccessible and Infinite is pervading everywhere.

ਗੁਰ ਕੈ ਸਬਦਿ ਮੇਰਾ ਹਰਿ ਪ੍ਰਭੁ ਧਿਆਈਐ ਸਹਜੇ ਸਚਿ ਸਮਾਵਣਿਆ ॥੧॥
Meditating on my Lord God, through the Word of the Guru's Shabad, I am intuitively absorbed in the Truth. ||1||

ਹਉ ਵਾਰੀ ਜੀਉ ਵਾਰੀ ਗੁਰ ਸਬਦੁ ਮੰਨਿ ਵਸਾਵਣਿਆ ॥
I am a sacrifice, my soul is a sacrifice, to those who implant the Word of the Guru's Shabad in their minds.

ਸਬਦੁ ਸੂਝੈ ਤਾ ਮਨ ਸਿਉ ਲੂਝੈ ਮਨਸਾ ਮਾਰਿ ਸਮਾਵਣਿਆ ॥੧॥ ਰਹਾਉ ॥
When someone understands the Shabad, then he wrestles with his own mind; subduing his desires, he merges with the Lord. ||1||Pause||

ਪੰਚ ਦੂਤ ਮੁਹਹਿ ਸੰਸਾਰਾ ॥
The five enemies are plundering the world.

ਮਨਮੁਖ ਅੰਧੇ ਸੁਧਿ ਨ ਸਾਰਾ ॥
The blind, self-willed manmukhs do not understand or appreciate this.

ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ ਸਬਦਿ ਪਚਾਵਣਿਆ ॥੨॥
Those who become Gurmukh-their houses are protected. The five enemies are destroyed by the Shabad. ||2||

ਇਕਿ ਗੁਰਮੁਖਿ ਸਦਾ ਸਚੈ ਰੰਗਿ ਰਾਤੇ ॥
The Gurmukhs are forever imbued with love for the True One.

ਸਹਜੇ ਪ੍ਰਭੁ ਸੇਵਹਿ ਅਨਦਿਨੁ ਮਾਤੇ ॥
They serve God with intuitive ease. Night and day, they are intoxicated with His Love.

ਮਿਲਿ ਪ੍ਰੀਤਮ ਸਚੇ ਗੁਣ ਗਾਵਹਿ ਹਰਿ ਦਰਿ ਸੋਭਾ ਪਾਵਣਿਆ ॥੩॥
Meeting with their Beloved, they sing the Glorious Praises of the True one; they are honored in the Court of the Lord. ||3||

ਏਕਮ ਏਕੈ ਆਪੁ ਉਪਾਇਆ ॥
First, the One created Himself;

ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥
second, the sense of duality; third, the three-phased Maya.

ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥੪॥
The fourth state, the highest, is obtained by the Gurmukh, who practices Truth, and only Truth. ||4||

ਸਭੁ ਹੈ ਸਚਾ ਜੇ ਸਚੇ ਭਾਵੈ ॥
Everything which is pleasing to the True Lord is true.

ਜਿਨਿ ਸਚੁ ਜਾਤਾ ਸੋ ਸਹਜਿ ਸਮਾਵੈ ॥
Those who know the Truth merge in intuitive peace and poise.

ਗੁਰਮੁਖਿ ਕਰਣੀ ਸਚੇ ਸੇਵਹਿ ਸਾਚੇ ਜਾਇ ਸਮਾਵਣਿਆ ॥੫॥
The life-style of the Gurmukh is to serve the True Lord. He goes and blends with the True Lord. ||5||

ਸਚੇ ਬਾਝਹੁ ਕੋ ਅਵਰੁ ਨ ਦੂਆ ॥
Without the True One, there is no other at all.

| | |
|---|---|
| ਦੂਜੈ ਲਾਗਿ ਜਗੁ ਖਪਿ ਖਪਿ ਮੂਆ ॥ | Attached to duality, the world is distracted and distressed to death. |
| ਗੁਰਮੁਖਿ ਹੋਵੈ ਸੁ ਏਕੋ ਜਾਣੈ ਏਕੋ ਸੇਵਿ ਸੁਖੁ ਪਾਵਣਿਆ ॥੬॥ | One who becomes Gurmukh knows only the One. Serving the One, peace is obtained. ‖6‖ |
| ਜੀਅ ਜੰਤ ਸਭਿ ਸਰਣਿ ਤੁਮਾਰੀ ॥ | All beings and creatures are in the Protection of Your Sanctuary. |
| ਆਪੇ ਧਰਿ ਦੇਖਹਿ ਕਚੀ ਪਕੀ ਸਾਰੀ ॥ | You place the chessmen on the board; You see the imperfect and the perfect as well. |
| ਅਨਦਿਨੁ ਆਪੇ ਕਾਰ ਕਰਾਏ ਆਪੇ ਮੇਲਿ ਮਿਲਾਵਣਿਆ ॥੭॥ | Night and day, You cause people to act; You unite them in Union with Yourself. ‖7‖ |
| ਤੂੰ ਆਪੇ ਮੇਲਹਿ ਵੇਖਹਿ ਹਦੂਰਿ ॥ | You Yourself unite, and You see Yourself close at hand. |
| ਸਭ ਮਹਿ ਆਪਿ ਰਹਿਆ ਭਰਪੂਰਿ ॥ | You Yourself are totally pervading amongst all. |
| ਨਾਨਕ ਆਪੇ ਆਪਿ ਵਰਤੈ ਗੁਰਮੁਖਿ ਸੋਝੀ ਪਾਵਣਿਆ ॥੮॥੬॥੭॥ | O Nanak, God Himself is pervading and permeating everywhere; only the Gurmukhs understand this. ‖8‖6‖7‖ |
| ਮਾਝ ਮਹਲਾ ੩ ॥ | Maajh, Third Mehl: |
| ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥ | The Nectar of the Guru's Bani is very sweet. |
| ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥ | Rare are the Gurmukhs who see and taste it. |
| ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ ॥੧॥ | The Divine Light dawns within, and the supreme essence is found. In the True Court, the Word of the Shabad vibrates. ‖1‖ |
| ਹਉ ਵਾਰੀ ਜੀਉ ਵਾਰੀ ਗੁਰ ਚਰਣੀ ਚਿਤੁ ਲਾਵਣਿਆ ॥ | I am a sacrifice, my soul is a sacrifice, to those who focus their consciousness on the Guru's Feet. |
| ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥੧॥ ਰਹਾਉ ॥ | The True Guru is the True Pool of Nectar; bathing in it, the mind is washed clean of all filth. ‖1‖Pause‖ |
| ਤੇਰਾ ਸਚੇ ਕਿਨੈ ਅੰਤੁ ਨ ਪਾਇਆ ॥ | Your limits, O True Lord, are not known to anyone. |
| ਗੁਰ ਪਰਸਾਦਿ ਕਿਨੈ ਵਿਰਲੈ ਚਿਤੁ ਲਾਇਆ ॥ | Rare are those who, by Guru's Grace, focus their consciousness on You. |
| ਤੁਧੁ ਸਾਲਾਹਿ ਨ ਰਜਾ ਕਬਹੂੰ ਸਚੇ ਨਾਵੈ ਕੀ ਭੁਖ ਲਾਵਣਿਆ ॥੨॥ | Praising You, I am never satisfied; such is the hunger I feel for the True Name. ‖2‖ |
| ਏਕੋ ਵੇਖਾ ਅਵਰੁ ਨ ਬੀਆ ॥ | I see only the One, and no other. |

| | |
|---|---|
| ਗੁਰ ਪਰਸਾਦੀ ਅੰਮ੍ਰਿਤੁ ਪੀਆ ॥ | By Guru's Grace, I drink in the Ambrosial Nectar. |
| ਗੁਰ ਕੈ ਸਬਦਿ ਤਿਖਾ ਨਿਵਾਰੀ ਸਹਜੇ ਸੂਖਿ ਸਮਾਵਣਿਆ ॥੩॥ | My thirst is quenched by the Word of the Guru's Shabad; I am absorbed in intuitive peace and poise. ||3|| |
| ਰਤਨੁ ਪਦਾਰਥੁ ਪਲਰਿ ਤਿਆਗੈ ॥ | The Priceless Jewel is discarded like straw; |
| ਮਨਮੁਖੁ ਅੰਧਾ ਦੂਜੈ ਭਾਇ ਲਾਗੈ ॥ | the blind self-willed manmukhs are attached to the love of duality. |
| ਜੋ ਬੀਜੈ ਸੋਈ ਫਲੁ ਪਾਏ ਸੁਪਨੈ ਸੁਖੁ ਨ ਪਾਵਣਿਆ ॥੪॥ | As they plant, so do they harvest. They shall not obtain peace, even in their dreams. ||4|| |
| ਅਪਨੀ ਕਿਰਪਾ ਕਰੇ ਸੋਈ ਜਨੁ ਪਾਏ ॥ | Those who are blessed with His Mercy find the Lord. |
| ਗੁਰ ਕਾ ਸਬਦੁ ਮੰਨਿ ਵਸਾਏ ॥ | The Word of the Guru's Shabad abides in the mind. |
| **੧੧੪** | **114** |
| ਅਨਦਿਨੁ ਸਦਾ ਰਹੈ ਭੈ ਅੰਦਰਿ ਭੈ ਮਾਰਿ ਭਰਮੁ ਚੁਕਾਵਣਿਆ ॥੫॥ | Night and day, they remain in the Fear of God; conquering their fears, their doubts are dispelled. ||5|| |
| ਭਰਮੁ ਚੁਕਾਇਆ ਸਦਾ ਸੁਖੁ ਪਾਇਆ ॥ | Dispelling their doubts, they find a lasting peace. |
| ਗੁਰ ਪਰਸਾਦਿ ਪਰਮ ਪਦੁ ਪਾਇਆ ॥ | By Guru's Grace, the supreme status is attained. |
| ਅੰਤਰੁ ਨਿਰਮਲੁ ਨਿਰਮਲ ਬਾਣੀ ਹਰਿ ਗੁਣ ਸਹਜੇ ਗਾਵਣਿਆ ॥੬॥ | Deep within, they are pure, and their words are pure as well; intuitively, they sing the Glorious Praises of the Lord. ||6|| |
| ਸਿਮ੍ਰਿਤਿ ਸਾਸਤ ਬੇਦ ਵਖਾਣੈ ॥ | They recite the Simritees, the Shaastras and the Vedas, |
| ਭਰਮੇ ਭੂਲਾ ਤਤੁ ਨ ਜਾਣੈ ॥ | but deluded by doubt, they do not understand the essence of reality. |
| ਬਿਨੁ ਸਤਿਗੁਰ ਸੇਵੇ ਸੁਖੁ ਨ ਪਾਏ ਦੁਖੋ ਦੁਖੁ ਕਮਾਵਣਿਆ ॥੭॥ | Without serving the True Guru, they find no peace; they earn only pain and misery. ||7|| |
| ਆਪਿ ਕਰੇ ਕਿਸੁ ਆਖੈ ਕੋਈ ॥ | The Lord Himself acts; unto whom should we complain? |
| ਆਖਣਿ ਜਾਈਐ ਜੇ ਭੂਲਾ ਹੋਈ ॥ | How can anyone complain that the Lord has made a mistake? |

| | |
|---|---|
| ਨਾਨਕ ਆਪੇ ਕਰੇ ਕਰਾਏ ਨਾਮੇ ਨਾਮਿ ਸਮਾਵਣਿਆ ॥੮॥੭॥੮॥ | O Nanak, the Lord Himself does, and causes things to be done; chanting the Naam, we are absorbed in the Naam. \|\|8\|\|7\|\|8\|\| |
| ਮਾਝ ਮਹਲਾ ੩ ॥ | Maajh, Third Mehl: |
| ਆਪੇ ਰੰਗੇ ਸਹਜਿ ਸੁਭਾਏ ॥ | He Himself imbues us with His Love, with effortless ease. |
| ਗੁਰ ਕੈ ਸਬਦਿ ਹਰਿ ਰੰਗੁ ਚੜਾਏ ॥ | Through the Word of the Guru's Shabad, we are dyed in the color of the Lord's Love. |
| ਮਨੁ ਤਨੁ ਰਤਾ ਰਸਨਾ ਰੰਗਿ ਚਲੂਲੀ ਭੈ ਭਾਇ ਰੰਗੁ ਚੜਾਵਣਿਆ ॥੧॥ | This mind and body are so imbued, and this tongue is dyed in the deep crimson color of the poppy. Through the Love and the Fear of God, we are dyed in this color. \|\|1\|\| |
| ਹਉ ਵਾਰੀ ਜੀਉ ਵਾਰੀ ਨਿਰਭਉ ਮੰਨਿ ਵਸਾਵਣਿਆ ॥ | I am a sacrifice, my soul is a sacrifice, to those who enshrine the Fearless Lord within their minds. |
| ਗੁਰ ਕਿਰਪਾ ਤੇ ਹਰਿ ਨਿਰਭਉ ਧਿਆਇਆ ਬਿਖੁ ਭਉਜਲੁ ਸਬਦਿ ਤਰਾਵਣਿਆ ॥੧॥ ਰਹਾਉ ॥ | By Guru's Grace, I meditate on the Fearless Lord; the Shabad has carried me across the poisonous world-ocean. \|\|1\|\|Pause\|\| |
| ਮਨਮੁਖ ਮੁਗਧ ਕਰਹਿ ਚਤੁਰਾਈ ॥ | The idiotic self-willed manmukhs try to be clever, |
| ਨਾਤਾ ਧੋਤਾ ਥਾਇ ਨ ਪਾਈ ॥ | but in spite of their bathing and washing, they shall not be acceptable. |
| ਜੇਹਾ ਆਇਆ ਤੇਹਾ ਜਾਸੀ ਕਰਿ ਅਵਗਣ ਪਛੋਤਾਵਣਿਆ ॥੨॥ | As they came, so shall they go, regretting the mistakes they made. \|\|2\|\| |
| ਮਨਮੁਖ ਅੰਧੇ ਕਿਛੂ ਨ ਸੂਝੈ ॥ | The blind, self-willed manmukhs do not understand anything; |
| ਮਰਣੁ ਲਿਖਾਇ ਆਏ ਨਹੀ ਬੂਝੈ ॥ | death was pre-ordained for them when they came into the world, but they do not understand. |
| ਮਨਮੁਖ ਕਰਮ ਕਰੇ ਨਹੀ ਪਾਏ ਬਿਨੁ ਨਾਵੈ ਜਨਮੁ ਗਵਾਵਣਿਆ ॥੩॥ | The self-willed manmukhs may practice religious rituals, but they do not obtain the Name; without the Name, they lose this life in vain. \|\|3\|\| |
| ਸਚੁ ਕਰਣੀ ਸਬਦੁ ਹੈ ਸਾਰੁ ॥ | The practice of Truth is the essence of the Shabad. |
| ਪੂਰੈ ਗੁਰਿ ਪਾਈਐ ਮੋਖ ਦੁਆਰੁ ॥ | Through the Perfect Guru, the gate of salvation is found. |
| ਅਨਦਿਨੁ ਬਾਣੀ ਸਬਦਿ ਸੁਣਾਏ ਸਚਿ ਰਾਤੇ ਰੰਗਿ ਰੰਗਾਵਣਿਆ ॥੪॥ | So, night and day, listen to the Word of the Guru's Bani, and the Shabad. Let yourself be colored by this love. \|\|4\|\| |
| ਰਸਨਾ ਹਰਿ ਰਸਿ ਰਾਤੀ ਰੰਗੁ ਲਾਏ ॥ | The tongue, imbued with the Lord's Essence, delights in His Love. |

| | |
|---|---|
| ਮਨੁ ਤਨੁ ਮੋਹਿਆ ਸਹਜਿ ਸੁਭਾਏ ॥ | My mind and body are enticed by the Lord's Sublime Love. |
| ਸਹਜੇ ਪ੍ਰੀਤਮੁ ਪਿਆਰਾ ਪਾਇਆ ਸਹਜੇ ਸਹਜਿ ਮਿਲਾਵਣਿਆ ॥੫॥ | I have easily obtained my Darling Beloved; I am intuitively absorbed in celestial peace. \|\|5\|\| |
| ਜਿਸੁ ਅੰਦਰਿ ਰੰਗੁ ਸੋਈ ਗੁਣ ਗਾਵੈ ॥ | Those who have the Lord's Love within, sing His Glorious Praises; |
| ਗੁਰ ਕੈ ਸਬਦਿ ਸਹਜੇ ਸੁਖਿ ਸਮਾਵੈ ॥ | through the Word of the Guru's Shabad, they are intuitively absorbed in celestial peace. |
| ਹਉ ਬਲਿਹਾਰੀ ਸਦਾ ਤਿਨ ਵਿਟਹੁ ਗੁਰ ਸੇਵਾ ਚਿਤੁ ਲਾਵਣਿਆ ॥੬॥ | I am forever a sacrifice to those who dedicate their consciousness to the Guru's Service. \|\|6\|\| |
| ਸਚਾ ਸਚੋ ਸਚਿ ਪਤੀਜੈ ॥ | The True Lord is pleased with Truth, and only Truth. |
| ਗੁਰ ਪਰਸਾਦੀ ਅੰਦਰੁ ਭੀਜੈ ॥ | By Guru's Grace, one's inner being is deeply imbued with His Love. |
| ਬੈਸਿ ਸੁਥਾਨਿ ਹਰਿ ਗੁਣ ਗਾਵਹਿ ਆਪੇ ਕਰਿ ਸਤਿ ਮਨਾਵਣਿਆ ॥੭॥ | Sitting in that blessed place, sing the Glorious Praises of the Lord, who Himself inspires us to accept His Truth. \|\|7\|\| |
| ਜਿਸ ਨੋ ਨਦਰਿ ਕਰੇ ਸੋ ਪਾਏ ॥ | That one, upon whom the Lord casts His Glance of Grace, obtains it. |
| ਗੁਰ ਪਰਸਾਦੀ ਹਉਮੈ ਜਾਏ ॥ | By Guru's Grace, egotism departs. |
| ਨਾਨਕ ਨਾਮੁ ਵਸੈ ਮਨ ਅੰਤਰਿ ਦਰਿ ਸਚੈ ਸੋਭਾ ਪਾਵਣਿਆ ॥੮॥੮॥੯॥ | O Nanak, that one, within whose mind the Name dwells, is honored in the True Court. \|\|8\|\|8\|\|9\|\| |
| ਮਾਝ ਮਹਲਾ ੩ ॥ | Maajh Third Mehl: |
| ਸਤਿਗੁਰੁ ਸੇਵਿਐ ਵਡੀ ਵਡਿਆਈ ॥ | Serving the True Guru is the greatest greatness. |
| ਹਰਿ ਜੀ ਅਚਿੰਤੁ ਵਸੈ ਮਨਿ ਆਈ ॥ | The Dear Lord automatically comes to dwell in the mind. |
| ਹਰਿ ਜੀਉ ਸਫਲਿਓ ਬਿਰਖੁ ਹੈ ਅੰਮ੍ਰਿਤੁ ਜਿਨਿ ਪੀਤਾ ਤਿਸੁ ਤਿਖਾ ਲਹਾਵਣਿਆ ॥੧॥ | The Dear Lord is the fruit-bearing tree; drinking in the Ambrosial Nectar, thirst is quenched. \|\|1\|\| |
| ਹਉ ਵਾਰੀ ਜੀਉ ਵਾਰੀ ਸਚੁ ਸੰਗਤਿ ਮੇਲਿ ਮਿਲਾਵਣਿਆ ॥ | I am a sacrifice, my soul is a sacrifice, to the one who leads me to join the True Congregation. |
| ਹਰਿ ਸਤਸੰਗਤਿ ਆਪੇ ਮੇਲੈ ਗੁਰ ਸਬਦੀ ਹਰਿ ਗੁਣ ਗਾਵਣਿਆ ॥੧॥ ਰਹਾਉ ॥ | The Lord Himself unites me with the Sat Sangat, the True Congregation. Through the Word of the Guru's Shabad, I sing the Glorious Praises of the Lord. \|\|1\|\|Pause\|\| |

| ੧੧੫ | 115 |
|---|---|
| ਸਤਿਗੁਰੁ ਸੇਵੀ ਸਬਦਿ ਸੁਹਾਇਆ ॥ | I serve the True Guru; the Word of His Shabad is beautiful. |
| ਜਿਨਿ ਹਰਿ ਕਾ ਨਾਮੁ ਮੰਨਿ ਵਸਾਇਆ ॥ | Through it, the Name of the Lord comes to dwell within the mind. |
| ਹਰਿ ਨਿਰਮਲੁ ਹਉਮੈ ਮੈਲੁ ਗਵਾਏ ਦਰਿ ਸਚੈ ਸੋਭਾ ਪਾਵਣਿਆ ॥੨॥ | The Pure Lord removes the filth of egotism, and we are honored in the True Court. \|\|2\|\| |
| ਬਿਨੁ ਗੁਰ ਨਾਮੁ ਨ ਪਾਇਆ ਜਾਇ ॥ | Without the Guru, the Naam cannot be obtained. |
| ਸਿਧ ਸਾਧਿਕ ਰਹੇ ਬਿਲਲਾਇ ॥ | The Siddhas and the seekers lack it; they weep and wail. |
| ਬਿਨੁ ਗੁਰ ਸੇਵੇ ਸੁਖੁ ਨ ਹੋਵੀ ਪੂਰੈ ਭਾਗਿ ਗੁਰੁ ਪਾਵਣਿਆ ॥੩॥ | Without serving the True Guru, peace is not obtained; through perfect destiny, the Guru is found. \|\|3\|\| |
| ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ ॥ | This mind is a mirror; how rare are those who, as Gurmukh, see themselves in it. |
| ਮੋਰਚਾ ਨ ਲਾਗੈ ਜਾ ਹਉਮੈ ਸੋਖੈ ॥ | Rust does not stick to those who burn their ego. |
| ਅਨਹਤ ਬਾਣੀ ਨਿਰਮਲ ਸਬਦੁ ਵਜਾਏ ਗੁਰ ਸਬਦੀ ਸਚਿ ਸਮਾਵਣਿਆ ॥੪॥ | The Unstruck Melody of the Bani resounds through the Pure Word of the Shabad; through the Word of the Guru's Shabad, we are absorbed into the True One. \|\|4\|\| |
| ਬਿਨੁ ਸਤਿਗੁਰ ਕਿਹੁ ਨ ਦੇਖਿਆ ਜਾਇ ॥ | Without the True Guru, the Lord cannot be seen. |
| ਗੁਰਿ ਕਿਰਪਾ ਕਰਿ ਆਪੁ ਦਿਤਾ ਦਿਖਾਇ ॥ | Granting His Grace, He Himself has allowed me to see Him. |
| ਆਪੇ ਆਪਿ ਆਪਿ ਮਿਲਿ ਰਹਿਆ ਸਹਜੇ ਸਹਜਿ ਸਮਾਵਣਿਆ ॥੫॥ | All by Himself, He Himself is permeating and pervading; He is intuitively absorbed in celestial peace. \|\|5\|\| |
| ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ ॥ | One who becomes Gurmukh embraces love for the One. |
| ਦੂਜਾ ਭਰਮੁ ਗੁਰ ਸਬਦਿ ਜਲਾਏ ॥ | Doubt and duality are burned away by the Word of the Guru's Shabad. |
| ਕਾਇਆ ਅੰਦਰਿ ਵਣਜੁ ਕਰੇ ਵਾਪਾਰਾ ਨਾਮੁ ਨਿਧਾਨੁ ਸਚੁ ਪਾਵਣਿਆ ॥੬॥ | Within his body, he deals and trades, and obtains the Treasure of the True Name. \|\|6\|\| |
| ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ ॥ | The life-style of the Gurmukh is sublime; he sings the Praises of the Lord. |
| ਗੁਰਮੁਖਿ ਪਾਏ ਮੋਖ ਦੁਆਰੁ ॥ | The Gurmukh finds the gate of salvation. |

| | |
|---|---|
| ਅਨਦਿਨੁ ਰੰਗਿ ਰਤਾ ਗੁਣ ਗਾਵੈ ਅੰਦਰਿ ਮਹਲਿ ਬੁਲਾਵਣਿਆ ॥੭॥ | Night and day, he is imbued with the Lord's Love. He sings the Lord's Glorious Praises, and he is called to the Mansion of His Presence. \|\|7\|\| |
| ਸਤਿਗੁਰੁ ਦਾਤਾ ਮਿਲੈ ਮਿਲਾਇਆ ॥ | The True Guru, the Giver, is met when the Lord leads us to meet Him. |
| ਪੂਰੈ ਭਾਗਿ ਮਨਿ ਸਬਦੁ ਵਸਾਇਆ ॥ | Through perfect destiny, the Shabad is enshrined in the mind. |
| ਨਾਨਕ ਨਾਮੁ ਮਿਲੈ ਵਡਿਆਈ ਹਰਿ ਸਚੇ ਕੇ ਗੁਣ ਗਾਵਣਿਆ ॥੮॥੯॥੧੦॥ | O Nanak, the greatness of the Naam, the Name of the Lord, is obtained by chanting the Glorious Praises of the True Lord. \|\|8\|\|9\|\|10\|\| |
| ਮਾਝ ਮਹਲਾ ੩ ॥ | Maajh, Third Mehl: |
| ਆਪੁ ਵੰਞਾਏ ਤਾ ਸਭ ਕਿਛੁ ਪਾਏ ॥ | Those who lose their own selves obtain everything. |
| ਗੁਰ ਸਬਦੀ ਸਚੀ ਲਿਵ ਲਾਏ ॥ | Through the Word of the Guru's Shabad, they enshrine Love for the True one. |
| ਸਚੁ ਵਣੰਜਹਿ ਸਚੁ ਸੰਘਰਹਿ ਸਚੁ ਵਾਪਾਰੁ ਕਰਾਵਣਿਆ ॥੧॥ | They trade in Truth, they gather in Truth, and they deal only in Truth. \|\|1\|\| |
| ਹਉ ਵਾਰੀ ਜੀਉ ਵਾਰੀ ਹਰਿ ਗੁਣ ਅਨਦਿਨੁ ਗਾਵਣਿਆ ॥ | I am a sacrifice, my soul is a sacrifice, to those who sing the Glorious Praises of the Lord, night and day. |
| ਹਉ ਤੇਰਾ ਤੂੰ ਠਾਕੁਰੁ ਮੇਰਾ ਸਬਦਿ ਵਡਿਆਈ ਦੇਵਣਿਆ ॥੧॥ ਰਹਾਉ ॥ | I am Yours, You are my Lord and Master. You bestow greatness through the Word of Your Shabad. \|\|1\|\|Pause\|\| |
| ਵੇਲਾ ਵਖਤ ਸਭਿ ਸੁਹਾਇਆ ॥ | That time, that moment is totally beautiful, |
| ਜਿਤੁ ਸਚਾ ਮੇਰੇ ਮਨਿ ਭਾਇਆ ॥ | when the True One becomes pleasing to my mind. |
| ਸਚੇ ਸੇਵਿਐ ਸਚੁ ਵਡਿਆਈ ਗੁਰ ਕਿਰਪਾ ਤੇ ਸਚੁ ਪਾਵਣਿਆ ॥੨॥ | Serving the True One, true greatness is obtained. By Guru's Grace, the True One is obtained. \|\|2\|\| |
| ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥ | The food of spiritual love is obtained when the True Guru is pleased. |
| ਅਨ ਰਸੁ ਚੂਕੈ ਹਰਿ ਰਸੁ ਮੰਨਿ ਵਸਾਏ ॥ | Other essences are forgotten, when the Lord's Essence comes to dwell in the mind. |
| ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ ॥੩॥ | Truth, contentment and intuitive peace and poise are obtained from the Bani, the Word of the Perfect Guru. \|\|3\|\| |

| | |
|---|---|
| ਸਤਿਗੁਰੁ ਨ ਸੇਵਹਿ ਮੂਰਖ ਅੰਧ ਗਵਾਰਾ ॥ | The blind and ignorant fools do not serve the True Guru; |
| ਫਿਰਿ ਓਇ ਕਿਥਹੁ ਪਾਇਨਿ ਮੋਖ ਦੁਆਰਾ ॥ | how will they find the gate of salvation? |
| ਮਰਿ ਮਰਿ ਜੰਮਹਿ ਫਿਰਿ ਫਿਰਿ ਆਵਹਿ ਜਮ ਦਰਿ ਚੋਟਾ ਖਾਵਣਿਆ ॥੪॥ | They die and die, over and over again, only to be reborn, over and over again. They are struck down at Death's Door. \|\|4\|\| |
| ਸਬਦੈ ਸਾਦੁ ਜਾਣਹਿ ਤਾ ਆਪੁ ਪਛਾਣਹਿ ॥ | Those who know the essence of the Shabad, understand their own selves. |
| ਨਿਰਮਲ ਬਾਣੀ ਸਬਦਿ ਵਖਾਣਹਿ ॥ | Immaculate is the speech of those who chant the Word of the Shabad. |
| ਸਚੇ ਸੇਵਿ ਸਦਾ ਸੁਖੁ ਪਾਇਨਿ ਨਉ ਨਿਧਿ ਨਾਮੁ ਮੰਨਿ ਵਸਾਵਣਿਆ ॥੫॥ | Serving the True One, they find a lasting peace; they enshrine the nine treasures of the Naam within their minds. \|\|5\|\| |
| ਸੋ ਥਾਨੁ ਸੁਹਾਇਆ ਜੋ ਹਰਿ ਮਨਿ ਭਾਇਆ ॥ | Beautiful is that place, which is pleasing to the Lord's Mind. |
| ਸਤਸੰਗਤਿ ਬਹਿ ਹਰਿ ਗੁਣ ਗਾਇਆ ॥ | There, sitting in the Sat Sangat, the True Congregation, the Glorious Praises of the Lord are sung. |
| ਅਨਦਿਨੁ ਹਰਿ ਸਾਲਾਹਹਿ ਸਾਚਾ ਨਿਰਮਲ ਨਾਦੁ ਵਜਾਵਣਿਆ ॥੬॥ | Night and day, the True One is praised; the Immaculate Sound-current of the Naad resounds there. \|\|6\|\| |
| **੧੧੬** | **116** |
| ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥ | The wealth of the self-willed manmukhs is false, and false is their ostentatious display. |
| ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥ | They practice falsehood, and suffer terrible pain. |
| ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ ॥੭॥ | Deluded by doubt, they wander day and night; through birth and death, they lose their lives. \|\|7\|\| |
| ਸਚਾ ਸਾਹਿਬੁ ਮੈ ਅਤਿ ਪਿਆਰਾ ॥ | My True Lord and Master is very dear to me. |
| ਪੂਰੇ ਗੁਰ ਕੈ ਸਬਦਿ ਅਧਾਰਾ ॥ | The Shabad of the Perfect Guru is my Support. |
| ਨਾਨਕ ਨਾਮਿ ਮਿਲੈ ਵਡਿਆਈ ਦੁਖੁ ਸੁਖੁ ਸਮ ਕਰਿ ਜਾਨਣਿਆ ॥੮॥੧੦॥੧੧॥ | O Nanak, one who obtains the Greatness of the Naam, looks upon pain and pleasure as one and the same. \|\|8\|\|10\|\|11\|\| |

| | |
|---|---|
| ਮਾਝ ਮਹਲਾ ੩ ॥ | Maajh, Third Mehl: |
| ਤੇਰੀਆ ਖਾਣੀ ਤੇਰੀਆ ਬਾਣੀ ॥ | The four sources of creation are Yours; the spoken word is Yours. |
| ਬਿਨੁ ਨਾਵੈ ਸਭ ਭਰਮਿ ਭੁਲਾਣੀ ॥ | Without the Name, all are deluded by doubt. |
| ਗੁਰ ਸੇਵਾ ਤੇ ਹਰਿ ਨਾਮੁ ਪਾਇਆ ਬਿਨੁ ਸਤਿਗੁਰ ਕੋਇ ਨ ਪਾਵਣਿਆ ॥੧॥ | Serving the Guru, the Lord's Name is obtained. Without the True Guru, no one can receive it. \|\|1\|\| |
| ਹਉ ਵਾਰੀ ਜੀਉ ਵਾਰੀ ਹਰਿ ਸੇਤੀ ਚਿਤੁ ਲਾਵਣਿਆ ॥ | I am a sacrifice, my soul is a sacrifice, to those who focus their consciousness on the Lord. |
| ਹਰਿ ਸਚਾ ਗੁਰ ਭਗਤੀ ਪਾਈਐ ਸਹਜੇ ਮੰਨਿ ਵਸਾਵਣਿਆ ॥੧॥ ਰਹਾਉ ॥ | Through devotion to the Guru, the True One is found; He comes to abide in the mind, with intuitive ease. \|\|1\|\|Pause\|\| |
| ਸਤਿਗੁਰੁ ਸੇਵੇ ਤਾ ਸਭ ਕਿਛੁ ਪਾਏ ॥ | Serving the True Guru, all things are obtained. |
| ਜੇਹੀ ਮਨਸਾ ਕਰਿ ਲਾਗੈ ਤੇਹਾ ਫਲੁ ਪਾਏ ॥ | As are the desires one harbors, so are the rewards one receives. |
| ਸਤਿਗੁਰੁ ਦਾਤਾ ਸਭਨਾ ਵਥੂ ਕਾ ਪੂਰੈ ਭਾਗਿ ਮਿਲਾਵਣਿਆ ॥੨॥ | The True Guru is the Giver of all things; through perfect destiny, He is met. \|\|2\|\| |
| ਇਹੁ ਮਨੁ ਮੈਲਾ ਇਕੁ ਨ ਧਿਆਏ ॥ | This mind is filthy and polluted; it does not meditate on the One. |
| ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ ॥ | Deep within, it is soiled and stained by the love of duality. |
| ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ ॥੩॥ | The egotists may go on pilgrimages to holy rivers, sacred shrines and foreign lands, but they only gather more of the dirt of egotism. \|\|3\|\| |
| ਸਤਿਗੁਰੁ ਸੇਵੇ ਤਾ ਮਲੁ ਜਾਏ ॥ | Serving the True Guru, filth and pollution are removed. |
| ਜੀਵਤੁ ਮਰੈ ਹਰਿ ਸਿਉ ਚਿਤੁ ਲਾਏ ॥ | Those who focus their consciousness on the Lord remain dead while yet alive. |
| ਹਰਿ ਨਿਰਮਲੁ ਸਚੁ ਮੈਲੁ ਨ ਲਾਗੈ ਸਚਿ ਲਾਗੈ ਮੈਲੁ ਗਵਾਵਣਿਆ ॥੪॥ | The True Lord is Pure; no filth sticks to Him. Those who are attached to the True One have their filth washed away. \|\|4\|\| |
| ਬਾਝੁ ਗੁਰੂ ਹੈ ਅੰਧ ਗੁਬਾਰਾ ॥ | Without the Guru, there is only pitch darkness. |
| ਅਗਿਆਨੀ ਅੰਧਾ ਅੰਧੁ ਅੰਧਾਰਾ ॥ | The ignorant ones are blind-there is only utter darkness for them. |

ਬਿਸਟਾ ਕੇ ਕੀੜੇ ਬਿਸਟਾ ਕਮਾਵਹਿ ਫਿਰਿ ਬਿਸਟਾ ਮਾਹਿ ਪਚਾਵਣਿਆ ॥੫॥

The maggots in manure do filthy deeds, and in filth they rot and putrefy. ||5||

ਮੁਕਤੇ ਸੇਵੇ ਮੁਕਤਾ ਹੋਵੈ ॥

Serving the Lord of Liberation, liberation is achieved.

ਹਉਮੈ ਮਮਤਾ ਸਬਦੇ ਖੋਵੈ ॥

The Word of the Shabad eradicates egotism and possessiveness.

ਅਨਦਿਨੁ ਹਰਿ ਜੀਉ ਸਚਾ ਸੇਵੀ ਪੂਰੈ ਭਾਗਿ ਗੁਰੁ ਪਾਵਣਿਆ ॥੬॥

So serve the Dear True Lord, night and day. By perfect good destiny, the Guru is found. ||6||

ਆਪੇ ਬਖਸੇ ਮੇਲਿ ਮਿਲਾਏ ॥

He Himself forgives and unites in His Union.

ਪੂਰੇ ਗੁਰ ਤੇ ਨਾਮੁ ਨਿਧਿ ਪਾਏ ॥

From the Perfect Guru, the Treasure of the Naam is obtained.

ਸਚੈ ਨਾਮਿ ਸਦਾ ਮਨੁ ਸਚਾ ਸਚੁ ਸੇਵੇ ਦੁਖੁ ਗਵਾਵਣਿਆ ॥੭॥

By the True Name, the mind is made true forever. Serving the True Lord, sorrow is driven out. ||7||

ਸਦਾ ਹਜੂਰਿ ਦੂਰਿ ਨ ਜਾਣਹੁ ॥

He is always close at hand-do not think that He is far away.

ਗੁਰ ਸਬਦੀ ਹਰਿ ਅੰਤਰਿ ਪਛਾਣਹੁ ॥

Through the Word of the Guru's Shabad, recognize the Lord deep within your own being.

ਨਾਨਕ ਨਾਮਿ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥੮॥੧੧॥੧੨॥

O Nanak, through the Naam, glorious greatness is received. Through the Perfect Guru, the Naam is obtained. ||8||11||12||

ਮਾਝ ਮਹਲਾ ੩ ॥

Maajh, Third Mehl:

ਐਥੈ ਸਾਚੇ ਸੁ ਆਗੈ ਸਾਚੇ ॥

Those who are True here, are True hereafter as well.

ਮਨੁ ਸਚਾ ਸਚੈ ਸਬਦਿ ਰਾਚੇ ॥

That mind is true, which is attuned to the True Shabad.

ਸਚਾ ਸੇਵਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ ॥੧॥

They serve the True One, and practice Truth; they earn Truth, and only Truth. ||1||

ਹਉ ਵਾਰੀ ਜੀਉ ਵਾਰੀ ਸਚਾ ਨਾਮੁ ਮੰਨਿ ਵਸਾਵਣਿਆ ॥

I am a sacrifice, my soul is a sacrifice, to those whose minds are filled with the True Name.

ਸਚੇ ਸੇਵਹਿ ਸਚਿ ਸਮਾਵਹਿ ਸਚੇ ਕੇ ਗੁਣ ਗਾਵਣਿਆ ॥੧॥ ਰਹਾਉ ॥

They serve the True One, and are absorbed into the True One, singing the Glorious Praises of the True One. ||1||Pause||

ਪੰਡਿਤ ਪੜਹਿ ਸਾਦੁ ਨ ਪਾਵਹਿ ॥

The Pandits, the religious scholars read, but they do not taste the essence.

| | |
|---|---|
| ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥ | In love with duality and Maya, their minds wander, unfocused. |
| ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥੨॥ | The love of Maya has displaced all their understanding; making mistakes, they live in regret. ‖2‖ |
| ਸਤਿਗੁਰੁ ਮਿਲੈ ਤਾ ਤਤੁ ਪਾਏ ॥ | But if they should meet the True Guru, then they obtain the essence of reality; |
| ਹਰਿ ਕਾ ਨਾਮੁ ਮੰਨਿ ਵਸਾਏ ॥ | the Name of the Lord comes to dwell in their minds. |
| **੧੧੭** | **117** |
| ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥੩॥ | Those who die in the Shabad and subdue their own minds, obtain the door of liberation. ‖3‖ |
| ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ | They erase their sins, and eliminate their anger; |
| ਗੁਰ ਕਾ ਸਬਦੁ ਰਖੈ ਉਰ ਧਾਰੇ ॥ | they keep the Guru's Shabad clasped tightly to their hearts. |
| ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥ | Those who are attuned to Truth, remain balanced and detached forever. Subduing their egotism, they are united with the Lord. ‖4‖ |
| ਅੰਤਰਿ ਰਤਨੁ ਮਿਲੈ ਮਿਲਾਇਆ ॥ | Deep within the nucleus of the self is the jewel; we receive it only if the Lord inspires us to receive it. |
| ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥ | The mind is bound by the three dispositions-the three modes of Maya. |
| ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥ | Reading and reciting, the Pandits, the religious scholars, and the silent sages have grown weary, but they have not found the supreme essence of the fourth state. ‖5‖ |
| ਆਪੇ ਰੰਗੇ ਰੰਗੁ ਚੜਾਏ ॥ | The Lord Himself dyes us in the color of His Love. |
| ਸੇ ਜਨ ਰਾਤੇ ਗੁਰ ਸਬਦਿ ਰੰਗਾਏ ॥ | Only those who are steeped in the Word of the Guru's Shabad are so imbued with His Love. |
| ਹਰਿ ਰੰਗੁ ਚੜਿਆ ਅਤਿ ਅਪਾਰਾ ਹਰਿ ਰਸਿ ਰਸਿ ਗੁਣ ਗਾਵਣਿਆ ॥੬॥ | Imbued with the most beautiful color of the Lord's Love, they sing the Glorious Praises of the Lord, with great pleasure and joy. ‖6‖ |
| ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ ॥ | To the Gurmukh, the True Lord is wealth, miraculous spiritual powers and strict self-discipline. |

| | |
|---|---|
| ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ ॥ | Through the spiritual wisdom of the Naam, the Name of the Lord, the Gurmukh is liberated. |
| ਗੁਰਮੁਖਿ ਕਾਰ ਸਚੁ ਕਮਾਵਹਿ ਸਚੇ ਸਚਿ ਸਮਾਵਣਿਆ ॥੭॥ | The Gurmukh practices Truth, and is absorbed in the Truest of the True. \|\|7\|\| |
| ਗੁਰਮੁਖਿ ਥਾਪੇ ਥਾਪਿ ਉਥਾਪੇ ॥ | The Gurmukh realizes that the Lord alone creates, and having created, He destroys. |
| ਗੁਰਮੁਖਿ ਜਾਤਿ ਪਤਿ ਸਭੁ ਆਪੇ ॥ | To the Gurmukh, the Lord Himself is social class, status and all honor. |
| ਨਾਨਕ ਗੁਰਮੁਖਿ ਨਾਮੁ ਧਿਆਏ ਨਾਮੇ ਨਾਮਿ ਸਮਾਵਣਿਆ ॥੮॥੧੨॥੧੩॥ | O Nanak, the Gurmukhs meditate on the Naam; through the Naam, they merge in the Naam. \|\|8\|\|12\|\|13\|\| |
| ਮਾਝ ਮਹਲਾ ੩ ॥ | Maajh, Third Mehl: |
| ਉਤਪਤਿ ਪਰਲਉ ਸਬਦੇ ਹੋਵੈ ॥ | Creation and destruction happen through the Word of the Shabad. |
| ਸਬਦੇ ਹੀ ਫਿਰਿ ਓਪਤਿ ਹੋਵੈ ॥ | Through the Shabad, creation happens again. |
| ਗੁਰਮੁਖਿ ਵਰਤੈ ਸਭੁ ਆਪੇ ਸਚਾ ਗੁਰਮੁਖਿ ਉਪਾਇ ਸਮਾਵਣਿਆ ॥੧॥ | The Gurmukh knows that the True Lord is all-pervading. The Gurmukh understands creation and merger. \|\|1\|\| |
| ਹਉ ਵਾਰੀ ਜੀਉ ਵਾਰੀ ਗੁਰੁ ਪੂਰਾ ਮੰਨਿ ਵਸਾਵਣਿਆ ॥ | I am a sacrifice, my soul is a sacrifice, to those who enshrine the Perfect Guru within their minds. |
| ਗੁਰ ਤੇ ਸਾਤਿ ਭਗਤਿ ਕਰੇ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥੧॥ ਰਹਾਉ ॥ | From the Guru comes peace and tranquility; worship Him with devotion, day and night. Chanting His Glorious Praises, merge into the Glorious Lord. \|\|1\|\|Pause\|\| |
| ਗੁਰਮੁਖਿ ਧਰਤੀ ਗੁਰਮੁਖਿ ਪਾਣੀ ॥ | The Gurmukh sees the Lord on the earth, and the Gurmukh sees Him in the water. |
| ਗੁਰਮੁਖਿ ਪਵਣੁ ਬੈਸੰਤਰੁ ਖੇਲੈ ਵਿਡਾਣੀ ॥ | The Gurmukh sees Him in wind and fire; such is the wonder of His Play. |
| ਸੋ ਨਿਗੁਰਾ ਜੋ ਮਰਿ ਮਰਿ ਜੰਮੈ ਨਿਗੁਰੇ ਆਵਣ ਜਾਵਣਿਆ ॥੨॥ | One who has no Guru, dies over and over again, only to be re-born. One who has no Guru continues coming and going in reincarnation. \|\|2\|\| |
| ਤਿਨਿ ਕਰਤੈ ਇਕੁ ਖੇਲੁ ਰਚਾਇਆ ॥ | The One Creator has set this play in motion. |
| ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ ॥ | In the frame of the human body, He has placed all things. |

| | |
|---|---|
| ਸਬਦਿ ਭੇਦਿ ਕੋਈ ਮਹਲੁ ਪਾਏ ਮਹਲੇ ਮਹਲਿ ਬੁਲਾਵਣਿਆ ॥੩॥ | Those few who are pierced through by the Word of the Shabad, obtain the Mansion of the Lord's Presence. He calls them into His Wondrous Palace. \|\|3\|\| |
| ਸਚਾ ਸਾਹੁ ਸਚੇ ਵਣਜਾਰੇ ॥ | True is the Banker, and true are His traders. |
| ਸਚੁ ਵਣੰਜਹਿ ਗੁਰ ਹੇਤਿ ਅਪਾਰੇ ॥ | They purchase Truth, with infinite love for the Guru. |
| ਸਚੁ ਵਿਹਾਝਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ ॥੪॥ | They deal in Truth, and they practice Truth. They earn Truth, and only Truth. \|\|4\|\| |
| ਬਿਨੁ ਰਾਸੀ ਕੋ ਵਥੁ ਕਿਉ ਪਾਏ ॥ | Without investment capital, how can anyone acquire merchandise? |
| ਮਨਮੁਖ ਭੂਲੇ ਲੋਕ ਸਬਾਏ ॥ | The self-willed manmukhs have all gone astray. |
| ਬਿਨੁ ਰਾਸੀ ਸਭ ਖਾਲੀ ਚਲੇ ਖਾਲੀ ਜਾਇ ਦੁਖੁ ਪਾਵਣਿਆ ॥੫॥ | Without true wealth, everyone goes empty-handed; going empty-handed, they suffer in pain. \|\|5\|\| |
| ਇਕਿ ਸਚੁ ਵਣੰਜਹਿ ਗੁਰ ਸਬਦਿ ਪਿਆਰੇ ॥ | Some deal in Truth, through love of the Guru's Shabad. |
| ਆਪਿ ਤਰਹਿ ਸਗਲੇ ਕੁਲ ਤਾਰੇ ॥ | They save themselves, and save all their ancestors as well. |
| ਆਏ ਸੇ ਪਰਵਾਣੁ ਹੋਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੬॥ | Very auspicious is the coming of those who meet their Beloved and find peace. \|\|6\|\| |
| ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥ | Deep within the self is the secret, but the fool looks for it outside. |
| ਮਨਮੁਖ ਅੰਧੇ ਫਿਰਹਿ ਬੇਤਾਲੇ ॥ | The blind self-willed manmukhs wander around like demons; |
| ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ ॥੭॥ | but where the secret is, there, they do not find it. The manmukhs are deluded by doubt. \|\|7\|\| |
| ਆਪੇ ਦੇਵੈ ਸਬਦਿ ਬੁਲਾਏ ॥ | He Himself calls us, and bestows the Word of the Shabad. |
| ਮਹਲੀ ਮਹਲਿ ਸਹਜ ਸੁਖੁ ਪਾਏ ॥ | The soul-bride finds intuitive peace and poise in the Mansion of the Lord's Presence. |
| ਨਾਨਕ ਨਾਮਿ ਮਿਲੈ ਵਡਿਆਈ ਆਪੇ ਸੁਣਿ ਸੁਣਿ ਧਿਆਵਣਿਆ ॥੮॥੧੩॥੧੪॥ | O Nanak, she obtains the glorious greatness of the Naam; she hears it again and again, and she meditates on it. \|\|8\|\|13\|\|14\|\| |

| | |
|---|---|
| ਮਾਝ ਮਹਲਾ ੩ ॥ | Maajh, Third Mehl: |
| ਸਤਿਗੁਰ ਸਾਚੀ ਸਿਖ ਸੁਣਾਈ ॥ | The True Guru has imparted the True Teachings. |
| **੧੧੮** | 118 |
| ਹਰਿ ਚੇਤਹੁ ਅੰਤਿ ਹੋਇ ਸਖਾਈ ॥ | Think of the Lord, who shall be your Help and Support in the end. |
| ਹਰਿ ਅਗਮੁ ਅਗੋਚਰੁ ਅਨਾਥੁ ਅਜੋਨੀ ਸਤਿਗੁਰ ਕੈ ਭਾਇ ਪਾਵਣਿਆ ॥੧॥ | The Lord is Inaccessible and Incomprehensible. He has no master, and He is not born. He is obtained through love of the True Guru. \|\|1\|\| |
| ਹਉ ਵਾਰੀ ਜੀਉ ਵਾਰੀ ਆਪੁ ਨਿਵਾਰਣਿਆ ॥ | I am a sacrifice, my soul is a sacrifice, to those who eliminate selfishness and conceit. |
| ਆਪੁ ਗਵਾਏ ਤਾ ਹਰਿ ਪਾਏ ਹਰਿ ਸਿਉ ਸਹਜਿ ਸਮਾਵਣਿਆ ॥੧॥ ਰਹਾਉ ॥ | They eradicate selfishness and conceit, and then find the Lord; they are intuitively immersed in the Lord. \|\|1\|\|Pause\|\| |
| ਪੂਰਬਿ ਲਿਖਿਆ ਸੁ ਕਰਮੁ ਕਮਾਇਆ ॥ | According to their pre-ordained destiny, they act out their karma. |
| ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ॥ | Serving the True Guru, a lasting peace is found. |
| ਬਿਨੁ ਭਾਗਾ ਗੁਰੁ ਪਾਈਐ ਨਾਹੀ ਸਬਦੈ ਮੇਲਿ ਮਿਲਾਵਣਿਆ ॥੨॥ | Without good fortune, the Guru is not found. Through the Word of the Shabad, they are united in the Lord's Union. \|\|2\|\| |
| ਗੁਰਮੁਖਿ ਅਲਿਪਤੁ ਰਹੈ ਸੰਸਾਰੇ ॥ | The Gurmukhs remain unaffected in the midst of the world. |
| ਗੁਰ ਕੈ ਤਕੀਐ ਨਾਮਿ ਅਧਾਰੇ ॥ | The Guru is their cushion, and the Naam, the Name of the Lord, is their Support. |
| ਗੁਰਮੁਖਿ ਜੋਰੁ ਕਰੇ ਕਿਆ ਤਿਸ ਨੋ ਆਪੇ ਖਪਿ ਦੁਖੁ ਪਾਵਣਿਆ ॥੩॥ | Who can oppress the Gurmukh? One who tries shall perish, writhing in pain. \|\|3\|\| |
| ਮਨਮੁਖਿ ਅੰਧੇ ਸੁਧਿ ਨ ਕਾਈ ॥ | The blind self-willed manmukhs have no understanding at all. |
| ਆਤਮ ਘਾਤੀ ਹੈ ਜਗਤ ਕਸਾਈ ॥ | They are the assassins of the self, and the butchers of the world. |
| ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ ਬਿਨੁ ਮਜੂਰੀ ਭਾਰੁ ਪਹੁਚਾਵਣਿਆ ॥੪॥ | By continually slandering others, they carry a terrible load, and they carry the loads of others for nothing. \|\|4\|\| |
| ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ ॥ | This world is a garden, and my Lord God is the Gardener. |

| | |
|---|---|
| ਸਦਾ ਸਮਾਲੇ ਕੋ ਨਾਹੀ ਖਾਲੀ ॥ | He always takes care of it-nothing is exempt from His Care. |
| ਜੇਹੀ ਵਾਸਨਾ ਪਾਏ ਤੇਹੀ ਵਰਤੈ ਵਾਸੂ ਵਾਸੁ ਜਣਾਵਣਿਆ ॥੫॥ | As is the fragrance which He bestows, so is the fragrant flower known. \|\|5\|\| |
| ਮਨਮੁਖੁ ਰੋਗੀ ਹੈ ਸੰਸਾਰਾ ॥ | The self-willed manmukhs are sick and diseased in the world. |
| ਸੁਖਦਾਤਾ ਵਿਸਰਿਆ ਅਗਮ ਅਪਾਰਾ ॥ | They have forgotten the Giver of peace, the Unfathomable, the Infinite. |
| ਦੁਖੀਏ ਨਿਤਿ ਫਿਰਹਿ ਬਿਲਲਾਦੇ ਬਿਨੁ ਗੁਰ ਸਾਂਤਿ ਨ ਪਾਵਣਿਆ ॥੬॥ | These miserable people wander endlessly, crying out in pain; without the Guru, they find no peace. \|\|6\|\| |
| ਜਿਨਿ ਕੀਤੇ ਸੋਈ ਬਿਧਿ ਜਾਣੈ ॥ | The One who created them, knows their condition. |
| ਆਪਿ ਕਰੇ ਤਾ ਹੁਕਮਿ ਪਛਾਣੈ ॥ | And if He inspires them, then they realize the Hukam of His Command. |
| ਜੇਹਾ ਅੰਦਰਿ ਪਾਏ ਤੇਹਾ ਵਰਤੈ ਆਪੇ ਬਾਹਰਿ ਪਾਵਣਿਆ ॥੭॥ | Whatever He places within them, that is what prevails, and so they outwardly appear. \|\|7\|\| |
| ਤਿਸੁ ਬਾਝਹੁ ਸਚੇ ਮੈ ਹੋਰੁ ਨ ਕੋਈ ॥ | I know of no other except the True One. |
| ਜਿਸੁ ਲਾਇ ਲਏ ਸੋ ਨਿਰਮਲੁ ਹੋਈ ॥ | Those, whom the Lord attaches to Himself, become pure. |
| ਨਾਨਕ ਨਾਮੁ ਵਸੈ ਘਟ ਅੰਤਰਿ ਜਿਸੁ ਦੇਵੈ ਸੋ ਪਾਵਣਿਆ ॥੮॥੧੪॥੧੫॥ | O Nanak, the Naam, the Name of the Lord, abides deep within the heart of those, unto whom He has given it. \|\|8\|\|14\|\|15\|\| |
| ਮਾਝ ਮਹਲਾ ੩ ॥ | Maajh, Third Mehl: |
| ਅੰਮ੍ਰਿਤ ਨਾਮੁ ਮੰਨਿ ਵਸਾਏ ॥ | Enshrining the Ambrosial Naam, the Name of the Lord, in the mind, |
| ਹਉਮੈ ਮੇਰਾ ਸਭੁ ਦੁਖੁ ਗਵਾਏ ॥ | all the pains of egotism, selfishness and conceit are eliminated. |
| ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ ॥੧॥ | By continually praising the Ambrosial Bani of the Word, I obtain the Amrit, the Ambrosial Nectar. \|\|1\|\| |
| ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥ | I am a sacrifice, my soul is a sacrifice, to those who enshrine the Ambrosial Bani of the Word within their minds. |
| ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ ॥੧॥ ਰਹਾਉ ॥ | Enshrining the Ambrosial Bani in their minds, they meditate on the Ambrosial Naam. \|\|1\|\|Pause\|\| |

| | |
|---|---|
| ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ ॥<br>ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ ॥ | Those who continually chant the Ambrosial Words of Nectar see and behold this Amrit everywhere with their eyes. |
| ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ ਅਵਰਾ ਆਖਿ ਸੁਨਾਵਣਿਆ ॥੨॥ | They continually chant the Ambrosial Sermon day and night; chanting it, they cause others to hear it. \|\|2\|\| |
| ਅੰਮ੍ਰਿਤ ਰੰਗਿ ਰਤਾ ਲਿਵ ਲਾਏ ॥ | Imbued with the Ambrosial Love of the Lord, they lovingly focus their attention on Him. |
| ਅੰਮ੍ਰਿਤੁ ਗੁਰ ਪਰਸਾਦੀ ਪਾਏ ॥ | By Guru's Grace, they receive this Amrit. |
| ਅੰਮ੍ਰਿਤੁ ਰਸਨਾ ਬੋਲੈ ਦਿਨੁ ਰਾਤੀ ਮਨਿ ਤਨਿ ਅੰਮ੍ਰਿਤੁ ਪੀਆਵਣਿਆ ॥੩॥ | They chant the Ambrosial Name with their tongues day and night; their minds and bodies are satisfied by this Amrit. \|\|3\|\| |
| ਸੋ ਕਿਛੁ ਕਰੈ ਜੁ ਚਿਤਿ ਨ ਹੋਈ ॥ | That which God does is beyond anyone's consciousness; |
| ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ ॥ | no one can erase the Hukam of His Command. |
| ਹੁਕਮੇ ਵਰਤੈ ਅੰਮ੍ਰਿਤ ਬਾਣੀ ਹੁਕਮੇ ਅੰਮ੍ਰਿਤੁ ਪੀਆਵਣਿਆ ॥੪॥ | By His Command, the Ambrosial Bani of the Word prevails, and by His Command, we drink in the Amrit. \|\|4\|\| |
| ਅਜਬ ਕੰਮ ਕਰਤੇ ਹਰਿ ਕੇਰੇ ॥ | The actions of the Creator Lord are marvellous and wonderful. |
| ਇਹੁ ਮਨੁ ਭੂਲਾ ਜਾਂਦਾ ਫੇਰੇ ॥ | This mind is deluded, and goes around the wheel of reincarnation. |
| ਅੰਮ੍ਰਿਤ ਬਾਣੀ ਸਿਉ ਚਿਤੁ ਲਾਏ ਅੰਮ੍ਰਿਤ ਸਬਦਿ ਵਜਾਵਣਿਆ ॥੫॥ | Those who focus their consciousness on the Ambrosial Bani of the Word, hear the vibrations of the Ambrosial Word of the Shabad. \|\|5\|\| |

## ੧੧੯ 119

| | |
|---|---|
| ਖੋਟੇ ਖਰੇ ਤੁਧੁ ਆਪਿ ਉਪਾਏ ॥ | You Yourself created the counterfeit and the genuine. |
| ਤੁਧੁ ਆਪੇ ਪਰਖੇ ਲੋਕ ਸਬਾਏ ॥ | You Yourself appraise all people. |
| ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥੬॥ | You appraise the true, and place them in Your Treasury; You consign the false to wander in delusion. \|\|6\|\| |
| ਕਿਉ ਕਰਿ ਵੇਖਾ ਕਿਉ ਸਾਲਾਹੀ ॥ | How can I behold You? How can I praise You? |
| ਗੁਰ ਪਰਸਾਦੀ ਸਬਦਿ ਸਲਾਹੀ ॥ | By Guru's Grace, I praise You through the Word of the Shabad. |
| ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ ਤੂੰ ਭਾਣੈ ਅੰਮ੍ਰਿਤੁ ਪੀਆਵਣਿਆ ॥੭॥ | In Your Sweet Will, the Amrit is found; by Your Will, You inspire us to drink in this Amrit. \|\|7\|\| |

| | |
|---|---|
| ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ ॥ | The Shabad is Amrit; the Lord's Bani is Amrit. |
| ਸਤਿਗੁਰਿ ਸੇਵਿਐ ਰਿਦੈ ਸਮਾਣੀ ॥ | Serving the True Guru, it permeates the heart. |
| ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ ॥੮॥੧੫॥੧੬॥ | O Nanak, the Ambrosial Naam is forever the Giver of peace; drinking in this Amrit, all hunger is satisfied. \|\|8\|\|15\|\|16\|\| |
| ਮਾਝ ਮਹਲਾ ੩ ॥ | Maajh, Third Mehl: |
| ਅੰਮ੍ਰਿਤੁ ਵਰਸੈ ਸਹਜਿ ਸੁਭਾਏ ॥ | The Ambrosial Nectar rains down, softly and gently. |
| ਗੁਰਮੁਖਿ ਵਿਰਲਾ ਕੋਈ ਜਨੁ ਪਾਏ ॥ | How rare are those Gurmukhs who find it. |
| ਅੰਮ੍ਰਿਤੁ ਪੀ ਸਦਾ ਤ੍ਰਿਪਤਾਸੇ ਕਰਿ ਕਿਰਪਾ ਤ੍ਰਿਸਨਾ ਬੁਝਾਵਣਿਆ ॥੧॥ | Those who drink it in are satisfied forever. Showering His Mercy upon them, the Lord quenches their thirst. \|\|1\|\| |
| ਹਉ ਵਾਰੀ ਜੀਉ ਵਾਰੀ ਗੁਰਮੁਖਿ ਅੰਮ੍ਰਿਤੁ ਪੀਆਵਣਿਆ ॥ | I am a sacrifice, my soul is a sacrifice, to those Gurmukhs who drink in this Ambrosial Nectar. |
| ਰਸਨਾ ਰਸੁ ਚਾਖਿ ਸਦਾ ਰਹੈ ਰੰਗਿ ਰਾਤੀ ਸਹਜੇ ਹਰਿ ਗੁਣ ਗਾਵਣਿਆ ॥੧॥ ਰਹਾਉ ॥ | The tongue tastes the essence, and remains forever imbued with the Lord's Love, intuitively singing the Glorious Praises of the Lord. \|\|1\|\|Pause\|\| |
| ਗੁਰ ਪਰਸਾਦੀ ਸਹਜੁ ਕੋ ਪਾਏ ॥ | By Guru's Grace, intuitive understanding is obtained; |
| ਦੁਬਿਧਾ ਮਾਰੇ ਇਕਸੁ ਸਿਉ ਲਿਵ ਲਾਏ ॥ | subduing the sense of duality, they are in love with the One. |
| ਨਦਰਿ ਕਰੇ ਤਾ ਹਰਿ ਗੁਣ ਗਾਵੈ ਨਦਰੀ ਸਚਿ ਸਮਾਵਣਿਆ ॥੨॥ | When He bestows His Glance of Grace, then they sing the Glorious Praises of the Lord; by His Grace, they merge in Truth. \|\|2\|\| |
| ਸਭਨਾ ਉਪਰਿ ਨਦਰਿ ਪ੍ਰਭ ਤੇਰੀ ॥ | Above all is Your Glance of Grace, O God. |
| ਕਿਸੈ ਥੋੜੀ ਕਿਸੈ ਹੈ ਘਣੇਰੀ ॥ | Upon some it is bestowed less, and upon others it is bestowed more. |
| ਤੁਝ ਤੇ ਬਾਹਰਿ ਕਿਛੁ ਨ ਹੋਵੈ ਗੁਰਮੁਖਿ ਸੋਝੀ ਪਾਵਣਿਆ ॥੩॥ | Without You, nothing happens at all; the Gurmukhs understand this. \|\|3\|\| |
| ਗੁਰਮੁਖਿ ਤਤੁ ਹੈ ਬੀਚਾਰਾ ॥ | The Gurmukhs contemplate the essence of reality; |
| ਅੰਮ੍ਰਿਤਿ ਭਰੇ ਤੇਰੇ ਭੰਡਾਰਾ ॥ | Your Treasures are overflowing with Ambrosial Nectar. |
| ਬਿਨੁ ਸਤਿਗੁਰ ਸੇਵੇ ਕੋਈ ਨ ਪਾਵੈ ਗੁਰ ਕਿਰਪਾ ਤੇ ਪਾਵਣਿਆ ॥੪॥ | Without serving the True Guru, no one obtains it. It is obtained only by Guru's Grace. \|\|4\|\| |

ਸਤਿਗੁਰੁ ਸੇਵੈ ਸੋ ਜਨੁ ਸੋਹੈ ॥
Those who serve the True Guru are beautiful.

ਅੰਮ੍ਰਿਤ ਨਾਮਿ ਅੰਤਰੁ ਮਨੁ ਮੋਹੈ ॥
The Ambrosial Naam, the Name of the Lord, entices their inner minds.

ਅੰਮ੍ਰਿਤਿ ਮਨੁ ਤਨੁ ਬਾਣੀ ਰਤਾ ਅੰਮ੍ਰਿਤੁ ਸਹਜਿ ਸੁਣਾਵਣਿਆ ॥੫॥
Their minds and bodies are attuned to the Ambrosial Bani of the Word; this Ambrosial Nectar is intuitively heard. ||5||

ਮਨਮੁਖੁ ਭੂਲਾ ਦੂਜੈ ਭਾਇ ਖੁਆਏ ॥
The deluded, self-willed manmukhs are ruined through the love of duality.

ਨਾਮੁ ਨ ਲੇਵੈ ਮਰੈ ਬਿਖੁ ਖਾਏ ॥
They do not chant the Naam, and they die, eating poison.

ਅਨਦਿਨੁ ਸਦਾ ਵਿਸਟਾ ਮਹਿ ਵਾਸਾ ਬਿਨੁ ਸੇਵਾ ਜਨਮੁ ਗਵਾਵਣਿਆ ॥੬॥
Night and day, they continually sit in manure. Without selfless service, their lives are wasted away. ||6||

ਅੰਮ੍ਰਿਤੁ ਪੀਵੈ ਜਿਸ ਨੋ ਆਪਿ ਪੀਆਏ ॥
They alone drink in this Amrit, whom the Lord Himself inspires to do so.

ਗੁਰ ਪਰਸਾਦੀ ਸਹਜਿ ਲਿਵ ਲਾਏ ॥
By Guru's Grace, they intuitively enshrine love for the Lord.

ਪੂਰਨ ਪੂਰਿ ਰਹਿਆ ਸਭ ਆਪੇ ਗੁਰਮਤਿ ਨਦਰੀ ਆਵਣਿਆ ॥੭॥
The Perfect Lord is Himself perfectly pervading everywhere; through the Guru's Teachings, He is perceived. ||7||

ਆਪੇ ਆਪਿ ਨਿਰੰਜਨੁ ਸੋਈ ॥
He Himself is the Immaculate Lord.

ਜਿਨਿ ਸਿਰਜੀ ਤਿਨਿ ਆਪੇ ਗੋਈ ॥
He who has created, shall Himself destroy.

ਨਾਨਕ ਨਾਮੁ ਸਮਾਲਿ ਸਦਾ ਤੂੰ ਸਹਜੇ ਸਚਿ ਸਮਾਵਣਿਆ ॥੮॥੧੬॥੧੭॥
O Nanak, remember the Naam forever, and you shall merge into the True One with intuitive ease. ||8||16||17||

ਮਾਝ ਮਹਲਾ ੩ ॥
Maajh, Third Mehl:

ਸੇ ਸਚਿ ਲਾਗੇ ਜੋ ਤੁਧੁ ਭਾਏ ॥
Those who please You are linked to the Truth.

ਸਦਾ ਸਚੁ ਸੇਵਹਿ ਸਹਜ ਸੁਭਾਏ ॥
They serve the True One forever, with intuitive ease.

ਸਚੈ ਸਬਦਿ ਸਚਾ ਸਾਲਾਹੀ ਸਚੈ ਮੇਲਿ ਮਿਲਾਵਣਿਆ ॥੧॥
Through the True Word of the Shabad, they praise the True One, and they merge in the merging of Truth. ||1||

ਹਉ ਵਾਰੀ ਜੀਉ ਵਾਰੀ ਸਚੁ ਸਾਲਾਹਣਿਆ ॥
I am a sacrifice, my soul is a sacrifice, to those who praise the True One.

ਸਚੁ ਧਿਆਇਨਿ ਸੇ ਸਚਿ ਰਾਤੇ ਸਚੇ ਸਚਿ ਸਮਾਵਣਿਆ ॥੧॥ ਰਹਾਉ ॥
Those who meditate on the True One are attuned to Truth; they are absorbed into the Truest of the True. ||1||Pause||

ਜਹ ਦੇਖਾ ਸਚੁ ਸਭਨੀ ਥਾਈ ॥

The True One is everywhere, wherever I look.

ਗੁਰ ਪਰਸਾਦੀ ਮੰਨਿ ਵਸਾਈ ॥

By Guru's Grace, I enshrine Him in my mind.

ਤਨੁ ਸਚਾ ਰਸਨਾ ਸਚਿ ਰਾਤੀ ਸਚੁ ਸੁਣਿ ਆਖਿ ਵਖਾਨਣਿਆ ॥੨॥

True are the bodies of those whose tongues are attuned to Truth. They hear the Truth, and speak it with their mouths. ||2||

## ੧੨੦

## 120

ਮਨਸਾ ਮਾਰਿ ਸਚਿ ਸਮਾਣੀ ॥

Subduing their desires, they merge with the True One;

ਇਨਿ ਮਨਿ ਡੀਠੀ ਸਭ ਆਵਣ ਜਾਣੀ ॥

they see in their minds that everyone comes and goes in reincarnation.

ਸਤਿਗੁਰੁ ਸੇਵੇ ਸਦਾ ਮਨੁ ਨਿਹਚਲੁ ਨਿਜ ਘਰਿ ਵਾਸਾ ਪਾਵਣਿਆ ॥੩॥

Serving the True Guru, they become stable forever, and they obtain their dwelling in the home of the self. ||3||

ਗੁਰ ਕੈ ਸਬਦਿ ਰਿਦੈ ਦਿਖਾਇਆ ॥

Through the Word of the Guru's Shabad, the Lord is seen within one's own heart.

ਮਾਇਆ ਮੋਹੁ ਸਬਦਿ ਜਲਾਇਆ ॥

Through the Shabad, I have burned my emotional attachment to Maya.

ਸਚੋ ਸਚਾ ਵੇਖਿ ਸਾਲਾਹੀ ਗੁਰ ਸਬਦੀ ਸਚੁ ਪਾਵਣਿਆ ॥੪॥

I gaze upon the Truest of the True, and I praise Him. Through the Word of the Guru's Shabad, I obtain the True One. ||4||

ਜੋ ਸਚਿ ਰਾਤੇ ਤਿਨ ਸਚੀ ਲਿਵ ਲਾਗੀ ॥

Those who are attuned to Truth are blessed with the Love of the True One.

ਹਰਿ ਨਾਮੁ ਸਮਾਲਹਿ ਸੇ ਵਡਭਾਗੀ ॥

Those who praise the Lord's Name are very fortunate.

ਸਚੈ ਸਬਦਿ ਆਪਿ ਮਿਲਾਏ ਸਤਸੰਗਤਿ ਸਚੁ ਗੁਣ ਗਾਵਣਿਆ ॥੫॥

Through the Word of His Shabad, the True One blends with Himself, those who join the True Congregation and sing the Glorious Praises of the True One. ||5||

ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥

We could read the account of the Lord, if He were in any account.

ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥

He is Inaccessible and Incomprehensible; through the Shabad, understanding is obtained.

ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥

Night and day, praise the True Word of the Shabad. There is no other way to know His Worth. ||6||

ਪੜਿ ਪੜਿ ਥਾਕੇ ਸਾਂਤਿ ਨ ਆਈ ॥

People read and recite until they grow weary, but they do not find peace.

| | |
|---|---|
| ਤ੍ਰਿਸਨਾ ਜਾਲੇ ਸੁਧਿ ਨ ਕਾਈ ॥ | Consumed by desire, they have no understanding at all. |
| ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥ | They purchase poison, and they are thirsty with their fascination for poison. Telling lies, they eat poison. \|\|7\|\| |
| ਗੁਰ ਪਰਸਾਦੀ ਏਕੋ ਜਾਣਾ ॥ | By Guru's Grace, I know the One. |
| ਦੂਜਾ ਮਾਰਿ ਮਨੁ ਸਚਿ ਸਮਾਣਾ ॥ | Subduing my sense of duality, my mind is absorbed into the True One. |
| ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ ॥੮॥੧੭॥੧੮॥ | O Nanak, the One Name is pervading deep within my mind; by Guru's Grace, I receive it. \|\|8\|\|17\|\|18\|\| |

ਮਾਝ ਮਹਲਾ ੩ ॥ — Maajh, Third Mehl:

| | |
|---|---|
| ਵਰਨ ਰੂਪ ਵਰਤਹਿ ਸਭ ਤੇਰੇ ॥ | In all colors and forms, You are pervading. |
| ਮਰਿ ਮਰਿ ਜੰਮਹਿ ਫੇਰ ਪਵਹਿ ਘਣੇਰੇ ॥ | People die over and over again; they are re-born, and make their rounds on the wheel of reincarnation. |
| ਤੂੰ ਏਕੋ ਨਿਹਚਲੁ ਅਗਮ ਅਪਾਰਾ ਗੁਰਮਤੀ ਬੂਝ ਬੁਝਾਵਣਿਆ ॥੧॥ | You alone are Eternal and Unchanging, Inaccessible and Infinite. Through the Guru's Teachings, understanding is imparted. \|\|1\|\| |
| ਹਉ ਵਾਰੀ ਜੀਉ ਵਾਰੀ ਰਾਮ ਨਾਮੁ ਮੰਨਿ ਵਸਾਵਣਿਆ ॥ | I am a sacrifice, my soul is a sacrifice, to those who enshrine the Lord's Name in their minds. |
| ਤਿਸੁ ਰੂਪੁ ਨ ਰੇਖਿਆ ਵਰਨੁ ਨ ਕੋਈ ਗੁਰਮਤੀ ਆਪਿ ਬੁਝਾਵਣਿਆ ॥੧॥ ਰਹਾਉ ॥ | The Lord has no form, features or color. Through the Guru's Teachings, He inspires us to understand Him. \|\|1\|\|Pause\|\| |
| ਸਭ ਏਕਾ ਜੋਤਿ ਜਾਣੈ ਜੇ ਕੋਈ ॥ | The One Light is all-pervading; only a few know this. |
| ਸਤਿਗੁਰੁ ਸੇਵਿਐ ਪਰਗਟੁ ਹੋਈ ॥ | Serving the True Guru, this is revealed. |
| ਗੁਪਤੁ ਪਰਗਟੁ ਵਰਤੈ ਸਭ ਥਾਈ ਜੋਤੀ ਜੋਤਿ ਮਿਲਾਵਣਿਆ ॥੨॥ | In the hidden and in the obvious, He is pervading all places. Our light merges into the Light. \|\|2\|\| |
| ਤਿਸਨਾ ਅਗਨਿ ਜਲੈ ਸੰਸਾਰਾ ॥ | The world is burning in the fire of desire, |
| ਲੋਭੁ ਅਭਿਮਾਨੁ ਬਹੁਤੁ ਅਹੰਕਾਰਾ ॥ | in greed, arrogance and excessive ego. |
| ਮਰਿ ਮਰਿ ਜਨਮੈ ਪਤਿ ਗਵਾਏ ਅਪਣੀ ਬਿਰਥਾ ਜਨਮੁ ਗਵਾਵਣਿਆ ॥੩॥ | People die over and over again; they are re-born, and lose their honor. They waste away their lives in vain. \|\|3\|\| |

| | |
|---|---|
| ਗੁਰ ਕਾ ਸਬਦੁ ਕੋ ਵਿਰਲਾ ਬੂਝੈ ॥ | Those who understand the Word of the Guru's Shabad are very rare. |
| ਆਪੁ ਮਾਰੇ ਤਾ ਤ੍ਰਿਭਵਣੁ ਸੂਝੈ ॥ | Those who subdue their egotism, come to know the three worlds. |
| ਫਿਰਿ ਓਹੁ ਮਰੈ ਨ ਮਰਣਾ ਹੋਵੈ ਸਹਜੇ ਸਚਿ ਸਮਾਵਣਿਆ ॥੪॥ | Then, they die, never to die again. They are intuitively absorbed in the True One. \|\|4\|\| |
| ਮਾਇਆ ਮਹਿ ਫਿਰਿ ਚਿਤੁ ਨ ਲਾਏ ॥ | They do not focus their consciousness on Maya again. |
| ਗੁਰ ਕੈ ਸਬਦਿ ਸਦ ਰਹੈ ਸਮਾਏ ॥ | They remain absorbed forever in the Word of the Guru's Shabad. |
| ਸਚੁ ਸਲਾਹੇ ਸਭ ਘਟ ਅੰਤਰਿ ਸਚੋ ਸਚੁ ਸੁਹਾਵਣਿਆ ॥੫॥ | They praise the True One, who is contained deep within all hearts. They are blessed and exalted by the Truest of the True. \|\|5\|\| |
| ਸਚੁ ਸਾਲਾਹੀ ਸਦਾ ਹਜੂਰੇ ॥ | Praise the True One, who is Ever-present. |
| ਗੁਰ ਕੈ ਸਬਦਿ ਰਹਿਆ ਭਰਪੂਰੇ ॥ | Through the Word of the Guru's Shabad, He is pervading everywhere. |
| ਗੁਰ ਪਰਸਾਦੀ ਸਚੁ ਨਦਰੀ ਆਵੈ ਸਚੇ ਹੀ ਸੁਖੁ ਪਾਵਣਿਆ ॥੬॥ | By Guru's Grace, we come to behold the True One; from the True One, peace is obtained. \|\|6\|\| |
| ਸਚੁ ਮਨ ਅੰਦਰਿ ਰਹਿਆ ਸਮਾਇ ॥ | The True One permeates and pervades the mind within. |
| ਸਦਾ ਸਚੁ ਨਿਹਚਲੁ ਆਵੈ ਨ ਜਾਇ ॥ | The True One is Eternal and Unchanging; He does not come and go in reincarnation. |
| ਸਚੇ ਲਾਗੈ ਸੋ ਮਨੁ ਨਿਰਮਲੁ ਗੁਰਮਤੀ ਸਚਿ ਸਮਾਵਣਿਆ ॥੭॥ | Those who are attached to the True One are immaculate and pure. Through the Guru's Teachings, they merge in the True One. \|\|7\|\| |
| ਸਚੁ ਸਾਲਾਹੀ ਅਵਰੁ ਨ ਕੋਈ ॥ | Praise the True One, and no other. |
| ਜਿਤੁ ਸੇਵਿਐ ਸਦਾ ਸੁਖੁ ਹੋਈ ॥ | Serving Him, eternal peace is obtained. |
| **੧੨੧** | **121** |
| ਨਾਨਕ ਨਾਮਿ ਰਤੇ ਵੀਚਾਰੀ ਸਚੋ ਸਚੁ ਕਮਾਵਣਿਆ ॥੮॥੧੮॥੧੯॥ | O Nanak, those who are attuned to the Naam, reflect deeply on the Truth; they practice only Truth. \|\|8\|\|18\|\|19\|\| |

| | |
|---|---|
| ਮਾਝ ਮਹਲਾ ੩ ॥ | Maajh, Third Mehl: |
| ਨਿਰਮਲ ਸਬਦੁ ਨਿਰਮਲ ਹੈ ਬਾਣੀ ॥ | The Word of the Shabad is Immaculate and Pure; the Bani of the Word is Pure. |
| ਨਿਰਮਲ ਜੋਤਿ ਸਭ ਮਾਹਿ ਸਮਾਣੀ ॥ | The Light which is pervading among all is Immaculate. |
| ਨਿਰਮਲ ਬਾਣੀ ਹਰਿ ਸਾਲਾਹੀ ਜਪਿ ਹਰਿ ਨਿਰਮਲੁ ਮੈਲੁ ਗਵਾਵਣਿਆ ॥੧॥ | So praise the Immaculate Word of the Lord's Bani; chanting the Immaculate Name of the Lord, all filth is washed away. ‖1‖ |
| ਹਉ ਵਾਰੀ ਜੀਉ ਵਾਰੀ ਸੁਖਦਾਤਾ ਮੰਨਿ ਵਸਾਵਣਿਆ ॥ | I am a sacrifice, my soul is a sacrifice, to those who enshrine the Giver of peace within their minds. |
| ਹਰਿ ਨਿਰਮਲੁ ਗੁਰ ਸਬਦਿ ਸਲਾਹੀ ਸਬਦੋ ਸੁਣਿ ਤਿਸਾ ਮਿਟਾਵਣਿਆ ॥੧॥ ਰਹਾਉ ॥ | Praise the Immaculate Lord, through the Word of the Guru's Shabad. Listen to the Shabad, and quench your thirst. ‖1‖Pause‖ |
| ਨਿਰਮਲ ਨਾਮੁ ਵਸਿਆ ਮਨਿ ਆਏ ॥ | When the Immaculate Naam comes to dwell in the mind, |
| ਮਨੁ ਤਨੁ ਨਿਰਮਲੁ ਮਾਇਆ ਮੋਹੁ ਗਵਾਏ ॥ | the mind and body become Immaculate, and emotional attachment to Maya departs. |
| ਨਿਰਮਲ ਗੁਣ ਗਾਵੈ ਨਿਤ ਸਾਚੇ ਕੇ ਨਿਰਮਲ ਨਾਦੁ ਵਜਾਵਣਿਆ ॥੨॥ | Sing the Glorious Praises of the Immaculate True Lord forever, and the Immaculate Sound-current of the Naad shall vibrate within. ‖2‖ |
| ਨਿਰਮਲ ਅੰਮ੍ਰਿਤੁ ਗੁਰ ਤੇ ਪਾਇਆ ॥ | The Immaculate Ambrosial Nectar is obtained from the Guru. |
| ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ ॥ | When selfishness and conceit are eradicated from within, then there is no attachment to Maya. |
| ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਵਸਾਵਣਿਆ ॥੩॥ | Immaculate is the spiritual wisdom, and utterly immaculate is the meditation, of those whose minds are filled with the Immaculate Bani of the Word. ‖3‖ |
| ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ ॥ | One who serves the Immaculate Lord becomes immaculate. |
| ਹਉਮੈ ਮੈਲੁ ਗੁਰ ਸਬਦੇ ਧੋਵੈ ॥ | Through the Word of the Guru's Shabad, the filth of egotism is washed away. |
| ਨਿਰਮਲ ਵਾਜੈ ਅਨਹਦ ਧੁਨਿ ਬਾਣੀ ਦਰਿ ਸਚੈ ਸੋਭਾ ਪਾਵਣਿਆ ॥੪॥ | The Immaculate Bani and the Unstruck Melody of the Sound-current vibrate, and in the True Court, honor is obtained. ‖4‖ |
| ਨਿਰਮਲ ਤੇ ਸਭ ਨਿਰਮਲ ਹੋਵੈ ॥ | Through the Immaculate Lord, all become immaculate. |

| | |
|---|---|
| ਨਿਰਮਲੁ ਮਨੂਆ ਹਰਿ ਸਬਦਿ ਪਰੋਵੈ ॥ | Immaculate is the mind which weaves the Word of the Lord's Shabad into itself. |
| ਨਿਰਮਲ ਨਾਮਿ ਲਗੇ ਬਡਭਾਗੀ ਨਿਰਮਲੁ ਨਾਮਿ ਸੁਹਾਵਣਿਆ ॥੫॥ | Blessed and very fortunate are those who are committed to the Immaculate Name; through the Immaculate Name, they are blessed and beautified. \|\|5\|\| |
| ਸੋ ਨਿਰਮਲੁ ਜੋ ਸਬਦੇ ਸੋਹੈ ॥ | Immaculate is the one who is adorned with the Shabad. |
| ਨਿਰਮਲ ਨਾਮਿ ਮਨੁ ਤਨੁ ਮੋਹੈ ॥ | The Immaculate Naam, the Name of the Lord, entices the mind and body. |
| ਸਚਿ ਨਾਮਿ ਮਲੁ ਕਦੇ ਨ ਲਾਗੈ ਮੁਖੁ ਊਜਲੁ ਸਚੁ ਕਰਾਵਣਿਆ ॥੬॥ | No filth ever attaches itself to the True Name; one's face is made radiant by the True One. \|\|6\|\| |
| ਮਨੁ ਮੈਲਾ ਹੈ ਦੂਜੈ ਭਾਇ ॥ | The mind is polluted by the love of duality. |
| ਮੈਲਾ ਚਉਕਾ ਮੈਲੈ ਥਾਇ ॥ | Filthy is that kitchen, and filthy is that dwelling; |
| ਮੈਲਾ ਖਾਇ ਫਿਰਿ ਮੈਲੁ ਵਧਾਏ ਮਨਮੁਖ ਮੈਲੁ ਦੁਖੁ ਪਾਵਣਿਆ ॥੭॥ | eating filth, the self-willed manmukhs become even more filthy. Because of their filth, they suffer in pain. \|\|7\|\| |
| ਮੈਲੇ ਨਿਰਮਲ ਸਭਿ ਹੁਕਮਿ ਸਬਾਏ ॥ | The filthy, and the immaculate as well, are all subject to the Hukam of God's Command. |
| ਸੇ ਨਿਰਮਲ ਜੋ ਹਰਿ ਸਾਚੇ ਭਾਏ ॥ | They alone are immaculate, who are pleasing to the True Lord. |
| ਨਾਨਕ ਨਾਮੁ ਵਸੈ ਮਨ ਅੰਤਰਿ ਗੁਰਮੁਖਿ ਮੈਲੁ ਚੁਕਾਵਣਿਆ ॥੮॥੧੯॥੨੦॥ | O Nanak, the Naam abides deep within the minds of the Gurmukhs, who are cleansed of all their filth. \|\|8\|\|19\|\|20\|\| |
| ਮਾਝ ਮਹਲਾ ੩ ॥ | Maajh, Third Mehl: |
| ਗੋਵਿੰਦੁ ਊਜਲੁ ਊਜਲ ਹੰਸਾ ॥ | The Lord of the Universe is radiant, and radiant are His soul-swans. |
| ਮਨੁ ਬਾਣੀ ਨਿਰਮਲ ਮੇਰੀ ਮਨਸਾ ॥ | Their minds and their speech are immaculate; they are my hope and ideal. |
| ਮਨਿ ਊਜਲ ਸਦਾ ਮੁਖ ਸੋਹਹਿ ਅਤਿ ਊਜਲ ਨਾਮੁ ਧਿਆਵਣਿਆ ॥੧॥ | Their minds are radiant, and their faces are always beautiful; they meditate on the most radiant Naam, the Name of the Lord. \|\|1\|\| |
| ਹਉ ਵਾਰੀ ਜੀਉ ਵਾਰੀ ਗੋਬਿੰਦ ਗੁਣ ਗਾਵਣਿਆ ॥ | I am a sacrifice, my soul is a sacrifice, to those who sing the Glorious Praises of the Lord of the Universe. |

| | |
|---|---|
| ਗੋਬਿਦੁ ਗੋਬਿਦੁ ਕਹੈ ਦਿਨ ਰਾਤੀ ਗੋਬਿਦ ਗੁਣ ਸਬਦਿ ਸੁਣਾਵਣਿਆ ॥੧॥ ਰਹਾਉ ॥ | So chant Gobind, Gobind, the Lord of the Universe, day and night; sing the Glorious Praises of the Lord Gobind, through the Word of His Shabad. \|\|1\|\|Pause\|\| |
| ਗੋਬਿਦੁ ਗਾਵਹਿ ਸਹਜਿ ਸੁਭਾਏ ॥ | Sing of the Lord Gobind with intuitive ease, |
| ਗੁਰ ਕੈ ਭੈ ਊਜਲ ਹਉਮੈ ਮਲੁ ਜਾਏ ॥ | in the Fear of the Guru; you shall become radiant, and the filth of egotism shall depart. |
| ਸਦਾ ਅਨੰਦਿ ਰਹਹਿ ਭਗਤਿ ਕਰਹਿ ਦਿਨੁ ਰਾਤੀ ਸੁਣਿ ਗੋਬਿਦ ਗੁਣ ਗਾਵਣਿਆ ॥੨॥ | Remain in bliss forever, and perform devotional worship, day and night. Hear and sing the Glorious Praises of the Lord Gobind. \|\|2\|\| |
| ਮਨੂਆ ਨਾਚੈ ਭਗਤਿ ਦ੍ਰਿੜਾਏ ॥ | Channel your dancing mind in devotional worship, |
| ਗੁਰ ਕੈ ਸਬਦਿ ਮਨੈ ਮਨੁ ਮਿਲਾਏ ॥ | and through the Word of the Guru's Shabad, merge your mind with the Supreme Mind. |
| ਸਚਾ ਤਾਲੁ ਪੂਰੇ ਮਾਇਆ ਮੋਹੁ ਚੁਕਾਏ ਸਬਦੇ ਨਿਰਤਿ ਕਰਾਵਣਿਆ ॥੩॥ | Let your true and perfect tune be the subjugation of your love of Maya, and let yourself dance to the Shabad. \|\|3\|\| |
| ਊਚਾ ਕੂਕੇ ਤਨਹਿ ਪਛਾੜੇ ॥ | People shout out loud and move their bodies, |
| ਮਾਇਆ ਮੋਹਿ ਜੋਹਿਆ ਜਮਕਾਲੇ ॥ | but if they are emotionally attached to Maya, then the Messenger of Death shall hunt them down. |
| **੧੨੨** | **122** |
| ਮਾਇਆ ਮੋਹੁ ਇਸੁ ਮਨਹਿ ਨਚਾਏ ਅੰਤਰਿ ਕਪਟੁ ਦੁਖੁ ਪਾਵਣਿਆ ॥੪॥ | The love of Maya makes this mind dance, and the deceit within makes people suffer in pain. \|\|4\|\| |
| ਗੁਰਮੁਖਿ ਭਗਤਿ ਜਾ ਆਪਿ ਕਰਾਏ ॥ | When the Lord inspires one to become Gurmukh, and perform devotional worship, |
| ਤਨੁ ਮਨੁ ਰਾਤਾ ਸਹਜਿ ਸੁਭਾਏ ॥ | then his body and mind are attuned to His Love with intuitive ease. |
| ਬਾਣੀ ਵਜੈ ਸਬਦਿ ਵਜਾਏ ਗੁਰਮੁਖਿ ਭਗਤਿ ਥਾਇ ਪਾਵਣਿਆ ॥੫॥ | The Word of His Bani vibrates, and the Word of His Shabad resounds, for the Gurmukh whose devotional worship is accepted. \|\|5\|\| |
| ਬਹੁ ਤਾਲ ਪੂਰੇ ਵਾਜੇ ਵਜਾਏ ॥ | One may beat upon and play all sorts of instruments, |
| ਨਾ ਕੋ ਸੁਣੇ ਨ ਮੰਨਿ ਵਸਾਏ ॥ | but no one will listen, and no one will enshrine it in the mind. |
| ਮਾਇਆ ਕਾਰਣਿ ਪਿੜ ਬੰਧਿ ਨਾਚੈ ਦੂਜੈ ਭਾਇ ਦੁਖੁ ਪਾਵਣਿਆ ॥੬॥ | For the sake of Maya, they set the stage and dance, but they are in love with duality, and they obtain only sorrow. \|\|6\|\| |

| | |
|---|---|
| ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ ॥ | Those whose inner beings are attached to the Lord's Love are liberated. |
| ਇੰਦ੍ਰੀ ਵਸਿ ਸਚ ਸੰਜਮਿ ਜੁਗਤਾ ॥ | They control their sexual desires, and their lifestyle is the self-discipline of Truth. |
| ਗੁਰ ਕੈ ਸਬਦਿ ਸਦਾ ਹਰਿ ਧਿਆਏ ਏਹਾ ਭਗਤਿ ਹਰਿ ਭਾਵਣਿਆ ॥੭॥ | Through the Word of the Guru's Shabad, they meditate forever on the Lord. This devotional worship is pleasing to the Lord. \|\|7\|\| |
| ਗੁਰਮੁਖਿ ਭਗਤਿ ਜੁਗ ਚਾਰੇ ਹੋਈ ॥ | To live as Gurmukh is devotional worship, throughout the four ages. |
| ਹੋਰਤੁ ਭਗਤਿ ਨ ਪਾਏ ਕੋਈ ॥ | This devotional worship is not obtained by any other means. |
| ਨਾਨਕ ਨਾਮੁ ਗੁਰ ਭਗਤੀ ਪਾਈਐ ਗੁਰ ਚਰਣੀ ਚਿਤੁ ਲਾਵਣਿਆ ॥੮॥੨੦॥੨੧॥ | O Nanak, the Naam, the Name of the Lord, is obtained only through devotion to the Guru. So focus your consciousness on the Guru's Feet. \|\|8\|\|20\|\|21\|\| |
| ਮਾਝ ਮਹਲਾ ੩ ॥ | Maajh, Third Mehl: |
| ਸਚਾ ਸੇਵੀ ਸਚੁ ਸਾਲਾਹੀ ॥ | Serve the True One, and praise the True One. |
| ਸਚੈ ਨਾਇ ਦੁਖੁ ਕਬ ਹੀ ਨਾਹੀ ॥ | With the True Name, pain shall never afflict you. |
| ਸੁਖਦਾਤਾ ਸੇਵਨਿ ਸੁਖੁ ਪਾਇਨਿ ਗੁਰਮਤਿ ਮੰਨਿ ਵਸਾਵਣਿਆ ॥੧॥ | Those who serve the Giver of peace find peace. They enshrine the Guru's Teachings within their minds. \|\|1\|\| |
| ਹਉ ਵਾਰੀ ਜੀਉ ਵਾਰੀ ਸੁਖ ਸਹਜਿ ਸਮਾਧਿ ਲਗਾਵਣਿਆ ॥ | I am a sacrifice, my soul is a sacrifice, to those who intuitively enter into the peace of Samaadhi. |
| ਜੋ ਹਰਿ ਸੇਵਹਿ ਸੇ ਸਦਾ ਸੋਹਹਿ ਸੋਭਾ ਸੁਰਤਿ ਸੁਹਾਵਣਿਆ ॥੧॥ ਰਹਾਉ ॥ | Those who serve the Lord are always beautiful. The glory of their intuitive awareness is beautiful. \|\|1\|\|Pause\|\| |
| ਸਭੁ ਕੋ ਤੇਰਾ ਭਗਤੁ ਕਹਾਏ ॥ | All call themselves Your devotees, |
| ਸੇਈ ਭਗਤ ਤੇਰੈ ਮਨਿ ਭਾਏ ॥ | but they alone are Your devotees, who are pleasing to Your mind. |
| ਸਚੁ ਬਾਣੀ ਤੁਧੈ ਸਾਲਾਹਨਿ ਰੰਗਿ ਰਾਤੇ ਭਗਤਿ ਕਰਾਵਣਿਆ ॥੨॥ | Through the True Word of Your Bani, they praise You; attuned to Your Love, they worship You with devotion. \|\|2\|\| |
| ਸਭੁ ਕੋ ਸਚੇ ਹਰਿ ਜੀਉ ਤੇਰਾ ॥ | All are Yours, O Dear True Lord. |
| ਗੁਰਮੁਖਿ ਮਿਲੈ ਤਾ ਚੂਕੈ ਫੇਰਾ ॥ | Meeting the Gurmukh, this cycle of reincarnation comes to an end. |

| | |
|---|---|
| ਜਾ ਤੁਧੁ ਭਾਵੈ ਤਾ ਨਾਇ ਰਚਾਵਹਿ ਤੂੰ ਆਪੇ ਨਾਉ ਜਪਾਵਣਿਆ ॥੩॥ | When it pleases Your Will, then we merge in the Name. You Yourself inspire us to chant the Name. \|\|3\|\| |
| ਗੁਰਮਤੀ ਹਰਿ ਮੰਨਿ ਵਸਾਇਆ ॥ | Through the Guru's Teachings, I enshrine the Lord within my mind. |
| ਹਰਖੁ ਸੋਗੁ ਸਭੁ ਮੋਹੁ ਗਵਾਇਆ ॥ | Pleasure and pain, and all emotional attachments are gone. |
| ਇਕਸੁ ਸਿਉ ਲਿਵ ਲਾਗੀ ਸਦ ਹੀ ਹਰਿ ਨਾਮੁ ਮੰਨਿ ਵਸਾਵਣਿਆ ॥੪॥ | I am lovingly centered on the One Lord forever. I enshrine the Lord's Name within my mind. \|\|4\|\| |
| ਭਗਤ ਰੰਗਿ ਰਾਤੇ ਸਦਾ ਤੇਰੈ ਚਾਏ ॥ | Your devotees are attuned to Your Love; they are always joyful. |
| ਨਉ ਨਿਧਿ ਨਾਮੁ ਵਸਿਆ ਮਨਿ ਆਏ ॥ | The nine treasures of the Naam come to dwell within their minds. |
| ਪੂਰੈ ਭਾਗਿ ਸਤਿਗੁਰੁ ਪਾਇਆ ਸਬਦੇ ਮੇਲਿ ਮਿਲਾਵਣਿਆ ॥੫॥ | By perfect destiny, they find the True Guru, and through the Word of the Shabad, they are united in the Lord's Union. \|\|5\|\| |
| ਤੂੰ ਦਇਆਲੁ ਸਦਾ ਸੁਖਦਾਤਾ ॥ | You are Merciful, and always the Giver of peace. |
| ਤੂੰ ਆਪੇ ਮੇਲਿਹਿ ਗੁਰਮੁਖਿ ਜਾਤਾ ॥ | You Yourself unite us; You are known only to the Gurmukhs. |
| ਤੂੰ ਆਪੇ ਦੇਵਹਿ ਨਾਮੁ ਵਡਾਈ ਨਾਮਿ ਰਤੇ ਸੁਖੁ ਪਾਵਣਿਆ ॥੬॥ | You Yourself bestow the glorious greatness of the Naam; attuned to the Naam, we find peace. \|\|6\|\| |
| ਸਦਾ ਸਦਾ ਸਾਚੇ ਤੁਧੁ ਸਾਲਾਹੀ ॥ | Forever and ever, O True Lord, I praise You. |
| ਗੁਰਮੁਖਿ ਜਾਤਾ ਦੂਜਾ ਕੋ ਨਾਹੀ ॥ | As Gurmukh, I know no other at all. |
| ਏਕਸੁ ਸਿਉ ਮਨੁ ਰਹਿਆ ਸਮਾਏ ਮਨਿ ਮੰਨਿਐ ਮਨਹਿ ਮਿਲਾਵਣਿਆ ॥੭॥ | My mind remains immersed in the One Lord; my mind surrenders to Him, and in my mind I meet Him. \|\|7\|\| |
| ਗੁਰਮੁਖਿ ਹੋਵੈ ਸੋ ਸਾਲਾਹੇ ॥ | One who becomes Gurmukh, praises the Lord. |
| ਸਾਚੇ ਠਾਕੁਰ ਵੇਪਰਵਾਹੇ ॥ | Our True Lord and Master is Carefree. |
| ਨਾਨਕ ਨਾਮੁ ਵਸੈ ਮਨ ਅੰਤਰਿ ਗੁਰ ਸਬਦੀ ਹਰਿ ਮੇਲਾਵਣਿਆ ॥੮॥੨੧॥੨੨॥ | O Nanak, the Naam, the Name of the Lord, abides deep within the mind; through the Word of the Guru's Shabad, we merge with the Lord. \|\|8\|\|21\|\|22\|\| |
| ਮਾਝ ਮਹਲਾ ੩ ॥ | Maajh, Third Mehl: |
| ਤੇਰੇ ਭਗਤ ਸੋਹਹਿ ਸਾਚੈ ਦਰਬਾਰੇ ॥ | Your devotees look beautiful in the True Court. |

| | |
|---|---|
| ਗੁਰ ਕੈ ਸਬਦਿ ਨਾਮਿ ਸਵਾਰੇ ॥ | Through the Word of the Guru's Shabad, they are adorned with the Naam. |
| ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥੧॥ | They are forever in bliss, day and night; chanting the Glorious Praises of the Lord, they merge with the Lord of Glory. \|\|1\|\| |
| **੧੨੩** | **123** |
| ਹਉ ਵਾਰੀ ਜੀਉ ਵਾਰੀ ਨਾਮੁ ਸੁਣਿ ਮੰਨਿ ਵਸਾਵਣਿਆ ॥ | I am a sacrifice, my soul is a sacrifice, to those who hear and enshrine the Naam within their minds. |
| ਹਰਿ ਜੀਉ ਸਚਾ ਊਚੋ ਊਚਾ ਹਉਮੈ ਮਾਰਿ ਮਿਲਾਵਣਿਆ ॥੧॥ ਰਹਾਉ ॥ | The Dear Lord, the True One, the Highest of the High, subdues their ego and blends them with Himself. \|\|1\|\|Pause\|\| |
| ਹਰਿ ਜੀਉ ਸਾਚਾ ਸਾਚੀ ਨਾਈ ॥ | True is the Dear Lord, and True is His Name. |
| ਗੁਰ ਪਰਸਾਦੀ ਕਿਸੈ ਮਿਲਾਈ ॥ | By Guru's Grace, some merge with Him. |
| ਗੁਰ ਸਬਦਿ ਮਿਲਹਿ ਸੇ ਵਿਛੁੜਹਿ ਨਾਹੀ ਸਹਜੇ ਸਚਿ ਸਮਾਵਣਿਆ ॥੨॥ | Through the Word of the Guru's Shabad, those who merge with the Lord shall not be separated from Him again. They merge with intuitive ease into the True Lord. \|\|2\|\| |
| ਤੁਝ ਤੇ ਬਾਹਰਿ ਕਛੂ ਨ ਹੋਇ ॥ | There is nothing beyond You; |
| ਤੂੰ ਕਰਿ ਕਰਿ ਵੇਖਹਿ ਜਾਣਹਿ ਸੋਇ ॥ | You are the One who does, sees, and knows. |
| ਆਪੇ ਕਰੇ ਕਰਾਏ ਕਰਤਾ ਗੁਰਮਤਿ ਆਪਿ ਮਿਲਾਵਣਿਆ ॥੩॥ | The Creator Himself acts, and inspires others to act. Through the Guru's Teachings, He blends us into Himself. \|\|3\|\| |
| ਕਾਮਣਿ ਗੁਣਵੰਤੀ ਹਰਿ ਪਾਏ ॥ | The virtuous soul-bride finds the Lord; |
| ਭੈ ਭਾਇ ਸੀਗਾਰੁ ਬਣਾਏ ॥ | she decorates herself with the Love and the Fear of God. |
| ਸਤਿਗੁਰੁ ਸੇਵਿ ਸਦਾ ਸੋਹਾਗਣਿ ਸਚ ਉਪਦੇਸਿ ਸਮਾਵਣਿਆ ॥੪॥ | She who serves the True Guru is forever a happy soul-bride. She is absorbed in the true teachings. \|\|4\|\| |
| ਸਬਦੁ ਵਿਸਾਰਨਿ ਤਿਨਾ ਠਉਰੁ ਨ ਠਾਉ ॥ | Those who forget the Word of the Shabad have no home and no place of rest. |
| ਭ੍ਰਮਿ ਭੂਲੇ ਜਿਉ ਸੁੰਞੈ ਘਰਿ ਕਾਉ ॥ | They are deluded by doubt, like a crow in a deserted house. |
| ਹਲਤੁ ਪਲਤੁ ਤਿਨੀ ਦੋਵੈ ਗਵਾਏ ਦੁਖੇ ਦੁਖਿ ਵਿਹਾਵਣਿਆ ॥੫॥ | They forfeit both this world and the next, and they pass their lives suffering in pain and misery. \|\|5\|\| |

| | |
|---|---|
| ਲਿਖਦਿਆ ਲਿਖਦਿਆ ਕਾਗਦ ਮਸੁ ਖੋਈ ॥ | Writing on and on endlessly, they run out of paper and ink. |
| ਦੂਜੈ ਭਾਇ ਸੁਖੁ ਪਾਏ ਨ ਕੋਈ ॥ | Through the love with duality, no one has found peace. |
| ਕੂੜੁ ਲਿਖਹਿ ਤੈ ਕੂੜੁ ਕਮਾਵਹਿ ਜਲਿ ਜਾਵਹਿ ਕੂੜਿ ਚਿਤੁ ਲਾਵਣਿਆ ॥੬॥ | They write falsehood, and they practice falsehood; they are burnt to ashes by focusing their consciousness on falsehood. \|\|6\|\| |
| ਗੁਰਮੁਖਿ ਸਚੋ ਸਚੁ ਲਿਖਹਿ ਵੀਚਾਰੁ ॥ | The Gurmukhs write and reflect on Truth, and only Truth. |
| ਸੇ ਜਨ ਸਚੇ ਪਾਵਹਿ ਮੋਖ ਦੁਆਰੁ ॥ | The true ones find the gate of salvation. |
| ਸਚੁ ਕਾਗਦੁ ਕਲਮ ਮਸਵਾਣੀ ਸਚੁ ਲਿਖਿ ਸਚਿ ਸਮਾਵਣਿਆ ॥੭॥ | True is their paper, pen and ink; writing Truth, they are absorbed in the True One. \|\|7\|\| |
| ਮੇਰਾ ਪ੍ਰਭੁ ਅੰਤਰਿ ਬੈਠਾ ਵੇਖੈ ॥ | My God sits deep within the self; He watches over us. |
| ਗੁਰ ਪਰਸਾਦੀ ਮਿਲੈ ਸੋਈ ਜਨੁ ਲੇਖੈ ॥ | Those who meet the Lord, by Guru's Grace, are acceptable. |
| ਨਾਨਕ ਨਾਮੁ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥੮॥੨੨॥੨੩॥ | O Nanak, glorious greatness is received through the Naam, which is obtained through the Perfect Guru. \|\|8\|\|22\|\|23\|\| |
| ਮਾਝ ਮਹਲਾ ੩ ॥ | Maajh, Third Mehl: |
| ਆਤਮ ਰਾਮ ਪਰਗਾਸੁ ਗੁਰ ਤੇ ਹੋਵੈ ॥ | The Divine Light of the Supreme Soul shines forth from the Guru. |
| ਹਉਮੈ ਮੈਲੁ ਲਾਗੀ ਗੁਰ ਸਬਦੀ ਖੋਵੈ ॥ | The filth stuck to the ego is removed through the Word of the Guru's Shabad. |
| ਮਨੁ ਨਿਰਮਲੁ ਅਨਦਿਨੁ ਭਗਤੀ ਰਾਤਾ ਭਗਤਿ ਕਰੇ ਹਰਿ ਪਾਵਣਿਆ ॥੧॥ | One who is imbued with devotional worship to the Lord night and day becomes pure. Worshipping the Lord, He is obtained. \|\|1\|\| |
| ਹਉ ਵਾਰੀ ਜੀਉ ਵਾਰੀ ਆਪਿ ਭਗਤਿ ਕਰਨਿ ਅਵਰਾ ਭਗਤਿ ਕਰਾਵਣਿਆ ॥ | I am a sacrifice, my soul is a sacrifice, to those who themselves worship the Lord, and inspire others to worship Him as well. |
| ਤਿਨਾ ਭਗਤ ਜਨਾ ਕਉ ਸਦ ਨਮਸਕਾਰੁ ਕੀਜੈ ਜੋ ਅਨਦਿਨੁ ਹਰਿ ਗੁਣ ਗਾਵਣਿਆ ॥੧॥ ਰਹਾਉ ॥ | I humbly bow to those devotees who chant the Glorious Praises of the Lord, night and day. \|\|1\|\|Pause\|\| |
| ਆਪੇ ਕਰਤਾ ਕਾਰਣੁ ਕਰਾਏ ॥ | The Creator Lord Himself is the Doer of deeds. |

| | |
|---|---|
| ਜਿਤੁ ਭਾਵੈ ਤਿਤੁ ਕਾਰੈ ਲਾਏ ॥ | As He pleases, He applies us to our tasks. |
| ਪੂਰੈ ਭਾਗਿ ਗੁਰ ਸੇਵਾ ਹੋਵੈ ਗੁਰ ਸੇਵਾ ਤੇ ਸੁਖੁ ਪਾਵਣਿਆ ॥੨॥ | Through perfect destiny, we serve the Guru; serving the Guru, peace is found. \|\|2\|\| |
| ਮਰਿ ਮਰਿ ਜੀਵੈ ਤਾ ਕਿਛੁ ਪਾਏ ॥ | Those who die, and remain dead while yet alive, obtain it. |
| ਗੁਰ ਪਰਸਾਦੀ ਹਰਿ ਮੰਨਿ ਵਸਾਏ ॥ | By Guru's Grace, they enshrine the Lord within their minds. |
| ਸਦਾ ਮੁਕਤੁ ਹਰਿ ਮੰਨਿ ਵਸਾਏ ਸਹਜੇ ਸਹਜਿ ਸਮਾਵਣਿਆ ॥੩॥ | Enshrining the Lord within their minds, they are liberated forever. With intuitive ease, they merge into the Lord. \|\|3\|\| |
| ਬਹੁ ਕਰਮ ਕਮਾਵੈ ਮੁਕਤਿ ਨ ਪਾਏ ॥ | They perform all sorts of rituals, but they do not obtain liberation through them. |
| ਦੇਸੰਤਰੁ ਭਵੈ ਦੂਜੈ ਭਾਇ ਖੁਆਏ ॥ | They wander around the countryside, and in love with duality, they are ruined. |
| ਬਿਰਥਾ ਜਨਮੁ ਗਵਾਇਆ ਕਪਟੀ ਬਿਨੁ ਸਬਦੈ ਦੁਖੁ ਪਾਵਣਿਆ ॥੪॥ | The deceitful lose their lives in vain; without the Word of the Shabad, they obtain only misery. \|\|4\|\| |
| ਧਾਵਤੁ ਰਾਖੈ ਠਾਕਿ ਰਹਾਏ ॥ | Those who restrain their wandering mind, keeping it steady and stable, |
| ਗੁਰ ਪਰਸਾਦੀ ਪਰਮ ਪਦੁ ਪਾਏ ॥ | obtain the supreme status, by Guru's Grace. |
| ਸਤਿਗੁਰੁ ਆਪੇ ਮੇਲਿ ਮਿਲਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੫॥ | The True Guru Himself unites us in Union with the Lord. Meeting the Beloved, peace is obtained. \|\|5\|\| |

## ੧੨੪ 124

| | |
|---|---|
| ਇਕਿ ਕੂੜਿ ਲਾਗੇ ਕੂੜੇ ਫਲ ਪਾਏ ॥ | Some are stuck in falsehood, and false are the rewards they receive. |
| ਦੂਜੈ ਭਾਇ ਬਿਰਥਾ ਜਨਮੁ ਗਵਾਏ ॥ | In love with duality, they waste away their lives in vain. |
| ਆਪਿ ਡੁਬੇ ਸਗਲੇ ਕੁਲ ਡੋਬੇ ਕੂੜੁ ਬੋਲਿ ਬਿਖੁ ਖਾਵਣਿਆ ॥੬॥ | They drown themselves, and drown their entire family; speaking lies, they eat poison. \|\|6\|\| |
| ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥ | How rare are those who, as Gurmukh, look within their bodies, into their minds. |
| ਭਾਇ ਭਗਤਿ ਜਾ ਹਉਮੈ ਸੋਖੈ ॥ | Through loving devotion, their ego evaporates. |
| ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ ॥੭॥ | The Siddhas, the seekers and the silent sages continually, lovingly focus their consciousness, but they have not seen the mind within the body. \|\|7\|\| |

| | |
|---|---|
| ਆਪਿ ਕਰਾਏ ਕਰਤਾ ਸੋਈ ॥ | The Creator Himself inspires us to work; |
| ਹੋਰੁ ਕਿ ਕਰੇ ਕੀਤੈ ਕਿਆ ਹੋਈ ॥ | what can anyone else do? What can be done by our doing? |
| ਨਾਨਕ ਜਿਸੁ ਨਾਮੁ ਦੇਵੈ ਸੋ ਲੇਵੈ ਨਾਮੋ ਮੰਨਿ ਵਸਾਵਣਿਆ ॥੮॥੨੩॥੨੪॥ | O Nanak, the Lord bestows His Name; we receive it, and enshrine it within the mind. \|\|8\|\|23\|\|24\|\| |
| ਮਾਝ ਮਹਲਾ ੩ ॥ | Maajh, Third Mehl: |
| ਇਸੁ ਗੁਫਾ ਮਹਿ ਅਖੁਟ ਭੰਡਾਰਾ ॥ | Within this cave, there is an inexhaustible treasure. |
| ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ॥ | Within this cave, the Invisible and Infinite Lord abides. |
| ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ ॥੧॥ | He Himself is hidden, and He Himself is revealed; through the Word of the Guru's Shabad, selfishness and conceit are eliminated. \|\|1\|\| |
| ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ॥ | I am a sacrifice, my soul is a sacrifice, to those who enshrine the Ambrosial Naam, the Name of the Lord, within their minds. |
| ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ ॥੧॥ ਰਹਾਉ ॥ | The taste of the Ambrosial Naam is very sweet! Through the Guru's Teachings, drink in this Ambrosial Nectar. \|\|1\|\|Pause\|\| |
| ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥ | Subduing egotism, the rigid doors are opened. |
| ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥ | The Priceless Naam is obtained by Guru's Grace. |
| ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ ॥੨॥ | Without the Shabad, the Naam is not obtained. By Guru's Grace, it is implanted within the mind. \|\|2\|\| |
| ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ | The Guru has applied the true ointment of spiritual wisdom to my eyes. |
| ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥ | Deep within, the Divine Light has dawned, and the darkness of ignorance has been dispelled. |
| ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥ | My light has merged into the Light; my mind has surrendered, and I am blessed with Glory in the Court of the Lord. \|\|3\|\| |

| | |
|---|---|
| ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥ | Those who look outside the body, searching for the Lord, shall not receive the Naam; they shall instead be forced to suffer the terrible pains of slavery. |
| ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥੪॥ | The blind, self-willed manmukhs do not understand; but when they return once again to their own home, then, as Gurmukh, they find the genuine article. \|\|4\|\| |
| ਗੁਰ ਪਰਸਾਦੀ ਸਚਾ ਹਰਿ ਪਾਏ ॥ | By Guru's Grace, the True Lord is found. |
| ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ॥ | Within your mind and body, see the Lord, and the filth of egotism shall depart. |
| ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ ॥੫॥ | Sitting in that place, sing the Glorious Praises of the Lord forever, and be absorbed in the True Word of the Shabad. \|\|5\|\| |
| ਨਉ ਦਰ ਠਾਕੇ ਧਾਵਤੁ ਰਹਾਏ ॥ | Those who close off the nine gates, and restrain the wandering mind, |
| ਦਸਵੈ ਨਿਜ ਘਰਿ ਵਾਸਾ ਪਾਏ ॥ | come to dwell in the Home of the Tenth Gate. |
| ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥੬॥ | There, the Unstruck Melody of the Shabad vibrates day and night. Through the Guru's Teachings, the Shabad is heard. \|\|6\|\| |
| ਬਿਨੁ ਸਬਦੈ ਅੰਤਰਿ ਆਨੇਰਾ ॥ | Without the Shabad, there is only darkness within. |
| ਨ ਵਸਤੁ ਲਹੈ ਨ ਚੂਕੈ ਫੇਰਾ ॥ | The genuine article is not found, and the cycle of reincarnation does not end. |
| ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥ | The key is in the hands of the True Guru; no one else can open this door. By perfect destiny, He is met. \|\|7\|\| |
| ਗੁਪਤੁ ਪਰਗਟੁ ਤੂੰ ਸਭਨੀ ਥਾਈ ॥ | You are the hidden and the revealed in all places. |
| ਗੁਰ ਪਰਸਾਦੀ ਮਿਲਿ ਸੋਝੀ ਪਾਈ ॥ | Receiving Guru's Grace, this understanding is obtained. |
| ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ ॥੮॥੨੪॥੨੫॥ | O Nanak, praise the Naam forever; as Gurmukh, enshrine it within the mind. \|\|8\|\|24\|\|25\|\| |
| ਮਾਝ ਮਹਲਾ ੩ ॥ | Maajh, Third Mehl: |
| ਗੁਰਮੁਖਿ ਮਿਲੈ ਮਿਲਾਏ ਆਪੇ ॥ | The Gurmukhs meet the Lord, and inspire others to meet Him as well. |

| | |
|---|---|
| ਕਾਲੁ ਨ ਜੋਹੈ ਦੁਖੁ ਨ ਸੰਤਾਪੇ ॥ | Death does not see them, and pain does not afflict them. |
| ਹਉਮੈ ਮਾਰਿ ਬੰਧਨ ਸਭ ਤੋੜੈ ਗੁਰਮੁਖਿ ਸਬਦਿ ਸੁਹਾਵਣਿਆ ॥੧॥ | Subduing egotism, they break all their bonds; as Gurmukh, they are adorned with the Word of the Shabad. \|\|1\|\| |
| ਹਉ ਵਾਰੀ ਜੀਉ ਵਾਰੀ ਹਰਿ ਹਰਿ ਨਾਮਿ ਸੁਹਾਵਣਿਆ ॥ | I am a sacrifice, my soul is a sacrifice, to those who look beautiful in the Name of the Lord, Har, Har. |
| ਗੁਰਮੁਖਿ ਗਾਵੈ ਗੁਰਮੁਖਿ ਨਾਚੈ ਹਰਿ ਸੇਤੀ ਚਿਤੁ ਲਾਵਣਿਆ ॥੧॥ ਰਹਾਉ ॥ | The Gurmukhs sing, the Gurmukhs dance, and focus their consciousness on the Lord. \|\|1\|\|Pause\|\| |

## ੧੨੫ 125

| | |
|---|---|
| ਗੁਰਮੁਖਿ ਜੀਵੈ ਮਰੈ ਪਰਵਾਣੁ ॥ | The Gurmukhs are celebrated in life and death. |
| ਆਰਜਾ ਨ ਛੀਜੈ ਸਬਦੁ ਪਛਾਣੁ ॥ | Their lives are not wasted; they realize the Word of the Shabad. |
| ਗੁਰਮੁਖਿ ਮਰੈ ਨ ਕਾਲੁ ਨ ਖਾਏ ਗੁਰਮੁਖਿ ਸਚਿ ਸਮਾਵਣਿਆ ॥੨॥ | The Gurmukhs do not die; they are not consumed by death. The Gurmukhs are absorbed in the True Lord. \|\|2\|\| |
| ਗੁਰਮੁਖਿ ਹਰਿ ਦਰਿ ਸੋਭਾ ਪਾਏ ॥ | The Gurmukhs are honored in the Court of the Lord. |
| ਗੁਰਮੁਖਿ ਵਿਚਹੁ ਆਪੁ ਗਵਾਏ ॥ | The Gurmukhs eradicate selfishness and conceit from within. |
| ਆਪਿ ਤਰੈ ਕੁਲ ਸਗਲੇ ਤਾਰੇ ਗੁਰਮੁਖਿ ਜਨਮੁ ਸਵਾਰਣਿਆ ॥੩॥ | They save themselves, and save all their families and ancestors as well. The Gurmukhs redeem their lives. \|\|3\|\| |
| ਗੁਰਮੁਖਿ ਦੁਖੁ ਕਦੇ ਨ ਲਗੈ ਸਰੀਰਿ ॥ | The Gurmukhs never suffer bodily pain. |
| ਗੁਰਮੁਖਿ ਹਉਮੈ ਚੂਕੈ ਪੀਰ ॥ | The Gurmukhs have the pain of egotism taken away. |
| ਗੁਰਮੁਖਿ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਗੁਰਮੁਖਿ ਸਹਜਿ ਸਮਾਵਣਿਆ ॥੪॥ | The minds of the Gurmukhs are immaculate and pure; no filth ever sticks to them again. The Gurmukhs merge in celestial peace. \|\|4\|\| |
| ਗੁਰਮੁਖਿ ਨਾਮੁ ਮਿਲੈ ਵਡਿਆਈ ॥ | The Gurmukhs obtain the Greatness of the Naam. |
| ਗੁਰਮੁਖਿ ਗੁਣ ਗਾਵੈ ਸੋਭਾ ਪਾਈ ॥ | The Gurmukhs sing the Glorious Praises of the Lord, and obtain honor. |
| ਸਦਾ ਅਨੰਦਿ ਰਹੈ ਦਿਨੁ ਰਾਤੀ ਗੁਰਮੁਖਿ ਸਬਦੁ ਕਰਾਵਣਿਆ ॥੫॥ | They remain in bliss forever, day and night. The Gurmukhs practice the Word of the Shabad. \|\|5\|\| |
| ਗੁਰਮੁਖਿ ਅਨਦਿਨੁ ਸਬਦੇ ਰਾਤਾ ॥ | The Gurmukhs are attuned to the Shabad, night and day. |

| | |
|---|---|
| ਗੁਰਮੁਖਿ ਜੁਗ ਚਾਰੇ ਹੈ ਜਾਤਾ ॥ | The Gurmukhs are known throughout the four ages. |
| ਗੁਰਮੁਖਿ ਗੁਣ ਗਾਵੈ ਸਦਾ ਨਿਰਮਲੁ ਸਬਦੇ ਭਗਤਿ ਕਰਾਵਣਿਆ ॥੬॥ | The Gurmukhs always sing the Glorious Praises of the Immaculate Lord. Through the Shabad, they practice devotional worship. \|\|6\|\| |
| ਬਾਝੁ ਗੁਰੂ ਹੈ ਅੰਧ ਅੰਧਾਰਾ ॥ | Without the Guru, there is only pitch-black darkness. |
| ਜਮਕਾਲਿ ਗਰਠੇ ਕਰਹਿ ਪੁਕਾਰਾ ॥ | Seized by the Messenger of Death, people cry out and scream. |
| ਅਨਦਿਨੁ ਰੋਗੀ ਬਿਸਟਾ ਕੇ ਕੀੜੇ ਬਿਸਟਾ ਮਹਿ ਦੁਖੁ ਪਾਵਣਿਆ ॥੭॥ | Night and day, they are diseased, like maggots in manure, and in manure they endure agony. \|\|7\|\| |
| ਗੁਰਮੁਖਿ ਆਪੇ ਕਰੇ ਕਰਾਏ ॥ | The Gurmukhs know that the Lord alone acts, and causes others to act. |
| ਗੁਰਮੁਖਿ ਹਿਰਦੈ ਵੁਠਾ ਆਪਿ ਆਏ ॥ | In the hearts of the Gurmukhs, the Lord Himself comes to dwell. |
| ਨਾਨਕ ਨਾਮਿ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥੮॥੨੫॥੨੬॥ | O Nanak, through the Naam, greatness is obtained. It is received from the Perfect Guru. \|\|8\|\|25\|\|26\|\| |
| ਮਾਝ ਮਹਲਾ ੩ ॥ | Maajh, Third Mehl: |
| ਏਕਾ ਜੋਤਿ ਜੋਤਿ ਹੈ ਸਰੀਰਾ ॥ | The One Light is the light of all bodies. |
| ਸਬਦਿ ਦਿਖਾਏ ਸਤਿਗੁਰੁ ਪੂਰਾ ॥ | The Perfect True Guru reveals it through the Word of the Shabad. |
| ਆਪੇ ਫਰਕੁ ਕੀਤੋਨੁ ਘਟ ਅੰਤਰਿ ਆਪੇ ਬਣਤ ਬਣਾਵਣਿਆ ॥੧॥ | He Himself instills the sense of separation within our hearts; He Himself created the Creation. \|\|1\|\| |
| ਹਉ ਵਾਰੀ ਜੀਉ ਵਾਰੀ ਹਰਿ ਸਚੇ ਕੇ ਗੁਣ ਗਾਵਣਿਆ ॥ | I am a sacrifice, my soul is a sacrifice, to those who sing the Glorious Praises of the True Lord. |
| ਬਾਝੁ ਗੁਰੂ ਕੋ ਸਹਜੁ ਨ ਪਾਏ ਗੁਰਮੁਖਿ ਸਹਜਿ ਸਮਾਵਣਿਆ ॥੧॥ ਰਹਾਉ ॥ | Without the Guru, no one obtains intuitive wisdom; the Gurmukh is absorbed in intuitive peace. \|\|1\|\|Pause\|\| |
| ਤੂੰ ਆਪੇ ਸੋਹਹਿ ਆਪੇ ਜਗੁ ਮੋਹਹਿ ॥ | You Yourself are Beautiful, and You Yourself entice the world. |
| ਤੂੰ ਆਪੇ ਨਦਰੀ ਜਗਤੁ ਪਰੋਵਹਿ ॥ | You Yourself, by Your Kind Mercy, weave the thread of the world. |
| ਤੂੰ ਆਪੇ ਦੁਖੁ ਸੁਖੁ ਦੇਵਹਿ ਕਰਤੇ ਗੁਰਮੁਖਿ ਹਰਿ ਦੇਖਾਵਣਿਆ ॥੨॥ | You Yourself bestow pain and pleasure, O Creator. The Lord reveals Himself to the Gurmukh. \|\|2\|\| |

| | |
|---|---|
| ਆਪੇ ਕਰਤਾ ਕਰੇ ਕਰਾਏ ॥ | The Creator Himself acts, and causes others to act. |
| ਆਪੇ ਸਬਦੁ ਗੁਰ ਮੰਨਿ ਵਸਾਏ ॥ | Through Him, the Word of the Guru's Shabad is enshrined within the mind. |
| ਸਬਦੇ ਉਪਜੈ ਅੰਮ੍ਰਿਤ ਬਾਣੀ ਗੁਰਮੁਖਿ ਆਖਿ ਸੁਣਾਵਣਿਆ ॥੩॥ | The Ambrosial Word of the Guru's Bani emanates from the Word of the Shabad. The Gurmukh speaks it and hears it. \|\|3\|\| |
| ਆਪੇ ਕਰਤਾ ਆਪੇ ਭੁਗਤਾ ॥ | He Himself is the Creator, and He Himself is the Enjoyer. |
| ਬੰਧਨ ਤੋੜੇ ਸਦਾ ਹੈ ਮੁਕਤਾ ॥ | One who breaks out of bondage is liberated forever. |
| ਸਦਾ ਮੁਕਤੁ ਆਪੇ ਹੈ ਸਚਾ ਆਪੇ ਅਲਖੁ ਲਖਾਵਣਿਆ ॥੪॥ | The True Lord is liberated forever. The Unseen Lord causes Himself to be seen. \|\|4\|\| |
| ਆਪੇ ਮਾਇਆ ਆਪੇ ਛਾਇਆ ॥ | He Himself is Maya, and He Himself is the Illusion. |
| ਆਪੇ ਮੋਹੁ ਸਭੁ ਜਗਤੁ ਉਪਾਇਆ ॥ | He Himself has generated emotional attachment throughout the entire universe. |
| ਆਪੇ ਗੁਣਦਾਤਾ ਗੁਣ ਗਾਵੈ ਆਪੇ ਆਖਿ ਸੁਣਾਵਣਿਆ ॥੫॥ | He Himself is the Giver of Virtue; He Himself sings the Lord's Glorious Praises. He chants them and causes them to be heard. \|\|5\|\| |
| ਆਪੇ ਕਰੇ ਕਰਾਏ ਆਪੇ ॥ | He Himself acts, and causes others to act. |
| ਆਪੇ ਥਾਪਿ ਉਥਾਪੇ ਆਪੇ ॥ | He Himself establishes and disestablishes. |
| ਤੁਝ ਤੇ ਬਾਹਰਿ ਕਛੂ ਨ ਹੋਵੈ ਤੂੰ ਆਪੇ ਕਾਰੈ ਲਾਵਣਿਆ ॥੬॥ | Without You, nothing can be done. You Yourself have engaged all in their tasks. \|\|6\|\| |
| ਆਪੇ ਮਾਰੇ ਆਪਿ ਜੀਵਾਏ ॥ | He Himself kills, and He Himself revives. |
| ਆਪੇ ਮੇਲੇ ਮੇਲਿ ਮਿਲਾਏ ॥ | He Himself unites us, and unites us in Union with Himself. |
| ਸੇਵਾ ਤੇ ਸਦਾ ਸੁਖੁ ਪਾਇਆ ਗੁਰਮੁਖਿ ਸਹਜਿ ਸਮਾਵਣਿਆ ॥੭॥ | Through selfless service, eternal peace is obtained. The Gurmukh is absorbed in intuitive peace. \|\|7\|\| |
| **੧੨੬** | **126** |
| ਆਪੇ ਊਚਾ ਊਚੋ ਹੋਈ ॥ | He Himself is the Highest of the High. |
| ਜਿਸੁ ਆਪਿ ਵਿਖਾਲੇ ਸੁ ਵੇਖੈ ਕੋਈ ॥ | How rare are those who behold Him. He causes Himself to be seen. |
| ਨਾਨਕ ਨਾਮੁ ਵਸੈ ਘਟ ਅੰਤਰਿ ਆਪੇ ਵੇਖਿ ਵਿਖਾਲਣਿਆ ॥੮॥੨੬॥੨੭॥ | O Nanak, the Naam, the Name of the Lord, abides deep within the hearts of those who see the Lord themselves, and inspire others to see Him as well. \|\|8\|\|26\|\|27\|\| |

| | |
|---|---|
| ਮਾਝ ਮਹਲਾ ੩ ॥ | Maajh, Third Mehl: |
| ਮੇਰਾ ਪ੍ਰਭੁ ਭਰਪੂਰਿ ਰਹਿਆ ਸਭ ਥਾਈ ॥ | My God is pervading and permeating all places. |
| ਗੁਰ ਪਰਸਾਦੀ ਘਰ ਹੀ ਮਹਿ ਪਾਈ ॥ | By Guru's Grace, I have found Him within the home of my own heart. |
| ਸਦਾ ਸਰੇਵੀ ਇਕ ਮਨਿ ਧਿਆਈ ਗੁਰਮੁਖਿ ਸਚਿ ਸਮਾਵਣਿਆ ॥੧॥ | I serve Him constantly, and I meditate on Him single-mindedly. As Gurmukh, I am absorbed in the True One. \|\|1\|\| |
| ਹਉ ਵਾਰੀ ਜੀਉ ਵਾਰੀ ਜਗਜੀਵਨੁ ਮੰਨਿ ਵਸਾਵਣਿਆ ॥ | I am a sacrifice, my soul is a sacrifice, to those who enshrine the Lord, the Life of the World, within their minds. |
| ਹਰਿ ਜਗਜੀਵਨੁ ਨਿਰਭਉ ਦਾਤਾ ਗੁਰਮਤਿ ਸਹਜਿ ਸਮਾਵਣਿਆ ॥੧॥ ਰਹਾਉ ॥ | Through the Guru's Teachings, I merge with intuitive ease into the Lord, the Life of the World, the Fearless One, the Great Giver. \|\|1\|\|Pause\|\| |
| ਘਰ ਮਹਿ ਧਰਤੀ ਧਉਲੁ ਪਾਤਾਲਾ ॥ | Within the home of the self is the earth, its support and the nether regions of the underworld. |
| ਘਰ ਹੀ ਮਹਿ ਪ੍ਰੀਤਮੁ ਸਦਾ ਹੈ ਬਾਲਾ ॥ | Within the home of the self is the Eternally Young Beloved. |
| ਸਦਾ ਅਨੰਦਿ ਰਹੈ ਸੁਖਦਾਤਾ ਗੁਰਮਤਿ ਸਹਜਿ ਸਮਾਵਣਿਆ ॥੨॥ | The Giver of peace is eternally blissful. Through the Guru's Teachings, we are absorbed in intuitive peace. \|\|2\|\| |
| ਕਾਇਆ ਅੰਦਰਿ ਹਉਮੈ ਮੇਰਾ ॥ | When the body is filled with ego and selfishness, |
| ਜੰਮਣ ਮਰਣੁ ਨ ਚੂਕੈ ਫੇਰਾ ॥ | the cycle of birth and death does not end. |
| ਗੁਰਮੁਖਿ ਹੋਵੈ ਸੁ ਹਉਮੈ ਮਾਰੇ ਸਚੋ ਸਚੁ ਧਿਆਵਣਿਆ ॥੩॥ | One who becomes Gurmukh subdues egotism, and meditates on the Truest of the True. \|\|3\|\| |
| ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ ॥ | Within this body are the two brothers, sin and virtue. |
| ਦੁਹੀ ਮਿਲਿ ਕੈ ਸ੍ਰਿਸਟਿ ਉਪਾਈ ॥ | When the two joined together, the Universe was produced. |
| ਦੋਵੈ ਮਾਰਿ ਜਾਇ ਇਕਤੁ ਘਰਿ ਆਵੈ ਗੁਰਮਤਿ ਸਹਜਿ ਸਮਾਵਣਿਆ ॥੪॥ | Subduing both, and entering into the Home of the One, through the Guru's Teachings, we are absorbed in intuitive peace. \|\|4\|\| |
| ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥ | Within the home of the self is the darkness of the love of duality. |

| | |
|---|---|
| ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥ | When the Divine Light dawns, ego and selfishness are dispelled. |
| ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥੫॥ | The Giver of peace is revealed through the Shabad, meditating upon the Naam, night and day. \|\|5\|\| |
| ਅੰਤਰਿ ਜੋਤਿ ਪਰਗਟੁ ਪਾਸਾਰਾ ॥ | Deep within the self is the Light of God; It radiates throughout the expanse of His creation. |
| ਗੁਰ ਸਾਖੀ ਮਿਟਿਆ ਅੰਧਿਆਰਾ ॥ | Through the Guru's Teachings, the darkness of spiritual ignorance is dispelled. |
| ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥ | The heart-lotus blossoms forth, and eternal peace is obtained, as one's light merges into the Light. \|\|6\|\| |
| ਅੰਦਰਿ ਮਹਲ ਰਤਨੀ ਭਰੇ ਭੰਡਾਰਾ ॥ | Within the mansion is the treasure house, overflowing with jewels. |
| ਗੁਰਮੁਖਿ ਪਾਏ ਨਾਮੁ ਅਪਾਰਾ ॥ | The Gurmukh obtains the Infinite Naam, the Name of the Lord. |
| ਗੁਰਮੁਖਿ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦ ਪਾਵਣਿਆ ॥੭॥ | The Gurmukh, the trader, always purchases the merchandise of the Naam, and always reaps profits. \|\|7\|\| |
| ਆਪੇ ਵਥੁ ਰਾਖੈ ਆਪੇ ਦੇਇ ॥ | The Lord Himself keeps this merchandise in stock, and He Himself distributes it. |
| ਗੁਰਮੁਖਿ ਵਣਜਹਿ ਕੇਈ ਕੇਇ ॥ | Rare is that Gurmukh who trades in this. |
| ਨਾਨਕ ਜਿਸੁ ਨਦਰਿ ਕਰੇ ਸੋ ਪਾਏ ਕਰਿ ਕਿਰਪਾ ਮੰਨਿ ਵਸਾਵਣਿਆ ॥੮॥੨੭॥੨੮॥ | O Nanak, those upon whom the Lord casts His Glance of Grace, obtain it. Through His Mercy, it is enshrined in the mind. \|\|8\|\|27\|\|28\|\| |
| ਮਾਝ ਮਹਲਾ ੩ ॥ | Maajh, Third Mehl: |
| ਹਰਿ ਆਪੇ ਮੇਲੇ ਸੇਵ ਕਰਾਏ ॥ | The Lord Himself leads us to merge with Him and serve Him. |
| ਗੁਰ ਕੈ ਸਬਦਿ ਭਾਉ ਦੂਜਾ ਜਾਏ ॥ | Through the Word of the Guru's Shabad, the love of duality is eradicated. |
| ਹਰਿ ਨਿਰਮਲੁ ਸਦਾ ਗੁਣਦਾਤਾ ਹਰਿ ਗੁਣ ਮਹਿ ਆਪਿ ਸਮਾਵਣਿਆ ॥੧॥ | The Immaculate Lord is the Bestower of eternal virtue. The Lord Himself leads us to merge in His Virtuous Goodness. \|\|1\|\| |
| ਹਉ ਵਾਰੀ ਜੀਉ ਵਾਰੀ ਸਚੁ ਸਚਾ ਹਿਰਦੈ ਵਸਾਵਣਿਆ ॥ | I am a sacrifice, my soul is a sacrifice, to those who enshrine the Truest of the True within their hearts. |

| | |
|---|---|
| ਸਚਾ ਨਾਮੁ ਸਦਾ ਹੈ ਨਿਰਮਲੁ ਗੁਰ ਸਬਦੀ ਮੰਨਿ ਵਸਾਵਣਿਆ ॥੧॥ ਰਹਾਉ ॥ | The True Name is eternally pure and immaculate. Through the Word of the Guru's Shabad, it is enshrined within the mind. ‖1‖Pause‖ |
| ਆਪੇ ਗੁਰੁ ਦਾਤਾ ਕਰਮਿ ਬਿਧਾਤਾ ॥ | The Guru Himself is the Giver, the Architect of Destiny. |
| ਸੇਵਕ ਸੇਵਹਿ ਗੁਰਮੁਖਿ ਹਰਿ ਜਾਤਾ ॥ | The Gurmukh, the humble servant who serves the Lord, comes to know Him. |
| ਅੰਮ੍ਰਿਤ ਨਾਮਿ ਸਦਾ ਜਨ ਸੋਹਹਿ ਗੁਰਮਤਿ ਹਰਿ ਰਸੁ ਪਾਵਣਿਆ ॥੨॥ | Those humble beings look beautiful forever in the Ambrosial Naam. Through the Guru's Teachings, they receive the sublime essence of the Lord. ‖2‖ |
| ਇਸੁ ਗੁਫਾ ਮਹਿ ਇਕੁ ਥਾਨੁ ਸੁਹਾਇਆ ॥ | Within the cave of this body, there is one beautiful place. |
| ਪੂਰੈ ਗੁਰਿ ਹਉਮੈ ਭਰਮੁ ਚੁਕਾਇਆ ॥ | Through the Perfect Guru, ego and doubt are dispelled. |
| ਅਨਦਿਨੁ ਨਾਮੁ ਸਲਾਹਨਿ ਰੰਗਿ ਰਾਤੇ ਗੁਰ ਕਿਰਪਾ ਤੇ ਪਾਵਣਿਆ ॥੩॥ | Night and day, praise the Naam, the Name of the Lord; imbued with the Lord's Love, by Guru's Grace, you shall find Him. ‖3‖ |
| **੧੨੭** | **127** |
| ਗੁਰ ਕੈ ਸਬਦਿ ਇਹੁ ਗੁਫਾ ਵੀਚਾਰੇ ॥ | Through the Word of the Guru's Shabad, search this cave. |
| ਨਾਮੁ ਨਿਰੰਜਨੁ ਅੰਤਰਿ ਵਸੈ ਮੁਰਾਰੇ ॥ | The Immaculate Naam, the Name of the Lord, abides deep within the self. |
| ਹਰਿ ਗੁਣ ਗਾਵੈ ਸਬਦਿ ਸੁਹਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੪॥ | Sing the Glorious Praises of the Lord, and decorate yourself with the Shabad. Meeting with your Beloved, you shall find peace. ‖4‖ |
| ਜਮੁ ਜਾਗਾਤੀ ਦੂਜੈ ਭਾਇ ਕਰੁ ਲਾਏ ॥ | The Messenger of Death imposes his tax on those who are attached to duality. |
| ਨਾਵਹੁ ਭੂਲੇ ਦੇਇ ਸਜਾਏ ॥ | He inflicts punishment on those who forget the Name. |
| ਘੜੀ ਮੁਹਤ ਕਾ ਲੇਖਾ ਲੇਵੈ ਰਤੀਅਹੁ ਮਾਸਾ ਤੋਲ ਕਢਾਵਣਿਆ ॥੫॥ | They are called to account for each instant and each moment. Every grain, every particle, is weighed and counted. ‖5‖ |
| ਪੇਈਅੜੈ ਪਿਰੁ ਚੇਤੇ ਨਾਹੀ ॥ ਦੂਜੈ ਮੁਠੀ ਰੋਵੈ ਧਾਹੀ ॥ | One who does not remember her Husband Lord in this world is being cheated by duality; she shall weep bitterly in the end. |
| ਖਰੀ ਕੁਆਲਿਓ ਕੁਰੂਪਿ ਕੁਲਖਣੀ ਸੁਪਨੈ ਪਿਰੁ ਨਹੀ ਪਾਵਣਿਆ ॥੬॥ | She is from an evil family; she is ugly and vile. Even in her dreams, she does not meet her Husband Lord. ‖6‖ |

| | |
|---|---|
| ਪੇਈਅੜੈ ਪਿਰੁ ਮੰਨਿ ਵਸਾਇਆ ॥ | She who enshrines her Husband Lord in her mind in this world |
| ਪੂਰੈ ਗੁਰਿ ਹਦੂਰਿ ਦਿਖਾਇਆ ॥ | His Presence is revealed to her by the Perfect Guru. |
| ਕਾਮਣਿ ਪਿਰੁ ਰਾਖਿਆ ਕੰਠਿ ਲਾਇ ਸਬਦੇ ਪਿਰੁ ਰਾਵੈ ਸੇਜ ਸੁਹਾਵਣਿਆ ॥੭॥ | That soul-bride keeps her Husband Lord clasped tightly to her heart, and through the Word of the Shabad, she enjoys her Husband Lord upon His Beautiful Bed. \|\|7\|\| |
| ਆਪੇ ਦੇਵੈ ਸਦਿ ਬੁਲਾਏ ॥ | The Lord Himself sends out the call, and He summons us to His Presence. |
| ਆਪਣਾ ਨਾਉ ਮੰਨਿ ਵਸਾਏ ॥ | He enshrines His Name within our minds. |
| ਨਾਨਕ ਨਾਮੁ ਮਿਲੈ ਵਡਿਆਈ ਅਨਦਿਨੁ ਸਦਾ ਗੁਣ ਗਾਵਣਿਆ ॥੮॥੨੮॥੨੯॥ | O Nanak, one who receives the greatness of the Naam night and day, constantly sings His Glorious Praises. \|\|8\|\|28\|\|29\|\| |
| ਮਾਝ ਮਹਲਾ ੩ ॥ | Maajh, Third Mehl: |
| ਊਤਮ ਜਨਮੁ ਸੁਥਾਨਿ ਹੈ ਵਾਸਾ ॥ | Sublime is their birth, and the place where they dwell. |
| ਸਤਿਗੁਰੁ ਸੇਵਹਿ ਘਰ ਮਾਹਿ ਉਦਾਸਾ ॥ | Those who serve the True Guru remain detached in the home of their own being. |
| ਹਰਿ ਰੰਗਿ ਰਹਹਿ ਸਦਾ ਰੰਗਿ ਰਾਤੇ ਹਰਿ ਰਸਿ ਮਨੁ ਤ੍ਰਿਪਤਾਵਣਿਆ ॥੧॥ | They abide in the Lord's Love, and constantly imbued with His Love, their minds are satisfied and fulfilled with the Lord's Essence. \|\|1\|\| |
| ਹਉ ਵਾਰੀ ਜੀਉ ਵਾਰੀ ਪੜਿ ਬੁਝਿ ਮੰਨਿ ਵਸਾਵਣਿਆ ॥ | I am a sacrifice, my soul is a sacrifice, to those who read of the Lord, who understand and enshrine Him within their minds. |
| ਗੁਰਮੁਖਿ ਪੜਹਿ ਹਰਿ ਨਾਮੁ ਸਲਾਹਹਿ ਦਰਿ ਸਚੈ ਸੋਭਾ ਪਾਵਣਿਆ ॥੧॥ ਰਹਾਉ ॥ | The Gurmukhs read and praise the Lord's Name; they are honored in the True Court. \|\|1\|\|Pause\|\| |
| ਅਲਖ ਅਭੇਉ ਹਰਿ ਰਹਿਆ ਸਮਾਏ ॥ | The Unseen and Inscrutable Lord is permeating and pervading everywhere. |
| ਉਪਾਇ ਨ ਕਿਤੀ ਪਾਇਆ ਜਾਏ ॥ | He cannot be obtained by any effort. |
| ਕਿਰਪਾ ਕਰੇ ਤਾ ਸਤਿਗੁਰੁ ਭੇਟੈ ਨਦਰੀ ਮੇਲਿ ਮਿਲਾਵਣਿਆ ॥੨॥ | If the Lord grants His Grace, then we come to meet the True Guru. By His Kindness, we are united in His Union. \|\|2\|\| |
| ਦੂਜੈ ਭਾਇ ਪੜੈ ਨਹੀ ਬੂਝੈ ॥ | One who reads, while attached to duality, does not understand. |

| | |
|---|---|
| ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥ | He yearns for the three-phased Maya. |
| ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ ॥੩॥ | The bonds of the three-phased Maya are broken by the Word of the Guru's Shabad. Through the Guru's Shabad, liberation is achieved. ‖3‖ |
| ਇਹੁ ਮਨੁ ਚੰਚਲੁ ਵਸਿ ਨ ਆਵੈ ॥ | This unstable mind cannot be held steady. |
| ਦੁਬਿਧਾ ਲਾਗੈ ਦਹ ਦਿਸਿ ਧਾਵੈ ॥ | Attached to duality, it wanders in the ten directions. |
| ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ ॥੪॥ | It is a poisonous worm, drenched with poison, and in poison it rots away. ‖4‖ |
| ਹਉ ਹਉ ਕਰੇ ਤੈ ਆਪੁ ਜਣਾਏ ॥ | Practicing egotism and selfishness, they try to impress others by showing off. |
| ਬਹੁ ਕਰਮ ਕਰੈ ਕਿਛੁ ਥਾਇ ਨ ਪਾਏ ॥ | They perform all sorts of rituals, but they gain no acceptance. |
| ਤੁਝ ਤੇ ਬਾਹਰਿ ਕਿਛੂ ਨ ਹੋਵੈ ਬਖਸੇ ਸਬਦਿ ਸੁਹਾਵਣਿਆ ॥੫॥ | Without You, Lord, nothing happens at all. You forgive those who are adorned with the Word of Your Shabad. ‖5‖ |
| ਉਪਜੈ ਪਚੈ ਹਰਿ ਬੂਝੈ ਨਾਹੀ ॥ | They are born, and they die, but they do not understand the Lord. |
| ਅਨਦਿਨੁ ਦੂਜੈ ਭਾਇ ਫਿਰਾਹੀ ॥ | Night and day, they wander, in love with duality. |
| ਮਨਮੁਖ ਜਨਮੁ ਗਇਆ ਹੈ ਬਿਰਥਾ ਅੰਤਿ ਗਇਆ ਪਛੁਤਾਵਣਿਆ ॥੬॥ | The lives of the self-willed manmukhs are useless; in the end, they die, regretting and repenting. ‖6‖ |
| ਪਿਰੁ ਪਰਦੇਸਿ ਸਿਗਾਰੁ ਬਣਾਏ ॥ | The Husband is away, and the wife is getting dressed up. |
| ਮਨਮੁਖ ਅੰਧੁ ਐਸੇ ਕਰਮ ਕਮਾਏ ॥ | This is what the blind, self-willed manmukhs are doing. |
| ਹਲਤਿ ਨ ਸੋਭਾ ਪਲਤਿ ਨ ਢੋਈ ਬਿਰਥਾ ਜਨਮੁ ਗਵਾਵਣਿਆ ॥੭॥ | They are not honored in this world, and they shall find no shelter in the world hereafter. They are wasting their lives in vain. ‖7‖ |
| ਹਰਿ ਕਾ ਨਾਮੁ ਕਿਨੈ ਵਿਰਲੈ ਜਾਤਾ ॥ | How rare are those who know the Name of the Lord! |
| ਪੂਰੇ ਗੁਰ ਕੈ ਸਬਦਿ ਪਛਾਤਾ ॥ | Through the Shabad, the Word of the Perfect Guru, the Lord is realized. |
| ਅਨਦਿਨੁ ਭਗਤਿ ਕਰੇ ਦਿਨੁ ਰਾਤੀ ਸਹਜੇ ਹੀ ਸੁਖੁ ਪਾਵਣਿਆ ॥੮॥ | Night and day, they perform the Lord's devotional service; day and night, they find intuitive peace. ‖8‖ |
| ਸਭ ਮਹਿ ਵਰਤੈ ਏਕੋ ਸੋਈ ॥ | That One Lord is pervading in all. |
| ਗੁਰਮੁਖਿ ਵਿਰਲਾ ਬੂਝੈ ਕੋਈ ॥ | Only a few, as Gurmukh, understand this. |

ਨਾਨਕ ਨਾਮਿ ਰਤੇ ਜਨ ਸੋਹਹਿ ਕਰਿ ਕਿਰਪਾ ਆਪਿ ਮਿਲਾਵਣਿਆ ॥੯॥੨੯॥੩੦॥

O Nanak, those who are attuned to the Naam are beautiful. Granting His Grace, God unites them with Himself. ||9||29||30||

## ੧੨੮

## 128

ਮਾਝ ਮਹਲਾ ੩ ॥

Maajh, Third Mehl:

ਮਨਮੁਖ ਪੜਹਿ ਪੰਡਿਤ ਕਹਾਵਹਿ ॥

The self-willed manmukhs read and recite; they are called Pandits-spiritual scholars.

ਦੂਜੈ ਭਾਇ ਮਹਾ ਦੁਖੁ ਪਾਵਹਿ ॥

But they are in love with duality, and they suffer in terrible pain.

ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥੧॥

Intoxicated with vice, they understand nothing at all. They are reincarnated, over and over again. ||1||

ਹਉ ਵਾਰੀ ਜੀਉ ਵਾਰੀ ਹਉਮੈ ਮਾਰਿ ਮਿਲਾਵਣਿਆ ॥

I am a sacrifice, my soul is a sacrifice, to those who subdue their ego, and unite with the Lord.

ਗੁਰ ਸੇਵਾ ਤੇ ਹਰਿ ਮਨਿ ਵਸਿਆ ਹਰਿ ਰਸੁ ਸਹਜਿ ਪੀਆਵਣਿਆ ॥੧॥ ਰਹਾਉ ॥

They serve the Guru, and the Lord dwells within their minds; they intuitively drink in the sublime essence of the Lord. ||1||Pause||

ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥

The Pandits read the Vedas, but they do not obtain the Lord's essence.

ਵਾਦੁ ਵਖਾਣਹਿ ਮੋਹੇ ਮਾਇਆ ॥

Intoxicated with Maya, they argue and debate.

ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥੨॥

The foolish intellectuals are forever in spiritual darkness. The Gurmukhs understand, and sing the Glorious Praises of the Lord. ||2||

ਅਕਥੋ ਕਥੀਐ ਸਬਦਿ ਸੁਹਾਵੈ ॥

The Indescribable is described only through the beauteous Word of the Shabad.

ਗੁਰਮਤੀ ਮਨਿ ਸਚੋ ਭਾਵੈ ॥

Through the Guru's Teachings, the Truth becomes pleasing to the mind.

ਸਚੋ ਸਚੁ ਰਵਹਿ ਦਿਨੁ ਰਾਤੀ ਇਹੁ ਮਨੁ ਸਚਿ ਰੰਗਾਵਣਿਆ ॥੩॥

Those who speak of the truest of the true, day and night-their minds are imbued with the Truth. ||3||

ਜੋ ਸਚਿ ਰਤੇ ਤਿਨ ਸਚੋ ਭਾਵੈ ॥

Those who are attuned to Truth, love the Truth.

ਆਪੇ ਦੇਇ ਨ ਪਛੋਤਾਵੈ ॥

The Lord Himself bestows this gift; He shall not take it back.

ਗੁਰ ਕੈ ਸਬਦਿ ਸਦਾ ਸਚੁ ਜਾਤਾ ਮਿਲਿ ਸਚੇ ਸੁਖੁ ਪਾਵਣਿਆ ॥੪॥

Through the Word of the Guru's Shabad, the True Lord is known forever; meeting the True One, peace is found. ||4||

| | |
|---|---|
| ਕੂੜੁ ਕੁਸਤੁ ਤਿਨਾ ਮੈਲੁ ਨ ਲਾਗੈ ॥ ਗੁਰ ਪਰਸਾਦੀ ਅਨਦਿਨੁ ਜਾਗੈ ॥ | The filth of fraud and falsehood does not stick to those who, by Guru's Grace, remain awake and aware, night and day. |
| ਨਿਰਮਲ ਨਾਮੁ ਵਸੈ ਘਟ ਭੀਤਰਿ ਜੋਤੀ ਜੋਤਿ ਮਿਲਾਵਣਿਆ ॥੫॥ | The Immaculate Naam, the Name of the Lord, abides deep within their hearts; their light merges into the Light. ‖5‖ |
| ਤ੍ਰੈ ਗੁਣ ਪੜਹਿ ਹਰਿ ਤਤੁ ਨ ਜਾਣਹਿ ॥ | They read about the three qualities, but they do not know the essential reality of the Lord. |
| ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ ॥ | They forget the Primal Lord, the Source of all, and they do not recognize the Word of the Guru's Shabad. |
| ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ ॥੬॥ | They are engrossed in emotional attachment; they do not understand anything at all. Through the Word of the Guru's Shabad, the Lord is found. ‖6‖ |
| ਵੇਦੁ ਪੁਕਾਰੈ ਤ੍ਰਿਬਿਧਿ ਮਾਇਆ ॥ | The Vedas proclaim that Maya is of three qualities. |
| ਮਨਮੁਖ ਨ ਬੂਝਹਿ ਦੂਜੈ ਭਾਇਆ ॥ | The self-willed manmukhs, in love with duality, do not understand. |
| ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ ॥੭॥ | They read of the three qualities, but they do not know the One Lord. Without understanding, they obtain only pain and suffering. ‖7‖ |
| ਜਾ ਤਿਸੁ ਭਾਵੈ ਤਾ ਆਪਿ ਮਿਲਾਏ ॥ | When it pleases the Lord, He unites us with Himself. |
| ਗੁਰ ਸਬਦੀ ਸਹਸਾ ਦੂਖੁ ਚੁਕਾਏ ॥ | Through the Word of the Guru's Shabad, skepticism and suffering are dispelled. |
| ਨਾਨਕ ਨਾਵੈ ਕੀ ਸਚੀ ਵਡਿਆਈ ਨਾਮੋ ਮੰਨਿ ਸੁਖੁ ਪਾਵਣਿਆ ॥੮॥੩੦॥੩੧॥ | O Nanak, True is the Greatness of the Name. Believing in the Name, peace is obtained. ‖8‖30‖31‖ |
| ਮਾਝ ਮਹਲਾ ੩ ॥ | Maajh, Third Mehl: |
| ਨਿਰਗੁਣੁ ਸਰਗੁਣੁ ਆਪੇ ਸੋਈ ॥ | The Lord Himself is Unmanifest and Unrelated; He is Manifest and Related as well. |
| ਤਤੁ ਪਛਾਣੈ ਸੋ ਪੰਡਿਤੁ ਹੋਈ ॥ | Those who recognize this essential reality are the true Pandits, the spiritual scholars. |
| ਆਪਿ ਤਰੈ ਸਗਲੇ ਕੁਲ ਤਾਰੈ ਹਰਿ ਨਾਮੁ ਮੰਨਿ ਵਸਾਵਣਿਆ ॥੧॥ | They save themselves, and save all their families and ancestors as well, when they enshrine the Lord's Name in the mind. ‖1‖ |

ਹਉ ਵਾਰੀ ਜੀਉ ਵਾਰੀ ਹਰਿ ਰਸੁ ਚਖਿ ਸਾਦੁ ਪਾਵਣਿਆ ॥

I am a sacrifice, my soul is a sacrifice, to those who taste the essence of the Lord, and savor its taste.

ਹਰਿ ਰਸੁ ਚਾਖਹਿ ਸੇ ਜਨ ਨਿਰਮਲ ਨਿਰਮਲ ਨਾਮੁ ਧਿਆਵਣਿਆ ॥੧॥ ਰਹਾਉ ॥

Those who taste this essence of the Lord are the pure, immaculate beings. They meditate on the Immaculate Naam, the Name of the Lord. ||1||Pause||

ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥

Those who reflect upon the Shabad are beyond karma.

ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥

They subdue their ego, and find the essence of wisdom, deep within their being.

ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥੨॥

They obtain the nine treasures of the wealth of the Naam. Rising above the three qualities, they merge into the Lord. ||2||

ਹਉਮੈ ਕਰੈ ਨਿਹਕਰਮੀ ਨ ਹੋਵੈ ॥

Those who act in ego do not go beyond karma.

ਗੁਰ ਪਰਸਾਦੀ ਹਉਮੈ ਖੋਵੈ ॥

It is only by Guru's Grace that one is rid of ego.

ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ਗੁਰ ਸਬਦੀ ਗੁਣ ਗਾਵਣਿਆ ॥੩॥

Those who have discriminating minds, continually examine their own selves. Through the Word of the Guru's Shabad, they sing the Lord's Glorious Praises. ||3||

ਹਰਿ ਸਰੁ ਸਾਗਰੁ ਨਿਰਮਲੁ ਸੋਈ ॥
ਸੰਤ ਚੁਗਹਿ ਨਿਤ ਗੁਰਮੁਖਿ ਹੋਈ ॥

The Lord is the most pure and sublime Ocean. The Saintly Gurmukhs continually peck at the Naam, like swans pecking at pearls in the ocean.

ਇਸਨਾਨੁ ਕਰਹਿ ਸਦਾ ਦਿਨੁ ਰਾਤੀ ਹਉਮੈ ਮੈਲੁ ਚੁਕਾਵਣਿਆ ॥੪॥

They bathe in it continually, day and night, and the filth of ego is washed away. ||4||

ਨਿਰਮਲ ਹੰਸਾ ਪ੍ਰੇਮ ਪਿਆਰਿ ॥
ਹਰਿ ਸਰਿ ਵਸੈ ਹਉਮੈ ਮਾਰਿ ॥

The pure swans, with love and affection, dwell in the Ocean of the Lord, and subdue their ego.

## ੧੨੯ — 129

ਅਹਿਨਿਸਿ ਪ੍ਰੀਤਿ ਸਬਦਿ ਸਾਚੈ ਹਰਿ ਸਰਿ ਵਾਸਾ ਪਾਵਣਿਆ ॥੫॥

Day and night, they are in love with the True Word of the Shabad. They obtain their home in the Ocean of the Lord. ||5||

ਮਨਮੁਖੁ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥

The self-willed manmukhs shall always be filthy cranes, smeared with the filth of ego.

ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥

They may bathe, but their filth is not removed.

ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥੬॥

One who dies while yet alive, and contemplates the Word of the Guru's Shabad, is rid of this filth of ego. ||6||

| | |
|---|---|
| ਰਤਨੁ ਪਦਾਰਥੁ ਘਰ ਤੇ ਪਾਇਆ ॥ | The Priceless Jewel is found, in the home of one's own being, |
| ਪੂਰੈ ਸਤਿਗੁਰਿ ਸਬਦੁ ਸੁਣਾਇਆ ॥ | when one listens to the Shabad, the Word of the Perfect True Guru. |
| ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥੭॥ | By Guru's Grace, the darkness of spiritual ignorance is dispelled; I have come to recognize the Divine Light within my own heart. ‖7‖ |
| ਆਪਿ ਉਪਾਏ ਤੈ ਆਪੇ ਵੇਖੈ ॥ | The Lord Himself creates, and He Himself beholds. |
| ਸਤਿਗੁਰੁ ਸੇਵੈ ਸੋ ਜਨੁ ਲੇਖੈ ॥ | Serving the True Guru, one becomes acceptable. |
| ਨਾਨਕ ਨਾਮੁ ਵਸੈ ਘਟ ਅੰਤਰਿ ਗੁਰ ਕਿਰਪਾ ਤੇ ਪਾਵਣਿਆ ॥੮॥੩੧॥੩੨॥ | O Nanak, the Naam dwells deep within the heart; by Guru's Grace, it is obtained. ‖8‖31‖32‖ |
| ਮਾਝ ਮਹਲਾ ੩ ॥ | Maajh, Third Mehl: |
| ਮਾਇਆ ਮੋਹੁ ਜਗਤੁ ਸਬਾਇਆ ॥ | The whole world is engrossed in emotional attachment to Maya. |
| ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥ | Those who are controlled by the three qualities are attached to Maya. |
| ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥੧॥ | By Guru's Grace, a few come to understand; they center their consciousness in the fourth state. ‖1‖ |
| ਹਉ ਵਾਰੀ ਜੀਉ ਵਾਰੀ ਮਾਇਆ ਮੋਹੁ ਸਬਦਿ ਜਲਾਵਣਿਆ ॥ | I am a sacrifice, my soul is a sacrifice, to those who burn away their emotional attachment to Maya, through the Shabad. |
| ਮਾਇਆ ਮੋਹੁ ਜਲਾਏ ਸੋ ਹਰਿ ਸਿਉ ਚਿਤੁ ਲਾਏ ਹਰਿ ਦਰਿ ਮਹਲੀ ਸੋਭਾ ਪਾਵਣਿਆ ॥੧॥ ਰਹਾਉ ॥ | Those who burn away this attachment to Maya, and focus their consciousness on the Lord are honored in the True Court, and the Mansion of the Lord's Presence. ‖1‖Pause‖ |
| ਦੇਵੀ ਦੇਵਾ ਮੂਲੁ ਹੈ ਮਾਇਆ ॥ | The source, the root, of the gods and goddesses is Maya. |
| ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥ | For them, the Simritees and the Shaastras were composed. |
| ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥੨॥ | Sexual desire and anger are diffused throughout the universe. Coming and going, people suffer in pain. ‖2‖ |
| ਤਿਸੁ ਵਿਚਿ ਗਿਆਨ ਰਤਨੁ ਇਕੁ ਪਾਇਆ ॥ | The jewel of spiritual wisdom was placed within the universe. |
| ਗੁਰ ਪਰਸਾਦੀ ਮੰਨਿ ਵਸਾਇਆ ॥ | By Guru's Grace, it is enshrined within the mind. |

| | |
|---|---|
| ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ ॥੩॥ | Celibacy, chastity, self-discipline and the practice of truthfulness are obtained from the Perfect Guru, by meditating on the Naam, the Name of the Lord. \|\|3\|\| |
| ਪੇਈਅੜੈ ਧਨ ਭਰਮਿ ਭੁਲਾਣੀ ॥ | In this world of her parents' home, the soul-bride has been deluded by doubt. |
| ਦੂਜੈ ਲਾਗੀ ਫਿਰਿ ਪਛੋਤਾਣੀ ॥ | Attached to duality, she later comes to regret it. |
| ਹਲਤੁ ਪਲਤੁ ਦੋਵੈ ਗਵਾਏ ਸੁਪਨੈ ਸੁਖੁ ਨ ਪਾਵਣਿਆ ॥੪॥ | She forfeits both this world and the next, and even in her dreams, she does not find peace. \|\|4\|\| |
| ਪੇਈਅੜੈ ਧਨ ਕੰਤੁ ਸਮਾਲੇ ॥ | The soul-bride who remembers her Husband Lord in this world, |
| ਗੁਰ ਪਰਸਾਦੀ ਵੇਖੈ ਨਾਲੇ ॥ | by Guru's Grace, sees Him close at hand. |
| ਪਿਰ ਕੈ ਸਹਜਿ ਰਹੈ ਰੰਗਿ ਰਾਤੀ ਸਬਦਿ ਸਿੰਗਾਰੁ ਬਣਾਵਣਿਆ ॥੫॥ | She remains intuitively attuned to the Love of her Beloved; she makes the Word of His Shabad her decoration. \|\|5\|\| |
| ਸਫਲੁ ਜਨਮੁ ਜਿਨਾ ਸਤਿਗੁਰੁ ਪਾਇਆ ॥ | Blessed and fruitful is the coming of those who find the True Guru; |
| ਦੂਜਾ ਭਾਉ ਗੁਰ ਸਬਦਿ ਜਲਾਇਆ ॥ | through the Word of the Guru's Shabad, they burn their love of duality. |
| ਏਕੋ ਰਵਿ ਰਹਿਆ ਘਟ ਅੰਤਰਿ ਮਿਲਿ ਸਤਸੰਗਤਿ ਹਰਿ ਗੁਣ ਗਾਵਣਿਆ ॥੬॥ | The One Lord is permeating and pervading deep within the heart. Joining the Sat Sangat, the True Congregation, they sing the Glorious Praises of the Lord. \|\|6\|\| |
| ਸਤਿਗੁਰੁ ਨ ਸੇਵੇ ਸੋ ਕਾਹੇ ਆਇਆ ॥ | Those who do not serve the True Guru-why did they even come into this world? |
| ਧ੍ਰਿਗੁ ਜੀਵਣੁ ਬਿਰਥਾ ਜਨਮੁ ਗਵਾਇਆ ॥ | Cursed are their lives; they have uselessly wasted this human life. |
| ਮਨਮੁਖਿ ਨਾਮੁ ਚਿਤਿ ਨ ਆਵੈ ਬਿਨੁ ਨਾਵੈ ਬਹੁ ਦੁਖੁ ਪਾਵਣਿਆ ॥੭॥ | The self-willed manmukhs do not remember the Naam. Without the Naam, they suffer in terrible pain. \|\|7\|\| |
| ਜਿਨਿ ਸਿਸਟਿ ਸਾਜੀ ਸੋਈ ਜਾਣੈ ॥ | The One who created the Universe, He alone knows it. |
| ਆਪੇ ਮੇਲੈ ਸਬਦਿ ਪਛਾਣੈ ॥ | He unites with Himself those who realize the Shabad. |
| ਨਾਨਕ ਨਾਮੁ ਮਿਲਿਆ ਤਿਨ ਜਨ ਕਉ ਜਿਨ ਧੁਰਿ ਮਸਤਕਿ ਲੇਖੁ ਲਿਖਾਵਣਿਆ ॥੮॥੧॥੩੨॥੩੩॥ | O Nanak, they alone receive the Naam, upon whose foreheads such pre-ordained destiny is recorded. \|\|8\|\|1\|\|32\|\|33\|\| |

| | |
|---|---|
| ਮਾਝ ਮਹਲਾ ੪ ॥ | Maajh, Fourth Mehl: |
| ਆਦਿ ਪੁਰਖੁ ਅਪਰੰਪਰੁ ਆਪੇ ॥ | The Primal Being is Himself remote and beyond. |
| ਆਪੇ ਥਾਪੇ ਥਾਪਿ ਉਥਾਪੇ ॥ | He Himself establishes, and having established, He disestablishes. |
| ਸਭ ਮਹਿ ਵਰਤੈ ਏਕੋ ਸੋਈ ਗੁਰਮੁਖਿ ਸੋਭਾ ਪਾਵਣਿਆ ॥੧॥ | The One Lord is pervading in all; those who become Gurmukh are honored. \|\|1\|\| |
| ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ ॥ | I am a sacrifice, my soul is a sacrifice, to those who meditate on the Naam, the Name of the Formless Lord. |
| **੧੩੦** | 130 |
| ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ ਗੁਰਮੁਖਿ ਅਲਖੁ ਲਖਾਵਣਿਆ ॥੧॥ ਰਹਾਉ ॥ | He has no form or shape; He is seen within each and every heart. The Gurmukh comes to know the unknowable. \|\|1\|\|Pause\|\| |
| ਤੂ ਦਇਆਲੁ ਕਿਰਪਾਲੁ ਪ੍ਰਭੁ ਸੋਈ ॥ | You are God, Kind and Merciful. |
| ਤੁਧੁ ਬਿਨੁ ਦੂਜਾ ਅਵਰੁ ਨ ਕੋਈ ॥ | Without You, there is no other at all. |
| ਗੁਰੁ ਪਰਸਾਦੁ ਕਰੇ ਨਾਮੁ ਦੇਵੈ ਨਾਮੇ ਨਾਮਿ ਸਮਾਵਣਿਆ ॥੨॥ | When the Guru showers His Grace upon us, He blesses us with the Naam; through the Naam, we merge in the Naam. \|\|2\|\| |
| ਤੂੰ ਆਪੇ ਸਚਾ ਸਿਰਜਣਹਾਰਾ ॥ | You Yourself are the True Creator Lord. |
| ਭਗਤੀ ਭਰੇ ਤੇਰੇ ਭੰਡਾਰਾ ॥ | Your treasures are overflowing with devotional worship. |
| ਗੁਰਮੁਖਿ ਨਾਮੁ ਮਿਲੈ ਮਨੁ ਭੀਜੈ ਸਹਜਿ ਸਮਾਧਿ ਲਗਾਵਣਿਆ ॥੩॥ | The Gurmukhs obtain the Naam. Their minds are enraptured, and they easily and intuitively enter into Samaadhi. \|\|3\|\| |
| ਅਨਦਿਨੁ ਗੁਣ ਗਾਵਾ ਪ੍ਰਭ ਤੇਰੇ ॥ | Night and day, I sing Your Glorious Praises, God. |
| ਤੁਧੁ ਸਾਲਾਹੀ ਪ੍ਰੀਤਮ ਮੇਰੇ ॥ | I praise You, O my Beloved. |
| ਤੁਧੁ ਬਿਨੁ ਅਵਰੁ ਨ ਕੋਈ ਜਾਚਾ ਗੁਰ ਪਰਸਾਦੀ ਤੂੰ ਪਾਵਣਿਆ ॥੪॥ | Without You, there is no other for me to seek out. It is only by Guru's Grace that You are found. \|\|4\|\| |
| ਅਗਮੁ ਅਗੋਚਰੁ ਮਿਤਿ ਨਹੀ ਪਾਈ ॥ | The limits of the Inaccessible and Incomprehensible Lord cannot be found. |
| ਅਪਣੀ ਕ੍ਰਿਪਾ ਕਰਹਿ ਤੂੰ ਲੈਹਿ ਮਿਲਾਈ ॥ | Bestowing Your Mercy, You merge us into Yourself. |

| | |
|---|---|
| ਪੂਰੇ ਗੁਰ ਕੈ ਸਬਦਿ ਧਿਆਈਐ ਸਬਦੁ ਸੇਵਿ ਸੁਖੁ ਪਾਵਣਿਆ ॥੫॥ | Through the Shabad, the Word of the Perfect Guru, we meditate on the Lord. Serving the Shabad, peace is found. \|\|5\|\| |
| ਰਸਨਾ ਗੁਣਵੰਤੀ ਗੁਣ ਗਾਵੈ ॥ | Praiseworthy is the tongue which sings the Lord's Glorious Praises. |
| ਨਾਮੁ ਸਲਾਹੇ ਸਚੇ ਭਾਵੈ ॥ | Praising the Naam, one becomes pleasing to the True One. |
| ਗੁਰਮੁਖਿ ਸਦਾ ਰਹੈ ਰੰਗਿ ਰਾਤੀ ਮਿਲਿ ਸਚੇ ਸੋਭਾ ਪਾਵਣਿਆ ॥੬॥ | The Gurmukh remains forever imbued with the Lord's Love. Meeting the True Lord, glory is obtained. \|\|6\|\| |
| ਮਨਮੁਖੁ ਕਰਮ ਕਰੇ ਅਹੰਕਾਰੀ ॥ | The self-willed manmukhs do their deeds in ego. |
| ਜੂਐ ਜਨਮੁ ਸਭ ਬਾਜੀ ਹਾਰੀ ॥ | They lose their whole lives in the gamble. |
| ਅੰਤਰਿ ਲੋਭੁ ਮਹਾ ਗੁਬਾਰਾ ਫਿਰਿ ਫਿਰਿ ਆਵਣ ਜਾਵਣਿਆ ॥੭॥ | Within is the terrible darkness of greed, and so they come and go in reincarnation, over and over again. \|\|7\|\| |
| ਆਪੇ ਕਰਤਾ ਦੇ ਵਡਿਆਈ ॥ ਜਿਨ ਕਉ ਆਪਿ ਲਿਖਤੁ ਧੁਰਿ ਪਾਈ ॥ | The Creator Himself bestows Glory on those whom He Himself has so pre-destined. |
| ਨਾਨਕ ਨਾਮੁ ਮਿਲੈ ਭਉ ਭੰਜਨੁ ਗੁਰ ਸਬਦੀ ਸੁਖੁ ਪਾਵਣਿਆ ॥੮॥੧॥੩੪॥ | O Nanak, they receive the Naam, the Name of the Lord, the Destroyer of fear; through the Word of the Guru's Shabad, they find peace. \|\|8\|\|1\|\|34\|\| |
| ਮਾਝ ਮਹਲਾ ੫ ਘਰੁ ੧ ॥ | Maajh, Fifth Mehl, First House: |
| ਅੰਤਰਿ ਅਲਖੁ ਨ ਜਾਈ ਲਖਿਆ ॥ | The Unseen Lord is within, but He cannot be seen. |
| ਨਾਮੁ ਰਤਨੁ ਲੈ ਗੁਝਾ ਰਖਿਆ ॥ | He has taken the Jewel of the Naam, the Name of the Lord, and He keeps it well concealed. |
| ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ ॥੧॥ | The Inaccessible and Incomprehensible Lord is the highest of all. Through the Word of the Guru's Shabad, He is known. \|\|1\|\| |
| ਹਉ ਵਾਰੀ ਜੀਉ ਵਾਰੀ ਕਲਿ ਮਹਿ ਨਾਮੁ ਸੁਣਾਵਣਿਆ ॥ | I am a sacrifice, my soul is a sacrifice, to those who chant the Naam, in this Dark Age of Kali Yuga. |
| ਸੰਤ ਪਿਆਰੇ ਸਚੈ ਧਾਰੇ ਵਡਭਾਗੀ ਦਰਸਨੁ ਪਾਵਣਿਆ ॥੧॥ ਰਹਾਉ ॥ | The Beloved Saints were established by the True Lord. By great good fortune, the Blessed Vision of their Darshan is obtained. \|\|1\|\|Pause\|\| |
| ਸਾਧਿਕ ਸਿਧ ਜਿਸੈ ਕਉ ਫਿਰਦੇ ॥ | The One who is sought by the Siddhas and the seekers, |
| ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ ॥ | upon whom Brahma and Indra meditate within their hearts, |

| | |
|---|---|
| ਕੋਟਿ ਤੇਤੀਸਾ ਖੋਜਹਿ ਤਾ ਕਉ ਗੁਰ ਮਿਲਿ ਹਿਰਦੈ ਗਾਵਣਿਆ ॥੨॥ | whom the three hundred thirty million demi-gods search for-meeting the Guru, one comes to sing His Praises within the heart. \|\|2\|\| |
| ਆਠ ਪਹਰ ਤੁਧੁ ਜਾਪੇ ਪਵਨਾ ॥ | Twenty-four hours a day, the wind breathes Your Name. |
| ਧਰਤੀ ਸੇਵਕ ਪਾਇਕ ਚਰਨਾ ॥ | The earth is Your servant, a slave at Your Feet. |
| ਖਾਣੀ ਬਾਣੀ ਸਰਬ ਨਿਵਾਸੀ ਸਭਨਾ ਕੈ ਮਨਿ ਭਾਵਣਿਆ ॥੩॥ | In the four sources of creation, and in all speech, You dwell. You are dear to the minds of all. \|\|3\|\| |
| ਸਾਚਾ ਸਾਹਿਬੁ ਗੁਰਮੁਖਿ ਜਾਪੈ ॥ | The True Lord and Master is known to the Gurmukhs. |
| ਪੂਰੇ ਗੁਰ ਕੈ ਸਬਦਿ ਸਿਞਾਪੈ ॥ | He is realized through the Shabad, the Word of the Perfect Guru. |
| ਜਿਨ ਪੀਆ ਸੇਈ ਤ੍ਰਿਪਤਾਸੇ ਸਚੇ ਸਚਿ ਅਘਾਵਣਿਆ ॥੪॥ | Those who drink it in are satisfied. Through the Truest of the True, they are fulfilled. \|\|4\|\| |
| ਤਿਸੁ ਘਰਿ ਸਹਜਾ ਸੋਈ ਸੁਹੇਲਾ ॥ | In the home of their own beings, they are peacefully and comfortably at ease. |
| ਅਨਦ ਬਿਨੋਦ ਕਰੇ ਸਦ ਕੇਲਾ ॥ | They are blissful, enjoying pleasures, and eternally joyful. |
| ਸੋ ਧਨਵੰਤਾ ਸੋ ਵਡ ਸਾਹਾ ਜੋ ਗੁਰ ਚਰਣੀ ਮਨੁ ਲਾਵਣਿਆ ॥੫॥ | They are wealthy, and the greatest kings; they center their minds on the Guru's Feet. \|\|5\|\| |
| ਪਹਿਲੋ ਦੇ ਤੈਂ ਰਿਜਕੁ ਸਮਾਹਾ ॥ | First, You created nourishment; |
| ਪਿਛੋ ਦੇ ਤੈਂ ਜੰਤੁ ਉਪਾਹਾ ॥ | then, You created the living beings. |
| ਤੁਧੁ ਜੇਵਡੁ ਦਾਤਾ ਅਵਰੁ ਨ ਸੁਆਮੀ ਲਵੈ ਨ ਕੋਈ ਲਾਵਣਿਆ ॥੬॥ | There is no other Giver as Great as You, O my Lord and Master. None approach or equal You. \|\|6\|\| |
| ਜਿਸੁ ਤੂੰ ਤੁਠਾ ਸੋ ਤੁਧੁ ਧਿਆਏ ॥ | Those who are pleasing to You meditate on You. |
| ਸਾਧ ਜਨਾ ਕਾ ਮੰਤ੍ਰੁ ਕਮਾਏ ॥ | They practice the Mantra of the Holy. |
| ਆਪਿ ਤਰੈ ਸਗਲੇ ਕੁਲ ਤਾਰੇ ਤਿਸੁ ਦਰਗਹ ਠਾਕ ਨ ਪਾਵਣਿਆ ॥੭॥ | They themselves swim across, and they save all their ancestors and families as well. In the Court of the Lord, they meet with no obstruction. \|\|7\|\| |
| **੧੩੧** | **131** |
| ਤੂੰ ਵਡਾ ਤੂੰ ਊਚੋ ਊਚਾ ॥ | You are so Great! You are the Highest of the High! |
| ਤੂੰ ਬੇਅੰਤੁ ਅਤਿ ਮੂਚੋ ਮੂਚਾ ॥ | You are Infinite, You are Everything! |

| | |
|---|---|
| ਹਉ ਕੁਰਬਾਣੀ ਤੇਰੈ ਵੰਞਾ ਨਾਨਕ ਦਾਸ ਦਸਾਵਣਿਆ ॥੮॥੧॥੩੫॥ | I am a sacrifice to You. Nanak is the slave of Your slaves. ‖8‖1‖35‖ |
| ਮਾਝ ਮਹਲਾ ੫ ॥ | Maajh, Fifth Mehl: |
| ਕਉਣੁ ਸੁ ਮੁਕਤਾ ਕਉਣੁ ਸੁ ਜੁਗਤਾ ॥ | Who is liberated, and who is united? |
| ਕਉਣੁ ਸੁ ਗਿਆਨੀ ਕਉਣੁ ਸੁ ਬਕਤਾ ॥ | Who is a spiritual teacher, and who is a preacher? |
| ਕਉਣੁ ਸੁ ਗਿਰਹੀ ਕਉਣੁ ਉਦਾਸੀ ਕਉਣੁ ਸੁ ਕੀਮਤਿ ਪਾਏ ਜੀਉ ॥੧॥ | Who is a house-holder, and who is a renunciate? Who can estimate the Lord's Value? ‖1‖ |
| ਕਿਨਿ ਬਿਧਿ ਬਾਧਾ ਕਿਨਿ ਬਿਧਿ ਛੂਟਾ ॥ | How is one bound, and how is one freed of his bonds? |
| ਕਿਨਿ ਬਿਧਿ ਆਵਣੁ ਜਾਵਣੁ ਤੂਟਾ ॥ | How can one escape from the cycle of coming and going in reincarnation? |
| ਕਉਣ ਕਰਮ ਕਉਣ ਨਿਹਕਰਮਾ ਕਉਣੁ ਸੁ ਕਹੈ ਕਹਾਏ ਜੀਉ ॥੨॥ | Who is subject to karma, and who is beyond karma? Who chants the Name, and inspires others to chant it? ‖2‖ |
| ਕਉਣੁ ਸੁ ਸੁਖੀਆ ਕਉਣੁ ਸੁ ਦੁਖੀਆ ॥ | Who is happy, and who is sad? |
| ਕਉਣੁ ਸੁ ਸਨਮੁਖੁ ਕਉਣੁ ਵੇਮੁਖੀਆ ॥ | Who, as sunmukh, turns toward the Guru, and who, as vaymukh, turns away from the Guru? |
| ਕਿਨਿ ਬਿਧਿ ਮਿਲੀਐ ਕਿਨਿ ਬਿਧਿ ਬਿਛੁਰੈ ਇਹ ਬਿਧਿ ਕਉਣੁ ਪ੍ਰਗਟਾਏ ਜੀਉ ॥੩॥ | How can one meet the Lord? How is one separated from Him? Who can reveal the way to me? ‖3‖ |
| ਕਉਣੁ ਸੁ ਅਖਰੁ ਜਿਤੁ ਧਾਵਤੁ ਰਹਤਾ ॥ | What is that Word, by which the wandering mind can be restrained? |
| ਕਉਣੁ ਉਪਦੇਸੁ ਜਿਤੁ ਦੁਖੁ ਸੁਖੁ ਸਮ ਸਹਤਾ ॥ | What are those teachings, by which we may endure pain and pleasure alike? |
| ਕਉਣੁ ਸੁ ਚਾਲ ਜਿਤੁ ਪਾਰਬ੍ਰਹਮੁ ਧਿਆਏ ਕਿਨਿ ਬਿਧਿ ਕੀਰਤਨੁ ਗਾਏ ਜੀਉ ॥੪॥ | What is that lifestyle, by which we may come to meditate on the Supreme Lord? How may we sing the Kirtan of His Praises? ‖4‖ |
| ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ ॥ | The Gurmukh is liberated, and the Gurmukh is linked. |
| ਗੁਰਮੁਖਿ ਗਿਆਨੀ ਗੁਰਮੁਖਿ ਬਕਤਾ ॥ | The Gurmukh is the spiritual teacher, and the Gurmukh is the preacher. |

| | |
|---|---|
| ਧੰਨੁ ਗਿਰਹੀ ਉਦਾਸੀ ਗੁਰਮੁਖਿ ਗੁਰਮੁਖਿ ਕੀਮਤਿ ਪਾਏ ਜੀਉ ॥੫॥ | Blessed is the Gurmukh, the householder and the renunciate. The Gurmukh knows the Lord's Value. ‖5‖ |
| ਹਉਮੈ ਬਾਧਾ ਗੁਰਮੁਖਿ ਛੂਟਾ ॥ | Egotism is bondage; as Gurmukh, one is emancipated. |
| ਗੁਰਮੁਖਿ ਆਵਣੁ ਜਾਵਣੁ ਤੂਟਾ ॥ | The Gurmukh escapes the cycle of coming and going in reincarnation. |
| ਗੁਰਮੁਖਿ ਕਰਮ ਗੁਰਮੁਖਿ ਨਿਹਕਰਮਾ ਗੁਰਮੁਖਿ ਕਰੇ ਸੁ ਸੁਭਾਏ ਜੀਉ ॥੬॥ | The Gurmukh performs actions of good karma, and the Gurmukh is beyond karma. Whatever the Gurmukh does, is done in good faith. ‖6‖ |
| ਗੁਰਮੁਖਿ ਸੁਖੀਆ ਮਨਮੁਖਿ ਦੁਖੀਆ ॥ | The Gurmukh is happy, while the self-willed manmukh is sad. |
| ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ ॥ | The Gurmukh turns toward the Guru, and the self-willed manmukh turns away from the Guru. |
| ਗੁਰਮੁਖਿ ਮਿਲੀਐ ਮਨਮੁਖਿ ਵਿਛੁੜੈ ਗੁਰਮੁਖਿ ਬਿਧਿ ਪ੍ਰਗਟਾਏ ਜੀਉ ॥੭॥ | The Gurmukh is united with the Lord, while the manmukh is separated from Him. The Gurmukh reveals the way. ‖7‖ |
| ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ ॥ | The Guru's Instruction is the Word, by which the wandering mind is restrained. |
| ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ ॥ | Through the Guru's Teachings, we can endure pain and pleasure alike. |
| ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ ਗੁਰਮੁਖਿ ਕੀਰਤਨੁ ਗਾਏ ਜੀਉ ॥੮॥ | To live as Gurmukh is the lifestyle by which we come to meditate on the Supreme Lord. The Gurmukh sings the Kirtan of His Praises. ‖8‖ |
| ਸਗਲੀ ਬਣਤ ਬਣਾਈ ਆਪੇ ॥ | The Lord Himself created the entire creation. |
| ਆਪੇ ਕਰੇ ਕਰਾਏ ਥਾਪੇ ॥ | He Himself acts, and causes others to act. He Himself establishes. |
| ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਏ ਜੀਉ ॥੯॥੨॥੩੬॥ | From oneness, He has brought forth the countless multitudes. O Nanak, they shall merge into the One once again. ‖9‖2‖36‖ |
| ਮਾਝ ਮਹਲਾ ੫ ॥ | Maajh, Fifth Mehl: |
| ਪ੍ਰਭੁ ਅਬਿਨਾਸੀ ਤਾ ਕਿਆ ਕਾੜਾ ॥ | God is Eternal and Imperishable, so why should anyone be anxious? |

ਹਰਿ ਭਗਵੰਤਾ ਤਾ ਜਨੁ ਖਰਾ ਸੁਖਾਲਾ ॥

The Lord is Wealthy and Prosperous, so His humble servant should feel totally secure.

ਜੀਅ ਪ੍ਰਾਨ ਮਾਨ ਸੁਖਦਾਤਾ ਤੂੰ ਕਰਹਿ ਸੋਈ ਸੁਖੁ ਪਾਵਣਿਆ ॥੧॥

O Giver of peace of the soul, of life, of honor-as You ordain, I obtain peace. ||1||

ਹਉ ਵਾਰੀ ਜੀਉ ਵਾਰੀ ਗੁਰਮੁਖਿ ਮਨਿ ਤਨਿ ਭਾਵਣਿਆ ॥

I am a sacrifice, my soul is a sacrifice, to that Gurmukh whose mind and body are pleased with You.

ਤੂੰ ਮੇਰਾ ਪਰਬਤੁ ਤੂੰ ਮੇਰਾ ਓਲਾ ਤੁਮ ਸੰਗਿ ਲਵੈ ਨ ਲਾਵਣਿਆ ॥੧॥ ਰਹਾਉ ॥

You are my mountain, You are my shelter and shield. No one can rival You. ||1||Pause||

ਤੇਰਾ ਕੀਤਾ ਜਿਸੁ ਲਾਗੈ ਮੀਠਾ ॥

That person, unto whom Your actions seem sweet,

ਘਟਿ ਘਟਿ ਪਾਰਬ੍ਰਹਮੁ ਤਿਨਿ ਜਨਿ ਡੀਠਾ ॥

comes to see the Supreme Lord God in each and every heart.

ਥਾਨਿ ਥਨੰਤਰਿ ਤੂੰਹੈ ਤੂੰਹੈ ਇਕੋ ਇਕੁ ਵਰਤਾਵਣਿਆ ॥੨॥

In all places and interspaces, You exist. You are the One and Only Lord, pervading everywhere. ||2||

ਸਗਲ ਮਨੋਰਥ ਤੂੰ ਦੇਵਣਹਾਰਾ ॥

You are the Fulfiller of all the mind's desires.

ਭਗਤੀ ਭਾਇ ਭਰੇ ਭੰਡਾਰਾ ॥

Your treasures are overflowing with love and devotion.

ਦਇਆ ਧਾਰਿ ਰਾਖੇ ਤੁਧੁ ਸੇਈ ਪੂਰੈ ਕਰਮਿ ਸਮਾਵਣਿਆ ॥੩॥

Showering Your Mercy, You protect those who, through perfect destiny, merge into You. ||3||

## ੧੩੨ / 132

ਅੰਧ ਕੂਪ ਤੇ ਕੰਢੈ ਚਾੜੇ ॥

You pulled me out of the deep, dark well onto the dry ground.

ਕਰਿ ਕਿਰਪਾ ਦਾਸ ਨਦਰਿ ਨਿਹਾਲੇ ॥

Showering Your Mercy, You blessed Your servant with Your Glance of Grace.

ਗੁਣ ਗਾਵਹਿ ਪੂਰਨ ਅਬਿਨਾਸੀ ਕਹਿ ਸੁਣਿ ਤੋਟਿ ਨ ਆਵਣਿਆ ॥੪॥

I sing the Glorious Praises of the Perfect, Immortal Lord. By speaking and hearing these Praises, they are not used up. ||4||

ਐਥੈ ਓਥੈ ਤੂੰਹੈ ਰਖਵਾਲਾ ॥

Here and hereafter, You are our Protector.

ਮਾਤ ਗਰਭ ਮਹਿ ਤੁਮ ਹੀ ਪਾਲਾ ॥

In the womb of the mother, You cherish and nurture the baby.

ਮਾਇਆ ਅਗਨਿ ਨ ਪੋਹੈ ਤਿਨ ਕਉ ਰੰਗਿ ਰਤੇ ਗੁਣ ਗਾਵਣਿਆ ॥੫॥

The fire of Maya does not affect those who are imbued with the Lord's Love; they sing His Glorious Praises. ||5||

| | |
|---|---|
| ਕਿਆ ਗੁਣ ਤੇਰੇ ਆਖਿ ਸਮਾਲੀ ॥ | What Praises of Yours can I chant and contemplate? |
| ਮਨ ਤਨ ਅੰਤਰਿ ਤੁਧੁ ਨਦਰਿ ਨਿਹਾਲੀ ॥ | Deep within my mind and body, I behold Your Presence. |
| ਤੂੰ ਮੇਰਾ ਮੀਤੁ ਸਾਜਨੁ ਮੇਰਾ ਸੁਆਮੀ ਤੁਧੁ ਬਿਨੁ ਅਵਰੁ ਨ ਜਾਨਣਿਆ ॥੬॥ | You are my Friend and Companion, my Lord and Master. Without You, I do not know any other at all. \|\|6\|\| |
| ਜਿਸ ਕਉ ਤੂੰ ਪ੍ਰਭ ਭਇਆ ਸਹਾਈ ॥ | O God, that one, unto whom You have given shelter, |
| ਤਿਸੁ ਤਤੀ ਵਾਉ ਨ ਲਗੈ ਕਾਈ ॥ | is not touched by the hot winds. |
| ਤੂ ਸਾਹਿਬੁ ਸਰਣਿ ਸੁਖਦਾਤਾ ਸਤਸੰਗਤਿ ਜਪਿ ਪ੍ਰਗਟਾਵਣਿਆ ॥੭॥ | O my Lord and Master, You are my Sanctuary, the Giver of peace. Chanting, meditating on You in the Sat Sangat, the True Congregation, You are revealed. \|\|7\|\| |
| ਤੂੰ ਊਚ ਅਥਾਹੁ ਅਪਾਰੁ ਅਮੋਲਾ ॥ | You are Exalted, Unfathomable, Infinite and Invaluable. |
| ਤੂੰ ਸਾਚਾ ਸਾਹਿਬੁ ਦਾਸੁ ਤੇਰਾ ਗੋਲਾ ॥ | You are my True Lord and Master. I am Your servant and slave. |
| ਤੂੰ ਮੀਰਾ ਸਾਚੀ ਠਕੁਰਾਈ ਨਾਨਕ ਬਲਿ ਬਲਿ ਜਾਵਣਿਆ ॥੮॥੩॥੩੭॥ | You are the King, Your Sovereign Rule is True. Nanak is a sacrifice, a sacrifice to You. \|\|8\|\|3\|\|37\|\| |
| ਮਾਝ ਮਹਲਾ ੫ ਘਰੁ ੨ ॥ | Maajh, Fifth Mehl, Second House: |
| ਨਿਤ ਨਿਤ ਦਯੁ ਸਮਾਲੀਐ ॥ | Continually, continuously, remember the Merciful Lord. |
| ਮੂਲਿ ਨ ਮਨਹੁ ਵਿਸਾਰੀਐ ॥ ਰਹਾਉ ॥ | Never forget Him from your mind. \|\|Pause\|\| |
| ਸੰਤਾ ਸੰਗਤਿ ਪਾਈਐ ॥ | Join the Society of the Saints, |
| ਜਿਤੁ ਜਮ ਕੈ ਪੰਥਿ ਨ ਜਾਈਐ ॥ | and you shall not have to go down the path of Death. |
| ਤੋਸਾ ਹਰਿ ਕਾ ਨਾਮੁ ਲੈ ਤੇਰੇ ਕੁਲਹਿ ਨ ਲਾਗੈ ਗਾਲਿ ਜੀਉ ॥੧॥ | Take the Provisions of the Lord's Name with you, and no stain shall attach itself to your family. \|\|1\|\| |
| ਜੋ ਸਿਮਰੰਦੇ ਸਾਂਈਐ ॥ | Those who meditate on the Master |
| ਨਰਕਿ ਨ ਸੇਈ ਪਾਈਐ ॥ | shall not be thrown down into hell. |
| ਤਤੀ ਵਾਉ ਨ ਲਗਈ ਜਿਨ ਮਨਿ ਵੁਠਾ ਆਇ ਜੀਉ ॥੨॥ | Even the hot winds shall not touch them. The Lord has come to dwell within their minds. \|\|2\|\| |
| ਸੇਈ ਸੁੰਦਰ ਸੋਹਣੇ ॥ | They alone are beautiful and attractive, |

ਸਾਧਸੰਗਿ ਜਿਨ ਬੈਹਣੇ ॥ who abide in the Saadh Sangat, the Company of the Holy.

ਹਰਿ ਧਨੁ ਜਿਨੀ ਸੰਜਿਆ ਸੇਈ ਗੰਭੀਰ ਅਪਾਰ ਜੀਉ ॥੩॥ Those who have gathered in the wealth of the Lord's Name-they alone are deep and thoughtful and vast. ||3||

ਹਰਿ ਅਮਿਉ ਰਸਾਇਣੁ ਪੀਵੀਐ ॥ Drink in the Ambrosial Essence of the Name,

ਮੁਹਿ ਡਿਠੈ ਜਨ ਕੈ ਜੀਵੀਐ ॥ and live by beholding the face of the Lord's servant.

ਕਾਰਜ ਸਭਿ ਸਵਾਰਿ ਲੈ ਨਿਤ ਪੂਜਹੁ ਗੁਰ ਕੇ ਪਾਵ ਜੀਉ ॥੪॥ Let all your affairs be resolved, by continually worshipping the Feet of the Guru. ||4||

ਜੋ ਹਰਿ ਕੀਤਾ ਆਪਣਾ ॥ ਤਿਨਹਿ ਗੁਸਾਈ ਜਾਪਣਾ ॥ He alone meditates on the Lord of the World, whom the Lord has made His Own.

ਸੋ ਸੂਰਾ ਪਰਧਾਨੁ ਸੋ ਮਸਤਕਿ ਜਿਸ ਦੈ ਭਾਗੁ ਜੀਉ ॥੫॥ He alone is a warrior, and he alone is the chosen one, upon whose forehead good destiny is recorded. ||5||

ਮਨ ਮੰਧੇ ਪ੍ਰਭੁ ਅਵਗਾਹੀਆ ॥ Within my mind, I meditate on God.

ਏਹਿ ਰਸ ਭੋਗਣ ਪਾਤਿਸਾਹੀਆ ॥ For me, this is like the enjoyment of princely pleasures.

ਮੰਦਾ ਮੂਲਿ ਨ ਉਪਜਿਓ ਤਰੇ ਸਚੀ ਕਾਰੈ ਲਾਗਿ ਜੀਉ ॥੬॥ Evil does not well up within me, since I am saved, and dedicated to truthful actions. ||6||

ਕਰਤਾ ਮੰਨਿ ਵਸਾਇਆ ॥ I have enshrined the Creator within my mind;

ਜਨਮੈ ਕਾ ਫਲੁ ਪਾਇਆ ॥ I have obtained the fruits of life's rewards.

ਮਨਿ ਭਾਵੰਦਾ ਕੰਤੁ ਹਰਿ ਤੇਰਾ ਥਿਰੁ ਹੋਆ ਸੋਹਾਗੁ ਜੀਉ ॥੭॥ If your Husband Lord is pleasing to your mind, then your married life shall be eternal. ||7||

ਅਟਲ ਪਦਾਰਥੁ ਪਾਇਆ ॥ I have obtained everlasting wealth;

ਭੈ ਭੰਜਨ ਕੀ ਸਰਣਾਇਆ ॥ I have found the Sanctuary of the Dispeller of fear.

ਲਾਇ ਅੰਚਲਿ ਨਾਨਕ ਤਾਰਿਅਨੁ ਜਿਤਾ ਜਨਮੁ ਅਪਾਰ ਜੀਉ ॥੮॥੪॥੩੮॥ Grasping hold of the hem of the Lord's robe, Nanak is saved. He has won the incomparable life. ||8||4||38||

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਮਾਝ ਮਹਲਾ ੫ ਘਰੁ ੩ ॥

Maajh, Fifth Mehl, Third House:

ਹਰਿ ਜਪਿ ਜਪੇ ਮਨੁ ਧੀਰੇ ॥੧॥ ਰਹਾਉ ॥ Chanting and meditating on the Lord, the mind is held steady. ||1||Pause||

| | |
|---|---|
| ਸਿਮਰਿ ਸਿਮਰਿ ਗੁਰਦੇਉ ਮਿਟਿ ਗਏ ਭੈ ਦੂਰੇ ॥੧॥ | Meditating, meditating in remembrance on the Divine Guru, one's fears are erased and dispelled. \|\|1\|\| |
| ਸਰਨਿ ਆਵੈ ਪਾਰਬ੍ਰਹਮ ਕੀ ਤਾ ਫਿਰਿ ਕਾਹੇ ਝੂਰੇ ॥੨॥ | Entering the Sanctuary of the Supreme Lord God, how could anyone feel grief any longer? \|\|2\|\| |
| **੧੩੩** | 133 |
| ਚਰਨ ਸੇਵ ਸੰਤ ਸਾਧ ਕੇ ਸਗਲ ਮਨੋਰਥ ਪੂਰੇ ॥੩॥ | Serving at the Feet of the Holy Saints, all desires are fulfilled. \|\|3\|\| |
| ਘਟਿ ਘਟਿ ਏਕੁ ਵਰਤਦਾ ਜਲਿ ਥਲਿ ਮਹੀਅਲਿ ਪੂਰੇ ॥੪॥ | In each and every heart, the One Lord is pervading. He is totally permeating the water, the land, and the sky. \|\|4\|\| |
| ਪਾਪ ਬਿਨਾਸਨੁ ਸੇਵਿਆ ਪਵਿਤ੍ਰ ਸੰਤਨ ਕੀ ਧੂਰੇ ॥੫॥ | I serve the Destroyer of sin, and I am sanctified by the dust of the feet of the Saints. \|\|5\|\| |
| ਸਭ ਛਡਾਈ ਖਸਮਿ ਆਪਿ ਹਰਿ ਜਪਿ ਭਈ ਠਰੂਰੇ ॥੬॥ | My Lord and Master Himself has saved me completely; I am comforted by meditating on the Lord. \|\|6\|\| |
| ਕਰਤੈ ਕੀਆ ਤਪਾਵਸੋ ਦੁਸਟ ਮੁਏ ਹੋਇ ਮੂਰੇ ॥੭॥ | The Creator has passed judgement, and the evil-doers have been silenced and killed. \|\|7\|\| |
| ਨਾਨਕ ਰਤਾ ਸਚਿ ਨਾਇ ਹਰਿ ਵੇਖੈ ਸਦਾ ਹਜੂਰੇ ॥੮॥੫॥੩੯॥ ੧॥੩੨॥੧॥੫॥੩੯॥ | Nanak is attuned to the True Name; he beholds the Presence of the Ever-present Lord. \|\|8\|\|5\|\|39\|\|1\|\|32\|\|1\|\|5\|\|39\|\| |
| ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪ | Baarah Maahaa ~ The Twelve Months: Maajh, Fifth Mehl, Fourth House: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥ | By the actions we have committed, we are separated from You. Please show Your Mercy, and unite us with Yourself, Lord. |
| ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥ | We have grown weary of wandering to the four corners of the earth and in the ten directions. We have come to Your Sanctuary, God. |
| ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥ | Without milk, a cow serves no purpose. |

| | |
|---|---|
| ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥ | Without water, the crop withers, and it will not bring a good price. |
| ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ ॥ | If we do not meet the Lord, our Friend, how can we find our place of rest? |
| ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ ॥ | Those homes, those hearts, in which the Husband Lord is not manifest-those towns and villages are like burning furnaces. |
| ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ ॥ | All decorations, the chewing of betel to sweeten the breath, and the body itself, are all useless and vain. |
| ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ ॥ | Without God, our Husband, our Lord and Master, all friends and companions are like the Messenger of Death. |
| ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥ | This is Nanak's prayer: "Please show Your Mercy, and bestow Your Name. |
| ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ ॥੧॥ | O my Lord and Master, please unite me with Yourself, O God, in the Eternal Mansion of Your Presence". ‖1‖ |
| ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥ | In the month of Chayt, by meditating on the Lord of the Universe, a deep and profound joy arises. |
| ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥ | Meeting with the humble Saints, the Lord is found, as we chant His Name with our tongues. |
| ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥ | Those who have found God-blessed is their coming into this world. |
| ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥ | Those who live without Him, for even an instant-their lives are rendered useless. |
| ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥ | The Lord is totally pervading the water, the land, and all space. He is contained in the forests as well. |
| ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥ | Those who do not remember God-how much pain must they suffer! |
| ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥ | Those who dwell upon their God have great good fortune. |
| ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥ | My mind yearns for the Blessed Vision of the Lord's Darshan. O Nanak, my mind is so thirsty! |
| ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥੨॥ | I touch the feet of one who unites me with God in the month of Chayt. ‖2‖ |

| | |
|---|---|
| ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥ | In the month of Vaisaakh, how can the bride be patient? She is separated from her Beloved. |
| ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥ | She has forgotten the Lord, her Life-companion, her Master; she has become attached to Maya, the deceitful one. |
| ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥ | Neither son, nor spouse, nor wealth shall go along with you-only the Eternal Lord. |
| ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ | Entangled and enmeshed in the love of false occupations, the whole world is perishing. |
| ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥ | Without the Naam, the Name of the One Lord, they lose their lives in the hereafter. |
| ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥ | Forgetting the Merciful Lord, they are ruined. Without God, there is no other at all. |
| ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥ | Pure is the reputation of those who are attached to the Feet of the Beloved Lord. |

## ੧੩੪ 134

| | |
|---|---|
| ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥ | Nanak makes this prayer to God: "Please, come and unite me with Yourself." |
| ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥ | The month of Vaisaakh is beautiful and pleasant, when the Saint causes me to meet the Lord. \|\|3\|\| |
| ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥ | In the month of Jayt'h, the bride longs to meet with the Lord. All bow in humility before Him. |
| ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥ | One who has grasped the hem of the robe of the Lord, the True Friend-no one can keep him in bondage. |
| ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥ | God's Name is the Jewel, the Pearl. It cannot be stolen or taken away. |
| ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥ | In the Lord are all pleasures which please the mind. |
| ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥ | As the Lord wishes, so He acts, and so His creatures act. |
| ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥ | They alone are called blessed, whom God has made His Own. |

| | |
|---|---|
| ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥ | If people could meet the Lord by their own efforts, why would they be crying out in the pain of separation? |
| ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥ | Meeting Him in the Saadh Sangat, the Company of the Holy, O Nanak, celestial bliss is enjoyed. |
| ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪॥ | In the month of Jayt'h, the playful Husband Lord meets her, upon whose forehead such good destiny is recorded. ‖4‖ |
| ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥ | The month of Aasaarh seems burning hot, to those who are not close to their Husband Lord. |
| ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥ | They have forsaken God the Primal Being, the Life of the World, and they have come to rely upon mere mortals. |
| ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥ | In the love of duality, the soul-bride is ruined; around her neck she wears the noose of Death. |
| ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥ | As you plant, so shall you harvest; your destiny is recorded on your forehead. |
| ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥ | The life-night passes away, and in the end, one comes to regret and repent, and then depart with no hope at all. |
| ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥ | Those who meet with the Holy Saints are liberated in the Court of the Lord. |
| ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥ | Show Your Mercy to me, O God; I am thirsty for the Blessed Vision of Your Darshan. |
| ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥ | Without You, God, there is no other at all. This is Nanak's humble prayer. |
| ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥ | The month of Aasaarh is pleasant, when the Feet of the Lord abide in the mind. ‖5‖ |
| ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥ | In the month of Saawan, the soul-bride is happy, if she falls in love with the Lotus Feet of the Lord. |
| ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥ | Her mind and body are imbued with the Love of the True One; His Name is her only Support. |
| ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥ | The pleasures of corruption are false. All that is seen shall turn to ashes. |
| ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥ | The drops of the Lord's Nectar are so beautiful! Meeting the Holy Saint, we drink these in. |

| | |
|---|---|
| ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥ | The forests and the meadows are rejuvenated and refreshed with the Love of God, the All-powerful, Infinite Primal Being. |
| ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥ | My mind yearns to meet the Lord. If only He would show His Mercy, and unite me with Himself! |
| ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥ | Those brides who have obtained God-I am forever a sacrifice to them. |
| ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥ | O Nanak, when the Dear Lord shows kindness, He adorns His bride with the Word of His Shabad. |
| ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬॥ | Saawan is delightful for those happy soul-brides whose hearts are adorned with the Necklace of the Lord's Name. \|\|6\|\| |
| ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥ | In the month of Bhaadon, she is deluded by doubt, because of her attachment to duality. |
| ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥ | She may wear thousands of ornaments, but they are of no use at all. |
| ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥ | On that day when the body perishes-at that time, she becomes a ghost. |
| ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥ | The Messenger of Death seizes and holds her, and does not tell anyone his secret. |
| ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥ | And her loved ones-in an instant, they move on, leaving her all alone. |
| ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥ | She wrings her hands, her body writhes in pain, and she turns from black to white. |
| ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ | As she has planted, so does she harvest; such is the field of karma. |
| ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥ | Nanak seeks God's Sanctuary; God has given him the Boat of His Feet. |
| ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥੭॥ | Those who love the Guru, the Protector and Savior, in Bhaadon, shall not be thrown down into hell. \|\|7\|\| |
| ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥ | In the month of Assu, my love for the Lord overwhelms me. How can I go and meet the Lord? |

| ੧੩੫ | 135 |
|---|---|
| ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥ | My mind and body are so thirsty for the Blessed Vision of His Darshan. Won't someone please come and lead me to him, O my mother. |
| ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥ | The Saints are the helpers of the Lord's lovers; I fall and touch their feet. |
| ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥ | Without God, how can I find peace? There is nowhere else to go. |
| ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥ | Those who have tasted the sublime essence of His Love, remain satisfied and fulfilled. |
| ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥ | They renounce their selfishness and conceit, and they pray, "God, please attach me to the hem of Your robe." |
| ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ॥ | Those whom the Husband Lord has united with Himself, shall not be separated from Him again. |
| ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥ | Without God, there is no other at all. Nanak has entered the Sanctuary of the Lord. |
| ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥੮॥ | In Assu, the Lord, the Sovereign King, has granted His Mercy, and they dwell in peace. ‖8‖ |
| ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥ | In the month of Katak, do good deeds. Do not try to blame anyone else. |
| ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥ | Forgetting the Transcendent Lord, all sorts of illnesses are contracted. |
| ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥ | Those who turn their backs on the Lord shall be separated from Him and consigned to reincarnation, over and over again. |
| ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥ | In an instant, all of Maya's sensual pleasures turn bitter. |
| ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥ | No one can then serve as your intermediary. Unto whom can we turn and cry? |
| ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥ | By one's own actions, nothing can be done; destiny was pre-determined from the very beginning. |
| ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥ | By great good fortune, I meet my God, and then all pain of separation departs. |

| | |
|---|---|
| ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥ | Please protect Nanak, God; O my Lord and Master, please release me from bondage. |
| ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥੯॥ | In Katak, in the Company of the Holy, all anxiety vanishes. \|\|9\|\| |
| ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥ | In the month of Maghar, those who sit with their Beloved Husband Lord are beautiful. |
| ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥ | How can their glory be measured? Their Lord and Master blends them with Himself. |
| ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥ | Their bodies and minds blossom forth in the Lord; they have the companionship of the Holy Saints. |
| ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥ | Those who lack the Company of the Holy, remain all alone. |
| ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥ | Their pain never departs, and they fall into the grip of the Messenger of Death. |
| ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥ | Those who have ravished and enjoyed their God, are seen to be continually exalted and uplifted. |
| ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥ | They wear the Necklace of the jewels, emeralds and rubies of the Lord's Name. |
| ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥ | Nanak seeks the dust of the feet of those who take to the Sanctuary of the Lord's Door. |
| ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥ | Those who worship and adore God in Maghar, do not suffer the cycle of reincarnation ever again. \|\|10\|\| |
| ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥ | In the month of Poh, the cold does not touch those, whom the Husband Lord hugs close in His Embrace. |
| ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥ | Their minds are transfixed by His Lotus Feet. They are attached to the Blessed Vision of the Lord's Darshan. |
| ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥ | Seek the Protection of the Lord of the Universe; His service is truly profitable. |
| ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥ | Corruption shall not touch you, when you join the Holy Saints and sing the Lord's Praises. |
| ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥ | From where it originated, there the soul is blended again. It is absorbed in the Love of the True Lord. |

| | |
|---|---|
| ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥ | When the Supreme Lord God grasps someone's hand, he shall never again suffer separation from Him. |
| ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥ | I am a sacrifice, 100,000 times, to the Lord, my Friend, the Unapproachable and Unfathomable. |
| ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥ | Please preserve my honor, Lord; Nanak begs at Your Door. |
| ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥ | Poh is beautiful, and all comforts come to that one, whom the Carefree Lord has forgiven. \|\|11\|\| |
| ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥ | In the month of Maagh, let your cleansing bath be the dust of the Saadh Sangat, the Company of the Holy. |
| ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥ | Meditate and listen to the Name of the Lord, and give it to everyone. |
| ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥ | In this way, the filth of lifetimes of karma shall be removed, and egotistical pride shall vanish from your mind. |

## ੧੩੬ 136

| | |
|---|---|
| ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥ | Sexual desire and anger shall not seduce you, and the dog of greed shall depart. |
| ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥ | Those who walk on the Path of Truth shall be praised throughout the world. |
| ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥ | Be kind to all beings-this is more meritorious than bathing at the sixty-eight sacred shrines of pilgrimage and the giving of charity. |
| ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥ | That person, upon whom the Lord bestows His Mercy, is a wise person. |
| ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥ | Nanak is a sacrifice to those who have merged with God. |
| ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥ | In Maagh, they alone are known as true, unto whom the Perfect Guru is Merciful. \|\|12\|\| |
| ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥ | In the month of Phalgun, bliss comes to those, unto whom the Lord, the Friend, has been revealed. |

| | |
|---|---|
| ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥ | The Saints, the Lord's helpers, in their mercy, have united me with Him. |
| ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥ | My bed is beautiful, and I have all comforts. I feel no sadness at all. |
| ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥ | My desires have been fulfilled-by great good fortune, I have obtained the Sovereign Lord as my Husband. |
| ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥ | Join with me, my sisters, and sing the songs of rejoicing and the Hymns of the Lord of the Universe. |
| ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥ | There is no other like the Lord-there is no equal to Him. |
| ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥ | He embellishes this world and the world hereafter, and He gives us our permanent home there. |
| ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥ | He rescues us from the world-ocean; never again do we have to run the cycle of reincarnation. |
| ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥ | I have only one tongue, but Your Glorious Virtues are beyond counting. Nanak is saved, falling at Your Feet. |
| ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥੧੩॥ | In Phalgun, praise Him continually; He has not even an iota of greed. ‖13‖ |
| ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ॥ | Those who meditate on the Naam, the Name of the Lord-their affairs are all resolved. |
| ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ ॥ | Those who meditate on the Perfect Guru, the Lord-Incarnate-they are judged true in the Court of the Lord. |
| ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ ॥ | The Lord's Feet are the Treasure of all peace and comfort for them; they cross over the terrifying and treacherous world-ocean. |
| ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥ | They obtain love and devotion, and they do not burn in corruption. |
| ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥ | Falsehood has vanished, duality has been erased, and they are totally overflowing with Truth. |
| ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥ | They serve the Supreme Lord God, and enshrine the One Lord within their minds. |
| ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥ | The months, the days, and the moments are auspicious, for those upon whom the Lord casts His Glance of Grace. |

| | |
|---|---|
| ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥੧੪॥੧॥ | Nanak begs for the blessing of Your Vision, O Lord. Please, shower Your Mercy upon me! ‖14‖1‖ |
| ਮਾਝ ਮਹਲਾ ੫ ਦਿਨ ਰੈਣਿ | Maajh, Fifth Mehl: Day And Night: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸੇਵੀ ਸਤਿਗੁਰੁ ਆਪਣਾ ਹਰਿ ਸਿਮਰੀ ਦਿਨ ਸਭਿ ਰੈਣ ॥ | I serve my True Guru, and meditate on Him all day and night. |
| ਆਪੁ ਤਿਆਗਿ ਸਰਣੀ ਪਵਾਂ ਮੁਖਿ ਬੋਲੀ ਮਿਠੜੇ ਵੈਣ ॥ | Renouncing selfishness and conceit, I seek His Sanctuary, and speak sweet words to Him. |
| ਜਨਮ ਜਨਮ ਕਾ ਵਿਛੁੜਿਆ ਹਰਿ ਮੇਲਹੁ ਸਜਣੁ ਸੈਣ ॥ | Through countless lifetimes and incarnations, I was separated from Him. O Lord, you are my Friend and Companion-please unite me with Yourself. |
| ਜੋ ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ ਵਸਨਿ ਭੈਣ ॥ | Those who are separated from the Lord do not dwell in peace, O sister. |
| ਹਰਿ ਪਿਰ ਬਿਨੁ ਚੈਨੁ ਨ ਪਾਈਐ ਖੋਜਿ ਡਿਠੇ ਸਭਿ ਗੈਣ ॥ | Without their Husband Lord, they find no comfort. I have searched and seen all realms. |
| ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ ਦੇਣ ॥ | My own evil actions have kept me separate from Him; why should I accuse anyone else? |
| ਕਰਿ ਕਿਰਪਾ ਪ੍ਰਭ ਰਾਖਿ ਲੇਹੁ ਹੋਰੁ ਨਾਹੀ ਕਰਣ ਕਰੇਣ ॥ | Bestow Your Mercy, God, and save me! No one else can bestow Your Mercy. |
| ਹਰਿ ਤੁਧੁ ਵਿਣੁ ਖਾਕੂ ਰੂਲਣਾ ਕਹੀਐ ਕਿਥੈ ਵੈਣ ॥ | Without You, Lord, we roll around in the dust. Unto whom should we utter our cries of distress? |
| ਨਾਨਕ ਕੀ ਬੇਨੰਤੀਆ ਹਰਿ ਸੁਰਜਨੁ ਦੇਖਾ ਨੈਣ ॥੧॥ | This is Nanak's prayer: "May my eyes behold the Lord, the Angelic Being."‖1‖ |
| ਜੀਅ ਕੀ ਬਿਰਥਾ ਸੋ ਸੁਣੇ ਹਰਿ ਸੰਮ੍ਰਿਥ ਪੁਰਖੁ ਅਪਾਰੁ ॥ | The Lord hears the anguish of the soul; He is the All-powerful and Infinite Primal Being. |
| ਮਰਣਿ ਜੀਵਣਿ ਆਰਾਧਣਾ ਸਭਨਾ ਕਾ ਆਧਾਰੁ ॥ | In death and in life, worship and adore the Lord, the Support of all. |
| ੧੩੭ | 137 |
| ਸਸੁਰੈ ਪੇਈਐ ਤਿਸੁ ਕੰਤ ਕੀ ਵਡਾ ਜਿਸੁ ਪਰਵਾਰੁ ॥ | In this world and in the next, the soul-bride belongs to her Husband Lord, who has such a vast family. |

| | |
|---|---|
| ਊਚਾ ਅਗਮ ਅਗਾਧਿ ਬੋਧ ਕਿਛੁ ਅੰਤੁ ਨ ਪਾਰਾਵਾਰੁ ॥ | He is Lofty and Inaccessible. His Wisdom is Unfathomable. |
| ਸੇਵਾ ਸਾ ਤਿਸੁ ਭਾਵਸੀ ਸੰਤਾ ਕੀ ਹੋਇ ਛਾਰੁ ॥ | He has no end or limitation. That service is pleasing to Him, which makes one humble, like the dust of the feet of the Saints. |
| ਦੀਨਾ ਨਾਥ ਦੈਆਲ ਦੇਵ ਪਤਿਤ ਉਧਾਰਣਹਾਰੁ ॥ | He is the Patron of the poor, the Merciful, Luminous Lord, the Redeemer of sinners. |
| ਆਦਿ ਜੁਗਾਦੀ ਰਖਦਾ ਸਚੁ ਨਾਮੁ ਕਰਤਾਰੁ ॥ | From the very beginning, and throughout the ages, the True Name of the Creator has been our Saving Grace. |
| ਕੀਮਤਿ ਕੋਇ ਨ ਜਾਣਈ ਕੋ ਨਾਹੀ ਤੋਲਣਹਾਰੁ ॥ | No one can know His Value; no one can weigh it. |
| ਮਨ ਤਨ ਅੰਤਰਿ ਵਸਿ ਰਹੇ ਨਾਨਕ ਨਹੀ ਸੁਮਾਰੁ ॥ | He dwells deep within the mind and body. O Nanak, He cannot be measured. |
| ਦਿਨੁ ਰੈਣਿ ਜਿ ਪ੍ਰਭ ਕੰਉ ਸੇਵਦੇ ਤਿਨ ਕੈ ਸਦ ਬਲਿਹਾਰ ॥੨॥ | I am forever a sacrifice to those who serve God, day and night. \|\|2\|\| |
| ਸੰਤ ਅਰਾਧਨਿ ਸਦ ਸਦਾ ਸਭਨਾ ਕਾ ਬਖਸਿੰਦੁ ॥ | The Saints worship and adore Him forever and ever; He is the Forgiver of all. |
| ਜੀਉ ਪਿੰਡੁ ਜਿਨਿ ਸਾਜਿਆ ਕਰਿ ਕਿਰਪਾ ਦਿਤੀਨੁ ਜਿੰਦੁ ॥ | He fashioned the soul and the body, and by His Kindness, He bestowed the soul. |
| ਗੁਰ ਸਬਦੀ ਆਰਾਧੀਐ ਜਪੀਐ ਨਿਰਮਲ ਮੰਤੁ ॥ | Through the Word of the Guru's Shabad, worship and adore Him, and chant His Pure Mantra. |
| ਕੀਮਤਿ ਕਹਣੁ ਨ ਜਾਈਐ ਪਰਮੇਸੁਰੁ ਬੇਅੰਤੁ ॥ | His Value cannot be evaluated. The Transcendent Lord is endless. |
| ਜਿਸੁ ਮਨਿ ਵਸੈ ਨਰਾਇਣੋ ਸੋ ਕਹੀਐ ਭਗਵੰਤੁ ॥ | That one, within whose mind the Lord abides, is said to be most fortunate. |
| ਜੀਅ ਕੀ ਲੋਚਾ ਪੂਰੀਐ ਮਿਲੈ ਸੁਆਮੀ ਕੰਤੁ ॥ | The soul's desires are fulfilled, upon meeting the Master, our Husband Lord. |
| ਨਾਨਕੁ ਜੀਵੈ ਜਪਿ ਹਰੀ ਦੋਖ ਸਭੇ ਹੀ ਹੰਤੁ ॥ | Nanak lives by chanting the Lord's Name; all sorrows have been erased. |
| ਦਿਨੁ ਰੈਣਿ ਜਿਸੁ ਨ ਵਿਸਰੈ ਸੋ ਹਰਿਆ ਹੋਵੈ ਜੰਤੁ ॥੩॥ | One who does not forget Him, day and night, is continually rejuvenated. \|\|3\|\| |
| ਸਰਬ ਕਲਾ ਪ੍ਰਭ ਪੂਰਣੋ ਮੰਞੁ ਨਿਮਾਣੀ ਥਾਉ ॥ | God is overflowing with all powers. I have no honor-He is my resting place. |

| | |
|---|---|
| ਹਰਿ ਓਟ ਗਹੀ ਮਨ ਅੰਦਰੇ ਜਪਿ ਜਪਿ ਜੀਵਾਂ ਨਾਉ ॥ | I have grasped the Support of the Lord within my mind; I live by chanting and meditating on His Name. |
| ਕਰਿ ਕਿਰਪਾ ਪ੍ਰਭ ਆਪਣੀ ਜਨ ਧੂੜੀ ਸੰਗਿ ਸਮਾਉ ॥ | Grant Your Grace, God, and bless me, that I may merge into the dust of the feet of the humble. |
| ਜਿਉ ਤੂੰ ਰਾਖਹਿ ਤਿਉ ਰਹਾ ਤੇਰਾ ਦਿਤਾ ਪੈਨਾ ਖਾਉ ॥ | As You keep me, so do I live. I wear and eat whatever You give me. |
| ਉਦਮੁ ਸੋਈ ਕਰਾਇ ਪ੍ਰਭ ਮਿਲਿ ਸਾਧੂ ਗੁਣ ਗਾਉ ॥ | May I make the effort, O God, to sing Your Glorious Praises in the Company of the Holy. |
| ਦੂਜੀ ਜਾਇ ਨ ਸੁਝਈ ਕਿਥੈ ਕੂਕਣ ਜਾਉ ॥ | I can conceive of no other place; where could I go to lodge a complaint? |
| ਅਗਿਆਨ ਬਿਨਾਸਨ ਤਮ ਹਰਣ ਊਚੇ ਅਗਮ ਅਮਾਉ ॥ | You are the Dispeller of ignorance, the Destroyer of darkness, O Lofty, Unfathomable and Unapproachable Lord. |
| ਮਨੁ ਵਿਛੁੜਿਆ ਹਰਿ ਮੇਲੀਐ ਨਾਨਕ ਏਹੁ ਸੁਆਉ ॥ | Please unite this separated one with Yourself; this is Nanak's yearning. |
| ਸਰਬ ਕਲਿਆਣਾ ਤਿਤੁ ਦਿਨਿ ਹਰਿ ਪਰਸੀ ਗੁਰ ਕੇ ਪਾਉ ॥੪॥੧॥ | That day shall bring every joy, O Lord, when I take to the Feet of the Guru. ‖4‖1‖ |
| ਵਾਰ ਮਾਝ ਕੀ ਤਥਾ ਸਲੋਕ ਮਹਲਾ ੧ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ ॥ | Vaar In Maajh, And Shaloks Of The First Mehl: To Be Sung To The Tune Of "Malik Mureed And Chandrahraa Sohee-Aa" |
| ੧ਓ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥ | One Universal Creator God. Truth Is The Name. Creative Being Personified. By Guru's Grace: |
| ਸਲੋਕੁ ਮਃ ੧ ॥ | Shalok, First Mehl: |
| ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ ॥ | The Guru is the Giver; the Guru is the House of ice. The Guru is the Light of the three worlds. |
| ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ ॥੧॥ | O Nanak, He is everlasting wealth. Place your mind's faith in Him, and you shall find peace. ‖1‖ |
| ਮਃ ੧ ॥ | First Mehl: |
| ਪਹਿਲੈ ਪਿਆਰਿ ਲਗਾ ਥਣ ਦੁਧਿ ॥ | First, the baby loves mother's milk; |
| ਦੂਜੈ ਮਾਇ ਬਾਪ ਕੀ ਸੁਧਿ ॥ | second, he learns of his mother and father; |

| | |
|---|---|
| ਤੀਜੈ ਭਯਾ ਭਾਭੀ ਬੇਬ ॥ | third, his brothers, sisters-in-law and sisters; |
| ਚਉਥੈ ਪਿਆਰਿ ਉਪੰਨੀ ਖੇਡ ॥ | fourth, the love of play awakens. |
| ਪੰਜਵੈ ਖਾਣ ਪੀਅਣ ਕੀ ਧਾਤੁ ॥ | Fifth, he runs after food and drink; |
| ਛਿਵੈ ਕਾਮੁ ਨ ਪੁਛੈ ਜਾਤਿ ॥ | sixth, in his sexual desire, he does not respect social customs. |
| ਸਤਵੈ ਸੰਜਿ ਕੀਆ ਘਰ ਵਾਸੁ ॥ | Seventh, he gathers wealth and dwells in his house; |
| ਅਠਵੈ ਕ੍ਰੋਧੁ ਹੋਆ ਤਨ ਨਾਸੁ ॥ | eighth, he becomes angry, and his body is consumed. |
| ਨਾਵੈ ਧਉਲੇ ਉਭੇ ਸਾਹ ॥ | Ninth, he turns grey, and his breathing becomes labored; |
| ਦਸਵੈ ਦਧਾ ਹੋਆ ਸੁਆਹ ॥ | tenth, he is cremated, and turns to ashes. |
| ਗਏ ਸਿਗੀਤ ਪੁਕਾਰੀ ਧਾਹ ॥ | His companions send him off, crying out and lamenting. |
| ਉਡਿਆ ਹੰਸੁ ਦਸਾਏ ਰਾਹ ॥ | The swan of the soul takes flight, and asks which way to go. |

## ੧੩੮ / 138

| | |
|---|---|
| ਆਇਆ ਗਇਆ ਮੁਇਆ ਨਾਉ ॥ | He came and he went, and now, even his name has died. |
| ਪਿਛੈ ਪਤਲਿ ਸਦਿਹੁ ਕਾਵ ॥ | After he left, food was offered on leaves, and the birds were called to come and eat. |
| ਨਾਨਕ ਮਨਮੁਖਿ ਅੰਧੁ ਪਿਆਰੁ ॥ | O Nanak, the self-willed manmukhs love the darkness. |
| ਬਾਝੁ ਗੁਰੂ ਡੁਬਾ ਸੰਸਾਰੁ ॥੨॥ | Without the Guru, the world is drowning. ‖2‖ |

| | |
|---|---|
| ਮਃ ੧ ॥ | First Mehl: |
| ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ ॥ | At the age of ten, he is a child; at twenty, a youth, and at thirty, he is called handsome. |
| ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ ॥ | At forty, he is full of life; at fifty, his foot slips, and at sixty, old age is upon him. |
| ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ ॥ | At seventy, he loses his intellect, and at eighty, he cannot perform his duties. |
| ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ ॥ | At ninety, he lies in his bed, and he cannot understand his weakness. |
| ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ ॥੩॥ | After seeking and searching for such a long time, O Nanak, I have seen that the world is just a mansion of smoke. ‖3‖ |

ਪਉੜੀ ॥

Pauree:

ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ ॥

You, O Creator Lord, are Unfathomable. You Yourself created the Universe,

ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ ॥

its colors, qualities and varieties, in so many ways and forms.

ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ ॥

You created it, and You alone understand it. It is all Your Play.

ਇਕਿ ਆਵਹਿ ਇਕਿ ਜਾਹਿ ਉਠਿ ਬਿਨੁ ਨਾਵੈ ਮਰਿ ਜਾਤੀ ॥

Some come, and some arise and depart; but without the Name, all are bound to die.

ਗੁਰਮੁਖਿ ਰੰਗਿ ਚਲੂਲਿਆ ਰੰਗਿ ਹਰਿ ਰੰਗਿ ਰਾਤੀ ॥

The Gurmukhs are imbued with the deep crimson color of the poppy; they are dyed in the color of the Lord's Love.

ਸੋ ਸੇਵਹੁ ਸਤਿ ਨਿਰੰਜਨੋ ਹਰਿ ਪੁਰਖੁ ਬਿਧਾਤੀ ॥

So serve the True and Pure Lord, the Supremely Powerful Architect of Destiny.

ਤੂੰ ਆਪੇ ਆਪਿ ਸੁਜਾਣੁ ਹੈ ਵਡ ਪੁਰਖੁ ਵਡਾਤੀ ॥

You Yourself are All-knowing. O Lord, You are the Greatest of the Great!

ਜੋ ਮਨਿ ਚਿਤਿ ਤੁਧੁ ਧਿਆਇਦੇ ਮੇਰੇ ਸਚਿਆ ਬਲਿ ਬਲਿ ਹਉ ਤਿਨ ਜਾਤੀ ॥੧॥

O my True Lord, I am a sacrifice, a humble sacrifice, to those who meditate on You within their conscious mind. ||1||

ਸਲੋਕ ਮਃ ੧ ॥

Shalok, First Mehl:

ਜੀਉ ਪਾਇ ਤਨੁ ਸਾਜਿਆ ਰਖਿਆ ਬਣਤ ਬਣਾਇ ॥

He placed the soul in the body which He had fashioned. He protects the Creation which He has created.

ਅਖੀ ਦੇਖੈ ਜਿਹਵਾ ਬੋਲੈ ਕੰਨੀ ਸੁਰਤਿ ਸਮਾਇ ॥

With their eyes, they see, and with their tongues, they speak; with their ears, they bring the mind to awareness.

ਪੈਰੀ ਚਲੈ ਹਥੀ ਕਰਣਾ ਦਿਤਾ ਪੈਨੈ ਖਾਇ ॥

With their feet, they walk, and with their hands, they work; they wear and eat whatever is given.

ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਅੰਧਾ ਅੰਧੁ ਕਮਾਇ ॥

They do not know the One who created the Creation. The blind fools do their dark deeds.

ਜਾ ਭਜੈ ਤਾ ਠੀਕਰੁ ਹੋਵੈ ਘਾੜਤ ਘੜੀ ਨ ਜਾਇ ॥

When the pitcher of the body breaks and shatters into pieces, it cannot be re-created again.

ਨਾਨਕ ਗੁਰ ਬਿਨੁ ਨਾਹਿ ਪਤਿ ਪਤਿ ਵਿਣੁ ਪਾਰਿ ਨ ਪਾਇ ॥੧॥

O Nanak, without the Guru, there is no honor; without honor, no one is carried across. ||1||

| | |
|---|---|
| ਮਃ ੨ ॥ | Second Mehl: |
| ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥ | They prefer the gift, instead of the Giver; such is the way of the self-willed manmukhs. |
| ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥ | What can anyone say about their intelligence, their understanding or their cleverness? |
| ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥ | The deeds which one commits, while sitting in one's own home, are known far and wide, in the four directions. |
| ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥ | One who lives righteously is known as righteous; one who commits sins is known as a sinner. |
| ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥ | You Yourself enact the entire play, O Creator. Why should we speak of any other? |
| ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥ | As long as Your Light is within the body, You speak through that Light. Without Your Light, who can do anything? Show me any such cleverness! |
| ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥ | O Nanak, the Lord alone is Perfect and All-knowing; He is revealed to the Gurmukh. ‖2‖ |
| ਪਉੜੀ ॥ | Pauree: |
| ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥ | You Yourself created the world, and You Yourself put it to work. |
| ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥ | Administering the drug of emotional attachment, You Yourself have led the world astray. |
| ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥ | The fire of desire is deep within; unsatisfied, people remain hungry and thirsty. |
| ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥ | This world is an illusion; it dies and it is re-born-it comes and it goes in reincarnation. |
| ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥ | Without the True Guru, emotional attachment is not broken. All have grown weary of performing empty rituals. |
| ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥ | Those who follow the Guru's Teachings meditate on the Naam, the Name of the Lord. Filled with a joyful peace, they surrender to Your Will. |
| ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥ | They save their families and ancestors; blessed are the mothers who gave birth to them. |

| ੧੩੯ | 139 |
|---|---|
| ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥੨॥ | Beautiful and sublime is the glory and the understanding of those who focus their consciousness on the Lord. \|\|2\|\| |
| ਸਲੋਕੁ ਮਃ ੨ ॥ | Shalok, Second Mehl: |
| ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥ | To see without eyes; to hear without ears; |
| ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ ॥ | to walk without feet; to work without hands; |
| ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ ॥ | to speak without a tongue-like this, one remains dead while yet alive. |
| ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ ॥੧॥ | O Nanak, recognize the Hukam of the Lord's Command, and merge with your Lord and Master. \|\|1\|\| |
| ਮਃ ੨ ॥ | Second Mehl: |
| ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ ॥ | He is seen, heard and known, but His subtle essence is not obtained. |
| ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ ॥ | How can the lame, armless and blind person run to embrace the Lord? |
| ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ ॥ | Let the Fear of God be your feet, and let His Love be your hands; let His Understanding be your eyes. |
| ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ ॥੨॥ | Says Nanak, in this way, O wise soul-bride, you shall be united with your Husband Lord. \|\|2\|\| |
| ਪਉੜੀ ॥ | Pauree: |
| ਸਦਾ ਸਦਾ ਤੂੰ ਏਕੁ ਹੈ ਤੁਧੁ ਦੂਜਾ ਖੇਲੁ ਰਚਾਇਆ ॥ | Forever and ever, You are the only One; You set the play of duality in motion. |
| ਹਉਮੈ ਗਰਬੁ ਉਪਾਇ ਕੈ ਲੋਭੁ ਅੰਤਰਿ ਜੰਤਾ ਪਾਇਆ ॥ | You created egotism and arrogant pride, and You placed greed within our beings. |
| ਜਿਉ ਭਾਵੈ ਤਿਉ ਰਖੁ ਤੂ ਸਭ ਕਰੇ ਤੇਰਾ ਕਰਾਇਆ ॥ | Keep me as it pleases Your Will; everyone acts as You cause them to act. |
| ਇਕਨਾ ਬਖਸਹਿ ਮੇਲਿ ਲੈਹਿ ਗੁਰਮਤੀ ਤੁਧੈ ਲਾਇਆ ॥ | Some are forgiven, and merge with You; through the Guru's Teachings, we are joined to You. |

ਇਕਿ ਖੜੇ ਕਰਹਿ ਤੇਰੀ ਚਾਕਰੀ ਵਿਣੁ ਨਾਵੈ ਹੋਰੁ ਨ ਭਾਇਆ ॥

Some stand and serve You; without the Name, nothing else pleases them.

ਹੋਰੁ ਕਾਰ ਵੇਕਾਰ ਹੈ ਇਕਿ ਸਚੀ ਕਾਰੈ ਲਾਇਆ ॥

Any other task would be worthless to them-You have enjoined them to Your True Service.

ਪੁਤੁ ਕਲਤੁ ਕੁਟੰਬੁ ਹੈ ਇਕਿ ਅਲਿਪਤੁ ਰਹੇ ਜੋ ਤੁਧੁ ਭਾਇਆ ॥

In the midst of children, spouse and relations, some still remain detached; they are pleasing to Your Will.

ਓਹਿ ਅੰਦਰਹੁ ਬਾਹਰਹੁ ਨਿਰਮਲੇ ਸਚੈ ਨਾਇ ਸਮਾਇਆ ॥੩॥

Inwardly and outwardly, they are pure, and they are absorbed in the True Name. ||3||

ਸਲੋਕੁ ਮਃ ੧ ॥

Shalok, First Mehl:

ਸੁਇਨੇ ਕੈ ਪਰਬਤਿ ਗੁਫਾ ਕਰੀ ਕੈ ਪਾਣੀ ਪਇਆਲਿ ॥

I may make a cave, in a mountain of gold, or in the water of the nether regions;

ਕੈ ਵਿਚਿ ਧਰਤੀ ਕੈ ਆਕਾਸੀ ਉਰਧਿ ਰਹਾ ਸਿਰਿ ਭਾਰਿ ॥

I may remain standing on my head, upside-down, on the earth or up in the sky;

ਪੁਰੁ ਕਰਿ ਕਾਇਆ ਕਪੜੁ ਪਹਿਰਾ ਧੋਵਾ ਸਦਾ ਕਾਰਿ ॥

I may totally cover my body with clothes, and wash them continually;

ਬਗਾ ਰਤਾ ਪੀਅਲਾ ਕਾਲਾ ਬੇਦਾ ਕਰੀ ਪੁਕਾਰ ॥

I may shout out loud, the white, red, yellow and black Vedas;

ਹੋਇ ਕੁਚੀਲੁ ਰਹਾ ਮਲੁ ਧਾਰੀ ਦੁਰਮਤਿ ਮਤਿ ਵਿਕਾਰ ॥

I may even live in dirt and filth. And yet, all this is just a product of evil-mindedness, and intellectual corruption.

ਨਾ ਹਉ ਨਾ ਮੈ ਨਾ ਹਉ ਹੋਵਾ ਨਾਨਕ ਸਬਦੁ ਵੀਚਾਰਿ ॥੧॥

I was not, I am not, and I will never be anything at all! O Nanak, I dwell only on the Word of the Shabad. ||1||

ਮਃ ੧ ॥

First Mehl:

ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ ॥

They wash their clothes, and scrub their bodies, and try to practice self-discipline.

ਅੰਤਰਿ ਮੈਲੁ ਲਗੀ ਨਹੀ ਜਾਣੈ ਬਾਹਰਹੁ ਮਲਿ ਮਲਿ ਧੋਵੈ ॥

But they are not aware of the filth staining their inner being, while they try and try to wash off the outer dirt.

ਅੰਧਾ ਭੂਲਿ ਪਇਆ ਜਮ ਜਾਲੇ ॥

The blind go astray, caught by the noose of Death.

ਵਸਤੁ ਪਰਾਈ ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੇ ॥

They see other people's property as their own, and in egotism, they suffer in pain.

ਨਾਨਕ ਗੁਰਮੁਖਿ ਹਉਮੈ ਤੁਟੈ ਤਾ ਹਰਿ ਹਰਿ ਨਾਮੁ ਧਿਆਵੈ ॥

O Nanak, the egotism of the Gurmukhs is broken, and then, they meditate on the Name of the Lord, Har, Har.

| | |
|---|---|
| ਨਾਮੁ ਜਪੇ ਨਾਮੋ ਆਰਾਧੇ ਨਾਮੇ ਸੁਖਿ ਸਮਾਵੈ ॥੨॥ | They chant the Naam, meditate on the Naam, and through the Naam, they are absorbed in peace. \|\|2\|\| |
| ਪਵੜੀ ॥ | Pauree: |
| ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ ॥ | Destiny has brought together and united the body and the soul-swan. |
| ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ ॥ | He who created them, also separates them. |
| ਮੂਰਖੁ ਭੋਗੇ ਭੋਗੁ ਦੁਖ ਸਬਾਇਆ ॥ | The fools enjoy their pleasures; they must also endure all their pains. |
| ਸੁਖਹੁ ਉਠੇ ਰੋਗ ਪਾਪ ਕਮਾਇਆ ॥ | From pleasures, arise diseases and the commission of sins. |
| ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ ॥ | From sinful pleasures come sorrow, separation, birth and death. |
| ਮੂਰਖ ਗਣਤ ਗਣਾਇ ਝਗੜਾ ਪਾਇਆ ॥ | The fools try to account for their misdeeds, and argue uselessly. |
| ਸਤਿਗੁਰ ਹਥਿ ਨਿਬੇੜੁ ਝਗੜੁ ਚੁਕਾਇਆ ॥ | The judgement is in the Hands of the True Guru, who puts an end to the argument. |
| ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ ॥੪॥ | Whatever the Creator does, comes to pass. It cannot be changed by anyone's efforts. \|\|4\|\| |
| ਸਲੋਕੁ ਮਃ ੧ ॥ | Shalok, First Mehl: |
| ਕੂੜੁ ਬੋਲਿ ਮੁਰਦਾਰੁ ਖਾਇ ॥ | Telling lies, they eat dead bodies. |
| **੧੪੦** | 140 |
| ਅਵਰੀ ਨੋ ਸਮਝਾਵਣਿ ਜਾਇ ॥ | And yet, they go out to teach others. |
| ਮੁਠਾ ਆਪਿ ਮੁਹਾਏ ਸਾਥੈ ॥ | They are deceived, and they deceive their companions. |
| ਨਾਨਕ ਐਸਾ ਆਗੂ ਜਾਪੈ ॥੧॥ | O Nanak, such are the leaders of men. \|\|1\|\| |
| ਮਹਲਾ ੪ ॥ | Fourth Mehl: |
| ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ ॥ | Those, within whom the Truth dwells, obtain the True Name; they speak only the Truth. |
| ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ ॥ | They walk on the Lord's Path, and inspire others to walk on the Lord's Path as well. |

| | |
|---|---|
| ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਇ ॥ | Bathing in a pool of holy water, they are washed clean of filth. But, by bathing in a stagnant pond, they are contaminated with even more filth. |
| ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ ॥ | The True Guru is the Perfect Pool of Holy Water. Night and day, He meditates on the Name of the Lord, Har, Har. |
| ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ ॥ | He is saved, along with his family; bestowing the Name of the Lord, Har, Har, He saves the whole world. |
| ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ ॥੨॥ | Servant Nanak is a sacrifice to one who himself chants the Naam, and inspires others to chant it as well. \|\|2\|\| |
| ਪਉੜੀ ॥ | Pauree: |
| ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ ॥ | Some pick and eat fruits and roots, and live in the wilderness. |
| ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ ॥ | Some wander around wearing saffron robes, as Yogis and Sanyaasees. |
| ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ ॥ | But there is still so much desire within them-they still yearn for clothes and food. |
| ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ ॥ | They waste their lives uselessly; they are neither householders nor renunciates. |
| ਜਮਕਾਲੁ ਸਿਰਹੁ ਨ ਉਤਰੈ ਤ੍ਰਿਬਿਧਿ ਮਨਸਾ ॥ | The Messenger of Death hangs over their heads, and they cannot escape the three-phased desire. |
| ਗੁਰਮਤੀ ਕਾਲੁ ਨ ਆਵੈ ਨੇੜੈ ਜਾ ਹੋਵੈ ਦਾਸਨਿ ਦਾਸਾ ॥ | Death does not even approach those who follow the Guru's Teachings, and become the slaves of the Lord's slaves. |
| ਸਚਾ ਸਬਦੁ ਸਚੁ ਮਨਿ ਘਰ ਹੀ ਮਾਹਿ ਉਦਾਸਾ ॥ | The True Word of the Shabad abides in their true minds; within the home of their own inner beings, they remain detached. |
| ਨਾਨਕ ਸਤਿਗੁਰੁ ਸੇਵਨਿ ਆਪਣਾ ਸੇ ਆਸਾ ਤੇ ਨਿਰਾਸਾ ॥੫॥ | O Nanak, those who serve their True Guru, rise from desire to desirelessness. \|\|5\|\| |
| ਸਲੋਕੁ ਮਃ ੧ ॥ | Shalok, First Mehl: |
| ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥ | If one's clothes are stained with blood, the garment becomes polluted. |
| ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥ | Those who suck the blood of human beings-how can their consciousness be pure? |

ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥

O Nanak, chant the Name of God, with heart-felt devotion.

ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥੧॥

Everything else is just a pompous worldly show, and the practice of false deeds. ||1||

ਮਃ ੧ ॥

First Mehl:

ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ ॥

Since I am no one, what can I say? Since I am nothing, what can I be?

ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ ॥

As He created me, so I act. As He causes me to speak, so I speak. I am full and overflowing with sins-if only I could wash them away!

ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ ॥

I do not understand myself, and yet I try to teach others. Such is the guide I am!

ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ ॥

O Nanak, the one who is blind shows others the way, and misleads all his companions.

ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ ॥੨॥

But, going to the world hereafter, he shall be beaten and kicked in the face; then, it will be obvious, what sort of guide he was! ||2||

ਪਉੜੀ ॥

Pauree:

ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ ॥

Through all the months and the seasons, the minutes and the hours, I dwell upon You, O Lord.

ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥

No one has attained You by clever calculations, O True, Unseen and Infinite Lord.

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥

That scholar who is full of greed, arrogant pride and egotism, is known to be a fool.

ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥

So read the Name, and realize the Name, and contemplate the Guru's Teachings.

ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ ॥

Through the Guru's Teachings, I have earned the wealth of the Naam; I possess the storehouses, overflowing with devotion to the Lord.

ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ ॥

Believing in the Immaculate Naam, one is hailed as true, in the True Court of the Lord.

ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ ॥

The Divine Light of the Infinite Lord, who owns the soul and the breath of life, is deep within the inner being.

| | |
|---|---|
| ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ ॥੬॥ | You alone are the True Banker, O Lord; the rest of the world is just Your petty trader. ‖6‖ |
| ਸਲੋਕੁ ਮਃ ੧ ॥ | Shalok, First Mehl: |
| ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥ | Let mercy be your mosque, faith your prayer-mat, and honest living your Koran. |
| ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥ | Make modesty your circumcision, and good conduct your fast. In this way, you shall be a true Muslim. |
| ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥ | Let good conduct be your Kaabaa, Truth your spiritual guide, and the karma of good deeds your prayer and chant. |
| ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥੧॥ | Let your rosary be that which is pleasing to His Will. O Nanak, God shall preserve your honor. ‖1‖ |
| **੧੪੧** | 141 |
| ਮਃ ੧ ॥ | First Mehl |
| ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ | : To take what rightfully belongs to another, is like a Muslim eating pork, or a Hindu eating beef. |
| ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ | Our Guru, our Spiritual Guide, stands by us, if we do not eat those carcasses. |
| ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥ | By mere talk, people do not earn passage to Heaven. Salvation comes only from the practice of Truth. |
| ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥ | By adding spices to forbidden foods, they are not made acceptable. |
| ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥੨॥ | O Nanak, from false talk, only falsehood is obtained. ‖2‖ |
| ਮਃ ੧ ॥ | First Mehl: |
| ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥ | There are five prayers and five times of day for prayer; the five have five names. |
| ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥ | Let the first be truthfulness, the second honest living, and the third charity in the Name of God. |
| ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥ | Let the fourth be good will to all, and the fifth the praise of the Lord. |

| | |
|---|---|
| ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥ | Repeat the prayer of good deeds, and then, you may call yourself a Muslim. |
| ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥ | O Nanak, the false obtain falsehood, and only falsehood. ‖3‖ |
| ਪਉੜੀ ॥ | Pauree: |
| ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ ॥ | Some trade in priceless jewels, while others deal in mere glass. |
| ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ ॥ | When the True Guru is pleased, we find the treasure of the jewel, deep within the self. |
| ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ ॥ | Without the Guru, no one has found this treasure. The blind and the false have died in their endless wanderings. |
| ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ ॥ | The self-willed manmukhs putrefy and die in duality. They do not understand contemplative meditation. |
| ਇਕਸੁ ਬਾਝਹੁ ਦੂਜਾ ਕੋ ਨਹੀ ਕਿਸੁ ਅਗੈ ਕਰਹਿ ਪੁਕਾਰਾ ॥ | Without the One Lord, there is no other at all. Unto whom should they complain? |
| ਇਕਿ ਨਿਰਧਨ ਸਦਾ ਭਉਕਦੇ ਇਕਨਾ ਭਰੇ ਤੁਜਾਰਾ ॥ | Some are destitute, and wander around endlessly, while others have storehouses of wealth. |
| ਵਿਣੁ ਨਾਵੈ ਹੋਰੁ ਧਨੁ ਨਾਹੀ ਹੋਰੁ ਬਿਖਿਆ ਸਭੁ ਛਾਰਾ ॥ | Without God's Name, there is no other wealth. Everything else is just poison and ashes. |
| ਨਾਨਕ ਆਪਿ ਕਰਾਏ ਕਰੇ ਆਪਿ ਹੁਕਮਿ ਸਵਾਰਣਹਾਰਾ ॥੭॥ | O Nanak, the Lord Himself acts, and causes others to act; by the Hukam of His Command, we are embellished and exalted. ‖7‖ |
| ਸਲੋਕੁ ਮਃ ੧ ॥ | Shalok, First Mehl: |
| ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥ | It is difficult to be called a Muslim; if one is truly a Muslim, then he may be called one. |
| ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥ | First, let him savor the religion of the Prophet as sweet; then, let his pride of his possessions be scraped away. |
| ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥ | Becoming a true Muslim, a disciple of the faith of Mohammed, let him put aside the delusion of death and life. |
| ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥ | As he submits to God's Will, and surrenders to the Creator, he is rid of selfishness and conceit. |

ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥੧॥

And when, O Nanak, he is merciful to all beings, only then shall he be called a Muslim. ||1||

ਮਹਲਾ ੪ ॥

Fourth Mehl:

ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ ॥

Renounce sexual desire, anger, falsehood and slander; forsake Maya and eliminate egotistical pride.

ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥

Renounce sexual desire and promiscuity, and give up emotional attachment. Only then shall you obtain the Immaculate Lord amidst the darkness of the world.

ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ ਤਜਿ ਪਿਆਸ ਆਸ ਰਾਮ ਲਿਵ ਲਾਵੈ ॥

Renounce selfishness, conceit and arrogant pride, and your love for your children and spouse. Abandon your thirsty hopes and desires, and embrace love for the Lord.

ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ ॥੨॥

O Nanak, the True One shall come to dwell in your mind. Through the True Word of the Shabad, you shall be absorbed in the Name of the Lord. ||2||

ਪਉੜੀ ॥

Pauree:

ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ ॥

Neither the kings, nor their subjects, nor the leaders shall remain.

ਹਟ ਪਟਣ ਬਾਜਾਰ ਹੁਕਮੀ ਢਹਸੀਓ ॥

The shops, the cities and the streets shall eventually disintegrate, by the Hukam of the Lord's Command.

ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ ॥

Those solid and beautiful mansions-the fools think that they belong to them.

ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ ॥

The treasure-houses, filled with wealth, shall be emptied out in an instant.

ਤਾਜੀ ਰਥ ਤੁਖਾਰ ਹਾਥੀ ਪਾਖਰੇ ॥ ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ ॥ ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ ॥

The horses, chariots, camels and elephants, with all their decorations; the gardens, lands, houses, tents, soft beds and satin pavilions-Oh, where are those things, which they believe to be their own?

ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ ॥੮॥

O Nanak, the True One is the Giver of all; He is revealed through His All-powerful Creative Nature. ||8||

ਸਲੋਕੁ ਮਃ ੧ ॥

Shalok, First Mehl:

ਨਦੀਆ ਹੋਵਹਿ ਧੇਣਵਾ ਸੁੰਮ ਹੋਵਹਿ ਦੁਧੁ ਘੀਉ ॥

If the rivers became cows, giving milk, and the spring water became milk and ghee;

ਸਗਲੀ ਧਰਤੀ ਸਕਰ ਹੋਵੈ ਖੁਸੀ ਕਰੇ ਨਿਤ ਜੀਉ ॥

If all the earth became sugar, to continually excite the mind;

**੧੪੨**

**142**

ਪਰਬਤੁ ਸੁਇਨਾ ਰੁਪਾ ਹੋਵੈ ਹੀਰੇ ਲਾਲ ਜੜਾਉ ॥

if the mountains became gold and silver, studded with gems and jewels

ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ ॥੧॥

-even then, I would worship and adore You, and my longing to chant Your Praises would not decrease. ||1||

ਮਃ ੧ ॥

First Mehl:

ਭਾਰ ਅਠਾਰਹ ਮੇਵਾ ਹੋਵੈ ਗਰੁੜਾ ਹੋਇ ਸੁਆਉ ॥

If all the eighteen loads of vegetation became fruits,

ਚੰਦੁ ਸੂਰਜੁ ਦੁਇ ਫਿਰਦੇ ਰਖੀਅਹਿ ਨਿਹਚਲੁ ਹੋਵੈ ਥਾਉ ॥

and the growing grass became sweet rice; if I were able to stop the sun and the moon in their orbits and hold them perfectly steady

ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ ॥੨॥

-even then, I would worship and adore You, and my longing to chant Your Praises would not decrease. ||2||

ਮਃ ੧ ॥

First Mehl:

ਜੇ ਦੇਹੈ ਦੁਖੁ ਲਾਈਐ ਪਾਪ ਗਰਹ ਦੁਇ ਰਾਹੁ ॥

If my body were afflicted with pain, under the evil influence of unlucky stars;

ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ ਭਾਉ ॥

and if the blood-sucking kings were to hold power over me

ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ ॥੩॥

-even if this were my condition, I would still worship and adore You, and my longing to chant Your Praises would not decrease. ||3||

ਮਃ ੧ ॥

First Mehl:

ਅਗੀ ਪਾਲਾ ਕਪੜੁ ਹੋਵੈ ਖਾਣਾ ਹੋਵੈ ਵਾਉ ॥

If fire and ice were my clothes, and the wind was my food;

ਸੁਰਗੈ ਦੀਆ ਮੋਹਣੀਆ ਇਸਤਰੀਆ ਹੋਵਨਿ ਨਾਨਕ ਸਭੋ ਜਾਉ ॥

and even if the enticing heavenly beauties were my wives, O Nanak-all this shall pass away!

| | |
|---|---|
| ਭੀ ਤੂਹੈ ਸਾਲਾਹਣਾ ਆਖਣ ਲਹੈ ਨ ਚਾਉ ॥੪॥ | Even then, I would worship and adore You, and my longing to chant Your Praises would not decrease. ‖4‖ |
| ਪਵੜੀ ॥ | Pauree: |
| ਬਦਫੈਲੀ ਗੈਬਾਨਾ ਖਸਮੁ ਨ ਜਾਣਈ ॥ | The foolish demon, who does evil deeds, does not know his Lord and Master. |
| ਸੋ ਕਹੀਐ ਦੇਵਾਨਾ ਆਪੁ ਨ ਪਛਾਣਈ ॥ | Call him a mad-man, if he does not understand himself. |
| ਕਲਹਿ ਬੁਰੀ ਸੰਸਾਰਿ ਵਾਦੇ ਖਪੀਐ ॥ | The strife of this world is evil; these struggles are consuming it. |
| ਵਿਣੁ ਨਾਵੈ ਵੇਕਾਰਿ ਭਰਮੇ ਪਚੀਐ ॥ | Without the Lord's Name, life is worthless. Through doubt, the people are being destroyed. |
| ਰਾਹ ਦੋਵੈ ਇਕੁ ਜਾਣੈ ਸੋਈ ਸਿਝਸੀ ॥ | One who recognizes that all spiritual paths lead to the One shall be emancipated. |
| ਕੁਫਰ ਗੋਅ ਕੁਫਰਾਣੈ ਪਇਆ ਦਝਸੀ ॥ | One who speaks lies shall fall into hell and burn. |
| ਸਭ ਦੁਨੀਆ ਸੁਬਹਾਨੁ ਸਚਿ ਸਮਾਈਐ ॥ | In all the world, the most blessed and sanctified are those who remain absorbed in Truth. |
| ਸਿਝੈ ਦਰਿ ਦੀਵਾਨਿ ਆਪੁ ਗਵਾਈਐ ॥੯॥ | One who eliminates selfishness and conceit is redeemed in the Court of the Lord. ‖9‖ |
| ਮਃ ੧ ਸਲੋਕੁ ॥ | First Mehl, Shalok: |
| ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ | They alone are truly alive, whose minds are filled with the Lord. |
| ਨਾਨਕ ਅਵਰੁ ਨ ਜੀਵੈ ਕੋਇ ॥ | O Nanak, no one else is truly alive; |
| ਜੇ ਜੀਵੈ ਪਤਿ ਲਥੀ ਜਾਇ ॥ | those who merely live shall depart in dishonor; |
| ਸਭੁ ਹਰਾਮੁ ਜੇਤਾ ਕਿਛੁ ਖਾਇ ॥ | everything they eat is impure. |
| ਰਾਜਿ ਰੰਗੁ ਮਾਲਿ ਰੰਗੁ ॥ ਰੰਗਿ ਰਤਾ ਨਚੈ ਨੰਗੁ ॥ | Intoxicated with power and thrilled with wealth, they delight in their pleasures, and dance about shamelessly. |
| ਨਾਨਕ ਠਗਿਆ ਮੁਠਾ ਜਾਇ ॥ | O Nanak, they are deluded and defrauded. |
| ਵਿਣੁ ਨਾਵੈ ਪਤਿ ਗਇਆ ਗਵਾਇ ॥੧॥ | Without the Lord's Name, they lose their honor and depart. ‖1‖ |

| | |
|---|---|
| ਮਃ ੧ ॥ | First Mehl: |
| ਕਿਆ ਖਾਧੈ ਕਿਆ ਪੈਧੈ ਹੋਇ ॥ | What good is food, and what good are clothes, |
| ਜਾ ਮਨਿ ਨਾਹੀ ਸਚਾ ਸੋਇ ॥ | if the True Lord does not abide within the mind? |
| ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ ॥ | What good are fruits, what good is ghee, sweet jaggery, what good is flour, and what good is meat? |
| ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ ॥ | What good are clothes, and what good is a soft bed, to enjoy pleasures and sensual delights? |
| ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ ॥ | What good is an army, and what good are soldiers, servants and mansions to live in? |
| ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ ॥੨॥ | O Nanak, without the True Name, all this paraphernalia shall disappear. ‖2‖ |
| ਪਵੜੀ ॥ | Pauree: |
| ਜਾਤੀ ਦੈ ਕਿਆ ਹਥਿ ਸਚੁ ਪਰਖੀਐ ॥ | What good is social class and status? Truthfulness is measured within. |
| ਮਹੁਰਾ ਹੋਵੈ ਹਥਿ ਮਰੀਐ ਚਖੀਐ ॥ | Pride in one's status is like poison-holding it in your hand and eating it, you shall die. |
| ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ ॥ | The True Lord's Sovereign Rule is known throughout the ages. |
| ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ ॥ | One who respects the Hukam of the Lord's Command is honored and respected in the Court of the Lord. |
| ਫੁਰਮਾਨੀ ਹੈ ਕਾਰ ਖਸਮਿ ਪਠਾਇਆ ॥ | By the Order of our Lord and Master, we have been brought into this world. |
| ਤਬਲਬਾਜ ਬੀਚਾਰ ਸਬਦਿ ਸੁਣਾਇਆ ॥ | The Drummer, the Guru, has announced the Lord's meditation, through the Word of the Shabad. |
| ਇਕਿ ਹੋਏ ਅਸਵਾਰ ਇਕਨਾ ਸਾਖਤੀ ॥ | Some have mounted their horses in response, and others are saddling up. |
| ਇਕਨੀ ਬਧੇ ਭਾਰ ਇਕਨਾ ਤਾਖਤੀ ॥੧੦॥ | Some have tied up their bridles, and others have already ridden off. ‖10‖ |
| ਸਲੋਕੁ ਮਃ ੧ ॥ | Shalok, First Mehl: |
| ਜਾ ਪਕਾ ਤਾ ਕਟਿਆ ਰਹੀ ਸੁ ਪਲਰਿ ਵਾੜਿ ॥ | When the crop is ripe, then it is cut down; only the stalks are left standing. |

| | |
|---|---|
| ਸਣੁ ਕੀਸਾਰਾ ਚਿਥਿਆ ਕਣੁ ਲਇਆ ਤਨੁ ਝਾੜਿ ॥ | The corn on the cob is put into the thresher, and the kernels are separated from the cobs. |
| ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ ॥ | Placing the kernels between the two mill-stones, people sit and grind the corn. |
| ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ ॥੧॥ | Those kernels which stick to the central axle are spared-Nanak has seen this wonderful vision! \|\|1\|\| |
| ਮਃ ੧ ॥ | First Mehl: |
| ਵੇਖੁ ਜਿ ਮਿਠਾ ਕਟਿਆ ਕਟਿ ਕੁਟਿ ਬਧਾ ਪਾਇ ॥ | Look, and see how the sugar-cane is cut down. After cutting away its branches, its feet are bound together into bundles, |
| ਖੁੰਢਾ ਅੰਦਰਿ ਰਖਿ ਕੈ ਦੇਨਿ ਸੁ ਮਲ ਸਜਾਇ ॥ | and then, it is placed between the wooden rollers and crushed. |
| **੧੪੩** | 143 |
| ਰਸੁ ਕਸੁ ਟਟਰਿ ਪਾਈਐ ਤਪੈ ਤੈ ਵਿਲਲਾਇ ॥ | What punishment is inflicted upon it! Its juice is extracted and placed in the cauldron; as it is heated, it groans and cries out. |
| ਭੀ ਸੋ ਫੋਗੁ ਸਮਾਲੀਐ ਦਿਚੈ ਅਗਿ ਜਾਲਾਇ ॥ | And then, the crushed cane is collected and burnt in the fire below. |
| ਨਾਨਕ ਮਿਠੈ ਪਤਰੀਐ ਵੇਖਹੁ ਲੋਕਾ ਆਇ ॥੨॥ | Nanak: come, people, and see how the sweet sugar-cane is treated! \|\|2\|\| |
| ਪਵੜੀ ॥ | Pauree: |
| ਇਕਨਾ ਮਰਣੁ ਨ ਚਿਤਿ ਆਸ ਘਣੇਰਿਆ ॥ | Some do not think of death; they entertain great hopes. |
| ਮਰਿ ਮਰਿ ਜੰਮਹਿ ਨਿਤ ਕਿਸੈ ਨ ਕੇਰਿਆ ॥ | They die, and are re-born, and die, over and over again. They are of no use at all! |
| ਆਪਨੜੈ ਮਨਿ ਚਿਤਿ ਕਹਨਿ ਚੰਗੇਰਿਆ ॥ | In their conscious minds, they call themselves good. |
| ਜਮਰਾਜੈ ਨਿਤ ਨਿਤ ਮਨਮੁਖ ਹੇਰਿਆ ॥ | The King of the Angels of Death hunts down those self-willed manmukhs, over and over again. |
| ਮਨਮੁਖ ਲੂਣ ਹਾਰਾਮ ਕਿਆ ਨ ਜਾਣਿਆ ॥ | The manmukhs are false to their own selves; they feel no gratitude for what they have been given. |

| | |
|---|---|
| ਬਧੇ ਕਰਨਿ ਸਲਾਮ ਖਸਮ ਨ ਭਾਣਿਆ ॥ | Those who merely perform rituals of worship are not pleasing to their Lord and Master. |
| ਸਚੁ ਮਿਲੈ ਮੁਖਿ ਨਾਮੁ ਸਾਹਿਬ ਭਾਵਸੀ ॥ | Those who attain the True Lord and chant His Name are pleasing to the Lord. |
| ਕਰਸਨਿ ਤਖਤਿ ਸਲਾਮੁ ਲਿਖਿਆ ਪਾਵਸੀ ॥੧੧॥ | They worship the Lord and bow at His Throne. They fulfill their pre-ordained destiny. ‖11‖ |
| ਮਃ ੧ ਸਲੋਕੁ ॥ | First Mehl, Shalok: |
| ਮਛੀ ਤਾਰੂ ਕਿਆ ਕਰੇ ਪੰਖੀ ਕਿਆ ਆਕਾਸੁ ॥ | What can deep water do to a fish? What can the vast sky do to a bird? |
| ਪਥਰ ਪਾਲਾ ਕਿਆ ਕਰੇ ਖੁਸਰੇ ਕਿਆ ਘਰ ਵਾਸੁ ॥ | What can cold do to a stone? What is married life to a eunuch? |
| ਕੁਤੇ ਚੰਦਨੁ ਲਾਈਐ ਭੀ ਸੋ ਕੁਤੀ ਧਾਤੁ ॥ | You may apply sandalwood oil to a dog, but he will still be a dog. |
| ਬੋਲਾ ਜੇ ਸਮਝਾਈਐ ਪੜੀਅਹਿ ਸਿੰਮ੍ਰਿਤਿ ਪਾਠ ॥ | You may try to teach a deaf person by reading the Simritees to him, but how will he learn? |
| ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ ॥ | You may place a light before a blind man and burn fifty lamps, but how will he see? |
| ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ ॥ | You may place gold before a herd of cattle, but they will pick out the grass to eat. |
| ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ ॥ | You may add flux to iron and melt it, but it will not become soft like cotton. |
| ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ ॥੧॥ | O Nanak, this is the nature of a fool-everything he speaks is useless and wasted. ‖1‖ |
| ਮਃ ੧ ॥ | First Mehl: |
| ਕੈਹਾ ਕੰਚਨੁ ਤੁਟੈ ਸਾਰੁ ॥ | When pieces of bronze or gold or iron break, |
| ਅਗਨੀ ਗੰਢੁ ਪਾਏ ਲੋਹਾਰੁ ॥ | the metal-smith welds them together again in the fire, and the bond is established. |
| ਗੋਰੀ ਸੇਤੀ ਤੁਟੈ ਭਤਾਰੁ ॥ | If a husband leaves his wife, |
| ਪੁਤੀਂ ਗੰਢੁ ਪਵੈ ਸੰਸਾਰਿ ॥ | their children may bring them back together in the world, and the bond is established. |

| | |
|---|---|
| ਰਾਜਾ ਮੰਗੈ ਦਿਤੈ ਗੰਢੁ ਪਾਇ ॥ | When the king makes a demand, and it is met, the bond is established. |
| ਭੁਖਿਆ ਗੰਢੁ ਪਵੈ ਜਾ ਖਾਇ ॥ | When the hungry man eats, he is satisfied, and the bond is established. |
| ਕਾਲਾ ਗੰਢੁ ਨਦੀਆ ਮੀਹ ਝੋਲ ॥ | In the famine, the rain fills the streams to overflowing, and the bond is established. |
| ਗੰਢੁ ਪਰੀਤੀ ਮਿਠੇ ਬੋਲ ॥ | There is a bond between love and words of sweetness. |
| ਬੇਦਾ ਗੰਢੁ ਬੋਲੇ ਸਚੁ ਕੋਇ ॥ | When one speaks the Truth, a bond is established with the Holy Scriptures. |
| ਮੁਇਆ ਗੰਢੁ ਨੇਕੀ ਸਤੁ ਹੋਇ ॥ | Through goodness and truth, the dead establish a bond with the living. |
| ਏਤੁ ਗੰਢਿ ਵਰਤੈ ਸੰਸਾਰੁ ॥ | Such are the bonds which prevail in the world. |
| ਮੂਰਖ ਗੰਢੁ ਪਵੈ ਮੁਹਿ ਮਾਰ ॥ | The fool establishes his bonds only when he is slapped in the face. |
| ਨਾਨਕੁ ਆਖੈ ਏਹੁ ਬੀਚਾਰੁ ॥ | Nanak says this after deep reflection: |
| ਸਿਫਤੀ ਗੰਢੁ ਪਵੈ ਦਰਬਾਰਿ ॥੨॥ | through the Lord's Praise, we establish a bond with His Court. \|\|2\|\| |
| ਪਉੜੀ ॥ | Pauree: |
| ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ ॥ | He Himself created and adorned the Universe, and He Himself contemplates it. |
| ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ ॥ | Some are counterfeit, and some are genuine. He Himself is the Appraiser. |
| ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ ॥ | The genuine are placed in His Treasury, while the counterfeit are thrown away. |
| ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ ॥ | The counterfeit are thrown out of the True Court-unto whom should they complain? |
| ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ ॥ | They should worship and follow the True Guru-this is the lifestyle of excellence. |
| ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥ | The True Guru converts the counterfeit into genuine; through the Word of the Shabad, He embellishes and exalts us. |
| ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ ॥ | Those who have enshrined love and affection for the Guru, are honored in the True Court. |
| ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ ॥੧੨॥ | Who can estimate the value of those who have been forgiven by the Creator Lord Himself? \|\|12\|\| |

| | |
|---|---|
| ਸਲੋਕੁ ਮਃ ੧ ॥ | Shalok, First Mehl: |
| ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ ॥ | All the spiritual teachers, their disciples and the rulers of the world shall be buried under the ground. |
| ਮੇ ਰਵਦਿ ਬਾਦਿਸਾਹਾ ਅਫਜੂ ਖੁਦਾਇ ॥ | The emperors shall also pass away; God alone is Eternal. |
| ਏਕ ਤੂਹੀ ਏਕ ਤੁਹੀ ॥੧॥ | You alone, Lord, You alone. \|\|1\|\| |
| ਮਃ ੧ ॥ | First Mehl: |
| ਨ ਦੇਵ ਦਾਨਵਾ ਨਰਾ ॥ ਨ ਸਿਧ ਸਾਧਿਕਾ ਧਰਾ ॥ | Neither the angels, nor the demons, nor human beings, nor the Siddhas, nor the seekers shall remain on the earth. |
| ਅਸਤਿ ਏਕ ਦਿਗਰਿ ਕੁਈ ॥ | Who else is there? |
| **੧੪੪** | 144 |
| ਏਕ ਤੁਈ ਏਕ ਤੁਈ ॥੨॥ | You alone, Lord, You alone. \|\|2\|\| |
| ਮਃ ੧ ॥ | First Mehl: |
| ਨ ਦਾਦੇ ਦਿਹੰਦ ਆਦਮੀ ॥ ਨ ਸਪਤ ਜੇਰ ਜਿਮੀ ॥ | Neither the just, nor the generous, nor any humans at all, nor the seven realms beneath the earth, shall remain. |
| ਅਸਤਿ ਏਕ ਦਿਗਰਿ ਕੁਈ ॥ | The One Lord alone exists. Who else is there? |
| ਏਕ ਤੁਈ ਏਕ ਤੁਈ ॥੩॥ | You alone, Lord, You alone. \|\|3\|\| |
| ਮਃ ੧ ॥ | First Mehl: |
| ਨ ਸੂਰ ਸਸਿ ਮੰਡਲੋ ॥ ਨ ਸਪਤ ਦੀਪ ਨਹ ਜਲੋ ॥ ਅੰਨ ਪਉਣ ਥਿਰੁ ਨ ਕੁਈ ॥ | Neither the sun, nor the moon, nor the planets, nor the seven continents, nor the oceans, nor food, nor the wind-nothing is permanent. |
| ਏਕੁ ਤੁਈ ਏਕੁ ਤੁਈ ॥੪॥ | You alone, Lord, You alone. \|\|4\|\| |
| ਮਃ ੧ ॥ | First Mehl: |
| ਨ ਰਿਜਕੁ ਦਸਤ ਆ ਕਸੇ ॥ | Our sustenance is not in the hands of any person. |
| ਹਮਾ ਰਾ ਏਕੁ ਆਸ ਵਸੇ ॥ | The hopes of all rest in the One Lord. |
| ਅਸਤਿ ਏਕੁ ਦਿਗਰ ਕੁਈ ॥ | The One Lord alone exists-who else is there? |

| | |
|---|---|
| ਏਕ ਤੁਈ ਏਕੁ ਤੁਈ ॥੫॥ | You alone, Lord, You alone. \|\|5\|\| |
| ਮਃ ੧ ॥ | First Mehl: |
| ਪਰੰਦਏ ਨ ਗਿਰਾਹ ਜਰ ॥ | The birds have no money in their pockets. |
| ਦਰਖਤ ਆਬ ਆਸ ਕਰ ॥ | They place their hopes on trees and water. |
| ਦਿਹੰਦ ਸੁਈ ॥ | He alone is the Giver. |
| ਏਕ ਤੁਈ ਏਕ ਤੁਈ ॥੬॥ | You alone, Lord, You alone. \|\|6\|\| |
| ਮਃ ੧ ॥ | First Mehl: |
| ਨਾਨਕ ਲਿਲਾਰਿ ਲਿਖਿਆ ਸੋਇ ॥ | O Nanak, that destiny which is pre-ordained and written on one's forehead |
| ਮੇਟਿ ਨ ਸਾਕੈ ਕੋਇ ॥ | no one can erase it. |
| ਕਲਾ ਧਰੈ ਹਿਰੈ ਸੁਈ ॥ | The Lord infuses strength, and He takes it away again. |
| ਏਕੁ ਤੁਈ ਏਕੁ ਤੁਈ ॥੭॥ | You alone, O Lord, You alone. \|\|7\|\| |
| ਪਉੜੀ ॥ | Pauree: |
| ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ ॥ | True is the Hukam of Your Command. To the Gurmukh, it is known. |
| ਗੁਰਮਤੀ ਆਪੁ ਗਵਾਇ ਸਚੁ ਪਛਾਣਿਆ ॥ | Through the Guru's Teachings, selfishness and conceit are eradicated, and the Truth is realized. |
| ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ ॥ | True is Your Court. It is proclaimed and revealed through the Word of the Shabad. |
| ਸਚਾ ਸਬਦੁ ਵੀਚਾਰਿ ਸਚਿ ਸਮਾਣਿਆ ॥ | Meditating deeply on the True Word of the Shabad, I have merged into the Truth. |
| ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ ॥ | The self-willed manmukhs are always false; they are deluded by doubt. |
| ਵਿਸਟਾ ਅੰਦਰਿ ਵਾਸੁ ਸਾਦੁ ਨ ਜਾਣਿਆ ॥ | They dwell in manure, and they do not know the taste of the Name. |
| ਵਿਣੁ ਨਾਵੈ ਦੁਖੁ ਪਾਇ ਆਵਣ ਜਾਣਿਆ ॥ | Without the Name, they suffer the agonies of coming and going. |

| | |
|---|---|
| ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ ॥੧੩॥ | O Nanak, the Lord Himself is the Appraiser, who distinguishes the counterfeit from the genuine. ‖13‖ |
| ਸਲੋਕੁ ਮਃ ੧ ॥ | Shalok, First Mehl: |
| ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥ | Tigers, hawks, falcons and eagles-the Lord could make them eat grass. |
| ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥ | And those animals which eat grass-He could make them eat meat. He could make them follow this way of life. |
| ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥ | He could raise dry land from the rivers, and turn the deserts into bottomless oceans. |
| ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥ | He could appoint a worm as king, and reduce an army to ashes. |
| ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ ॥ | All beings and creatures live by breathing, but He could keep us alive, even without the breath. |
| ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ ॥੧॥ | O Nanak, as it pleases the True Lord, He gives us sustenance. ‖1‖ |
| ਮਃ ੧ ॥ | First Mehl: |
| ਇਕਿ ਮਾਸਹਾਰੀ ਇਕਿ ਤ੍ਰਿਣੁ ਖਾਹਿ ॥ | Some eat meat, while others eat grass. |
| ਇਕਨਾ ਛਤੀਹ ਅੰਮ੍ਰਿਤ ਪਾਹਿ ॥ | Some have all the thirty-six varieties of delicacies, |
| ਇਕਿ ਮਿਟੀਆ ਮਹਿ ਮਿਟੀਆ ਖਾਹਿ ॥ | while others live in the dirt and eat mud. |
| ਇਕਿ ਪਉਣ ਸੁਮਾਰੀ ਪਉਣ ਸੁਮਾਰਿ ॥ | Some control the breath, and regulate their breathing. |
| ਇਕਿ ਨਿਰੰਕਾਰੀ ਨਾਮ ਆਧਾਰਿ ॥ | Some live by the Support of the Naam, the Name of the Formless Lord. |
| ਜੀਵੈ ਦਾਤਾ ਮਰੈ ਨ ਕੋਇ ॥ | The Great Giver lives; no one dies. |
| ਨਾਨਕ ਮੁਠੇ ਜਾਹਿ ਨਾਹੀ ਮਨਿ ਸੋਇ ॥੨॥ | O Nanak, those who do not enshrine the Lord within their minds are deluded. ‖2‖ |
| ਪਉੜੀ ॥ | Pauree: |
| ਪੂਰੇ ਗੁਰ ਕੀ ਕਾਰ ਕਰਮਿ ਕਮਾਈਐ ॥ | By the karma of good actions, some come to serve the Perfect Guru. |

| | |
|---|---|
| ਗੁਰਮਤੀ ਆਪੁ ਗਵਾਇ ਨਾਮੁ ਧਿਆਈਐ ॥ | Through the Guru's Teachings, some eliminate selfishness and conceit, and meditate on the Naam, the Name of the Lord. |
| ਦੂਜੀ ਕਾਰੈ ਲਗਿ ਜਨਮੁ ਗਵਾਈਐ ॥ | Undertaking any other task, they waste their lives in vain. |
| ਵਿਣੁ ਨਾਵੈ ਸਭ ਵਿਸੁ ਪੈਝੈ ਖਾਈਐ ॥ | Without the Name, all that they wear and eat is poison. |
| ਸਚਾ ਸਬਦੁ ਸਾਲਾਹਿ ਸਚਿ ਸਮਾਈਐ ॥ | Praising the True Word of the Shabad, they merge with the True Lord. |
| ਵਿਣੁ ਸਤਿਗੁਰੁ ਸੇਵੇ ਨਾਹੀ ਸੁਖਿ ਨਿਵਾਸੁ ਫਿਰਿ ਫਿਰਿ ਆਈਐ ॥ | Without serving the True Guru, they do not obtain the home of peace; they are consigned to reincarnation, over and over again. |
| ਦੁਨੀਆ ਖੋਟੀ ਰਾਸਿ ਕੂੜੁ ਕਮਾਈਐ ॥ | Investing counterfeit capital, they earn only falsehood in the world. |
| ਨਾਨਕ ਸਚੁ ਖਰਾ ਸਾਲਾਹਿ ਪਤਿ ਸਿਉ ਜਾਈਐ ॥੧੪॥ | O Nanak, singing the Praises of the Pure, True Lord, they depart with honor. \|\|14\|\| |
| ਸਲੋਕੁ ਮਃ ੧ ॥ | Shalok, First Mehl: |
| ਤੁਧੁ ਭਾਵੈ ਤਾ ਵਾਵਹਿ ਗਾਵਹਿ ਤੁਧੁ ਭਾਵੈ ਜਲਿ ਨਾਵਹਿ ॥ | When it pleases You, we play music and sing; when it pleases You, we bathe in water. |
| **੧੪੫** | **145** |
| ਜਾ ਤੁਧੁ ਭਾਵਹਿ ਤਾ ਕਰਹਿ ਬਿਭੂਤਾ ਸਿੰਙੀ ਨਾਦੁ ਵਜਾਵਹਿ ॥ | When it pleases You, we smear our bodies with ashes, and blow the horn and the conch shell. |
| ਜਾ ਤੁਧੁ ਭਾਵੈ ਤਾ ਪੜਹਿ ਕਤੇਬਾ ਮੁਲਾ ਸੇਖ ਕਹਾਵਹਿ ॥ | When it pleases You, we read the Islamic Scriptures, and are acclaimed as Mullahs and Shaykhs. |
| ਜਾ ਤੁਧੁ ਭਾਵੈ ਤਾ ਹੋਵਹਿ ਰਾਜੇ ਰਸ ਕਸ ਬਹੁਤੁ ਕਮਾਵਹਿ ॥ | When it pleases You, we become kings, and enjoy all sorts of tastes and pleasures. |
| ਜਾ ਤੁਧੁ ਭਾਵੈ ਤੇਗ ਵਗਾਵਹਿ ਸਿਰ ਮੁੰਡੀ ਕਟਿ ਜਾਵਹਿ ॥ | When it pleases You, we wield the sword, and cut off the heads of our enemies. |
| ਜਾ ਤੁਧੁ ਭਾਵੈ ਜਾਹਿ ਦਿਸੰਤਰਿ ਸੁਣਿ ਗਲਾ ਘਰਿ ਆਵਹਿ ॥ | When it pleases You, we go out to foreign lands; hearing news of home, we come back again. |
| ਜਾ ਤੁਧੁ ਭਾਵੈ ਨਾਇ ਰਚਾਵਹਿ ਤੁਧੁ ਭਾਣੇ ਤੂੰ ਭਾਵਹਿ ॥ | When it pleases You, we are attuned to the Name, and when it pleases You, we become pleasing to You. |
| ਨਾਨਕੁ ਏਕ ਕਹੈ ਬੇਨੰਤੀ ਹੋਰਿ ਸਗਲੇ ਕੂੜੁ ਕਮਾਵਹਿ ॥੧॥ | Nanak utters this one prayer; everything else is just the practice of falsehood. \|\|1\|\| |

| | |
|---|---|
| ਮਃ ੧ ॥ | First Mehl: |
| ਜਾ ਤੂੰ ਵਡਾ ਸਭਿ ਵਡਿਆਂਈਆ ਚੰਗੈ ਚੰਗਾ ਹੋਈ ॥ | You are so Great-all Greatness flows from You. You are So Good-Goodness radiates from You. |
| ਜਾ ਤੂੰ ਸਚਾ ਤਾ ਸਭੁ ਕੋ ਸਚਾ ਕੂੜਾ ਕੋਇ ਨ ਕੋਈ ॥ | You are True-all that flows from You is True. Nothing at all is false. |
| ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ ਧਾਤੁ ॥ | Talking, seeing, speaking, walking, living and dying-all these are transitory. |
| ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ ॥੨॥ | By the Hukam of His Command, He creates, and in His Command, He keeps us. O Nanak, He Himself is True. \|\|2\|\| |
| ਪਉੜੀ ॥ | Pauree: |
| ਸਤਿਗੁਰੁ ਸੇਵਿ ਨਿਸੰਗੁ ਭਰਮੁ ਚੁਕਾਈਐ ॥ | Serve the True Guru fearlessly, and your doubt shall be dispelled. |
| ਸਤਿਗੁਰੁ ਆਖੈ ਕਾਰ ਸੁ ਕਾਰ ਕਮਾਈਐ ॥ | Do that work which the True Guru asks you to do. |
| ਸਤਿਗੁਰੁ ਹੋਇ ਦਇਆਲੁ ਤ ਨਾਮੁ ਧਿਆਈਐ ॥ | When the True Guru becomes merciful, we meditate on the Naam. |
| ਲਾਹਾ ਭਗਤਿ ਸੁ ਸਾਰੁ ਗੁਰਮੁਖਿ ਪਾਈਐ ॥ | The profit of devotional worship is excellent. It is obtained by the Gurmukh. |
| ਮਨਮੁਖਿ ਕੂੜੁ ਗੁਬਾਰੁ ਕੂੜੁ ਕਮਾਈਐ ॥ | The self-willed manmukhs are trapped in the darkness of falsehood; they practice nothing but falsehood. |
| ਸਚੇ ਦੈ ਦਰਿ ਜਾਇ ਸਚੁ ਚਵਾਂਈਐ ॥ | Go to the Gate of Truth, and speak the Truth. |
| ਸਚੈ ਅੰਦਰਿ ਮਹਲਿ ਸਚਿ ਬੁਲਾਈਐ ॥ | The True Lord calls the true ones to the Mansion of His Presence. |
| ਨਾਨਕ ਸਚੁ ਸਦਾ ਸਚਿਆਰੁ ਸਚਿ ਸਮਾਈਐ ॥੧੫॥ | O Nanak, the true ones are forever true; they are absorbed in the True Lord. \|\|15\|\| |
| ਸਲੋਕੁ ਮਃ ੧ ॥ | Shalok, First Mehl: |
| ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥ | The Dark Age of Kali Yuga is the knife, and the kings are butchers; righteousness has sprouted wings and flown away. |
| ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ | In this dark night of falsehood, the moon of Truth is not visible anywhere. |

| | |
|---|---|
| ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥ | I have searched in vain, and I am so confused; in this darkness, I cannot find the path. |
| ਵਿਚਿ ਹਉਮੈ ਕਰਿ ਦੁਖੁ ਰੋਈ ॥ | In egotism, they cry out in pain. |
| ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥ | Says Nanak, how will they be saved? \|\|1\|\| |
| ਮਃ ੩ ॥ | Third Mehl: |
| ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ ॥ | In this Dark Age of Kali Yuga, the Kirtan of the Lord's Praise has appeared as a Light in the world. |
| ਗੁਰਮੁਖਿ ਕੋਈ ਉਤਰੈ ਪਾਰਿ ॥ | How rare are those few Gurmukhs who swim across to the other side! |
| ਜਿਸ ਨੋ ਨਦਰਿ ਕਰੇ ਤਿਸੁ ਦੇਵੈ ॥ | The Lord bestows His Glance of Grace; |
| ਨਾਨਕ ਗੁਰਮੁਖਿ ਰਤਨੁ ਸੋ ਲੇਵੈ ॥੨॥ | O Nanak, the Gurmukh receives the jewel. \|\|2\|\| |
| ਪਉੜੀ ॥ | Pauree: |
| ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ | Between the Lord's devotees and the people of the world, there can never be any true alliance. |
| ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥ | The Creator Himself is infallible. He cannot be fooled; no one can fool Him. |
| ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ ॥ | He blends His devotees with Himself; they practice Truth, and only Truth. |
| ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥ | The Lord Himself leads the people of the world astray; they tell lies, and by telling lies, they eat poison. |
| ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥ | They do not recognize the ultimate reality, that we all must go; they continue to cultivate the poisons of sexual desire and anger. |
| ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ ॥ | The devotees serve the Lord; night and day, they meditate on the Naam. |
| ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ ॥ | Becoming the slaves of the Lord's slaves, they eradicate selfishness and conceit from within. |
| ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥੧੬॥ | In the Court of their Lord and Master, their faces are radiant; they are embellished and exalted with the True Word of the Shabad. \|\|16\|\| |

| | |
|---|---|
| ਸਲੋਕੁ ਮਃ ੧ ॥ | Shalok, First Mehl: |
| ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ ॥ | Those who praise the Lord in the early hours of the morning and meditate on Him single-mindedly, |
| ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ ॥ | are the perfect kings; at the right time, they die fighting. |
| ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥ | In the second watch, the focus of the mind is scattered in all sorts of ways. |
| ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥ | So many fall into the bottomless pit; they are dragged under, and they cannot get out again. |
| **੧੪੬** | **146** |
| ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ ॥ | In the third watch, both hunger and thirst bark for attention, and food is put into the mouth. |
| ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ ॥ | That which is eaten becomes dust, but they are still attached to eating. |
| ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ ॥ | In the fourth watch, they become drowsy. They close their eyes and begin to dream. |
| ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ ॥ | Rising up again, they engage in conflicts; they set the stage as if they will live for 100 years. |
| ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ ॥ | If at all times, at each and every moment, they live in the fear of God |
| ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ ॥੧॥ | -O Nanak, the Lord dwells within their minds, and their cleansing bath is true. ‖1‖ |
| ਮਃ ੨ ॥ | Second Mehl: |
| ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ ॥ | They are the perfect kings, who have found the Perfect Lord. |
| ਅਠੀ ਵੇਪਰਵਾਹ ਰਹਨਿ ਇਕਤੈ ਰੰਗਿ ॥ | Twenty-four hours a day, they remain unconcerned, imbued with the Love of the One Lord. |
| ਦਰਸਨਿ ਰੂਪਿ ਅਥਾਹ ਵਿਰਲੇ ਪਾਈਅਹਿ ॥ | Only a few obtain the Darshan, the Blessed Vision of the Unimaginably Beauteous Lord. |
| ਕਰਮਿ ਪੂਰੈ ਪੂਰਾ ਗੁਰੂ ਪੂਰਾ ਜਾ ਕਾ ਬੋਲੁ ॥ | Through the perfect karma of good deeds, one meets the Perfect Guru, whose speech is perfect. |

| | |
|---|---|
| ਨਾਨਕ ਪੂਰਾ ਜੇ ਕਰੇ ਘਟੈ ਨਾਹੀ ਤੋਲੁ ॥੨॥ | O Nanak, when the Guru makes one perfect, one's weight does not decrease. ‖2‖ |
| ਪਉੜੀ ॥ | Pauree: |
| ਜਾ ਤੂੰ ਤਾ ਕਿਆ ਹੋਰਿ ਮੈ ਸਚੁ ਸੁਣਾਈਐ ॥ | When You are with me, what more could I want? I speak only the Truth. |
| ਮੁਠੀ ਧੰਧੈ ਚੋਰਿ ਮਹਲੁ ਨ ਪਾਈਐ ॥ | Plundered by the thieves of worldly affairs, she does not obtain the Mansion of His Presence. |
| ਏਨੈ ਚਿਤਿ ਕਠੋਰਿ ਸੇਵ ਗਵਾਈਐ ॥ | Being so stone-hearted, she has lost her chance to serve the Lord. |
| ਜਿਤੁ ਘਟਿ ਸਚੁ ਨ ਪਾਇ ਸੁ ਭੰਨਿ ਘੜਾਈਐ ॥ | That heart, in which the True Lord is not found, should be torn down and re-built. |
| ਕਿਉ ਕਰਿ ਪੂਰੈ ਵਟਿ ਤੋਲਿ ਤੁਲਾਈਐ ॥ | How can she be weighed accurately, upon the scale of perfection? |
| ਕੋਇ ਨ ਆਖੈ ਘਟਿ ਹਉਮੈ ਜਾਈਐ ॥ | No one will say that her weight has been shorted, if she rids herself of egotism. |
| ਲਈਅਨਿ ਖਰੇ ਪਰਖਿ ਦਰਿ ਬੀਨਾਈਐ ॥ | The genuine are assayed, and accepted in the Court of the All-knowing Lord. |
| ਸਉਦਾ ਇਕਤੁ ਹਟਿ ਪੂਰੈ ਗੁਰਿ ਪਾਈਐ ॥੧੭॥ | The genuine merchandise is found only in one shop-it is obtained from the Perfect Guru. ‖17‖ |
| ਸਲੋਕ ਮਃ ੨ ॥ | Shalok, Second Mehl: |
| ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ ॥ | Twenty-four hours a day, destroy the eight things, and in the ninth place, conquer the body. |
| ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ ॥ | Within the body are the nine treasures of the Name of the Lord-seek the depths of these virtues. |
| ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ ॥ | Those blessed with the karma of good actions praise the Lord. O Nanak, they make the Guru their spiritual teacher. |
| ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥ | In the fourth watch of the early morning hours, a longing arises in their higher consciousness. |
| ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥ | They are attuned to the river of life; the True Name is in their minds and on their lips. |
| ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ ॥ | The Ambrosial Nectar is distributed, and those with good karma receive this gift. |

| | |
|---|---|
| ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥ | Their bodies become golden, and take on the color of spirituality. |
| ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ ॥ | If the Jeweller casts His Glance of Grace, they are not placed in the fire again. |
| ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥ | Throughout the other seven watches of the day, it is good to speak the Truth, and sit with the spiritually wise. |
| ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥ | There, vice and virtue are distinguished, and the capital of falsehood is decreased. |
| ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ ॥ | There, the counterfeit are cast aside, and the genuine are cheered. |
| ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ ॥੧॥ | Speech is vain and useless. O Nanak, pain and pleasure are in the power of our Lord and Master. \|\|1\|\| |
| ਮਃ ੨ ॥ | Second Mehl: |
| ਪਉਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ | Air is the Guru, Water is the Father, and Earth is the Great Mother of all. |
| ਦਿਨਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ | Day and night are the two nurses, in whose lap all the world is at play. |
| ਚੰਗਿਆਈਆ ਬੁਰਿਆਈਆ ਵਾਚੇ ਧਰਮੁ ਹਦੂਰਿ ॥ | Good deeds and bad deeds-the record is read out in the Presence of the Lord of Dharma. |
| ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ | According to their own actions, some are drawn closer, and some are driven farther away. |
| ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ | Those who have meditated on the Naam, the Name of the Lord, and departed after having worked by the sweat of their brow |
| ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ ॥੨॥ | -O Nanak, their faces are radiant in the Court of the Lord, and many others are saved along with them! \|\|2\|\| |
| ਪਉੜੀ ॥ | Pauree: |
| ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥ | The True Food is the Love of the Lord; the True Guru has spoken. |
| ਸਚੇ ਹੀ ਪਤੀਆਇ ਸਚਿ ਵਿਗਸਿਆ ॥ | With this True Food, I am satisfied, and with the Truth, I am delighted. |

| | |
|---|---|
| ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥ | True are the cities and the villages, where one abides in the True Home of the self. |
| ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥ | When the True Guru is pleased, one receives the Lord's Name, and blossoms forth in His Love. |
| ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ | No one enters the Court of the True Lord through falsehood. |
| ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥ | By uttering falsehood and only falsehood, the Mansion of the Lord's Presence is lost. |

## ੧੪੭ / 147

| | |
|---|---|
| ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ | No one blocks the way of those who are blessed with the Banner of the True Word of the Shabad. |
| ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥ | Hearing, understanding and speaking Truth, one is called to the Mansion of the Lord's Presence. \|\|18\|\| |
| ਸਲੋਕੁ ਮਃ ੧ ॥ | Shalok, First Mehl: |
| ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ॥ | If I dressed myself in fire, and built my house of snow, and made iron my food; |
| ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ ॥ | and if I were to drink in all pain like water, and drive the entire earth before me; |
| ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ ॥ | and if I were to place the earth upon a scale and balance it with a single copper coin; |
| ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ ॥ | and if I were to become so great that I could not be contained, and if I were to control and lead all; |
| ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ ॥ | and if I were to possess so much power within my mind that I could cause others to do my bidding-so what? |
| ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ ॥ | As Great as our Lord and Master is, so great are His gifts. He bestows them according to His Will. |
| ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ ॥੧॥ | O Nanak, those upon whom the Lord casts His Glance of Grace, obtain the glorious greatness of the True Name. \|\|1\|\| |

| | |
|---|---|
| ਮਃ ੨ ॥ | Second Mehl: |
| ਆਖਣੁ ਆਖਿ ਨ ਰਜਿਆ ਸੁਨਣਿ ਨ ਰਜੇ ਕੰਨ ॥ | The mouth is not satisfied by speaking, and the ears are not satisfied by hearing. |
| ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ ॥ | The eyes are not satisfied by seeing-each organ seeks out one sensory quality. |
| ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ ॥ | The hunger of the hungry is not appeased; by mere words, hunger is not relieved. |
| ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ ॥੨॥ | O Nanak, hunger is relieved only when one utters the Glorious Praises of the Praiseworthy Lord. \|\|2\|\| |
| ਪਉੜੀ ॥ | Pauree: |
| ਵਿਣੁ ਸਚੇ ਸਭੁ ਕੂੜੁ ਕੂੜੁ ਕਮਾਈਐ ॥ | Without the True One, all are false, and all practice falsehood. |
| ਵਿਣੁ ਸਚੇ ਕੂੜਿਆਰੁ ਬੰਨਿ ਚਲਾਈਐ ॥ | Without the True One, the false ones are bound and gagged and driven off. |
| ਵਿਣੁ ਸਚੇ ਤਨੁ ਛਾਰੁ ਛਾਰੁ ਰਲਾਈਐ ॥ | Without the True One, the body is just ashes, and it mingles again with ashes. |
| ਵਿਣੁ ਸਚੇ ਸਭ ਭੁਖ ਜਿ ਪੈਝੈ ਖਾਈਐ ॥ | Without the True One, all food and clothes are unsatisfying. |
| ਵਿਣੁ ਸਚੇ ਦਰਬਾਰੁ ਕੂੜਿ ਨ ਪਾਈਐ ॥ | Without the True One, the false ones do not attain the Lord's Court. |
| ਕੂੜੈ ਲਾਲਚਿ ਲਗਿ ਮਹਲੁ ਖੁਆਈਐ ॥ | Attached to false attachments, the Mansion of the Lord's Presence is lost. |
| ਸਭੁ ਜਗੁ ਠਗਿਓ ਠਗਿ ਆਈਐ ਜਾਈਐ ॥ | The whole world is deceived by deception, coming and going in reincarnation. |
| ਤਨ ਮਹਿ ਤ੍ਰਿਸਨਾ ਅਗਿ ਸਬਦਿ ਬੁਝਾਈਐ ॥੧੯॥ | Within the body is the fire of desire; through the Word of the Shabad, it is quenched. \|\|19\|\| |
| ਸਲੋਕ ਮਃ ੧ ॥ | Shalok, First Mehl: |
| ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ ॥ | O Nanak, the Guru is the tree of contentment, with flowers of faith, and fruits of spiritual wisdom. |
| ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ ॥ | Watered with the Lord's Love, it remains forever green; through the karma of good deeds and meditation, it ripens. |

ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ ॥੧॥

Honor is obtained by eating this tasty dish; of all gifts, this is the greatest gift. ||1||

ਮਃ ੧ ॥

First Mehl:

ਸੁਇਨੇ ਕਾ ਬਿਰਖੁ ਪਤ ਪਰਵਾਲਾ ਫੁਲ ਜਵੇਹਰ ਲਾਲ ॥

The Guru is the tree of gold, with leaves of coral, and blossoms of jewels and rubies.

ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ ॥

The Words from His Mouth are fruits of jewels. Within His Heart, He beholds the Lord.

ਨਾਨਕ ਕਰਮੁ ਹੋਵੈ ਮੁਖਿ ਮਸਤਕਿ ਲਿਖਿਆ ਹੋਵੈ ਲੇਖੁ ॥

O Nanak, He is obtained by those, upon whose faces and foreheads such pre-recorded destiny is written.

ਅਠਿਸਠਿ ਤੀਰਥ ਗੁਰ ਕੀ ਚਰਣੀ ਪੂਜੈ ਸਦਾ ਵਿਸੇਖੁ ॥

The sixty-eight sacred shrines of pilgrimage are contained in the constant worship of the feet of the Exalted Guru.

ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ॥

Cruelty, material attachment, greed and anger are the four rivers of fire.

ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ ॥੨॥

Falling into them, one is burned, O Nanak! One is saved only by holding tight to good deeds. ||2||

ਪਉੜੀ ॥

Pauree:

ਜੀਵਦਿਆ ਮਰੁ ਮਾਰਿ ਨ ਪਛੋਤਾਈਐ ॥

While you are alive, conquer death, and you shall have no regrets in the end.

ਝੂਠਾ ਇਹੁ ਸੰਸਾਰੁ ਕਿਨਿ ਸਮਝਾਈਐ ॥

This world is false, but only a few understand this.

ਸਚਿ ਨ ਧਰੇ ਪਿਆਰੁ ਧੰਧੈ ਧਾਈਐ ॥

People do not enshrine love for the Truth; they chase after worldly affairs instead.

ਕਾਲੁ ਬੁਰਾ ਖੈ ਕਾਲੁ ਸਿਰਿ ਦੁਨੀਆਈਐ ॥

The terrible time of death and annihilation hovers over the heads of the world.

ਹੁਕਮੀ ਸਿਰਿ ਜੰਦਾਰੁ ਮਾਰੇ ਦਾਈਐ ॥

By the Hukam of the Lord's Command, the Messenger of Death smashes his club over their heads.

ਆਪੇ ਦੇਇ ਪਿਆਰੁ ਮੰਨਿ ਵਸਾਈਐ ॥

The Lord Himself gives His Love, and enshrines it within their minds.

ਮੁਹਤੁ ਨ ਚਸਾ ਵਿਲੰਮੁ ਭਰੀਐ ਪਾਈਐ ॥

Not a moment or an instant's delay is permitted, when one's measure of life is full.

ਗੁਰ ਪਰਸਾਦੀ ਬੁਝਿ ਸਚਿ ਸਮਾਈਐ ॥੨੦॥

By Guru's Grace, one comes to know the True One, and is absorbed into Him. ||20||

| | |
|---|---|
| ਸਲੋਕੁ ਮਃ ੧ ॥ | Shalok, First Mehl: |
| ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ ॥ | Bitter melon, swallow-wort, thorn-apple and nim fruit |
| ਮਨਿ ਮੁਖਿ ਵਸਹਿ ਤਿਸੁ ਜਿਸੁ ਤੂੰ ਚਿਤਿ ਨ ਆਵਹੀ ॥ | these bitter poisons lodge in the minds and mouths of those who do not remember You |
| ਨਾਨਕ ਕਹੀਐ ਕਿਸੁ ਹੰਢਨਿ ਕਰਮਾ ਬਾਹਰੇ ॥੧॥ | O Nanak, how shall I tell them this? Without the karma of good deeds, they are only destroying themselves. \|\|1\|\| |
| ਮਃ ੧ ॥ | First Mehl: |
| ਮਤਿ ਪੰਖੇਰੂ ਕਿਰਤੁ ਸਾਥਿ ਕਬ ਉਤਮ ਕਬ ਨੀਚ ॥ | The intellect is a bird; on account of its actions, it is sometimes high, and sometimes low. |
| **੧੪੮** | 148 |
| ਕਬ ਚੰਦਨਿ ਕਬ ਅਕਿ ਡਾਲਿ ਕਬ ਉਚੀ ਪਰੀਤਿ ॥ | Sometimes it is perched on the sandalwood tree, and sometimes it is on the branch of the poisonous swallow-wort. Sometimes, it soars through the heavens. |
| ਨਾਨਕ ਹੁਕਮਿ ਚਲਾਈਐ ਸਾਹਿਬ ਲਗੀ ਰੀਤਿ ॥੨॥ | O Nanak, our Lord and Master leads us on, according to the Hukam of His Command; such is His Way. \|\|2\|\| |
| ਪਉੜੀ ॥ | Pauree: |
| ਕੇਤੇ ਕਹਹਿ ਵਖਾਣ ਕਹਿ ਕਹਿ ਜਾਵਣਾ ॥ | Some speak and expound, and while speaking and lecturing, they pass away. |
| ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ ॥ | The Vedas speak and expound on the Lord, but they do not know His limits. |
| ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥ | Not by studying, but through understanding, is the Lord's Mystery revealed. |
| ਖਟੁ ਦਰਸਨ ਕੈ ਭੇਖਿ ਕਿਸੈ ਸਚਿ ਸਮਾਵਣਾ ॥ | There are six pathways in the Shaastras, but how rare are those who merge in the True Lord through them. |
| ਸਚਾ ਪੁਰਖੁ ਅਲਖੁ ਸਬਦਿ ਸੁਹਾਵਣਾ ॥ | The True Lord is Unknowable; through the Word of His Shabad, we are embellished. |
| ਮੰਨੇ ਨਾਉ ਬਿਸੰਖ ਦਰਗਹ ਪਾਵਣਾ ॥ | One who believes in the Name of the Infinite Lord, attains the Court of the Lord. |
| ਖਾਲਕ ਕਉ ਆਦੇਸੁ ਢਾਢੀ ਗਾਵਣਾ ॥ | I humbly bow to the Creator Lord; I am a minstrel singing His Praises. |

| | |
|---|---|
| ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ ॥੨੧॥ | Nanak enshrines the Lord within his mind. He is the One, throughout the ages. \|\|21\|\| |
| ਸਲੋਕੁ ਮਹਲਾ ੨ ॥ | Shalok, Second Mehl: |
| ਮੰਤ੍ਰੀ ਹੋਇ ਅਠੂਹਿਆ ਨਾਗੀ ਲਗੈ ਜਾਇ ॥ ਆਪਣ ਹਥੀ ਆਪਣੈ ਦੇ ਕੂਚਾ ਆਪੇ ਲਾਇ ॥ | Those who charm scorpions and handle snakes only brand themselves with their own hands. |
| ਹੁਕਮੁ ਪਇਆ ਧੁਰਿ ਖਸਮ ਕਾ ਅਤੀ ਹੂ ਧਕਾ ਖਾਇ ॥ | By the pre-ordained Order of our Lord and Master, they are beaten badly, and struck down. |
| ਗੁਰਮੁਖ ਸਿਉ ਮਨਮੁਖੁ ਅੜੈ ਡੁਬੈ ਹਕਿ ਨਿਆਇ ॥ | If the self-willed manmukhs fight with the Gurmukh, they are condemned by the Lord, the True Judge. |
| ਦੁਹਾ ਸਿਰਿਆ ਆਪੇ ਖਸਮੁ ਵੇਖੈ ਕਰਿ ਵਿਉਪਾਇ ॥ | He Himself is the Lord and Master of both worlds. He beholds all and makes the exact determination. |
| ਨਾਨਕ ਏਵੈ ਜਾਣੀਐ ਸਭ ਕਿਛੁ ਤਿਸਹਿ ਰਜਾਇ ॥੧॥ | O Nanak, know this well: everything is in accordance with His Will. \|\|1\|\| |
| ਮਹਲਾ ੨ ॥ | Second Mehl: |
| ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ ॥ | O Nanak, if someone judges himself, only then is he known as a real judge. |
| ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥ | If someone understands both the disease and the medicine, only then is he a wise physician. |
| ਵਾਟ ਨ ਕਰਈ ਮਾਮਲਾ ਜਾਣੈ ਮਿਹਮਾਣੁ ॥ | Do not involve yourself in idle business on the way; remember that you are only a guest here. |
| ਮੂਲੁ ਜਾਣਿ ਗਲਾ ਕਰੇ ਹਾਣਿ ਲਾਏ ਹਾਣੁ ॥ | Speak with those who know the Primal Lord, and renounce your evil ways. |
| ਲਬਿ ਨ ਚਲਈ ਸਚਿ ਰਹੈ ਸੋ ਵਿਸਟੁ ਪਰਵਾਣੁ ॥ | That virtuous person who does not walk in the way of greed, and who abides in Truth, is accepted and famous. |
| ਸਰੁ ਸੰਧੇ ਆਗਾਸ ਕਉ ਕਿਉ ਪਹੁਚੈ ਬਾਣੁ ॥ | If an arrow is shot at the sky, how can it reach there? |
| ਅਗੈ ਓਹੁ ਅਗੰਮੁ ਹੈ ਵਾਹੇਦੜੂ ਜਾਣੁ ॥੨॥ | The sky above is unreachable-know this well, O archer! \|\|2\|\| |

| | |
|---|---|
| ਪਉੜੀ ॥ | Pauree: |
| ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ ॥ | The soul-bride loves her Husband Lord; she is embellished with His Love. |
| ਕਰਨਿ ਭਗਤਿ ਦਿਨੁ ਰਾਤਿ ਨ ਰਹਨੀ ਵਾਰੀਆ ॥ | She worships Him day and night; she cannot be restrained from doing so. |
| ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ ॥ | In the Mansion of the Lord's Presence, she has made her home; she is adorned with the Word of His Shabad. |
| ਸਚੁ ਕਹਨਿ ਅਰਦਾਸਿ ਸੇ ਵੇਚਾਰੀਆ ॥ | She is humble, and she offers her true and sincere prayer. |
| ਸੋਹਨਿ ਖਸਮੈ ਪਾਸਿ ਹੁਕਮਿ ਸਿਧਾਰੀਆ ॥ | She is beautiful in the Company of her Lord and Master; she walks in the Way of His Will. |
| ਸਖੀ ਕਹਨਿ ਅਰਦਾਸਿ ਮਨਹੁ ਪਿਆਰੀਆ ॥ | With her dear friends, she offers her heart-felt prayers to her Beloved. |
| ਬਿਨੁ ਨਾਵੈ ਧ੍ਰਿਗੁ ਵਾਸੁ ਫਿਟੁ ਸੁ ਜੀਵਿਆ ॥ | Cursed is that home, and shameful is that life, which is without the Name of the Lord. |
| ਸਬਦਿ ਸਵਾਰੀਆਸੁ ਅੰਮ੍ਰਿਤੁ ਪੀਵਿਆ ॥੨੨॥ | But she who is adorned with the Word of His Shabad, drinks in the Amrit of His Nectar. \|\|22\|\| |
| ਸਲੋਕੁ ਮਃ ੧ ॥ | Shalok, First Mehl: |
| ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ ॥ | The desert is not satisfied by rain, and the fire is not quenched by desire. |
| ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ ਕਿਸੁਕ ॥ | The king is not satisfied with his kingdom, and the oceans are full, but still they thirst for more. |
| ਨਾਨਕ ਸਚੇ ਨਾਮ ਕੀ ਕੇਤੀ ਪੁਛਾ ਪੁਛ ॥੧॥ | O Nanak, how many times must I seek and ask for the True Name? \|\|1\|\| |
| ਮਹਲਾ ੨ ॥ | Second Mehl: |
| ਨਿਹਫਲੰ ਤਸਿ ਜਨਮਸਿ ਜਾਵਤੁ ਬ੍ਰਹਮ ਨ ਬਿੰਦਤੇ ॥ | Life is useless, as long as one does not know the Lord God. |
| ਸਾਗਰੰ ਸੰਸਾਰਸਿ ਗੁਰ ਪਰਸਾਦੀ ਤਰਹਿ ਕੇ ॥ | Only a few cross over the world-ocean, by Guru's Grace. |

| | |
|---|---|
| ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥ | The Lord is the All-powerful Cause of causes, says Nanak after deep deliberation. |
| ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥੨॥ | The creation is subject to the Creator, who sustains it by His Almighty Power. \|\|2\|\| |
| ਪਉੜੀ ॥ | Pauree: |
| ਖਸਮੈ ਕੈ ਦਰਬਾਰਿ ਢਾਢੀ ਵਸਿਆ ॥ | In the Court of the Lord and Master, His minstrels dwell. |
| ਸਚਾ ਖਸਮੁ ਕਲਾਣਿ ਕਮਲੁ ਵਿਗਸਿਆ ॥ | Singing the Praises of their True Lord and Master, the lotuses of their hearts have blossomed forth. |
| ਖਸਮਹੁ ਪੂਰਾ ਪਾਇ ਮਨਹੁ ਰਹਸਿਆ ॥ | Obtaining their Perfect Lord and Master, their minds are transfixed with ecstasy. |
| ਦੁਸਮਨ ਕਢੇ ਮਾਰਿ ਸਜਣ ਸਰਸਿਆ ॥ | Their enemies have been driven out and subdued, and their friends are very pleased. |
| ਸਚਾ ਸਤਿਗੁਰੁ ਸੇਵਨਿ ਸਚਾ ਮਾਰਗੁ ਦਸਿਆ ॥ | Those who serve the Truthful True Guru are shown the True Path. |
| **੧੪੯** | 149 |
| ਸਚਾ ਸਬਦੁ ਬੀਚਾਰਿ ਕਾਲੁ ਵਿਧਉਸਿਆ ॥ | Reflecting on the True Word of the Shabad, death is overcome. |
| ਢਾਢੀ ਕਥੇ ਅਕਥੁ ਸਬਦਿ ਸਵਾਰਿਆ ॥ | Speaking the Unspoken Speech of the Lord, one is adorned with the Word of His Shabad. |
| ਨਾਨਕ ਗੁਣ ਗਹਿ ਰਾਸਿ ਹਰਿ ਜੀਉ ਮਿਲੇ ਪਿਆਰਿਆ ॥੨੩॥ | Nanak holds tight to the Treasure of Virtue, and meets with the Dear, Beloved Lord. \|\|23\|\| |
| ਸਲੋਕੁ ਮਃ ੧ ॥ | Shalok, First Mehl: |
| ਖਤਿਅਹੁ ਜੰਮੇ ਖਤੇ ਕਰਨਿ ਤ ਖਤਿਆ ਵਿਚਿ ਪਾਹਿ ॥ | Born because of the karma of their past mistakes, they make more mistakes, and fall into mistakes. |
| ਧੋਤੇ ਮੂਲਿ ਨ ਉਤਰਹਿ ਜੇ ਸਉ ਧੋਵਣ ਪਾਹਿ ॥ | By washing, their pollution is not removed, even though they may wash hundreds of times. |
| ਨਾਨਕ ਬਖਸੇ ਬਖਸੀਅਹਿ ਨਾਹਿ ਤ ਪਾਹੀ ਪਾਹਿ ॥੧॥ | O Nanak, if God forgives, they are forgiven; otherwise, they are kicked and beaten. \|\|1\|\| |

| | |
|---|---|
| ਮਃ ੧ ॥ | First Mehl: |
| ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥ | O Nanak, it is absurd to ask to be spared from pain by begging for comfort. |
| ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥ | Pleasure and pain are the two garments given, to be worn in the Court of the Lord. |
| ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥੨॥ | Where you are bound to lose by speaking, there, you ought to remain silent. \|\|2\|\| |
| ਪਉੜੀ ॥ | Pauree: |
| ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ ॥ | After looking around in the four directions, I looked within my own self. |
| ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ ॥ | There, I saw the True, Invisible Lord Creator. |
| ਉਝੜਿ ਭੁਲੇ ਰਾਹ ਗੁਰਿ ਵੇਖਾਲਿਆ ॥ | I was wandering in the wilderness, but now the Guru has shown me the Way. |
| ਸਤਿਗੁਰ ਸਚੇ ਵਾਹੁ ਸਚੁ ਸਮਾਲਿਆ ॥ | Hail to the True, True Guru, through whom we merge in the Truth. |
| ਪਾਇਆ ਰਤਨੁ ਘਰਾਹੁ ਦੀਵਾ ਬਾਲਿਆ ॥ | I have found the jewel within the home of my own self; the lamp within has been lit. |
| ਸਚੈ ਸਬਦਿ ਸਲਾਹਿ ਸੁਖੀਏ ਸਚ ਵਾਲਿਆ ॥ | Those who praise the True Word of the Shabad, abide in the peace of Truth. |
| ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ ॥ | But those who do not have the Fear of God, are overtaken by fear. They are destroyed by their own pride. |
| ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ ॥੨੪॥ | Having forgotten the Name, the world is roaming around like a wild demon. \|\|24\|\| |
| ਸਲੋਕੁ ਮਃ ੩ ॥ | Shalok, Third Mehl: |
| ਭੈ ਵਿਚਿ ਜੰਮੈ ਭੈ ਮਰੈ ਭੀ ਭਉ ਮਨ ਮਹਿ ਹੋਇ ॥ | In fear we are born, and in fear we die. Fear is always present in the mind. |
| ਨਾਨਕ ਭੈ ਵਿਚਿ ਜੇ ਮਰੈ ਸਹਿਲਾ ਆਇਆ ਸੋਇ ॥੧॥ | O Nanak, if one dies in the fear of God, his coming into the world is blessed and approved. \|\|1\|\| |

| | |
|---|---|
| ਮਃ ੩ ॥ | Third Mehl: |
| ਭੈ ਵਿਣੁ ਜੀਵੈ ਬਹੁਤੁ ਬਹੁਤੁ ਖੁਸੀਆ ਖੁਸੀ ਕਮਾਇ ॥ | Without the fear of God, you may live very, very long, and savor the most enjoyable pleasures. |
| ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ ॥੨॥ | O Nanak, if you die without the fear of God, you will arise and depart with a blackened face. ‖2‖ |
| ਪਉੜੀ ॥ | Pauree: |
| ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ ॥ | When the True Guru is merciful, then your desires will be fulfilled. |
| ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ ॥ | When the True Guru is merciful, you will never grieve. |
| ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ ॥ | When the True Guru is merciful, you will know no pain. |
| ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ ॥ | When the True Guru is merciful, you will enjoy the Lord's Love. |
| ਸਤਿਗੁਰੁ ਹੋਇ ਦਇਆਲੁ ਤਾ ਜਮ ਕਾ ਡਰੁ ਕੇਹਾ ॥ | When the True Guru is merciful, then why should you fear death? |
| ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ ॥ | When the True Guru is merciful, the body is always at peace. |
| ਸਤਿਗੁਰੁ ਹੋਇ ਦਇਆਲੁ ਤਾ ਨਵ ਨਿਧਿ ਪਾਈਐ ॥ | When the True Guru is merciful, the nine treasures are obtained. |
| ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ ॥੨੫॥ | When the True Guru is merciful, you shall be absorbed in the True Lord. ‖25‖ |
| ਸਲੋਕੁ ਮਃ ੧ ॥ | Shalok, First Mehl: |
| ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥ | They pluck the hair out of their heads, and drink in filthy water; they beg endlessly and eat the garbage which others have thrown away. |
| ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥ | They spread manure, they suck in rotting smells, and they are afraid of clean water. |
| ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ॥ | Their hands are smeared with ashes, and the hair on their heads is plucked out-they are like sheep! |
| ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ ॥ | They have renounced the lifestyle of their mothers and fathers, and their families and relatives cry out in distress. |

| | |
|---|---|
| ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ ॥ | No one offers the rice dishes at their last rites, and no one lights the lamps for them. After their death, where will they be sent? |
| ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ ॥ | The sixty-eight sacred shrines of pilgrimage give them no place of protection, and no Brahmin will eat their food. |
| ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ ॥ | They remain polluted forever, day and night; they do not apply the ceremonial tilak mark to their foreheads. |
| ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ ॥ | They sit together in silence, as if in mourning; they do not go to the Lord's Court. |
| ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ ॥ | With their begging bowls hanging from their waists, and their fly-brushes in their hands, they walk along in single file. |
| ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ ॥ | They are not Yogis, and they are not Jangams, followers of Shiva. They are not Qazis or Mullahs. |
| **੧੫੦** | **150** |
| ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ ॥ | Ruined by the Merciful Lord, they wander around in disgrace, and their entire troop is contaminated. |
| ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ ॥ | The Lord alone kills and restores to life; no one else can protect anyone from Him. |
| ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ ॥ | They go without giving alms or any cleansing baths; their shaven heads become covered with dust. |
| ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ ॥ | The jewel emerged from the water, when the mountain of gold was used to churn it. |
| ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ ॥ | The gods established the sixty-eight sacred shrines of pilgrimage, where the festivals are celebrated and hymns are chanted. |
| ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ ॥ | After bathing, the Muslims recite their prayers, and after bathing, the Hindus perform their worship services. The wise always take cleansing baths. |
| ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ ॥ | At the time of death, and at the time of birth, they are purified, when water is poured on their heads. |
| ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ ॥ | O Nanak, the shaven-headed ones are devils. They are not pleased to hear these words. |

| | |
|---|---|
| ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ ॥ | When it rains, there is happiness. Water is the key to all life. |
| ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ ॥ | When it rains, the corn grows, and the sugar cane, and the cotton, which provides clothing for all. |
| ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ ॥ | When it rains, the cows always have grass to graze upon, and housewives can churn the milk into butter. |
| ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ ॥ | With that ghee, sacred feasts and worship services are performed; all these efforts are blessed. |
| ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ ॥ | The Guru is the ocean, and all His Teachings are the river. Bathing within it, glorious greatness is obtained. |
| ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ ॥੧॥ | O Nanak, if the shaven-headed ones do not bathe, then seven handfuls of ashes are upon their heads. \|\|1\|\| |
| ਮਃ ੨ ॥ | Second Mehl: |
| ਅਗੀ ਪਾਲਾ ਕਿ ਕਰੇ ਸੂਰਜ ਕੇਹੀ ਰਾਤਿ ॥ | What can the cold do to the fire? How can the night affect the sun? |
| ਚੰਦ ਅਨੇਰਾ ਕਿ ਕਰੇ ਪਉਣ ਪਾਣੀ ਕਿਆ ਜਾਤਿ ॥ | What can the darkness do to the moon? What can social status do to air and water? |
| ਧਰਤੀ ਚੀਜੀ ਕਿ ਕਰੇ ਜਿਸੁ ਵਿਚਿ ਸਭੁ ਕਿਛੁ ਹੋਇ ॥ | What are personal possessions to the earth, from which all things are produced? |
| ਨਾਨਕ ਤਾ ਪਤਿ ਜਾਣੀਐ ਜਾ ਪਤਿ ਰਖੈ ਸੋਇ ॥੨॥ | O Nanak, he alone is known as honorable, whose honor the Lord preserves. \|\|2\|\| |
| ਪਉੜੀ ॥ | Pauree: |
| ਤੁਧੁ ਸਚੇ ਸੁਬਹਾਨੁ ਸਦਾ ਕਲਾਣਿਆ ॥ | It is of You, O my True and Wondrous Lord, that I sing forever. |
| ਤੂੰ ਸਚਾ ਦੀਬਾਣੁ ਹੋਰਿ ਆਵਣ ਜਾਣਿਆ ॥ | Yours is the True Court. All others are subject to coming and going. |
| ਸਚੁ ਜਿ ਮੰਗਹਿ ਦਾਨੁ ਸਿ ਤੁਧੈ ਜੇਹਿਆ ॥ | Those who ask for the gift of the True Name are like You. |
| ਸਚੁ ਤੇਰਾ ਫੁਰਮਾਣੁ ਸਬਦੇ ਸੋਹਿਆ ॥ | Your Command is True; we are adorned with the Word of Your Shabad. |
| ਮੰਨਿਐ ਗਿਆਨੁ ਧਿਆਨੁ ਤੁਧੈ ਤੇ ਪਾਇਆ ॥ | Through faith and trust, we receive spiritual wisdom and meditation from You. |

| | |
|---|---|
| ਕਰਮਿ ਪਵੈ ਨੀਸਾਨੁ ਨ ਚਲੈ ਚਲਾਇਆ ॥ | By Your Grace, the banner of honor is obtained. It cannot be taken away or lost. |
| ਤੂੰ ਸਚਾ ਦਾਤਾਰੁ ਨਿਤ ਦੇਵਹਿ ਚੜਹਿ ਸਵਾਇਆ ॥ | You are the True Giver; You give continually. Your Gifts continue to increase. |
| ਨਾਨਕੁ ਮੰਗੈ ਦਾਨੁ ਜੋ ਤੁਧੁ ਭਾਇਆ ॥੨੬॥ | Nanak begs for that gift which is pleasing to You. ‖26‖ |
| ਸਲੋਕੁ ਮਃ ੨ ॥ | Shalok, Second Mehl: |
| ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥ | Those who have accepted the Guru's Teachings, and who have found the path, remain absorbed in the Praises of the True Lord. |
| ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥੧॥ | What teachings can be imparted to those who have the Divine Guru Nanak as their Guru? ‖1‖ |
| ਮਃ ੧ ॥ | First Mehl: |
| ਆਪਿ ਬੁਝਾਏ ਸੋਈ ਬੂਝੈ ॥ | We understand the Lord only when He Himself inspires us to understand Him. |
| ਜਿਸੁ ਆਪਿ ਸੁਝਾਏ ਤਿਸੁ ਸਭੁ ਕਿਛੁ ਸੂਝੈ ॥ | He alone knows everything, unto whom the Lord Himself gives knowledge. |
| ਕਹਿ ਕਹਿ ਕਥਨਾ ਮਾਇਆ ਲੂਝੈ ॥ | One may talk and preach and give sermons but still yearn after Maya. |
| ਹੁਕਮੀ ਸਗਲ ਕਰੇ ਆਕਾਰ ॥ | The Lord, by the Hukam of His Command, has created the entire creation. |
| ਆਪੇ ਜਾਣੈ ਸਰਬ ਵੀਚਾਰ ॥ | He Himself knows the inner nature of all. |
| ਅਖਰ ਨਾਨਕ ਅਖਿਓ ਆਪਿ ॥ | O Nanak, He Himself uttered the Word. |
| ਲਹੈ ਭਰਾਤਿ ਹੋਵੈ ਜਿਸੁ ਦਾਤਿ ॥੨॥ | Doubt departs from one who receives this gift. ‖2‖ |
| ਪਉੜੀ ॥ | Pauree: |
| ਹਉ ਢਾਢੀ ਵੇਕਾਰੁ ਕਾਰੈ ਲਾਇਆ ॥ | I was a minstrel, out of work, when the Lord took me into His service. |
| ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥ | To sing His Praises day and night, He gave me His Order, right from the start. |
| ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ | My Lord and Master has summoned me, His minstrel, to the True Mansion of His Presence. |

| | |
|---|---|
| ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥ | He has dressed me in the robes of His True Praise and Glory. |
| ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ | The Ambrosial Nectar of the True Name has become my food. |
| ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥ | Those who follow the Guru's Teachings, who eat this food and are satisfied, find peace. |
| ਢਾਢੀ ਕਰੇ ਪਸਾਉ ਸਬਦੁ ਵਜਾਇਆ ॥ | His minstrel spreads His Glory, singing and vibrating the Word of His Shabad. |
| ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥ ਸੁਧੁ | O Nanak, praising the True Lord, I have obtained His Perfection. \|\|27\|\|Sudh\|\| |

## ੧੫੧ / 151

| | |
|---|---|
| ਰਾਗੁ ਗਉੜੀ ਗੁਆਰੇਰੀ ਮਹਲਾ ੧ ਚਉਪਦੇ ਦੁਪਦੇ | Raag Gauree Gwaarayree, First Mehl, Chau-Padas & Du-Padas: |
| ੧ੳ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ | One Universal Creator God. Truth Is The Name. Creative Being Personified. No Fear. No Hatred. Image Of The Undying. Beyond Birth. Self-Existent. By Guru's Grace: |
| ਭਉ ਮੁਚੁ ਭਾਰਾ ਵਡਾ ਤੋਲੁ ॥ | The Fear of God is overpowering, and so very heavy, |
| ਮਨ ਮਤਿ ਹਉਲੀ ਬੋਲੇ ਬੋਲੁ ॥ | while the intellect is lightweight, as is the speech one speaks. |
| ਸਿਰਿ ਧਰਿ ਚਲੀਐ ਸਹੀਐ ਭਾਰੁ ॥ | So place the Fear of God upon your head, and bear that weight; |
| ਨਦਰੀ ਕਰਮੀ ਗੁਰ ਬੀਚਾਰੁ ॥੧॥ | by the Grace of the Merciful Lord, contemplate the Guru. \|\|1\|\| |
| ਭੈ ਬਿਨੁ ਕੋਇ ਨ ਲੰਘਸਿ ਪਾਰਿ ॥ | Without the Fear of God, no one crosses over the world-ocean. |
| ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥ | This Fear of God adorns the Love of the Lord. \|\|1\|\|Pause\|\| |
| ਭੈ ਤਨਿ ਅਗਨਿ ਭਖੈ ਭੈ ਨਾਲਿ ॥ | The fire of fear within the body is burnt away by the Fear of God. |
| ਭੈ ਭਉ ਘੜੀਐ ਸਬਦਿ ਸਵਾਰਿ ॥ | Through this Fear of God, we are adorned with the Word of the Shabad. |
| ਭੈ ਬਿਨੁ ਘਾੜਤ ਕਚੁ ਨਿਕਚ ॥ | Without the Fear of God, all that is fashioned is false. |
| ਅੰਧਾ ਸਚਾ ਅੰਧੀ ਸਟ ॥੨॥ | Useless is the mold, and useless are the hammer-strokes on the mold. \|\|2\|\| |

| | |
|---|---|
| ਬੁਧੀ ਬਾਜੀ ਉਪਜੈ ਚਾਉ ॥ | The desire for the worldly drama arises in the intellect, |
| ਸਹਸ ਸਿਆਣਪ ਪਵੈ ਨ ਤਾਉ ॥ | but even with thousands of clever mental tricks, the heat of the Fear of God does not come into play. |
| ਨਾਨਕ ਮਨਮੁਖਿ ਬੋਲਣੁ ਵਾਉ ॥ | O Nanak, the speech of the self-willed manmukh is just wind. |
| ਅੰਧਾ ਅਖਰੁ ਵਾਉ ਦੁਆਉ ॥੩॥੧॥ | His words are worthless and empty, like the wind. \|\|3\|\|1\|\| |
| ਗਉੜੀ ਮਹਲਾ ੧ ॥ | Gauree, First Mehl: |
| ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ ॥ | Place the Fear of God within the home of your heart; with this Fear of God in your heart, all other fears shall be frightened away. |
| ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ ॥ | What sort of fear is that, which frightens other fears? |
| ਤੁਧੁ ਬਿਨੁ ਦੂਜੀ ਨਾਹੀ ਜਾਇ ॥ | Without You, I have other place of rest at all. |
| ਜੋ ਕਿਛੁ ਵਰਤੈ ਸਭ ਤੇਰੀ ਰਜਾਇ ॥੧॥ | Whatever happens is all according to Your Will. \|\|1\|\| |
| ਡਰੀਐ ਜੇ ਡਰੁ ਹੋਵੈ ਹੋਰੁ ॥ | Be afraid, if you have any fear, other than the Fear of God. |
| ਡਰਿ ਡਰਿ ਡਰਣਾ ਮਨ ਕਾ ਸੋਰੁ ॥੧॥ ਰਹਾਉ ॥ | Afraid of fear, and living in fear, the mind is held in tumult. \|\|1\|\|Pause\|\| |
| ਨਾ ਜੀਉ ਮਰੈ ਨ ਡੂਬੈ ਤਰੈ ॥ | The soul does not die; it does not drown, and it does not swim across. |
| ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥ | The One who created everything does everything. |
| ਹੁਕਮੇ ਆਵੈ ਹੁਕਮੇ ਜਾਇ ॥ | By the Hukam of His Command we come, and by the Hukam of His Command we go. |
| ਆਗੈ ਪਾਛੈ ਹੁਕਮਿ ਸਮਾਇ ॥੨॥ | Before and after, His Command is pervading. \|\|2\|\| |
| ਹੰਸੁ ਹੇਤੁ ਆਸਾ ਅਸਮਾਨੁ ॥ | Cruelty, attachment, desire and egotism |
| ਤਿਸੁ ਵਿਚਿ ਭੂਖ ਬਹੁਤੁ ਨੈ ਸਾਨੁ ॥ | there is great hunger in these, like the raging torrent of a wild stream. |
| ਭਉ ਖਾਣਾ ਪੀਣਾ ਆਧਾਰੁ ॥ | Let the Fear of God be your food, drink and support. |
| ਵਿਣੁ ਖਾਧੇ ਮਰਿ ਹੋਹਿ ਗਵਾਰ ॥੩॥ | Without doing this, the fools simply die. \|\|3\|\| |
| ਜਿਸ ਕਾ ਕੋਇ ਕੋਈ ਕੋਇ ਕੋਇ ॥ | If anyone really has anyone else - how rare is that person! |
| ਸਭੁ ਕੋ ਤੇਰਾ ਤੂੰ ਸਭਨਾ ਕਾ ਸੋਇ ॥ | All are Yours - You are the Lord of all. |

| | |
|---|---|
| ਜਾ ਕੇ ਜੀਅ ਜੰਤ ਧਨੁ ਮਾਲੁ ॥ | All beings and creatures, wealth and property belong to Him. |
| ਨਾਨਕ ਆਖਣੁ ਬਿਖਮੁ ਬੀਚਾਰੁ ॥੪॥੨॥ | O Nanak, it is so difficult to describe and contemplate Him. ‖4‖2‖ |
| ਗਉੜੀ ਮਹਲਾ ੧ ॥ | Gauree, First Mehl: |
| ਮਾਤਾ ਮਤਿ ਪਿਤਾ ਸੰਤੋਖੁ ॥ | Let wisdom be your mother, and contentment your father. |
| ਸਤੁ ਭਾਈ ਕਰਿ ਏਹੁ ਵਿਸੇਖੁ ॥੧॥ | Let Truth be your brother - these are your best relatives. ‖1‖ |
| ਕਹਣਾ ਹੈ ਕਿਛੁ ਕਹਣੁ ਨ ਜਾਇ ॥ | He has been described, but He cannot be described at all. |
| ਤਉ ਕੁਦਰਤਿ ਕੀਮਤਿ ਨਹੀ ਪਾਇ ॥੧॥ ਰਹਾਉ ॥ | Your All-pervading creative nature cannot be estimated. ‖1‖Pause‖ |
| **੧੫੨** | 152 |
| ਸਰਮ ਸੁਰਤਿ ਦੁਇ ਸਸੁਰ ਭਏ ॥ | Modesty, humility and intuitive understanding are my mother-in-law and father-in-law; |
| ਕਰਣੀ ਕਾਮਣਿ ਕਰਿ ਮਨ ਲਏ ॥੨॥ | I have made good deeds my spouse. ‖2‖ |
| ਸਾਹਾ ਸੰਜੋਗੁ ਵੀਆਹੁ ਵਿਜੋਗੁ ॥ | Union with the Holy is my wedding date, and separation from the world is my marriage. |
| ਸਚੁ ਸੰਤਤਿ ਕਹੁ ਨਾਨਕ ਜੋਗੁ ॥੩॥੩॥ | Says Nanak, Truth is the child born of this Union. ‖3‖3‖ |
| ਗਉੜੀ ਮਹਲਾ ੧ ॥ | Gauree, First Mehl: |
| ਪਉਣੈ ਪਾਣੀ ਅਗਨੀ ਕਾ ਮੇਲੁ ॥ | The union of air, water and fire |
| ਚੰਚਲ ਚਪਲ ਬੁਧਿ ਕਾ ਖੇਲੁ ॥ | the body is the play-thing of the fickle and unsteady intellect. |
| ਨਉ ਦਰਵਾਜੇ ਦਸਵਾ ਦੁਆਰੁ ॥ | It has nine doors, and then there is the Tenth Gate. |
| ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥ | Reflect upon this and understand it, O wise one. ‖1‖ |
| ਕਥਤਾ ਬਕਤਾ ਸੁਨਤਾ ਸੋਈ ॥ | The Lord is the One who speaks, teaches and listens. |
| ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ ਰਹਾਉ ॥ | One who contemplates his own self is truly wise. ‖1‖Pause‖ |
| ਦੇਹੀ ਮਾਟੀ ਬੋਲੈ ਪਉਣੁ ॥ | The body is dust; the wind speaks through it. |
| ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥ | Understand, O wise one, who has died. |

| | |
|---|---|
| ਮੂਈ ਸੁਰਤਿ ਬਾਦੁ ਅਹੰਕਾਰੁ ॥ | Awareness, conflict and ego have died, |
| ਓਹੁ ਨ ਮੂਆ ਜੋ ਦੇਖਣਹਾਰੁ ॥੨॥ | but the One who sees does not die. ‖2‖ |
| ਜੈ ਕਾਰਣਿ ਤਟਿ ਤੀਰਥ ਜਾਹੀ ॥ | For the sake of it, you journey to sacred shrines and holy rivers; |
| ਰਤਨ ਪਦਾਰਥ ਘਟ ਹੀ ਮਾਹੀ ॥ | but this priceless jewel is within your own heart. |
| ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ | The Pandits, the religious scholars, read and read endlessly; they stir up arguments and controversies, |
| ਭੀਤਰਿ ਹੋਦੀ ਵਸਤੁ ਨ ਜਾਣੈ ॥੩॥ | but they do not know the secret deep within. ‖3‖ |
| ਹਉ ਨ ਮੂਆ ਮੇਰੀ ਮੁਈ ਬਲਾਇ ॥ | I have not died - that evil nature within me has died. |
| ਓਹੁ ਨ ਮੂਆ ਜੋ ਰਹਿਆ ਸਮਾਇ ॥ | The One who is pervading everywhere does not die. |
| ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ | Says Nanak, the Guru has revealed God to me, |
| ਮਰਤਾ ਜਾਤਾ ਨਦਰਿ ਨ ਆਇਆ ॥੪॥੪॥ | and now I see that there is no such thing as birth or death. ‖4‖4‖ |
| ਗਉੜੀ ਮਹਲਾ ੧ ਦਖਣੀ ॥ | Gauree, First Mehl, Dakhanee: |
| ਸੁਣਿ ਸੁਣਿ ਬੂਝੈ ਮਾਨੈ ਨਾਉ ॥ ਤਾ ਕੈ ਸਦ ਬਲਿਹਾਰੈ ਜਾਉ ॥ | I am forever a sacrifice to the one who listens and hears, who understands and believes in the Name. |
| ਆਪਿ ਭੁਲਾਏ ਠਉਰ ਨ ਠਾਉ ॥ | When the Lord Himself leads us astray, there is no other place of rest for us to find. |
| ਤੂੰ ਸਮਝਾਵਹਿ ਮੇਲਿ ਮਿਲਾਉ ॥੧॥ | You impart understanding, and You unite us in Your Union. ‖1‖ |
| ਨਾਮੁ ਮਿਲੈ ਚਲੈ ਮੈ ਨਾਲਿ ॥ | I obtain the Naam, which shall go along with me in the end. |
| ਬਿਨੁ ਨਾਵੈ ਬਾਧੀ ਸਭ ਕਾਲਿ ॥੧॥ ਰਹਾਉ ॥ | Without the Name, all are held in the grip of Death. ‖1‖Pause‖ |
| ਖੇਤੀ ਵਣਜੁ ਨਾਵੈ ਕੀ ਓਟ ॥ | My farming and my trading are by the Support of the Name. |
| ਪਾਪੁ ਪੁੰਨੁ ਬੀਜ ਕੀ ਪੋਟ ॥ | The seeds of sin and virtue are bound together. |
| ਕਾਮੁ ਕ੍ਰੋਧੁ ਜੀਅ ਮਹਿ ਚੋਟ ॥ | Sexual desire and anger are the wounds of the soul. |
| ਨਾਮੁ ਵਿਸਾਰਿ ਚਲੇ ਮਨਿ ਖੋਟ ॥੨॥ | The evil-minded ones forget the Naam, and then depart. ‖2‖ |
| ਸਾਚੇ ਗੁਰ ਕੀ ਸਾਚੀ ਸੀਖ ॥ | True are the Teachings of the True Guru. |

| | |
|---|---|
| ਤਨੁ ਮਨੁ ਸੀਤਲੁ ਸਾਚੁ ਪਰੀਖ ॥ | The body and mind are cooled and soothed, by the touchstone of Truth. |
| ਜਲ ਪੁਰਾਇਨਿ ਰਸ ਕਮਲ ਪਰੀਖ ॥ | This is the true mark of wisdom: that one remains detached, like the water-lily, or the lotus upon the water. |
| ਸਬਦਿ ਰਤੇ ਮੀਠੇ ਰਸ ਈਖ ॥੩॥ | Attuned to the Word of the Shabad, one becomes sweet, like the juice of the sugar cane. \|\|3\|\| |
| ਹੁਕਮਿ ਸੰਜੋਗੀ ਗੜਿ ਦਸ ਦੁਆਰ ॥ | By the Hukam of the Lord's Command, the castle of the body has ten gates. |
| ਪੰਚ ਵਸਹਿ ਮਿਲਿ ਜੋਤਿ ਅਪਾਰ ॥ | The five passions dwell there, together with the Divine Light of the Infinite. |
| ਆਪਿ ਤੁਲੈ ਆਪੇ ਵਣਜਾਰ ॥ | The Lord Himself is the merchandise, and He Himself is the trader. |
| ਨਾਨਕ ਨਾਮਿ ਸਵਾਰਣਹਾਰ ॥੪॥੫॥ | O Nanak, through the Naam, the Name of the Lord, we are adorned and rejuvenated. \|\|4\|\|5\|\| |
| ਗਉੜੀ ਮਹਲਾ ੧ ॥ | Gauree, First Mehl: |
| ਜਾਤੋ ਜਾਇ ਕਹਾ ਤੇ ਆਵੈ ॥ | How can we know where we came from? |
| ਕਹ ਉਪਜੈ ਕਹ ਜਾਇ ਸਮਾਵੈ ॥ | Where did we originate, and where will we go and merge? |
| ਕਿਉ ਬਾਧਿਓ ਕਿਉ ਮੁਕਤੀ ਪਾਵੈ ॥ | How are we bound, and how do we obtain liberation? |
| ਕਿਉ ਅਬਿਨਾਸੀ ਸਹਜਿ ਸਮਾਵੈ ॥੧॥ | How do we merge with intuitive ease into the Eternal, Imperishable Lord? \|\|1\|\| |
| ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥ | With the Naam in the heart and the Ambrosial Naam on our lips, |
| ਨਰਹਰ ਨਾਮੁ ਨਰਹਰ ਨਿਹਕਾਮੁ ॥੧॥ ਰਹਾਉ ॥ | through the Name of the Lord, we rise above desire, like the Lord. \|\|1\|\|Pause\|\| |
| ਸਹਜੇ ਆਵੈ ਸਹਜੇ ਜਾਇ ॥ | With intuitive ease we come, and with intuitive ease we depart. |
| ਮਨ ਤੇ ਉਪਜੈ ਮਨ ਮਾਹਿ ਸਮਾਇ ॥ | From the mind we originate, and into the mind we are absorbed. |
| ਗੁਰਮੁਖਿ ਮੁਕਤੋ ਬੰਧੁ ਨ ਪਾਇ ॥ | As Gurmukh, we are liberated, and are not bound. |
| ਸਬਦੁ ਬੀਚਾਰਿ ਛੁਟੈ ਹਰਿ ਨਾਇ ॥੨॥ | Contemplating the Word of the Shabad, we are emancipated through the Name of the Lord. \|\|2\|\| |
| ਤਰਵਰ ਪੰਖੀ ਬਹੁ ਨਿਸਿ ਬਾਸੁ ॥ | At night, lots of birds settle on the tree. |

| | |
|---|---|
| ਸੁਖ ਦੁਖੀਆ ਮਨਿ ਮੋਹ ਵਿਣਾਸੁ ॥ | Some are happy, and some are sad. Caught in the desires of the mind, they perish. |
| ਸਾਝ ਬਿਹਾਗ ਤਕਹਿ ਆਗਾਸੁ ॥ | And when the life-night comes to its end, then they look to the sky. |
| ਦਹ ਦਿਸਿ ਧਾਵਹਿ ਕਰਮਿ ਲਿਖਿਆਸੁ ॥੩॥ | They fly away in all ten directions, according to their pre-ordained destiny. \|\|3\|\| |
| **੧੫੩** | 153 |
| ਨਾਮ ਸੰਜੋਗੀ ਗੋਇਲਿ ਥਾਟੁ ॥ | Those who are committed to the Naam, see the world as merely a temporary pasture. |
| ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥ | Sexual desire and anger are broken, like a jar of poison. |
| ਬਿਨੁ ਵਖਰ ਸੂਨੋ ਘਰੁ ਹਾਟੁ ॥ | Without the merchandise of the Name, the house of the body and the store of the mind are empty. |
| ਗੁਰ ਮਿਲਿ ਖੋਲੇ ਬਜਰ ਕਪਾਟ ॥੪॥ | Meeting the Guru, the hard and heavy doors are opened. \|\|4\|\| |
| ਸਾਧੁ ਮਿਲੈ ਪੂਰਬ ਸੰਜੋਗ ॥ | One meets the Holy Saint only through perfect destiny. |
| ਸਚਿ ਰਹਸੇ ਪੂਰੇ ਹਰਿ ਲੋਗ ॥ | The Lord's perfect people rejoice in the Truth. |
| ਮਨੁ ਤਨੁ ਦੇ ਲੈ ਸਹਜਿ ਸੁਭਾਇ ॥ | Surrendering their minds and bodies, they find the Lord with intuitive ease. |
| ਨਾਨਕ ਤਿਨ ਕੈ ਲਾਗਉ ਪਾਇ ॥੫॥੬॥ | Nanak falls at their feet. \|\|5\|\|6\|\| |
| ਗਉੜੀ ਮਹਲਾ ੧ ॥ | Gauree, First Mehl: |
| ਕਾਮੁ ਕ੍ਰੋਧੁ ਮਾਇਆ ਮਹਿ ਚੀਤੁ ॥ | The conscious mind is engrossed in sexual desire, anger and Maya. |
| ਝੂਠ ਵਿਕਾਰਿ ਜਾਗੈ ਹਿਤ ਚੀਤੁ ॥ | The conscious mind is awake only to falsehood, corruption and attachment. |
| ਪੂੰਜੀ ਪਾਪ ਲੋਭ ਕੀ ਕੀਤੁ ॥ | It gathers in the assets of sin and greed. |
| ਤਰੁ ਤਾਰੀ ਮਨਿ ਨਾਮੁ ਸੁਚੀਤੁ ॥੧॥ | So swim across the river of life, O my mind, with the Sacred Naam, the Name of the Lord. \|\|1\|\| |
| ਵਾਹੁ ਵਾਹੁ ਸਾਚੇ ਮੈ ਤੇਰੀ ਟੇਕ ॥ | Waaho! Waaho! - Great! Great is my True Lord! I seek Your All-powerful Support. |
| ਹਉ ਪਾਪੀ ਤੂੰ ਨਿਰਮਲੁ ਏਕ ॥੧॥ ਰਹਾਉ ॥ | I am a sinner - You alone are pure. \|\|1\|\|Pause\|\| |
| ਅਗਨਿ ਪਾਣੀ ਬੋਲੈ ਭੜਵਾਉ ॥ | Fire and water join together, and the breath roars in its fury! |

| | |
|---|---|
| ਜਿਹਵਾ ਇੰਦ੍ਰੀ ਏਕੁ ਸੁਆਉ ॥ | The tongue and the sex organs each seek to taste. |
| ਦਿਸਟਿ ਵਿਕਾਰੀ ਨਾਹੀ ਭਉ ਭਾਉ ॥ | The eyes which look upon corruption do not know the Love and the Fear of God. |
| ਆਪੁ ਮਾਰੇ ਤਾ ਪਾਏ ਨਾਉ ॥੨॥ | Conquering self-conceit, one obtains the Name. \|\|2\|\| |
| ਸਬਦਿ ਮਰੈ ਫਿਰਿ ਮਰਣੁ ਨ ਹੋਇ ॥ | One who dies in the Word of the Shabad, shall never again have to die. |
| ਬਿਨੁ ਮੂਏ ਕਿਉ ਪੂਰਾ ਹੋਇ ॥ | Without such a death, how can one attain perfection? |
| ਪਰਪੰਚਿ ਵਿਆਪਿ ਰਹਿਆ ਮਨੁ ਦੋਇ ॥ | The mind is engrossed in deception, treachery and duality. |
| ਥਿਰੁ ਨਾਰਾਇਣੁ ਕਰੇ ਸੁ ਹੋਇ ॥੩॥ | Whatever the Immortal Lord does, comes to pass. \|\|3\|\| |
| ਬੋਹਿਥਿ ਚੜਉ ਜਾ ਆਵੈ ਵਾਰੁ ॥ | So get aboard that boat when your turn comes. |
| ਠਾਕੇ ਬੋਹਿਥ ਦਰਗਹ ਮਾਰ ॥ | Those who fail to embark upon that boat shall be beaten in the Court of the Lord. |
| ਸਚੁ ਸਾਲਾਹੀ ਧੰਨੁ ਗੁਰਦੁਆਰੁ ॥ | Blessed is that Gurdwara, the Guru's Gate, where the Praises of the True Lord are sung. |
| ਨਾਨਕ ਦਰਿ ਘਰਿ ਏਕੰਕਾਰੁ ॥੪॥੭॥ | O Nanak, the One Creator Lord is pervading hearth and home. \|\|4\|\|7\|\| |
| ਗਉੜੀ ਮਹਲਾ ੧ ॥ | Gauree, First Mehl: |
| ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ | The inverted heart-lotus has been turned upright, through reflective meditation on God. |
| ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥ | From the Sky of the Tenth Gate, the Ambrosial Nectar trickles down. |
| ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥ | The Lord Himself is pervading the three worlds. \|\|1\|\| |
| ਰੇ ਮਨ ਮੇਰੇ ਭਰਮੁ ਨ ਕੀਜੈ ॥ | O my mind, do not give in to doubt. |
| ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥ | When the mind surrenders to the Name, it drinks in the essence of Ambrosial Nectar. \|\|1\|\|Pause\|\| |
| ਜਨਮੁ ਜੀਤਿ ਮਰਣਿ ਮਨੁ ਮਾਨਿਆ ॥ | So win the game of life; let your mind surrender and accept death. |
| ਆਪਿ ਮੂਆ ਮਨੁ ਮਨ ਤੇ ਜਾਨਿਆ ॥ | When the self dies, the individual mind comes to know the Supreme Mind. |

| | |
|---|---|
| ਨਜਰਿ ਭਈ ਘਰੁ ਘਰ ਤੇ ਜਾਨਿਆ ॥੨॥ | As the inner vision is awakened, one comes to know one's own home, deep within the self. ‖2‖ |
| ਜਤੁ ਸਤੁ ਤੀਰਥੁ ਮਜਨੁ ਨਾਮਿ ॥ | The Naam, the Name of the Lord, is austerity, chastity and cleansing baths at sacred shrines of pilgrimage. |
| ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥ | What good are ostentatious displays? |
| ਨਰ ਨਾਰਾਇਣ ਅੰਤਰਜਾਮਿ ॥੩॥ | The All-pervading Lord is the Inner-knower, the Searcher of hearts. ‖3‖ |
| ਆਨ ਮਨਉ ਤਉ ਪਰ ਘਰ ਜਾਉ ॥ | If I had faith in someone else, then I would go to that one's house. |
| ਕਿਸੁ ਜਾਚਉ ਨਾਹੀ ਕੋ ਥਾਉ ॥ | But where should I go, to beg? There is no other place for me. |
| ਨਾਨਕ ਗੁਰਮਤਿ ਸਹਜਿ ਸਮਾਉ ॥੪॥੮॥ | O Nanak, through the Guru's Teachings, I am intuitively absorbed in the Lord. ‖4‖8‖ |
| ਗਉੜੀ ਮਹਲਾ ੧ ॥ | Gauree, First Mehl: |
| ਸਤਿਗੁਰੁ ਮਿਲੈ ਸੁ ਮਰਣੁ ਦਿਖਾਏ ॥ | Meeting the True Guru, we are shown the way to die. |
| ਮਰਣ ਰਹਣ ਰਸੁ ਅੰਤਰਿ ਭਾਏ ॥ | Remaining alive in this death brings joy deep within. |
| ਗਰਬੁ ਨਿਵਾਰਿ ਗਗਨ ਪੁਰੁ ਪਾਏ ॥੧॥ | Overcoming egotistical pride, the Tenth Gate is found. ‖1‖ |
| ਮਰਣੁ ਲਿਖਾਇ ਆਏ ਨਹੀ ਰਹਣਾ ॥ | Death is pre-ordained - no one who comes can remain here. |
| ਹਰਿ ਜਪਿ ਜਾਪਿ ਰਹਣੁ ਹਰਿ ਸਰਣਾ ॥੧॥ ਰਹਾਉ ॥ | So chant and meditate on the Lord, and remain in the Sanctuary of the Lord. ‖1‖Pause‖ |
| ਸਤਿਗੁਰੁ ਮਿਲੈ ਤ ਦੁਬਿਧਾ ਭਾਗੈ ॥ | Meeting the True Guru, duality is dispelled. |
| ਕਮਲੁ ਬਿਗਾਸਿ ਮਨੁ ਹਰਿ ਪ੍ਰਭ ਲਾਗੈ ॥ | The heart-lotus blossoms forth, and the mind is attached to the Lord God. |
| ਜੀਵਤੁ ਮਰੈ ਮਹਾ ਰਸੁ ਆਗੈ ॥੨॥ | One who remains dead while yet alive obtains the greatest happiness hereafter. ‖2‖ |
| ਸਤਿਗੁਰਿ ਮਿਲਿਐ ਸਚ ਸੰਜਮਿ ਸੂਚਾ ॥ | Meeting the True Guru, one becomes truthful, chaste and pure. |
| ਗੁਰ ਕੀ ਪਉੜੀ ਊਚੋ ਊਚਾ ॥ | Climbing up the steps of the Guru's Path, one becomes the highest of the high. |
| ਕਰਮਿ ਮਿਲੈ ਜਮ ਕਾ ਭਉ ਮੂਚਾ ॥੩॥ | When the Lord grants His Mercy, the fear of death is conquered. ‖3‖ |

| | |
|---|---|
| ਗੁਰਿ ਮਿਲਿਐ ਮਿਲਿ ਅੰਕਿ ਸਮਾਇਆ ॥ | Uniting in Guru's Union, we are absorbed in His Loving Embrace. |
| ਕਰਿ ਕਿਰਪਾ ਘਰੁ ਮਹਲੁ ਦਿਖਾਇਆ ॥ | Granting His Grace, He reveals the Mansion of His Presence, within the home of the self. |
| ਨਾਨਕ ਹਉਮੈ ਮਾਰਿ ਮਿਲਾਇਆ ॥੪॥੯॥ | O Nanak, conquering egotism, we are absorbed into the Lord. \|\|4\|\|9\|\| |

## ੧੫੪ / 154

| | |
|---|---|
| ਗਉੜੀ ਮਹਲਾ ੧ ॥ | Gauree, First Mehl: |
| ਕਿਰਤੁ ਪਇਆ ਨਹ ਮੇਟੈ ਕੋਇ ॥ | Past actions cannot be erased. |
| ਕਿਆ ਜਾਣਾ ਕਿਆ ਆਗੈ ਹੋਇ ॥ | What do we know of what will happen hereafter? |
| ਜੋ ਤਿਸੁ ਭਾਣਾ ਸੋਈ ਹੂਆ ॥ | Whatever pleases Him shall come to pass. |
| ਅਵਰੁ ਨ ਕਰਣੈ ਵਾਲਾ ਦੂਆ ॥੧॥ | There is no other Doer except Him. \|\|1\|\| |
| ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥ | I do not know about karma, or how great Your gifts are. |
| ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥੧॥ ਰਹਾਉ ॥ | The karma of actions, the Dharma of righteousness, social class and status, are contained within Your Name. \|\|1\|\|Pause\|\| |
| ਤੂ ਏਵਡੁ ਦਾਤਾ ਦੇਵਣਹਾਰੁ ॥ | You are So Great, O Giver, O Great Giver! |
| ਤੋਟਿ ਨਾਹੀ ਤੁਧੁ ਭਗਤਿ ਭੰਡਾਰ ॥ | The treasure of Your devotional worship is never exhausted. |
| ਕੀਆ ਗਰਬੁ ਨ ਆਵੈ ਰਾਸਿ ॥ | One who takes pride in himself shall never be right. |
| ਜੀਉ ਪਿੰਡੁ ਸਭੁ ਤੇਰੈ ਪਾਸਿ ॥੨॥ | The soul and body are all at Your disposal. \|\|2\|\| |
| ਤੂ ਮਾਰਿ ਜੀਵਾਲਹਿ ਬਖਸਿ ਮਿਲਾਇ ॥ | You kill and rejuvenate. You forgive and merge us into Yourself. |
| ਜਿਉ ਭਾਵੀ ਤਿਉ ਨਾਮੁ ਜਪਾਇ ॥ | As it pleases You, You inspire us to chant Your Name. |
| ਤੂੰ ਦਾਨਾ ਬੀਨਾ ਸਾਚਾ ਸਿਰਿ ਮੇਰੈ ॥ | You are All-knowing, All-seeing and True, O my Supreme Lord. |
| ਗੁਰਮਤਿ ਦੇਇ ਭਰੋਸੈ ਤੇਰੈ ॥੩॥ | Please, bless me with the Guru's Teachings; my faith is in You alone. \|\|3\|\| |
| ਤਨ ਮਹਿ ਮੈਲੁ ਨਾਹੀ ਮਨੁ ਰਾਤਾ ॥ | One whose mind is attuned to the Lord, has no pollution in his body. |

| | |
|---|---|
| ਗੁਰ ਬਚਨੀ ਸਚੁ ਸਬਦਿ ਪਛਾਤਾ ॥ | Through the Guru's Word, the True Shabad is realized. |
| ਤੇਰਾ ਤਾਣੁ ਨਾਮ ਕੀ ਵਡਿਆਈ ॥ | All Power is Yours, through the greatness of Your Name. |
| ਨਾਨਕ ਰਹਣਾ ਭਗਤਿ ਸਰਣਾਈ ॥੪॥੧੦॥ | Nanak abides in the Sanctuary of Your devotees. ‖4‖10‖ |
| ਗਉੜੀ ਮਹਲਾ ੧ ॥ | Gauree, First Mehl: |
| ਜਿਨਿ ਅਕਥੁ ਕਹਾਇਆ ਅਪਿਓ ਪੀਆਇਆ ॥ | Those who speak the Unspoken, drink in the Nectar. |
| ਅਨ ਭੈ ਵਿਸਰੇ ਨਾਮਿ ਸਮਾਇਆ ॥੧॥ | Other fears are forgotten, and they are absorbed into the Naam, the Name of the Lord. ‖1‖ |
| ਕਿਆ ਡਰੀਐ ਡਰੁ ਡਰਹਿ ਸਮਾਨਾ ॥ | Why should we fear, when fear is dispelled by the Fear of God? |
| ਪੂਰੇ ਗੁਰ ਕੈ ਸਬਦਿ ਪਛਾਨਾ ॥੧॥ ਰਹਾਉ ॥ | Through the Shabad, the Word of the Perfect Guru, I recognize God. ‖1‖Pause‖ |
| ਜਿਸੁ ਨਰ ਰਾਮੁ ਰਿਦੈ ਹਰਿ ਰਾਸਿ ॥ ਸਹਜਿ ਸੁਭਾਇ ਮਿਲੇ ਸਾਬਾਸਿ ॥੨॥ | Those whose hearts are filled with the Lord's essence are blessed and acclaimed, and intuitively absorbed into the Lord. ‖2‖ |
| ਜਾਹਿ ਸਵਾਰੈ ਸਾਞ ਬਿਆਲ ॥ | Those whom the Lord puts to sleep, evening and morning |
| ਇਤ ਉਤ ਮਨਮੁਖ ਬਾਧੇ ਕਾਲ ॥੩॥ | - those self-willed manmukhs are bound and gagged by Death, here and hereafter. ‖3‖ |
| ਅਹਿਨਿਸਿ ਰਾਮੁ ਰਿਦੈ ਸੇ ਪੂਰੇ ॥ | Those whose hearts are filled with the Lord, day and night, are perfect. |
| ਨਾਨਕ ਰਾਮ ਮਿਲੇ ਭ੍ਰਮ ਦੂਰੇ ॥੪॥੧੧॥ | O Nanak, they merge into the Lord, and their doubts are cast away. ‖4‖11‖ |
| ਗਉੜੀ ਮਹਲਾ ੧ ॥ | Gauree, First Mehl: |
| ਜਨਮਿ ਮਰੈ ਤ੍ਰੈ ਗੁਣ ਹਿਤਕਾਰੁ ॥ | One who loves the three qualities is subject to birth and death. |
| ਚਾਰੇ ਬੇਦ ਕਥਹਿ ਆਕਾਰੁ ॥ | The four Vedas speak only of the visible forms. |
| ਤੀਨਿ ਅਵਸਥਾ ਕਹਹਿ ਵਖਿਆਨੁ ॥ | They describe and explain the three states of mind, |
| ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ ॥੧॥ | but the fourth state, union with the Lord, is known only through the True Guru. ‖1‖ |

| | |
|---|---|
| ਰਾਮ ਭਗਤਿ ਗੁਰ ਸੇਵਾ ਤਰਣਾ ॥ | Through devotional worship of the Lord, and service to the Guru, one swims across. |
| ਬਾਹੁੜਿ ਜਨਮੁ ਨ ਹੋਇ ਹੈ ਮਰਣਾ ॥੧॥ ਰਹਾਉ ॥ | Then, one is not born again, and is not subject to death. ‖1‖Pause‖ |
| ਚਾਰਿ ਪਦਾਰਥ ਕਹੈ ਸਭੁ ਕੋਈ ॥ | Everyone speaks of the four great blessings; |
| ਸਿੰਮ੍ਰਿਤਿ ਸਾਸਤ ਪੰਡਿਤ ਮੁਖਿ ਸੋਈ ॥ | the Simritees, the Shaastras and the Pandits speak of them as well. |
| ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ ॥ | But without the Guru, they do not understand their true significance. |
| ਮੁਕਤਿ ਪਦਾਰਥੁ ਭਗਤਿ ਹਰਿ ਪਾਇਆ ॥੨॥ | The treasure of liberation is obtained through devotional worship of the Lord. ‖2‖ |
| ਜਾ ਕੈ ਹਿਰਦੈ ਵਸਿਆ ਹਰਿ ਸੋਈ ॥ | Those, within whose hearts the Lord dwells, |
| ਗੁਰਮੁਖਿ ਭਗਤਿ ਪਰਾਪਤਿ ਹੋਈ ॥ | become Gurmukh; they receive the blessings of devotional worship. |
| ਹਰਿ ਕੀ ਭਗਤਿ ਮੁਕਤਿ ਆਨੰਦੁ ॥ | Through devotional worship of the Lord, liberation and bliss are obtained. |
| ਗੁਰਮਤਿ ਪਾਏ ਪਰਮਾਨੰਦੁ ॥੩॥ | Through the Guru's Teachings, supreme ecstasy is obtained. ‖3‖ |
| ਜਿਨਿ ਪਾਇਆ ਗੁਰਿ ਦੇਖਿ ਦਿਖਾਇਆ ॥ | One who meets the Guru, beholds Him, and inspires others to behold Him as well. |
| ਆਸਾ ਮਾਹਿ ਨਿਰਾਸੁ ਬੁਝਾਇਆ ॥ | In the midst of hope, the Guru teaches us to live above hope and desire. |
| ਦੀਨਾ ਨਾਥੁ ਸਰਬ ਸੁਖਦਾਤਾ ॥ | He is the Master of the meek, the Giver of peace to all. |
| ਨਾਨਕ ਹਰਿ ਚਰਣੀ ਮਨੁ ਰਾਤਾ ॥੪॥੧੨॥ | Nanak's mind is imbued with the Lotus Feet of the Lord. ‖4‖12‖ |
| ਗਉੜੀ ਚੇਤੀ ਮਹਲਾ ੧ ॥ | Gauree Chaytee, First Mehl: |
| ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ ॥ | With your nectar-like body, you live in comfort, but this world is just a passing drama. |
| ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥ | You practice greed, avarice and great falsehood, and you carry such a heavy burden. |
| ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ ॥੧॥ | O body, I have seen you blowing away like dust on the earth. ‖1‖ |

ਸੁਣਿ ਸੁਣਿ ਸਿਖ ਹਮਾਰੀ ॥

Listen - listen to my advice!

ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ ॥੧॥ ਰਹਾਉ ॥

Only the good deeds which you have done shall remain with you, O my soul. This opportunity shall not come again! ||1||Pause||

## ੧੫੫ 155

ਹਉ ਤੁਧੁ ਆਖਾ ਮੇਰੀ ਕਾਇਆ ਤੂੰ ਸੁਣਿ ਸਿਖ ਹਮਾਰੀ ॥

I say to you, O my body: listen to my advice!

ਨਿੰਦਾ ਚਿੰਦਾ ਕਰਹਿ ਪਰਾਈ ਝੂਠੀ ਲਾਇਤਬਾਰੀ ॥

You slander, and then praise others; you indulge in lies and gossip.

ਵੇਲਿ ਪਰਾਈ ਜੋਹਹਿ ਜੀਅੜੇ ਕਰਹਿ ਚੋਰੀ ਬੁਰਿਆਰੀ ॥

You gaze upon the wives of others, O my soul; you steal and commit evil deeds.

ਹੰਸੁ ਚਲਿਆ ਤੂੰ ਪਿਛੈ ਰਹੀਏਹਿ ਛੁਟੜਿ ਹੋਈਅਹਿ ਨਾਰੀ ॥੨॥

But when the swan departs, you shall remain behind, like an abandoned woman. ||2||

ਤੂੰ ਕਾਇਆ ਰਹੀਅਹਿ ਸੁਪਨੰਤਰਿ ਤੁਧੁ ਕਿਆ ਕਰਮ ਕਮਾਇਆ ॥

O body, you are living in a dream! What good deeds have you done?

ਕਰਿ ਚੋਰੀ ਮੈ ਜਾ ਕਿਛੁ ਲੀਆ ਤਾ ਮਨਿ ਭਲਾ ਭਾਇਆ ॥

When I stole something by deception, then my mind was pleased.

ਹਲਤਿ ਨ ਸੋਭਾ ਪਲਤਿ ਨ ਢੋਈ ਅਹਿਲਾ ਜਨਮੁ ਗਵਾਇਆ ॥੩॥

I have no honor in this world, and I shall find no shelter in the world hereafter. My life has been lost, wasted in vain! ||3||

ਹਉ ਖਰੀ ਦੁਹੇਲੀ ਹੋਈ ਬਾਬਾ ਨਾਨਕ ਮੇਰੀ ਬਾਤ ਨ ਪੁਛੈ ਕੋਈ ॥੧॥ ਰਹਾਉ ॥

I am totally miserable! O Baba Nanak, no one cares for me at all! ||1||Pause||

ਤਾਜੀ ਤੁਰਕੀ ਸੁਇਨਾ ਰੁਪਾ ਕਪੜ ਕੇਰੇ ਭਾਰਾ ॥

Turkish horses, gold, silver and loads of gorgeous clothes

ਕਿਸ ਹੀ ਨਾਲਿ ਨ ਚਲੇ ਨਾਨਕ ਝੜਿ ਝੜਿ ਪਏ ਗਵਾਰਾ ॥

- none of these shall go with you, O Nanak. They are lost and left behind, you fool!

ਕੂਜਾ ਮੇਵਾ ਮੈ ਸਭ ਕਿਛੁ ਚਾਖਿਆ ਇਕੁ ਅੰਮ੍ਰਿਤੁ ਨਾਮੁ ਤੁਮਾਰਾ ॥੪॥

I have tasted all the sugar candy and sweets, but Your Name alone is Ambrosial Nectar. ||4||

ਦੇ ਦੇ ਨੀਵ ਦਿਵਾਲ ਉਸਾਰੀ ਭਸਮੰਦਰ ਕੀ ਢੇਰੀ ॥

Digging deep foundations, the walls are constructed, but in the end, the buildings return to heaps of dust.

| | |
|---|---|
| ਸੰਚੇ ਸੰਚਿ ਨ ਦੇਈ ਕਿਸ ਹੀ ਅੰਧੁ ਜਾਣੈ ਸਭ ਮੇਰੀ ॥ | People gather and hoard their possessions, and give nothing to anyone else - the poor fools think that everything is theirs. |
| ਸੋਇਨ ਲੰਕਾ ਸੋਇਨ ਮਾੜੀ ਸੰਪੈ ਕਿਸੈ ਨ ਕੇਰੀ ॥੫॥ | Riches do not remain with anyone - not even the golden palaces of Sri Lanka. \|\|5\|\| |
| ਸੁਣਿ ਮੂਰਖ ਮੰਨ ਅਜਾਣਾ ॥ | Listen, you foolish and ignorant mind |
| ਹੋਗੁ ਤਿਸੈ ਕਾ ਭਾਣਾ ॥੧॥ ਰਹਾਉ ॥ | - only His Will prevails. \|\|1\|\|Pause\|\| |
| ਸਾਹੁ ਹਮਾਰਾ ਠਾਕੁਰੁ ਭਾਰਾ ਹਮ ਤਿਸ ਕੇ ਵਣਜਾਰੇ ॥ | My Banker is the Great Lord and Master. I am only His petty merchant. |
| ਜੀਉ ਪਿੰਡੁ ਸਭ ਰਾਸਿ ਤਿਸੈ ਕੀ ਮਾਰਿ ਆਪੇ ਜੀਵਾਲੇ ॥੬॥੧॥੧੩॥ | This soul and body all are His. He Himself kills, and brings back to life. \|\|6\|\|1\|\|13\|\| |
| ਗਉੜੀ ਚੇਤੀ ਮਹਲਾ ੧ ॥ | Gauree Chaytee, First Mehl: |
| ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥ | There are five of them, but I am all alone. How can I protect my hearth and home, O my mind? |
| ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥੧॥ | They are beating and plundering me over and over again; unto whom can I complain? \|\|1\|\| |
| ਸ੍ਰੀ ਰਾਮ ਨਾਮਾ ਉਚਰੁ ਮਨਾ ॥ | Chant the Name of the Supreme Lord, O my mind. |
| ਆਗੈ ਜਮ ਦਲੁ ਬਿਖਮੁ ਘਨਾ ॥੧॥ ਰਹਾਉ ॥ | Otherwise, in the world hereafter, you will have to face the awesome and cruel army of Death. \|\|1\|\|Pause\|\| |
| ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ ਬੈਠੀ ਸਾ ਧਨਾ ॥ | God has erected the temple of the body; He has placed the nine doors, and the soul-bride sits within. |
| ਅੰਮ੍ਰਿਤ ਕੇਲ ਕਰੇ ਨਿਤ ਕਾਮਣਿ ਅਵਰਿ ਲੁਟੇਨਿ ਸੁ ਪੰਚ ਜਨਾ ॥੨॥ | She enjoys the sweet play again and again, while the five demons are plundering her. \|\|2\|\| |
| ਢਾਹਿ ਮੜੋਲੀ ਲੂਟਿਆ ਦੇਹੁਰਾ ਸਾ ਧਨ ਪਕੜੀ ਏਕ ਜਨਾ ॥ | In this way, the temple is being demolished; the body is being plundered, and the soul-bride, left all alone, is captured. |
| ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ ਗਏ ਸੇ ਪੰਚ ਜਨਾ ॥੩॥ | Death strikes her down with his rod, the shackles are placed around her neck, and now the five have left. \|\|3\|\| |
| ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੁੜੇਨਿ ਸੁ ਖਾਧਾਤਾ ॥ | The wife yearns for gold and silver, and her friends, the senses, yearn for good food. |

ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮਪੁਰਿ ਬਾਧਾਤਾ ॥੪॥੨॥੧੪॥

O Nanak, she commits sins for their sake; she shall go, bound and gagged, to the City of Death. ||4||2||14||

ਗਉੜੀ ਚੇਤੀ ਮਹਲਾ ੧ ॥

Gauree Chaytee, First Mehl:

ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ ॥

Let your ear-rings be those ear-rings which pierce deep within your heart. Let your body be your patched coat.

ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ ॥੧॥

Let the five passions be disciples under your control, O begging Yogi, and make this mind your walking stick. ||1||

ਜੋਗ ਜੁਗਤਿ ਇਵ ਪਾਵਸਿਤਾ ॥

Thus you shall find the Way of Yoga.

ਏਕੁ ਸਬਦੁ ਦੂਜਾ ਹੋਰੁ ਨਾਸਤਿ ਕੰਦ ਮੂਲਿ ਮਨੁ ਲਾਵਸਿਤਾ ॥੧॥ ਰਹਾਉ ॥

There is only the One Word of the Shabad; everything else shall pass away. Let this be the fruits and roots of your mind's diet. ||1||Pause||

ਮੂੰਡਿ ਮੁੰਡਾਇਐ ਜੇ ਗੁਰੁ ਪਾਈਐ ਹਮ ਗੁਰੁ ਕੀਨੀ ਗੰਗਾਤਾ ॥

Some try to find the Guru by shaving their heads at the Ganges, but I have made the Guru my Ganges.

ਤ੍ਰਿਭਵਣ ਤਾਰਣਹਾਰੁ ਸੁਆਮੀ ਏਕੁ ਨ ਚੇਤਸਿ ਅੰਧਾਤਾ ॥੨॥

The Saving Grace of the three worlds is the One Lord and Master, but those in darkness do not remember Him. ||2||

ਕਰਿ ਪਟੰਬੁ ਗਲੀ ਮਨੁ ਲਾਵਸਿ ਸੰਸਾ ਮੂਲਿ ਨ ਜਾਵਸਿਤਾ ॥

Practicing hypocrisy and attaching your mind to worldly objects, your doubt shall never depart.

## ੧੫੬

## 156

ਏਕਸੁ ਚਰਣੀ ਜੇ ਚਿਤੁ ਲਾਵਹਿ ਲਬਿ ਲੋਭਿ ਕੀ ਧਾਵਸਿਤਾ ॥੩॥

If you focus your consciousness on the Feet of the One Lord, what reason would you have to chase after greed? ||3||

ਜਪਸਿ ਨਿਰੰਜਨੁ ਰਚਸਿ ਮਨਾ ॥

Meditate on the Immaculate Lord, and saturate your mind with Him.

ਕਾਹੇ ਬੋਲਹਿ ਜੋਗੀ ਕਪਟੁ ਘਨਾ ॥੧॥ ਰਹਾਉ ॥

Why, O Yogi, do you make so many false and deceptive claims? ||1||Pause||

ਕਾਇਆ ਕਮਲੀ ਹੰਸੁ ਇਆਣਾ ਮੇਰੀ ਮੇਰੀ ਕਰਤ ਬਿਹਾਣੀਤਾ ॥

The body is wild, and the mind is foolish. Practicing egotism, selfishness and conceit, your life is passing away.

ਪ੍ਰਣਵਤਿ ਨਾਨਕੁ ਨਾਗੀ ਦਾਝੈ ਫਿਰਿ ਪਾਛੈ ਪਛੁਤਾਣੀਤਾ ॥੪॥੩॥੧੫॥

Prays Nanak, when the naked body is cremated, then you will come to regret and repent. ||4||3||15||

| | |
|---|---|
| ਗਉੜੀ ਚੇਤੀ ਮਹਲਾ ੧ ॥ | Gauree Chaytee, First Mehl: |
| ਅਉਖਧ ਮੰਤ੍ਰ ਮੂਲੁ ਮਨ ਏਕੈ ਜੇ ਕਰਿ ਦ੍ਰਿੜੁ ਚਿਤੁ ਕੀਜੈ ਰੇ ॥ | O mind, there is only the One medicine, mantra and healing herb - center your consciousness firmly on the One Lord. |
| ਜਨਮ ਜਨਮ ਕੇ ਪਾਪ ਕਰਮ ਕੇ ਕਾਟਨਹਾਰਾ ਲੀਜੈ ਰੇ ॥੧॥ | Take to the Lord, the Destroyer of the sins and karma of past incarnations. \|\|1\|\| |
| ਮਨ ਏਕੋ ਸਾਹਿਬੁ ਭਾਈ ਰੇ ॥ | The One Lord and Master is pleasing to my mind. |
| ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ ਲਖਣਾ ਜਾਈ ਰੇ ॥੧॥ ਰਹਾਉ ॥ | In Your three qualities, the world is engrossed; the Unknowable cannot be known. \|\|1\|\|Pause\|\| |
| ਸਕਰ ਖੰਡੁ ਮਾਇਆ ਤਨਿ ਮੀਠੀ ਹਮ ਤਉ ਪੰਡ ਉਚਾਈ ਰੇ ॥ | Maya is so sweet to the body, like sugar or molasses. We all carry loads of it. |
| ਰਾਤਿ ਅਨੇਰੀ ਸੂਝਸਿ ਨਾਹੀ ਲਜੁ ਟੂਕਸਿ ਮੂਸਾ ਭਾਈ ਰੇ ॥੨॥ | In the dark of the night, nothing can be seen. The mouse of death is gnawing away at the rope of life, O Siblings of Destiny! \|\|2\|\| |
| ਮਨਮੁਖਿ ਕਰਹਿ ਤੇਤਾ ਦੁਖੁ ਲਾਗੈ ਗੁਰਮੁਖਿ ਮਿਲੈ ਵਡਾਈ ਰੇ ॥ | As the self-willed manmukhs act, they suffer in pain. The Gurmukh obtains honor and greatness. |
| ਜੋ ਤਿਨਿ ਕੀਆ ਸੋਈ ਹੋਆ ਕਿਰਤੁ ਨ ਮੇਟਿਆ ਜਾਈ ਰੇ ॥੩॥ | Whatever He does, that alone happens; past actions cannot be erased. \|\|3\|\| |
| ਸੁਭਰ ਭਰੇ ਨ ਹੋਵਹਿ ਊਣੇ ਜੋ ਰਾਤੇ ਰੰਗੁ ਲਾਈ ਰੇ ॥ | Those who are imbued with, and committed to the Lord's Love, are filled to overflowing; they never lack anything. |
| ਤਿਨ ਕੀ ਪੰਕ ਹੋਵੈ ਜੇ ਨਾਨਕੁ ਤਉ ਮੂੜਾ ਕਿਛੁ ਪਾਈ ਰੇ ॥੪॥੪॥੧੬॥ | If Nanak could be the dust of their feet, then he, the ignorant one, might also obtain some. \|\|4\|\|4\|\|16\|\| |
| ਗਉੜੀ ਚੇਤੀ ਮਹਲਾ ੧ ॥ | Gauree Chaytee, First Mehl: |
| ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ ॥ | Who is our mother, and who is our father? Where did we come from? |
| ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ ॥੧॥ | We are formed from the fire of the womb within, and the bubble of water of the sperm. For what purpose are we created? \|\|1\|\| |
| ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ ॥ | O my Master, who can know Your Glorious Virtues? |

| | |
|---|---|
| ਕਹੇ ਨ ਜਾਨੀ ਅਉਗਣ ਮੇਰੇ ॥੧॥ ਰਹਾਉ ॥ | My own demerits cannot be counted. \|\|1\|\|Pause\|\| |
| ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥ | I took the form of so many plants and trees, and so many animals. |
| ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥੨॥ | Many times I entered the families of snakes and flying birds. \|\|2\|\| |
| ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥ | I broke into the shops of the city and well-guarded palaces; stealing from them, I snuck home again. |
| ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥੩॥ | I looked in front of me, and I looked behind me, but where could I hide from You? \|\|3\|\| |
| ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ ॥ | I saw the banks of sacred rivers, the nine continents, the shops and bazaars of the cities. |
| ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ ॥੪॥ | Taking the scale, the merchant begins to weigh his actions within his own heart. \|\|4\|\| |
| ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥ | As the seas and the oceans are overflowing with water, so vast are my own sins. |
| ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥੫॥ | Please, shower me with Your Mercy, and take pity upon me. I am a sinking stone - please carry me across! \|\|5\|\| |
| ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥ | My soul is burning like fire, and the knife is cutting deep. |
| ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥੬॥੫॥੧੭॥ | Prays Nanak, recognizing the Lord's Command, I am at peace, day and night. \|\|6\|\|5\|\|17\|\| |
| ਗਉੜੀ ਬੈਰਾਗਣਿ ਮਹਲਾ ੧ ॥ | Gauree Bairaagan, First Mehl: |
| ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥ | The nights are wasted sleeping, and the days are wasted eating. |
| ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥੧॥ | Human life is such a precious jewel, but it is being lost in exchange for a mere shell. \|\|1\|\| |
| ਨਾਮੁ ਨ ਜਾਨਿਆ ਰਾਮ ਕਾ ॥ | You do not know the Name of the Lord. |
| ਮੂੜੇ ਫਿਰਿ ਪਾਛੈ ਪਛੁਤਾਹਿ ਰੇ ॥੧॥ ਰਹਾਉ ॥ | You fool - you shall regret and repent in the end! \|\|1\|\|Pause\|\| |

| | |
|---|---|
| ਅਨਤਾ ਧਨੁ ਧਰਣੀ ਧਰੇ ਅਨਤ ਨ ਚਾਹਿਆ ਜਾਇ ॥ | You bury your temporary wealth in the ground, but how can you love that which is temporary? |
| ਅਨਤ ਕਉ ਚਾਹਨ ਜੋ ਗਏ ਸੇ ਆਏ ਅਨਤ ਗਵਾਇ ॥੨॥ | Those who have departed, after craving for temporary wealth, have returned home without this temporary wealth. \|\|2\|\| |
| ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ ॥ | If people could gather it in by their own efforts, then everyone would be so lucky. |
| **੧੫੭** | **157** |
| ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥੩॥ | According to the karma of past actions, one's destiny unfolds, even though everyone wants to be so lucky. \|\|3\|\| |
| ਨਾਨਕ ਕਰਣਾ ਜਿਨਿ ਕੀਆ ਸੋਈ ਸਾਰ ਕਰੇਇ ॥ | O Nanak, the One who created the creation - He alone takes care of it. |
| ਹੁਕਮੁ ਨ ਜਾਪੀ ਖਸਮ ਕਾ ਕਿਸੈ ਵਡਾਈ ਦੇਇ ॥੪॥੧॥੧੮॥ | The Hukam of our Lord and Master's Command cannot be known; He Himself blesses us with greatness. \|\|4\|\|1\|\|18\|\| |
| ਗਉੜੀ ਬੈਰਾਗਣਿ ਮਹਲਾ ੧ ॥ | Gauree Bairaagan, First Mehl: |
| ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ ॥ | What if I were to become a deer, and live in the forest, picking and eating fruits and roots |
| ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ ॥੧॥ | - by Guru's Grace, I am a sacrifice to my Master. Again and again, I am a sacrifice, a sacrifice. \|\|1\|\| |
| ਮੈ ਬਨਜਾਰਨਿ ਰਾਮ ਕੀ ॥ | I am the shop-keeper of the Lord. |
| ਤੇਰਾ ਨਾਮੁ ਵਖਰੁ ਵਾਪਾਰੁ ਜੀ ॥੧॥ ਰਹਾਉ ॥ | Your Name is my merchandise and trade. \|\|1\|\|Pause\|\| |
| ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ ॥ | If I were to become a cuckoo, living in a mango tree, I would still contemplate the Word of the Shabad. |
| ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ ॥੨॥ | I would still meet my Lord and Master, with intuitive ease; the Darshan, the Blessed Vision of His Form, is incomparably beautiful. \|\|2\|\| |
| ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ ॥ | If I were to become a fish, living in the water, I would still remember the Lord, who watches over all beings and creatures. |

| | |
|---|---|
| ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ ॥੩॥ | My Husband Lord dwells on this shore, and on the shore beyond; I would still meet Him, and hug Him close in my embrace. \|\|3\|\| |
| ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ ॥ | If I were to become a snake, living in the ground, the Shabad would still dwell in my mind, and my fears would be dispelled. |
| ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ ॥੪॥੨॥੧੯॥ | O Nanak, they are forever the happy soul-brides, whose light merges into His Light. \|\|4\|\|2\|\|19\|\| |
| ਗਉੜੀ ਪੂਰਬੀ ਦੀਪਕੀ ਮਹਲਾ ੧ | Gauree Poorbee Deepkee, First Mehl: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥ | In that house where the Praises of the Creator are chanted |
| ਤਿਤੁ ਘਰਿ ਗਾਵਹੁ ਸੋਹਿਲਾ ਸਿਵਰਹੁ ਸਿਰਜਣਹਾਰੋ ॥੧॥ | - in that house, sing the Songs of Praise, and meditate in remembrance on the Creator Lord. \|\|1\|\| |
| ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥ | Sing the Songs of Praise of my Fearless Lord. |
| ਹਉ ਵਾਰੀ ਜਾਉ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥ | I am a sacrifice to that Song of Praise which brings eternal peace. \|\|1\|\|Pause\|\| |
| ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥ | Day after day, He cares for His beings; the Great Giver watches over all. |
| ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥ | Your gifts cannot be appraised; how can anyone compare to the Giver? \|\|2\|\| |
| ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥ | The day of my wedding is pre-ordained. Come - let's gather together and pour the oil over the threshold. |
| ਦੇਹੁ ਸਜਣ ਆਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥ | My friends, give me your blessings, that I may merge with my Lord and Master. \|\|3\|\| |
| ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥ | Unto each and every home, into each and every heart, this summons is sent out; the call comes each and every day. |
| ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥੨੦॥ | Remember in meditation the One who summons us; O Nanak, that day is drawing near! \|\|4\|\|1\|\|20\|\| |

| | |
|---|---|
| ਰਾਗੁ ਗਉੜੀ ਗੁਆਰੇਰੀ ॥ | Raag Gauree Gwaarayree: |
| ਮਹਲਾ ੩ ਚਉਪਦੇ ॥ | Third Mehl, Chau-Padas: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਗੁਰਿ ਮਿਲਿਐ ਹਰਿ ਮੇਲਾ ਹੋਈ ॥ | Meeting the Guru, we meet the Lord. |
| ਆਪੇ ਮੇਲਿ ਮਿਲਾਵੈ ਸੋਈ ॥ | He Himself unites us in His Union. |
| ਮੇਰਾ ਪ੍ਰਭੁ ਸਭ ਬਿਧਿ ਆਪੇ ਜਾਣੈ ॥ | My God knows all His Own Ways. |
| ਹੁਕਮੇ ਮੇਲੇ ਸਬਦਿ ਪਛਾਣੈ ॥੧॥ | By the Hukam of His Command, He unites those who recognize the Word of the Shabad. \|\|1\|\| |
| ਸਤਿਗੁਰ ਕੈ ਭਇ ਭ੍ਰਮੁ ਭਉ ਜਾਇ ॥ | By the Fear of the True Guru, doubt and fear are dispelled. |
| ਭੈ ਰਾਚੈ ਸਚ ਰੰਗਿ ਸਮਾਇ ॥੧॥ ਰਹਾਉ ॥ | Imbued with His Fear, we are absorbed in the Love of the True One. \|\|1\|\|Pause\|\| |
| ਗੁਰਿ ਮਿਲਿਐ ਹਰਿ ਮਨਿ ਵਸੈ ਸੁਭਾਇ ॥ | Meeting the Guru, the Lord naturally dwells within the mind. |
| ਮੇਰਾ ਪ੍ਰਭੁ ਭਾਰਾ ਕੀਮਤਿ ਨਹੀ ਪਾਇ ॥ | My God is Great and Almighty; His value cannot be estimated. |
| ਸਬਦਿ ਸਾਲਾਹੈ ਅੰਤੁ ਨ ਪਾਰਾਵਾਰੁ ॥ | Through the Shabad, I praise Him; He has no end or limitations. |
| ਮੇਰਾ ਪ੍ਰਭੁ ਬਖਸੇ ਬਖਸਣਹਾਰੁ ॥੨॥ | My God is the Forgiver. I pray that He may forgive me. \|\|2\|\| |
| ਗੁਰਿ ਮਿਲਿਐ ਸਭ ਮਤਿ ਬੁਧਿ ਹੋਇ ॥ | Meeting the Guru, all wisdom and understanding are obtained. |
| **੧੫੮** | **158** |
| ਮਨਿ ਨਿਰਮਲਿ ਵਸੈ ਸਚੁ ਸੋਇ ॥ | The mind becomes pure, when the True Lord dwells within. |
| ਸਾਚਿ ਵਸਿਐ ਸਾਚੀ ਸਭ ਕਾਰ ॥ | When one dwells in Truth, all actions become true. |
| ਊਤਮ ਕਰਣੀ ਸਬਦ ਬੀਚਾਰ ॥੩॥ | The ultimate action is to contemplate the Word of the Shabad. \|\|3\|\| |
| ਗੁਰ ਤੇ ਸਾਚੀ ਸੇਵਾ ਹੋਇ ॥ | Through the Guru, true service is performed. |
| ਗੁਰਮੁਖਿ ਨਾਮੁ ਪਛਾਣੈ ਕੋਇ ॥ | How rare is that Gurmukh who recognizes the Naam, the Name of the Lord. |
| ਜੀਵੈ ਦਾਤਾ ਦੇਵਣਹਾਰੁ ॥ | The Giver, the Great Giver, lives forever. |

| | |
|---|---|
| ਨਾਨਕ ਹਰਿ ਨਾਮੇ ਲਗੈ ਪਿਆਰੁ ॥੪॥੧॥੨੧॥ | Nanak enshrines love for the Name of the Lord. \|\|4\|\|1\|\|21\|\| |
| ਗਉੜੀ ਗੁਆਰੇਰੀ ਮਹਲਾ ੩ ॥ | Gauree Gwaarayree, Third Mehl: |
| ਗੁਰ ਤੇ ਗਿਆਨੁ ਪਾਏ ਜਨੁ ਕੋਇ ॥ | Those who obtain spiritual wisdom from the Guru are very rare. |
| ਗੁਰ ਤੇ ਬੂਝੈ ਸੀਝੈ ਸੋਇ ॥ | Those who obtain this understanding from the Guru become acceptable. |
| ਗੁਰ ਤੇ ਸਹਜੁ ਸਾਚੁ ਬੀਚਾਰੁ ॥ | Through the Guru, we intuitively contemplate the True One. |
| ਗੁਰ ਤੇ ਪਾਏ ਮੁਕਤਿ ਦੁਆਰੁ ॥੧॥ | Through the Guru, the Gate of Liberation is found. \|\|1\|\| |
| ਪੂਰੈ ਭਾਗਿ ਮਿਲੈ ਗੁਰੁ ਆਇ ॥ | Through perfect good destiny, we come to meet the Guru. |
| ਸਾਚੈ ਸਹਜਿ ਸਾਚਿ ਸਮਾਇ ॥੧॥ ਰਹਾਉ ॥ | The true ones are intuitively absorbed in the True Lord. \|\|1\|\|Pause\|\| |
| ਗੁਰਿ ਮਿਲਿਐ ਤ੍ਰਿਸਨਾ ਅਗਨਿ ਬੁਝਾਏ ॥ | Meeting the Guru, the fire of desire is quenched. |
| ਗੁਰ ਤੇ ਸਾਂਤਿ ਵਸੈ ਮਨਿ ਆਏ ॥ | Through the Guru, peace and tranquility come to dwell within the mind. |
| ਗੁਰ ਤੇ ਪਵਿਤ ਪਾਵਨ ਸੁਚਿ ਹੋਇ ॥ | Through the Guru, we become pure, holy and true. |
| ਗੁਰ ਤੇ ਸਬਦਿ ਮਿਲਾਵਾ ਹੋਇ ॥੨॥ | Through the Guru, we are absorbed in the Word of the Shabad. \|\|2\|\| |
| ਬਾਝੁ ਗੁਰੂ ਸਭ ਭਰਮਿ ਭੁਲਾਈ ॥ | Without the Guru, everyone wanders in doubt. |
| ਬਿਨੁ ਨਾਵੈ ਬਹੁਤਾ ਦੁਖੁ ਪਾਈ ॥ | Without the Name, they suffer in terrible pain. |
| ਗੁਰਮੁਖਿ ਹੋਵੈ ਸੁ ਨਾਮੁ ਧਿਆਈ ॥ | Those who meditate on the Naam become Gurmukh. |
| ਦਰਸਨਿ ਸਚੈ ਸਚੀ ਪਤਿ ਹੋਈ ॥੩॥ | True honor is obtained through the Darshan, the Blessed Vision of the True Lord. \|\|3\|\| |
| ਕਿਸ ਨੋ ਕਹੀਐ ਦਾਤਾ ਇਕੁ ਸੋਈ ॥ | Why speak of any other? He alone is the Giver. |
| ਕਿਰਪਾ ਕਰੇ ਸਬਦਿ ਮਿਲਾਵਾ ਹੋਈ ॥ | When He grants His Grace, union with the Shabad is obtained. |
| ਮਿਲਿ ਪ੍ਰੀਤਮ ਸਾਚੇ ਗੁਣ ਗਾਵਾ ॥ | Meeting with my Beloved, I sing the Glorious Praises of the True Lord. |
| ਨਾਨਕ ਸਾਚੇ ਸਾਚਿ ਸਮਾਵਾ ॥੪॥੨॥੨੨॥ | O Nanak, becoming true, I am absorbed in the True One. \|\|4\|\|2\|\|22\|\| |

| | |
|---|---|
| ਗਉੜੀ ਗੁਆਰੇਰੀ ਮਹਲਾ ੩ ॥ | Gauree Gwaarayree, Third Mehl: |
| ਸੁ ਥਾਉ ਸਚੁ ਮਨੁ ਨਿਰਮਲੁ ਹੋਇ ॥ | True is that place, where the mind becomes pure. |
| ਸਚਿ ਨਿਵਾਸੁ ਕਰੇ ਸਚੁ ਸੋਇ ॥ | True is the one who abides in Truth. |
| ਸਚੀ ਬਾਣੀ ਜੁਗ ਚਾਰੇ ਜਾਪੈ ॥ | The True Bani of the Word is known throughout the four ages. |
| ਸਭੁ ਕਿਛੁ ਸਾਚਾ ਆਪੇ ਆਪੈ ॥੧॥ | The True One Himself is everything. \|\|1\|\| |
| ਕਰਮੁ ਹੋਵੈ ਸਤਸੰਗਿ ਮਿਲਾਏ ॥ | Through the karma of good actions, one joins the Sat Sangat, the True Congregation. |
| ਹਰਿ ਗੁਣ ਗਾਵੈ ਬੈਸਿ ਸੁ ਥਾਏ ॥੧॥ ਰਹਾਉ ॥ | Sing the Glories of the Lord, sitting in that place. \|\|1\|\|Pause\|\| |
| ਜਲਉ ਇਹ ਜਿਹਵਾ ਦੂਜੈ ਭਾਇ ॥ | Burn this tongue, which loves duality, |
| ਹਰਿ ਰਸੁ ਨ ਚਾਖੈ ਫੀਕਾ ਆਲਾਇ ॥ | which does not taste the sublime essence of the Lord, and which utters insipid words. |
| ਬਿਨੁ ਬੂਝੇ ਤਨੁ ਮਨੁ ਫੀਕਾ ਹੋਇ ॥ | Without understanding, the body and mind become tasteless and insipid. |
| ਬਿਨੁ ਨਾਵੈ ਦੁਖੀਆ ਚਲਿਆ ਰੋਇ ॥੨॥ | Without the Name, the miserable ones depart crying out in pain. \|\|2\|\| |
| ਰਸਨਾ ਹਰਿ ਰਸੁ ਚਾਖਿਆ ਸਹਜਿ ਸੁਭਾਇ ॥ ਗੁਰ ਕਿਰਪਾ ਤੇ ਸਚਿ ਸਮਾਇ ॥ | One whose tongue naturally and intuitively tastes the Lord's sublime essence, by Guru's Grace, is absorbed in the True Lord. |
| ਸਾਚੇ ਰਾਤੀ ਗੁਰ ਸਬਦੁ ਵੀਚਾਰ ॥ | Imbued with Truth, one contemplates the Word of the Guru's Shabad, |
| ਅੰਮ੍ਰਿਤੁ ਪੀਵੈ ਨਿਰਮਲ ਧਾਰ ॥੩॥ | and drinks in the Ambrosial Nectar, from the immaculate stream within. \|\|3\|\| |
| ਨਾਮਿ ਸਮਾਵੈ ਜੋ ਭਾਡਾ ਹੋਇ ॥ | The Naam, the Name of the Lord, is collected in the vessel of the mind. |
| ਊਂਧੈ ਭਾਂਡੈ ਟਿਕੈ ਨ ਕੋਇ ॥ | Nothing is collected if the vessel is upside-down. |
| ਗੁਰ ਸਬਦੀ ਮਨਿ ਨਾਮਿ ਨਿਵਾਸੁ ॥ | Through the Word of the Guru's Shabad, the Naam abides within the mind. |
| ਨਾਨਕ ਸਚੁ ਭਾਂਡਾ ਜਿਸੁ ਸਬਦ ਪਿਆਸ ॥੪॥੩॥੨੩॥ | O Nanak, True is that vessel of the mind, which thirsts for the Shabad. \|\|4\|\|3\|\|23\|\| |

| | |
|---|---|
| ਗਉੜੀ ਗੁਆਰੇਰੀ ਮਹਲਾ ੩ ॥ | Gauree Gwaarayree, Third Mehl: |
| ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ ॥ | Some sing on and on, but their minds do not find happiness. |
| ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥ | In egotism, they sing, but it is wasted uselessly. |
| ਗਾਵਣਿ ਗਾਵਹਿ ਜਿਨ ਨਾਮ ਪਿਆਰੁ ॥ | Those who love the Naam, sing the song. |
| ਸਾਚੀ ਬਾਣੀ ਸਬਦ ਬੀਚਾਰੁ ॥੧॥ | They contemplate the True Bani of the Word, and the Shabad. \|\|1\|\| |
| ਗਾਵਤ ਰਹੈ ਜੇ ਸਤਿਗੁਰ ਭਾਵੈ ॥ | They sing on and on, if it pleases the True Guru. |
| ਮਨੁ ਤਨੁ ਰਾਤਾ ਨਾਮਿ ਸੁਹਾਵੈ ॥੧॥ ਰਹਾਉ ॥ | Their minds and bodies are embellished and adorned, attuned to the Naam, the Name of the Lord. \|\|1\|\|Pause\|\| |
| ਇਕਿ ਗਾਵਹਿ ਇਕਿ ਭਗਤਿ ਕਰੇਹਿ ॥ | Some sing, and some perform devotional worship. |
| ਨਾਮੁ ਨ ਪਾਵਹਿ ਬਿਨੁ ਅਸਨੇਹ ॥ | Without heart-felt love, the Naam is not obtained. |
| ਸਚੀ ਭਗਤਿ ਗੁਰ ਸਬਦ ਪਿਆਰਿ ॥ | True devotional worship consists of love for the Word of the Guru's Shabad. |
| ਅਪਨਾ ਪਿਰੁ ਰਾਖਿਆ ਸਦਾ ਉਰਿ ਧਾਰਿ ॥੨॥ | The devotee keeps his Beloved clasped tightly to his heart. \|\|2\|\| |
| **੧੫੯** | **159** |
| ਭਗਤਿ ਕਰਹਿ ਮੂਰਖ ਆਪੁ ਜਣਾਵਹਿ ॥ | The fools perform devotional worship by showing off; |
| ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ ॥ | they dance and dance and jump all around, but they only suffer in terrible pain. |
| ਨਚਿਐ ਟਪਿਐ ਭਗਤਿ ਨ ਹੋਇ ॥ | By dancing and jumping, devotional worship is not performed. |
| ਸਬਦਿ ਮਰੈ ਭਗਤਿ ਪਾਏ ਜਨੁ ਸੋਇ ॥੩॥ | But one who dies in the Word of the Shabad, obtains devotional worship. \|\|3\|\| |
| ਭਗਤਿ ਵਛਲੁ ਭਗਤਿ ਕਰਾਏ ਸੋਇ ॥ | The Lord is the Lover of His devotees; He inspires them to perform devotional worship. |
| ਸਚੀ ਭਗਤਿ ਵਿਚਹੁ ਆਪੁ ਖੋਇ ॥ | True devotional worship consists of eliminating selfishness and conceit from within. |
| ਮੇਰਾ ਪ੍ਰਭੁ ਸਾਚਾ ਸਭ ਬਿਧਿ ਜਾਣੈ ॥ | My True God knows all ways and means. |

| | |
|---|---|
| ਨਾਨਕ ਬਖਸੇ ਨਾਮੁ ਪਛਾਣੈ ॥੪॥੪॥੨੪॥ | O Nanak, He forgives those who recognize the Naam. \|\|4\|\|4\|\|24\|\| |
| ਗਉੜੀ ਗੁਆਰੇਰੀ ਮਹਲਾ ੩ ॥ | Gauree Gwaarayree, Third Mehl: |
| ਮਨੁ ਮਾਰੇ ਧਾਤੁ ਮਰਿ ਜਾਇ ॥ | When someone kills and subdues his own mind, his wandering nature is also subdued. |
| ਬਿਨੁ ਮੂਏ ਕੈਸੇ ਹਰਿ ਪਾਇ ॥ | Without such a death, how can one find the Lord? |
| ਮਨੁ ਮਰੈ ਦਾਰੂ ਜਾਣੈ ਕੋਇ ॥ | Only a few know the medicine to kill the mind. |
| ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥੧॥ | One whose mind dies in the Word of the Shabad, understands Him. \|\|1\|\| |
| ਜਿਸ ਨੋ ਬਖਸੇ ਦੇ ਵਡਿਆਈ ॥ | He grants greatness to those whom He forgives. |
| ਗੁਰ ਪਰਸਾਦਿ ਹਰਿ ਵਸੈ ਮਨਿ ਆਈ ॥੧॥ ਰਹਾਉ ॥ | By Guru's Grace, the Lord comes to dwell within the mind. \|\|1\|\|Pause\|\| |
| ਗੁਰਮੁਖਿ ਕਰਣੀ ਕਾਰ ਕਮਾਵੈ ॥ | The Gurmukh practices doing good deeds; |
| ਤਾ ਇਸੁ ਮਨ ਕੀ ਸੋਝੀ ਪਾਵੈ ॥ | thus he comes to understand this mind. |
| ਮਨੁ ਮੈ ਮਤੁ ਮੈਗਲ ਮਿਕਦਾਰਾ ॥ | The mind is like an elephant, drunk with wine. |
| ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥੨॥ | The Guru is the rod which controls it, and shows it the way. \|\|2\|\| |
| ਮਨੁ ਅਸਾਧੁ ਸਾਧੈ ਜਨੁ ਕੋਇ ॥ | The mind is uncontrollable; how rare are those who subdue it. |
| ਅਚਰੁ ਚਰੈ ਤਾ ਨਿਰਮਲੁ ਹੋਇ ॥ | Those who move the immovable become pure. |
| ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ | The Gurmukhs embellish and beautify this mind. |
| ਹਉਮੈ ਵਿਚਹੁ ਤਜੇ ਵਿਕਾਰ ॥੩॥ | They eradicate egotism and corruption from within. \|\|3\|\| |
| ਜੋ ਧੁਰਿ ਰਾਖਿਅਨੁ ਮੇਲਿ ਮਿਲਾਇ ॥ | Those who, by pre-ordained destiny, are united in the Lord's Union, |
| ਕਦੇ ਨ ਵਿਛੁੜਹਿ ਸਬਦਿ ਸਮਾਇ ॥ | are never separated from Him again; they are absorbed in the Shabad. |
| ਆਪਣੀ ਕਲਾ ਆਪੇ ਹੀ ਜਾਣੈ ॥ | He Himself knows His Own Almighty Power. |
| ਨਾਨਕ ਗੁਰਮੁਖਿ ਨਾਮੁ ਪਛਾਣੈ ॥੪॥੫॥੨੫॥ | O Nanak, the Gurmukh realizes the Naam, the Name of the Lord. \|\|4\|\|5\|\|25\|\| |

| | |
|---|---|
| ਗਉੜੀ ਗੁਆਰੇਰੀ ਮਹਲਾ ੩ ॥ | Gauree Gwaarayree, Third Mehl: |
| ਹਉਮੈ ਵਿਚਿ ਸਭੁ ਜਗੁ ਬਉਰਾਨਾ ॥ | The entire world has gone insane in egotism. |
| ਦੂਜੈ ਭਾਇ ਭਰਮਿ ਭੁਲਾਨਾ ॥ | In the love of duality, it wanders deluded by doubt. |
| ਬਹੁ ਚਿੰਤਾ ਚਿਤਵੈ ਆਪੁ ਨ ਪਛਾਨਾ ॥ | The mind is distracted by great anxiety; no one recognizes one's own self. |
| ਧੰਧਾ ਕਰਤਿਆ ਅਨਦਿਨੁ ਵਿਹਾਨਾ ॥੧॥ | Occupied with their own affairs, their nights and days are passing away. \|\|1\|\| |
| ਹਿਰਦੈ ਰਾਮੁ ਰਮਹੁ ਮੇਰੇ ਭਾਈ ॥ | Meditate on the Lord in your hearts, O my Siblings of Destiny. |
| ਗੁਰਮੁਖਿ ਰਸਨਾ ਹਰਿ ਰਸਨ ਰਸਾਈ ॥੧॥ ਰਹਾਉ ॥ | The Gurmukh's tongue savors the sublime essence of the Lord. \|\|1\|\|Pause\|\| |
| ਗੁਰਮੁਖਿ ਹਿਰਦੈ ਜਿਨਿ ਰਾਮੁ ਪਛਾਤਾ ॥ | The Gurmukhs recognize the Lord in their own hearts; |
| ਜਗਜੀਵਨੁ ਸੇਵਿ ਜੁਗ ਚਾਰੇ ਜਾਤਾ ॥ | they serve the Lord, the Life of the World. They are famous throughout the four ages. |
| ਹਉਮੈ ਮਾਰਿ ਗੁਰ ਸਬਦਿ ਪਛਾਤਾ ॥ | They subdue egotism, and realize the Word of the Guru's Shabad. |
| ਕ੍ਰਿਪਾ ਕਰੇ ਪ੍ਰਭ ਕਰਮ ਬਿਧਾਤਾ ॥੨॥ | God, the Architect of Destiny, showers His Mercy upon them. \|\|2\|\| |
| ਸੇ ਜਨ ਸਚੇ ਜੋ ਗੁਰ ਸਬਦਿ ਮਿਲਾਏ ॥ | True are those who merge into the Word of the Guru's Shabad; |
| ਧਾਵਤ ਵਰਜੇ ਠਾਕਿ ਰਹਾਏ ॥ | they restrain their wandering mind and keep it steady. |
| ਨਾਮੁ ਨਵ ਨਿਧਿ ਗੁਰ ਤੇ ਪਾਏ ॥ | The Naam, the Name of the Lord, is the nine treasures. It is obtained from the Guru. |
| ਹਰਿ ਕਿਰਪਾ ਤੇ ਹਰਿ ਵਸੈ ਮਨਿ ਆਏ ॥੩॥ | By the Lord's Grace, the Lord comes to dwell in the mind. \|\|3\|\| |
| ਰਾਮ ਰਾਮ ਕਰਤਿਆ ਸੁਖੁ ਸਾਂਤਿ ਸਰੀਰ ॥ | Chanting the Name of the Lord, Raam, Raam, the body becomes peaceful and tranquil. |
| ਅੰਤਰਿ ਵਸੈ ਨ ਲਾਗੈ ਜਮ ਪੀਰ ॥ | He dwells deep within - the pain of death does not touch Him. |
| ਆਪੇ ਸਾਹਿਬੁ ਆਪਿ ਵਜੀਰ ॥ | He Himself is our Lord and Master; He is His Own Advisor. |
| ਨਾਨਕ ਸੇਵਿ ਸਦਾ ਹਰਿ ਗੁਣੀ ਗਹੀਰ ॥੪॥੬॥੨੬॥ | O Nanak, serve the Lord forever; He is the treasure of glorious virtue. \|\|4\|\|6\|\|26\|\| |

| | |
|---|---|
| ਗਉੜੀ ਗੁਆਰੇਰੀ ਮਹਲਾ ੩ ॥ | Gauree Gwaarayree, Third Mehl: |
| ਸੋ ਕਿਉ ਵਿਸਰੈ ਜਿਸ ਕੇ ਜੀਅ ਪਰਾਨਾ ॥ | Why forget Him, unto whom the soul and the breath of life belong? |
| ਸੋ ਕਿਉ ਵਿਸਰੈ ਸਭ ਮਾਹਿ ਸਮਾਨਾ ॥ | Why forget Him, who is all-pervading? |
| ਜਿਤੁ ਸੇਵਿਐ ਦਰਗਹ ਪਤਿ ਪਰਵਾਨਾ ॥੧॥ | Serving Him, one is honored and accepted in the Court of the Lord. \|\|1\|\| |
| ਹਰਿ ਕੇ ਨਾਮ ਵਿਟਹੁ ਬਲਿ ਜਾਉ ॥ | I am a sacrifice to the Name of the Lord. |
| ਤੂੰ ਵਿਸਰਹਿ ਤਦਿ ਹੀ ਮਰਿ ਜਾਉ ॥੧॥ ਰਹਾਉ ॥ | If I were to forget You, at that very instant, I would die. \|\|1\|\|Pause\|\| |
| ਤਿਨ ਤੂੰ ਵਿਸਰਹਿ ਜਿ ਤੁਧੁ ਆਪਿ ਭੁਲਾਏ ॥ | Those whom You Yourself have led astray, forget You. |
| **੧੬੦** | **160** |
| ਤਿਨ ਤੂੰ ਵਿਸਰਹਿ ਜਿ ਦੂਜੈ ਭਾਏ ॥ | Those who are in love with duality forget You. |
| ਮਨਮੁਖ ਅਗਿਆਨੀ ਜੋਨੀ ਪਾਏ ॥੨॥ | The ignorant, self-willed manmukhs are consigned to reincarnation. \|\|2\|\| |
| ਜਿਨ ਇਕ ਮਨਿ ਤੁਠਾ ਸੇ ਸਤਿਗੁਰ ਸੇਵਾ ਲਾਏ ॥ ਜਿਨ ਇਕ ਮਨਿ ਤੁਠਾ ਤਿਨ ਹਰਿ ਮੰਨਿ ਵਸਾਏ ॥ | Those who are pleasing to the One Lord are assigned to His service and enshrine Him within their minds. |
| ਗੁਰਮਤੀ ਹਰਿ ਨਾਮਿ ਸਮਾਏ ॥੩॥ | Through the Guru's Teachings, they are absorbed in the Lord's Name. \|\|3\|\| |
| ਜਿਨਾ ਪੋਤੈ ਪੁੰਨੁ ਸੇ ਗਿਆਨ ਬੀਚਾਰੀ ॥ | Those who have virtue as their treasure, contemplate spiritual wisdom. |
| ਜਿਨਾ ਪੋਤੈ ਪੁੰਨੁ ਤਿਨ ਹਉਮੈ ਮਾਰੀ ॥ | Those who have virtue as their treasure, subdue egotism. |
| ਨਾਨਕ ਜੋ ਨਾਮਿ ਰਤੇ ਤਿਨ ਕਉ ਬਲਿਹਾਰੀ ॥੪॥੭॥੨੭॥ | Nanak is a sacrifice to those who are attuned to the Naam, the Name of the Lord. \|\|4\|\|7\|\|27\|\| |
| ਗਉੜੀ ਗੁਆਰੇਰੀ ਮਹਲਾ ੩ ॥ | Gauree Gwaarayree, Third Mehl: |
| ਤੂੰ ਅਕਥੁ ਕਿਉ ਕਥਿਆ ਜਾਹਿ ॥ | You are Indescribable; how can I describe You? |
| ਗੁਰ ਸਬਦੁ ਮਾਰਣੁ ਮਨ ਮਾਹਿ ਸਮਾਹਿ ॥ | Those who subdue their minds, through the Word of the Guru's Shabad, are absorbed in You. |

| | |
|---|---|
| ਤੇਰੇ ਗੁਣ ਅਨੇਕ ਕੀਮਤਿ ਨਹ ਪਾਹਿ ॥੧॥ | Your Glorious Virtues are countless; their value cannot be estimated. \|\|1\|\| |
| ਜਿਸ ਕੀ ਬਾਣੀ ਤਿਸੁ ਮਾਹਿ ਸਮਾਣੀ ॥ | The Word of His Bani belongs to Him; in Him, it is diffused. |
| ਤੇਰੀ ਅਕਥ ਕਥਾ ਗੁਰ ਸਬਦਿ ਵਖਾਣੀ ॥੧॥ ਰਹਾਉ ॥ | Your Speech cannot be spoken; through the Word of the Guru's Shabad, it is chanted. \|\|1\|\|Pause\|\| |
| ਜਹ ਸਤਿਗੁਰੁ ਤਹ ਸਤਸੰਗਤਿ ਬਣਾਈ ॥ | Where the True Guru is - there is the Sat Sangat, the True Congregation. |
| ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ ॥ | Where the True Guru is - there, the Glorious Praises of the Lord are intuitively sung. |
| ਜਹ ਸਤਿਗੁਰੁ ਤਹਾ ਹਉਮੈ ਸਬਦਿ ਜਲਾਈ ॥੨॥ | Where the True Guru is - there egotism is burnt away, through the Word of the Shabad. \|\|2\|\| |
| ਗੁਰਮੁਖਿ ਸੇਵਾ ਮਹਲੀ ਥਾਉ ਪਾਏ ॥ | The Gurmukhs serve Him; they obtain a place in the Mansion of His Presence. |
| ਗੁਰਮੁਖਿ ਅੰਤਰਿ ਹਰਿ ਨਾਮੁ ਵਸਾਏ ॥ | The Gurmukhs enshrine the Naam within the mind. |
| ਗੁਰਮੁਖਿ ਭਗਤਿ ਹਰਿ ਨਾਮਿ ਸਮਾਏ ॥੩॥ | The Gurmukhs worship the Lord, and are absorbed in the Naam. \|\|3\|\| |
| ਆਪੇ ਦਾਤਿ ਕਰੇ ਦਾਤਾਰੁ ॥ | The Giver Himself gives His Gifts, |
| ਪੂਰੇ ਸਤਿਗੁਰ ਸਿਉ ਲਗੈ ਪਿਆਰੁ ॥ | as we enshrine love for the True Guru. |
| ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ ॥੪॥੮॥੨੮॥ | Nanak celebrates those who are attuned to the Naam, the Name of the Lord. \|\|4\|\|8\|\|28\|\| |
| ਗਉੜੀ ਗੁਆਰੇਰੀ ਮਹਲਾ ੩ ॥ | Gauree Gwaarayree, Third Mehl: |
| ਏਕਸੁ ਤੇ ਸਭਿ ਰੂਪ ਹਹਿ ਰੰਗਾ ॥ | All forms and colors come from the One Lord. |
| ਪਉਣੁ ਪਾਣੀ ਬੈਸੰਤਰੁ ਸਭਿ ਸਹਲੰਗਾ ॥ | Air, water and fire are all kept together. |
| ਭਿੰਨ ਭਿੰਨ ਵੇਖੈ ਹਰਿ ਪ੍ਰਭੁ ਰੰਗਾ ॥੧॥ | The Lord God beholds the many and various colors. \|\|1\|\| |
| ਏਕੁ ਅਚਰਜੁ ਏਕੋ ਹੈ ਸੋਈ ॥ | The One Lord is wondrous and amazing! He is the One, the One and Only. |
| ਗੁਰਮੁਖਿ ਵੀਚਾਰੇ ਵਿਰਲਾ ਕੋਈ ॥੧॥ ਰਹਾਉ ॥ | How rare is that Gurmukh who meditates on the Lord. \|\|1\|\|Pause\|\| |

| | |
|---|---|
| ਸਹਜਿ ਭਵੈ ਪ੍ਰਭੁ ਸਭਨੀ ਥਾਈ ॥ | God is naturally pervading all places. |
| ਕਹਾ ਗੁਪਤੁ ਪ੍ਰਗਟੁ ਪ੍ਰਭਿ ਬਣਤ ਬਣਾਈ ॥ | Sometimes He is hidden, and sometimes He is revealed; thus God has made the world of His making. |
| ਆਪੇ ਸੁਤਿਆ ਦੇਇ ਜਗਾਈ ॥੨॥ | He Himself wakes us from sleep. \|\|2\|\| |
| ਤਿਸ ਕੀ ਕੀਮਤਿ ਕਿਨੈ ਨ ਹੋਈ ॥ | No one can estimate His value, |
| ਕਹਿ ਕਹਿ ਕਥਨੁ ਕਹੈ ਸਭੁ ਕੋਈ ॥ | although everyone has tried, over and over again, to describe Him. |
| ਗੁਰ ਸਬਦਿ ਸਮਾਵੈ ਬੂਝੈ ਹਰਿ ਸੋਈ ॥੩॥ | Those who merge in the Word of the Guru's Shabad, come to understand the Lord. \|\|3\|\| |
| ਸੁਣਿ ਸੁਣਿ ਵੇਖੈ ਸਬਦਿ ਮਿਲਾਏ ॥ | They listen to the Shabad continually; beholding Him, they merge into Him. |
| ਵਡੀ ਵਡਿਆਈ ਗੁਰ ਸੇਵਾ ਤੇ ਪਾਏ ॥ | They obtain glorious greatness by serving the Guru. |
| ਨਾਨਕ ਨਾਮਿ ਰਤੇ ਹਰਿ ਨਾਮਿ ਸਮਾਏ ॥੪॥੯॥੨੯॥ | O Nanak, those who are attuned to the Name are absorbed in the Lord's Name. \|\|4\|\|9\|\|29\|\| |
| ਗਉੜੀ ਗੁਆਰੇਰੀ ਮਹਲਾ ੩ ॥ | Gauree Gwaarayree, Third Mehl: |
| ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥ | The self-willed manmukhs are asleep, in love and attachment to Maya. |
| ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥ | The Gurmukhs are awake, contemplating spiritual wisdom and the Glory of God. |
| ਸੇ ਜਨ ਜਾਗੇ ਜਿਨ ਨਾਮ ਪਿਆਰਿ ॥੧॥ | Those humble beings who love the Naam, are awake and aware. \|\|1\|\| |
| ਸਹਜੇ ਜਾਗੈ ਸਵੈ ਨ ਕੋਇ ॥ | One who is awake to this intuitive wisdom does not fall asleep. |
| ਪੂਰੇ ਗੁਰ ਤੇ ਬੂਝੈ ਜਨੁ ਕੋਇ ॥੧॥ ਰਹਾਉ ॥ | How rare are those humble beings who understand this through the Perfect Guru. \|\|1\|\|Pause\|\| |
| ਅਸੰਤੁ ਅਨਾੜੀ ਕਦੇ ਨ ਬੂਝੈ ॥ | The unsaintly blockhead shall never understand. |
| ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥ | He babbles on and on, but he is infatuated with Maya. |
| ਅੰਧੁ ਅਗਿਆਨੀ ਕਦੇ ਨ ਸੀਝੈ ॥੨॥ | Blind and ignorant, he shall never be reformed. \|\|2\|\| |

| | |
|---|---|
| ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ ॥ | In this age, salvation comes only from the Lord's Name. |
| ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ ॥ | How rare are those who contemplate the Word of the Guru's Shabad. |
| ਆਪਿ ਤਰੈ ਸਗਲੇ ਕੁਲ ਉਧਾਰਾ ॥੩॥ | They save themselves, and save all their family and ancestors as well. \|\|3\|\| |

## ੧੬੧ 161

| | |
|---|---|
| ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥ | In this Dark Age of Kali Yuga, no one is interested in good karma, or Dharmic faith. |
| ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥ | This Dark Age was born in the house of evil. |
| ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥੪॥੧੦॥੩੦॥ | O Nanak, without the Naam, the Name of the Lord, no one is liberated. \|\|4\|\|10\|\|30\|\| |
| ਗਉੜੀ ਮਹਲਾ ੩ ਗੁਆਰੇਰੀ ॥ | Gauree, Third Mehl, Gwaarayree: |
| ਸਚਾ ਅਮਰੁ ਸਚਾ ਪਾਤਿਸਾਹੁ ॥ | True is the Lord King, True is His Royal Command. |
| ਮਨਿ ਸਾਚੈ ਰਾਤੇ ਹਰਿ ਵੇਪਰਵਾਹੁ ॥ ਸਚੈ ਮਹਲਿ ਸਚਿ ਨਾਮਿ ਸਮਾਹੁ ॥੧॥ | Those whose minds are attuned to the True, Carefree Lord enter the True Mansion of His Presence, and merge in the True Name. \|\|1\|\| |
| ਸੁਣਿ ਮਨ ਮੇਰੇ ਸਬਦੁ ਵੀਚਾਰਿ ॥ | Listen, O my mind: contemplate the Word of the Shabad. |
| ਰਾਮ ਜਪਹੁ ਭਵਜਲੁ ਉਤਰਹੁ ਪਾਰਿ ॥੧॥ ਰਹਾਉ ॥ | Chant the Lord's Name, and cross over the terrifying world-ocean. \|\|1\|\|Pause\|\| |
| ਭਰਮੇ ਆਵੈ ਭਰਮੇ ਜਾਇ ॥ | In doubt he comes, and in doubt he goes. |
| ਇਹੁ ਜਗੁ ਜਨਮਿਆ ਦੂਜੈ ਭਾਇ ॥ | This world is born out of the love of duality. |
| ਮਨਮੁਖਿ ਨ ਚੇਤੈ ਆਵੈ ਜਾਇ ॥੨॥ | The self-willed manmukh does not remember the Lord; he continues coming and going in reincarnation. \|\|2\|\| |
| ਆਪਿ ਭੁਲਾ ਕਿ ਪ੍ਰਭਿ ਆਪਿ ਭੁਲਾਇਆ ॥ | Does he himself go astray, or does God lead him astray? |
| ਇਹੁ ਜੀਉ ਵਿਡਾਣੀ ਚਾਕਰੀ ਲਾਇਆ ॥ | This soul is enjoined to the service of someone else. |

| | |
|---|---|
| ਮਹਾ ਦੁਖੁ ਖਟੇ ਬਿਰਥਾ ਜਨਮੁ ਗਵਾਇਆ ॥੩॥ | It earns only terrible pain, and this life is lost in vain. \|\|3\|\| |
| ਕਿਰਪਾ ਕਰਿ ਸਤਿਗੁਰੂ ਮਿਲਾਏ ॥ | Granting His Grace, He leads us to meet the True Guru. |
| ਏਕੋ ਨਾਮੁ ਚੇਤੇ ਵਿਚਹੁ ਭਰਮੁ ਚੁਕਾਏ ॥ | Remembering the One Name, doubt is cast out from within. |
| ਨਾਨਕ ਨਾਮੁ ਜਪੇ ਨਾਉ ਨਉ ਨਿਧਿ ਪਾਏ ॥੪॥੧੧॥੩੧॥ | O Nanak, chanting the Naam, the Name of the Lord, the nine treasures of the Name are obtained. \|\|4\|\|11\|\|31\|\| |
| ਗਉੜੀ ਗੁਆਰੇਰੀ ਮਹਲਾ ੩ ॥ | Gauree Gwaarayree, Third Mehl: |
| ਜਿਨਾ ਗੁਰਮੁਖਿ ਧਿਆਇਆ ਤਿਨ ਪੂਛਉ ਜਾਇ ॥ | Go and ask the Gurmukhs, who meditate on the Lord. |
| ਗੁਰ ਸੇਵਾ ਤੇ ਮਨੁ ਪਤੀਆਇ ॥ | Serving the Guru, the mind is satisfied. |
| ਸੇ ਧਨਵੰਤ ਹਰਿ ਨਾਮੁ ਕਮਾਇ ॥ | Those who earn the Lord's Name are wealthy. |
| ਪੂਰੇ ਗੁਰ ਤੇ ਸੋਝੀ ਪਾਇ ॥੧॥ | Through the Perfect Guru, understanding is obtained. \|\|1\|\| |
| ਹਰਿ ਹਰਿ ਨਾਮੁ ਜਪਹੁ ਮੇਰੇ ਭਾਈ ॥ | Chant the Name of the Lord, Har, Har, O my Siblings of Destiny. |
| ਗੁਰਮੁਖਿ ਸੇਵਾ ਹਰਿ ਘਾਲ ਥਾਇ ਪਾਈ ॥੧॥ ਰਹਾਉ ॥ | The Gurmukhs serve the Lord, and so they are accepted. \|\|1\|\|Pause\|\| |
| ਆਪੁ ਪਛਾਣੈ ਮਨੁ ਨਿਰਮਲੁ ਹੋਇ ॥ | Those who recognize the self - their minds become pure. |
| ਜੀਵਨ ਮੁਕਤਿ ਹਰਿ ਪਾਵੈ ਸੋਇ ॥ | They become Jivan-mukta, liberated while yet alive, and they find the Lord. |
| ਹਰਿ ਗੁਣ ਗਾਵੈ ਮਤਿ ਊਤਮ ਹੋਇ ॥ | Singing the Glorious Praises of the Lord, the intellect becomes pure and sublime, |
| ਸਹਜੇ ਸਹਜਿ ਸਮਾਵੈ ਸੋਇ ॥੨॥ | and they are easily and intuitively absorbed in the Lord. \|\|2\|\| |
| ਦੂਜੈ ਭਾਇ ਨ ਸੇਵਿਆ ਜਾਇ ॥ | In the love of duality, no one can serve the Lord. |
| ਹਉਮੈ ਮਾਇਆ ਮਹਾ ਬਿਖੁ ਖਾਇ ॥ | In egotism and Maya, they are eating toxic poison. |
| ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ ॥ | They are emotionally attached to their children, family and home. |
| ਮਨਮੁਖਿ ਅੰਧਾ ਆਵੈ ਜਾਇ ॥੩॥ | The blind, self-willed manmukhs come and go in reincarnation. \|\|3\|\| |
| ਹਰਿ ਹਰਿ ਨਾਮੁ ਦੇਵੈ ਜਨੁ ਸੋਇ ॥ ਅਨਦਿਨੁ ਭਗਤਿ ਗੁਰ ਸਬਦੀ ਹੋਇ ॥ | Those, unto whom the Lord bestows His Name, worship Him night and day, through the Word of the Guru's Shabad. |

| | |
|---|---|
| ਗੁਰਮਤਿ ਵਿਰਲਾ ਬੂਝੈ ਕੋਇ ॥ | How rare are those who understand the Guru's Teachings! |
| ਨਾਨਕ ਨਾਮਿ ਸਮਾਵੈ ਸੋਇ ॥੪॥੧੨॥੩੨॥ | O Nanak, they are absorbed in the Naam, the Name of the Lord. \|\|4\|\|12\|\|32\|\| |
| ਗਉੜੀ ਗੁਆਰੇਰੀ ਮਹਲਾ ੩ ॥ | Gauree Gwaarayree, Third Mehl: |
| ਗੁਰ ਸੇਵਾ ਜੁਗ ਚਾਰੇ ਹੋਈ ॥ | The Guru's service has been performed throughout the four ages. |
| ਪੂਰਾ ਜਨੁ ਕਾਰ ਕਮਾਵੈ ਕੋਈ ॥ | Very few are those perfect ones who do this good deed. |
| ਅਖੁਟੁ ਨਾਮ ਧਨੁ ਹਰਿ ਤੋਟਿ ਨ ਹੋਈ ॥ | The wealth of the Lord's Name is inexhaustible; it shall never be exhausted. |
| ਐਥੈ ਸਦਾ ਸੁਖੁ ਦਰਿ ਸੋਭਾ ਹੋਈ ॥੧॥ | In this world, it brings a constant peace, and at the Lord's Gate, it brings honor. \|\|1\|\| |
| ਏ ਮਨ ਮੇਰੇ ਭਰਮੁ ਨ ਕੀਜੈ ॥ | O my mind, have no doubt about this. |
| ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥ | Those Gurmukhs who serve, drink in the Ambrosial Nectar. \|\|1\|\|Pause\|\| |
| ਸਤਿਗੁਰੁ ਸੇਵਹਿ ਸੇ ਮਹਾਪੁਰਖ ਸੰਸਾਰੇ ॥ | Those who serve the True Guru are the greatest people of the world. |
| ਆਪਿ ਉਧਰੇ ਕੁਲ ਸਗਲ ਨਿਸਤਾਰੇ ॥ | They save themselves, and they redeem all their generations as well. |
| ਹਰਿ ਕਾ ਨਾਮੁ ਰਖਹਿ ਉਰ ਧਾਰੇ ॥ | They keep the Name of the Lord clasped tightly to their hearts. |
| ਨਾਮਿ ਰਤੇ ਭਉਜਲ ਉਤਰਹਿ ਪਾਰੇ ॥੨॥ | Attuned to the Naam, they cross over the terrifying world-ocean. \|\|2\|\| |
| ਸਤਿਗੁਰੁ ਸੇਵਹਿ ਸਦਾ ਮਨਿ ਦਾਸਾ ॥ | Serving the True Guru, the mind becomes humble forever. |
| ਹਉਮੈ ਮਾਰਿ ਕਮਲੁ ਪਰਗਾਸਾ ॥ | Egotism is subdued, and the heart-lotus blossoms forth. |
| ਅਨਹਦੁ ਵਾਜੈ ਨਿਜ ਘਰਿ ਵਾਸਾ ॥ | The Unstruck Melody vibrates, as they dwell within the home of the self. |
| ਨਾਮਿ ਰਤੇ ਘਰ ਮਾਹਿ ਉਦਾਸਾ ॥੩॥ | Attuned to the Naam, they remain detached within their own home. \|\|3\|\| |
| ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ ॥ | Serving the True Guru, their words are true. |
| ਜੁਗੁ ਜੁਗੁ ਭਗਤੀ ਆਖਿ ਵਖਾਣੀ ॥ | Throughout the ages, the devotees chant and repeat these words. |

| | |
|---|---|
| ਅਨਦਿਨੁ ਜਪਹਿ ਹਰਿ ਸਾਰੰਗਪਾਣੀ ॥ | Night and day, they meditate on the Lord, the Sustainer of the Earth. |
| **੧੬੨** | 162 |
| ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ ॥੪॥੧੩॥੩੩॥ | O Nanak, attuned to the Naam, the Name of the Lord, they are detached, in the perfect balance of Nirvaanaa. \|\|4\|\|13\|\|33\|\| |
| ਗਉੜੀ ਗੁਆਰੇਰੀ ਮਹਲਾ ੩ ॥ | Gauree Gwaarayree, Third Mehl: |
| ਸਤਿਗੁਰੁ ਮਿਲੈ ਵਡਭਾਗਿ ਸੰਜੋਗ ॥ | Through great good fortune and high destiny, one meets the True Guru. |
| ਹਿਰਦੈ ਨਾਮੁ ਨਿਤ ਹਰਿ ਰਸ ਭੋਗ ॥੧॥ | The Naam, the Name of the Lord, is constantly within the heart, and one enjoys the sublime essence of the Lord. \|\|1\|\| |
| ਗੁਰਮੁਖਿ ਪ੍ਰਾਣੀ ਨਾਮੁ ਹਰਿ ਧਿਆਇ ॥ | O mortal, become Gurmukh, and meditate on the Name of the Lord. |
| ਜਨਮੁ ਜੀਤਿ ਲਾਹਾ ਨਾਮੁ ਪਾਇ ॥੧॥ ਰਹਾਉ ॥ | Be victorious in the game of life, and earn the profit of the Naam. \|\|1\|\|Pause\|\| |
| ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥ | Spiritual wisdom and meditation come to those unto whom the Word of the Guru's Shabad is sweet. |
| ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥੨॥ | By Guru's Grace, a few have tasted, and seen it. \|\|2\|\| |
| ਕਰਮ ਕਾਂਡ ਬਹੁ ਕਰਹਿ ਅਚਾਰ ॥ | They may perform all sorts of religious rituals and good actions, |
| ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥੩॥ | but without the Name, the egotistical ones are cursed and doomed. \|\|3\|\| |
| ਬੰਧਨਿ ਬਾਧਿਓ ਮਾਇਆ ਫਾਸ ॥ | They are bound and gagged, and hung by Maya's noose; |
| ਜਨ ਨਾਨਕ ਛੂਟੈ ਗੁਰ ਪਰਗਾਸ ॥੪॥੧੪॥੩੪॥ | O servant Nanak, they shall be released only by Guru's Grace. \|\|4\|\|14\|\|34\|\| |
| ਮਹਲਾ ੩ ਗਉੜੀ ਬੈਰਾਗਣਿ ॥ | Third Mehl, Gauree Bairaagan: |
| ਜੈਸੀ ਧਰਤੀ ਊਪਰਿਮੇਘੁਲਾ ਬਰਸਤੁ ਹੈ ਕਿਆ ਧਰਤੀ ਮਧੇ ਪਾਣੀ ਨਾਹੀ ॥ | The clouds pour their rain down upon the earth, but isn't there water within the earth as well? |

| | |
|---|---|
| ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁ ਪਗਾ ਵਰਸਤ ਫਿਰਾਹੀ ॥੧॥ | Water is contained within the earth; without feet, the clouds run around and let down their rain. \|\|1\|\| |
| ਬਾਬਾ ਤੂੰ ਐਸੇ ਭਰਮੁ ਚੁਕਾਹੀ ॥ | O Baba, get rid of your doubts like this. |
| ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ ਤੈਸੇ ਜਾਇ ਸਮਾਹੀ ॥੧॥ ਰਹਾਉ ॥ | As you act, so shall you become, and so you shall go and mingle. \|\|1\|\|Pause\|\| |
| ਇਸਤਰੀ ਪੁਰਖ ਹੋਇ ਕੈ ਕਿਆ ਓਇ ਕਰਮ ਕਮਾਹੀ ॥ | As woman or man, what can anyone do? |
| ਨਾਨਾ ਰੂਪ ਸਦਾ ਹਹਿ ਤੇਰੇ ਤੁਝ ਹੀ ਮਾਹਿ ਸਮਾਹੀ ॥੨॥ | The many and various forms are always Yours, O Lord; they shall merge again into You. \|\|2\|\| |
| ਇਤਨੇ ਜਨਮ ਭੂਲਿ ਪਰੇ ਸੇ ਜਾ ਪਾਇਆ ਤਾ ਭੂਲੇ ਨਾਹੀ ॥ | In countless incarnations, I went astray. Now that I have found You, I shall no longer wander. |
| ਜਾ ਕਾ ਕਾਰਜੁ ਸੋਈ ਪਰੁ ਜਾਣੈ ਜੇ ਗੁਰ ਕੈ ਸਬਦਿ ਸਮਾਹੀ ॥੩॥ | It is His work; those who are absorbed in the Word of the Guru's Shabad come to know it well. \|\|3\|\| |
| ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ ॥ | The Shabad is Yours; You are Yourself. Where is there any doubt? |
| ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ ॥੪॥੧॥੧੫॥੩੫॥ | O Nanak, one whose essence is merged with the Lord's essence does not have to enter the cycle of reincarnation again. \|\|4\|\|1\|\|15\|\|35\|\| |
| ਗਉੜੀ ਬੈਰਾਗਣਿ ਮਹਲਾ ੩ ॥ | Gauree Bairaagan, Third Mehl: |
| ਸਭੁ ਜਗੁ ਕਾਲੈ ਵਸਿ ਹੈ ਬਾਧਾ ਦੂਜੈ ਭਾਇ ॥ | The whole world is under the power of Death, bound by the love of duality. |
| ਹਉਮੈ ਕਰਮ ਕਮਾਵਦੇ ਮਨਮੁਖਿ ਮਿਲੈ ਸਜਾਇ ॥੧॥ | The self-willed manmukhs do their deeds in ego; they receive their just rewards. \|\|1\|\| |
| ਮੇਰੇ ਮਨ ਗੁਰ ਚਰਣੀ ਚਿਤੁ ਲਾਇ ॥ | O my mind, focus your consciousness on the Guru's Feet. |
| ਗੁਰਮੁਖਿ ਨਾਮੁ ਨਿਧਾਨੁ ਲੈ ਦਰਗਹ ਲਏ ਛਡਾਇ ॥੧॥ ਰਹਾਉ ॥ | As Gurmukh, you shall be awarded the treasure of the Naam. In the Court of the Lord, you shall be saved. \|\|1\|\|Pause\|\| |
| ਲਖ ਚਉਰਾਸੀਹ ਭਰਮਦੇ ਮਨਹਠਿ ਆਵੈ ਜਾਇ ॥ | Through 8.4 million incarnations, people wander lost; in stubborn-mindedness, they come and go. |

ਗੁਰ ਕਾ ਸਬਦੁ ਨ ਚੀਨਿਓ ਫਿਰਿ ਫਿਰਿ ਜੋਨੀ ਪਾਇ ॥੨॥

They do not realize the Word of the Guru's Shabad; they are reincarnated over and over again. ||2||

ਗੁਰਮੁਖਿ ਆਪੁ ਪਛਾਣਿਆ ਹਰਿ ਨਾਮੁ ਵਸਿਆ ਮਨਿ ਆਇ ॥

The Gurmukh understands his own self. The Lord's Name comes to dwell within the mind.

ਅਨਦਿਨੁ ਭਗਤੀ ਰਤਿਆ ਹਰਿ ਨਾਮੇ ਸੁਖਿ ਸਮਾਇ ॥੩॥

Imbued with devotion to the Lord's Name, night and day, he merges in peace. ||3||

ਮਨੁ ਸਬਦਿ ਮਰੈ ਪਰਤੀਤਿ ਹੋਇ ਹਉਮੈ ਤਜੇ ਵਿਕਾਰ ॥

When one's mind dies in the Shabad, one radiates faith and confidence, shedding egotism and corruption.

ਜਨ ਨਾਨਕ ਕਰਮੀ ਪਾਈਅਨਿ ਹਰਿ ਨਾਮਾ ਭਗਤਿ ਭੰਡਾਰ ॥੪॥੨॥੧੬॥੩੬॥

O servant Nanak, through the karma of good actions, the treasure of devotional worship and the Name of the Lord are attained. ||4||2||16||36||

ਗਉੜੀ ਬੈਰਾਗਣਿ ਮਹਲਾ ੩ ॥

Gauree Bairaagan, Third Mehl:

ਪੇਈਅੜੈ ਦਿਨ ਚਾਰਿ ਹੈ ਹਰਿ ਹਰਿ ਲਿਖਿ ਪਾਇਆ ॥

The Lord, Har, Har, has ordained that the soul is to stay in her parents' home for only a few short days.

ਸੋਭਾਵੰਤੀ ਨਾਰਿ ਹੈ ਗੁਰਮੁਖਿ ਗੁਣ ਗਾਇਆ ॥

Glorious is that soul-bride, who as Gurmukh, sings the Glorious Praises of the Lord.

ਪੇਵਕੜੈ ਗੁਣ ਸੰਮਲੈ ਸਾਹੁਰੈ ਵਾਸੁ ਪਾਇਆ ॥

She who cultivates virtue in her parents' home, shall obtain a home at her in-laws.

ਗੁਰਮੁਖਿ ਸਹਜਿ ਸਮਾਣੀਆ ਹਰਿ ਹਰਿ ਮਨਿ ਭਾਇਆ ॥੧॥

The Gurmukhs are intuitively absorbed into the Lord. The Lord is pleasing to their minds. ||1||

ਸਸੁਰੈ ਪੇਈਐ ਪਿਰੁ ਵਸੈ ਕਹੁ ਕਿਤੁ ਬਿਧਿ ਪਾਈਐ ॥

Our Husband Lord dwells in this world, and in the world beyond. Tell me, how can He be found?

ਆਪਿ ਨਿਰੰਜਨੁ ਅਲਖੁ ਹੈ ਆਪੇ ਮੇਲਾਈਐ ॥੧॥ ਰਹਾਉ ॥

The Immaculate Lord Himself is unseen. He unites us with Himself. ||1||Pause||

**੧੬੩** 163

ਆਪੇ ਹੀ ਪ੍ਰਭੁ ਦੇਹਿ ਮਤਿ ਹਰਿ ਨਾਮੁ ਧਿਆਈਐ ॥

God Himself bestows wisdom; meditate on the Name of the Lord.

ਵਡਭਾਗੀ ਸਤਿਗੁਰੁ ਮਿਲੈ ਮੁਖਿ ਅੰਮ੍ਰਿਤੁ ਪਾਈਐ ॥

By great good fortune, one meets the True Guru, who places the Ambrosial Nectar in the mouth.

| | |
|---|---|
| ਹਉਮੈ ਦੁਬਿਧਾ ਬਿਨਸਿ ਜਾਇ ਸਹਜੇ ਸੁਖਿ ਸਮਾਈਐ ॥ | When egotism and duality are eradicated, one intuitively merges in peace. |
| ਸਭੁ ਆਪੇ ਆਪਿ ਵਰਤਦਾ ਆਪੇ ਨਾਇ ਲਾਈਐ ॥੨॥ | He Himself is All-pervading; He Himself links us to His Name. ‖2‖ |
| ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ ॥ | The self-willed manmukhs, in their arrogant pride, do not find God; they are so ignorant and foolish! |
| ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ ॥ | They do not serve the True Guru, and in the end, they regret and repent, over and over again. |
| ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ ॥ | They are cast into the womb to be reincarnated, and within the womb, they rot. |
| ਮੇਰੇ ਕਰਤੇ ਏਵੈ ਭਾਵਦਾ ਮਨਮੁਖ ਭਰਮਾਣੇ ॥੩॥ | As it pleases my Creator Lord, the self-willed manmukhs wander around lost. ‖3‖ |
| ਮੇਰੈ ਹਰਿ ਪ੍ਰਭਿ ਲੇਖੁ ਲਿਖਾਇਆ ਧੁਰਿ ਮਸਤਕਿ ਪੂਰਾ ॥ | My Lord God inscribed the full pre-ordained destiny upon the forehead. |
| ਹਰਿ ਹਰਿ ਨਾਮੁ ਧਿਆਇਆ ਭੇਟਿਆ ਗੁਰੁ ਸੂਰਾ ॥ | When one meets the Great and Courageous Guru, one meditates on the Name of the Lord, Har, Har. |
| ਮੇਰਾ ਪਿਤਾ ਮਾਤਾ ਹਰਿ ਨਾਮੁ ਹੈ ਹਰਿ ਬੰਧਪੁ ਬੀਰਾ ॥ | The Lord's Name is my mother and father; the Lord is my relative and brother. |
| ਹਰਿ ਹਰਿ ਬਖਸਿ ਮਿਲਾਇ ਪ੍ਰਭ ਜਨੁ ਨਾਨਕੁ ਕੀਰਾ ॥੪॥੩॥੧੭॥੩੭॥ | O Lord, Har, Har, please forgive me and unite me with Yourself. Servant Nanak is a lowly worm. ‖4‖3‖17‖37‖ |
| ਗਉੜੀ ਬੈਰਾਗਣਿ ਮਹਲਾ ੩ ॥ | Gauree Bairaagan, Third Mehl: |
| ਸਤਿਗੁਰ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ ॥ | From the True Guru, I obtained spiritual wisdom; I contemplate the Lord's essence. |
| ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ ॥ | My polluted intellect was enlightened by chanting the Naam, the Name of the Lord. |
| ਸਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ ॥ | The distinction between Shiva and Shakti - mind and matter - has been destroyed, and the darkness has been dispelled. |
| ਧੁਰਿ ਮਸਤਕਿ ਜਿਨ ਕਉ ਲਿਖਿਆ ਤਿਨ ਹਰਿ ਨਾਮੁ ਪਿਆਰਾ ॥੧॥ | The Lord's Name is loved by those, upon whose foreheads such pre-ordained destiny was written. ‖1‖ |

| | |
|---|---|
| ਹਰਿ ਕਿਤੁ ਬਿਧਿ ਪਾਈਐ ਸੰਤ ਜਨਹੁ ਜਿਸੁ ਦੇਖਿ ਹਉ ਜੀਵਾ ॥ | How can the Lord be obtained, O Saints? Seeing Him, my life is sustained. |
| ਹਰਿ ਬਿਨੁ ਚਸਾ ਨ ਜੀਵਤੀ ਗੁਰ ਮੇਲਿਹੁ ਹਰਿ ਰਸੁ ਪੀਵਾ ॥੧॥ ਰਹਾਉ ॥ | Without the Lord, I cannot live, even for an instant. Unite me with the Guru, so that I may drink in the sublime essence of the Lord. \|\|1\|\|Pause\|\| |
| ਹਉ ਹਰਿ ਗੁਣ ਗਾਵਾ ਨਿਤ ਹਰਿ ਸੁਣੀ ਹਰਿ ਹਰਿ ਗਤਿ ਕੀਨੀ ॥ | I sing the Glorious Praises of the Lord, and I listen to them daily; the Lord, Har, Har, has emancipated me. |
| ਹਰਿ ਰਸੁ ਗੁਰ ਤੇ ਪਾਇਆ ਮੇਰਾ ਮਨੁ ਤਨੁ ਲੀਨੀ ॥ | I have obtained the Lord's essence from the Guru; my mind and body are drenched with it. |
| ਧਨੁ ਧਨੁ ਗੁਰੁ ਸਤ ਪੁਰਖੁ ਹੈ ਜਿਨਿ ਭਗਤਿ ਹਰਿ ਦੀਨੀ ॥ | Blessed, blessed is the Guru, the True Being, who has blessed me with devotional worship of the Lord. |
| ਜਿਸੁ ਗੁਰ ਤੇ ਹਰਿ ਪਾਇਆ ਸੋ ਗੁਰੁ ਹਮ ਕੀਨੀ ॥੨॥ | From the Guru, I have obtained the Lord; I have made Him my Guru. \|\|2\|\| |
| ਗੁਣਦਾਤਾ ਹਰਿ ਰਾਇ ਹੈ ਹਮ ਅਵਗਣਿਆਰੇ ॥ | The Sovereign Lord is the Giver of virtue. I am worthless and without virtue. |
| ਪਾਪੀ ਪਾਥਰ ਡੂਬਦੇ ਗੁਰਮਤਿ ਹਰਿ ਤਾਰੇ ॥ | The sinners sink like stones; through the Guru's Teachings, the Lord carries us across. |
| ਤੂੰ ਗੁਣਦਾਤਾ ਨਿਰਮਲਾ ਹਮ ਅਵਗਣਿਆਰੇ ॥ | You are the Giver of virtue, O Immaculate Lord; I am worthless and without virtue. |
| ਹਰਿ ਸਰਣਾਗਤਿ ਰਾਖਿ ਲੇਹੁ ਮੂੜ ਮੁਗਧ ਨਿਸਤਾਰੇ ॥੩॥ | I have entered Your Sanctuary, Lord; please save me, as You have saved the idiots and fools. \|\|3\|\| |
| ਸਹਜੁ ਅਨੰਦੁ ਸਦਾ ਗੁਰਮਤੀ ਹਰਿ ਹਰਿ ਮਨਿ ਧਿਆਇਆ ॥ | Eternal celestial bliss comes through the Guru's Teachings, by meditating continually on the Lord, Har, Har. |
| ਸਜਣੁ ਹਰਿ ਪ੍ਰਭੁ ਪਾਇਆ ਘਰਿ ਸੋਹਿਲਾ ਗਾਇਆ ॥ | I have obtained the Lord God as my Best Friend, within the home of my own self. I sing the Songs of Joy. |
| ਹਰਿ ਦਇਆ ਧਾਰਿ ਪ੍ਰਭ ਬੇਨਤੀ ਹਰਿ ਹਰਿ ਚੇਤਾਇਆ ॥ | Please shower me with Your Mercy, O Lord God, that I may meditate on Your Name, Har, Har. |
| ਜਨ ਨਾਨਕੁ ਮੰਗੈ ਧੂੜਿ ਤਿਨ ਜਿਨ ਸਤਿਗੁਰੁ ਪਾਇਆ ॥੪॥੪॥੧੮॥੩੮॥ | Servant Nanak begs for the dust of the feet of those who have found the True Guru. \|\|4\|\|4\|\|18\|\|38\|\| |

| | |
|---|---|
| ਗਉੜੀ ਗੁਆਰੇਰੀ ਮਹਲਾ ੪ ਚਉਥਾ ਚਉਪਦੇ | Gauree Gwaarayree, Fourth Mehl, Chau-Padas: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਪੰਡਿਤੁ ਸਾਸਤ ਸਿਮ੍ਰਿਤਿ ਪੜਿਆ ॥ | The Pandit - the religious scholar - recites the Shaastras and the Simritees; |
| ਜੋਗੀ ਗੋਰਖੁ ਗੋਰਖੁ ਕਰਿਆ ॥ | the Yogi cries out, "Gorakh, Gorakh". |
| ਮੈ ਮੂਰਖ ਹਰਿ ਹਰਿ ਜਪੁ ਪੜਿਆ ॥੧॥ | But I am just a fool - I just chant the Name of the Lord, Har, Har. ‖1‖ |
| ਨਾ ਜਾਨਾ ਕਿਆ ਗਤਿ ਰਾਮ ਹਮਾਰੀ ॥ | I do not know what my condition shall be, Lord. |
| ਹਰਿ ਭਜੁ ਮਨ ਮੇਰੇ ਤਰੁ ਭਉਜਲੁ ਤੂ ਤਾਰੀ ॥੧॥ ਰਹਾਉ ॥ | O my mind, vibrate and meditate on the Name of the Lord. You shall cross over the terrifying world-ocean. ‖1‖Pause‖ |
| **੧੬੪** | **164** |
| ਸੰਨਿਆਸੀ ਬਿਭੂਤ ਲਾਇ ਦੇਹ ਸਵਾਰੀ ॥ | The Sannyaasee smears his body with ashes; |
| ਪਰ ਤ੍ਰਿਅ ਤਿਆਗੁ ਕਰੀ ਬ੍ਰਹਮਚਾਰੀ ॥ | renouncing other men's women, he practices celibacy. |
| ਮੈ ਮੂਰਖ ਹਰਿ ਆਸ ਤੁਮਾਰੀ ॥੨॥ | I am just a fool, Lord; I place my hopes in You! ‖2‖ |
| ਖਤ੍ਰੀ ਕਰਮ ਕਰੇ ਸੂਰਤਣੁ ਪਾਵੈ ॥ | The Kh'shaatriya acts bravely, and is recognized as a warrior. |
| ਸੂਦੁ ਵੈਸੁ ਪਰ ਕਿਰਤਿ ਕਮਾਵੈ ॥ | The Shoodra and the Vaisha work and slave for others; |
| ਮੈ ਮੂਰਖ ਹਰਿ ਨਾਮੁ ਛਡਾਵੈ ॥੩॥ | I am just a fool - I am saved by the Lord's Name. ‖3‖ |
| ਸਭ ਤੇਰੀ ਸ੍ਰਿਸਟਿ ਤੂੰ ਆਪਿ ਰਹਿਆ ਸਮਾਈ ॥ | The entire Universe is Yours; You Yourself permeate and pervade it. |
| ਗੁਰਮੁਖਿ ਨਾਨਕ ਦੇ ਵਡਿਆਈ ॥ | O Nanak, the Gurmukhs are blessed with glorious greatness. |
| ਮੈ ਅੰਧੁਲੇ ਹਰਿ ਟੇਕ ਟਿਕਾਈ ॥੪॥੧॥੩੯॥ | I am blind - I have taken the Lord as my Support. ‖4‖1‖39‖ |

| | |
|---|---|
| ਗਉੜੀ ਗੁਆਰੇਰੀ ਮਹਲਾ ੪ ॥ | Gauree Gwaarayree, Fourth Mehl: |
| ਨਿਰਗੁਣ ਕਥਾ ਕਥਾ ਹੈ ਹਰਿ ਕੀ ॥ | The Speech of the Lord is the most sublime speech, free of any attributes. |
| ਭਜੁ ਮਿਲਿ ਸਾਧੂ ਸੰਗਤਿ ਜਨ ਕੀ ॥ | Vibrate on it, meditate on it, and join the Saadh Sangat, the Company of the Holy. |
| ਤਰੁ ਭਉਜਲੁ ਅਕਥ ਕਥਾ ਸੁਨਿ ਹਰਿ ਕੀ ॥੧॥ | Cross over the terrifying world-ocean, listening to the Unspoken Speech of the Lord. \|\|1\|\| |
| ਗੋਬਿੰਦ ਸਤਸੰਗਤਿ ਮੇਲਾਇ ॥ | O Lord of the Universe, unite me with the Sat Sangat, the True Congregation. |
| ਹਰਿ ਰਸੁ ਰਸਨਾ ਰਾਮ ਗੁਨ ਗਾਇ ॥੧॥ ਰਹਾਉ ॥ | My tongue savors the sublime essence of the Lord, singing the Lord's Glorious Praises. \|\|1\|\|Pause\|\| |
| ਜੋ ਜਨ ਧਿਆਵਹਿ ਹਰਿ ਹਰਿ ਨਾਮਾ ॥ | Those humble beings who meditate on the Name of the Lord, Har, Har |
| ਤਿਨ ਦਾਸਨਿ ਦਾਸ ਕਰਹੁ ਹਮ ਰਾਮਾ ॥ | please make me the slave of their slaves, Lord. |
| ਜਨ ਕੀ ਸੇਵਾ ਊਤਮ ਕਾਮਾ ॥੨॥ | Serving Your slaves is the ultimate good deed. \|\|2\|\| |
| ਜੋ ਹਰਿ ਕੀ ਹਰਿ ਕਥਾ ਸੁਣਾਵੈ ॥ | One who chants the Speech of the Lord |
| ਸੋ ਜਨੁ ਹਮਰੈ ਮਨਿ ਚਿਤਿ ਭਾਵੈ ॥ | that humble servant is pleasing to my conscious mind. |
| ਜਨ ਪਗ ਰੇਣੁ ਵਡਭਾਗੀ ਪਾਵੈ ॥੩॥ | Those who are blessed with great good fortune obtain the dust of the feet of the humble. \|\|3\|\| |
| ਸੰਤ ਜਨਾ ਸਿਉ ਪ੍ਰੀਤਿ ਬਨਿ ਆਈ ॥ ਜਿਨ ਕਉ ਲਿਖਤੁ ਲਿਖਿਆ ਧੁਰਿ ਪਾਈ ॥ | Those who are blessed with such pre-ordained destiny are in love with the humble Saints. |
| ਤੇ ਜਨ ਨਾਨਕ ਨਾਮਿ ਸਮਾਈ ॥੪॥੨॥੪੦॥ | Those humble beings, O Nanak, are absorbed in the Naam, the Name of the Lord. \|\|4\|\|2\|\|40\|\| |
| ਗਉੜੀ ਗੁਆਰੇਰੀ ਮਹਲਾ ੪ ॥ | Gauree Gwaarayree, Fourth Mehl: |
| ਮਾਤਾ ਪ੍ਰੀਤਿ ਕਰੇ ਪੁਤੁ ਖਾਇ ॥ | The mother loves to see her son eat. |
| ਮੀਨੇ ਪ੍ਰੀਤਿ ਭਈ ਜਲਿ ਨਾਇ ॥ | The fish loves to bathe in the water. |
| ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ ॥੧॥ | The True Guru loves to place food in the mouth of His GurSikh. \|\|1\|\| |

| | |
|---|---|
| ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ ॥ | If only I could meet those humble servants of the Lord, O my Beloved. |
| ਜਿਨ ਮਿਲਿਆ ਦੁਖ ਜਾਹਿ ਹਮਾਰੇ ॥੧॥ ਰਹਾਉ ॥ | Meeting with them, my sorrows depart. \|\|1\|\|Pause\|\| |
| ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ ॥ | As the cow shows her love to her strayed calf when she finds it, |
| ਕਾਮਨਿ ਪ੍ਰੀਤਿ ਜਾ ਪਿਰੁ ਘਰਿ ਆਵੈ ॥ | and as the bride shows her love for her husband when he returns home, |
| ਹਰਿ ਜਨ ਪ੍ਰੀਤਿ ਜਾ ਹਰਿ ਜਸੁ ਗਾਵੈ ॥੨॥ | so does the Lord's humble servant love to sing the Praises of the Lord. \|\|2\|\| |
| ਸਾਰਿੰਗ ਪ੍ਰੀਤਿ ਬਸੈ ਜਲ ਧਾਰਾ ॥ | The rainbird loves the rainwater, falling in torrents; |
| ਨਰਪਤਿ ਪ੍ਰੀਤਿ ਮਾਇਆ ਦੇਖਿ ਪਸਾਰਾ ॥ | the king loves to see his wealth on display. |
| ਹਰਿ ਜਨ ਪ੍ਰੀਤਿ ਜਪੈ ਨਿਰੰਕਾਰਾ ॥੩॥ | The humble servant of the Lord loves to meditate on the Formless Lord. \|\|3\|\| |
| ਨਰ ਪ੍ਰਾਣੀ ਪ੍ਰੀਤਿ ਮਾਇਆ ਧਨੁ ਖਾਟੇ ॥ | The mortal man loves to accumulate wealth and property. |
| ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ ॥ | The GurSikh loves to meet and embrace the Guru. |
| ਜਨ ਨਾਨਕ ਪ੍ਰੀਤਿ ਸਾਧ ਪਗ ਚਾਟੇ ॥੪॥੩॥੪੧॥ | Servant Nanak loves to kiss the feet of the Holy. \|\|4\|\|3\|\|41\|\| |
| ਗਉੜੀ ਗੁਆਰੇਰੀ ਮਹਲਾ ੪ ॥ | Gauree Gwaarayree, Fourth Mehl: |
| ਭੀਖਕ ਪ੍ਰੀਤਿ ਭੀਖ ਪ੍ਰਭ ਪਾਇ ॥ | The beggar loves to receive charity from the wealthy landlord. |
| ਭੂਖੇ ਪ੍ਰੀਤਿ ਹੋਵੈ ਅੰਨੁ ਖਾਇ ॥ | The hungry person loves to eat food. |
| ਗੁਰਸਿਖ ਪ੍ਰੀਤਿ ਗੁਰ ਮਿਲਿ ਆਘਾਇ ॥੧॥ | The GurSikh loves to find satisfaction by meeting the Guru. \|\|1\|\| |
| ਹਰਿ ਦਰਸਨੁ ਦੇਹੁ ਹਰਿ ਆਸ ਤੁਮਾਰੀ ॥ | O Lord, grant me the Blessed Vision of Your Darshan; I place my hopes in You, Lord. |
| ਕਰਿ ਕਿਰਪਾ ਲੋਚ ਪੂਰਿ ਹਮਾਰੀ ॥੧॥ ਰਹਾਉ ॥ | Shower me with Your Mercy, and fulfill my longing. \|\|1\|\|Pause\|\| |
| ਚਕਵੀ ਪ੍ਰੀਤਿ ਸੂਰਜੁ ਮੁਖਿ ਲਾਗੈ ॥ | The song-bird loves the sun shining in her face. |

| | |
|---|---|
| ਮਿਲੈ ਪਿਆਰੇ ਸਭ ਦੁਖ ਤਿਆਗੈ ॥ | Meeting her Beloved, all her pains are left behind. |
| ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਗੈ ॥੨॥ | The GurSikh loves to gaze upon the Face of the Guru. \|\|2\|\| |
| ਬਛਰੇ ਪ੍ਰੀਤਿ ਖੀਰੁ ਮੁਖਿ ਖਾਇ ॥ | The calf loves to suck its mother's milk; |
| ਹਿਰਦੈ ਬਿਗਸੈ ਦੇਖੈ ਮਾਇ ॥ | its heart blossoms forth upon seeing its mother. |
| ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਇ ॥੩॥ | The GurSikh loves to gaze upon the Face of the Guru. \|\|3\|\| |
| ਹੋਰੁ ਸਭ ਪ੍ਰੀਤਿ ਮਾਇਆ ਮੋਹੁ ਕਾਚਾ ॥ | All other loves and emotional attachment to Maya are false. |
| ਬਿਨਸਿ ਜਾਇ ਕੂਰਾ ਕਚੁ ਪਾਚਾ ॥ | They shall pass away, like false and transitory decorations. |
| ਜਨ ਨਾਨਕ ਪ੍ਰੀਤਿ ਤ੍ਰਿਪਤਿ ਗੁਰੁ ਸਾਚਾ ॥੪॥੪॥੪੨॥ | Servant Nanak is fulfilled, through the Love of the True Guru. \|\|4\|\|4\|\|42\|\| |

## ੧੬੫ 165

| | |
|---|---|
| ਗਉੜੀ ਗੁਆਰੇਰੀ ਮਹਲਾ ੪ ॥ | Gauree Gwaarayree, Fourth Mehl: |
| ਸਤਿਗੁਰ ਸੇਵਾ ਸਫਲ ਹੈ ਬਣੀ ॥ | Service to the True Guru is fruitful and rewarding; |
| ਜਿਤੁ ਮਿਲਿ ਹਰਿ ਨਾਮੁ ਧਿਆਇਆ ਹਰਿ ਧਣੀ ॥ | meeting Him, I meditate on the Name of the Lord, the Lord Master. |
| ਜਿਨ ਹਰਿ ਜਪਿਆ ਤਿਨ ਪੀਛੈ ਛੂਟੀ ਘਣੀ ॥੧॥ | So many are emancipated along with those who meditate on the Lord. \|\|1\|\| |
| ਗੁਰਸਿਖ ਹਰਿ ਬੋਲਹੁ ਮੇਰੇ ਭਾਈ ॥ | O GurSikhs, chant the Name of the Lord, O my Siblings of Destiny. |
| ਹਰਿ ਬੋਲਤ ਸਭ ਪਾਪ ਲਹਿ ਜਾਈ ॥੧॥ ਰਹਾਉ ॥ | Chanting the Lord's Name, all sins are washed away. \|\|1\|\|Pause\|\| |
| ਜਬ ਗੁਰੁ ਮਿਲਿਆ ਤਬ ਮਨੁ ਵਸਿ ਆਇਆ ॥ | When one meets the Guru, then the mind becomes centered. |
| ਧਾਵਤ ਪੰਚ ਰਹੇ ਹਰਿ ਧਿਆਇਆ ॥ | The five passions, running wild, are brought to rest by meditating on the Lord. |
| ਅਨਦਿਨੁ ਨਗਰੀ ਹਰਿ ਗੁਣ ਗਾਇਆ ॥੨॥ | Night and day, within the body-village, the Glorious Praises of the Lord are sung. \|\|2\|\| |

| | |
|---|---|
| ਸਤਿਗੁਰ ਪਗ ਧੂਰਿ ਜਿਨਾ ਮੁਖਿ ਲਾਈ ॥ | Those who apply the dust of the Feet of the True Guru to their faces, |
| ਤਿਨ ਕੂੜ ਤਿਆਗੇ ਹਰਿ ਲਿਵ ਲਾਈ ॥ | renounce falsehood and enshrine love for the Lord. |
| ਤੇ ਹਰਿ ਦਰਗਹ ਮੁਖ ਊਜਲ ਭਾਈ ॥੩॥ | Their faces are radiant in the Court of the Lord, O Siblings of Destiny. \|\|3\|\| |
| ਗੁਰ ਸੇਵਾ ਆਪਿ ਹਰਿ ਭਾਵੈ ॥ | Service to the Guru is pleasing to the Lord Himself. |
| ਕ੍ਰਿਸਨੁ ਬਲਭਦ੍ਰੁ ਗੁਰ ਪਗ ਲਗਿ ਧਿਆਵੈ ॥ | Even Krishna and Balbhadar meditated on the Lord, falling at the Guru's Feet. |
| ਨਾਨਕ ਗੁਰਮੁਖਿ ਹਰਿ ਆਪਿ ਤਰਾਵੈ ॥੪॥੫॥੪੩॥ | O Nanak, the Lord Himself saves the Gurmukhs. \|\|4\|\|5\|\|43\|\| |
| ਗਉੜੀ ਗੁਆਰੇਰੀ ਮਹਲਾ ੪ ॥ | Gauree Gwaarayree, Fourth Mehl: |
| ਹਰਿ ਆਪੇ ਜੋਗੀ ਡੰਡਾਧਾਰੀ ॥ | The Lord Himself is the Yogi, who wields the staff of authority. |
| ਹਰਿ ਆਪੇ ਰਵਿ ਰਹਿਆ ਬਨਵਾਰੀ ॥ ਹਰਿ ਆਪੇ ਤਪੁ ਤਾਪੈ ਲਾਇ ਤਾਰੀ ॥੧॥ | The Lord Himself practices tapa - intense self-disciplined meditation; He is deeply absorbed in His primal trance. \|\|1\|\| |
| ਐਸਾ ਮੇਰਾ ਰਾਮੁ ਰਹਿਆ ਭਰਪੂਰਿ ॥ | Such is my Lord, who is all-pervading everywhere. |
| ਨਿਕਟਿ ਵਸੈ ਨਾਹੀ ਹਰਿ ਦੂਰਿ ॥੧॥ ਰਹਾਉ ॥ | He dwells near at hand - the Lord is not far away. \|\|1\|\|Pause\|\| |
| ਹਰਿ ਆਪੇ ਸਬਦੁ ਸੁਰਤਿ ਧੁਨਿ ਆਪੇ ॥ | The Lord Himself is the Word of the Shabad. He Himself is the awareness, attuned to its music. |
| ਹਰਿ ਆਪੇ ਵੇਖੈ ਵਿਗਸੈ ਆਪੇ ॥ | The Lord Himself beholds, and He Himself blossoms forth. |
| ਹਰਿ ਆਪਿ ਜਪਾਇ ਆਪੇ ਹਰਿ ਜਾਪੇ ॥੨॥ | The Lord Himself chants, and the Lord Himself inspires others to chant. \|\|2\|\| |
| ਹਰਿ ਆਪੇ ਸਾਰਿੰਗ ਅੰਮ੍ਰਿਤਧਾਰਾ ॥ | He Himself is the rainbird, and the Ambrosial Nectar raining down. |
| ਹਰਿ ਅੰਮ੍ਰਿਤੁ ਆਪਿ ਪੀਆਵਣਹਾਰਾ ॥ | The Lord is the Ambrosial Nectar; He Himself leads us to drink it in. |
| ਹਰਿ ਆਪਿ ਕਰੇ ਆਪੇ ਨਿਸਤਾਰਾ ॥੩॥ | The Lord Himself is the Doer; He Himself is our Saving Grace. \|\|3\|\| |

| | |
|---|---|
| ਹਰਿ ਆਪੇ ਬੇੜੀ ਤੁਲਹਾ ਤਾਰਾ ॥ | The Lord Himself is the Boat, the Raft and the Boatman. |
| ਹਰਿ ਆਪੇ ਗੁਰਮਤੀ ਨਿਸਤਾਰਾ ॥ | The Lord Himself, through the Guru's Teachings, saves us. |
| ਹਰਿ ਆਪੇ ਨਾਨਕ ਪਾਵੈ ਪਾਰਾ ॥੪॥੬॥੪੪॥ | O Nanak, the Lord Himself carries us across to the other side. \|\|4\|\|6\|\|44\|\| |
| ਗਉੜੀ ਬੈਰਾਗਣਿ ਮਹਲਾ ੪ ॥ | Gauree Bairaagan, Fourth Mehl: |
| ਸਾਹੁ ਹਮਾਰਾ ਤੂੰ ਧਣੀ ਜੈਸੀ ਤੂੰ ਰਾਸਿ ਦੇਹਿ ਤੈਸੀ ਹਮ ਲੇਹਿ ॥ | O Master, You are my Banker. I receive only that capital which You give me. |
| ਹਰਿ ਨਾਮੁ ਵਣੰਜਹ ਰੰਗ ਸਿਉ ਜੇ ਆਪਿ ਦਇਆਲੁ ਹੋਇ ਦੇਹਿ ॥੧॥ | I would purchase the Lord's Name with love, if You Yourself, in Your Mercy, would sell it to me. \|\|1\|\| |
| ਹਮ ਵਣਜਾਰੇ ਰਾਮ ਕੇ ॥ | I am the merchant, the peddler of the Lord. |
| ਹਰਿ ਵਣਜੁ ਕਰਾਵੈ ਦੇ ਰਾਸਿ ਰੇ ॥੧॥ ਰਹਾਉ ॥ | I trade in the merchandise and capital of the Lord's Name. \|\|1\|\|Pause\|\| |
| ਲਾਹਾ ਹਰਿ ਭਗਤਿ ਧਨੁ ਖਟਿਆ ਹਰਿ ਸਚੇ ਸਾਹ ਮਨਿ ਭਾਇਆ ॥ | I have earned the profit, the wealth of devotional worship of the Lord. I have become pleasing to the Mind of the Lord, the True Banker. |
| ਹਰਿ ਜਪਿ ਹਰਿ ਵਖਰੁ ਲਦਿਆ ਜਮੁ ਜਾਗਾਤੀ ਨੇੜਿ ਨ ਆਇਆ ॥੨॥ | I chant and meditate on the Lord, loading the merchandise of the Lord's Name. The Messenger of Death, the tax collector, does not even approach me. \|\|2\|\| |
| ਹੋਰੁ ਵਣਜੁ ਕਰਹਿ ਵਾਪਾਰੀਏ ਅਨੰਤ ਤਰੰਗੀ ਦੁਖੁ ਮਾਇਆ ॥ | Those traders who trade in other merchandise, are caught up in the endless waves of the pain of Maya. |
| ਓਇ ਜੇਹੈ ਵਣਜਿ ਹਰਿ ਲਾਇਆ ਫਲੁ ਤੇਹਾ ਤਿਨ ਪਾਇਆ ॥੩॥ | According to the business in which the Lord has placed them, so are the rewards they obtain. \|\|3\|\| |
| ਹਰਿ ਹਰਿ ਵਣਜੁ ਸੋ ਜਨੁ ਕਰੇ ਜਿਸੁ ਕ੍ਰਿਪਾਲੁ ਹੋਇ ਪ੍ਰਭੁ ਦੇਈ ॥ | People trade in the Name of the Lord, Har, Har, when the God shows His Mercy and bestows it. |
| ਜਨ ਨਾਨਕ ਸਾਹੁ ਹਰਿ ਸੇਵਿਆ ਫਿਰਿ ਲੇਖਾ ਮੂਲਿ ਨ ਲੇਈ ॥੪॥੧॥੭॥੪੫॥ | Servant Nanak serves the Lord, the Banker; he shall never again be called to render his account. \|\|4\|\|1\|\|7\|\|45\|\| |
| ਗਉੜੀ ਬੈਰਾਗਣਿ ਮਹਲਾ ੪ ॥ | Gauree Bairaagan, Fourth Mehl: |
| ਜਿਉ ਜਨਨੀ ਗਰਭੁ ਪਾਲਤੀ ਸੁਤ ਕੀ ਕਰਿ ਆਸਾ ॥ | The mother nourishes the fetus in the womb, hoping for a son, |

| | |
|---|---|
| ਵਡਾ ਹੋਇ ਧਨੁ ਖਾਟਿ ਦੇਇ ਕਰਿ ਭੋਗ ਬਿਲਾਸਾ ॥ | who will grow and earn and give her money to enjoy herself. |
| ਤਿਉ ਹਰਿ ਜਨ ਪ੍ਰੀਤਿ ਹਰਿ ਰਾਖਦਾ ਦੇ ਆਪਿ ਹਥਾਸਾ ॥੧॥ | In just the same way, the humble servant of the Lord loves the Lord, who extends His Helping Hand to us. \|\|1\|\| |

## ੧੬੬ 166

| | |
|---|---|
| ਮੇਰੇ ਰਾਮ ਮੈ ਮੂਰਖ ਹਰਿ ਰਾਖੁ ਮੇਰੇ ਗੁਸਈਆ ॥ | O my Lord, I am so foolish; save me, O my Lord God! |
| ਜਨ ਕੀ ਉਪਮਾ ਤੁਝਹਿ ਵਡਈਆ ॥੧॥ ਰਹਾਉ ॥ | Your servant's praise is Your Own Glorious Greatness. \|\|1\|\|Pause\|\| |
| ਮੰਦਰਿ ਘਰਿ ਆਨੰਦੁ ਹਰਿ ਹਰਿ ਜਸੁ ਮਨਿ ਭਾਵੈ ॥ | Those whose minds are pleased by the Praises of the Lord, Har, Har, are joyful in the palaces of their own homes. |
| ਸਭ ਰਸ ਮੀਠੇ ਮੁਖਿ ਲਗਹਿ ਜਾ ਹਰਿ ਗੁਣ ਗਾਵੈ ॥ | Their mouths savor all the sweet delicacies when they sing the Glorious Praises of the Lord. |
| ਹਰਿ ਜਨੁ ਪਰਵਾਰੁ ਸਧਾਰੁ ਹੈ ਇਕੀਹ ਕੁਲੀ ਸਭੁ ਜਗਤੁ ਛਡਾਵੈ ॥੨॥ | The Lord's humble servants are the saviors of their families; they save their families for twenty-one generations - they save the entire world! \|\|2\|\| |
| ਜੋ ਕਿਛੁ ਕੀਆ ਸੋ ਹਰਿ ਕੀਆ ਹਰਿ ਕੀ ਵਡਿਆਈ ॥ | Whatever has been done, has been done by the Lord; it is the Glorious Greatness of the Lord. |
| ਹਰਿ ਜੀਅ ਤੇਰੇ ਤੂੰ ਵਰਤਦਾ ਹਰਿ ਪੂਜ ਕਰਾਈ ॥ | O Lord, in Your creatures, You are pervading; You inspire them to worship You. |
| ਹਰਿ ਭਗਤਿ ਭੰਡਾਰ ਲਹਾਇਦਾ ਆਪੇ ਵਰਤਾਈ ॥੩॥ | The Lord leads us to the treasure of devotional worship; He Himself bestows it. \|\|3\|\| |
| ਲਾਲਾ ਹਾਟਿ ਵਿਹਾਝਿਆ ਕਿਆ ਤਿਸੁ ਚਤੁਰਾਈ ॥ | I am a slave, purchased in Your market; what clever tricks do I have? |
| ਜੇ ਰਾਜਿ ਬਹਾਲੇ ਤਾ ਹਰਿ ਗੁਲਾਮੁ ਘਾਸੀ ਕਉ ਹਰਿ ਨਾਮੁ ਕਢਾਈ ॥ | If the Lord were to set me upon a throne, I would still be His slave. If I were a grass-cutter, I would still chant the Lord's Name. |
| ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਕੀ ਵਡਿਆਈ ॥੪॥੨॥੮॥੪੬॥ | Servant Nanak is the slave of the Lord; contemplate the Glorious Greatness of the Lord\|\|4\|\|2\|\|8\|\|46\|\| |

| | |
|---|---|
| ਗਉੜੀ ਗੁਆਰੇਰੀ ਮਹਲਾ ੪ ॥ | Gauree Bairaagan, Fourth Mehl: |
| ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ ॥ | The farmers love to work their farms; |
| ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ ॥ | they plow and work the fields, so that their sons and daughters may eat. |
| ਤਿਉ ਹਰਿ ਜਨੁ ਹਰਿ ਹਰਿ ਜਪੁ ਕਰੇ ਹਰਿ ਅੰਤਿ ਛਡਾਇ ॥੧॥ | In just the same way, the Lord's humble servants chant the Name of the Lord, Har, Har, and in the end, the Lord shall save them. \|\|1\|\| |
| ਮੈ ਮੂਰਖ ਕੀ ਗਤਿ ਕੀਜੈ ਮੇਰੇ ਰਾਮ ॥ | I am foolish - save me, O my Lord! |
| ਗੁਰ ਸਤਿਗੁਰ ਸੇਵਾ ਹਰਿ ਲਾਇ ਹਮ ਕਾਮ ॥੧॥ ਰਹਾਉ ॥ | O Lord, enjoin me to work and serve the Guru, the True Guru. \|\|1\|\|Pause\|\| |
| ਲੈ ਤੁਰੇ ਸਉਦਾਗਰੀ ਸਉਦਾਗਰੁ ਧਾਵੈ ॥ | The traders buy horses, planning to trade them. |
| ਧਨੁ ਖਟੈ ਆਸਾ ਕਰੈ ਮਾਇਆ ਮੋਹੁ ਵਧਾਵੈ ॥ | They hope to earn wealth; their attachment to Maya increases. |
| ਤਿਉ ਹਰਿ ਜਨੁ ਹਰਿ ਹਰਿ ਬੋਲਤਾ ਹਰਿ ਬੋਲਿ ਸੁਖੁ ਪਾਵੈ ॥੨॥ | In just the same way, the Lord's humble servants chant the Name of the Lord, Har, Har; chanting the Lord's Name, they find peace. \|\|2\|\| |
| ਬਿਖੁ ਸੰਚੈ ਹਟਵਾਣੀਆ ਬਹਿ ਹਾਟਿ ਕਮਾਇ ॥ | The shop-keepers collect poison, sitting in their shops, carrying on their business. |
| ਮੋਹ ਝੂਠੁ ਪਸਾਰਾ ਝੂਠ ਕਾ ਝੂਠੇ ਲਪਟਾਇ ॥ | Their love is false, their displays are false, and they are engrossed in falsehood. |
| ਤਿਉ ਹਰਿ ਜਨਿ ਹਰਿ ਧਨੁ ਸੰਚਿਆ ਹਰਿ ਖਰਚੁ ਲੈ ਜਾਇ ॥੩॥ | In just the same way, the Lord's humble servants gather the wealth of the Lord's Name; they take the Lord's Name as their supplies. \|\|3\|\| |
| ਇਹੁ ਮਾਇਆ ਮੋਹ ਕੁਟੰਬੁ ਹੈ ਭਾਇ ਦੂਜੈ ਫਾਸ ॥ | This emotional attachment to Maya and family, and the love of duality, is a noose around the neck. |
| ਗੁਰਮਤੀ ਸੋ ਜਨੁ ਤਰੈ ਜੋ ਦਾਸਨਿ ਦਾਸ ॥ | Following the Guru's Teachings, the humble servants are carried across; they become the slaves of the Lord's slaves. |
| ਜਨਿ ਨਾਨਕਿ ਨਾਮੁ ਧਿਆਇਆ ਗੁਰਮੁਖਿ ਪਰਗਾਸ ॥੪॥੩॥੯॥੪੭॥ | Servant Nanak meditates on the Naam; the Gurmukh is enlightened. \|\|4\|\|3\|\|9\|\|47\|\| |

| | |
|---|---|
| ਗਉੜੀ ਬੈਰਾਗਣਿ ਮਹਲਾ ੪ ॥ | Gauree Bairaagan, Fourth Mehl: |
| ਨਿਤ ਦਿਨਸੁ ਰਾਤਿ ਲਾਲਚੁ ਕਰੇ ਭਰਮੈ ਭਰਮਾਇਆ ॥ | Continuously, day and night, they are gripped by greed and deluded by doubt. |
| ਵੇਗਾਰਿ ਫਿਰੈ ਵੇਗਾਰੀਆ ਸਿਰਿ ਭਾਰੁ ਉਠਾਇਆ ॥ | The slaves labor in slavery, carrying the loads upon their heads. |
| ਜੋ ਗੁਰ ਕੀ ਜਨੁ ਸੇਵਾ ਕਰੇ ਸੋ ਘਰ ਕੈ ਕੰਮਿ ਹਰਿ ਲਾਇਆ ॥੧॥ | That humble being who serves the Guru is put to work by the Lord in His Home. \|\|1\|\| |
| ਮੇਰੇ ਰਾਮ ਤੋੜਿ ਬੰਧਨ ਮਾਇਆ ਘਰ ਕੈ ਕੰਮਿ ਲਾਇ ॥ | O my Lord, please break these bonds of Maya, and put me to work in Your Home. |
| ਨਿਤ ਹਰਿ ਗੁਣ ਗਾਵਹ ਹਰਿ ਨਾਮਿ ਸਮਾਇ ॥੧॥ ਰਹਾਉ ॥ | I continuously sing the Glorious Praises of the Lord; I am absorbed in the Lord's Name. \|\|1\|\|Pause\|\| |
| ਨਰੁ ਪ੍ਰਾਣੀ ਚਾਕਰੀ ਕਰੇ ਨਰਪਤਿ ਰਾਜੇ ਅਰਥਿ ਸਭ ਮਾਇਆ ॥ | Mortal men work for kings, all for the sake of wealth and Maya. |
| ਕੈ ਬੰਧੈ ਕੈ ਡਾਨਿ ਲੇਇ ਕੈ ਨਰਪਤਿ ਮਰਿ ਜਾਇਆ ॥ | But the king either imprisons them, or fines them, or else dies himself. |
| ਧੰਨੁ ਧਨੁ ਸੇਵਾ ਸਫਲ ਸਤਿਗੁਰੂ ਕੀ ਜਿਤੁ ਹਰਿ ਹਰਿ ਨਾਮੁ ਜਪਿ ਹਰਿ ਸੁਖੁ ਪਾਇਆ ॥੨॥ | Blessed, rewarding and fruitful is the service of the True Guru; through it, I chant the Name of the Lord, Har, Har, and I have found peace. \|\|2\|\| |
| ਨਿਤ ਸਉਦਾ ਸੂਦੁ ਕੀਚੈ ਬਹੁ ਭਾਤਿ ਕਰਿ ਮਾਇਆ ਕੈ ਤਾਈ ॥ | Everyday, people carry on their business, with all sorts of devices to earn interest, for the sake of Maya. |
| ਜਾ ਲਾਹਾ ਦੇਇ ਤਾ ਸੁਖੁ ਮਨੇ ਤੋਟੈ ਮਰਿ ਜਾਈ ॥ | If they earn a profit, they are pleased, but their hearts are broken by losses. |
| ਜੋ ਗੁਣ ਸਾਝੀ ਗੁਰ ਸਿਉ ਕਰੇ ਨਿਤ ਨਿਤ ਸੁਖੁ ਪਾਈ ॥੩॥ | One who is worthy, becomes a partner with the Guru, and finds a lasting peace forever. \|\|3\|\| |
| **੧੬੭** | **167** |
| ਜਿਤਨੀ ਭੂਖ ਅਨ ਰਸ ਸਾਦ ਹੈ ਤਿਤਨੀ ਭੂਖ ਫਿਰਿ ਲਾਗੈ ॥ | The more one feels hunger for other tastes and pleasures, the more this hunger persists. |
| ਜਿਸੁ ਹਰਿ ਆਪਿ ਕ੍ਰਿਪਾ ਕਰੇ ਸੋ ਵੇਚੇ ਸਿਰੁ ਗੁਰ ਆਗੈ ॥ | Those unto whom the Lord Himself shows mercy, sell their head to the Guru. |
| ਜਨ ਨਾਨਕ ਹਰਿ ਰਸਿ ਤ੍ਰਿਪਤਿਆ ਫਿਰਿ ਭੂਖ ਨ ਲਾਗੈ ॥੪॥੪॥੧੦॥੪੮॥ | Servant Nanak is satisfied by the Name of the Lord, Har, Har. He shall never feel hungry again. \|\|4\|\|4\|\|10\|\|48\|\| |

| | |
|---|---|
| ਗਉੜੀ ਬੈਰਾਗਣਿ ਮਹਲਾ ੪ ॥ | Gauree Bairaagan, Fourth Mehl: |
| ਹਮਰੈ ਮਨਿ ਚਿਤਿ ਹਰਿ ਆਸ ਨਿਤ ਕਿਉ ਦੇਖਾ ਹਰਿ ਦਰਸੁ ਤੁਮਾਰਾ ॥ | Within my conscious mind is the constant longing for the Lord. How can I behold the Blessed Vision of Your Darshan, Lord? |
| ਜਿਨਿ ਪ੍ਰੀਤਿ ਲਾਈ ਸੋ ਜਾਣਤਾ ਹਮਰੈ ਮਨਿ ਚਿਤਿ ਹਰਿ ਬਹੁਤੁ ਪਿਆਰਾ ॥ | One who loves the Lord knows this; the Lord is very dear to my conscious mind. |
| ਹਉ ਕੁਰਬਾਨੀ ਗੁਰ ਆਪਣੇ ਜਿਨਿ ਵਿਛੁੜਿਆ ਮੇਲਿਆ ਮੇਰਾ ਸਿਰਜਨਹਾਰਾ ॥੧॥ | I am a sacrifice to my Guru, who has re-united me with my Creator Lord; I was separated from Him for such a long time! \|\|1\|\| |
| ਮੇਰੇ ਰਾਮ ਹਮ ਪਾਪੀ ਸਰਣਿ ਪਰੇ ਹਰਿ ਦੁਆਰਿ ॥ | O my Lord, I am a sinner; I have come to Your Sanctuary, and fallen at Your Door, Lord. |
| ਮਤੁ ਨਿਰਗੁਣ ਹਮ ਮੇਲੈ ਕਬਹੂੰ ਅਪੁਨੀ ਕਿਰਪਾ ਧਾਰਿ ॥੧॥ ਰਹਾਉ ॥ | My intellect is worthless; I am filthy and polluted. Please shower me with Your Mercy sometime. \|\|1\|\|Pause\|\| |
| ਹਮਰੇ ਅਵਗੁਣ ਬਹੁਤੁ ਬਹੁਤੁ ਹੈ ਬਹੁ ਬਾਰ ਬਾਰ ਹਰਿ ਗਣਤ ਨ ਆਵੈ ॥ | My demerits are so many and numerous. I have sinned so many times, over and over again. O Lord, they cannot be counted. |
| ਤੂੰ ਗੁਣਵੰਤਾ ਹਰਿ ਹਰਿ ਦਇਆਲੁ ਹਰਿ ਆਪੇ ਬਖਸਿ ਲੈਹਿ ਹਰਿ ਭਾਵੈ ॥ | You, Lord, are the Merciful Treasure of Virtue. When it pleases You, Lord, You forgive me. |
| ਹਮ ਅਪਰਾਧੀ ਰਾਖੇ ਗੁਰ ਸੰਗਤੀ ਉਪਦੇਸੁ ਦੀਓ ਹਰਿ ਨਾਮੁ ਛਡਾਵੈ ॥੨॥ | I am a sinner, saved only by the Company of the Guru. He has bestowed the Teachings of the Lord's Name, which saves me. \|\|2\|\| |
| ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ ਜਬ ਗੁਰੁ ਬੋਲਹ ਤਬ ਬਿਸਮੁ ਹੋਇ ਜਾਇ ॥ | What Glorious Virtues of Yours can I describe, O my True Guru? When the Guru speaks, I am transfixed with wonder. |
| ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ ॥ | Can anyone else save a sinner like me? The True Guru has protected and saved me. |
| ਤੂੰ ਗੁਰੁ ਪਿਤਾ ਤੂੰਹੈ ਗੁਰੁ ਮਾਤਾ ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ ॥੩॥ | O Guru, You are my father. O Guru, You are my mother. O Guru, You are my relative, companion and friend. \|\|3\|\| |

| | |
|---|---|
| ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥ | My condition, O my True Guru - that condition, O Lord, is known only to You. |
| ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥ | I was rolling around in the dirt, and no one cared for me at all. In the Company of the Guru, the True Guru, I, the worm, have been raised up and exalted. |
| ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥੪॥੫॥੧੧॥੪੯॥ | Blessed, blessed is the Guru of servant Nanak; meeting Him, all my sorrows and troubles have come to an end. \|\|4\|\|5\|\|11\|\|49\|\| |
| ਗਉੜੀ ਬੈਰਾਗਣਿ ਮਹਲਾ ੪ ॥ | Gauree Bairaagan, Fourth Mehl: |
| ਕੰਚਨ ਨਾਰੀ ਮਹਿ ਜੀਉ ਲੁਭਤੁ ਹੈ ਮੋਹੁ ਮੀਠਾ ਮਾਇਆ ॥ | The soul of the man is lured by gold and women; emotional attachment to Maya is so sweet to him. |
| ਘਰ ਮੰਦਰ ਘੋੜੇ ਖੁਸੀ ਮਨੁ ਅਨ ਰਸਿ ਲਾਇਆ ॥ | The mind has become attached to the pleasures of houses, palaces, horses and other enjoyments. |
| ਹਰਿ ਪ੍ਰਭੁ ਚਿਤਿ ਨ ਆਵਈ ਕਿਉ ਛੂਟਾ ਮੇਰੇ ਹਰਿ ਰਾਇਆ ॥੧॥ | The Lord God does not even enter his thoughts; how can he be saved, O my Lord King? \|\|1\|\| |
| ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ ॥ | O my Lord, these are my lowly actions, O my Lord. |
| ਗੁਣਵੰਤਾ ਹਰਿ ਹਰਿ ਦਇਆਲੁ ਕਰਿ ਕਿਰਪਾ ਬਖਸਿ ਅਵਗਣ ਸਭਿ ਮੇਰੇ ॥੧॥ ਰਹਾਉ ॥ | O Lord, Har, Har, Treasure of Virtue, Merciful Lord: please bless me with Your Grace and forgive me for all my mistakes. \|\|1\|\|Pause\|\| |
| ਕਿਛੁ ਰੂਪੁ ਨਹੀ ਕਿਛੁ ਜਾਤਿ ਨਾਹੀ ਕਿਛੁ ਢੰਗੁ ਨ ਮੇਰਾ ॥ | I have no beauty, no social status, no manners. |
| ਕਿਆ ਮੁਹੁ ਲੈ ਬੋਲਹ ਗੁਣ ਬਿਹੂਨ ਨਾਮੁ ਜਪਿਆ ਨ ਤੇਰਾ ॥ | With what face am I to speak? I have no virtue at all; I have not chanted Your Name. |
| ਹਮ ਪਾਪੀ ਸੰਗਿ ਗੁਰ ਉਬਰੇ ਪੁੰਨੁ ਸਤਿਗੁਰ ਕੇਰਾ ॥੨॥ | I am a sinner, saved only by the Company of the Guru. This is the generous blessing of the True Guru. \|\|2\|\| |
| ਸਭੁ ਜੀਉ ਪਿੰਡੁ ਮੁਖੁ ਨਕੁ ਦੀਆ ਵਰਤਣ ਕਉ ਪਾਣੀ ॥ | He gave all beings souls, bodies, mouths, noses and water to drink. |
| ਅੰਨੁ ਖਾਣਾ ਕਪੜੁ ਪੈਨਣੁ ਦੀਆ ਰਸ ਅਨਿ ਭੋਗਾਣੀ ॥ | He gave them corn to eat, clothes to wear, and other pleasures to enjoy. |

ਜਿਨਿ ਦੀਏ ਸੁ ਚਿਤਿ ਨ ਆਵਈ ਪਸੂ ਹਉ ਕਰਿ ਜਾਣੀ ॥੩॥

But they do not remember the One who gave them all this. The animals think that they made themselves! ||3||

ਸਭੁ ਕੀਤਾ ਤੇਰਾ ਵਰਤਦਾ ਤੂੰ ਅੰਤਰਜਾਮੀ ॥

You made them all; You are all-pervading. You are the Inner-knower, the Searcher of hearts.

ਹਮ ਜੰਤ ਵਿਚਾਰੇ ਕਿਆ ਕਰਹ ਸਭੁ ਖੇਲੁ ਤੁਮ ਸੁਆਮੀ ॥

What can these wretched creatures do? This whole drama is Yours, O Lord and Master.

ਜਨ ਨਾਨਕੁ ਹਾਟਿ ਵਿਹਾਝਿਆ ਹਰਿ ਗੁਲਮ ਗੁਲਾਮੀ ॥੪॥੬॥੧੨॥੫੦॥

Servant Nanak was purchased in the slave-market. He is the slave of the Lord's slaves. ||4||6||12||50||

## ੧੬੮

## 168

ਗਉੜੀ ਬੈਰਾਗਣਿ ਮਹਲਾ ੪ ॥

Gauree Bairaagan, Fourth Mehl:

ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ ॥

Just as the mother, having given birth to a son, feeds him and keeps him in her vision

| ਵਡੈ ਭਾਗਿ ਪਾਇਆ ਸਾਧਸੰਗੁ ॥ | By great good fortune, I found the Saadh Sangat, the Company of the Holy; |
| ਪਾਰਬ੍ਰਹਮ ਸਿਉ ਲਾਗੋ ਰੰਗੁ ॥੧॥ | I have fallen in love with the Supreme Lord God. \|\|1\|\| |
| ਹਰਿ ਹਰਿ ਨਾਮੁ ਜਪਤ ਜਨੁ ਤਾਰਿਓ ॥ | Chanting the Name of the Lord, Har, Har, His servant has been carried across. |
| ਅਗਨਿ ਸਾਗਰੁ ਗੁਰਿ ਪਾਰਿ ਉਤਾਰਿਓ ॥੧॥ ਰਹਾਉ ॥ | The Guru has lifted me up and carried me across the ocean of fire. \|\|1\|\|Pause\|\| |
| ਕਰਿ ਕੀਰਤਨੁ ਮਨ ਸੀਤਲ ਭਏ ॥ | Singing the Kirtan of His Praises, my mind has become peaceful; |
| ਜਨਮ ਜਨਮ ਕੇ ਕਿਲਵਿਖ ਗਏ ॥ | the sins of countless incarnations have been washed away. |
| ਸਰਬ ਨਿਧਾਨ ਪੇਖੇ ਮਨ ਮਾਹਿ ॥ | I have seen all the treasures within my own mind; |
| ਅਬ ਢੂਢਨ ਕਾਹੇ ਕਉ ਜਾਹਿ ॥੨॥ | why should I now go out searching for them? \|\|2\|\| |
| ਪ੍ਰਭ ਅਪੁਨੇ ਜਬ ਭਏ ਦਇਆਲ ॥ | When God Himself becomes merciful, |
| ਪੂਰਨ ਹੋਈ ਸੇਵਕ ਘਾਲ ॥ | the work of His servant becomes perfect. |
| ਬੰਧਨ ਕਾਟਿ ਕੀਏ ਅਪਨੇ ਦਾਸ ॥ | He has cut away my bonds, and made me His slave. |
| ਸਿਮਰਿ ਸਿਮਰਿ ਸਿਮਰਿ ਗੁਣਤਾਸ ॥੩॥ | Remember, remember, remember Him in meditation; He is the treasure of excellence. \|\|3\|\| |
| ਏਕੋ ਮਨਿ ਏਕੋ ਸਭ ਠਾਇ ॥ | He alone is in the mind; He alone is everywhere. |

| | |
|---|---|
| ਪੂਰਨ ਪੂਰਿ ਰਹਿਓ ਸਭ ਜਾਇ ॥ | The Perfect Lord is totally permeating and pervading everywhere. |
| ਗੁਰਿ ਪੂਰੈ ਸਭੁ ਭਰਮੁ ਚੁਕਾਇਆ ॥ | The Perfect Guru has dispelled all doubts. |
| ਹਰਿ ਸਿਮਰਤ ਨਾਨਕ ਸੁਖੁ ਪਾਇਆ ॥੪॥੮॥੭੭॥ | Remembering the Lord in meditation, Nanak has found peace. \|\|4\|\|8\|\|77\|\| |
| ਗਉੜੀ ਗੁਆਰੇਰੀ ਮਹਲਾ ੫ ॥ | Gauree Gwaarayree, Fifth Mehl: |
| ਅਗਲੇ ਮੁਏ ਸਿ ਪਾਛੈ ਪਰੇ ॥ | Those who have died have been forgotten. |
| ਜੋ ਉਬਰੇ ਸੇ ਬੰਧਿ ਲਕੁ ਖਰੇ ॥ | Those who survive have fastened their belts. |
| ਜਿਹ ਧੰਧੇ ਮਹਿ ਓਇ ਲਪਟਾਏ ॥ | They are busily occupied in their affairs; |
| ਉਨ ਤੇ ਦੁਗੁਣ ਦਿੜੀ ਉਨ ਮਾਏ ॥੧॥ | they cling twice as hard to Maya. \|\|1\|\| |
| ਓਹ ਬੇਲਾ ਕਛੁ ਚੀਤਿ ਨ ਆਵੈ ॥ | No one thinks of the time of death; |
| ਬਿਨਸਿ ਜਾਇ ਤਾਹੂ ਲਪਟਾਵੈ ॥੧॥ ਰਹਾਉ ॥ | people grasp to hold that which shall pass away. \|\|1\|\|Pause\|\| |
| ਆਸਾ ਬੰਧੀ ਮੂਰਖ ਦੇਹ ॥ | The fools - their bodies are bound down by desires. |
| ਕਾਮ ਕ੍ਰੋਧ ਲਪਟਿਓ ਅਸਨੇਹ ॥ | They are mired in sexual desire, anger and attachment; |
| ਸਿਰ ਊਪਰਿ ਠਾਢੋ ਧਰਮ ਰਾਇ ॥ | the Righteous Judge of Dharma stands over their heads. |
| ਮੀਠੀ ਕਰਿ ਕਰਿ ਬਿਖਿਆ ਖਾਇ ॥੨॥ | Believing it to be sweet, the fools eat poison. \|\|2\|\| |
| ਹਉ ਬੰਧਉ ਹਉ ਸਾਧਉ ਬੈਰੁ ॥ ਹਮਰੀ ਭੂਮਿ ਕਉਣੁ ਘਾਲੈ ਪੈਰੁ ॥ | They say, "I shall tie up my enemy, and I shall cut him down. Who dares to set foot upon my land? |
| ਹਉ ਪੰਡਿਤੁ ਹਉ ਚਤੁਰੁ ਸਿਆਣਾ ॥ | I am learned, I am clever and wise." |
| ਕਰਣੈਹਾਰੁ ਨ ਬੁਝੈ ਬਿਗਾਨਾ ॥੩॥ | The ignorant ones do not recognize their Creator. \|\|3\|\| |
| ਅਪੁਨੀ ਗਤਿ ਮਿਤਿ ਆਪੇ ਜਾਨੈ ॥ | The Lord Himself knows His Own state and condition. |
| ਕਿਆ ਕੋ ਕਹੈ ਕਿਆ ਆਖਿ ਵਖਾਨੈ ॥ | What can anyone say? How can anyone describe Him? |
| ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥ | Whatever He attaches us to - to that we are attached. |

| | |
|---|---|
| ਅਪਨਾ ਭਲਾ ਸਭ ਕਾਹੂ ਮੰਗਨਾ ॥੪॥ | Everyone begs for their own good. \|\|4\|\| |
| ਸਭ ਕਿਛੁ ਤੇਰਾ ਤੂੰ ਕਰਣੈਹਾਰੁ ॥ | Everything is Yours; You are the Creator Lord. |
| ਅੰਤੁ ਨਾਹੀ ਕਿਛੁ ਪਾਰਾਵਾਰੁ ॥ | You have no end or limitation. |
| ਦਾਸ ਅਪਨੇ ਕਉ ਦੀਜੈ ਦਾਨੁ ॥ | Please give this gift to Your servant, |
| ਕਬਹੂ ਨ ਵਿਸਰੈ ਨਾਨਕ ਨਾਮੁ ॥੫॥੯॥੭੮॥ | that Nanak might never forget the Naam. \|\|5\|\|9\|\|78\|\| |
| ਗਉੜੀ ਗੁਆਰੇਰੀ ਮਹਲਾ ੫ ॥ | Gauree Gwaarayree, Fifth Mehl: |
| ਅਨਿਕ ਜਤਨ ਨਹੀ ਹੋਤ ਛੁਟਾਰਾ ॥ | By all sorts of efforts, people do not find salvation. |
| ਬਹੁਤੁ ਸਿਆਣਪ ਆਗਲ ਭਾਰਾ ॥ | Through clever tricks, the weight is only piled on more and more. |
| ਹਰਿ ਕੀ ਸੇਵਾ ਨਿਰਮਲ ਹੇਤ ॥ | Serving the Lord with a pure heart, |
| ਪ੍ਰਭ ਕੀ ਦਰਗਹ ਸੋਭਾ ਸੇਤ ॥੧॥ | you shall be received with honor at God's Court. \|\|1\|\| |
| **੧੭੯** | **179** |
| ਮਨ ਮੇਰੇ ਗਹੁ ਹਰਿ ਨਾਮ ਕਾ ਓਲਾ ॥ | O my mind, hold tight to the Support of the Lord's Name. |
| ਤੁਝੈ ਨ ਲਾਗੈ ਤਾਤਾ ਝੋਲਾ ॥੧॥ ਰਹਾਉ ॥ | The hot winds shall never even touch you. \|\|1\|\|Pause\|\| |
| ਜਿਉ ਬੋਹਿਥੁ ਭੈ ਸਾਗਰ ਮਾਹਿ ॥ | Like a boat in the ocean of fear; |
| ਅੰਧਕਾਰ ਦੀਪਕ ਦੀਪਾਹਿ ॥ | like a lamp which illumines the darkness; |
| ਅਗਨਿ ਸੀਤ ਕਾ ਲਾਹਸਿ ਦੂਖ ॥ | like fire which takes away the pain of cold |
| ਨਾਮੁ ਜਪਤ ਮਨਿ ਹੋਵਤ ਸੂਖ ॥੨॥ | - just so, chanting the Name, the mind becomes peaceful. \|\|2\|\| |
| ਉਤਰਿ ਜਾਇ ਤੇਰੇ ਮਨ ਕੀ ਪਿਆਸ ॥ | The thirst of your mind shall be quenched, |
| ਪੂਰਨ ਹੋਵੈ ਸਗਲੀ ਆਸ ॥ | and all hopes shall be fulfilled. |
| ਡੋਲੈ ਨਾਹੀ ਤੁਮਰਾ ਚੀਤੁ ॥ | Your consciousness shall not waver. |
| ਅੰਮ੍ਰਿਤ ਨਾਮੁ ਜਪਿ ਗੁਰਮੁਖਿ ਮੀਤ ॥੩॥ | Meditate on the Ambrosial Naam as Gurmukh, O my friend. \|\|3\|\| |
| ਨਾਮੁ ਅਉਖਧੁ ਸੋਈ ਜਨੁ ਪਾਵੈ ॥ | He alone receives the panacea, the medicine of the Naam, |

| | |
|---|---|
| ਕਰਿ ਕਿਰਪਾ ਜਿਸੁ ਆਪਿ ਦਿਵਾਵੈ ॥ | unto whom the Lord, in His Grace, bestows it. |
| ਹਰਿ ਹਰਿ ਨਾਮੁ ਜਾ ਕੈ ਹਿਰਦੈ ਵਸੈ ॥ | One whose heart is filled with the Name of the Lord, Har, Har |
| ਦੂਖੁ ਦਰਦੁ ਤਿਹ ਨਾਨਕ ਨਸੈ ॥੪॥੧੦॥੭੯॥ | - O Nanak, his pains and sorrows are eliminated. \|\|4\|\|10\|\|79\|\| |
| ਗਉੜੀ ਗੁਆਰੇਰੀ ਮਹਲਾ ੫ ॥ | Gauree Gwaarayree, Fifth Mehl: |
| ਬਹੁਤੁ ਦਰਬੁ ਕਰਿ ਮਨੁ ਨ ਅਘਾਨਾ ॥ | Even with vast sums of wealth, the mind is not satisfied. |
| ਅਨਿਕ ਰੂਪ ਦੇਖਿ ਨਹ ਪਤੀਆਨਾ ॥ | Gazing upon countless beauties, the man is not satisfied. |
| ਪੁਤ੍ਰ ਕਲਤ੍ਰ ਉਰਝਿਓ ਜਾਨਿ ਮੇਰੀ ॥ | He is so involved with his wife and sons - he believes that they belong to him. |
| ਓਹ ਬਿਨਸੈ ਓਇ ਭਸਮੈ ਢੇਰੀ ॥੧॥ | That wealth shall pass away, and those relatives shall be reduced to ashes. \|\|1\|\| |
| ਬਿਨੁ ਹਰਿ ਭਜਨ ਦੇਖਉ ਬਿਲਲਾਤੇ ॥ | Without meditating and vibrating on the Lord, they are crying out in pain. |
| ਧ੍ਰਿਗੁ ਤਨੁ ਧ੍ਰਿਗੁ ਧਨੁ ਮਾਇਆ ਸੰਗਿ ਰਾਤੇ ॥੧॥ ਰਹਾਉ ॥ | Their bodies are cursed, and their wealth is cursed - they are imbued with Maya. \|\|1\|\|Pause\|\| |
| ਜਿਉ ਬਿਗਾਰੀ ਕੈ ਸਿਰਿ ਦੀਜਹਿ ਦਾਮ ॥ | The servant carries the bags of money on his head, |
| ਓਇ ਖਸਮੈ ਕੈ ਗ੍ਰਿਹਿ ਉਨ ਦੂਖ ਸਹਾਮ ॥ | but it goes to his master's house, and he receives only pain. |
| ਜਿਉ ਸੁਪਨੈ ਹੋਇ ਬੈਸਤ ਰਾਜਾ ॥ | The man sits as a king in his dreams, |
| ਨੇਤ੍ਰ ਪਸਾਰੈ ਤਾ ਨਿਰਾਰਥ ਕਾਜਾ ॥੨॥ | but when he opens his eyes, he sees that it was all in vain. \|\|2\|\| |
| ਜਿਉ ਰਾਖਾ ਖੇਤ ਊਪਰਿ ਪਰਾਏ ॥ | The watchman oversees the field of another, |
| ਖੇਤੁ ਖਸਮ ਕਾ ਰਾਖਾ ਉਠਿ ਜਾਏ ॥ | but the field belongs to his master, while he must get up and depart. |
| ਉਸੁ ਖੇਤ ਕਾਰਣਿ ਰਾਖਾ ਕੜੈ ॥ | He works so hard, and suffers for that field, |
| ਤਿਸ ਕੈ ਪਾਲੈ ਕਛੂ ਨ ਪੜੈ ॥੩॥ | but still, nothing comes into his hands. \|\|3\|\| |
| ਜਿਸ ਕਾ ਰਾਜੁ ਤਿਸੈ ਕਾ ਸੁਪਨਾ ॥ | The dream is His, and the kingdom is His; |
| ਜਿਨਿ ਮਾਇਆ ਦੀਨੀ ਤਿਨਿ ਲਾਈ ਤ੍ਰਿਸਨਾ ॥ | He who has given the wealth of Maya, has infused the desire for it. |
| ਆਪਿ ਬਿਨਾਹੇ ਆਪਿ ਕਰੇ ਰਾਸਿ ॥ | He Himself annihilates, and He Himself restores. |

| | |
|---|---|
| ਨਾਨਕ ਪ੍ਰਭ ਆਗੈ ਅਰਦਾਸਿ ॥੪॥੧੧॥੮੦॥ | Nanak offers this prayer to God. ‖4‖11‖80‖ |
| ਗਉੜੀ ਗੁਆਰੇਰੀ ਮਹਲਾ ੫ ॥ | Gauree Gwaarayree, Fifth Mehl: |
| ਬਹੁ ਰੰਗ ਮਾਇਆ ਬਹੁ ਬਿਧਿ ਪੇਖੀ ॥ | I have gazed upon the many forms of Maya, in so many ways. |
| ਕਲਮ ਕਾਗਦ ਸਿਆਨਪ ਲੇਖੀ ॥ | With pen and paper, I have written clever things. |
| ਮਹਰ ਮਲੂਕ ਹੋਇ ਦੇਖਿਆ ਖਾਨ ॥ | I have seen what it is to be a chief, a king, and an emperor, |
| ਤਾ ਤੇ ਨਾਹੀ ਮਨੁ ਤ੍ਰਿਪਤਾਨ ॥੧॥ | but they do not satisfy the mind. ‖1‖ |
| ਸੋ ਸੁਖੁ ਮੋ ਕਉ ਸੰਤ ਬਤਾਵਹੁ ॥ | Show me that peace, O Saints, |
| ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ ॥੧॥ ਰਹਾਉ ॥ | which will quench my thirst and satisfy my mind. ‖1‖Pause‖ |
| ਅਸੁ ਪਵਨ ਹਸਤਿ ਅਸਵਾਰੀ ॥ | You may have horses as fast as the wind, elephants to ride on, |
| ਚੋਆ ਚੰਦਨੁ ਸੇਜ ਸੁੰਦਰਿ ਨਾਰੀ ॥ | sandalwood oil, and beautiful women in bed, |
| ਨਟ ਨਾਟਿਕ ਆਖਾਰੇ ਗਾਇਆ ॥ | actors in dramas, singing in theaters |
| ਤਾ ਮਹਿ ਮਨਿ ਸੰਤੋਖੁ ਨ ਪਾਇਆ ॥੨॥ | - but even with them, the mind does not find contentment. ‖2‖ |
| ਤਖਤੁ ਸਭਾ ਮੰਡਨ ਦੋਲੀਚੇ ॥ | You may have a throne at the royal court, with beautiful decorations and soft carpets, |
| ਸਗਲ ਮੇਵੇ ਸੁੰਦਰ ਬਾਗੀਚੇ ॥ | all sorts of luscious fruits and beautiful gardens, |
| ਆਖੇੜ ਬਿਰਤਿ ਰਾਜਨ ਕੀ ਲੀਲਾ ॥ | the excitement of the chase and princely pleasures |
| ਮਨੁ ਨ ਸੁਹੇਲਾ ਪਰਪੰਚੁ ਹੀਲਾ ॥੩॥ | - but still, the mind is not made happy by such illusory diversions. ‖3‖ |
| ਕਰਿ ਕਿਰਪਾ ਸੰਤਨ ਸਚੁ ਕਹਿਆ ॥ | In their kindness, the Saints have told me of the True One, |
| ਸਰਬ ਸੂਖ ਇਹੁ ਆਨੰਦੁ ਲਹਿਆ ॥ | and so I have obtained all comforts and joy. |
| ਸਾਧਸੰਗਿ ਹਰਿ ਕੀਰਤਨੁ ਗਾਈਐ ॥ | In the Saadh Sangat, the Company of the Holy, I sing the Kirtan of the Lord's Praises. |

| | |
|---|---|
| ਕਹੁ ਨਾਨਕ ਵਡਭਾਗੀ ਪਾਈਐ ॥੪॥ | Says Nanak, through great good fortune, I have found this. ‖4‖ |
| ਜਾ ਕੈ ਹਰਿ ਧਨੁ ਸੋਈ ਸੁਹੇਲਾ ॥ | One who obtains the wealth of the Lord becomes happy. |
| ਪ੍ਰਭ ਕਿਰਪਾ ਤੇ ਸਾਧਸੰਗਿ ਮੇਲਾ ॥੧॥ ਰਹਾਉ ਦੂਜਾ ॥੧੨॥੮੧॥ | By God's Grace, I have joined the Saadh Sangat. ‖1‖Second Pause‖12‖81‖ |
| ਗਉੜੀ ਗੁਆਰੇਰੀ ਮਹਲਾ ੫ ॥ | Gauree Gwaarayree, Fifth Mehl: |
| **੧੮੦** | **180** |
| ਪ੍ਰਾਣੀ ਜਾਣੈ ਇਹੁ ਤਨੁ ਮੇਰਾ ॥ | The mortal claims this body as his own. |
| ਬਹੁਰਿ ਬਹੁਰਿ ਉਆਹੂ ਲਪਟੇਰਾ ॥ | Again and again, he clings to it. |
| ਪੁਤ੍ਰ ਕਲਤ੍ਰ ਗਿਰਸਤ ਕਾ ਫਾਸਾ ॥ | He is entangled with his children, his wife and household affairs. |
| ਹੋਨੁ ਨ ਪਾਈਐ ਰਾਮ ਕੇ ਦਾਸਾ ॥੧॥ | He cannot be the slave of the Lord. ‖1‖ |
| ਕਵਨ ਸੁ ਬਿਧਿ ਜਿਤੁ ਰਾਮ ਗੁਣ ਗਾਇ ॥ | What is that way, by which the Lord's Praises might be sung? |
| ਕਵਨ ਸੁ ਮਤਿ ਜਿਤੁ ਤਰੈ ਇਹ ਮਾਇ ॥੧॥ ਰਹਾਉ ॥ | What is that intellect, by which this person might swim across, O mother? ‖1‖Pause‖ |
| ਜੋ ਭਲਾਈ ਸੋ ਬੁਰਾ ਜਾਨੈ ॥ | That which is for his own good, he thinks is evil. |
| ਸਾਚੁ ਕਹੈ ਸੋ ਬਿਖੈ ਸਮਾਨੈ ॥ | If someone tells him the truth, he looks upon that as poison. |
| ਜਾਣੈ ਨਾਹੀ ਜੀਤ ਅਰੁ ਹਾਰ ॥ | He cannot tell victory from defeat. |
| ਇਹੁ ਵਲੇਵਾ ਸਾਕਤ ਸੰਸਾਰ ॥੨॥ | This is the way of life in the world of the faithless cynic. ‖2‖ |
| ਜੋ ਹਲਾਹਲ ਸੋ ਪੀਵੈ ਬਉਰਾ ॥ | The demented fool drinks in the deadly poison, |
| ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ ॥ | while he believes the Ambrosial Naam to be bitter. |
| ਸਾਧਸੰਗ ਕੈ ਨਾਹੀ ਨੇਰਿ ॥ | He does not even approach the Saadh Sangat, the Company of the Holy; |
| ਲਖ ਚਉਰਾਸੀਹ ਭ੍ਰਮਤਾ ਫੇਰਿ ॥੩॥ | he wanders lost through 8.4 million incarnations. ‖3‖ |
| ਏਕੈ ਜਾਲਿ ਫਹਾਏ ਪੰਖੀ ॥ | The birds are caught in the net of Maya; |
| ਰਸਿ ਰਸਿ ਭੋਗ ਕਰਹਿ ਬਹੁ ਰੰਗੀ ॥ | immersed in the pleasures of love, they frolic in so many ways. |

| | |
|---|---|
| ਕਹੁ ਨਾਨਕ ਜਿਸੁ ਭਏ ਕ੍ਰਿਪਾਲ ॥ ਗੁਰਿ ਪੂਰੈ ਤਾ ਕੇ ਕਾਟੇ ਜਾਲ ॥੪॥੧੩॥੮੨॥ | Says Nanak, the Perfect Guru has cut away the noose from those, unto whom the Lord has shown His Mercy. ‖4‖13‖82‖ |
| ਗਉੜੀ ਗੁਆਰੇਰੀ ਮਹਲਾ ੫ ॥ | Gauree Gwaarayree, Fifth Mehl: |
| ਤਉ ਕਿਰਪਾ ਤੇ ਮਾਰਗੁ ਪਾਈਐ ॥ | By Your Grace, we find the Way. |
| ਪ੍ਰਭ ਕਿਰਪਾ ਤੇ ਨਾਮੁ ਧਿਆਈਐ ॥ | By God’s Grace, we meditate on the Naam, the Name of the Lord. |
| ਪ੍ਰਭ ਕਿਰਪਾ ਤੇ ਬੰਧਨ ਛੁਟੈ ॥ | By God’s Grace, we are released from our bondage. |
| ਤਉ ਕਿਰਪਾ ਤੇ ਹਉਮੈ ਤੁਟੈ ॥੧॥ | By Your Grace, egotism is eradicated. ‖1‖ |
| ਤੁਮ ਲਾਵਹੁ ਤਉ ਲਾਗਹ ਸੇਵ ॥ | As You assign me, so I take to Your service. |
| ਹਮ ਤੇ ਕਛੂ ਨ ਹੋਵੈ ਦੇਵ ॥੧॥ ਰਹਾਉ ॥ | By myself, I cannot do anything at all, O Divine Lord. ‖1‖Pause‖ |
| ਤੁਧੁ ਭਾਵੈ ਤਾ ਗਾਵਾ ਬਾਣੀ ॥ | If it pleases You, then I sing the Word of Your Bani. |
| ਤੁਧੁ ਭਾਵੈ ਤਾ ਸਚੁ ਵਖਾਣੀ ॥ | If it pleases You, then I speak the Truth. |
| ਤੁਧੁ ਭਾਵੈ ਤਾ ਸਤਿਗੁਰ ਮਇਆ ॥ | If it pleases You, then the True Guru showers His Mercy upon me. |
| ਸਰਬ ਸੁਖਾ ਪ੍ਰਭ ਤੇਰੀ ਦਇਆ ॥੨॥ | All peace comes by Your Kindness, God. ‖2‖ |
| ਜੋ ਤੁਧੁ ਭਾਵੈ ਸੋ ਨਿਰਮਲ ਕਰਮਾ ॥ | Whatever pleases You is a pure action of karma. |
| ਜੋ ਤੁਧੁ ਭਾਵੈ ਸੋ ਸਚੁ ਧਰਮਾ ॥ | Whatever pleases You is the true faith of Dharma. |
| ਸਰਬ ਨਿਧਾਨ ਗੁਣ ਤੁਮ ਹੀ ਪਾਸਿ ॥ | The treasure of all excellence is with You. |
| ਤੂੰ ਸਾਹਿਬੁ ਸੇਵਕ ਅਰਦਾਸਿ ॥੩॥ | Your servant prays to You, O Lord and Master. ‖3‖ |
| ਮਨੁ ਤਨੁ ਨਿਰਮਲੁ ਹੋਇ ਹਰਿ ਰੰਗਿ ॥ | The mind and body become immaculate through the Lord’s Love. |
| ਸਰਬ ਸੁਖਾ ਪਾਵਉ ਸਤਸੰਗਿ ॥ | All peace is found in the Sat Sangat, the True Congregation. |
| ਨਾਮਿ ਤੇਰੈ ਰਹੈ ਮਨੁ ਰਾਤਾ ॥ | My mind remains attuned to Your Name; |
| ਇਹੁ ਕਲਿਆਣੁ ਨਾਨਕ ਕਰਿ ਜਾਤਾ ॥੪॥੧੪॥੮੩॥ | Nanak affirms this as his greatest pleasure. ‖4‖14‖83‖ |

| | |
|---|---|
| ਗਉੜੀ ਗੁਆਰੇਰੀ ਮਹਲਾ ੫ ॥ | Gauree Gwaarayree, Fifth Mehl: |
| ਆਨ ਰਸਾ ਜੇਤੇ ਤੈ ਚਾਖੇ ॥ | You may taste the other flavors, |
| ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥ | but your thirst shall not depart, even for an instant. |
| ਹਰਿ ਰਸ ਕਾ ਤੂੰ ਚਾਖਹਿ ਸਾਦੁ ॥ | But when you taste the sweet flavor the Lord's sublime essence |
| ਚਾਖਤ ਹੋਇ ਰਹਹਿ ਬਿਸਮਾਦੁ ॥੧॥ | - upon tasting it, you shall be wonder-struck and amazed. \|\|1\|\| |
| ਅੰਮ੍ਰਿਤੁ ਰਸਨਾ ਪੀਉ ਪਿਆਰੀ ॥ | O dear beloved tongue, drink in the Ambrosial Nectar. |
| ਇਹ ਰਸ ਰਾਤੀ ਹੋਇ ਤ੍ਰਿਪਤਾਰੀ ॥੧॥ ਰਹਾਉ ॥ | Imbued with this sublime essence, you shall be satisfied. \|\|1\|\|Pause\|\| |
| ਹੇ ਜਿਹਵੇ ਤੂੰ ਰਾਮ ਗੁਣ ਗਾਉ ॥ | O tongue, sing the Glorious Praises of the Lord. |
| ਨਿਮਖ ਨਿਮਖ ਹਰਿ ਹਰਿ ਹਰਿ ਧਿਆਉ ॥ | Each and every moment, meditate on the Lord, Har, Har, Har. |
| ਆਨ ਨ ਸੁਨੀਐ ਕਤਹੂੰ ਜਾਈਐ ॥ | Do not listen to any other, and do not go anywhere else. |
| ਸਾਧਸੰਗਤਿ ਵਡਭਾਗੀ ਪਾਈਐ ॥੨॥ | By great good fortune, you shall find the Saadh Sangat, the Company of the Holy. \|\|2\|\| |
| ਆਠ ਪਹਰ ਜਿਹਵੇ ਆਰਾਧਿ ॥ ਪਾਰਬ੍ਰਹਮ ਠਾਕੁਰ ਆਗਾਧਿ ॥ | Twenty-four hours a day, O tongue, dwell upon God, the Unfathomable, Supreme Lord and Master. |
| ਈਹਾ ਊਹਾ ਸਦਾ ਸੁਹੇਲੀ ॥ | Here and hereafter, you shall be happy forever. |
| ਹਰਿ ਗੁਣ ਗਾਵਤ ਰਸਨ ਅਮੋਲੀ ॥੩॥ | Chanting the Glorious Praises of the Lord, O tongue, you shall become priceless. \|\|3\|\| |
| ਬਨਸਪਤਿ ਮਉਲੀ ਫਲ ਫੁਲ ਪੇਡੇ ॥ | All the vegetation will blossom forth for you, flowering in fruition; |
| ਇਹ ਰਸ ਰਾਤੀ ਬਹੁਰਿ ਨ ਛੋਡੇ ॥ | imbued with this sublime essence, you shall never leave it again. |
| ਆਨ ਨ ਰਸ ਕਸ ਲਵੈ ਨ ਲਾਈ ॥ | No other sweet and tasty flavors can compare to it. |
| ਕਹੁ ਨਾਨਕ ਗੁਰ ਭਏ ਹੈ ਸਹਾਈ ॥੪॥੧੫॥੮੪॥ | Says Nanak, the Guru has become my Support. \|\|4\|\|15\|\|84\|\| |
| ਗਉੜੀ ਗੁਆਰੇਰੀ ਮਹਲਾ ੫ ॥ | Gauree Gwaarayree, Fifth Mehl: |
| ਮਨੁ ਮੰਦਰੁ ਤਨੁ ਸਾਜੀ ਬਾਰਿ ॥ | The mind is the temple, and the body is the fence built around it. |

| ੧੮੧ | 181 |
|---|---|
| ਇਸ ਹੀ ਮਧੇ ਬਸਤੁ ਅਪਾਰ ॥ | The infinite substance is within it. |
| ਇਸ ਹੀ ਭੀਤਰਿ ਸੁਨੀਅਤ ਸਾਹੁ ॥ | Within it, the great merchant is said to dwell. |
| ਕਵਨੁ ਬਾਪਾਰੀ ਜਾ ਕਾ ਊਹਾ ਵਿਸਾਹੁ ॥੧॥ | Who is the trader who deals there? ‖1‖ |
| ਨਾਮ ਰਤਨ ਕੋ ਕੋ ਬਿਉਹਾਰੀ ॥ | How rare is that trader who deals in the jewel of the Naam, the Name of the Lord. |
| ਅੰਮ੍ਰਿਤ ਭੋਜਨੁ ਕਰੇ ਆਹਾਰੀ ॥੧॥ ਰਹਾਉ ॥ | He takes the Ambrosial Nectar as his food. ‖1‖Pause‖ |
| ਮਨੁ ਤਨੁ ਅਰਪੀ ਸੇਵ ਕਰੀਜੈ ॥ | He dedicates his mind and body to serving the Lord. |
| ਕਵਨ ਸੁ ਜੁਗਤਿ ਜਿਤੁ ਕਰਿ ਭੀਜੈ ॥ | How can we please the Lord? |
| ਪਾਇ ਲਗਉ ਤਜਿ ਮੇਰਾ ਤੇਰੈ ॥ | I fall at His Feet, and I renounce all sense of 'mine and yours'. |
| ਕਵਨੁ ਸੁ ਜਨੁ ਜੋ ਸਉਦਾ ਜੋਰੈ ॥੨॥ | Who can settle this bargain? ‖2‖ |
| ਮਹਲੁ ਸਾਹ ਕਾ ਕਿਨ ਬਿਧਿ ਪਾਵੈ ॥ | How can I attain the Mansion of the Lord's Presence? |
| ਕਵਨ ਸੁ ਬਿਧਿ ਜਿਤੁ ਭੀਤਰਿ ਬੁਲਾਵੈ ॥ | How can I get Him to call me inside? |
| ਤੂੰ ਵਡ ਸਾਹੁ ਜਾ ਕੇ ਕੋਟਿ ਵਣਜਾਰੇ ॥ | You are the Great Merchant; You have millions of traders. |
| ਕਵਨੁ ਸੁ ਦਾਤਾ ਲੇ ਸੰਚਾਰੇ ॥੩॥ | Who is the benefactor? Who can take me to Him? ‖3‖ |
| ਖੋਜਤ ਖੋਜਤ ਨਿਜ ਘਰੁ ਪਾਇਆ ॥ | Seeking and searching, I have found my own home, deep within my own being. |
| ਅਮੋਲ ਰਤਨੁ ਸਾਚੁ ਦਿਖਲਾਇਆ ॥ | The True Lord has shown me the priceless jewel. |
| ਕਰਿ ਕਿਰਪਾ ਜਬ ਮੇਲੇ ਸਾਹਿ ॥ | When the Great Merchant shows His Mercy, He blends us into Himself. |
| ਕਹੁ ਨਾਨਕ ਗੁਰ ਕੈ ਵੇਸਾਹਿ ॥੪॥੧੬॥੮੫॥ | Says Nanak, place your faith in the Guru. ‖4‖16‖85‖ |
| ਗਉੜੀ ਮਹਲਾ ੫ ਗੁਆਰੇਰੀ ॥ | Gauree, Fifth Mehl, Gwaarayree: |
| ਰੈਣਿ ਦਿਨਸੁ ਰਹੈ ਇਕ ਰੰਗਾ ॥ | Night and day, they remain in the Love of the One. |
| ਪ੍ਰਭ ਕਉ ਜਾਣੈ ਸਦ ਹੀ ਸੰਗਾ ॥ | They know that God is always with them. |

| | |
|---|---|
| ਠਾਕੁਰ ਨਾਮੁ ਕੀਓ ਉਨਿ ਵਰਤਨਿ ॥ | They make the Name of their Lord and Master their way of life; |
| ਤ੍ਰਿਪਤਿ ਅਘਾਵਨੁ ਹਰਿ ਕੈ ਦਰਸਨਿ ॥੧॥ | they are satisfied and fulfilled with the Blessed Vision of the Lord's Darshan. \|\|1\|\| |
| ਹਰਿ ਸੰਗਿ ਰਾਤੇ ਮਨ ਤਨ ਹਰੇ ॥ | Imbued with the Love of the Lord, their minds and bodies are rejuvenated, |
| ਗੁਰ ਪੂਰੇ ਕੀ ਸਰਨੀ ਪਰੇ ॥੧॥ ਰਹਾਉ ॥ | entering the Sanctuary of the Perfect Guru. \|\|1\|\|Pause\|\| |
| ਚਰਣ ਕਮਲ ਆਤਮ ਆਧਾਰ ॥ | The Lord's Lotus Feet are the Support of the soul. |
| ਏਕੁ ਨਿਹਾਰਹਿ ਆਗਿਆਕਾਰ ॥ | They see only the One, and obey His Order. |
| ਏਕੋ ਬਨਜੁ ਏਕੋ ਬਿਉਹਾਰੀ ॥ | There is only one trade, and one occupation. |
| ਅਵਰੁ ਨ ਜਾਨਹਿ ਬਿਨੁ ਨਿਰੰਕਾਰੀ ॥੨॥ | They know no other than the Formless Lord. \|\|2\|\| |
| ਹਰਖ ਸੋਗ ਦੁਹਹੂੰ ਤੇ ਮੁਕਤੇ ॥ | They are free of both pleasure and pain. |
| ਸਦਾ ਅਲਿਪਤੁ ਜੋਗ ਅਰੁ ਜੁਗਤੇ ॥ | They remain unattached, joined to the Lord's Way. |
| ਦੀਸਹਿ ਸਭ ਮਹਿ ਸਭ ਤੇ ਰਹਤੇ ॥ | They are seen among all, and yet they are distinct from all. |
| ਪਾਰਬ੍ਰਹਮ ਕਾ ਓਇ ਧਿਆਨੁ ਧਰਤੇ ॥੩॥ | They focus their meditation on the Supreme Lord God. \|\|3\|\| |
| ਸੰਤਨ ਕੀ ਮਹਿਮਾ ਕਵਨ ਵਖਾਨਉ ॥ | How can I describe the Glories of the Saints? |
| ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ ॥ | Their knowledge is unfathomable; their limits cannot be known. |
| ਪਾਰਬ੍ਰਹਮ ਮੋਹਿ ਕਿਰਪਾ ਕੀਜੈ ॥ | O Supreme Lord God, please shower Your Mercy upon me. |
| ਧੂਰਿ ਸੰਤਨ ਕੀ ਨਾਨਕ ਦੀਜੈ ॥੪॥੧੭॥੮੬॥ | Bless Nanak with the dust of the feet of the Saints. \|\|4\|\|17\|\|86\|\| |
| ਗਉੜੀ ਗੁਆਰੇਰੀ ਮਹਲਾ ੫ ॥ | Gauree Gwaarayree, Fifth Mehl: |
| ਤੂੰ ਮੇਰਾ ਸਖਾ ਤੂੰਹੀ ਮੇਰਾ ਮੀਤੁ ॥ | You are my Companion; You are my Best Friend. |
| ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ ॥ | You are my Beloved; I am in love with You. |
| ਤੂੰ ਮੇਰੀ ਪਤਿ ਤੂਹੈ ਮੇਰਾ ਗਹਣਾ ॥ | You are my honor; You are my decoration. |

| | |
|---|---|
| ਤੁਝ ਬਿਨੁ ਨਿਮਖੁ ਨ ਜਾਈ ਰਹਣਾ ॥੧॥ | Without You, I cannot survive, even for an instant. \|\|1\|\| |
| ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ ॥ | You are my Intimate Beloved, You are my breath of life. |
| ਤੂੰ ਮੇਰੇ ਸਾਹਿਬ ਤੂੰ ਮੇਰੇ ਖਾਨ ॥੧॥ ਰਹਾਉ ॥ | You are my Lord and Master; You are my Leader. \|\|1\|\|Pause\|\| |
| ਜਿਉ ਤੁਮ ਰਾਖਹੁ ਤਿਵ ਹੀ ਰਹਨਾ ॥ | As You keep me, so do I survive. |
| ਜੋ ਤੁਮ ਕਹਹੁ ਸੋਈ ਮੋਹਿ ਕਰਨਾ ॥ | Whatever You say, that is what I do. |
| ਜਹ ਪੇਖਉ ਤਹਾ ਤੁਮ ਬਸਨਾ ॥ | Wherever I look, there I see You dwelling. |
| ਨਿਰਭਉ ਨਾਮੁ ਜਪਉ ਤੇਰਾ ਰਸਨਾ ॥੨॥ | O my Fearless Lord, with my tongue, I chant Your Name. \|\|2\|\| |
| ਤੂੰ ਮੇਰੀ ਨਵ ਨਿਧਿ ਤੂੰ ਭੰਡਾਰੁ ॥ | You are my nine treasures, You are my storehouse. |
| ਰੰਗ ਰਸਾ ਤੂੰ ਮਨਹਿ ਅਧਾਰੁ ॥ | I am imbued with Your Love; You are the Support of my mind. |
| ਤੂੰ ਮੇਰੀ ਸੋਭਾ ਤੁਮ ਸੰਗਿ ਰਚੀਆ ॥ | You are my Glory; I am blended with You. |
| ਤੂੰ ਮੇਰੀ ਓਟ ਤੂੰ ਹੈ ਮੇਰਾ ਤਕੀਆ ॥੩॥ | You are my Shelter; You are my Anchoring Support. \|\|3\|\| |
| ਮਨ ਤਨ ਅੰਤਰਿ ਤੁਹੀ ਧਿਆਇਆ ॥ | Deep within my mind and body, I meditate on You. |
| ਮਰਮੁ ਤੁਮਾਰਾ ਗੁਰ ਤੇ ਪਾਇਆ ॥ | I have obtained Your secret from the Guru. |
| ਸਤਿਗੁਰ ਤੇ ਦ੍ਰਿੜਿਆ ਇਕੁ ਏਕੈ ॥ | Through the True Guru, the One and only Lord was implanted within me; |
| ਨਾਨਕ ਦਾਸ ਹਰਿ ਹਰਿ ਹਰਿ ਟੇਕੈ ॥੪॥੧੮॥੮੭॥ | servant Nanak has taken to the Support of the Lord, Har, Har, Har. \|\|4\|\|18\|\|87\|\| |
| ਗਉੜੀ ਗੁਆਰੇਰੀ ਮਹਲਾ ੫ ॥ | Gauree Gwaarayree, Fifth Mehl: |
| **੧੮੨** | 182 |
| ਬਿਆਪਤ ਹਰਖ ਸੋਗ ਬਿਸਥਾਰ ॥ | It torments us with the expression of pleasure and pain. |
| ਬਿਆਪਤ ਸੁਰਗ ਨਰਕ ਅਵਤਾਰ ॥ | It torments us through incarnations in heaven and hell. |
| ਬਿਆਪਤ ਧਨ ਨਿਰਧਨ ਪੇਖਿ ਸੋਭਾ ॥ | It is seen to afflict the rich, the poor and the glorious. |

| | |
|---|---|
| ਮੂਲੁ ਬਿਆਧੀ ਬਿਆਪਸਿ ਲੋਭਾ ॥੧॥ | The source of this illness which torments us is greed. ‖1‖ |
| ਮਾਇਆ ਬਿਆਪਤ ਬਹੁ ਪਰਕਾਰੀ ॥ | Maya torments us in so many ways. |
| ਸੰਤ ਜੀਵਹਿ ਪ੍ਰਭ ਓਟ ਤੁਮਾਰੀ ॥੧॥ ਰਹਾਉ ॥ | But the Saints live under Your Protection, God. ‖1‖Pause‖ |
| ਬਿਆਪਤ ਅਹੰਬੁਧਿ ਕਾ ਮਾਤਾ ॥ | It torments us through intoxication with intellectual pride. |
| ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ ॥ | It torments us through the love of children and spouse. |
| ਬਿਆਪਤ ਹਸਤਿ ਘੋੜੇ ਅਰੁ ਬਸਤਾ ॥ | It torments us through elephants, horses and beautiful clothes. |
| ਬਿਆਪਤ ਰੂਪ ਜੋਬਨ ਮਦ ਮਸਤਾ ॥੨॥ | It torments us through the intoxication of wine and the beauty of youth. ‖2‖ |
| ਬਿਆਪਤ ਭੂਮਿ ਰੰਕ ਅਰੁ ਰੰਗਾ ॥ | It torments landlords, paupers and lovers of pleasure. |
| ਬਿਆਪਤ ਗੀਤ ਨਾਦ ਸੁਣਿ ਸੰਗਾ ॥ | It torments us through the sweet sounds of music and parties. |
| ਬਿਆਪਤ ਸੇਜ ਮਹਲ ਸੀਗਾਰ ॥ | It torments us through beautiful beds, palaces and decorations. |
| ਪੰਚ ਦੂਤ ਬਿਆਪਤ ਅੰਧਿਆਰ ॥੩॥ | It torments us through the darkness of the five evil passions. ‖3‖ |
| ਬਿਆਪਤ ਕਰਮ ਕਰੈ ਹਉ ਫਾਸਾ ॥ | It torments those who act, entangled in ego. |
| ਬਿਆਪਤਿ ਗਿਰਸਤ ਬਿਆਪਤ ਉਦਾਸਾ ॥ | It torments us through household affairs, and it torments us in renunciation. |
| ਆਚਾਰ ਬਿਉਹਾਰ ਬਿਆਪਤ ਇਹ ਜਾਤਿ ॥ | It torments us through character, lifestyle and social status. |
| ਸਭ ਕਿਛੁ ਬਿਆਪਤ ਬਿਨੁ ਹਰਿ ਰੰਗ ਰਾਤ ॥੪॥ | It torments us through everything, except for those who are imbued with the Love of the Lord. ‖4‖ |
| ਸੰਤਨ ਕੇ ਬੰਧਨ ਕਾਟੇ ਹਰਿ ਰਾਇ ॥ | The Sovereign Lord King has cut away the bonds of His Saints. |
| ਤਾ ਕਉ ਕਹਾ ਬਿਆਪੈ ਮਾਇ ॥ | How can Maya torment them? |
| ਕਹੁ ਨਾਨਕ ਜਿਨਿ ਧੂਰਿ ਸੰਤ ਪਾਈ ॥ ਤਾ ਕੈ ਨਿਕਟਿ ਨ ਆਵੈ ਮਾਈ ॥੫॥੧੯॥੮੮॥ | Says Nanak, Maya does not draw near those who have obtained the dust of the feet of the Saints. ‖5‖19‖88‖ |

| | |
|---|---|
| ਗਉੜੀ ਗੁਆਰੇਰੀ ਮਹਲਾ ੫ ॥ | Gauree Gwaarayree, Fifth Mehl: |
| ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥ | The eyes are asleep in corruption, gazing upon the beauty of another. |
| ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥ | The ears are asleep, listening to slanderous stories. |
| ਰਸਨਾ ਸੋਈ ਲੋਭਿ ਮੀਠੈ ਸਾਦਿ ॥ | The tongue is asleep, in its desire for sweet flavors. |
| ਮਨੁ ਸੋਇਆ ਮਾਇਆ ਬਿਸਮਾਦਿ ॥੧॥ | The mind is asleep, fascinated by Maya. \|\|1\|\| |
| ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥ | Those who remain awake in this house are very rare; |
| ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ ਰਹਾਉ ॥ | by doing so, they receive the whole thing. \|\|1\|\|Pause\|\| |
| ਸਗਲ ਸਹੇਲੀ ਅਪਨੈ ਰਸ ਮਾਤੀ ॥ | All of my companions are intoxicated with their sensory pleasures; |
| ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥ | they do not know how to guard their own home. |
| ਮੁਸਨਹਾਰ ਪੰਚ ਬਟਵਾਰੇ ॥ | The five thieves have plundered them; |
| ਸੂਨੇ ਨਗਰਿ ਪਰੇ ਠਗਹਾਰੇ ॥੨॥ | the thugs descend upon the unguarded village. \|\|2\|\| |
| ਉਨ ਤੇ ਰਾਖੈ ਬਾਪੁ ਨ ਮਾਈ ॥ | Our mothers and fathers cannot save us from them; |
| ਉਨ ਤੇ ਰਾਖੈ ਮੀਤੁ ਨ ਭਾਈ ॥ | friends and brothers cannot protect us from them |
| ਦਰਬਿ ਸਿਆਣਪ ਨਾ ਓਇ ਰਹਤੇ ॥ | they cannot be restrained by wealth or cleverness. |
| ਸਾਧਸੰਗਿ ਓਇ ਦੁਸਟ ਵਸਿ ਹੋਤੇ ॥੩॥ | Only through the Saadh Sangat, the Company of the Holy, can those villains be brought under control. \|\|3\|\| |
| ਕਰਿ ਕਿਰਪਾ ਮੋਹਿ ਸਾਰਿੰਗਪਾਣਿ ॥ | Have Mercy upon me, O Lord, Sustainer of the world. |
| ਸੰਤਨ ਧੂਰਿ ਸਰਬ ਨਿਧਾਨ ॥ | The dust of the feet of the Saints is all the treasure I need. |
| ਸਾਬਤੁ ਪੂੰਜੀ ਸਤਿਗੁਰ ਸੰਗਿ ॥ | In the Company of the True Guru, one's investment remains intact. |
| ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ ॥੪॥ | Nanak is awake to the Love of the Supreme Lord. \|\|4\|\| |
| ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥ | He alone is awake, unto whom God shows His Mercy. |
| ਇਹ ਪੂੰਜੀ ਸਾਬਤੁ ਧਨੁ ਮਾਲੁ ॥੧॥ ਰਹਾਉ ਦੂਜਾ ॥੨੦॥੮੯॥ | This investment, wealth and property shall remain intact. \|\|1\|\|Second Pause\|\|20\|\|89\|\| |

| | |
|---|---|
| ਗਉੜੀ ਗੁਆਰੇਰੀ ਮਹਲਾ ੫ ॥ | Gauree Gwaarayree, Fifth Mehl: |
| ਜਾ ਕੈ ਵਸਿ ਖਾਨ ਸੁਲਤਾਨ ॥ | Kings and emperors are under His Power. |
| ਜਾ ਕੈ ਵਸਿ ਹੈ ਸਗਲ ਜਹਾਨ ॥ | The whole world is under His Power. |
| ਜਾ ਕਾ ਕੀਆ ਸਭੁ ਕਿਛੁ ਹੋਇ ॥ | Everything is done by His doing; |
| ਤਿਸ ਤੇ ਬਾਹਰਿ ਨਾਹੀ ਕੋਇ ॥੧॥ | other than Him, there is nothing at all. ‖1‖ |
| ਕਹੁ ਬੇਨੰਤੀ ਅਪੁਨੇ ਸਤਿਗੁਰ ਪਾਹਿ ॥ | Offer your prayers to your True Guru; |
| ਕਾਜ ਤੁਮਾਰੇ ਦੇਇ ਨਿਬਾਹਿ ॥੧॥ ਰਹਾਉ ॥ | He will resolve your affairs. ‖1‖Pause‖ |
| ਸਭ ਤੇ ਊਚ ਜਾ ਕਾ ਦਰਬਾਰੁ ॥ | The Darbaar of His Court is the most exalted of all. |
| ਸਗਲ ਭਗਤ ਜਾ ਕਾ ਨਾਮੁ ਅਧਾਰੁ ॥ | His Name is the Support of all His devotees. |
| ਸਰਬ ਬਿਆਪਿਤ ਪੂਰਨ ਧਨੀ ॥ | The Perfect Master is pervading everywhere. |
| ਜਾ ਕੀ ਸੋਭਾ ਘਟਿ ਘਟਿ ਬਨੀ ॥੨॥ | His Glory is manifest in each and every heart. ‖2‖ |
| ਜਿਸੁ ਸਿਮਰਤ ਦੁਖ ਡੇਰਾ ਢਹੈ ॥ | Remembering Him in meditation, the home of sorrow is abolished. |
| ਜਿਸੁ ਸਿਮਰਤ ਜਮੁ ਕਿਛੂ ਨ ਕਹੈ ॥ | Remembering Him in meditation, the Messenger of Death shall not touch you. |
| ਜਿਸੁ ਸਿਮਰਤ ਹੋਤ ਸੂਕੇ ਹਰੇ ॥ | Remembering Him in meditation, the dry branches become green again. |

## ੧੮੩ 183

| | |
|---|---|
| ਜਿਸੁ ਸਿਮਰਤ ਡੂਬਤ ਪਾਹਨ ਤਰੇ ॥੩॥ | Remembering Him in meditation, sinking stones are made to float. ‖3‖ |
| ਸੰਤ ਸਭਾ ਕਉ ਸਦਾ ਜੈਕਾਰੁ ॥ | I salute and applaud the Society of the Saints. |
| ਹਰਿ ਹਰਿ ਨਾਮੁ ਜਨ ਪ੍ਰਾਨ ਅਧਾਰੁ ॥ | The Name of the Lord, Har, Har, is the Support of the breath of life of His servant. |
| ਕਹੁ ਨਾਨਕ ਮੇਰੀ ਸੁਣੀ ਅਰਦਾਸਿ ॥ | Says Nanak, the Lord has heard my prayer; |
| ਸੰਤ ਪ੍ਰਸਾਦਿ ਮੋ ਕਉ ਨਾਮ ਨਿਵਾਸਿ ॥੪॥੨੧॥੯੦॥ | by the Grace of the Saints, I dwell in the Naam, the Name of the Lord. ‖4‖21‖90‖ |

| | |
|---|---|
| ਗਉੜੀ ਗੁਆਰੇਰੀ ਮਹਲਾ ੫ ॥ | Gauree Gwaarayree, Fifth Mehl: |
| ਸਤਿਗੁਰ ਦਰਸਨਿ ਅਗਨਿ ਨਿਵਾਰੀ ॥ | By the Blessed Vision of the True Guru's Darshan, the fire of desire is quenched. |
| ਸਤਿਗੁਰ ਭੇਟਤ ਹਉਮੈ ਮਾਰੀ ॥ | Meeting the True Guru, egotism is subdued. |
| ਸਤਿਗੁਰ ਸੰਗਿ ਨਾਹੀ ਮਨੁ ਡੋਲੈ ॥ | In the Company of the True Guru, the mind does not waver. |
| ਅੰਮ੍ਰਿਤ ਬਾਣੀ ਗੁਰਮੁਖਿ ਬੋਲੈ ॥੧॥ | The Gurmukh speaks the Ambrosial Word of Gurbani. \|\|1\|\| |
| ਸਭੁ ਜਗੁ ਸਾਚਾ ਜਾ ਸਚ ਮਹਿ ਰਾਤੇ ॥ | He sees the True One pervading the whole world; he is imbued with the True One. |
| ਸੀਤਲ ਸਾਤਿ ਗੁਰ ਤੇ ਪ੍ਰਭ ਜਾਤੇ ॥੧॥ ਰਹਾਉ ॥ | I have become cool and tranquil, knowing God, through the Guru. \|\|1\|\|Pause\|\| |
| ਸੰਤ ਪ੍ਰਸਾਦਿ ਜਪੈ ਹਰਿ ਨਾਉ ॥ | By the Grace of the Saints, one chants the Lord's Name. |
| ਸੰਤ ਪ੍ਰਸਾਦਿ ਹਰਿ ਕੀਰਤਨੁ ਗਾਉ ॥ | By the Grace of the Saints, one sings the Kirtan of the Lord's Praises. |
| ਸੰਤ ਪ੍ਰਸਾਦਿ ਸਗਲ ਦੁਖ ਮਿਟੇ ॥ | By the Grace of the Saints, all pains are erased. |
| ਸੰਤ ਪ੍ਰਸਾਦਿ ਬੰਧਨ ਤੇ ਛੁਟੇ ॥੨॥ | By the Grace of the Saints, one is released from bondage. \|\|2\|\| |
| ਸੰਤ ਕ੍ਰਿਪਾ ਤੇ ਮਿਟੇ ਮੋਹ ਭਰਮ ॥ | By the kind Mercy of the Saints, emotional attachment and doubt are removed. |
| ਸਾਧ ਰੇਣ ਮਜਨ ਸਭਿ ਧਰਮ ॥ | Taking a bath in the dust of the feet of the Holy - this is true Dharmic faith. |
| ਸਾਧ ਕ੍ਰਿਪਾਲ ਦਇਆਲ ਗੋਵਿੰਦੁ ॥ | By the kindness of the Holy, the Lord of the Universe becomes merciful. |
| ਸਾਧਾ ਮਹਿ ਇਹ ਹਮਰੀ ਜਿੰਦੁ ॥੩॥ | The life of my soul is with the Holy. \|\|3\|\| |
| ਕਿਰਪਾ ਨਿਧਿ ਕਿਰਪਾਲ ਧਿਆਵਉ ॥ ਸਾਧਸੰਗਿ ਤਾ ਬੈਠਣੁ ਪਾਵਉ ॥ | Meditating on the Merciful Lord, the Treasure of Mercy, I have obtained a seat in the Saadh Sangat. |
| ਮੋਹਿ ਨਿਰਗੁਣ ਕਉ ਪ੍ਰਭਿ ਕੀਨੀ ਦਇਆ ॥ | I am worthless, but God has been kind to me. |
| ਸਾਧਸੰਗਿ ਨਾਨਕ ਨਾਮੁ ਲਇਆ ॥੪॥੨੨॥੯੧॥ | In the Saadh Sangat, Nanak has taken to the Naam, the Name of the Lord. \|\|4\|\|22\|\|91\|\| |

| | |
|---|---|
| ਗਉੜੀ ਗੁਆਰੇਰੀ ਮਹਲਾ ੫ ॥ | Gauree Gwaarayree, Fifth Mehl: |
| ਸਾਧਸੰਗਿ ਜਪਿਓ ਭਗਵੰਤੁ ॥ | In the Saadh Sangat, the Company of the Holy, I meditate on the Lord God. |
| ਕੇਵਲ ਨਾਮੁ ਦੀਓ ਗੁਰਿ ਮੰਤੁ ॥ | The Guru has given me the Mantra of the Naam, the Name of the Lord. |
| ਤਜਿ ਅਭਿਮਾਨ ਭਏ ਨਿਰਵੈਰ ॥ | Shedding my ego, I have become free of hate. |
| ਆਠ ਪਹਰ ਪੂਜਹੁ ਗੁਰ ਪੈਰ ॥੧॥ | Twenty-four hours a day, I worship the Guru's Feet. \|\|1\|\| |
| ਅਬ ਮਤਿ ਬਿਨਸੀ ਦੁਸਟ ਬਿਗਾਨੀ ॥ | Now, my evil sense of alienation is eliminated, |
| ਜਬ ਤੇ ਸੁਣਿਆ ਹਰਿ ਜਸੁ ਕਾਨੀ ॥੧॥ ਰਹਾਉ ॥ | since I have heard the Praises of the Lord with my ears. \|\|1\|\|Pause\|\| |
| ਸਹਜ ਸੂਖ ਆਨੰਦ ਨਿਧਾਨ ॥ | The Savior Lord is the treasure of intuitive peace, poise and bliss. |
| ਰਾਖਨਹਾਰ ਰਖਿ ਲੇਇ ਨਿਦਾਨ ॥ | He shall save me in the end. |
| ਦੂਖ ਦਰਦ ਬਿਨਸੇ ਭੈ ਭਰਮ ॥ | My pains, sufferings, fears and doubts have been erased. |
| ਆਵਣ ਜਾਣ ਰਖੇ ਕਰਿ ਕਰਮ ॥੨॥ | He has mercifully saved me from coming and going in reincarnation. \|\|2\|\| |
| ਪੇਖੈ ਬੋਲੈ ਸੁਣੈ ਸਭੁ ਆਪਿ ॥ | He Himself beholds, speaks and hears all. |
| ਸਦਾ ਸੰਗਿ ਤਾ ਕਉ ਮਨ ਜਾਪਿ ॥ | O my mind, meditate on the One who is always with you. |
| ਸੰਤ ਪ੍ਰਸਾਦਿ ਭਇਓ ਪਰਗਾਸੁ ॥ | By the Grace of the Saints, the Light has dawned. |
| ਪੂਰਿ ਰਹੇ ਏਕੈ ਗੁਣਤਾਸੁ ॥੩॥ | The One Lord, the Treasure of Excellence, is perfectly pervading everywhere. \|\|3\|\| |
| ਕਹਤ ਪਵਿਤ੍ਰ ਸੁਣਤ ਪੁਨੀਤ ॥ ਗੁਣ ਗੋਵਿੰਦ ਗਾਵਹਿ ਨਿਤ ਨੀਤ ॥ | Pure are those who speak, and sanctified are those who hear and sing, forever and ever, the Glorious Praises of the Lord of the Universe. |
| ਕਹੁ ਨਾਨਕ ਜਾ ਕਉ ਹੋਹੁ ਕ੍ਰਿਪਾਲ ॥ | Says Nanak, when the Lord bestows His Mercy, |
| ਤਿਸੁ ਜਨ ਕੀ ਸਭ ਪੂਰਨ ਘਾਲ ॥੪॥੨੩॥੯੨॥ | all one's efforts are fulfilled. \|\|4\|\|23\|\|92\|\| |
| ਗਉੜੀ ਗੁਆਰੇਰੀ ਮਹਲਾ ੫ ॥ | Gauree Gwaarayree, Fifth Mehl: |
| ਬੰਧਨ ਤੋੜਿ ਬੋਲਾਵੈ ਰਾਮੁ ॥ | He breaks our bonds, and inspires us to chant the Lord's Name. |
| ਮਨ ਮਹਿ ਲਾਗੈ ਸਾਚੁ ਧਿਆਨੁ ॥ ਮਿਟਹਿ ਕਲੇਸ ਸੁਖੀ ਹੋਇ ਰਹੀਐ ॥ | With the mind centered in meditation on the True Lord, anguish is eradicated, and one comes to dwell in peace. |

| | |
|---|---|
| ਐਸਾ ਦਾਤਾ ਸਤਿਗੁਰੁ ਕਹੀਐ ॥੧॥ | Such is the True Guru, the Great Giver. ‖1‖ |
| ਸੋ ਸੁਖਦਾਤਾ ਜਿ ਨਾਮੁ ਜਪਾਵੈ ॥ | He alone is the Giver of peace, who inspires us to chant the Naam, the Name of the Lord. |
| ਕਰਿ ਕਿਰਪਾ ਤਿਸੁ ਸੰਗਿ ਮਿਲਾਵੈ ॥੧॥ ਰਹਾਉ ॥ | By His Grace, He leads us to merge with Him. ‖1‖Pause‖ |
| ਜਿਸੁ ਹੋਇ ਦਇਆਲੁ ਤਿਸੁ ਆਪਿ ਮਿਲਾਵੈ ॥ | He unites with Himself those unto whom He has shown His Mercy. |
| ਸਰਬ ਨਿਧਾਨ ਗੁਰੂ ਤੇ ਪਾਵੈ ॥ | All treasures are received from the Guru. |
| ਆਪੁ ਤਿਆਗਿ ਮਿਟੈ ਆਵਣ ਜਾਣਾ ॥ | Renouncing selfishness and conceit, coming and going come to an end. |
| ਸਾਧ ਕੈ ਸੰਗਿ ਪਾਰਬ੍ਰਹਮੁ ਪਛਾਣਾ ॥੨॥ | In the Saadh Sangat, the Company of the Holy, the Supreme Lord God is recognized. ‖2‖ |
| ਜਨ ਊਪਰਿ ਪ੍ਰਭ ਭਏ ਦਇਆਲ ॥ | God has become merciful to His humble servant. |
| **੧੮੪** | **184** |
| ਜਨ ਕੀ ਟੇਕ ਏਕ ਗੋਪਾਲ ॥ | The One Lord of the Universe is the Support of His humble servants. |
| ਏਕਾ ਲਿਵ ਏਕੋ ਮਨਿ ਭਾਉ ॥ | They love the One Lord; their minds are filled with love for the Lord. |
| ਸਰਬ ਨਿਧਾਨ ਜਨ ਕੈ ਹਰਿ ਨਾਉ ॥੩॥ | The Name of the Lord is all treasures for them. ‖3‖ |
| ਪਾਰਬ੍ਰਹਮ ਸਿਉ ਲਾਗੀ ਪ੍ਰੀਤਿ ॥ | They are in love with the Supreme Lord God; |
| ਨਿਰਮਲ ਕਰਣੀ ਸਾਚੀ ਰੀਤਿ ॥ | their actions are pure, and their lifestyle is true. |
| ਗੁਰਿ ਪੂਰੈ ਮੇਟਿਆ ਅੰਧਿਆਰਾ ॥ | The Perfect Guru has dispelled the darkness. |
| ਨਾਨਕ ਕਾ ਪ੍ਰਭੁ ਅਪਰ ਅਪਾਰਾ ॥੪॥੨੪॥੯੩॥ | Nanak's God is Incomparable and Infinite. ‖4‖24‖93‖ |
| ਗਉੜੀ ਗੁਆਰੇਰੀ ਮਹਲਾ ੫ ॥ | Gauree Gwaarayree, Fifth Mehl: |
| ਜਿਸੁ ਮਨਿ ਵਸੈ ਤਰੈ ਜਨੁ ਸੋਇ ॥ | Those whose minds are filled with the Lord, swim across. |
| ਜਾ ਕੈ ਕਰਮਿ ਪਰਾਪਤਿ ਹੋਇ ॥ | Those who have the blessing of good karma, meet with the Lord. |
| ਦੂਖੁ ਰੋਗੁ ਕਛੁ ਭਉ ਨ ਬਿਆਪੈ ॥ | Pain, disease and fear do not affect them at all. |

| | |
|---|---|
| ਅੰਮ੍ਰਿਤ ਨਾਮੁ ਰਿਦੈ ਹਰਿ ਜਾਪੈ ॥੧॥ | They meditate on the Ambrosial Name of the Lord within their hearts. \|\|1\|\| |
| ਪਾਰਬ੍ਰਹਮੁ ਪਰਮੇਸੁਰੁ ਧਿਆਈਐ ॥ | Meditate on the Supreme Lord God, the Transcendent Lord. |
| ਗੁਰ ਪੂਰੇ ਤੇ ਇਹ ਮਤਿ ਪਾਈਐ ॥੧॥ ਰਹਾਉ ॥ | From the Perfect Guru, this understanding is obtained. \|\|1\|\|Pause\|\| |
| ਕਰਣ ਕਰਾਵਨਹਾਰ ਦਇਆਲ ॥ | The Merciful Lord is the Doer, the Cause of causes. |
| ਜੀਅ ਜੰਤ ਸਗਲੇ ਪ੍ਰਤਿਪਾਲ ॥ | He cherishes and nurtures all beings and creatures. |
| ਅਗਮ ਅਗੋਚਰ ਸਦਾ ਬੇਅੰਤਾ ॥ | He is Inaccessible, Incomprehensible, Eternal and Infinite. |
| ਸਿਮਰਿ ਮਨਾ ਪੂਰੇ ਗੁਰ ਮੰਤਾ ॥੨॥ | Meditate on Him, O my mind, through the Teachings of the Perfect Guru. \|\|2\|\| |
| ਜਾ ਕੀ ਸੇਵਾ ਸਰਬ ਨਿਧਾਨੁ ॥ | Serving Him, all treasures are obtained. |
| ਪ੍ਰਭ ਕੀ ਪੂਜਾ ਪਾਈਐ ਮਾਨੁ ॥ | Worshipping God, honor is obtained. |
| ਜਾ ਕੀ ਟਹਲ ਨ ਬਿਰਥੀ ਜਾਇ ॥ | Working for Him is never in vain; |
| ਸਦਾ ਸਦਾ ਹਰਿ ਕੇ ਗੁਣ ਗਾਇ ॥੩॥ | forever and ever, sing the Glorious Praises of the Lord. \|\|3\|\| |
| ਕਰਿ ਕਿਰਪਾ ਪ੍ਰਭ ਅੰਤਰਜਾਮੀ ॥ | Show Mercy to me, O God, O Searcher of hearts. |
| ਸੁਖ ਨਿਧਾਨ ਹਰਿ ਅਲਖ ਸੁਆਮੀ ॥ | The Unseen Lord and Master is the Treasure of Peace. |
| ਜੀਅ ਜੰਤ ਤੇਰੀ ਸਰਣਾਈ ॥ | All beings and creatures seek Your Sanctuary; |
| ਨਾਨਕ ਨਾਮੁ ਮਿਲੈ ਵਡਿਆਈ ॥੪॥੨੫॥੯੪॥ | Nanak is blessed to receive the greatness of the Naam, the Name of the Lord. \|\|4\|\|25\|\|94\|\| |
| ਗਉੜੀ ਗੁਆਰੇਰੀ ਮਹਲਾ ੫ ॥ | Gauree Gwaarayree, Fifth Mehl: |
| ਜੀਅ ਜੁਗਤਿ ਜਾ ਕੈ ਹੈ ਹਾਥ ॥ | Our way of life is in His Hands; |
| ਸੋ ਸਿਮਰਹੁ ਅਨਾਥ ਕੋ ਨਾਥੁ ॥ | remember Him, the Master of the masterless. |
| ਪ੍ਰਭ ਚਿਤਿ ਆਏ ਸਭੁ ਦੁਖੁ ਜਾਇ ॥ | When God comes to mind, all pains depart. |
| ਭੈ ਸਭ ਬਿਨਸਹਿ ਹਰਿ ਕੈ ਨਾਇ ॥੧॥ | All fears are dispelled through the Name of the Lord. \|\|1\|\| |
| ਬਿਨੁ ਹਰਿ ਭਉ ਕਾਹੇ ਕਾ ਮਾਨਹਿ ॥ | Why do you fear any other than the Lord? |
| ਹਰਿ ਬਿਸਰਤ ਕਾਹੇ ਸੁਖੁ ਜਾਨਹਿ ॥੧॥ ਰਹਾਉ ॥ | Forgetting the Lord, why do you pretend to be at peace? \|\|1\|\|Pause\|\| |
| ਜਿਨਿ ਧਾਰੇ ਬਹੁ ਧਰਣਿ ਅਗਾਸ ॥ | He established the many worlds and skies. |

| | |
|---|---|
| ਜਾ ਕੀ ਜੋਤਿ ਜੀਅ ਪਰਗਾਸ ॥ | The soul is illumined with His Light; |
| ਜਾ ਕੀ ਬਖਸ ਨ ਮੇਟੈ ਕੋਇ ॥ | no one can revoke His Blessing. |
| ਸਿਮਰਿ ਸਿਮਰਿ ਪ੍ਰਭੁ ਨਿਰਭਉ ਹੋਇ ॥੨॥ | Meditate, meditate in remembrance on God, and become fearless. \|\|2\|\| |
| ਆਠ ਪਹਰ ਸਿਮਰਹੁ ਪ੍ਰਭ ਨਾਮੁ ॥ | Twenty-four hours a day, meditate in remembrance on God's Name. |
| ਅਨਿਕ ਤੀਰਥ ਮਜਨੁ ਇਸਨਾਨੁ ॥ | In it are the many sacred shrines of pilgrimage and cleansing baths. |
| ਪਾਰਬ੍ਰਹਮ ਕੀ ਸਰਣੀ ਪਾਹਿ ॥ | Seek the Sanctuary of the Supreme Lord God. |
| ਕੋਟਿ ਕਲੰਕ ਖਿਨ ਮਹਿ ਮਿਟਿ ਜਾਹਿ ॥੩॥ | Millions of mistakes shall be erased in an instant. \|\|3\|\| |
| ਬੇਮੁਹਤਾਜੁ ਪੂਰਾ ਪਾਤਿਸਾਹੁ ॥ | The Perfect King is self-sufficient. |
| ਪ੍ਰਭ ਸੇਵਕ ਸਾਚਾ ਵੇਸਾਹੁ ॥ | God's servant has true faith in Him. |
| ਗੁਰਿ ਪੂਰੈ ਰਾਖੇ ਦੇ ਹਾਥ ॥ | Giving him His Hand, the Perfect Guru protects him. |
| ਨਾਨਕ ਪਾਰਬ੍ਰਹਮ ਸਮਰਾਥ ॥੪॥੨੬॥੯੫॥ | O Nanak, the Supreme Lord God is All-powerful. \|\|4\|\|26\|\|95\|\| |
| ਗਉੜੀ ਗੁਆਰੇਰੀ ਮਹਲਾ ੫ ॥ | Gauree Gwaarayree, Fifth Mehl: |
| ਗੁਰ ਪਰਸਾਦਿ ਨਾਮਿ ਮਨੁ ਲਾਗਾ ॥ | By Guru's Grace, my mind is attached to the Naam, the Name of the Lord. |
| ਜਨਮ ਜਨਮ ਕਾ ਸੋਇਆ ਜਾਗਾ ॥ | Asleep for so many incarnations, it is now awakened. |
| ਅੰਮ੍ਰਿਤ ਗੁਣ ਉਚਰੈ ਪ੍ਰਭ ਬਾਣੀ ॥ | I chant the Ambrosial Bani, the Glorious Praises of God. |
| ਪੂਰੇ ਗੁਰ ਕੀ ਸੁਮਤਿ ਪਰਾਣੀ ॥੧॥ | The Pure Teachings of the Perfect Guru have been revealed to me. \|\|1\|\| |
| ਪ੍ਰਭ ਸਿਮਰਤ ਕੁਸਲ ਸਭਿ ਪਾਏ ॥ | Meditating in remembrance on God, I have found total peace. |
| ਘਰਿ ਬਾਹਰਿ ਸੁਖ ਸਹਜ ਸਬਾਏ ॥੧॥ ਰਹਾਉ ॥ | Within my home, and outside as well, there is peace and poise all around. \|\|1\|\|Pause\|\| |
| ਸੋਈ ਪਛਾਤਾ ਜਿਨਹਿ ਉਪਾਇਆ ॥ | I have recognized the One who created me. |
| ਕਰਿ ਕਿਰਪਾ ਪ੍ਰਭਿ ਆਪਿ ਮਿਲਾਇਆ ॥ | Showing His Mercy, God has blended me with Himself. |

| | |
|---|---|
| ਬਾਹ ਪਕਰਿ ਲੀਨੋ ਕਰਿ ਅਪਨਾ ॥ | Taking me by the arm, He has made me His Own. |
| ਹਰਿ ਹਰਿ ਕਥਾ ਸਦਾ ਜਪੁ ਜਪਨਾ ॥੨॥ | I continually chant and meditate on the Sermon of the Lord, Har, Har. ‖2‖ |
| ਮੰਤ੍ਰੁ ਤੰਤ੍ਰੁ ਅਉਖਧੁ ਪੁਨਹਚਾਰੁ ॥ | Mantras, tantras, all-curing medicines and acts of atonement, |
| **੧੮੫** | **185** |
| ਹਰਿ ਹਰਿ ਨਾਮੁ ਜੀਅ ਪ੍ਰਾਨ ਅਧਾਰੁ ॥ | are all in the Name of the Lord, Har, Har, the Support of the soul and the breath of life. |
| ਸਾਚਾ ਧਨੁ ਪਾਇਓ ਹਰਿ ਰੰਗਿ ॥ | I have obtained the true wealth of the Lord's Love. |
| ਦੁਤਰੁ ਤਰੇ ਸਾਧ ਕੈ ਸੰਗਿ ॥੩॥ | I have crossed over the treacherous world-ocean in the Saadh Sangat, the Company of the Holy. ‖3‖ |
| ਸੁਖਿ ਬੈਸਹੁ ਸੰਤ ਸਜਨ ਪਰਵਾਰੁ ॥ | Sit in peace, O Saints, with the family of friends. |
| ਹਰਿ ਧਨੁ ਖਟਿਓ ਜਾ ਕਾ ਨਾਹਿ ਸੁਮਾਰੁ ॥ | Earn the wealth of the Lord, which is beyond estimation. |
| ਜਿਸਹਿ ਪਰਾਪਤਿ ਤਿਸੁ ਗੁਰੁ ਦੇਇ ॥ | He alone obtains it, unto whom the Guru has bestowed it. |
| ਨਾਨਕ ਬਿਰਥਾ ਕੋਇ ਨ ਹੋਇ ॥੪॥੨੭॥੯੬॥ | O Nanak, no one shall go away empty-handed. ‖4‖27‖96‖ |
| ਗਉੜੀ ਗੁਆਰੇਰੀ ਮਹਲਾ ੫ ॥ | Gauree Gwaarayree, Fifth Mehl: |
| ਹਸਤ ਪੁਨੀਤ ਹੋਹਿ ਤਤਕਾਲ ॥ | The hands are sanctified instantly, |
| ਬਿਨਸਿ ਜਾਹਿ ਮਾਇਆ ਜੰਜਾਲ ॥ | and the entanglements of Maya are dispelled. |
| ਰਸਨਾ ਰਮਹੁ ਰਾਮ ਗੁਣ ਨੀਤ ॥ | Repeat constantly with your tongue the Glorious Praises of the Lord, |
| ਸੁਖੁ ਪਾਵਹੁ ਮੇਰੇ ਭਾਈ ਮੀਤ ॥੧॥ | and you shall find peace, O my friends, O Siblings of Destiny. ‖1‖ |
| ਲਿਖੁ ਲੇਖਣਿ ਕਾਗਦਿ ਮਸਵਾਣੀ ॥ | With pen and ink, write upon your paper |
| ਰਾਮ ਨਾਮ ਹਰਿ ਅੰਮ੍ਰਿਤ ਬਾਣੀ ॥੧॥ ਰਹਾਉ ॥ | the Name of the Lord, the Ambrosial Word of the Lord's Bani. ‖1‖Pause‖ |
| ਇਹ ਕਾਰਜਿ ਤੇਰੇ ਜਾਹਿ ਬਿਕਾਰ ॥ | By this act, your sins shall be washed away. |
| ਸਿਮਰਤ ਰਾਮ ਨਾਹੀ ਜਮ ਮਾਰ ॥ | Remembering the Lord in meditation, you shall not be punished by the Messenger of Death. |

| | |
|---|---|
| ਧਰਮ ਰਾਇ ਕੇ ਦੂਤ ਨ ਜੋਹੈ ॥ | The couriers of the Righteous Judge of Dharma shall not touch you. |
| ਮਾਇਆ ਮਗਨ ਨ ਕਛੂਐ ਮੋਹੈ ॥੨॥ | The intoxication of Maya shall not entice you at all. \|\|2\|\| |
| ਉਧਰਹਿ ਆਪਿ ਤਰੈ ਸੰਸਾਰੁ ॥ | You shall be redeemed, and through you, the whole world shall be saved, |
| ਰਾਮ ਨਾਮ ਜਪਿ ਏਕੰਕਾਰੁ ॥ | if you chant the Name of the One and Only Lord. |
| ਆਪਿ ਕਮਾਉ ਅਵਰਾ ਉਪਦੇਸ ॥ | Practice this yourself, and teach others; |
| ਰਾਮ ਨਾਮ ਹਿਰਦੈ ਪਰਵੇਸ ॥੩॥ | instill the Lord's Name in your heart. \|\|3\|\| |
| ਜਾ ਕੈ ਮਾਥੈ ਏਹੁ ਨਿਧਾਨੁ ॥ | That person, who has this treasure upon his forehead |
| ਸੋਈ ਪੁਰਖੁ ਜਪੈ ਭਗਵਾਨੁ ॥ | that person meditates on God. |
| ਆਠ ਪਹਰ ਹਰਿ ਹਰਿ ਗੁਣ ਗਾਉ ॥ | Twenty-four hours a day, chant the Glorious Praises of the Lord, Har, Har. |
| ਕਹੁ ਨਾਨਕ ਹਉ ਤਿਸੁ ਬਲਿ ਜਾਉ ॥੪॥੨੮॥੯੭॥ | Says Nanak, I am a sacrifice to Him. \|\|4\|\|28\|\|97\|\| |

ਰਾਗੁ ਗਉੜੀ ਗੁਆਰੇਰੀ ਮਹਲਾ ੫ ਚਉਪਦੇ ਦੁਪਦੇ

Raag Gauree Gwaarayree, Fifth Mehl, Chau-Padas, Du-Padas:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

| | |
|---|---|
| ਜੋ ਪਰਾਇਓ ਸੋਈ ਅਪਨਾ ॥ | That which belongs to another - he claims as his own. |
| ਜੋ ਤਜਿ ਛੋਡਨ ਤਿਸੁ ਸਿਉ ਮਨੁ ਰਚਨਾ ॥੧॥ | That which he must abandon - to that, his mind is attracted. \|\|1\|\| |
| ਕਹਹੁ ਗੁਸਾਈ ਮਿਲੀਐ ਕੇਹ ॥ | Tell me, how can he meet the Lord of the World? |
| ਜੋ ਬਿਬਰਜਤ ਤਿਸ ਸਿਉ ਨੇਹ ॥੧॥ ਰਹਾਉ ॥ | That which is forbidden - with that, he is in love. \|\|1\|\|Pause\|\| |
| ਝੂਠੁ ਬਾਤ ਸਾ ਸਚੁ ਕਰਿ ਜਾਤੀ ॥ | That which is false - he deems as true. |
| ਸਤਿ ਹੋਵਨੁ ਮਨਿ ਲਗੈ ਨ ਰਾਤੀ ॥੨॥ | That which is true - his mind is not attached to that at all. \|\|2\|\| |
| ਬਾਵੈ ਮਾਰਗੁ ਟੇਢਾ ਚਲਨਾ ॥ | He takes the crooked path of the unrighteous way; |
| ਸੀਧਾ ਛੋਡਿ ਅਪੂਠਾ ਬੁਨਨਾ ॥੩॥ | leaving the straight and narrow path, he weaves his way backwards. \|\|3\|\| |

| | |
|---|---|
| ਦੁਹਾ ਸਿਰਿਆ ਕਾ ਖਸਮੁ ਪ੍ਰਭੁ ਸੋਈ ॥ | God is the Lord and Master of both worlds. |
| ਜਿਸੁ ਮੇਲੇ ਨਾਨਕ ਸੋ ਮੁਕਤਾ ਹੋਈ ॥੪॥੨੯॥੯੮॥ | He, whom the Lord unites with Himself, O Nanak, is liberated. \|\|4\|\|29\|\|98\|\| |
| ਗਉੜੀ ਗੁਆਰੇਰੀ ਮਹਲਾ ੫ ॥ | Gauree Gwaarayree, Fifth Mehl: |
| ਕਲਿਜੁਗ ਮਹਿ ਮਿਲਿ ਆਏ ਸੰਜੋਗ ॥ | In the Dark Age of Kali Yuga, they come together through destiny. |
| ਜਿਚਰੁ ਆਗਿਆ ਤਿਚਰੁ ਭੋਗਹਿ ਭੋਗ ॥੧॥ | As long as the Lord commands, they enjoy their pleasures. \|\|1\|\| |
| ਜਲੈ ਨ ਪਾਈਐ ਰਾਮ ਸਨੇਹੀ ॥ | By burning oneself, the Beloved Lord is not obtained. |
| ਕਿਰਤਿ ਸੰਜੋਗਿ ਸਤੀ ਉਠਿ ਹੋਈ ॥੧॥ ਰਹਾਉ ॥ | Only by the actions of destiny does she rise up and burn herself, as a 'satee'. \|\|1\|\|Pause\|\| |
| ਦੇਖਾ ਦੇਖੀ ਮਨਹਠਿ ਜਲਿ ਜਾਈਐ ॥ | Imitating what she sees, with her stubborn mind-set, she goes into the fire. |
| ਪ੍ਰਿਅ ਸੰਗੁ ਨ ਪਾਵੈ ਬਹੁ ਜੋਨਿ ਭਵਾਈਐ ॥੨॥ | She does not obtain the Company of her Beloved Lord, and she wanders through countless incarnations. \|\|2\|\| |
| ਸੀਲ ਸੰਜਮਿ ਪ੍ਰਿਅ ਆਗਿਆ ਮਾਨੈ ॥ | With pure conduct and self-restraint, she surrenders to her Husband Lord's Will; |
| ਤਿਸੁ ਨਾਰੀ ਕਉ ਦੁਖੁ ਨ ਜਮਾਨੈ ॥੩॥ | that woman shall not suffer pain at the hands of the Messenger of Death. \|\|3\|\| |
| ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ ॥ | Says Nanak, she who looks upon the Transcendent Lord as her Husband, |
| ਧੰਨੁ ਸਤੀ ਦਰਗਹ ਪਰਵਾਨਿਆ ॥੪॥੩੦॥੯੯॥ | is the blessed 'satee'; she is received with honor in the Court of the Lord. \|\|4\|\|30\|\|99\|\| |
| ਗਉੜੀ ਗੁਆਰੇਰੀ ਮਹਲਾ ੫ ॥ | Gauree Gwaarayree, Fifth Mehl: |
| ਹਮ ਧਨਵੰਤ ਭਾਗਠ ਸਚ ਨਾਇ ॥ | I am prosperous and fortunate, for I have received the True Name. |
| ਹਰਿ ਗੁਣ ਗਾਵਹ ਸਹਜਿ ਸੁਭਾਇ ॥੧॥ ਰਹਾਉ ॥ | I sing the Glorious Praises of the Lord, with natural, intuitive ease. \|\|1\|\|Pause\|\| |
| ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ | When I opened it up and gazed upon the treasures of my father and grandfather, |

| ੧੮੬ | 186 |
|---|---|
| ਤਾ ਮੇਰੈ ਮਨਿ ਭਇਆ ਨਿਧਾਨਾ ॥੧॥ | then my mind became very happy. \|\|1\|\| |
| ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥੨॥ | The storehouse is inexhaustible and immeasurable, overflowing with priceless jewels and rubies. \|\|2\|\| |
| ਖਾਵਹਿ ਖਰਚਹਿ ਰਲਿ ਮਿਲਿ ਭਾਈ ॥ | The Siblings of Destiny meet together, and eat and spend, |
| ਤੋਟਿ ਨ ਆਵੈ ਵਧਦੋ ਜਾਈ ॥੩॥ | but these resources do not diminish; they continue to increase. \|\|3\|\| |
| ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ ॥ | Says Nanak, one who has such destiny written on his forehead, |
| ਸੁ ਏਤੁ ਖਜਾਨੈ ਲਇਆ ਰਲਾਇ ॥੪॥੩੧॥੧੦੦॥ | becomes a partner in these treasures. \|\|4\|\|31\|\|100\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਡਰਿ ਡਰਿ ਮਰਤੇ ਜਬ ਜਾਨੀਐ ਦੂਰਿ ॥ | I was scared, scared to death, when I thought that He was far away. |
| ਡਰੁ ਚੂਕਾ ਦੇਖਿਆ ਭਰਪੂਰਿ ॥੧॥ | But my fear was removed, when I saw that He is pervading everywhere. \|\|1\|\| |
| ਸਤਿਗੁਰ ਅਪੁਨੇ ਕਉ ਬਲਿਹਾਰੈ ॥ | I am a sacrifice to my True Guru. |
| ਛੋਡਿ ਨ ਜਾਈ ਸਰਪਰ ਤਾਰੈ ॥੧॥ ਰਹਾਉ ॥ | He shall not abandon me; He shall surely carry me across. \|\|1\|\|Pause\|\| |
| ਦੂਖੁ ਰੋਗੁ ਸੋਗੁ ਬਿਸਰੈ ਜਬ ਨਾਮੁ ॥ | Pain, disease and sorrow come when one forgets the Naam, the Name of the Lord. |
| ਸਦਾ ਅਨੰਦੁ ਜਾ ਹਰਿ ਗੁਣ ਗਾਮੁ ॥੨॥ | Eternal bliss comes when one sings the Glorious Praises of the Lord. \|\|2\|\| |
| ਬੁਰਾ ਭਲਾ ਕੋਈ ਨ ਕਹੀਜੈ ॥ | Do not say that anyone is good or bad. |
| ਛੋਡਿ ਮਾਨੁ ਹਰਿ ਚਰਨ ਗਹੀਜੈ ॥੩॥ | Renounce your arrogant pride, and grasp the Feet of the Lord. \|\|3\|\| |
| ਕਹੁ ਨਾਨਕ ਗੁਰ ਮੰਤ੍ਰੁ ਚਿਤਾਰਿ ॥ | Says Nanak, remember the GurMantra; |

| | |
|---|---|
| ਸੁਖੁ ਪਾਵਹਿ ਸਾਚੈ ਦਰਬਾਰਿ ॥੪॥੩੨॥੧੦੧॥ | you shall find peace at the True Court. ‖4‖32‖101‖ |
| ਗਉੜੀ ਮਹਲਾ ੫ ॥ | Gauree, Fifth Mehl: |
| ਜਾ ਕਾ ਮੀਤੁ ਸਾਜਨੁ ਹੈ ਸਮੀਆ ॥ | Those who have the Lord as their Friend and Companion |
| ਤਿਸੁ ਜਨ ਕਉ ਕਹੁ ਕਾ ਕੀ ਕਮੀਆ ॥੧॥ | - tell me, what else do they need? ‖1‖ |
| ਜਾ ਕੀ ਪ੍ਰੀਤਿ ਗੋਬਿੰਦ ਸਿਉ ਲਾਗੀ ॥ | Those who are in love with the Lord of the Universe |
| ਦੂਖੁ ਦਰਦੁ ਭ੍ਰਮੁ ਤਾ ਕਾ ਭਾਗੀ ॥੧॥ ਰਹਾਉ ॥ | - pain, suffering and doubt run away from them. ‖1‖Pause‖ |
| ਜਾ ਕਉ ਰਸੁ ਹਰਿ ਰਸੁ ਹੈ ਆਇਓ ॥ | Those who have enjoyed the flavor of the Lord's sublime essence |
| ਸੋ ਅਨ ਰਸ ਨਾਹੀ ਲਪਟਾਇਓ ॥੨॥ | are not attracted to any other pleasures. ‖2‖ |
| ਜਾ ਕਾ ਕਹਿਆ ਦਰਗਹ ਚਲੈ ॥ | Those whose speech is accepted in the Court of the Lord |
| ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥੩॥ | - what do they care about anything else? ‖3‖ |
| ਜਾ ਕਾ ਸਭੁ ਕਿਛੁ ਤਾ ਕਾ ਹੋਇ ॥ | Those who belong to the One, unto whom all things belong |
| ਨਾਨਕ ਤਾ ਕਉ ਸਦਾ ਸੁਖੁ ਹੋਇ ॥੪॥੩੩॥੧੦੨॥ | - O Nanak, they find a lasting peace. ‖4‖33‖102‖ |
| ਗਉੜੀ ਮਹਲਾ ੫ ॥ | Gauree, Fifth Mehl: |
| ਜਾ ਕੈ ਦੁਖੁ ਸੁਖੁ ਸਮ ਕਰਿ ਜਾਪੈ ॥ | Those who look alike upon pleasure and pain |
| ਤਾ ਕਉ ਕਾੜਾ ਕਹਾ ਬਿਆਪੈ ॥੧॥ | - how can anxiety touch them? ‖1‖ |
| ਸਹਜ ਅਨੰਦ ਹਰਿ ਸਾਧੂ ਮਾਹਿ ॥ | The Lord's Holy Saints abide in celestial bliss. |
| ਆਗਿਆਕਾਰੀ ਹਰਿ ਹਰਿ ਰਾਇ ॥੧॥ ਰਹਾਉ ॥ | They remain obedient to the Lord, the Sovereign Lord King. ‖1‖Pause‖ |
| ਜਾ ਕੈ ਅਚਿੰਤੁ ਵਸੈ ਮਨਿ ਆਇ ॥ | Those who have the Carefree Lord abiding in their minds |
| ਤਾ ਕਉ ਚਿੰਤਾ ਕਤਹੂੰ ਨਾਹਿ ॥੨॥ | - no cares will ever bother them. ‖2‖ |

| | |
|---|---|
| ਜਾ ਕੈ ਬਿਨਸਿਓ ਮਨ ਤੇ ਭਰਮਾ ॥ | Those who have banished doubt from their minds |
| ਤਾ ਕੈ ਕਛੂ ਨਾਹੀ ਡਰੁ ਜਮਾ ॥੩॥ | are not afraid of death at all. ‖3‖ |
| ਜਾ ਕੈ ਹਿਰਦੈ ਦੀਓ ਗੁਰਿ ਨਾਮਾ ॥ | Those whose hearts are filled with the Lord's Name by the Guru |
| ਕਹੁ ਨਾਨਕ ਤਾ ਕੈ ਸਗਲ ਨਿਧਾਨਾ ॥੪॥੩੪॥੧੦੩॥ | - says Nanak, all treasures come to them. ‖4‖34‖103‖ |
| ਗਉੜੀ ਮਹਲਾ ੫ ॥ | Gauree, Fifth Mehl: |
| ਅਗਮ ਰੂਪ ਕਾ ਮਨ ਮਹਿ ਥਾਨਾ ॥ | The Lord of Unfathomable Form has His Place in the mind. |
| ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ ॥੧॥ | By Guru's Grace, a rare few come to understand this. ‖1‖ |
| ਸਹਜ ਕਥਾ ਕੇ ਅੰਮ੍ਰਿਤ ਕੁੰਟਾ ॥ | The Ambrosial Pools of the celestial sermon |
| ਜਿਸਹਿ ਪਰਾਪਤਿ ਤਿਸੁ ਲੈ ਭੁੰਚਾ ॥੧॥ ਰਹਾਉ ॥ | - those who find them, drink them in. ‖1‖Pause‖ |
| ਅਨਹਤ ਬਾਣੀ ਥਾਨੁ ਨਿਰਾਲਾ ॥ | The unstruck melody of the Guru's Bani vibrates in that most special place. |
| ਤਾ ਕੀ ਧੁਨਿ ਮੋਹੇ ਗੋਪਾਲਾ ॥੨॥ | The Lord of the World is fascinated with this melody. ‖2‖ |
| ਤਹ ਸਹਜ ਅਖਾਰੇ ਅਨੇਕ ਅਨੰਤਾ ॥ | The numerous, countless places of celestial peace |
| ਪਾਰਬ੍ਰਹਮ ਕੇ ਸੰਗੀ ਸੰਤਾ ॥੩॥ | - there, the Saints dwell, in the Company of the Supreme Lord God. ‖3‖ |
| ਹਰਖ ਅਨੰਤ ਸੋਗ ਨਹੀ ਬੀਆ ॥ | There is infinite joy, and no sorrow or duality. |
| ਸੋ ਘਰੁ ਗੁਰਿ ਨਾਨਕ ਕਉ ਦੀਆ ॥੪॥੩੫॥੧੦੪॥ | The Guru has blessed Nanak with this home. ‖4‖35‖104‖ |
| ਗਉੜੀ ਮਃ ੫ ॥ | Gauree, Fifth Mehl: |
| ਕਵਨ ਰੂਪੁ ਤੇਰਾ ਆਰਾਧਉ ॥ | What form of Yours should I worship and adore? |
| ਕਵਨ ਜੋਗ ਕਾਇਆ ਲੇ ਸਾਧਉ ॥੧॥ | What Yoga should I practice to control my body? ‖1‖ |

## ੧੮੭ 187

| | |
|---|---|
| ਕਵਨ ਗੁਨੁ ਜੋ ਤੁਝੁ ਲੈ ਗਾਵਉ ॥ | What is that virtue, by which I may sing of You? |
| ਕਵਨ ਬੋਲ ਪਾਰਬ੍ਰਹਮ ਰੀਝਾਵਉ ॥੧॥ ਰਹਾਉ ॥ | What is that speech, by which I may please the Supreme Lord God? \|\|1\|\|Pause\|\| |
| ਕਵਨ ਸੁ ਪੂਜਾ ਤੇਰੀ ਕਰਉ ॥ | What worship service shall I perform for You? |
| ਕਵਨ ਸੁ ਬਿਧਿ ਜਿਤੁ ਭਵਜਲ ਤਰਉ ॥੨॥ | How can I cross over the terrifying world-ocean? \|\|2\|\| |
| ਕਵਨ ਤਪੁ ਜਿਤੁ ਤਪੀਆ ਹੋਇ ॥ | What is that penance, by which I may become a penitent? |
| ਕਵਨੁ ਸੁ ਨਾਮੁ ਹਉਮੈ ਮਲੁ ਖੋਇ ॥੩॥ | What is that Name, by which the filth of egotism may be washed away? \|\|3\|\| |
| ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥ | Virtue, worship, spiritual wisdom, meditation and all service, O Nanak, |
| ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥ | are obtained from the True Guru, when, in His Mercy and Kindness, He meets us. \|\|4\|\| |
| ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥ | They alone receive this merit, and they alone know God, |
| ਜਿਸ ਕੀ ਮਾਨਿ ਲੇਇ ਸੁਖਦਾਤਾ ॥੧॥ ਰਹਾਉ ਦੂਜਾ ॥੩੬॥੧੦੫॥ | who are approved by the Giver of peace. \|\|1\|\|Second Pause\|\|36\|\|105\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਆਪਨ ਤਨੁ ਨਹੀ ਜਾ ਕੋ ਗਰਬਾ ॥ | The body which you are so proud of, does not belong to you. |
| ਰਾਜ ਮਿਲਖ ਨਹੀ ਆਪਨ ਦਰਬਾ ॥੧॥ | Power, property and wealth are not yours. \|\|1\|\| |
| ਆਪਨ ਨਹੀ ਕਾ ਕਉ ਲਪਟਾਇਓ ॥ | They are not yours, so why do you cling to them? |
| ਆਪਨ ਨਾਮੁ ਸਤਿਗੁਰ ਤੇ ਪਾਇਓ ॥੧॥ ਰਹਾਉ ॥ | Only the Naam, the Name of the Lord, is yours; it is received from the True Guru. \|\|1\|\|Pause\|\| |
| ਸੁਤ ਬਨਿਤਾ ਆਪਨ ਨਹੀ ਭਾਈ ॥ | Children, spouse and siblings are not yours. |
| ਇਸਟ ਮੀਤ ਆਪ ਬਾਪੁ ਨ ਮਾਈ ॥੨॥ | Dear friends, mother and father are not yours. \|\|2\|\| |
| ਸੁਇਨਾ ਰੁਪਾ ਫੁਨਿ ਨਹੀ ਦਾਮ ॥ | Gold, silver and money are not yours. |

| | |
|---|---|
| ਹੈਵਰ ਗੈਵਰ ਆਪਨ ਨਹੀ ਕਾਮ ॥੩॥ | Fine horses and magnificent elephants are of no use to you. ‖3‖ |
| ਕਹੁ ਨਾਨਕ ਜੋ ਗੁਰਿ ਬਖਸਿ ਮਿਲਾਇਆ ॥ | Says Nanak, those whom the Guru forgives, meet with the Lord. |
| ਤਿਸ ਕਾ ਸਭੁ ਕਿਛੁ ਜਿਸ ਕਾ ਹਰਿ ਰਾਇਆ ॥੪॥੩੭॥੧੦੬॥ | Everything belongs to those who have the Lord as their King. ‖4‖37‖106‖ |
| ਗਉੜੀ ਮਹਲਾ ੫ ॥ | Gauree, Fifth Mehl: |
| ਗੁਰ ਕੇ ਚਰਣ ਊਪਰਿ ਮੇਰੇ ਮਾਥੇ ॥ | I place the Guru's Feet on my forehead, |
| ਤਾ ਤੇ ਦੁਖ ਮੇਰੇ ਸਗਲੇ ਲਾਥੇ ॥੧॥ | and all my pains are gone. ‖1‖ |
| ਸਤਿਗੁਰ ਅਪੁਨੇ ਕਉ ਕੁਰਬਾਨੀ ॥ | I am a sacrifice to my True Guru. |
| ਆਤਮ ਚੀਨਿ ਪਰਮ ਰੰਗ ਮਾਨੀ ॥੧॥ ਰਹਾਉ ॥ | I have come to understand my soul, and I enjoy supreme bliss. ‖1‖Pause‖ |
| ਚਰਣ ਰੇਣੁ ਗੁਰ ਕੀ ਮੁਖਿ ਲਾਗੀ ॥ | I have applied the dust of the Guru's Feet to my face, |
| ਅਹੰਬੁਧਿ ਤਿਨਿ ਸਗਲ ਤਿਆਗੀ ॥੨॥ | which has removed all my arrogant intellect. ‖2‖ |
| ਗੁਰ ਕਾ ਸਬਦੁ ਲਗੋ ਮਨਿ ਮੀਠਾ ॥ | The Word of the Guru's Shabad has become sweet to my mind, |
| ਪਾਰਬ੍ਰਹਮੁ ਤਾ ਤੇ ਮੋਹਿ ਡੀਠਾ ॥੩॥ | and I behold the Supreme Lord God. ‖3‖ |
| ਗੁਰੁ ਸੁਖਦਾਤਾ ਗੁਰੁ ਕਰਤਾਰੁ ॥ | The Guru is the Giver of peace; the Guru is the Creator. |
| ਜੀਅ ਪ੍ਰਾਣ ਨਾਨਕ ਗੁਰੁ ਆਧਾਰੁ ॥੪॥੩੮॥੧੦੭॥ | O Nanak, the Guru is the Support of the breath of life and the soul. ‖4‖38‖107‖ |
| ਗਉੜੀ ਮਹਲਾ ੫ ॥ | Gauree, Fifth Mehl: |
| ਰੇ ਮਨ ਮੇਰੇ ਤੂੰ ਤਾ ਕਉ ਆਹਿ ॥ ਜਾ ਕੈ ਊਣਾ ਕਛਹੂ ਨਾਹਿ ॥੧॥ | O my mind, seek the One who lacks nothing. ‖1‖ |
| ਹਰਿ ਸਾ ਪ੍ਰੀਤਮੁ ਕਰਿ ਮਨ ਮੀਤ ॥ | Make the Beloved Lord your friend. |
| ਪ੍ਰਾਨ ਅਧਾਰੁ ਰਾਖਹੁ ਸਦ ਚੀਤ ॥੧॥ ਰਹਾਉ ॥ | Keep Him constantly in your mind; He is the Support of the breath of life. ‖1‖Pause‖ |
| ਰੇ ਮਨ ਮੇਰੇ ਤੂੰ ਤਾ ਕਉ ਸੇਵਿ ॥ | O my mind, serve Him; |

| | |
|---|---|
| ਆਦਿ ਪੁਰਖ ਅਪਰੰਪਰ ਦੇਵ ॥੨॥ | He is the Primal Being, the Infinite Divine Lord. \|\|2\|\| |
| ਤਿਸੁ ਊਪਰਿ ਮਨ ਕਰਿ ਤੂੰ ਆਸਾ ॥ | Place your hopes in the One |
| ਆਦਿ ਜੁਗਾਦਿ ਜਾ ਕਾ ਭਰਵਾਸਾ ॥੩॥ | who is the Support of all beings, from the very beginning of time, and throughout the ages. \|\|3\|\| |
| ਜਾ ਕੀ ਪ੍ਰੀਤਿ ਸਦਾ ਸੁਖੁ ਹੋਇ ॥ | His Love brings eternal peace; |
| ਨਾਨਕੁ ਗਾਵੈ ਗੁਰ ਮਿਲਿ ਸੋਇ ॥੪॥੩੯॥੧੦੮॥ | meeting the Guru, Nanak sings His Glorious Praises. \|\|4\|\|39\|\|108\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਮੀਤੁ ਕਰੈ ਸੋਈ ਹਮ ਮਾਨਾ ॥ | Whatever my Friend does, I accept. |
| ਮੀਤ ਕੇ ਕਰਤਬ ਕੁਸਲ ਸਮਾਨਾ ॥੧॥ | My Friend's actions are pleasing to me. \|\|1\|\| |
| ਏਕਾ ਟੇਕ ਮੇਰੈ ਮਨਿ ਚੀਤ ॥ | Within my conscious mind, the One Lord is my only Support. |
| ਜਿਸੁ ਕਿਛੁ ਕਰਣਾ ਸੁ ਹਮਰਾ ਮੀਤ ॥੧॥ ਰਹਾਉ ॥ | One who does this is my Friend. \|\|1\|\|Pause\|\| |
| ਮੀਤੁ ਹਮਾਰਾ ਵੇਪਰਵਾਹਾ ॥ | My Friend is Carefree. |
| ਗੁਰ ਕਿਰਪਾ ਤੇ ਮੋਹਿ ਅਸਨਾਹਾ ॥੨॥ | By Guru's Grace, I give my love to Him. \|\|2\|\| |
| ਮੀਤੁ ਹਮਾਰਾ ਅੰਤਰਜਾਮੀ ॥ | My Friend is the Inner-knower, the Searcher of hearts. |
| ਸਮਰਥ ਪੁਰਖੁ ਪਾਰਬ੍ਰਹਮੁ ਸੁਆਮੀ ॥੩॥ | He is the All-powerful Being, the Supreme Lord and Master. \|\|3\|\| |
| ਹਮ ਦਾਸੇ ਤੁਮ ਠਾਕੁਰ ਮੇਰੇ ॥ | I am Your servant; You are my Lord and Master. |
| ੧੮੮ | 188 |
| ਮਾਨੁ ਮਹਤੁ ਨਾਨਕ ਪ੍ਰਭੁ ਤੇਰੇ ॥੪॥੪੦॥੧੦੯॥ | Nanak: my honor and glory are Yours, God. \|\|4\|\|40\|\|109\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਜਾ ਕਉ ਤੁਮ ਭਏ ਸਮਰਥ ਅੰਗਾ ॥ | Those who have You on their side, O All-powerful Lord |
| ਤਾ ਕਉ ਕਛੁ ਨਾਹੀ ਕਾਲੰਗਾ ॥੧॥ | - no black stain can stick to them. \|\|1\|\| |

| | |
|---|---|
| ਮਾਧਉ ਜਾ ਕਉ ਹੈ ਆਸ ਤੁਮਾਰੀ ॥ | O Lord of wealth, those who place their hopes in You |
| ਤਾ ਕਉ ਕਛੁ ਨਾਹੀ ਸੰਸਾਰੀ ॥੧॥ ਰਹਾਉ ॥ | - nothing of the world can touch them at all. ‖1‖Pause‖ |
| ਜਾ ਕੈ ਹਿਰਦੈ ਠਾਕੁਰੁ ਹੋਇ ॥ | Those whose hearts are filled with their Lord and Master |
| ਤਾ ਕਉ ਸਹਸਾ ਨਾਹੀ ਕੋਇ ॥੨॥ | - no anxiety can affect them. ‖2‖ |
| ਜਾ ਕਉ ਤੁਮ ਦੀਨੀ ਪ੍ਰਭ ਧੀਰ ॥ | Those, unto whom You give Your consolation, God |
| ਤਾ ਕੈ ਨਿਕਟਿ ਨ ਆਵੈ ਪੀਰ ॥੩॥ | - pain does not even approach them. ‖3‖ |
| ਕਹੁ ਨਾਨਕ ਮੈ ਸੋ ਗੁਰੁ ਪਾਇਆ ॥ | Says Nanak, I have found that Guru, |
| ਪਾਰਬ੍ਰਹਮ ਪੂਰਨ ਦੇਖਾਇਆ ॥੪॥੪੧॥੧੧੦॥ | who has shown me the Perfect, Supreme Lord God. ‖4‖41‖110‖ |
| ਗਉੜੀ ਮਹਲਾ ੫ ॥ | Gauree, Fifth Mehl: |
| ਦੁਲਭ ਦੇਹ ਪਾਈ ਵਡਭਾਗੀ ॥ | This human body is so difficult to obtain; it is only obtained by great good fortune. |
| ਨਾਮੁ ਨ ਜਪਹਿ ਤੇ ਆਤਮ ਘਾਤੀ ॥੧॥ | Those who do not meditate on the Naam, the Name of the Lord, are murderers of the soul. ‖1‖ |
| ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥ | Those who forget the Lord might just as well die. |
| ਨਾਮ ਬਿਹੂਨ ਜੀਵਨ ਕਉਨ ਕਾਮ ॥੧॥ ਰਹਾਉ ॥ | Without the Naam, of what use are their lives? ‖1‖Pause‖ |
| ਖਾਤ ਪੀਤ ਖੇਲਤ ਹਸਤ ਬਿਸਥਾਰ ॥ | Eating, drinking, playing, laughing and showing off |
| ਕਵਨ ਅਰਥ ਮਿਰਤਕ ਸੀਗਾਰ ॥੨॥ | - what use are the ostentatious displays of the dead? ‖2‖ |
| ਜੋ ਨ ਸੁਨਹਿ ਜਸੁ ਪਰਮਾਨੰਦਾ ॥ | Those who do not listen to the Praises of the Lord of supreme bliss, |
| ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ ॥੩॥ | are worse off than beasts, birds or creeping creatures. ‖3‖ |
| ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥ | Says Nanak, the GurMantra has been implanted within me; |
| ਕੇਵਲ ਨਾਮੁ ਰਿਦ ਮਾਹਿ ਸਮਾਇਆ ॥੪॥੪੨॥੧੧੧॥ | the Name alone is contained within my heart. ‖4‖42‖111‖ |

| | |
|---|---|
| ਗਉੜੀ ਮਹਲਾ ੫ ॥ | Gauree, Fifth Mehl: |
| ਕਾ ਕੀ ਮਾਈ ਕਾ ਕੋ ਬਾਪ ॥ | Whose mother is this? Whose father is this? |
| ਨਾਮ ਧਾਰੀਕ ਝੂਠੇ ਸਭਿ ਸਾਕ ॥੧॥ | They are relatives in name only- they are all false. \|\|1\|\| |
| ਕਾਹੇ ਕਉ ਮੂਰਖ ਭਖਲਾਇਆ ॥ | Why are you screaming and shouting, you fool? |
| ਮਿਲਿ ਸੰਜੋਗਿ ਹੁਕਮਿ ਤੂੰ ਆਇਆ ॥੧॥ ਰਹਾਉ ॥ | By good destiny and the Lord's Order, you have come into the world. \|\|1\|\|Pause\|\| |
| ਏਕਾ ਮਾਟੀ ਏਕਾ ਜੋਤਿ ॥ | There is the one dust, the one light, |
| ਏਕੋ ਪਵਨੁ ਕਹਾ ਕਉਨੁ ਰੋਤਿ ॥੨॥ | the one praanic wind. Why are you crying? For whom do you cry? \|\|2\|\| |
| ਮੇਰਾ ਮੇਰਾ ਕਰਿ ਬਿਲਲਾਹੀ ॥ | People weep and cry out, "Mine, mine!" |
| ਮਰਣਹਾਰੁ ਇਹੁ ਜੀਅਰਾ ਨਾਹੀ ॥੩॥ | This soul is not perishable. \|\|3\|\| |
| ਕਹੁ ਨਾਨਕ ਗੁਰਿ ਖੋਲੇ ਕਪਾਟ ॥ | Says Nanak, the Guru has opened my shutters; |
| ਮੁਕਤੁ ਭਏ ਬਿਨਸੇ ਭ੍ਰਮ ਥਾਟ ॥੪॥੪੩॥੧੧੨॥ | I am liberated, and my doubts have been dispelled. \|\|4\|\|43\|\|112\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਵਡੇ ਵਡੇ ਜੋ ਦੀਸਹਿ ਲੋਗ ॥ | Those who seem to be great and powerful, |
| ਤਿਨ ਕਉ ਬਿਆਪੈ ਚਿੰਤਾ ਰੋਗ ॥੧॥ | are afflicted by the disease of anxiety. \|\|1\|\| |
| ਕਉਨ ਵਡਾ ਮਾਇਆ ਵਡਿਆਈ ॥ | Who is great by the greatness of Maya? |
| ਸੋ ਵਡਾ ਜਿਨਿ ਰਾਮ ਲਿਵ ਲਾਈ ॥੧॥ ਰਹਾਉ ॥ | They alone are great, who are lovingly attached to the Lord. \|\|1\|\|Pause\|\| |
| ਭੂਮੀਆ ਭੂਮਿ ਊਪਰਿ ਨਿਤ ਲੁਝੈ ॥ | The landlord fights over his land each day. |
| ਛੋਡਿ ਚਲੈ ਤ੍ਰਿਸਨਾ ਨਹੀ ਬੁਝੈ ॥੨॥ | He shall have to leave it in the end, and yet his desire is still not satisfied. \|\|2\|\| |
| ਕਹੁ ਨਾਨਕ ਇਹੁ ਤਤੁ ਬੀਚਾਰਾ ॥ | Says Nanak, this is the essence of Truth: |
| ਬਿਨੁ ਹਰਿ ਭਜਨ ਨਾਹੀ ਛੁਟਕਾਰਾ ॥੩॥੪੪॥੧੧੩॥ | without the Lord's meditation, there is no salvation. \|\|3\|\|44\|\|113\|\| |

| | |
|---|---|
| ਗਉੜੀ ਮਹਲਾ ੫ ॥ | Gauree, Fifth Mehl: |
| ਪੂਰਾ ਮਾਰਗੁ ਪੂਰਾ ਇਸਨਾਨੁ ॥ | Perfect is the path; perfect is the cleansing bath. |
| ਸਭੁ ਕਿਛੁ ਪੂਰਾ ਹਿਰਦੈ ਨਾਮੁ ॥੧॥ | Everything is perfect, if the Naam is in the heart. \|\|1\|\| |
| ਪੂਰੀ ਰਹੀ ਜਾ ਪੂਰੈ ਰਾਖੀ ॥ | One's honor remains perfect, when the Perfect Lord preserves it. |
| ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥੧॥ ਰਹਾਉ ॥ | His servant takes to the Sanctuary of the Supreme Lord God. \|\|1\|\|Pause\|\| |
| ਪੂਰਾ ਸੁਖੁ ਪੂਰਾ ਸੰਤੋਖੁ ॥ | Perfect is the peace; perfect is the contentment. |
| ਪੂਰਾ ਤਪੁ ਪੂਰਨ ਰਾਜੁ ਜੋਗੁ ॥੨॥ | Perfect is the penance; perfect is the Raja Yoga, the Yoga of meditation and success. \|\|2\|\| |
| ਹਰਿ ਕੈ ਮਾਰਗਿ ਪਤਿਤ ਪੁਨੀਤ ॥ | On the Lord's Path, sinners are purified. |
| ਪੂਰੀ ਸੋਭਾ ਪੂਰਾ ਲੋਕੀਕ ॥੩॥ | Perfect is their glory; perfect is their humanity. \|\|3\|\| |
| ਕਰਣਹਾਰੁ ਸਦ ਵਸੈ ਹਦੂਰਾ ॥ | They dwell forever in the Presence of the Creator Lord. |
| ਕਹੁ ਨਾਨਕ ਮੇਰਾ ਸਤਿਗੁਰੁ ਪੂਰਾ ॥੪॥੪੫॥੧੧੪॥ | Says Nanak, my True Guru is Perfect. \|\|4\|\|45\|\|114\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਸੰਤ ਕੀ ਧੂਰਿ ਮਿਟੇ ਅਘ ਕੋਟ ॥ | Millions of sins are wiped away by the dust of the feet of the Saints. |
| **੧੮੯** | **189** |
| ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ ॥੧॥ | By the Grace of the Saints, one is released from birth and death. \|\|1\|\| |
| ਸੰਤ ਕਾ ਦਰਸੁ ਪੂਰਨ ਇਸਨਾਨੁ ॥ | The Blessed Vision of the Saints is the perfect cleansing bath. |
| ਸੰਤ ਕ੍ਰਿਪਾ ਤੇ ਜਪੀਐ ਨਾਮੁ ॥੧॥ ਰਹਾਉ ॥ | By the Grace of the Saints, one comes to chant the Naam, the Name of the Lord. \|\|1\|\|Pause\|\| |
| ਸੰਤ ਕੈ ਸੰਗਿ ਮਿਟਿਆ ਅਹੰਕਾਰੁ ॥ | In the Society of the Saints, egotism is shed, |
| ਦ੍ਰਿਸਟਿ ਆਵੈ ਸਭੁ ਏਕੰਕਾਰੁ ॥੨॥ | and the One Lord is seen everywhere. \|\|2\|\| |
| ਸੰਤ ਸੁਪ੍ਰਸੰਨ ਆਏ ਵਸਿ ਪੰਚਾ ॥ | By the pleasure of the Saints, the five passions are overpowered, |

| | |
|---|---|
| ਅੰਮ੍ਰਿਤੁ ਨਾਮੁ ਰਿਦੈ ਲੈ ਸੰਚਾ ॥੩॥ | and the heart is irrigated with the Ambrosial Naam. ‖3‖ |
| ਕਹੁ ਨਾਨਕ ਜਾ ਕਾ ਪੂਰਾ ਕਰਮ ॥ | Says Nanak, one whose karma is perfect, |
| ਤਿਸੁ ਭੇਟੇ ਸਾਧੂ ਕੇ ਚਰਨ ॥੪॥੪੬॥੧੧੫॥ | touches the feet of the Holy. ‖4‖46‖115‖ |
| ਗਉੜੀ ਮਹਲਾ ੫ ॥ | Gauree, Fifth Mehl: |
| ਹਰਿ ਗੁਣ ਜਪਤ ਕਮਲੁ ਪਰਗਾਸੈ ॥ | Meditating on the Glories of the Lord, the heart-lotus blossoms radiantly. |
| ਹਰਿ ਸਿਮਰਤ ਤ੍ਰਾਸ ਸਭ ਨਾਸੈ ॥੧॥ | Remembering the Lord in meditation, all fears are dispelled. ‖1‖ |
| ਸਾ ਮਤਿ ਪੂਰੀ ਜਿਤੁ ਹਰਿ ਗੁਣ ਗਾਵੈ ॥ | Perfect is that intellect, by which the Glorious Praises of the Lord are sung. |
| ਵਡੈ ਭਾਗਿ ਸਾਧੂ ਸੰਗੁ ਪਾਵੈ ॥੧॥ ਰਹਾਉ ॥ | By great good fortune, one finds the Saadh Sangat, the Company of the Holy. ‖1‖Pause‖ |
| ਸਾਧਸੰਗਿ ਪਾਈਐ ਨਿਧਿ ਨਾਮਾ ॥ | In the Saadh Sangat, the treasure of the Name is obtained. |
| ਸਾਧਸੰਗਿ ਪੂਰਨ ਸਭਿ ਕਾਮਾ ॥੨॥ | In the Saadh Sangat, all one's works are brought to fruition. ‖2‖ |
| ਹਰਿ ਕੀ ਭਗਤਿ ਜਨਮੁ ਪਰਵਾਣੁ ॥ | Through devotion to the Lord, one's life is approved. |
| ਗੁਰ ਕਿਰਪਾ ਤੇ ਨਾਮੁ ਵਖਾਣੁ ॥੩॥ | By Guru's Grace, one chants the Naam, the Name of the Lord. ‖3‖ |
| ਕਹੁ ਨਾਨਕ ਸੋ ਜਨੁ ਪਰਵਾਨੁ ॥ | Says Nanak, that humble being is accepted, |
| ਜਾ ਕੈ ਰਿਦੈ ਵਸੈ ਭਗਵਾਨੁ ॥੪॥੪੭॥੧੧੬॥ | within whose heart the Lord God abides. ‖4‖47‖116‖ |
| ਗਉੜੀ ਮਹਲਾ ੫ ॥ | Gauree, Fifth Mehl: |
| ਏਕਸੁ ਸਿਉ ਜਾ ਕਾ ਮਨੁ ਰਾਤਾ ॥ | Those whose minds are imbued with the One Lord, |
| ਵਿਸਰੀ ਤਿਸੈ ਪਰਾਈ ਤਾਤਾ ॥੧॥ | forget to feel jealous of others. ‖1‖ |
| ਬਿਨੁ ਗੋਬਿੰਦ ਨ ਦੀਸੈ ਕੋਈ ॥ | They see none other than the Lord of the Universe. |
| ਕਰਨ ਕਰਾਵਨ ਕਰਤਾ ਸੋਈ ॥੧॥ ਰਹਾਉ ॥ | The Creator is the Doer, the Cause of causes. ‖1‖Pause‖ |

ਮਨਹਿ ਕਮਾਵੈ ਮੁਖਿ ਹਰਿ ਹਰਿ ਬੋਲੈ ॥
Those who work willingly, and chant the Name of the Lord, Har, Har

ਸੋ ਜਨੁ ਇਤ ਉਤ ਕਤਹਿ ਨ ਡੋਲੈ ॥੨॥
- they do not waver, here or hereafter. ||2||

ਜਾ ਕੈ ਹਰਿ ਧਨੁ ਸੋ ਸਚ ਸਾਹੁ ॥
Those who possess the wealth of the Lord are the true bankers.

ਗੁਰਿ ਪੂਰੈ ਕਰਿ ਦੀਨੋ ਵਿਸਾਹੁ ॥੩॥
The Perfect Guru has established their line of credit. ||3||

ਜੀਵਨ ਪੁਰਖੁ ਮਿਲਿਆ ਹਰਿ ਰਾਇਆ ॥
The Giver of life, the Sovereign Lord King meets them.

ਕਹੁ ਨਾਨਕ ਪਰਮ ਪਦੁ ਪਾਇਆ ॥੪॥੪੮॥੧੧੭॥
Says Nanak, they attain the supreme status. ||4||48||117||

ਗਉੜੀ ਮਹਲਾ ੫ ॥
Gauree, Fifth Mehl:

ਨਾਮੁ ਭਗਤ ਕੈ ਪ੍ਰਾਨ ਅਧਾਰੁ ॥
The Naam, the Name of the Lord, is the Support of the breath of life of His devotees.

ਨਾਮੋ ਧਨੁ ਨਾਮੋ ਬਿਉਹਾਰੁ ॥੧॥
The Naam is their wealth, the Naam is their occupation. ||1||

ਨਾਮ ਵਡਾਈ ਜਨੁ ਸੋਭਾ ਪਾਏ ॥
By the greatness of the Naam, His humble servants are blessed with glory.

ਕਰਿ ਕਿਰਪਾ ਜਿਸੁ ਆਪਿ ਦਿਵਾਏ ॥੧॥ ਰਹਾਉ ॥
The Lord Himself bestows it, in His Mercy. ||1||Pause||

ਨਾਮੁ ਭਗਤ ਕੈ ਸੁਖ ਅਸਥਾਨੁ ॥
The Naam is the home of peace of His devotees.

ਨਾਮ ਰਤੁ ਸੋ ਭਗਤੁ ਪਰਵਾਨੁ ॥੨॥
Attuned to the Naam, His devotees are approved. ||2||

ਹਰਿ ਕਾ ਨਾਮੁ ਜਨ ਕਉ ਧਾਰੈ ॥
The Name of the Lord is the support of His humble servants.

ਸਾਸਿ ਸਾਸਿ ਜਨੁ ਨਾਮੁ ਸਮਾਰੈ ॥੩॥
With each and every breath, they remember the Naam. ||3||

ਕਹੁ ਨਾਨਕ ਜਿਸੁ ਪੂਰਾ ਭਾਗੁ ॥
Says Nanak, those who have perfect destiny

ਨਾਮ ਸੰਗਿ ਤਾ ਕਾ ਮਨੁ ਲਾਗੁ ॥੪॥੪੯॥੧੧੮॥
- their minds are attached to the Naam. ||4||49||118||

ਗਉੜੀ ਮਹਲਾ ੫ ॥
Gauree, Fifth Mehl:

ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ॥
By the Grace of the Saints, I meditated on the Name of the Lord.

| | |
|---|---|
| ਤਬ ਤੇ ਧਾਵਤੁ ਮਨੁ ਤ੍ਰਿਪਤਾਇਆ ॥੧॥ | Since then, my restless mind has been satisfied. \|\|1\|\| |
| ਸੁਖ ਬਿਸ੍ਰਾਮੁ ਪਾਇਆ ਗੁਣ ਗਾਇ ॥ | I have obtained the home of peace, singing His Glorious Praises. |
| ਸ੍ਰਮੁ ਮਿਟਿਆ ਮੇਰੀ ਹਤੀ ਬਲਾਇ ॥੧॥ ਰਹਾਉ ॥ | My troubles have ended, and the demon has been destroyed. \|\|1\|\|Pause\|\| |
| ਚਰਨ ਕਮਲ ਅਰਾਧਿ ਭਗਵੰਤਾ ॥ | Worship and adore the Lotus Feet of the Lord God. |
| ਹਰਿ ਸਿਮਰਨ ਤੇ ਮਿਟੀ ਮੇਰੀ ਚਿੰਤਾ ॥੨॥ | Meditating in remembrance on the Lord, my anxiety has come to an end. \|\|2\|\| |
| ਸਭ ਤਜਿ ਅਨਾਥੁ ਏਕ ਸਰਣਿ ਆਇਓ ॥ | I have renounced all - I am an orphan. I have come to the Sanctuary of the One Lord. |
| ਊਚ ਅਸਥਾਨੁ ਤਬ ਸਹਜੇ ਪਾਇਓ ॥੩॥ | Since then, I have found the highest celestial home. \|\|3\|\| |
| ਦੂਖੁ ਦਰਦੁ ਭਰਮੁ ਭਉ ਨਸਿਆ ॥ | My pains, troubles, doubts and fears are gone. |
| ਕਰਣਹਾਰੁ ਨਾਨਕ ਮਨਿ ਬਸਿਆ ॥੪॥੫੦॥੧੧੯॥ | The Creator Lord abides in Nanak's mind. \|\|4\|\|50\|\|119\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਕਰ ਕਰਿ ਟਹਲ ਰਸਨਾ ਗੁਣ ਗਾਵਉ ॥ | With my hands I do His work; with my tongue I sing His Glorious Praises. |
| **੧੯੦** | **190** |
| ਚਰਨ ਠਾਕੁਰ ਕੈ ਮਾਰਗਿ ਧਾਵਉ ॥੧॥ | With my feet, I walk on the Path of my Lord and Master. \|\|1\|\| |
| ਭਲੋ ਸਮੋ ਸਿਮਰਨ ਕੀ ਬਰੀਆ ॥ | It is a good time, when I remember Him in meditation. |
| ਸਿਮਰਤ ਨਾਮੁ ਭੈ ਪਾਰਿ ਉਤਰੀਆ ॥੧॥ ਰਹਾਉ ॥ | Meditating on the Naam, the Name of the Lord, I cross over the terrifying world-ocean. \|\|1\|\|Pause\|\| |
| ਨੇਤ੍ਰ ਸੰਤਨ ਕਾ ਦਰਸਨੁ ਪੇਖੁ ॥ | With your eyes, behold the Blessed Vision of the Saints. |
| ਪ੍ਰਭ ਅਵਿਨਾਸੀ ਮਨ ਮਹਿ ਲੇਖੁ ॥੨॥ | Record the Immortal Lord God within your mind. \|\|2\|\| |
| ਸੁਣਿ ਕੀਰਤਨੁ ਸਾਧ ਪਹਿ ਜਾਇ ॥ | Listen to the Kirtan of His Praises, at the Feet of the Holy. |

| | |
|---|---|
| ਜਨਮ ਮਰਣ ਕੀ ਤ੍ਰਾਸ ਮਿਟਾਇ ॥੩॥ | Your fears of birth and death shall depart. \|\|3\|\| |
| ਚਰਣ ਕਮਲ ਠਾਕੁਰ ਉਰਿ ਧਾਰਿ ॥ | Enshrine the Lotus Feet of your Lord and Master within your heart. |
| ਦੁਲਭ ਦੇਹ ਨਾਨਕ ਨਿਸਤਾਰਿ ॥੪॥੫੧॥੧੨੦॥ | Thus this human life, so difficult to obtain, shall be redeemed. \|\|4\|\|51\|\|120\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਜਾ ਕਉ ਅਪਨੀ ਕਿਰਪਾ ਧਾਰੈ ॥ | Those, upon whom the Lord Himself showers His Mercy, |
| ਸੋ ਜਨੁ ਰਸਨਾ ਨਾਮੁ ਉਚਾਰੈ ॥੧॥ | chant the Naam, the Name of the Lord, with their tongues. \|\|1\|\| |
| ਹਰਿ ਬਿਸਰਤ ਸਹਸਾ ਦੁਖੁ ਬਿਆਪੈ ॥ | Forgetting the Lord, superstition and sorrow shall overtake you. |
| ਸਿਮਰਤ ਨਾਮੁ ਭਰਮੁ ਭਉ ਭਾਗੈ ॥੧॥ ਰਹਾਉ ॥ | Meditating on the Naam, doubt and fear shall depart. \|\|1\|\|Pause\|\| |
| ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ ॥ | Listening to the Kirtan of the Lord's Praises, and singing the Lord's Kirtan, |
| ਤਿਸੁ ਜਨ ਦੂਖੁ ਨਿਕਟਿ ਨਹੀ ਆਵੈ ॥੨॥ | misfortune shall not even come near you. \|\|2\|\| |
| ਹਰਿ ਕੀ ਟਹਲ ਕਰਤ ਜਨੁ ਸੋਹੈ ॥ | Working for the Lord, His humble servants look beautiful. |
| ਤਾ ਕਉ ਮਾਇਆ ਅਗਨਿ ਨ ਪੋਹੈ ॥੩॥ | The fire of Maya does not touch them. \|\|3\|\| |
| ਮਨਿ ਤਨਿ ਮੁਖਿ ਹਰਿ ਨਾਮੁ ਦਇਆਲ ॥ | Within their minds, bodies and mouths, is the Name of the Merciful Lord. |
| ਨਾਨਕ ਤਜੀਅਲੇ ਅਵਰਿ ਜੰਜਾਲ ॥੪॥੫੨॥੧੨੧॥ | Nanak has renounced other entanglements. \|\|4\|\|52\|\|121\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਛਾਡਿ ਸਿਆਨਪ ਬਹੁ ਚਤੁਰਾਈ ॥ | Renounce your cleverness, and your cunning tricks. |
| ਗੁਰ ਪੂਰੇ ਕੀ ਟੇਕ ਟਿਕਾਈ ॥੧॥ | Seek the Support of the Perfect Guru. \|\|1\|\| |
| ਦੁਖ ਬਿਨਸੇ ਸੁਖ ਹਰਿ ਗੁਣ ਗਾਇ ॥ | Your pain shall depart, and in peace, you shall sing the Glorious Praises of the Lord. |

| | |
|---|---|
| ਗੁਰੁ ਪੂਰਾ ਭੇਟਿਆ ਲਿਵ ਲਾਇ ॥੧॥ ਰਹਾਉ ॥ | Meeting the Perfect Guru, let yourself be absorbed in the Lord's Love. ‖1‖Pause‖ |
| ਹਰਿ ਕਾ ਨਾਮੁ ਦੀਓ ਗੁਰਿ ਮੰਤ੍ਰੁ ॥ | The Guru has given me the Mantra of the Name of the Lord. |
| ਮਿਟੇ ਵਿਸੂਰੇ ਉਤਰੀ ਚਿੰਤ ॥੨॥ | My worries are forgotten, and my anxiety is gone. ‖2‖ |
| ਅਨਦ ਭਏ ਗੁਰ ਮਿਲਤ ਕ੍ਰਿਪਾਲ ॥ | Meeting with the Merciful Guru, I am in ecstasy. |
| ਕਰਿ ਕਿਰਪਾ ਕਾਟੇ ਜਮ ਜਾਲ ॥੩॥ | Showering His Mercy, He has cut away the noose of the Messenger of Death. ‖3‖ |
| ਕਹੁ ਨਾਨਕ ਗੁਰੁ ਪੂਰਾ ਪਾਇਆ ॥ | Says Nanak, I have found the Perfect Guru; |
| ਤਾ ਤੇ ਬਹੁਰਿ ਨ ਬਿਆਪੈ ਮਾਇਆ ॥੪॥੫੩॥੧੨੨॥ | Maya shall no longer harass me. ‖4‖53‖122‖ |
| ਗਉੜੀ ਮਹਲਾ ੫ ॥ | Gauree, Fifth Mehl: |
| ਰਾਖਿ ਲੀਆ ਗੁਰਿ ਪੂਰੈ ਆਪਿ ॥ | The Perfect Guru Himself has saved me. |
| ਮਨਮੁਖ ਕਉ ਲਾਗੋ ਸੰਤਾਪੁ ॥੧॥ | The self-willed manmukhs are afflicted with misfortune. ‖1‖ |
| ਗੁਰੂ ਗੁਰੂ ਜਪਿ ਮੀਤ ਹਮਾਰੇ ॥ | Chant and meditate on the Guru, the Guru, O my friend. |
| ਮੁਖ ਊਜਲ ਹੋਵਹਿ ਦਰਬਾਰੇ ॥੧॥ ਰਹਾਉ ॥ | Your face shall be radiant in the Court of the Lord. ‖1‖Pause‖ |
| ਗੁਰ ਕੇ ਚਰਣ ਹਿਰਦੈ ਵਸਾਇ ॥ | Enshrine the Feet of the Guru within your heart; |
| ਦੁਖ ਦੁਸਮਨ ਤੇਰੀ ਹਤੈ ਬਲਾਇ ॥੨॥ | your pains, enemies and bad luck shall be destroyed. ‖2‖ |
| ਗੁਰ ਕਾ ਸਬਦੁ ਤੇਰੈ ਸੰਗਿ ਸਹਾਈ ॥ | The Word of the Guru's Shabad is your Companion and Helper. |
| ਦਇਆਲ ਭਏ ਸਗਲੇ ਜੀਅ ਭਾਈ ॥੩॥ | O Siblings of Destiny, all beings shall be kind to you. ‖3‖ |
| ਗੁਰਿ ਪੂਰੈ ਜਬ ਕਿਰਪਾ ਕਰੀ ॥ | When the Perfect Guru granted His Grace, |
| ਭਨਤਿ ਨਾਨਕ ਮੇਰੀ ਪੂਰੀ ਪਰੀ ॥੪॥੫੪॥੧੨੩॥ | says Nanak, I was totally, completely fulfilled. ‖4‖54‖123‖ |
| ਗਉੜੀ ਮਹਲਾ ੫ ॥ | Gauree, Fifth Mehl: |
| ਅਨਿਕ ਰਸਾ ਖਾਏ ਜੈਸੇ ਢੋਰ ॥ | Like beasts, they consume all sorts of tasty treats. |

| | |
|---|---|
| ਮੋਹ ਕੀ ਜੇਵਰੀ ਬਾਧਿਓ ਚੋਰ ॥੧॥ | With the rope of emotional attachment, they are bound and gagged like thieves. \|\|1\|\| |
| ਮਿਰਤਕ ਦੇਹ ਸਾਧਸੰਗ ਬਿਹੂਨਾ ॥ | Their bodies are corpses, without the Saadh Sangat, the Company of the Holy. |
| ਆਵਤ ਜਾਤ ਜੋਨੀ ਦੁਖ ਖੀਨਾ ॥੧॥ ਰਹਾਉ ॥ | They come and go in reincarnation, and are destroyed by pain. \|\|1\|\|Pause\|\| |
| ਅਨਿਕ ਬਸਤ੍ਰ ਸੁੰਦਰ ਪਹਿਰਾਇਆ ॥ | They wear all sorts of beautiful robes, |
| ਜਿਉ ਡਰਨਾ ਖੇਤ ਮਾਹਿ ਡਰਾਇਆ ॥੨॥ | but they are still just scarecrows in the field, frightening away the birds. \|\|2\|\| |
| ਸਗਲ ਸਰੀਰ ਆਵਤ ਸਭ ਕਾਮ ॥ | All bodies are of some use, |
| ਨਿਹਫਲ ਮਾਨੁਖੁ ਜਪੈ ਨਹੀ ਨਾਮ ॥੩॥ | but those who do not meditate on the Naam, the Name of the Lord, are totally useless. \|\|3\|\| |
| ਕਹੁ ਨਾਨਕ ਜਾ ਕਉ ਭਏ ਦਇਆਲਾ ॥ | Says Nanak, those unto whom the Lord becomes Merciful, |
| ਸਾਧਸੰਗਿ ਮਿਲਿ ਭਜਹਿ ਗੋੁਪਾਲਾ ॥੪॥੫੫॥੧੨੪॥ | join the Saadh Sangat, and meditate on the Lord of the Universe. \|\|4\|\|55\|\|124\|\| |
| ਗਉੜੀ ਮਹਲਾ ੫ ॥ | Gauree, Fifth Mehl: |
| **੧੯੧** | 191 |
| ਕਲਿ ਕਲੇਸ ਗੁਰ ਸਬਦਿ ਨਿਵਾਰੇ ॥ | The Word of the Guru's Shabad quiets worries and troubles. |
| ਆਵਣ ਜਾਣ ਰਹੇ ਸੁਖ ਸਾਰੇ ॥੧॥ | Coming and going ceases, and all comforts are obtained. \|\|1\|\| |
| ਭੈ ਬਿਨਸੇ ਨਿਰਭਉ ਹਰਿ ਧਿਆਇਆ ॥ | Fear is dispelled, meditating on the Fearless Lord. |
| ਸਾਧਸੰਗਿ ਹਰਿ ਕੇ ਗੁਣ ਗਾਇਆ ॥੧॥ ਰਹਾਉ ॥ | In the Saadh Sangat, the Company of the Holy, I chant the Glorious Praises of the Lord. \|\|1\|\|Pause\|\| |
| ਚਰਨ ਕਵਲ ਰਿਦ ਅੰਤਰਿ ਧਾਰੇ ॥ | I have enshrined the Lotus Feet of the Lord within my heart. |
| ਅਗਨਿ ਸਾਗਰ ਗੁਰਿ ਪਾਰਿ ਉਤਾਰੇ ॥੨॥ | The Guru has carried me across the ocean of fire. \|\|2\|\| |

| | |
|---|---|
| ਬੂਡਤ ਜਾਤ ਪੂਰੈ ਗੁਰਿ ਕਾਢੇ ॥ | I was sinking down, and the Perfect Guru pulled me out. |
| ਜਨਮ ਜਨਮ ਕੇ ਟੂਟੇ ਗਾਢੇ ॥੩॥ | I was cut off from the Lord for countless incarnations, and now the Guru united me with Him again. \|\|3\|\| |
| ਕਹੁ ਨਾਨਕ ਤਿਸੁ ਗੁਰ ਬਲਿਹਾਰੀ ॥ | Says Nanak, I am a sacrifice to the Guru; |
| ਜਿਸੁ ਭੇਟਤ ਗਤਿ ਭਈ ਹਮਾਰੀ ॥੪॥੫੬॥੧੨੫॥ | meeting Him, I have been saved. \|\|4\|\|56\|\|125\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਸਾਧਸੰਗਿ ਤਾ ਕੀ ਸਰਨੀ ਪਰਹੁ ॥ | In the Saadh Sangat, the Company of the Holy, seek His Sanctuary. |
| ਮਨੁ ਤਨੁ ਅਪਨਾ ਆਗੈ ਧਰਹੁ ॥੧॥ | Place your mind and body in offering before Him. \|\|1\|\| |
| ਅੰਮ੍ਰਿਤ ਨਾਮੁ ਪੀਵਹੁ ਮੇਰੇ ਭਾਈ ॥ | Drink in the Ambrosial Nectar of the Name, O my Siblings of Destiny. |
| ਸਿਮਰਿ ਸਿਮਰਿ ਸਭ ਤਪਤਿ ਬੁਝਾਈ ॥੧॥ ਰਹਾਉ ॥ | Meditating, meditating in remembrance on the Lord, the fire of desire is totally quenched. \|\|1\|\|Pause\|\| |
| ਤਜਿ ਅਭਿਮਾਨੁ ਜਨਮ ਮਰਣੁ ਨਿਵਾਰਹੁ ॥ | Renounce your arrogant pride, and end the cycle of birth and death. |
| ਹਰਿ ਕੇ ਦਾਸ ਕੇ ਚਰਣ ਨਮਸਕਾਰਹੁ ॥੨॥ | Bow in humility to the feet of the Lord's slave. \|\|2\|\| |
| ਸਾਸਿ ਸਾਸਿ ਪ੍ਰਭੁ ਮਨਹਿ ਸਮਾਲੇ ॥ | Remember God in your mind, with each and every breath. |
| ਸੋ ਧਨੁ ਸੰਚਹੁ ਜੋ ਚਾਲੈ ਨਾਲੇ ॥੩॥ | Gather only that wealth, which shall go with you. \|\|3\|\| |
| ਤਿਸਹਿ ਪਰਾਪਤਿ ਜਿਸੁ ਮਸਤਕਿ ਭਾਗੁ ॥ | He alone obtains it, upon whose forehead such destiny is written. |
| ਕਹੁ ਨਾਨਕ ਤਾ ਕੀ ਚਰਣੀ ਲਾਗੁ ॥੪॥੫੭॥੧੨੬॥ | Says Nanak, fall at the Feet of that Lord. \|\|4\|\|57\|\|126\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਸੂਕੇ ਹਰੇ ਕੀਏ ਖਿਨ ਮਾਹੇ ॥ | The dried branches are made green again in an instant. |
| ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ ॥੧॥ | His Ambrosial Glance irrigates and revives them. \|\|1\|\| |
| ਕਾਟੇ ਕਸਟ ਪੂਰੇ ਗੁਰਦੇਵ ॥ | The Perfect Divine Guru has removed my sorrow. |

| | |
|---|---|
| ਸੇਵਕ ਕਉ ਦੀਨੀ ਅਪੁਨੀ ਸੇਵ ॥੧॥ ਰਹਾਉ ॥ | He blesses His servant with His service. \|\|1\|\|Pause\|\| |
| ਮਿਟਿ ਗਈ ਚਿੰਤ ਪੁਨੀ ਮਨ ਆਸਾ ॥ | Anxiety is removed, and the desires of the mind are fulfilled, |
| ਕਰੀ ਦਇਆ ਸਤਿਗੁਰਿ ਗੁਣਤਾਸਾ ॥੨॥ | when the True Guru, the Treasure of Excellence, shows His Kindness. \|\|2\|\| |
| ਦੁਖ ਨਾਠੇ ਸੁਖ ਆਇ ਸਮਾਏ ॥ | Pain is driven far away, and peace comes in its place; |
| ਢੀਲ ਨ ਪਰੀ ਜਾ ਗੁਰਿ ਫੁਰਮਾਏ ॥੩॥ | there is no delay, when the Guru gives the Order. \|\|3\|\| |
| ਇਛ ਪੁਨੀ ਪੂਰੇ ਗੁਰ ਮਿਲੇ ॥ | Desires are fulfilled, when one meets the True Guru; |
| ਨਾਨਕ ਤੇ ਜਨ ਸੁਫਲ ਫਲੇ ॥੪॥੫੮॥੧੨੭॥ | O Nanak, His humble servant is fruitful and prosperous. \|\|4\|\|58\|\|127\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਤਾਪ ਗਏ ਪਾਈ ਪ੍ਰਭਿ ਸਾਂਤਿ ॥ | The fever has departed; God has showered us with peace and tranquility. |
| ਸੀਤਲ ਭਏ ਕੀਨੀ ਪ੍ਰਭ ਦਾਤਿ ॥੧॥ | A cooling peace prevails; God has granted this gift. \|\|1\|\| |
| ਪ੍ਰਭ ਕਿਰਪਾ ਤੇ ਭਏ ਸੁਹੇਲੇ ॥ | By God's Grace, we have become comfortable. |
| ਜਨਮ ਜਨਮ ਕੇ ਬਿਛੁਰੇ ਮੇਲੇ ॥੧॥ ਰਹਾਉ ॥ | Separated from Him for countless incarnations, we are now reunited with Him. \|\|1\|\|Pause\|\| |
| ਸਿਮਰਤ ਸਿਮਰਤ ਪ੍ਰਭ ਕਾ ਨਾਉ ॥ | Meditating, meditating in remembrance on God's Name, |
| ਸਗਲ ਰੋਗ ਕਾ ਬਿਨਸਿਆ ਥਾਉ ॥੨॥ | the dwelling of all disease is destroyed. \|\|2\|\| |
| ਸਹਜਿ ਸੁਭਾਇ ਬੋਲੈ ਹਰਿ ਬਾਣੀ ॥ | In intuitive peace and poise, chant the Word of the Lord's Bani. |
| ਆਠ ਪਹਰ ਪ੍ਰਭ ਸਿਮਰਹੁ ਪ੍ਰਾਣੀ ॥੩॥ | Twenty-four hours a day, O mortal, meditate on God. \|\|3\|\| |
| ਦੂਖੁ ਦਰਦੁ ਜਮੁ ਨੇੜਿ ਨ ਆਵੈ ॥ | Pain, suffering and the Messenger of Death do not even approach that one, |
| ਕਹੁ ਨਾਨਕ ਜੋ ਹਰਿ ਗੁਨ ਗਾਵੈ ॥੪॥੫੯॥੧੨੮॥ | says Nanak, who sings the Glorious Praises of the Lord. \|\|4\|\|59\|\|128\|\| |

| | |
|---|---|
| ਗਉੜੀ ਮਹਲਾ ੫ ॥ | Gauree, Fifth Mehl: |
| ਭਲੇ ਦਿਨਸ ਭਲੇ ਸੰਜੋਗ ॥ | Auspicious is the day, and auspicious is the chance, |
| ਜਿਤੁ ਭੇਟੇ ਪਾਰਬ੍ਰਹਮ ਨਿਰਜੋਗ ॥੧॥ | which brought me to the Supreme Lord God, the Unjoined, Unlimited One. \|\|1\|\| |
| ਓਹ ਬੇਲਾ ਕਉ ਹਉ ਬਲਿ ਜਾਉ ॥ | I am a sacrifice to that time, |
| ਜਿਤੁ ਮੇਰਾ ਮਨੁ ਜਪੈ ਹਰਿ ਨਾਉ ॥੧॥ ਰਹਾਉ ॥ | when my mind chants the Name of the Lord. \|\|1\|\|Pause\|\| |
| ਸਫਲ ਮੂਰਤੁ ਸਫਲ ਓਹ ਘਰੀ ॥ | Blessed is that moment, and blessed is that time, |
| ਜਿਤੁ ਰਸਨਾ ਉਚਰੈ ਹਰਿ ਹਰੀ ॥੨॥ | when my tongue chants the Name of the Lord, Har, Haree. \|\|2\|\| |
| ਸਫਲੁ ਓਹੁ ਮਾਥਾ ਸੰਤ ਨਮਸਕਾਰਸਿ ॥ | Blessed is that forehead, which bows in humility to the Saints. |
| ਚਰਣ ਪੁਨੀਤ ਚਲਹਿ ਹਰਿ ਮਾਰਗਿ ॥੩॥ | Sacred are those feet, which walk on the Lord's Path. \|\|3\|\| |
| ਕਹੁ ਨਾਨਕ ਭਲਾ ਮੇਰਾ ਕਰਮ ॥ | Says Nanak, auspicious is my karma, |
| ਜਿਤੁ ਭੇਟੇ ਸਾਧੂ ਕੇ ਚਰਨ ॥੪॥੬੦॥੧੨੯॥ | which has led me to touch the Feet of the Holy. \|\|4\|\|60\|\|129\|\| |

## ੧੯੨ / 192

| | |
|---|---|
| ਗਉੜੀ ਮਹਲਾ ੫ ॥ | Gauree, Fifth Mehl: |
| ਗੁਰ ਕਾ ਸਬਦੁ ਰਾਖੁ ਮਨ ਮਾਹਿ ॥ | Keep the Word of the Guru's Shabad in your mind. |
| ਨਾਮੁ ਸਿਮਰਿ ਚਿੰਤਾ ਸਭ ਜਾਹਿ ॥੧॥ | Meditating in remembrance on the Naam, the Name of the Lord, all anxiety is removed. \|\|1\|\| |
| ਬਿਨੁ ਭਗਵੰਤ ਨਾਹੀ ਅਨ ਕੋਇ ॥ | Without the Lord God, there is no one else at all. |
| ਮਾਰੈ ਰਾਖੈ ਏਕੋ ਸੋਇ ॥੧॥ ਰਹਾਉ ॥ | He alone preserves and destroys. \|\|1\|\|Pause\|\| |
| ਗੁਰ ਕੇ ਚਰਣ ਰਿਦੈ ਉਰਿ ਧਾਰਿ ॥ | Enshrine the Guru's Feet in your heart. |
| ਅਗਨਿ ਸਾਗਰੁ ਜਪਿ ਉਤਰਹਿ ਪਾਰਿ ॥੨॥ | Meditate on Him and cross over the ocean of fire. \|\|2\|\| |
| ਗੁਰ ਮੂਰਤਿ ਸਿਉ ਲਾਇ ਧਿਆਨੁ ॥ | Focus your meditation on the Guru's Sublime Form. |
| ਈਹਾ ਊਹਾ ਪਾਵਹਿ ਮਾਨੁ ॥੩॥ | Here and hereafter, you shall be honored. \|\|3\|\| |

| | |
|---|---|
| ਸਗਲ ਤਿਆਗਿ ਗੁਰ ਸਰਣੀ ਆਇਆ ॥ | Renouncing everything, I have come to the Guru's Sanctuary. |
| ਮਿਟੇ ਅੰਦੇਸੇ ਨਾਨਕ ਸੁਖੁ ਪਾਇਆ ॥੪॥੬੧॥੧੩੦॥ | My anxieties are over - O Nanak, I have found peace. \|\|4\|\|61\|\|130\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਜਿਸੁ ਸਿਮਰਤ ਦੂਖੁ ਸਭੁ ਜਾਇ ॥ | Remembering Him in meditation, all pains are gone. |
| ਨਾਮੁ ਰਤਨੁ ਵਸੈ ਮਨਿ ਆਇ ॥੧॥ | The jewel of the Naam, the Name of the Lord, comes to dwell in the mind. \|\|1\|\| |
| ਜਪਿ ਮਨ ਮੇਰੇ ਗੋਵਿੰਦ ਕੀ ਬਾਣੀ ॥ | O my mind, chant the Bani, the Hymns of the Lord of the Universe. |
| ਸਾਧੂ ਜਨ ਰਾਮੁ ਰਸਨ ਵਖਾਣੀ ॥੧॥ ਰਹਾਉ ॥ | The Holy People chant the Lord's Name with their tongues. \|\|1\|\|Pause\|\| |
| ਇਕਸੁ ਬਿਨੁ ਨਾਹੀ ਦੂਜਾ ਕੋਇ ॥ | Without the One Lord, there is no other at all. |
| ਜਾ ਕੀ ਦ੍ਰਿਸਟਿ ਸਦਾ ਸੁਖੁ ਹੋਇ ॥੨॥ | By His Glance of Grace, eternal peace is obtained. \|\|2\|\| |
| ਸਾਜਨੁ ਮੀਤੁ ਸਖਾ ਕਰਿ ਏਕੁ ॥ | Make the One Lord your friend, intimate and companion. |
| ਹਰਿ ਹਰਿ ਅਖਰ ਮਨ ਮਹਿ ਲੇਖੁ ॥੩॥ | Write in your mind the Word of the Lord, Har, Har. \|\|3\|\| |
| ਰਵਿ ਰਹਿਆ ਸਰਬਤ ਸੁਆਮੀ ॥ | The Lord Master is totally pervading everywhere. |
| ਗੁਣ ਗਾਵੈ ਨਾਨਕੁ ਅੰਤਰਜਾਮੀ ॥੪॥੬੨॥੧੩੧॥ | Nanak sings the Praises of the Inner-knower, the Searcher of hearts. \|\|4\|\|62\|\|131\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਭੈ ਮਹਿ ਰਚਿਓ ਸਭੁ ਸੰਸਾਰਾ ॥ | The whole world is engrossed in fear. |
| ਤਿਸੁ ਭਉ ਨਾਹੀ ਜਿਸੁ ਨਾਮੁ ਅਧਾਰਾ ॥੧॥ | Those who have the Naam, the Name of the Lord, as their Support, feel no fear. \|\|1\|\| |
| ਭਉ ਨ ਵਿਆਪੈ ਤੇਰੀ ਸਰਣਾ ॥ | Fear does not affect those who take to Your Sanctuary. |
| ਜੋ ਤੁਧੁ ਭਾਵੈ ਸੋਈ ਕਰਣਾ ॥੧॥ ਰਹਾਉ ॥ | You do whatever You please. \|\|1\|\|Pause\|\| |
| ਸੋਗ ਹਰਖ ਮਹਿ ਆਵਣ ਜਾਣਾ ॥ | In pleasure and in pain, the world is coming and going in reincarnation. |

| | |
|---|---|
| ਤਿਨਿ ਸੁਖੁ ਪਾਇਆ ਜੋ ਪ੍ਰਭ ਭਾਣਾ ॥੨॥ | Those who are pleasing to God, find peace. ‖2‖ |
| ਅਗਨਿ ਸਾਗਰੁ ਮਹਾ ਵਿਆਪੈ ਮਾਇਆ ॥ | Maya pervades the awesome ocean of fire. |
| ਸੇ ਸੀਤਲ ਜਿਨ ਸਤਿਗੁਰੁ ਪਾਇਆ ॥੩॥ | Those who have found the True Guru are calm and cool. ‖3‖ |
| ਰਾਖਿ ਲੇਇ ਪ੍ਰਭੁ ਰਾਖਨਹਾਰਾ ॥ | Please preserve me, O God, O Great Preserver! |
| ਕਹੁ ਨਾਨਕ ਕਿਆ ਜੰਤ ਵਿਚਾਰਾ ॥੪॥੬੩॥੧੩੨॥ | Says Nanak, what a helpless creature I am! ‖4‖63‖132‖ |
| ਗਉੜੀ ਮਹਲਾ ੫ ॥ | Gauree, Fifth Mehl: |
| ਤੁਮਰੀ ਕ੍ਰਿਪਾ ਤੇ ਜਪੀਐ ਨਾਉ ॥ | By Your Grace, I chant Your Name. |
| ਤੁਮਰੀ ਕ੍ਰਿਪਾ ਤੇ ਦਰਗਹ ਥਾਉ ॥੧॥ | By Your Grace, I obtain a seat in Your Court. ‖1‖ |
| ਤੁਝ ਬਿਨੁ ਪਾਰਬ੍ਰਹਮ ਨਹੀ ਕੋਇ ॥ | Without You, O Supreme Lord God, there is no one. |
| ਤੁਮਰੀ ਕ੍ਰਿਪਾ ਤੇ ਸਦਾ ਸੁਖੁ ਹੋਇ ॥੧॥ ਰਹਾਉ ॥ | By Your Grace, everlasting peace is obtained. ‖1‖Pause‖ |
| ਤੁਮ ਮਨਿ ਵਸੇ ਤਉ ਦੂਖੁ ਨ ਲਾਗੈ ॥ | If You abide in the mind, we do not suffer in sorrow. |
| ਤੁਮਰੀ ਕ੍ਰਿਪਾ ਤੇ ਭ੍ਰਮੁ ਭਉ ਭਾਗੈ ॥੨॥ | By Your Grace, doubt and fear run away. ‖2‖ |
| ਪਾਰਬ੍ਰਹਮ ਅਪਰੰਪਰ ਸੁਆਮੀ ॥ | O Supreme Lord God, Infinite Lord and Master, |
| ਸਗਲ ਘਟਾ ਕੇ ਅੰਤਰਜਾਮੀ ॥੩॥ | You are the Inner-knower, the Searcher of all hearts. ‖3‖ |
| ਕਰਉ ਅਰਦਾਸਿ ਅਪਨੇ ਸਤਿਗੁਰ ਪਾਸਿ ॥ | I offer this prayer to the True Guru: |
| ਨਾਨਕ ਨਾਮੁ ਮਿਲੈ ਸਚੁ ਰਾਸਿ ॥੪॥੬੪॥੧੩੩॥ | O Nanak, may I be blessed with the treasure of the True Name. ‖4‖64‖133‖ |
| ਗਉੜੀ ਮਹਲਾ ੫ ॥ | Gauree, Fifth Mehl: |
| ਕਣ ਬਿਨਾ ਜੈਸੇ ਥੋਥਰ ਤੁਖਾ ॥ | As the husk is empty without the grain, |
| ਨਾਮ ਬਿਹੂਨ ਸੂਨੇ ਸੇ ਮੁਖਾ ॥੧॥ | so is the mouth empty without the Naam, the Name of the Lord. ‖1‖ |

ਹਰਿ ਹਰਿ ਨਾਮੁ ਜਪਹੁ ਨਿਤ ਪ੍ਰਾਣੀ ॥
O mortal, chant continually the Name of the Lord, Har, Har.

ਨਾਮ ਬਿਹੂਨ ਧ੍ਰਿਗੁ ਦੇਹ ਬਿਗਾਨੀ ॥੧॥ ਰਹਾਉ ॥
Without the Naam, cursed is the body, which shall be taken back by Death. ||1||Pause||

ਨਾਮ ਬਿਨਾ ਨਾਹੀ ਮੁਖਿ ਭਾਗੁ ॥
Without the Naam, no one's face shows good fortune.

ਭਰਤ ਬਿਹੂਨ ਕਹਾ ਸੋਹਾਗੁ ॥੨॥
Without the Husband, where is the marriage? ||2||

ਨਾਮੁ ਬਿਸਾਰਿ ਲਗੈ ਅਨ ਸੁਆਇ ॥
Forgetting the Naam, and attached to other tastes,

ਤਾ ਕੀ ਆਸ ਨ ਪੂਜੈ ਕਾਇ ॥੩॥
no desires are fulfilled. ||3||

ਕਰਿ ਕਿਰਪਾ ਪ੍ਰਭ ਅਪਨੀ ਦਾਤਿ ॥
O God, grant Your Grace, and give me this gift.

ਨਾਨਕ ਨਾਮੁ ਜਪੈ ਦਿਨ ਰਾਤਿ ॥੪॥੬੫॥੧੩੪॥
Please, let Nanak chant Your Name, day and night. ||4||65||134||

## ੧੯੩

## 193

ਗਉੜੀ ਮਹਲਾ ੫ ॥
Gauree, Fifth Mehl:

ਤੂੰ ਸਮਰਥੁ ਤੂੰਹੈ ਮੇਰਾ ਸੁਆਮੀ ॥
You are All-powerful, You are my Lord and Master.

ਸਭੁ ਕਿਛੁ ਤੁਮ ਤੇ ਤੂੰ ਅੰਤਰਜਾਮੀ ॥੧॥
Everything comes from You; You are the Inner-knower, the Searcher of hearts. ||1||

ਪਾਰਬ੍ਰਹਮ ਪੂਰਨ ਜਨ ਓਟ ॥
The Perfect Supreme Lord God is the Support of His humble servant.

ਤੇਰੀ ਸਰਣਿ ਉਧਰਹਿ ਜਨ ਕੋਟਿ ॥੧॥ ਰਹਾਉ ॥
Millions are saved in Your Sanctuary. ||1||Pause||

ਜੇਤੇ ਜੀਅ ਤੇਤੇ ਸਭਿ ਤੇਰੇ ॥
As many creatures as there are - they are all Yours.

ਤੁਮਰੀ ਕ੍ਰਿਪਾ ਤੇ ਸੂਖ ਘਨੇਰੇ ॥੨॥
By Your Grace, all sorts of comforts are obtained. ||2||

ਜੋ ਕਿਛੁ ਵਰਤੈ ਸਭ ਤੇਰਾ ਭਾਣਾ ॥
Whatever happens, is all according to Your Will.

ਹੁਕਮੁ ਬੂਝੈ ਸੋ ਸਚਿ ਸਮਾਣਾ ॥੩॥
One who understands the Hukam of the Lord's Command, is absorbed in the True Lord. ||3||

ਕਰਿ ਕਿਰਪਾ ਦੀਜੈ ਪ੍ਰਭ ਦਾਨੁ ॥
Please grant Your Grace, God, and bestow this gift

ਨਾਨਕ ਸਿਮਰੈ ਨਾਮੁ ਨਿਧਾਨੁ ॥੪॥੬੬॥੧੩੫॥
upon Nanak, that he may meditate on the treasure of the Naam. ||4||66||135||

| | |
|---|---|
| ਗਉੜੀ ਮਹਲਾ ੫ ॥ | Gauree, Fifth Mehl: |
| ਤਾ ਕਾ ਦਰਸੁ ਪਾਈਐ ਵਡਭਾਗੀ ॥ | By great good fortune, the Blessed Vision of His Darshan is obtained, |
| ਜਾ ਕੀ ਰਾਮ ਨਾਮਿ ਲਿਵ ਲਾਗੀ ॥੧॥ | by those who are lovingly absorbed in the Lord's Name. \|\|1\|\| |
| ਜਾ ਕੈ ਹਰਿ ਵਸਿਆ ਮਨ ਮਾਹੀ ॥ | Those whose minds are filled with the Lord, |
| ਤਾ ਕਉ ਦੁਖੁ ਸੁਪਨੈ ਭੀ ਨਾਹੀ ॥੧॥ ਰਹਾਉ ॥ | do not suffer pain, even in dreams. \|\|1\|\|Pause\|\| |
| ਸਰਬ ਨਿਧਾਨ ਰਾਖੇ ਜਨ ਮਾਹਿ ॥ | All treasures have been placed within the minds of His humble servants. |
| ਤਾ ਕੈ ਸੰਗਿ ਕਿਲਵਿਖ ਦੁਖ ਜਾਹਿ ॥੨॥ | In their company, sinful mistakes and sorrows are taken away. \|\|2\|\| |
| ਜਨ ਕੀ ਮਹਿਮਾ ਕਥੀ ਨ ਜਾਇ ॥ | The Glories of the Lord's humble servants cannot be described. |
| ਪਾਰਬ੍ਰਹਮੁ ਜਨੁ ਰਹਿਆ ਸਮਾਇ ॥੩॥ | The servants of the Supreme Lord God remain absorbed in Him. \|\|3\|\| |
| ਕਰਿ ਕਿਰਪਾ ਪ੍ਰਭ ਬਿਨਉ ਸੁਨੀਜੈ ॥ | Grant Your Grace, God, and hear my prayer: |
| ਦਾਸ ਕੀ ਧੂਰਿ ਨਾਨਕ ਕਉ ਦੀਜੈ ॥੪॥੬੭॥੧੩੬॥ | please bless Nanak with the dust of the feet of Your slave. \|\|4\|\|67\|\|136\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਹਰਿ ਸਿਮਰਤ ਤੇਰੀ ਜਾਇ ਬਲਾਇ ॥ | Remembering the Lord in meditation, your misfortune shall be taken away, |
| ਸਰਬ ਕਲਿਆਣ ਵਸੈ ਮਨਿ ਆਇ ॥੧॥ | and all joy shall come to abide in your mind. \|\|1\|\| |
| ਭਜੁ ਮਨ ਮੇਰੇ ਏਕੋ ਨਾਮ ॥ | Meditate, O my mind, on the One Name. |
| ਜੀਅ ਤੇਰੇ ਕੈ ਆਵੈ ਕਾਮ ॥੧॥ ਰਹਾਉ ॥ | It alone shall be of use to your soul. \|\|1\|\|Pause\|\| |
| ਰੈਣਿ ਦਿਨਸੁ ਗੁਣ ਗਾਉ ਅਨੰਤਾ ॥ | Night and day, sing the Glorious Praises of the Infinite Lord, |
| ਗੁਰ ਪੂਰੇ ਕਾ ਨਿਰਮਲ ਮੰਤਾ ॥੨॥ | through the Pure Mantra of the Perfect Guru. \|\|2\|\| |
| ਛੋਡਿ ਉਪਾਵ ਏਕ ਟੇਕ ਰਾਖੁ ॥ | Give up other efforts, and place your faith in the Support of the One Lord. |

| | |
|---|---|
| ਮਹਾ ਪਦਾਰਥੁ ਅੰਮ੍ਰਿਤ ਰਸੁ ਚਾਖੁ ॥੩॥ | Taste the Ambrosial Essence of this, the greatest treasure. ‖3‖ |
| ਬਿਖਮ ਸਾਗਰੁ ਤੇਈ ਜਨ ਤਰੇ ॥ | They alone cross over the treacherous world-ocean, |
| ਨਾਨਕ ਜਾ ਕਉ ਨਦਰਿ ਕਰੇ ॥੪॥੬੮॥੧੩੭॥ | O Nanak, upon whom the Lord casts His Glance of Grace. ‖4‖68‖137‖ |
| ਗਉੜੀ ਮਹਲਾ ੫ ॥ | Gauree, Fifth Mehl: |
| ਹਿਰਦੈ ਚਰਨ ਕਮਲ ਪ੍ਰਭ ਧਾਰੇ ॥ | I have enshrined the Lotus Feet of God within my heart. |
| ਪੂਰੇ ਸਤਿਗੁਰ ਮਿਲਿ ਨਿਸਤਾਰੇ ॥੧॥ | Meeting the Perfect True Guru, I am emancipated. ‖1‖ |
| ਗੋਵਿੰਦ ਗੁਣ ਗਾਵਹੁ ਮੇਰੇ ਭਾਈ ॥ | Sing the Glorious Praises of the Lord of the Universe, O my Siblings of Destiny. |
| ਮਿਲਿ ਸਾਧੂ ਹਰਿ ਨਾਮੁ ਧਿਆਈ ॥੧॥ ਰਹਾਉ ॥ | Joining the Holy Saints, meditate on the Lord's Name. ‖1‖Pause‖ |
| ਦੁਲਭ ਦੇਹ ਹੋਈ ਪਰਵਾਨੁ ॥ | This human body, so difficult to obtain, is redeemed |
| ਸਤਿਗੁਰ ਤੇ ਪਾਇਆ ਨਾਮ ਨੀਸਾਨੁ ॥੨॥ | when one receives the banner of the Naam from the True Guru. ‖2‖ |
| ਹਰਿ ਸਿਮਰਤ ਪੂਰਨ ਪਦੁ ਪਾਇਆ ॥ | Meditating in remembrance on the Lord, the state of perfection is attained. |
| ਸਾਧਸੰਗਿ ਭੈ ਭਰਮ ਮਿਟਾਇਆ ॥੩॥ | In the Saadh Sangat, the Company of the Holy, fear and doubt depart. ‖3‖ |
| ਜਤ ਕਤ ਦੇਖਉ ਤਤ ਰਹਿਆ ਸਮਾਇ ॥ | Wherever I look, there I see the Lord pervading. |
| ਨਾਨਕ ਦਾਸ ਹਰਿ ਕੀ ਸਰਣਾਇ ॥੪॥੬੯॥੧੩੮॥ | Slave Nanak has entered the Lord's Sanctuary. ‖4‖69‖138‖ |
| ਗਉੜੀ ਮਹਲਾ ੫ ॥ | Gauree, Fifth Mehl: |
| ਗੁਰ ਜੀ ਕੇ ਦਰਸਨ ਕਉ ਬਲਿ ਜਾਉ ॥ | I am a sacrifice to the Blessed Vision of the Guru's Darshan. |
| ਜਪਿ ਜਪਿ ਜੀਵਾ ਸਤਿਗੁਰ ਨਾਉ ॥੧॥ | Chanting and meditating on the Name of the True Guru, I live. ‖1‖ |

| | |
|---|---|
| ਪਾਰਬ੍ਰਹਮ ਪੂਰਨ ਗੁਰਦੇਵ ॥ | O Supreme Lord God, O Perfect Divine Guru, |
| ਕਰਿ ਕਿਰਪਾ ਲਾਗਉ ਤੇਰੀ ਸੇਵ ॥੧॥ ਰਹਾਉ ॥ | show mercy to me, and commit me to Your service. \|\|1\|\|Pause\|\| |
| ਚਰਨ ਕਮਲ ਹਿਰਦੈ ਉਰ ਧਾਰੀ ॥ | I enshrine His Lotus Feet within my heart. |
| ਮਨ ਤਨ ਧਨ ਗੁਰ ਪ੍ਰਾਨ ਅਧਾਰੀ ॥੨॥ | I offer my mind, body and wealth to the Guru, the Support of the breath of life. \|\|2\|\| |
| ਸਫਲ ਜਨਮੁ ਹੋਵੈ ਪਰਵਾਣੁ ॥ | My life is prosperous, fruitful and approved; |
| ਗੁਰੁ ਪਾਰਬ੍ਰਹਮੁ ਨਿਕਟਿ ਕਰਿ ਜਾਣੁ ॥੩॥ | I know that the Guru, the Supreme Lord God, is near me. \|\|3\|\| |
| ਸੰਤ ਧੂਰਿ ਪਾਈਐ ਵਡਭਾਗੀ ॥ | By great good fortune, I have obtained the dust of the feet of the Saints. |
| ਨਾਨਕ ਗੁਰ ਭੇਟਤ ਹਰਿ ਸਿਉ ਲਿਵ ਲਾਗੀ ॥੪॥੭੦॥੧੩੯॥ | O Nanak, meeting the Guru, I have fallen in love with the Lord. \|\|4\|\|70\|\|139\|\| |

## ੧੯੪ 194

| | |
|---|---|
| ਗਉੜੀ ਮਹਲਾ ੫ ॥ | Gauree, Fifth Mehl: |
| ਕਰੈ ਦੁਹਕਰਮ ਦਿਖਾਵੈ ਹੋਰੁ ॥ | They do their evil deeds, and pretend otherwise; |
| ਰਾਮ ਕੀ ਦਰਗਹ ਬਾਧਾ ਚੋਰੁ ॥੧॥ | but in the Court of the Lord, they shall be bound and gagged like thieves. \|\|1\|\| |
| ਰਾਮੁ ਰਮੈ ਸੋਈ ਰਾਮਾਣਾ ॥ | Those who remember the Lord belong to the Lord. |
| ਜਲਿ ਥਲਿ ਮਹੀਅਲਿ ਏਕੁ ਸਮਾਣਾ ॥੧॥ ਰਹਾਉ ॥ | The One Lord is contained in the water, the land and the sky. \|\|1\|\|Pause\|\| |
| ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ ॥ | Their inner beings are filled with poison, and yet with their mouths, they preach words of Ambrosial Nectar. |
| ਜਮ ਪੁਰਿ ਬਾਧਾ ਚੋਟਾ ਖਾਵੈ ॥੨॥ | Bound and gagged in the City of Death, they are punished and beaten. \|\|2\|\| |
| ਅਨਿਕ ਪੜਦੇ ਮਹਿ ਕਮਾਵੈ ਵਿਕਾਰ ॥ | Hiding behind many screens, they commit acts of corruption, |
| ਖਿਨ ਮਹਿ ਪ੍ਰਗਟ ਹੋਹਿ ਸੰਸਾਰ ॥੩॥ | but in an instant, they are revealed to all the world. \|\|3\|\| |
| ਅੰਤਰਿ ਸਾਚਿ ਨਾਮਿ ਰਸਿ ਰਾਤਾ ॥ | Those whose inner beings are true, who are attuned to the ambrosial essence of the Naam, the Name of the Lord |

| | |
|---|---|
| ਨਾਨਕ ਤਿਸੁ ਕਿਰਪਾਲੁ ਬਿਧਾਤਾ ॥੪॥੭੧॥੧੪੦॥ | - O Nanak, the Lord, the Architect of Destiny, is merciful to them. \|\|4\|\|71\|\|140\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਰਾਮ ਰੰਗੁ ਕਦੇ ਉਤਰਿ ਨ ਜਾਇ ॥ | The Lord's Love shall never leave or depart. |
| ਗੁਰੁ ਪੂਰਾ ਜਿਸੁ ਦੇਇ ਬੁਝਾਇ ॥੧॥ | They alone understand, unto whom the Perfect Guru gives it. \|\|1\|\| |
| ਹਰਿ ਰੰਗਿ ਰਾਤਾ ਸੋ ਮਨੁ ਸਾਚਾ ॥ | One whose mind is attuned to the Lord's Love is true. |
| ਲਾਲ ਰੰਗ ਪੂਰਨ ਪੁਰਖੁ ਬਿਧਾਤਾ ॥੧॥ ਰਹਾਉ ॥ | The Love of the Beloved, the Architect of Destiny, is perfect. \|\|1\|\|Pause\|\| |
| ਸੰਤਹ ਸੰਗਿ ਬੈਸਿ ਗੁਨ ਗਾਇ ॥ | Sitting in the Society of the Saints, sing the Glorious Praises of the Lord. |
| ਤਾ ਕਾ ਰੰਗੁ ਨ ਉਤਰੈ ਜਾਇ ॥੨॥ | The color of His Love shall never fade away. \|\|2\|\| |
| ਬਿਨੁ ਹਰਿ ਸਿਮਰਨ ਸੁਖੁ ਨਹੀ ਪਾਇਆ ॥ | Without meditating in remembrance on the Lord, peace is not found. |
| ਆਨ ਰੰਗ ਫੀਕੇ ਸਭ ਮਾਇਆ ॥੩॥ | All the other loves and tastes of Maya are bland and insipid. \|\|3\|\| |
| ਗੁਰਿ ਰੰਗੇ ਸੇ ਭਏ ਨਿਹਾਲ ॥ | Those who are imbued with love by the Guru become happy. |
| ਕਹੁ ਨਾਨਕ ਗੁਰ ਭਏ ਹੈ ਦਇਆਲ ॥੪॥੭੨॥੧੪੧॥ | Says Nanak, the Guru has become merciful to them. \|\|4\|\|72\|\|141\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਸਿਮਰਤ ਸੁਆਮੀ ਕਿਲਵਿਖ ਨਾਸੇ ॥ | Meditating in remembrance on the Lord Master, sinful mistakes are erased, |
| ਸੂਖ ਸਹਜ ਆਨੰਦ ਨਿਵਾਸੇ ॥੧॥ | and one comes to abide in peace, celestial joy and bliss. \|\|1\|\| |
| ਰਾਮ ਜਨਾ ਕਉ ਰਾਮ ਭਰੋਸਾ ॥ | The Lord's humble servants place their faith in the Lord. |
| ਨਾਮੁ ਜਪਤ ਸਭੁ ਮਿਟਿਓ ਅੰਦੇਸਾ ॥੧॥ ਰਹਾਉ ॥ | Chanting the Naam, the Name of the Lord, all anxieties are dispelled. \|\|1\|\|Pause\|\| |
| ਸਾਧਸੰਗਿ ਕਛੁ ਭਉ ਨ ਭਰਾਤੀ ॥ | In the Saadh Sangat, the Company of the Holy, there is no fear or doubt. |

ਗੁਣ ਗੋਪਾਲ ਗਾਈਅਹਿ ਦਿਨੁ ਰਾਤੀ ॥੨॥

The Glorious Praises of the Lord are sung there, day and night. ||2||

ਕਰਿ ਕਿਰਪਾ ਪ੍ਰਭ ਬੰਧਨ ਛੋਟ ॥

Granting His Grace, God has released me from bondage.

ਚਰਣ ਕਮਲ ਕੀ ਦੀਨੀ ਓਟ ॥੩॥

He has given me the Support of His Lotus Feet. ||3||

ਕਹੁ ਨਾਨਕ ਮਨਿ ਭਈ ਪਰਤੀਤਿ ॥ ਨਿਰਮਲ ਜਸੁ ਪੀਵਹਿ ਜਨ ਨੀਤਿ ॥੪॥੭੩॥੧੪੨॥

Says Nanak, faith comes into the mind of His servant, who continually drinks in the Immaculate Praises of the Lord. ||4||73||142||

ਗਉੜੀ ਮਹਲਾ ੫ ॥

Gauree, Fifth Mehl:

ਹਰਿ ਚਰਣੀ ਜਾ ਕਾ ਮਨੁ ਲਾਗਾ ॥

Those who keep their minds attached to the Lord's Feet

ਦੂਖੁ ਦਰਦੁ ਭ੍ਰਮੁ ਤਾ ਕਾ ਭਾਗਾ ॥੧॥

- pain, suffering and doubt run away from them. ||1||

ਹਰਿ ਧਨ ਕੋ ਵਾਪਾਰੀ ਪੂਰਾ ॥

Those who deal in the Lord's wealth are perfect.

ਜਿਸਹਿ ਨਿਵਾਜੇ ਸੋ ਜਨੁ ਸੂਰਾ ॥੧॥ ਰਹਾਉ ॥

Those who are honored by the Lord are the true spiritual heroes. ||1||Pause||

ਜਾ ਕਉ ਭਏ ਕ੍ਰਿਪਾਲ ਗੁਸਾਈ ॥

Those humble beings, unto whom the Lord of the Universe shows mercy,

ਸੇ ਜਨ ਲਾਗੇ ਗੁਰ ਕੀ ਪਾਈ ॥੨॥

fall at the Guru's Feet. ||2||

ਸੂਖ ਸਹਜ ਸਾਂਤਿ ਆਨੰਦਾ ॥

They are blessed with peace, celestial bliss, tranquility and ecstasy;

ਜਪਿ ਜਪਿ ਜੀਵੇ ਪਰਮਾਨੰਦਾ ॥੩॥

chanting and meditating, they live in supreme bliss. ||3||

ਨਾਮ ਰਾਸਿ ਸਾਧ ਸੰਗਿ ਖਾਟੀ ॥

In the Saadh Sangat, I have earned the wealth of the Naam.

ਕਹੁ ਨਾਨਕ ਪ੍ਰਭਿ ਅਪਦਾ ਕਾਟੀ ॥੪॥੭੪॥੧੪੩॥

Says Nanak, God has relieved my pain. ||4||74||143||

ਗਉੜੀ ਮਹਲਾ ੫ ॥

Gauree, Fifth Mehl:

ਹਰਿ ਸਿਮਰਤ ਸਭਿ ਮਿਟਹਿ ਕਲੇਸ ॥

Meditating in remembrance on the Lord, all suffering is eradicated.

ਚਰਣ ਕਮਲ ਮਨ ਮਹਿ ਪਰਵੇਸ ॥੧॥

The Lord's Lotus Feet are enshrined within my mind. ||1||

ਉਚਰਹੁ ਰਾਮ ਨਾਮੁ ਲਖ ਬਾਰੀ ॥

Chant the Lord's Name, hundreds of thousands of times, O my dear,

| | |
|---|---|
| ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥੧॥ ਰਹਾਉ ॥ | and drink deeply of the Ambrosial Essence of God. ‖1‖Pause‖ |
| ਸੂਖ ਸਹਜ ਰਸ ਮਹਾ ਅਨੰਦਾ ॥ | Peace, celestial bliss, pleasures and the greatest ecstasy are obtained; |
| ਜਪਿ ਜਪਿ ਜੀਵੇ ਪਰਮਾਨੰਦਾ ॥੨॥ | chanting and meditating, you shall live in supreme bliss. ‖2‖ |
| ਕਾਮ ਕ੍ਰੋਧ ਲੋਭ ਮਦ ਖੋਏ ॥ | Sexual desire, anger, greed and ego are eradicated; |
| ਸਾਧ ਕੈ ਸੰਗਿ ਕਿਲਬਿਖ ਸਭ ਧੋਏ ॥੩॥ | in the Saadh Sangat, the Company of the Holy, all sinful mistakes are washed away. ‖3‖ |
| ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ | Grant Your Grace, O God, O Merciful to the meek. |
| ਨਾਨਕ ਦੀਜੈ ਸਾਧ ਰਵਾਲਾ ॥੪॥੭੫॥੧੪੪॥ | Please bless Nanak with the dust of the feet of the Holy. ‖4‖75‖144‖ |

## ੧੯੫ 195

| | |
|---|---|
| ਗਉੜੀ ਮਹਲਾ ੫ ॥ | Gauree, Fifth Mehl: |
| ਜਿਸ ਕਾ ਦੀਆ ਪੈਨੈ ਖਾਇ ॥ | They wear and eat the gifts from the Lord; |
| ਤਿਸੁ ਸਿਉ ਆਲਸੁ ਕਿਉ ਬਨੈ ਮਾਇ ॥੧॥ | how can laziness help them, O mother? ‖1‖ |
| ਖਸਮੁ ਬਿਸਾਰਿ ਆਨ ਕੰਮਿ ਲਾਗਹਿ ॥ | Forgetting her Husband Lord, and attaching herself to other affairs, |
| ਕਉਡੀ ਬਦਲੇ ਰਤਨੁ ਤਿਆਗਹਿ ॥੧॥ ਰਹਾਉ ॥ | the soul-bride throws away the precious jewel in exchange for a mere shell. ‖1‖Pause‖ |
| ਪ੍ਰਭੂ ਤਿਆਗਿ ਲਾਗਤ ਅਨ ਲੋਭਾ ॥ | Forsaking God, she is attached to other desires. |
| ਦਾਸਿ ਸਲਾਮੁ ਕਰਤ ਕਤ ਸੋਭਾ ॥੨॥ | But who has gained honor by saluting the slave? ‖2‖ |
| ਅੰਮ੍ਰਿਤ ਰਸੁ ਖਾਵਹਿ ਖਾਨ ਪਾਨ ॥ | They consume food and drink, delicious and sublime as ambrosial nectar. |
| ਜਿਨਿ ਦੀਏ ਤਿਸਹਿ ਨ ਜਾਨਹਿ ਸੁਆਨ ॥੩॥ | But the dog does not know the One who has bestowed these. ‖3‖ |
| ਕਹੁ ਨਾਨਕ ਹਮ ਲੂਣ ਹਰਾਮੀ ॥ | Says Nanak, I have been unfaithful to my own nature. |
| ਬਖਸਿ ਲੇਹੁ ਪ੍ਰਭ ਅੰਤਰਜਾਮੀ ॥੪॥੭੬॥੧੪੫॥ | Please forgive me, O God, O Searcher of hearts. ‖4‖76‖145‖ |

| | |
|---|---|
| ਗਉੜੀ ਮਹਲਾ ੫ ॥ | Gauree, Fifth Mehl: |
| ਪ੍ਰਭ ਕੇ ਚਰਨ ਮਨ ਮਾਹਿ ਧਿਆਨੁ ॥ | I meditate on the Feet of God within my mind. |
| ਸਗਲ ਤੀਰਥ ਮਜਨ ਇਸਨਾਨੁ ॥੧॥ | This is my cleansing bath at all the sacred shrines of pilgrimage. \|\|1\|\| |
| ਹਰਿ ਦਿਨੁ ਹਰਿ ਸਿਮਰਨੁ ਮੇਰੇ ਭਾਈ ॥ | Meditate in remembrance on the Lord every day, O my Siblings of Destiny. |
| ਕੋਟਿ ਜਨਮ ਕੀ ਮਲੁ ਲਹਿ ਜਾਈ ॥੧॥ ਰਹਾਉ ॥ | Thus, the filth of millions of incarnations shall be taken away. \|\|1\|\|Pause\|\| |
| ਹਰਿ ਕੀ ਕਥਾ ਰਿਦ ਮਾਹਿ ਬਸਾਈ ॥ | Enshrine the Lord's Sermon within your heart, |
| ਮਨ ਬਾਂਛਤ ਸਗਲੇ ਫਲ ਪਾਈ ॥੨॥ | and you shall obtain all the desires of your mind. \|\|2\|\| |
| ਜੀਵਨ ਮਰਣੁ ਜਨਮੁ ਪਰਵਾਨੁ ॥ | Redeemed is the life, death and birth of those, |
| ਜਾ ਕੈ ਰਿਦੈ ਵਸੈ ਭਗਵਾਨੁ ॥੩॥ | within whose hearts the Lord God abides. \|\|3\|\| |
| ਕਹੁ ਨਾਨਕ ਸੇਈ ਜਨ ਪੂਰੇ ॥ | Says Nanak, those humble beings are perfect, |
| ਜਿਨਾ ਪਰਾਪਤਿ ਸਾਧੂ ਧੂਰੇ ॥੪॥੭੭॥੧੪੬॥ | who are blessed with the dust of the feet of the Holy. \|\|4\|\|77\|\|146\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਖਾਦਾ ਪੈਨਦਾ ਮੂਕਰਿ ਪਾਇ ॥ | They eat and wear what they are given, but still, they deny the Lord. |
| ਤਿਸ ਨੋ ਜੋਹਹਿ ਦੂਤ ਧਰਮਰਾਇ ॥੧॥ | The messengers of the Righteous Judge of Dharma shall hunt them down. \|\|1\|\| |
| ਤਿਸੁ ਸਿਉ ਬੇਮੁਖੁ ਜਿਨਿ ਜੀਉ ਪਿੰਡੁ ਦੀਨਾ ॥ | They are unfaithful to the One, who has given them body and soul. |
| ਕੋਟਿ ਜਨਮ ਭਰਮਹਿ ਬਹੁ ਜੂਨਾ ॥੧॥ ਰਹਾਉ ॥ | Through millions of incarnations, for so many lifetimes, they wander lost. \|\|1\|\|Pause\|\| |
| ਸਾਕਤ ਕੀ ਐਸੀ ਹੈ ਰੀਤਿ ॥ | Such is the lifestyle of the faithless cynics; |
| ਜੋ ਕਿਛੁ ਕਰੈ ਸਗਲ ਬਿਪਰੀਤਿ ॥੨॥ | everything they do is evil. \|\|2\|\| |
| ਜੀਉ ਪ੍ਰਾਣ ਜਿਨਿ ਮਨੁ ਤਨੁ ਧਾਰਿਆ ॥ ਸੋਈ ਠਾਕੁਰੁ ਮਨਹੁ ਬਿਸਾਰਿਆ ॥੩॥ | Within their minds, they have forgotten that Lord and Master, who created the soul, breath of life, mind and body. \|\|3\|\| |

| | |
|---|---|
| ਬਧੇ ਬਿਕਾਰ ਲਿਖੇ ਬਹੁ ਕਾਗਰ ॥ | Their wickedness and corruption have increased - they are recorded in volumes of books. |
| ਨਾਨਕ ਉਧਰੁ ਕ੍ਰਿਪਾ ਸੁਖ ਸਾਗਰ ॥੪॥ | O Nanak, they are saved only by the Mercy of God, the Ocean of peace. \|\|4\|\| |
| ਪਾਰਬ੍ਰਹਮ ਤੇਰੀ ਸਰਣਾਇ ॥ | O Supreme Lord God, I have come to Your Sanctuary. |
| ਬੰਧਨ ਕਾਟਿ ਤਰੈ ਹਰਿ ਨਾਇ ॥੧॥ ਰਹਾਉ ਦੂਜਾ ॥੭੮॥੧੪੭॥ | Break my bonds, and carry me across, with the Lord's Name. \|\|1\|\|Second Pause\|\|78\|\|147\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਅਪਨੇ ਲੋਭ ਕਉ ਕੀਨੋ ਮੀਤੁ ॥ | For their own advantage, they make God their friend. |
| ਸਗਲ ਮਨੋਰਥ ਮੁਕਤਿ ਪਦੁ ਦੀਤੁ ॥੧॥ | He fulfills all their desires, and blesses them with the state of liberation. \|\|1\|\| |
| ਐਸਾ ਮੀਤੁ ਕਰਹੁ ਸਭੁ ਕੋਇ ॥ | Everyone should make Him such a friend. |
| ਜਾ ਤੇ ਬਿਰਥਾ ਕੋਇ ਨ ਹੋਇ ॥੧॥ ਰਹਾਉ ॥ | No one goes away empty-handed from Him. \|\|1\|\|Pause\|\| |
| ਅਪੁਨੈ ਸੁਆਇ ਰਿਦੈ ਲੈ ਧਾਰਿਆ ॥ | For their own purposes, they enshrine the Lord in the heart; |
| ਦੂਖ ਦਰਦ ਰੋਗ ਸਗਲ ਬਿਦਾਰਿਆ ॥੨॥ | all pain, suffering and disease are taken away. \|\|2\|\| |
| ਰਸਨਾ ਗੀਧੀ ਬੋਲਤ ਰਾਮ ॥ | Their tongues learn the habit of chanting the Lord's Name, |
| ਪੂਰਨ ਹੋਏ ਸਗਲੇ ਕਾਮ ॥੩॥ | and all their works are brought to perfection. \|\|3\|\| |
| ਅਨਿਕ ਬਾਰ ਨਾਨਕ ਬਲਿਹਾਰਾ ॥ | So many times, Nanak is a sacrifice to Him; |
| ਸਫਲ ਦਰਸਨੁ ਗੋਬਿੰਦੁ ਹਮਾਰਾ ॥੪॥੭੯॥੧੪੮॥ | fruitful is the Blessed Vision, the Darshan, of my Lord of the Universe. \|\|4\|\|79\|\|148\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਕੋਟਿ ਬਿਘਨ ਹਿਰੇ ਖਿਨ ਮਾਹਿ ॥ | Millions of obstacles are removed in an instant, |
| ਹਰਿ ਹਰਿ ਕਥਾ ਸਾਧਸੰਗਿ ਸੁਨਾਹਿ ॥੧॥ | for those who listen to the Sermon of the Lord, Har, Har, in the Saadh Sangat, the Company of the Holy. \|\|1\|\| |
| ਪੀਵਤ ਰਾਮ ਰਸੁ ਅੰਮ੍ਰਿਤ ਗੁਣ ਜਾਸੁ ॥ | They drink in the sublime essence of the Lord's Name, the Ambrosial Elixir. |

ਜਪਿ ਹਰਿ ਚਰਣ ਮਿਟੀ ਖੁਧਿ ਤਾਸੁ ॥੧॥ ਰਹਾਉ ॥

Meditating on the Lord's Feet, hunger is taken away. ||1||Pause||

ਸਰਬ ਕਲਿਆਣ ਸੁਖ ਸਹਜ ਨਿਧਾਨ ॥

The treasure of all happiness, celestial peace and poise,

ਜਾ ਕੈ ਰਿਦੈ ਵਸਹਿ ਭਗਵਾਨ ॥੨॥

are obtained by those, whose hearts are filled with the Lord God. ||2||

## ੧੯੬

## 196

ਅਉਖਧ ਮੰਤ੍ਰ ਤੰਤ ਸਭਿ ਛਾਰੁ ॥

All medicines and remedies, mantras and tantras are nothing more than ashes.

ਕਰਣੈਹਾਰੁ ਰਿਦੇ ਮਹਿ ਧਾਰੁ ॥੩॥

Enshrine the Creator Lord within your heart. ||3||

ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥

Renounce all your doubts, and vibrate upon the Supreme Lord God.

ਕਹੁ ਨਾਨਕ ਅਟਲ ਇਹੁ ਧਰਮੁ ॥੪॥੮੦॥੧੪੯॥

Says Nanak, this path of Dharma is eternal and unchanging. ||4||80||149||

ਗਉੜੀ ਮਹਲਾ ੫ ॥

Gauree, Fifth Mehl:

ਕਰਿ ਕਿਰਪਾ ਭੇਟੇ ਗੁਰ ਸੋਈ ॥

The Lord bestowed His Mercy, and led me to meet the Guru.

ਤਿਤੁ ਬਲਿ ਰੋਗੁ ਨ ਬਿਆਪੈ ਕੋਈ ॥੧॥

By His power, no disease afflicts me. ||1||

ਰਾਮ ਰਮਣ ਤਰਣ ਭੈ ਸਾਗਰ ॥

Remembering the Lord, I cross over the terrifying world-ocean.

ਸਰਣਿ ਸੂਰ ਫਾਰੇ ਜਮ ਕਾਗਰ ॥੧॥ ਰਹਾਉ ॥

In the Sanctuary of the spiritual warrior, the account books of the Messenger of Death are torn up. ||1||Pause||

ਸਤਿਗੁਰਿ ਮੰਤ੍ਰੁ ਦੀਓ ਹਰਿ ਨਾਮ ॥

The True Guru has given me the Mantra of the Lord's Name.

ਇਹ ਆਸਰ ਪੂਰਨ ਭਏ ਕਾਮ ॥੨॥

By this Support, my affairs have been resolved. ||2||

ਜਪ ਤਪ ਸੰਜਮ ਪੂਰੀ ਵਡਿਆਈ ॥
ਗੁਰ ਕਿਰਪਾਲ ਹਰਿ ਭਏ ਸਹਾਈ ॥੩॥

Meditation, self-discipline, self-control and perfect greatness were obtained when the Merciful Lord, the Guru, became my Help and Support. ||3||

ਮਾਨ ਮੋਹ ਖੋਏ ਗੁਰਿ ਭਰਮ ॥

The Guru has dispelled pride, emotional attachment and superstition.

| | |
|---|---|
| ਪੇਖੁ ਨਾਨਕ ਪਸਰੇ ਪਾਰਬ੍ਰਹਮ ॥੪॥੮੧॥੧੫੦॥ | Nanak sees the Supreme Lord God pervading everywhere. \|\|4\|\|81\|\|150\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਬਿਖੈ ਰਾਜ ਤੇ ਅੰਧੁਲਾ ਭਾਰੀ ॥ | The blind beggar is better off than the vicious king. |
| ਦੁਖਿ ਲਾਗੈ ਰਾਮ ਨਾਮੁ ਚਿਤਾਰੀ ॥੧॥ | Overcome by pain, the blind man invokes the Lord's Name. \|\|1\|\| |
| ਤੇਰੇ ਦਾਸ ਕਉ ਤੁਹੀ ਵਡਿਆਈ ॥ | You are the glorious greatness of Your slave. |
| ਮਾਇਆ ਮਗਨੁ ਨਰਕਿ ਲੈ ਜਾਈ ॥੧॥ ਰਹਾਉ ॥ | The intoxication of Maya leads the others to hell. \|\|1\|\|Pause\|\| |
| ਰੋਗ ਗਿਰਸਤ ਚਿਤਾਰੇ ਨਾਉ ॥ | Gripped by disease, they invoke the Name. |
| ਬਿਖੁ ਮਾਤੇ ਕਾ ਠਉਰ ਨ ਠਾਉ ॥੨॥ | But those who are intoxicated with vice shall find no home, no place of rest. \|\|2\|\| |
| ਚਰਨ ਕਮਲ ਸਿਉ ਲਾਗੀ ਪ੍ਰੀਤਿ ॥ | One who is in love with the Lord's Lotus Feet, |
| ਆਨ ਸੁਖਾ ਨਹੀ ਆਵਹਿ ਚੀਤਿ ॥੩॥ | does not think of any other comforts. \|\|3\|\| |
| ਸਦਾ ਸਦਾ ਸਿਮਰਉ ਪ੍ਰਭ ਸੁਆਮੀ ॥ | Forever and ever, meditate on God, your Lord and Master. |
| ਮਿਲੁ ਨਾਨਕ ਹਰਿ ਅੰਤਰਜਾਮੀ ॥੪॥੮੨॥੧੫੧॥ | O Nanak, meet with the Lord, the Inner-knower, the Searcher of hearts. \|\|4\|\|82\|\|151\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਆਠ ਪਹਰ ਸੰਗੀ ਬਟਵਾਰੇ ॥ | Twenty-four hours a day, the highway robbers are my companions. |
| ਕਰਿ ਕਿਰਪਾ ਪ੍ਰਭਿ ਲਏ ਨਿਵਾਰੇ ॥੧॥ | Granting His Grace, God has driven them away. \|\|1\|\| |
| ਐਸਾ ਹਰਿ ਰਸੁ ਰਮਹੁ ਸਭੁ ਕੋਇ ॥ | Everyone should dwell on the Sweet Name of such a Lord. |
| ਸਰਬ ਕਲਾ ਪੂਰਨ ਪ੍ਰਭੁ ਸੋਇ ॥੧॥ ਰਹਾਉ ॥ | God is overflowing with all power. \|\|1\|\|Pause\|\| |
| ਮਹਾ ਤਪਤਿ ਸਾਗਰ ਸੰਸਾਰ ॥ | The world-ocean is burning hot! |
| ਪ੍ਰਭ ਖਿਨ ਮਹਿ ਪਾਰਿ ਉਤਾਰਣਹਾਰ ॥੨॥ | In an instant, God saves us, and carries us across. \|\|2\|\| |

| | |
|---|---|
| ਅਨਿਕ ਬੰਧਨ ਤੋਰੇ ਨਹੀ ਜਾਹਿ ॥ | There are so many bonds, they cannot be broken. |
| ਸਿਮਰਤ ਨਾਮ ਮੁਕਤਿ ਫਲ ਪਾਹਿ ॥੩॥ | Remembering the Naam, the Name of the Lord, the fruit of liberation is obtained. \|\|3\|\| |
| ਉਕਤਿ ਸਿਆਨਪ ਇਸ ਤੇ ਕਛੁ ਨਾਹਿ ॥ | By clever devices, nothing is accomplished. |
| ਕਰਿ ਕਿਰਪਾ ਨਾਨਕ ਗੁਣ ਗਾਹਿ ॥੪॥੮੩॥੧੫੨॥ | Grant Your Grace to Nanak, that he may sing the Glories of God. \|\|4\|\|83\|\|152\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਥਾਤੀ ਪਾਈ ਹਰਿ ਕੋ ਨਾਮ ॥ | Those who obtain the wealth of the Lord's Name |
| ਬਿਚਰੁ ਸੰਸਾਰ ਪੂਰਨ ਸਭਿ ਕਾਮ ॥੧॥ | move freely in the world; all their affairs are resolved. \|\|1\|\| |
| ਵਡਭਾਗੀ ਹਰਿ ਕੀਰਤਨੁ ਗਾਈਐ ॥ | By great good fortune, the Kirtan of the Lord's Praises are sung. |
| ਪਾਰਬ੍ਰਹਮ ਤੂੰ ਦੇਹਿ ਤ ਪਾਈਐ ॥੧॥ ਰਹਾਉ ॥ | O Supreme Lord God, as You give, so do I receive. \|\|1\|\|Pause\|\| |
| ਹਰਿ ਕੇ ਚਰਣ ਹਿਰਦੈ ਉਰਿ ਧਾਰਿ ॥ | Enshrine the Lord's Feet within your heart. |
| ਭਵ ਸਾਗਰੁ ਚੜਿ ਉਤਰਹਿ ਪਾਰਿ ॥੨॥ | Get aboard this boat, and cross over the terrifying world-ocean. \|\|2\|\| |
| ਸਾਧੂ ਸੰਗੁ ਕਰਹੁ ਸਭੁ ਕੋਇ ॥ | Everyone who joins the Saadh Sangat, the Company of the Holy, |
| ਸਦਾ ਕਲਿਆਣ ਫਿਰਿ ਦੂਖੁ ਨ ਹੋਇ ॥੩॥ | obtains eternal peace; pain does not afflict them any longer. \|\|3\|\| |
| ਪ੍ਰੇਮ ਭਗਤਿ ਭਜੁ ਗੁਣੀ ਨਿਧਾਨੁ ॥ | With loving devotional worship, meditate on the treasure of excellence. |
| ਨਾਨਕ ਦਰਗਹ ਪਾਈਐ ਮਾਨੁ ॥੪॥੮੪॥੧੫੩॥ | O Nanak, you shall be honored in the Court of the Lord. \|\|4\|\|84\|\|153\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਜਲਿ ਥਲਿ ਮਹੀਅਲਿ ਪੂਰਨ ਹਰਿ ਮੀਤ ॥ | The Lord, our Friend, is totally pervading the water, the land and the skies. |

| | |
|---|---|
| ਭ੍ਰਮ ਬਿਨਸੇ ਗਾਏ ਗੁਣ ਨੀਤ ॥੧॥ | Doubts are dispelled by continually singing the Lord's Glorious Praises. \|\|1\|\| |
| ਊਠਤ ਸੋਵਤ ਹਰਿ ਸੰਗਿ ਪਹਰੂਆ ॥ | While rising up, and while lying down in sleep, the Lord is always with you, watching over you. |
| ਜਾ ਕੈ ਸਿਮਰਣਿ ਜਮ ਨਹੀ ਡਰੂਆ ॥੧॥ ਰਹਾਉ ॥ | Remembering Him in meditation, the fear of Death departs. \|\|1\|\|Pause\|\| |
| ਚਰਣ ਕਮਲ ਪ੍ਰਭ ਰਿਦੈ ਨਿਵਾਸੁ ॥ | With God's Lotus Feet abiding in the heart, |
| **੧੯੭** | **197** |
| ਸਗਲ ਦੂਖ ਕਾ ਹੋਇਆ ਨਾਸੁ ॥੨॥ | all suffering comes to an end. \|\|2\|\| |
| ਆਸਾ ਮਾਣੁ ਤਾਣੁ ਧਨੁ ਏਕ ॥ | The One Lord is my hope, honor, power and wealth. |
| ਸਾਚੇ ਸਾਹ ਕੀ ਮਨ ਮਹਿ ਟੇਕ ॥੩॥ | Within my mind is the Support of the True Banker. \|\|3\|\| |
| ਮਹਾ ਗਰੀਬ ਜਨ ਸਾਧ ਅਨਾਥ ॥ | I am the poorest and most helpless servant of the Holy. |
| ਨਾਨਕ ਪ੍ਰਭਿ ਰਾਖੇ ਦੇ ਹਾਥ ॥੪॥੮੫॥੧੫੪॥ | O Nanak, giving me His Hand, God has protected me. \|\|4\|\|85\|\|154\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਹਰਿ ਹਰਿ ਨਾਮਿ ਮਜਨੁ ਕਰਿ ਸੂਚੇ ॥ | Taking my cleansing bath in the Name of the Lord, Har, Har, I have been purified. |
| ਕੋਟਿ ਗ੍ਰਹਣ ਪੁੰਨ ਫਲ ਮੂਚੇ ॥੧॥ ਰਹਾਉ ॥ | Its reward surpasses the giving of charity at millions of solar eclipses. \|\|1\|\|Pause\|\| |
| ਹਰਿ ਕੇ ਚਰਣ ਰਿਦੇ ਮਹਿ ਬਸੇ ॥ | With the Lord's Feet abiding in the heart, |
| ਜਨਮ ਜਨਮ ਕੇ ਕਿਲਵਿਖ ਨਸੇ ॥੧॥ | the sinful mistakes of countless incarnations are removed. \|\|1\|\| |
| ਸਾਧਸੰਗਿ ਕੀਰਤਨ ਫਲੁ ਪਾਇਆ ॥ | I have obtained the reward of the Kirtan of the Lord's Praises, in the Saadh Sangat, the Company of the Holy. |
| ਜਮ ਕਾ ਮਾਰਗੁ ਦ੍ਰਿਸਟਿ ਨ ਆਇਆ ॥੨॥ | I no longer have to gaze upon the way of death. \|\|2\|\| |
| ਮਨ ਬਚ ਕ੍ਰਮ ਗੋਵਿੰਦ ਅਧਾਰੁ ॥ | In thought, word and deed, seek the Support of the Lord of the Universe; |
| ਤਾ ਤੇ ਛੁਟਿਓ ਬਿਖੁ ਸੰਸਾਰੁ ॥੩॥ | thus you shall be saved from the poisonous world-ocean. \|\|3\|\| |

| | |
|---|---|
| ਕਰਿ ਕਿਰਪਾ ਪ੍ਰਭਿ ਕੀਨੋ ਅਪਨਾ ॥ | Granting His Grace, God has made me His Own. |
| ਨਾਨਕ ਜਾਪੁ ਜਪੇ ਹਰਿ ਜਪਨਾ ॥੪॥੮੬॥੧੫੫॥ | Nanak chants and meditates on the Chant of the Lord's Name. \|\|4\|\|86\|\|155\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਪਉ ਸਰਣਾਈ ਜਿਨਿ ਹਰਿ ਜਾਤੇ ॥ | Seek the Sanctuary of those who have come to know the Lord. |
| ਮਨੁ ਤਨੁ ਸੀਤਲੁ ਚਰਣ ਹਰਿ ਰਾਤੇ ॥੧॥ | Your mind and body shall become cool and peaceful, imbued with the Feet of the Lord. \|\|1\|\| |
| ਭੈ ਭੰਜਨ ਪ੍ਰਭ ਮਨਿ ਨ ਬਸਾਹੀ ॥ | If God, the Destroyer of fear, does not dwell within your mind, |
| ਡਰਪਤ ਡਰਪਤ ਜਨਮ ਬਹੁਤੁ ਜਾਹੀ ॥੧॥ ਰਹਾਉ ॥ | you shall spend countless incarnations in fear and dread. \|\|1\|\|Pause\|\| |
| ਜਾ ਕੈ ਰਿਦੈ ਬਸਿਓ ਹਰਿ ਨਾਮ ॥ | Those who have the Lord's Name dwelling within their hearts |
| ਸਗਲ ਮਨੋਰਥ ਤਾ ਕੇ ਪੂਰਨ ਕਾਮ ॥੨॥ | have all their desires and tasks fulfilled. \|\|2\|\| |
| ਜਨਮੁ ਜਰਾ ਮਿਰਤੁ ਜਿਸੁ ਵਾਸਿ ॥ | Birth, old age and death are in His Power, |
| ਸੋ ਸਮਰਥੁ ਸਿਮਰਿ ਸਾਸਿ ਗਿਰਾਸਿ ॥੩॥ | so remember that All-powerful Lord with each breath and morsel of food. \|\|3\|\| |
| ਮੀਤੁ ਸਾਜਨੁ ਸਖਾ ਪ੍ਰਭੁ ਏਕ ॥ | The One God is my Intimate, Best Friend and Companion. |
| ਨਾਮੁ ਸੁਆਮੀ ਕਾ ਨਾਨਕ ਟੇਕ ॥੪॥੮੭॥੧੫੬॥ | The Naam, the Name of my Lord and Master, is Nanak's only Support. \|\|4\|\|87\|\|156\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਬਾਹਰਿ ਰਾਖਿਓ ਰਿਦੈ ਸਮਾਲਿ ॥ | When they are out and about, they keep Him enshrined in their hearts; |
| ਘਰਿ ਆਏ ਗੋਵਿੰਦੁ ਲੈ ਨਾਲਿ ॥੧॥ | returning home, the Lord of the Universe is still with them. \|\|1\|\| |
| ਹਰਿ ਹਰਿ ਨਾਮੁ ਸੰਤਨ ਕੈ ਸੰਗਿ ॥ | The Name of the Lord, Har, Har, is the Companion of His Saints. |
| ਮਨੁ ਤਨੁ ਰਾਤਾ ਰਾਮ ਕੈ ਰੰਗਿ ॥੧॥ ਰਹਾਉ ॥ | Their minds and bodies are imbued with the Love of the Lord. \|\|1\|\|Pause\|\| |

| | |
|---|---|
| ਗੁਰ ਪਰਸਾਦੀ ਸਾਗਰੁ ਤਰਿਆ ॥ | By Guru's Grace, one crosses over the world-ocean; |
| ਜਨਮ ਜਨਮ ਕੇ ਕਿਲਵਿਖ ਸਭਿ ਹਿਰਿਆ ॥੨॥ | the sinful mistakes of countless incarnations are all washed away. ||2|| |
| ਸੋਭਾ ਸੁਰਤਿ ਨਾਮਿ ਭਗਵੰਤੁ ॥ | Honor and intuitive awareness are acquired through the Name of the Lord God. |
| ਪੂਰੇ ਗੁਰ ਕਾ ਨਿਰਮਲ ਮੰਤੁ ॥੩॥ | The Teachings of the Perfect Guru are immaculate and pure. ||3|| |
| ਚਰਣ ਕਮਲ ਹਿਰਦੇ ਮਹਿ ਜਾਪੁ ॥ | Within your heart, meditate on His Lotus Feet. |
| ਨਾਨਕੁ ਪੇਖਿ ਜੀਵੈ ਪਰਤਾਪੁ ॥੪॥੮੮॥੧੫੭॥ | Nanak lives by beholding the Lord's Expansive Power. ||4||88||157|| |
| ਗਉੜੀ ਮਹਲਾ ੫ ॥ | Gauree, Fifth Mehl: |
| ਧੰਨੁ ਇਹੁ ਥਾਨੁ ਗੋਵਿੰਦ ਗੁਣ ਗਾਏ ॥ | Blessed is this place, where the Glorious Praises of the Lord of the Universe are sung. |
| ਕੁਸਲ ਖੇਮ ਪ੍ਰਭਿ ਆਪਿ ਬਸਾਏ ॥੧॥ ਰਹਾਉ ॥ | God Himself bestows peace and pleasure. ||1||Pause|| |
| ਬਿਪਤਿ ਤਹਾ ਜਹਾ ਹਰਿ ਸਿਮਰਨੁ ਨਾਹੀ ॥ | Misfortune occurs where the Lord is not remembered in meditation. |
| ਕੋਟਿ ਅਨੰਦ ਜਹ ਹਰਿ ਗੁਨ ਗਾਹੀ ॥੧॥ | There are millions of joys where the Glorious Praises of the Lord are sung. ||1|| |
| ਹਰਿ ਬਿਸਰਿਐ ਦੁਖ ਰੋਗ ਘਨੇਰੇ ॥ | Forgetting the Lord, all sorts of pains and diseases come. |
| ਪ੍ਰਭ ਸੇਵਾ ਜਮੁ ਲਗੈ ਨ ਨੇਰੇ ॥੨॥ | Serving God, the Messenger of Death will not even approach you. ||2|| |
| ਸੋ ਵਡਭਾਗੀ ਨਿਹਚਲ ਥਾਨੁ ॥ | Very blessed, stable and sublime is that place, |
| ਜਹ ਜਪੀਐ ਪ੍ਰਭ ਕੇਵਲ ਨਾਮੁ ॥੩॥ | where the Name of God alone is chanted. ||3|| |
| ਜਹ ਜਾਈਐ ਤਹ ਨਾਲਿ ਮੇਰਾ ਸੁਆਮੀ ॥ | Wherever I go, my Lord and Master is with me. |
| ਨਾਨਕ ਕਉ ਮਿਲਿਆ ਅੰਤਰਜਾਮੀ ॥੪॥੮੯॥੧੫੮॥ | Nanak has met the Inner-knower, the Searcher of hearts. ||4||89||158|| |

| | |
|---|---|
| ਗਉੜੀ ਮਹਲਾ ੫ ॥ | Gauree, Fifth Mehl: |
| ਜੋ ਪ੍ਰਾਣੀ ਗੋਵਿੰਦੁ ਧਿਆਵੈ ॥ | That mortal who meditates on the Lord of the Universe, |
| ਪੜਿਆ ਅਣਪੜਿਆ ਪਰਮ ਗਤਿ ਪਾਵੈ ॥੧॥ | whether educated or uneducated, obtains the state of supreme dignity. \|\|1\|\| |
| ਸਾਧੂ ਸੰਗਿ ਸਿਮਰਿ ਗੋਪਾਲ ॥ | In the Saadh Sangat, the Company of the Holy, meditate on the Lord of the World. |
| ਬਿਨੁ ਨਾਵੈ ਝੂਠਾ ਧਨੁ ਮਾਲੁ ॥੧॥ ਰਹਾਉ ॥ | Without the Name, wealth and property are false. \|\|1\|\|Pause\|\| |
| **੧੯੮** | **198** |
| ਰੂਪਵੰਤੁ ਸੋ ਚਤੁਰੁ ਸਿਆਣਾ ॥ | They alone are handsome, clever and wise, |
| ਜਿਨਿ ਜਨਿ ਮਾਨਿਆ ਪ੍ਰਭ ਕਾ ਭਾਣਾ ॥੨॥ | who surrender to the Will of God. \|\|2\|\| |
| ਜਗ ਮਹਿ ਆਇਆ ਸੋ ਪਰਵਾਣੁ ॥ | Blessed is their coming into this world, |
| ਘਟਿ ਘਟਿ ਅਪਣਾ ਸੁਆਮੀ ਜਾਣੁ ॥੩॥ | if they recognize their Lord and Master in each and every heart. \|\|3\|\| |
| ਕਹੁ ਨਾਨਕ ਜਾ ਕੇ ਪੂਰਨ ਭਾਗ ॥ | Says Nanak, their good fortune is perfect, |
| ਹਰਿ ਚਰਣੀ ਤਾ ਕਾ ਮਨੁ ਲਾਗ ॥੪॥੯੦॥੧੫੯॥ | if they enshrine the Lord's Feet within their minds. \|\|4\|\|90\|\|159\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗੁ ॥ | The Lord's servant does not associate with the faithless cynic. |
| ਓਹੁ ਬਿਖਈ ਓਸੁ ਰਾਮ ਕੋ ਰੰਗੁ ॥੧॥ ਰਹਾਉ ॥ | One is in the clutches of vice, while the other is in love with the Lord. \|\|1\|\|Pause\|\| |
| ਮਨ ਅਸਵਾਰ ਜੈਸੇ ਤੁਰੀ ਸੀਗਾਰੀ ॥ | It would be like an imaginary rider on a decorated horse, |
| ਜਿਉ ਕਾਪੁਰਖੁ ਪੁਚਾਰੈ ਨਾਰੀ ॥੧॥ | or a eunuch caressing a woman. \|\|1\|\| |
| ਬੈਲ ਕਉ ਨੇਤ੍ਰਾ ਪਾਇ ਦੁਹਾਵੈ ॥ | It would be like tying up an ox and trying to milk it, |
| ਗਊ ਚਰਿ ਸਿੰਘ ਪਾਛੈ ਪਾਵੈ ॥੨॥ | or riding a cow to chase a tiger. \|\|2\|\| |

| | |
|---|---|
| ਗਾਡਰ ਲੇ ਕਾਮਧੇਨੁ ਕਰਿ ਪੂਜੀ ॥ | It would be like taking a sheep and worshipping it as the Elysian cow, |
| ਸਉਦੇ ਕਉ ਧਾਵੈ ਬਿਨੁ ਪੂੰਜੀ ॥੩॥ | the giver of all blessings; it would be like going out shopping without any money. \|\|3\|\| |
| ਨਾਨਕ ਰਾਮ ਨਾਮੁ ਜਪਿ ਚੀਤ ॥ | O Nanak, consciously meditate on the Lord's Name. |
| ਸਿਮਰਿ ਸੁਆਮੀ ਹਰਿ ਸਾ ਮੀਤ ॥੪॥੯੧॥੧੬੦॥ | Meditate in remembrance on the Lord Master, your Best Friend. \|\|4\|\|91\|\|160\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਸਾ ਮਤਿ ਨਿਰਮਲ ਕਹੀਅਤ ਧੀਰ ॥ | Pure and steady is that intellect, |
| ਰਾਮ ਰਸਾਇਣੁ ਪੀਵਤ ਬੀਰ ॥੧॥ | which drinks in the Lord's sublime essence. \|\|1\|\| |
| ਹਰਿ ਕੇ ਚਰਣ ਹਿਰਦੈ ਕਰਿ ਓਟ ॥ | Keep the Support of the Lord's Feet in your heart, |
| ਜਨਮ ਮਰਣ ਤੇ ਹੋਵਤ ਛੋਟ ॥੧॥ ਰਹਾਉ ॥ | and you shall be saved from the cycle of birth and death. \|\|1\|\|Pause\|\| |
| ਸੋ ਤਨੁ ਨਿਰਮਲੁ ਜਿਤੁ ਉਪਜੈ ਨ ਪਾਪੁ ॥ | Pure is that body, in which sin does not arise. |
| ਰਾਮ ਰੰਗਿ ਨਿਰਮਲ ਪਰਤਾਪੁ ॥੨॥ | In the Love of the Lord is pure glory. \|\|2\|\| |
| ਸਾਧਸੰਗਿ ਮਿਟਿ ਜਾਤ ਬਿਕਾਰ ॥ | In the Saadh Sangat, the Company of the Holy, corruption is eradicated. |
| ਸਭ ਤੇ ਊਚ ਏਹੋ ਉਪਕਾਰ ॥੩॥ | This is the greatest blessing of all. \|\|3\|\| |
| ਪ੍ਰੇਮ ਭਗਤਿ ਰਾਤੇ ਗੋਪਾਲ ॥ | Imbued with loving devotional worship of the Sustainer of the Universe, |
| ਨਾਨਕ ਜਾਚੈ ਸਾਧ ਰਵਾਲ ॥੪॥੯੨॥੧੬੧॥ | Nanak asks for the dust of the feet of the Holy. \|\|4\|\|92\|\|161\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਐਸੀ ਪ੍ਰੀਤਿ ਗੋਵਿੰਦ ਸਿਉ ਲਾਗੀ ॥ | Such is my love for the Lord of the Universe; |
| ਮੇਲਿ ਲਏ ਪੂਰਨ ਵਡਭਾਗੀ ॥੧॥ ਰਹਾਉ ॥ | through perfect good destiny, I have been united with Him. \|\|1\|\|Pause\|\| |
| ਭਰਤਾ ਪੇਖਿ ਬਿਗਸੈ ਜਿਉ ਨਾਰੀ ॥ | As the wife is delighted upon beholding her husband, |

ਤਿਉ ਹਰਿ ਜਨੁ ਜੀਵੈ ਨਾਮੁ ਚਿਤਾਰੀ ॥੧॥

so does the Lord's humble servant live by chanting the Naam, the Name of the Lord. ||1||

ਪੂਤ ਪੇਖਿ ਜਿਉ ਜੀਵਤ ਮਾਤਾ ॥

As the mother is rejuvenated upon seeing her son,

ਓਤਿ ਪੋਤਿ ਜਨੁ ਹਰਿ ਸਿਉ ਰਾਤਾ ॥੨॥

so is the Lord's humble servant imbued with Him, through and through. ||2||

ਲੋਭੀ ਅਨਦੁ ਕਰੈ ਪੇਖਿ ਧਨਾ ॥

As the greedy man rejoices upon beholding his wealth,

ਜਨ ਚਰਨ ਕਮਲ ਸਿਉ ਲਾਗੋ ਮਨਾ ॥੩॥

so is the mind of the Lord's humble servant attached to His Lotus Feet. ||3||

ਬਿਸਰੁ ਨਹੀ ਇਕੁ ਤਿਲੁ ਦਾਤਾਰ ॥

May I never forget You, for even an instant, O Great Giver!

ਨਾਨਕ ਕੇ ਪ੍ਰਭ ਪ੍ਰਾਨ ਅਧਾਰ ॥੪॥੯੩॥੧੬੨॥

Nanak's God is the Support of his breath of life. ||4||93||162||

ਗਉੜੀ ਮਹਲਾ ੫ ॥

Gauree, Fifth Mehl:

ਰਾਮ ਰਸਾਇਣਿ ਜੋ ਜਨ ਗੀਧੇ ॥

Those humble beings who are accustomed to the Lord's sublime essence,

ਚਰਨ ਕਮਲ ਪ੍ਰੇਮ ਭਗਤੀ ਬੀਧੇ ॥੧॥ ਰਹਾਉ ॥

are pierced through with loving devotional worship of the Lord's Lotus Feet. ||1||Pause||

ਆਨ ਰਸਾ ਦੀਸਹਿ ਸਭਿ ਛਾਰੁ ॥

All other pleasures look like ashes;

ਨਾਮ ਬਿਨਾ ਨਿਹਫਲ ਸੰਸਾਰ ॥੧॥

without the Naam, the Name of the Lord, the world is fruitless. ||1||

ਅੰਧ ਕੂਪ ਤੇ ਕਾਢੇ ਆਪਿ ॥

He Himself rescues us from the deep dark well.

ਗੁਣ ਗੋਵਿੰਦ ਅਚਰਜ ਪਰਤਾਪ ॥੨॥

Wondrous and Glorious are the Praises of the Lord of the Universe. ||2||

ਵਣਿ ਤ੍ਰਿਣਿ ਤ੍ਰਿਭਵਣਿ ਪੂਰਨ ਗੋਪਾਲ ॥

In the woods and meadows, and throughout the three worlds, the Sustainer of the Universe is pervading.

ਬ੍ਰਹਮ ਪਸਾਰੁ ਜੀਅ ਸੰਗਿ ਦਇਆਲ ॥੩॥

The Expansive Lord God is Merciful to all beings. ||3||

ਕਹੁ ਨਾਨਕ ਸਾ ਕਥਨੀ ਸਾਰੁ ॥

Says Nanak, that speech alone is excellent,

ਮਾਨਿ ਲੇਤੁ ਜਿਸੁ ਸਿਰਜਨਹਾਰੁ ॥੪॥੯੪॥੧੬੩॥

which is approved by the Creator Lord. ||4||94||163||

| | |
|---|---|
| ਗਉੜੀ ਮਹਲਾ ੫ ॥ | Gauree, Fifth Mehl: |
| ਨਿਤਪ੍ਰਤਿ ਨਾਵਣੁ ਰਾਮ ਸਰਿ ਕੀਜੈ ॥ | Every day, take your bath in the Sacred Pool of the Lord. |
| ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ ॥੧॥ ਰਹਾਉ ॥ | Mix and drink in the most delicious, sublime Ambrosial Nectar of the Lord. \|\|1\|\|Pause\|\| |
| ਨਿਰਮਲ ਉਦਕੁ ਗੋਵਿੰਦ ਕਾ ਨਾਮ ॥ | The water of the Name of the Lord of the Universe is immaculate and pure. |
| ਮਜਨੁ ਕਰਤ ਪੂਰਨ ਸਭਿ ਕਾਮ ॥੧॥ | Take your cleansing bath in it, and all your affairs shall be resolved. \|\|1\|\| |
| **੧੯੯** | **199** |
| ਸੰਤਸੰਗਿ ਤਹ ਗੋਸਟਿ ਹੋਇ ॥ | In the Society of the Saints, spiritual conversations take place. |
| ਕੋਟਿ ਜਨਮ ਕੇ ਕਿਲਵਿਖ ਖੋਇ ॥੨॥ | The sinful mistakes of millions of incarnations are erased. \|\|2\|\| |
| ਸਿਮਰਹਿ ਸਾਧ ਕਰਹਿ ਆਨੰਦੁ ॥ | The Holy Saints meditate in remembrance, in ecstasy. |
| ਮਨਿ ਤਨਿ ਰਵਿਆ ਪਰਮਾਨੰਦੁ ॥੩॥ | Their minds and bodies are immersed in supreme ecstasy. \|\|3\|\| |
| ਜਿਸਹਿ ਪਰਾਪਤਿ ਹਰਿ ਚਰਣ ਨਿਧਾਨ ॥ ਨਾਨਕ ਦਾਸ ਤਿਸਹਿ ਕੁਰਬਾਨ ॥੪॥੯੫॥੧੬੪॥ | Slave Nanak is a sacrifice to those who have obtained the treasure of the Lord's Feet. \|\|4\|\|95\|\|164\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥ | Do only that, by which no filth or pollution shall stick to you. |
| ਹਰਿ ਕੀਰਤਨ ਮਹਿ ਏਹੁ ਮਨੁ ਜਾਗੈ ॥੧॥ ਰਹਾਉ ॥ | Let your mind remain awake and aware, singing the Kirtan of the Lord's Praises. \|\|1\|\|Pause\|\| |
| ਏਕੋ ਸਿਮਰਿ ਨ ਦੂਜਾ ਭਾਉ ॥ | Meditate in remembrance on the One Lord; do not be in love with duality. |
| ਸੰਤਸੰਗਿ ਜਪਿ ਕੇਵਲ ਨਾਉ ॥੧॥ | In the Society of the Saints, chant only the Name. \|\|1\|\| |
| ਕਰਮ ਧਰਮ ਨੇਮ ਬ੍ਰਤ ਪੂਜਾ ॥ | The karma of good actions, the Dharma of righteous living, religious rituals, fasts and worship |
| ਪਾਰਬ੍ਰਹਮ ਬਿਨੁ ਜਾਨੁ ਨ ਦੂਜਾ ॥੨॥ | - practice these, but do not know any other than the Supreme Lord God. \|\|2\|\| |

| | |
|---|---|
| ਤਾ ਕੀ ਪੂਰਨ ਹੋਈ ਘਾਲ ॥ ਜਾ ਕੀ ਪ੍ਰੀਤਿ ਅਪੁਨੇ ਪ੍ਰਭ ਨਾਲਿ ॥੩॥ | Those who place their love in God - their works are brought to fruition. \|\|3\|\| |
| ਸੋ ਬੈਸਨੋ ਹੈ ਅਪਰ ਅਪਾਰੁ ॥ | Infinitely invaluable is that Vaishnaav, that worshipper of Vishnu, |
| ਕਹੁ ਨਾਨਕ ਜਿਨਿ ਤਜੇ ਬਿਕਾਰ ॥੪॥੯੬॥੧੬੫॥ | says Nanak, who has renounced corruption. \|\|4\|\|96\|\|165\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਜੀਵਤ ਛਾਡਿ ਜਾਹਿ ਦੇਵਾਨੇ ॥ | They desert you even when you are alive, O madman; |
| ਮੁਇਆ ਉਨ ਤੇ ਕੋ ਵਰਸਾਂਨੇ ॥੧॥ | what good can they do when someone is dead? \|\|1\|\| |
| ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ ॥ | Meditate in remembrance on the Lord of the Universe in your mind and body - this is your pre-ordained destiny. |
| ਕਾਹੂ ਕਾਜ ਨ ਆਵਤ ਬਿਖਿਆ ॥੧॥ ਰਹਾਉ ॥ | The poison of Maya is of no use at all. \|\|1\|\|Pause\|\| |
| ਬਿਖੈ ਠਗਉਰੀ ਜਿਨਿ ਜਿਨਿ ਖਾਈ ॥ | Those who have eaten this poison of deception |
| ਤਾ ਕੀ ਤ੍ਰਿਸਨਾ ਕਬਹੂੰ ਨ ਜਾਈ ॥੨॥ | - their thirst shall never depart. \|\|2\|\| |
| ਦਾਰਨ ਦੁਖ ਦੁਤਰ ਸੰਸਾਰੁ ॥ | The treacherous world-ocean is filled with terrible pain. |
| ਰਾਮ ਨਾਮ ਬਿਨੁ ਕੈਸੇ ਉਤਰਸਿ ਪਾਰਿ ॥੩॥ | Without the Lord's Name, how can anyone cross over? \|\|3\|\| |
| ਸਾਧਸੰਗਿ ਮਿਲਿ ਦੁਇ ਕੁਲ ਸਾਧਿ ॥ | Joining the Saadh Sangat, the Company of the Holy, you shall be saved here and hereafter. |
| ਰਾਮ ਨਾਮ ਨਾਨਕ ਆਰਾਧਿ ॥੪॥੯੭॥੧੬੬॥ | O Nanak, worship and adore the Name of the Lord. \|\|4\|\|97\|\|166\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਗਰੀਬਾ ਉਪਰਿ ਜਿ ਖਿੰਜੈ ਦਾੜੀ ॥ | The bearded emperor who struck down the poor, |
| ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ॥੧॥ | has been burnt in the fire by the Supreme Lord God. \|\|1\|\| |
| ਪੂਰਾ ਨਿਆਉ ਕਰੇ ਕਰਤਾਰੁ ॥ | The Creator administers true justice. |
| ਅਪੁਨੇ ਦਾਸ ਕਉ ਰਾਖਨਹਾਰੁ ॥੧॥ ਰਹਾਉ ॥ | He is the Saving Grace of His slaves. \|\|1\|\|Pause\|\| |

| | |
|---|---|
| ਆਦਿ ਜੁਗਾਦਿ ਪ੍ਰਗਟਿ ਪਰਤਾਪੁ ॥ | In the beginning, and throughout the ages, His glory is manifest. |
| ਨਿੰਦਕੁ ਮੁਆ ਉਪਜਿ ਵਡ ਤਾਪੁ ॥੨॥ | The slanderer died after contracting the deadly fever. ‖2‖ |
| ਤਿਨਿ ਮਾਰਿਆ ਜਿ ਰਖੈ ਨ ਕੋਇ ॥ | He is killed, and no one can save him. |
| ਆਗੈ ਪਾਛੈ ਮੰਦੀ ਸੋਇ ॥੩॥ | Here and hereafter, his reputation is evil. ‖3‖ |
| ਅਪੁਨੇ ਦਾਸ ਰਾਖੈ ਕੰਠਿ ਲਾਇ ॥ | The Lord hugs His slaves close in His Embrace. |
| ਸਰਣਿ ਨਾਨਕ ਹਰਿ ਨਾਮੁ ਧਿਆਇ ॥੪॥੯੮॥੧੬੭॥ | Nanak seeks the Lord’s Sanctuary, and meditates on the Naam. ‖4‖98‖167‖ |
| ਗਉੜੀ ਮਹਲਾ ੫ ॥ | Gauree, Fifth Mehl: |
| ਮਹਜਰੁ ਝੂਠਾ ਕੀਤੋਨੁ ਆਪਿ ॥ | The memorandum was proven to be false by the Lord Himself. |
| ਪਾਪੀ ਕਉ ਲਾਗਾ ਸੰਤਾਪੁ ॥੧॥ | The sinner is now suffering in despair. ‖1‖ |
| ਜਿਸਹਿ ਸਹਾਈ ਗੋਬਿਦੁ ਮੇਰਾ ॥ | Those who have my Lord of the Universe as their support |
| ਤਿਸੁ ਕਉ ਜਮੁ ਨਹੀ ਆਵੈ ਨੇਰਾ ॥੧॥ ਰਹਾਉ ॥ | - death does not even approach them. ‖1‖Pause‖ |
| ਸਾਚੀ ਦਰਗਹ ਬੋਲੈ ਕੂੜੁ ॥ | In the True Court, they lie; |
| ਸਿਰੁ ਹਾਥ ਪਛੋੜੈ ਅੰਧਾ ਮੂੜੁ ॥੨॥ | the blind fools strike their own heads with their own hands. ‖2‖ |
| ਰੋਗ ਬਿਆਪੇ ਕਰਦੇ ਪਾਪ ॥ | Sickness afflicts those who commit sins; |
| ਅਦਲੀ ਹੋਇ ਬੈਠਾ ਪ੍ਰਭੁ ਆਪਿ ॥੩॥ | God Himself sits as the Judge. ‖3‖ |
| ਅਪਨ ਕਮਾਇਐ ਆਪੇ ਬਾਧੇ ॥ | By their own actions, they are bound and gagged. |
| ਦਰਬੁ ਗਇਆ ਸਭੁ ਜੀਅ ਕੈ ਸਾਥੈ ॥੪॥ | All their wealth is gone, along with their lives. ‖4‖ |
| ਨਾਨਕ ਸਰਨਿ ਪਰੇ ਦਰਬਾਰਿ ॥ | Nanak has taken to the Sanctuary of the Lord’s Court; |
| ਰਾਖੀ ਪੈਜ ਮੇਰੈ ਕਰਤਾਰਿ ॥੫॥੯੯॥੧੬੮॥ | my Creator has preserved my honor. ‖5‖99‖168‖ |

| | |
|---|---|
| ਗਉੜੀ ਮਹਲਾ ੫ ॥ | Gauree, Fifth Mehl: |
| ਜਨ ਕੀ ਧੂਰਿ ਮਨ ਮੀਠ ਖਟਾਨੀ ॥ | The dust of the feet of the humble beings is so sweet to my mind. |
| ਪੂਰਬਿ ਕਰਮਿ ਲਿਖਿਆ ਧੁਰਿ ਪ੍ਰਾਨੀ ॥੧॥ ਰਹਾਉ ॥ | Perfect karma is the mortal's pre-ordained destiny. \|\|1\|\|Pause\|\| |
| **੨੦੦** | **200** |
| ਅਹੰਬੁਧਿ ਮਨ ਪੂਰਿ ਥਿਧਾਈ ॥ | The mind is overflowing with the greasy dirt of egotistical pride. |
| ਸਾਧ ਧੂਰਿ ਕਰਿ ਸੁਧ ਮੰਜਾਈ ॥੧॥ | With the dust of the feet of the Holy, it is scrubbed clean. \|\|1\|\| |
| ਅਨਿਕ ਜਲਾ ਜੇ ਧੋਵੈ ਦੇਹੀ ॥ | The body may be washed with loads of water, |
| ਮੈਲੁ ਨ ਉਤਰੈ ਸੁਧੁ ਨ ਤੇਹੀ ॥੨॥ | and yet its filth is not removed, and it does not become clean. \|\|2\|\| |
| ਸਤਿਗੁਰੁ ਭੇਟਿਓ ਸਦਾ ਕ੍ਰਿਪਾਲ ॥ | I have met the True Guru, who is merciful forever. |
| ਹਰਿ ਸਿਮਰਿ ਸਿਮਰਿ ਕਾਟਿਆ ਭਉ ਕਾਲ ॥੩॥ | Meditating, meditating in remembrance on the Lord, I am rid of the fear of death. \|\|3\|\| |
| ਮੁਕਤਿ ਭੁਗਤਿ ਜੁਗਤਿ ਹਰਿ ਨਾਉ ॥ | Liberation, pleasures and worldly success are all in the Lord's Name. |
| ਪ੍ਰੇਮ ਭਗਤਿ ਨਾਨਕ ਗੁਣ ਗਾਉ ॥੪॥੧੦੦॥੧੬੯॥ | With loving devotional worship, O Nanak, sing His Glorious Praises. \|\|4\|\|100\|\|169\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਜੀਵਨ ਪਦਵੀ ਹਰਿ ਕੇ ਦਾਸ ॥ | The Lord's slaves attain the highest status of life. |
| ਜਿਨ ਮਿਲਿਆ ਆਤਮ ਪਰਗਾਸੁ ॥੧॥ | Meeting them, the soul is enlightened. \|\|1\|\| |
| ਹਰਿ ਕਾ ਸਿਮਰਨੁ ਸੁਨਿ ਮਨ ਕਾਨੀ ॥ | Those who listen with their mind and ears to the Lord's meditative remembrance, |
| ਸੁਖੁ ਪਾਵਹਿ ਹਰਿ ਦੁਆਰ ਪਰਾਨੀ ॥੧॥ ਰਹਾਉ ॥ | are blessed with peace at the Lord's Gate, O mortal. \|\|1\|\|Pause\|\| |
| ਆਠ ਪਹਰ ਧਿਆਈਐ ਗੋਪਾਲੁ ॥ | Twenty-four hours a day, meditate on the Sustainer of the World. |
| ਨਾਨਕ ਦਰਸਨੁ ਦੇਖਿ ਨਿਹਾਲੁ ॥੨॥੧੦੧॥੧੭੦॥ | O Nanak, gazing on the Blessed Vision of His Darshan, I am enraptured. \|\|2\|\|101\|\|170\|\| |

| | |
|---|---|
| ਗਉੜੀ ਮਹਲਾ ੫ ॥ | Gauree, Fifth Mehl: |
| ਸਾਂਤਿ ਭਈ ਗੁਰ ਗੋਬਿਦਿ ਪਾਈ ॥ | Peace and tranquility have come; the Guru, the Lord of the Universe, has brought it. |
| ਤਾਪ ਪਾਪ ਬਿਨਸੇ ਮੇਰੇ ਭਾਈ ॥੧॥ ਰਹਾਉ ॥ | The burning sins have departed, O my Siblings of Destiny. \|\|1\|\|Pause\|\| |
| ਰਾਮ ਨਾਮੁ ਨਿਤ ਰਸਨ ਬਖਾਨ ॥ | With your tongue, continually chant the Lord's Name. |
| ਬਿਨਸੇ ਰੋਗ ਭਏ ਕਲਿਆਨ ॥੧॥ | Disease shall depart, and you shall be saved. \|\|1\|\| |
| ਪਾਰਬ੍ਰਹਮ ਗੁਣ ਅਗਮ ਬੀਚਾਰ ॥ | Contemplate the Glorious Virtues of the Unfathomable Supreme Lord God. |
| ਸਾਧੂ ਸੰਗਮਿ ਹੈ ਨਿਸਤਾਰ ॥੨॥ | In the Saadh Sangat, the Company of the Holy, you shall be emancipated. \|\|2\|\| |
| ਨਿਰਮਲ ਗੁਣ ਗਾਵਹੁ ਨਿਤ ਨੀਤ ॥ | Sing the Glories of God each and every day; |
| ਗਈ ਬਿਆਧਿ ਉਬਰੇ ਜਨ ਮੀਤ ॥੩॥ | your afflictions shall be dispelled, and you shall be saved, my humble friend. \|\|3\|\| |
| ਮਨ ਬਚ ਕ੍ਰਮ ਪ੍ਰਭੁ ਅਪਨਾ ਧਿਆਈ ॥ | In thought, word and deed, I meditate on my God. |
| ਨਾਨਕ ਦਾਸ ਤੇਰੀ ਸਰਣਾਈ ॥੪॥੧੦੨॥੧੭੧॥ | Slave Nanak has come to Your Sanctuary. \|\|4\|\|102\|\|171\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥ | The Divine Guru has opened his eyes. |
| ਭਰਮ ਗਏ ਪੂਰਨ ਭਈ ਸੇਵ ॥੧॥ ਰਹਾਉ ॥ | Doubt has been dispelled; my service has been successful. \|\|1\|\|Pause\|\| |
| ਸੀਤਲਾ ਤੇ ਰਖਿਆ ਬਿਹਾਰੀ ॥ | The Giver of joy has saved him from smallpox. |
| ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥੧॥ | The Supreme Lord God has granted His Grace. \|\|1\|\| |
| ਨਾਨਕ ਨਾਮੁ ਜਪੈ ਸੋ ਜੀਵੈ ॥ | O Nanak, he alone lives, who chants the Naam, the Name of the Lord. |
| ਸਾਧਸੰਗਿ ਹਰਿ ਅੰਮ੍ਰਿਤੁ ਪੀਵੈ ॥੨॥੧੦੩॥੧੭੨॥ | In the Saadh Sangat, the Company of the Holy, drink deeply of the Lord's Ambrosial Nectar. \|\|2\|\|103\|\|172\|\| |

| | |
|---|---|
| ਗਉੜੀ ਮਹਲਾ ੫ ॥ | Gauree, Fifth Mehl: |
| ਧਨੁ ਓਹੁ ਮਸਤਕੁ ਧਨੁ ਤੇਰੇ ਨੇਤ ॥ | Blessed is that forehead, and blessed are those eyes; |
| ਧਨੁ ਓਇ ਭਗਤ ਜਿਨ ਤੁਮ ਸੰਗਿ ਹੇਤ ॥੧॥ | blessed are those devotees who are in love with You. \|\|1\|\| |
| ਨਾਮ ਬਿਨਾ ਕੈਸੇ ਸੁਖੁ ਲਹੀਐ ॥ | Without the Naam, the Name of the Lord, how can anyone find peace? |
| ਰਸਨਾ ਰਾਮ ਨਾਮ ਜਸੁ ਕਹੀਐ ॥੧॥ ਰਹਾਉ ॥ | With your tongue, chant the Praises of the Name of the Lord. \|\|1\|\|Pause\|\| |
| ਤਿਨ ਊਪਰਿ ਜਾਈਐ ਕੁਰਬਾਣੁ ॥ | Nanak is a sacrifice to those |
| ਨਾਨਕ ਜਿਨਿ ਜਪਿਆ ਨਿਰਬਾਣੁ ॥੨॥੧੦੪॥੧੭੩॥ | who meditate on the Lord of Nirvaanaa. \|\|2\|\|104\|\|173\|\| |

| | |
|---|---|
| ਗਉੜੀ ਮਹਲਾ ੫ ॥ | Gauree, Fifth Mehl: |
| ਤੂੰਹੈ ਮਸਲਤਿ ਤੂੰਹੈ ਨਾਲਿ ॥ | You are my Advisor; You are always with me. |
| ਤੂਹੈ ਰਾਖਹਿ ਸਾਰਿ ਸਮਾਲਿ ॥੧॥ | You preserve, protect and care for me. \|\|1\|\| |
| ਐਸਾ ਰਾਮੁ ਦੀਨ ਦੁਨੀ ਸਹਾਈ ॥ | Such is the Lord, our Help and Support in this world and the next. |
| ਦਾਸ ਕੀ ਪੈਜ ਰਖੈ ਮੇਰੇ ਭਾਈ ॥੧॥ ਰਹਾਉ ॥ | He protects the honor of His slave, O my Sibling of Destiny. \|\|1\|\|Pause\|\| |
| ਆਗੈ ਆਪਿ ਇਹੁ ਥਾਨੁ ਵਸਿ ਜਾ ਕੈ ॥ | He alone exists hereafter; this place is in His Power. |
| ਆਠ ਪਹਰ ਮਨੁ ਹਰਿ ਕਉ ਜਾਪੈ ॥੨॥ | Twenty-four hours a day, O my mind, chant and meditate on the Lord. \|\|2\|\| |
| ਪਤਿ ਪਰਵਾਣੁ ਸਚੁ ਨੀਸਾਣੁ ॥ | His honor is acknowledged, and he bears the True Insignia; |
| ਜਾ ਕਉ ਆਪਿ ਕਰਹਿ ਫੁਰਮਾਨੁ ॥੩॥ | the Lord Himself issues His Royal Command. \|\|3\|\| |
| ਆਪੇ ਦਾਤਾ ਆਪਿ ਪ੍ਰਤਿਪਾਲਿ ॥ | He Himself is the Giver; He Himself is the Cherisher. |
| ਨਿਤ ਨਿਤ ਨਾਨਕ ਰਾਮ ਨਾਮੁ ਸਮਾਲਿ ॥੪॥੧੦੫॥੧੭੪॥ | Continually, continuously, O Nanak, dwell upon the Name of the Lord. \|\|4\|\|105\|\|174\|\| |

| | |
|---|---|
| ਗਉੜੀ ਮਹਲਾ ੫ ॥ | Gauree, Fifth Mehl: |
| ਸਤਿਗੁਰੁ ਪੂਰਾ ਭਇਆ ਕ੍ਰਿਪਾਲੁ ॥ | When the Perfect True Guru becomes merciful, |
| ਹਿਰਦੈ ਵਸਿਆ ਸਦਾ ਗੁਪਾਲੁ ॥੧॥ | the Lord of the World abides in the heart forever. \|\|1\|\| |
| ਰਾਮੁ ਰਵਤ ਸਦ ਹੀ ਸੁਖੁ ਪਾਇਆ ॥ | Meditating on the Lord, I have found eternal peace. |
| **੨੦੧** | **201** |
| ਮਇਆ ਕਰੀ ਪੂਰਨ ਹਰਿ ਰਾਇਆ ॥੧॥ ਰਹਾਉ ॥ | The Sovereign Lord, the Perfect King, has shown His Mercy to me. \|\|1\|\|Pause\|\| |
| ਕਹੁ ਨਾਨਕ ਜਾ ਕੇ ਪੂਰੇ ਭਾਗ ॥ | Says Nanak, one whose destiny is perfect, |
| ਹਰਿ ਹਰਿ ਨਾਮੁ ਅਸਥਿਰੁ ਸੋਹਾਗੁ ॥੨॥੧੦੬॥ | meditates on the Name of the Lord, Har, Har, the Everlasting Husband. \|\|2\|\|106\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਧੋਤੀ ਖੋਲਿ ਵਿਛਾਏ ਹੇਠਿ ॥ | He opens his loin-cloth, and spreads it out beneath him. |
| ਗਰਧਪ ਵਾਂਗੂ ਲਾਹੇ ਪੇਟਿ ॥੧॥ | Like a donkey, he gulps down all that comes his way. \|\|1\|\| |
| ਬਿਨੁ ਕਰਤੂਤੀ ਮੁਕਤਿ ਨ ਪਾਈਐ ॥ | Without good deeds, liberation is not obtained. |
| ਮੁਕਤਿ ਪਦਾਰਥੁ ਨਾਮੁ ਧਿਆਈਐ ॥੧॥ ਰਹਾਉ ॥ | The wealth of liberation is only obtained by meditating on the Naam, the Name of the Lord. \|\|1\|\|Pause\|\| |
| ਪੂਜਾ ਤਿਲਕ ਕਰਤ ਇਸਨਾਨਾਂ ॥ | He performs worship ceremonies, applies the ceremonial tilak mark to his forehead, and takes his ritual cleansing baths; |
| ਛੁਰੀ ਕਾਢਿ ਲੇਵੈ ਹਥਿ ਦਾਨਾ ॥੨॥ | he pulls out his knife, and demands donations. \|\|2\|\| |
| ਬੇਦੁ ਪੜੈ ਮੁਖਿ ਮੀਠੀ ਬਾਣੀ ॥ | With his mouth, he recites the Vedas in sweet musical measures, |
| ਜੀਆਂ ਕੁਹਤ ਨ ਸੰਗੈ ਪਰਾਣੀ ॥੩॥ | and yet he does not hesitate to take the lives of others. \|\|3\|\| |
| ਕਹੁ ਨਾਨਕ ਜਿਸੁ ਕਿਰਪਾ ਧਾਰੈ ॥ | Says Nanak, when God showers His Mercy, |
| ਹਿਰਦਾ ਸੁਧੁ ਬ੍ਰਹਮੁ ਬੀਚਾਰੈ ॥੪॥੧੦੭॥ | even his heart becomes pure, and he contemplates God. \|\|4\|\|107\|\| |

| | |
|---|---|
| ਗਉੜੀ ਮਹਲਾ ੫ ॥ | Gauree, Fifth Mehl: |
| ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥ | Remain steady in the home of your own self, O beloved servant of the Lord. |
| ਸਤਿਗੁਰਿ ਤੁਮਰੇ ਕਾਜ ਸਵਾਰੇ ॥੧॥ ਰਹਾਉ ॥ | The True Guru shall resolve all your affairs. \|\|1\|\|Pause\|\| |
| ਦੁਸਟ ਦੂਤ ਪਰਮੇਸਰਿ ਮਾਰੇ ॥ | The Transcendent Lord has struck down the wicked and the evil. |
| ਜਨ ਕੀ ਪੈਜ ਰਖੀ ਕਰਤਾਰੇ ॥੧॥ | The Creator has preserved the honor of His servant. \|\|1\|\| |
| ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ ॥ | The kings and emperors are all under his power. |
| ਅੰਮ੍ਰਿਤ ਨਾਮ ਮਹਾ ਰਸ ਪੀਨੇ ॥੨॥ | He drinks deeply of the most sublime essence of the Ambrosial Naam. \|\|2\|\| |
| ਨਿਰਭਉ ਹੋਇ ਭਜਹੁ ਭਗਵਾਨ ॥ | Meditate fearlessly on the Lord God. |
| ਸਾਧਸੰਗਤਿ ਮਿਲਿ ਕੀਨੋ ਦਾਨੁ ॥੩॥ | Joining the Saadh Sangat, the Company of the Holy, this gift is given. \|\|3\|\| |
| ਸਰਣਿ ਪਰੇ ਪ੍ਰਭ ਅੰਤਰਜਾਮੀ ॥ | Nanak has entered the Sanctuary of God, the Inner-knower, the Searcher of hearts; |
| ਨਾਨਕ ਓਟ ਪਕਰੀ ਪ੍ਰਭ ਸੁਆਮੀ ॥੪॥੧੦੮॥ | he grasps the Support of God, his Lord and Master. \|\|4\|\|108\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਹਰਿ ਸੰਗਿ ਰਾਤੇ ਭਾਹਿ ਨ ਜਲੈ ॥ | One who is attuned to the Lord, shall not be burned in the fire. |
| ਹਰਿ ਸੰਗਿ ਰਾਤੇ ਮਾਇਆ ਨਹੀ ਛਲੈ ॥ | One who is attuned to the Lord, shall not be enticed by Maya. |
| ਹਰਿ ਸੰਗਿ ਰਾਤੇ ਨਹੀ ਡੂਬੈ ਜਲਾ ॥ | One who is attuned to the Lord, shall not be drowned in water. |
| ਹਰਿ ਸੰਗਿ ਰਾਤੇ ਸੁਫਲ ਫਲਾ ॥੧॥ | One who is attuned to the Lord, is prosperous and fruitful. \|\|1\|\| |
| ਸਭ ਭੈ ਮਿਟਹਿ ਤੁਮਾਰੈ ਨਾਇ ॥ | All fear is eradicated by Your Name. |
| ਭੇਟਤ ਸੰਗਿ ਹਰਿ ਹਰਿ ਗੁਨ ਗਾਇ ॥ ਰਹਾਉ ॥ | Joining the Sangat, the Holy Congregation, sing the Glorious Praises of the Lord, Har, Har. \|\|Pause\|\| |
| ਹਰਿ ਸੰਗਿ ਰਾਤੇ ਮਿਟੈ ਸਭ ਚਿੰਤਾ ॥ | One who is attuned to the Lord, is free of all anxieties. |

| | |
|---|---|
| ਹਰਿ ਸਿਉ ਸੋ ਰਚੈ ਜਿਸੁ ਸਾਧ ਕਾ ਮੰਤਾ ॥ | One who is attuned to the Lord, is blessed with the Mantra of the Holy. |
| ਹਰਿ ਸੰਗਿ ਰਾਤੇ ਜਮ ਕੀ ਨਹੀ ਤ੍ਰਾਸ ॥ | One who is attuned to the Lord, is not haunted by the fear of death. |
| ਹਰਿ ਸੰਗਿ ਰਾਤੇ ਪੂਰਨ ਆਸ ॥੨॥ | One who is attuned to the Lord, sees all his hopes fulfilled. \|\|2\|\| |
| ਹਰਿ ਸੰਗਿ ਰਾਤੇ ਦੂਖੁ ਨ ਲਾਗੈ ॥ | One who is attuned to the Lord, does not suffer in pain. |
| ਹਰਿ ਸੰਗਿ ਰਾਤਾ ਅਨਦਿਨੁ ਜਾਗੈ ॥ | One who is attuned to the Lord, remains awake and aware, night and day. |
| ਹਰਿ ਸੰਗਿ ਰਾਤਾ ਸਹਜ ਘਰਿ ਵਸੈ ॥ | One who is attuned to the Lord, dwells in the home of intuitive peace. |
| ਹਰਿ ਸੰਗਿ ਰਾਤੇ ਭ੍ਰਮੁ ਭਉ ਨਸੈ ॥੩॥ | One who is attuned to the Lord, sees his doubts and fears run away. \|\|3\|\| |
| ਹਰਿ ਸੰਗਿ ਰਾਤੇ ਮਤਿ ਊਤਮ ਹੋਇ ॥ | One who is attuned to the Lord, has the most sublime and exalted intellect. |
| ਹਰਿ ਸੰਗਿ ਰਾਤੇ ਨਿਰਮਲ ਸੋਇ ॥ | One who is attuned to the Lord, has a pure and spotless reputation. |
| ਕਹੁ ਨਾਨਕ ਤਿਨ ਕਉ ਬਲਿ ਜਾਈ ॥ ਜਿਨ ਕਉ ਪ੍ਰਭੁ ਮੇਰਾ ਬਿਸਰਤ ਨਾਹੀ ॥੪॥੧੦੯॥ | Says Nanak, I am a sacrifice to those who do not forget my God. \|\|4\|\|109\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਉਦਮੁ ਕਰਤ ਸੀਤਲ ਮਨ ਭਏ ॥ | Through sincere efforts, the mind is made peaceful and calm. |
| ਮਾਰਗਿ ਚਲਤ ਸਗਲ ਦੁਖ ਗਏ ॥ | Walking on the Lord's Way, all pains are taken away. |
| ਨਾਮੁ ਜਪਤ ਮਨਿ ਭਏ ਅਨੰਦ ॥ | Chanting the Naam, the Name of the Lord, the mind becomes blissful. |
| ਰਸਿ ਗਾਏ ਗੁਨ ਪਰਮਾਨੰਦ ॥੧॥ | Singing the Glorious Praises of the Lord, supreme bliss is obtained. \|\|1\|\| |
| ਖੇਮ ਭਇਆ ਕੁਸਲ ਘਰਿ ਆਏ ॥ | There is joy all around, and peace has come to my home. |
| ਭੇਟਤ ਸਾਧਸੰਗਿ ਗਈ ਬਲਾਏ ॥ ਰਹਾਉ ॥ | Joining the Saadh Sangat, the Company of the Holy, misfortune disappears. \|\|Pause\|\| |
| ਨੇਤ੍ਰ ਪੁਨੀਤ ਪੇਖਤ ਹੀ ਦਰਸ ॥ | My eyes are purified, beholding the Blessed Vision of His Darshan. |
| ਧਨਿ ਮਸਤਕ ਚਰਨ ਕਮਲ ਹੀ ਪਰਸ ॥ | Blessed is the forehead which touches His Lotus Feet. |

| | |
|---|---|
| ਗੋਬਿੰਦ ਕੀ ਟਹਲ ਸਫਲ ਇਹ ਕਾਂਇਆ ॥ | Working for the Lord of the Universe, the body becomes fruitful. |
| **੨੦੨** | **202** |
| ਸੰਤ ਪ੍ਰਸਾਦਿ ਪਰਮ ਪਦੁ ਪਾਇਆ ॥੨॥ | By the Grace of the Saints, I have obtained the supreme status. \|\|2\|\| |
| ਜਨ ਕੀ ਕੀਨੀ ਆਪਿ ਸਹਾਇ ॥ | The Lord is the help and support of His humble servant. |
| ਸੁਖੁ ਪਾਇਆ ਲਗਿ ਦਾਸਹ ਪਾਇ ॥ | I have found peace, falling at the feet of His slaves. |
| ਆਪੁ ਗਇਆ ਤਾ ਆਪਹਿ ਭਏ ॥ | When selfishness is gone, then one becomes the Lord Himself; |
| ਕ੍ਰਿਪਾ ਨਿਧਾਨ ਕੀ ਸਰਨੀ ਪਏ ॥੩॥ | seek the Sanctuary of the treasure of mercy. \|\|3\|\| |
| ਜੋ ਚਾਹਤ ਸੋਈ ਜਬ ਪਾਇਆ ॥ | When someone finds the One he has desired, |
| ਤਬ ਢੂੰਢਨ ਕਹਾ ਕੋ ਜਾਇਆ ॥ | then where should he go to look for Him? |
| ਅਸਥਿਰ ਭਏ ਬਸੇ ਸੁਖ ਆਸਨ ॥ | I have become steady and stable, and I dwell in the seat of peace. |
| ਗੁਰ ਪ੍ਰਸਾਦਿ ਨਾਨਕ ਸੁਖ ਬਾਸਨ ॥੪॥੧੧੦॥ | By Guru's Grace, Nanak has entered the home of peace. \|\|4\|\|110\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਕੋਟਿ ਮਜਨ ਕੀਨੋ ਇਸਨਾਨ ॥ | The merits of taking millions of ceremonial cleansing baths, |
| ਲਾਖ ਅਰਬ ਖਰਬ ਦੀਨੋ ਦਾਨੁ ॥ | the giving of hundreds of thousands, billions and trillions in charity |
| ਜਾ ਮਨਿ ਵਸਿਓ ਹਰਿ ਕੋ ਨਾਮੁ ॥੧॥ | - these are obtained by those whose minds are filled with the Name of the Lord. \|\|1\|\| |
| ਸਗਲ ਪਵਿਤ ਗੁਨ ਗਾਇ ਗੁਪਾਲ ॥ | Those who sing the Glories of the Lord of the World are totally pure. |
| ਪਾਪ ਮਿਟਹਿ ਸਾਧੂ ਸਰਨਿ ਦਇਆਲ ॥ ਰਹਾਉ ॥ | Their sins are erased, in the Sanctuary of the Kind and Holy Saints. \|\|Pause\|\| |
| ਬਹੁਤੁ ਉਰਧ ਤਪ ਸਾਧਨ ਸਾਧੇ ॥ | The merits of performing all sorts of austere acts of penance and self-discipline, |
| ਅਨਿਕ ਲਾਭ ਮਨੋਰਥ ਲਾਧੇ ॥ | earning huge profits and seeing one's desires fulfilled |

| | |
|---|---|
| ਹਰਿ ਹਰਿ ਨਾਮ ਰਸਨ ਆਰਾਧੇ ॥੨॥ | - these are obtained by chanting the Name of the Lord, Har, Har, with the tongue. ‖2‖ |
| ਸਿੰਮ੍ਰਿਤਿ ਸਾਸਤ ਬੇਦ ਬਖਾਨੇ ॥ | The merits of reciting the Simritees, the Shaastras and the Vedas, |
| ਜੋਗ ਗਿਆਨ ਸਿਧ ਸੁਖ ਜਾਨੇ ॥ | knowledge of the science of Yoga, spiritual wisdom and the pleasure of miraculous spiritual powers |
| ਨਾਮੁ ਜਪਤ ਪ੍ਰਭ ਸਿਉ ਮਨ ਮਾਨੇ ॥੩॥ | - these come by surrendering the mind and meditating on the Name of God. ‖3‖ |
| ਅਗਾਧਿ ਬੋਧਿ ਹਰਿ ਅਗਮ ਅਪਾਰੇ ॥ | The wisdom of the Inaccessible and Infinite Lord is incomprehensible. |
| ਨਾਮੁ ਜਪਤ ਨਾਮੁ ਰਿਦੇ ਬੀਚਾਰੇ ॥ | Meditating on the Naam, the Name of the Lord, and contemplating the Naam within our hearts, |
| ਨਾਨਕ ਕਉ ਪ੍ਰਭ ਕਿਰਪਾ ਧਾਰੇ ॥੪॥੧੧੧॥ | O Nanak, God has showered His Mercy upon us. ‖4‖111‖ |
| ਗਉੜੀ ਮਃ ੫ ॥ | Gauree, Fifth Mehl: |
| ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ॥ | Meditating, meditating, meditating in remembrance, I have found peace. |
| ਚਰਨ ਕਮਲ ਗੁਰ ਰਿਦੈ ਬਸਾਇਆ ॥੧॥ | I have enshrined the Lotus Feet of the Guru within my heart. ‖1‖ |
| ਗੁਰ ਗੋਬਿੰਦੁ ਪਾਰਬ੍ਰਹਮੁ ਪੂਰਾ ॥ | The Guru, the Lord of the Universe, the Supreme Lord God, is perfect. |
| ਤਿਸਹਿ ਅਰਾਧਿ ਮੇਰਾ ਮਨੁ ਧੀਰਾ ॥ ਰਹਾਉ ॥ | Worshipping Him, my mind has found a lasting peace. ‖Pause‖ |
| ਅਨਦਿਨੁ ਜਪਉ ਗੁਰੂ ਗੁਰ ਨਾਮ ॥ | Night and day, I meditate on the Guru, and the Name of the Guru. |
| ਤਾ ਤੇ ਸਿਧਿ ਭਏ ਸਗਲ ਕਾਂਮ ॥੨॥ | Thus all my works are brought to perfection. ‖2‖ |
| ਦਰਸਨ ਦੇਖਿ ਸੀਤਲ ਮਨ ਭਏ ॥ | Beholding the Blessed Vision of His Darshan, my mind has become cool and tranquil, |
| ਜਨਮ ਜਨਮ ਕੇ ਕਿਲਬਿਖ ਗਏ ॥੩॥ | and the sinful mistakes of countless incarnations have been washed away. ‖3‖ |
| ਕਹੁ ਨਾਨਕ ਕਹਾ ਭੈ ਭਾਈ ॥ | Says Nanak, where is fear now, O Siblings of Destiny? |

ਅਪਨੇ ਸੇਵਕ ਕੀ ਆਪਿ ਪੈਜ ਰਖਾਈ ॥੪॥੧੧੨॥

The Guru Himself has preserved the honor of His servant. ||4||112||

ਗਉੜੀ ਮਹਲਾ ੫ ॥

Gauree, Fifth Mehl:

ਅਪਨੇ ਸੇਵਕ ਕਉ ਆਪਿ ਸਹਾਈ ॥

The Lord Himself is the Help and Support of His servants.

ਨਿਤ ਪ੍ਰਤਿਪਾਰੈ ਬਾਪ ਜੈਸੇ ਮਾਈ ॥੧॥

He always cherishes them, like their father and mother. ||1||

ਪ੍ਰਭ ਕੀ ਸਰਨਿ ਉਬਰੈ ਸਭ ਕੋਇ ॥

In God's Sanctuary, everyone is saved.

ਕਰਨ ਕਰਾਵਨ ਪੂਰਨ ਸਚੁ ਸੋਇ ॥ ਰਹਾਉ ॥

That Perfect True Lord is the Doer, the Cause of causes. ||Pause||

ਅਬ ਮਨਿ ਬਸਿਆ ਕਰਨੈਹਾਰਾ ॥

My mind now dwells in the Creator Lord.

ਭੈ ਬਿਨਸੇ ਆਤਮ ਸੁਖ ਸਾਰਾ ॥੨॥

My fears have been dispelled, and my soul has found the most sublime peace. ||2||

ਕਰਿ ਕਿਰਪਾ ਅਪਨੇ ਜਨ ਰਾਖੇ ॥

The Lord has granted His Grace, and saved His humble servant.

ਜਨਮ ਜਨਮ ਕੇ ਕਿਲਬਿਖ ਲਾਥੇ ॥੩॥

The sinful mistakes of so many incarnations have been washed away. ||3||

ਕਹਨੁ ਨ ਜਾਇ ਪ੍ਰਭ ਕੀ ਵਡਿਆਈ ॥

The Greatness of God cannot be described.

ਨਾਨਕ ਦਾਸ ਸਦਾ ਸਰਨਾਈ ॥੪॥੧੧੩॥

Servant Nanak is forever in His Sanctuary. ||4||113||

ਰਾਗੁ ਗਉੜੀ ਚੇਤੀ ਮਹਲਾ ੫ ਦੁਪਦੇ

ੴ ਸਤਿਗੁਰ ਪ੍ਰਸਾਦਿ ॥

Raag Gauree Chaytee, Fifth Mehl, Du-Padas:

One Universal Creator God.
By The Grace Of The True Guru:

ਰਾਮ ਕੋ ਬਲੁ ਪੂਰਨ ਭਾਈ ॥

The power of the Lord is universal and perfect, O Siblings of Destiny.

ਤਾ ਤੇ ਬ੍ਰਿਥਾ ਨ ਬਿਆਪੈ ਕਾਈ ॥੧॥ ਰਹਾਉ ॥

So no pain can ever afflict me. ||1||Pause||

ਜੋ ਜੋ ਚਿਤਵੈ ਦਾਸੁ ਹਰਿ ਮਾਈ ॥

Whatever the Lord's slave wishes, O mother,

ਸੋ ਸੋ ਕਰਤਾ ਆਪਿ ਕਰਾਈ ॥੧॥

the Creator Himself causes that to be done. ||1||

ਨਿੰਦਕ ਕੀ ਪ੍ਰਭਿ ਪਤਿ ਗਵਾਈ ॥

God causes the slanderers to lose their honor.

ਨਾਨਕ ਹਰਿ ਗੁਣ ਨਿਰਭਉ ਗਾਈ ॥੨॥੧੧੪॥

Nanak sings the Glorious Praises of the Fearless Lord. ||2||114||

| ੨੦੩ | 203 |
|---|---|
| ਗਉੜੀ ਮਹਲਾ ੫ ॥ | Gauree, Fifth Mehl: |
| ਭੁਜ ਬਲ ਬੀਰ ਬ੍ਰਹਮ ਸੁਖ ਸਾਗਰ ਗਰਤ ਪਰਤ ਗਹਿ ਲੇਹੁ ਅੰਗੁਰੀਆ ॥੧॥ ਰਹਾਉ ॥ | O Brave and Powerful God, Ocean of Peace, I fell into the pit - please, take my hand. \|\|1\|\|Pause\|\| |
| ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀ ਆਰਤ ਦੁਆਰਿ ਰਟਤ ਪਿੰਗੁਰੀਆ ॥੧॥ | My ears do not hear, and my eyes are not beautiful. I am in such pain; I am a poor cripple, crying at Your Door. \|\|1\|\| |
| ਦੀਨਾ ਨਾਥ ਅਨਾਥ ਕਰੁਣਾ ਮੈ ਸਾਜਨ ਮੀਤ ਪਿਤਾ ਮਹਤਰੀਆ ॥ | O Master of the poor and helpless, O Embodiment of Compassion, You are my Friend and Intimate, my Father and Mother. |
| ਚਰਨ ਕਵਲ ਹਿਰਦੈ ਗਹਿ ਨਾਨਕ ਭੈ ਸਾਗਰ ਸੰਤ ਪਾਰਿ ਉਤਰੀਆ ॥੨॥੨॥੧੧੫॥ | Nanak holds tight to the Lord's Lotus Feet in his heart; thus the Saints cross over the terrifying world-ocean. \|\|2\|\|2\|\|115\|\| |
| ਰਾਗੁ ਗਉੜੀ ਬੈਰਾਗਣਿ ਮਹਲਾ ੫ | Raag Gauree Bairaagan, Fifth Mehl: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਦਯ ਗੁਸਾਈ ਮੀਤੁਲਾ ਤੂੰ ਸੰਗਿ ਹਮਾਰੈ ਬਾਸੁ ਜੀਉ ॥੧॥ ਰਹਾਉ ॥ | O Dear Lord God, my Best Friend, please, abide with me. \|\|1\|\|Pause\|\| |
| ਤੁਝ ਬਿਨੁ ਘਰੀ ਨ ਜੀਵਨਾ ਧ੍ਰਿਗੁ ਰਹਣਾ ਸੰਸਾਰਿ ॥ | Without You, I cannot live, even for an instant, and my life in this world is cursed. |
| ਜੀਅ ਪ੍ਰਾਣ ਸੁਖਦਾਤਿਆ ਨਿਮਖ ਨਿਮਖ ਬਲਿਹਾਰਿ ਜੀ ॥੧॥ | O Breath of Life of the soul, O Giver of peace, each and every instant I am a sacrifice to You. \|\|1\|\| |
| ਹਸਤ ਅਲੰਬਨੁ ਦੇਹੁ ਪ੍ਰਭ ਗਰਤਹੁ ਉਧਰੁ ਗੋਪਾਲ ॥ | Please, God, give me the Support of Your Hand; lift me up and pull me out of this pit, O Lord of the World. |
| ਮੋਹਿ ਨਿਰਗੁਨ ਮਤਿ ਥੋਰੀਆ ਤੂੰ ਸਦ ਹੀ ਦੀਨ ਦਇਆਲ ॥੨॥ | I am worthless, with such a shallow intellect; You are always Merciful to the meek. \|\|2\|\| |
| ਕਿਆ ਸੁਖ ਤੇਰੇ ਸੰਮਲਾ ਕਵਨ ਬਿਧੀ ਬੀਚਾਰ ॥ | What comforts of Yours can I dwell upon? How can I contemplate You? |
| ਸਰਣਿ ਸਮਾਈ ਦਾਸ ਹਿਤ ਊਚੇ ਅਗਮ ਅਪਾਰ ॥੩॥ | You lovingly absorb Your slaves into Your Sanctuary, O Lofty, Inaccessible and Infinite Lord. \|\|3\|\| |

| | |
|---|---|
| ਸਗਲ ਪਦਾਰਥ ਅਸਟ ਸਿਧਿ ਨਾਮ ਮਹਾ ਰਸ ਮਾਹਿ ॥ | All wealth, and the eight miraculous spiritual powers are in the supremely sublime essence of the Naam, the Name of the Lord. |
| ਸੁਪ੍ਰਸੰਨ ਭਏ ਕੇਸਵਾ ਸੇ ਜਨ ਹਰਿ ਗੁਣ ਗਾਹਿ ॥੪॥ | Those humble beings, with whom the beautifully-haired Lord is thoroughly pleased, sing the Glorious Praises of the Lord. \|\|4\|\| |
| ਮਾਤ ਪਿਤਾ ਸੁਤ ਬੰਧਪੋ ਤੂੰ ਮੇਰੇ ਪ੍ਰਾਣ ਅਧਾਰ ॥ | You are my mother, father, son and relative; You are the Support of the breath of life. |
| ਸਾਧਸੰਗਿ ਨਾਨਕੁ ਭਜੈ ਬਿਖੁ ਤਰਿਆ ਸੰਸਾਰੁ ॥੫॥੧॥੧੧੬॥ | In the Saadh Sangat, the Company of the Holy, Nanak meditates on the Lord, and swims across the poisonous world-ocean. \|\|5\|\|1\|\|116\|\| |
| ਗਉੜੀ ਬੈਰਾਗਣਿ ਰਹੋਏ ਕੇ ਛੰਤ ਕੇ ਘਰਿ ਮਃ ੫ | Gauree Bairaagan, Chhants Of Rehoay, Fifth Mehl: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਹੈ ਕੋਈ ਰਾਮ ਪਿਆਰੋ ਗਾਵੈ ॥ | Is there anyone who will sing of the Beloved Lord? |
| ਸਰਬ ਕਲਿਆਣ ਸੂਖ ਸਚੁ ਪਾਵੈ ॥ ਰਹਾਉ ॥ | Surely, this will bring all pleasures and comforts. \|\|Pause\|\| |
| ਬਨੁ ਬਨੁ ਖੋਜਤ ਫਿਰਤ ਬੈਰਾਗੀ ॥ | The renunciate goes out into the woods, searching for Him. |
| ਬਿਰਲੇ ਕਾਹੂ ਏਕ ਲਿਵ ਲਾਗੀ ॥ | But those who embrace love for the One Lord are very rare. |
| ਜਿਨਿ ਹਰਿ ਪਾਇਆ ਸੇ ਵਡਭਾਗੀ ॥੧॥ | Those who find the Lord are very fortunate and blessed. \|\|1\|\| |
| ਬ੍ਰਹਮਾਦਿਕ ਸਨਕਾਦਿਕ ਚਾਹੈ ॥ | The Gods like Brahma and Sanak yearn for Him; |
| ਜੋਗੀ ਜਤੀ ਸਿਧ ਹਰਿ ਆਹੈ ॥ | the Yogis, celibates and Siddhas yearn for the Lord. |
| ਜਿਸਹਿ ਪਰਾਪਤਿ ਸੋ ਹਰਿ ਗੁਣ ਗਾਹੈ ॥੨॥ | One who is so blessed, sings the Glorious Praises of the Lord. \|\|2\|\| |
| ਤਾ ਕੀ ਸਰਣਿ ਜਿਨ ਬਿਸਰਤ ਨਾਹੀ ॥ | I seek the Sanctuary of those who have not forgotten Him. |
| ਵਡਭਾਗੀ ਹਰਿ ਸੰਤ ਮਿਲਾਹੀ ॥ | By great good fortune, one meets the Lord’s Saint. |
| ਜਨਮ ਮਰਣ ਤਿਹ ਮੂਲੇ ਨਾਹੀ ॥੩॥ | They are not subject to the cycle of birth and death. \|\|3\|\| |

| | |
|---|---|
| ਕਰਿ ਕਿਰਪਾ ਮਿਲੁ ਪ੍ਰੀਤਮ ਪਿਆਰੇ ॥ | Show Your Mercy, and lead me to meet You, O my Darling Beloved. |
| ਬਿਨਉ ਸੁਨਹੁ ਪ੍ਰਭ ਊਚ ਅਪਾਰੇ ॥ | Hear my prayer, O Lofty and Infinite God; |
| ਨਾਨਕੁ ਮਾਂਗਤੁ ਨਾਮੁ ਅਧਾਰੇ ॥੪॥੧॥੧੧੭॥ | Nanak begs for the Support of Your Name. \|\|4\|\|1\|\|117\|\| |

## ੨੦੪ / 204

| | |
|---|---|
| ਰਾਗੁ ਗਉੜੀ ਪੂਰਬੀ ਮਹਲਾ ੫ | Raag Gauree Poorbee, Fifth Mehl: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ ॥੧॥ ਰਹਾਉ ॥ | By what virtues can I meet the Lord of life, O my mother? \|\|1\|\|Pause\|\| |
| ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ ॥੧॥ | I have no beauty, understanding or strength; I am a stranger, from far away. \|\|1\|\| |
| ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ ॥੨॥ | I am not wealthy or youthful. I am an orphan - please, unite me with Yourself. \|\|2\|\| |
| ਖੋਜਤ ਖੋਜਤ ਭਈ ਬੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥੩॥ | Searching and searching, I have become a renunciate, free of desire. I wander around, searching for the Blessed Vision of God's Darshan. \|\|3\|\| |
| ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧਸੰਗਿ ਮੇਰੀ ਜਲਨਿ ਬੁਝਾਈ ॥੪॥੧॥੧੧੮॥ | God is Compassionate, and Merciful to the meek; O Nanak, in the Saadh Sangat, the Company of the Holy, the fire of desire has been quenched. \|\|4\|\|1\|\|118\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥ | The loving desire to meet my Beloved has arisen within my mind. |
| ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ ॥੧॥ ਰਹਾਉ ॥ | I touch His Feet, and offer my prayer to Him. If only I had the great good fortune to meet the Saint. \|\|1\|\|Pause\|\| |
| ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ ॥ | I surrender my mind to Him; I place my wealth before Him. I totally renounce my selfish ways. |

| | |
|---|---|
| ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥੧॥ | One who teaches me the Sermon of the Lord God - night and day, I shall follow Him. \|\|1\|\| |
| ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥ | When the seed of the karma of past actions sprouted, I met the Lord; He is both the Enjoyer and the Renunciate. |
| ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥੨॥੨॥੧੧੯॥ | My darkness was dispelled when I met the Lord. O Nanak, after being asleep for countless incarnations, I have awakened. \|\|2\|\|2\|\|119\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਨਿਕਸੁ ਰੇ ਪੰਖੀ ਸਿਮਰਿ ਹਰਿ ਪਾਂਖ ॥ | Come out, O soul-bird, and let the meditative remembrance of the Lord be your wings. |
| ਮਿਲਿ ਸਾਧੂ ਸਰਣਿ ਗਹੁ ਪੂਰਨ ਰਾਮ ਰਤਨੁ ਹੀਅਰੇ ਸੰਗਿ ਰਾਖੁ ॥੧॥ ਰਹਾਉ ॥ | Meet the Holy Saint, take to His Sanctuary, and keep the perfect jewel of the Lord enshrined in your heart. \|\|1\|\|Pause\|\| |
| ਭ੍ਰਮ ਕੀ ਕੂਈ ਤ੍ਰਿਸਨਾ ਰਸ ਪੰਕਜ ਅਤਿ ਤੀਖ੍ਣ ਮੋਹ ਕੀ ਫਾਸ ॥ | Superstition is the well, thirst for pleasure is the mud, and emotional attachment is the noose, so tight around your neck. |
| ਕਾਟਨਹਾਰ ਜਗਤ ਗੁਰ ਗੋਬਿਦ ਚਰਨ ਕਮਲ ਤਾ ਕੇ ਕਰਹੁ ਨਿਵਾਸ ॥੧॥ | The only one who can cut this is the Guru of the World, the Lord of the Universe. So let yourself dwell at His Lotus Feet. \|\|1\|\| |
| ਕਰਿ ਕਿਰਪਾ ਗੋਬਿੰਦ ਪ੍ਰਭ ਪ੍ਰੀਤਮ ਦੀਨਾ ਨਾਥ ਸੁਨਹੁ ਅਰਦਾਸਿ ॥ | Bestow Your Mercy, O Lord of the Universe, O God, My Beloved, Master of the meek - please, listen to my prayer. |
| ਕਰੁ ਗਹਿ ਲੇਹੁ ਨਾਨਕ ਕੇ ਸੁਆਮੀ ਜੀਉ ਪਿੰਡੁ ਸਭੁ ਤੁਮਰੀ ਰਾਸਿ ॥੨॥੩॥੧੨੦॥ | Take my hand, O Lord and Master of Nanak; my body and soul all belong to You. \|\|2\|\|3\|\|120\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਹਰਿ ਪੇਖਨ ਕਉ ਸਿਮਰਤ ਮਨੁ ਮੇਰਾ ॥ | My mind yearns to behold the Lord in meditation. |
| ਆਸ ਪਿਆਸੀ ਚਿਤਵਉ ਦਿਨੁ ਰੈਨੀ ਹੈ ਕੋਈ ਸੰਤੁ ਮਿਲਾਵੈ ਨੇਰਾ ॥੧॥ ਰਹਾਉ ॥ | I think of Him, I hope and thirst for Him, day and night; is there any Saint who may bring Him near me? \|\|1\|\|Pause\|\| |
| ਸੇਵਾ ਕਰਉ ਦਾਸ ਦਾਸਨ ਕੀ ਅਨਿਕ ਭਾਂਤਿ ਤਿਸੁ ਕਰਉ ਨਿਹੋਰਾ ॥ | I serve the slaves of His slaves; in so many ways, I beg of Him. |

| | |
|---|---|
| ਤੁਲਾ ਧਾਰਿ ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ ਥੋਰਾ ॥੧॥ | Setting them upon the scale, I have weighed all comforts and pleasures; without the Lord's Blessed Vision, they are all totally inadequate. ‖1‖ |
| ਸੰਤ ਪ੍ਰਸਾਦਿ ਗਾਏ ਗੁਨ ਸਾਗਰ ਜਨਮ ਜਨਮ ਕੋ ਜਾਤ ਬਹੋਰਾ ॥ | By the Grace of the Saints, I sing the Praises of the Ocean of virtue; after countless incarnations, I have been released. |
| ਆਨਦ ਸੂਖ ਭੇਟਤ ਹਰਿ ਨਾਨਕ ਜਨਮੁ ਕ੍ਰਿਤਾਰਥੁ ਸਫਲੁ ਸਵੇਰਾ ॥੨॥੪॥੧੨੧॥ | Meeting the Lord, Nanak has found peace and bliss; his life is redeemed, and prosperity dawns for him. ‖2‖4‖121‖ |
| ਰਾਗੁ ਗਉੜੀ ਪੂਰਬੀ ਮਹਲਾ ੫ | Raag Gauree Poorbee, Fifth Mehl: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥ | How may I meet my Master, the King, the Lord of the Universe? |
| ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥ | Is there any Saint, who can bestow such celestial peace, and show me the Way to Him? ‖1‖Pause‖ |
| **੨੦੫** | **205** |
| ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥ | The Unseen Lord is deep within the self; He cannot be seen; the curtain of egotism intervenes. |
| ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥ | In emotional attachment to Maya, all the world is asleep. Tell me, how can this doubt be dispelled? ‖1‖ |
| ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥ | The one lives together with the other in the same house, but they do not talk to one another, O Siblings of Destiny. |
| ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥ | Without the one substance, the five are miserable; that substance is in the unapproachable place. ‖2‖ |
| ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥ | And the one whose home it is, has locked it up, and given the key to the Guru. |
| ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥ | You may make all sorts of efforts, but it cannot be obtained, without the Sanctuary of the True Guru. ‖3‖ |

| | |
|---|---|
| ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥ | Those whose bonds have been broken by the True Guru, enshrine love for the Saadh Sangat, the Company of the Holy. |
| ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥ | The self-elect, the self-realized beings, meet together and sing the joyous songs of the Lord. Nanak, there is no difference between them, O Siblings of Destiny. \|\|4\|\| |
| ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥ | This is how my Sovereign Lord King, the Lord of the Universe, is met; |
| ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥ | celestial bliss is attained in an instant, and doubt is dispelled. Meeting Him, my light merges in the Light. \|\|1\|\|Second Pause\|\|1\|\|122\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਐਸੋ ਪਰਚਉ ਪਾਇਓ ॥ | I am intimate with Him; |
| ਕਰੀ ਕ੍ਰਿਪਾ ਦਇਆਲ ਬੀਠੁਲੈ ਸਤਿਗੁਰ ਮੁਝਹਿ ਬਤਾਇਓ ॥੧॥ ਰਹਾਉ ॥ | granting His Grace, my Kind Beloved has told me of the True Guru. \|\|1\|\|Pause\|\| |
| ਜਤ ਕਤ ਦੇਖਉ ਤਤ ਤਤ ਤੁਮ ਹੀ ਮੋਹਿ ਇਹੁ ਬਿਸੁਆਸੁ ਹੋਇ ਆਇਓ ॥ | Wherever I look, there You are; I am totally convinced of this. |
| ਕੈ ਪਹਿ ਕਰਉ ਅਰਦਾਸਿ ਬੇਨਤੀ ਜਉ ਸੁਨਤੋ ਹੈ ਰਘੁਰਾਇਓ ॥੧॥ | Unto whom should I pray? The Lord Himself hears all. \|\|1\|\| |
| ਲਹਿਓ ਸਹਸਾ ਬੰਧਨ ਗੁਰਿ ਤੋਰੇ ਤਾਂ ਸਦਾ ਸਹਜ ਸੁਖੁ ਪਾਇਓ ॥ | My anxiety is over. The Guru has cut away my bonds, and I have found eternal peace. |
| ਹੋਣਾ ਸਾ ਸੋਈ ਫੁਨਿ ਹੋਸੀ ਸੁਖੁ ਦੁਖੁ ਕਹਾ ਦਿਖਾਇਓ ॥੨॥ | Whatever shall be, shall be in the end; so where can pain and pleasure be seen? \|\|2\|\| |
| ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ ॥ | The continents and the solar systems rest in the support of the One Lord. The Guru has removed the veil of illusion, and shown this to me. |
| ਨਉ ਨਿਧਿ ਨਾਮੁ ਨਿਧਾਨੁ ਇਕ ਠਾਈ ਤਉ ਬਾਹਰਿ ਕੈਠੈ ਜਾਇਓ ॥੩॥ | The nine treasures of the wealth of the Name of the Lord are in that one place. Where else should we go? \|\|3\|\| |
| ਏਕੈ ਕਨਿਕ ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ ॥ | The same gold is fashioned into various articles; just so, the Lord has made the many patterns of the creation. |

| | |
|---|---|
| ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ ਮਿਲਾਇਓ ॥੪॥੨॥੧੨੩॥ | Says Nanak, the Guru has dispelled my doubt; in this way, my essence merges into God's essence. \|\|4\|\|2\|\|123\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਅਉਧ ਘਟੈ ਦਿਨਸੁ ਰੈਨਾਰੇ ॥ | This life is diminishing, day and night. |
| ਮਨ ਗੁਰ ਮਿਲਿ ਕਾਜ ਸਵਾਰੇ ॥੧॥ ਰਹਾਉ ॥ | Meeting with the Guru, your affairs shall be resolved. \|\|1\|\|Pause\|\| |
| ਕਰਉ ਬੇਨੰਤੀ ਸੁਨਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥ | Listen, my friends, I beg of you: now is the time to serve the Saints! |
| ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥੧॥ | In this world, earn the profit of the Lord's Name, and hereafter, you shall dwell in peace. \|\|1\|\| |
| ਇਹੁ ਸੰਸਾਰੁ ਬਿਕਾਰੁ ਸਹਸੇ ਮਹਿ ਤਰਿਓ ਬ੍ਰਹਮ ਗਿਆਨੀ ॥ | This world is engrossed in corruption and cynicism. Only those who know God are saved. |
| ਜਿਸਹਿ ਜਗਾਇ ਪੀਆਏ ਹਰਿ ਰਸੁ ਅਕਥ ਕਥਾ ਤਿਨਿ ਜਾਨੀ ॥੨॥ | Those who are awakened by the Lord to drink in this sublime essence, come to know the Unspoken Speech of the Lord. \|\|2\|\| |
| ਜਾ ਕਉ ਆਏ ਸੋਈ ਵਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥ | Purchase only that for which you have come into the world, and through the Guru, the Lord shall dwell within your mind. |
| ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥੩॥ | Within the home of your own inner being, you shall obtain the Mansion of the Lord's Presence with intuitive ease. You shall not be consigned again to the wheel of reincarnation. \|\|3\|\| |
| ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥ | O Inner-knower, Searcher of hearts, Primal Being, Architect of Destiny: please fulfill this yearning of my mind. |
| ਨਾਨਕੁ ਦਾਸੁ ਇਹੀ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥੪॥੩॥੧੨੪॥ | Nanak, Your slave, begs for this happiness: let me be the dust of the feet of the Saints. \|\|4\|\|3\|\|124\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਰਾਖੁ ਪਿਤਾ ਪ੍ਰਭ ਮੇਰੇ ॥ | Save me, O My Father God. |

ਮੋਹਿ ਨਿਰਗੁਨੁ ਸਭ ਗੁਨ ਤੇਰੇ ॥੧॥ ਰਹਾਉ ॥

I am worthless and without virtue; all virtues are Yours. ||1||Pause||

ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ ॥

The five vicious thieves are assaulting my poor being; save me, O Savior Lord!

ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥੧॥

They are tormenting and torturing me. I have come, seeking Your Sanctuary. ||1||

## ੨੦੬

## 206

ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ ॥

Trying all sorts of things, I have grown weary, but still, they will not leave me alone.

ਏਕ ਬਾਤ ਸੁਨਿ ਤਾਕੀ ਓਟਾ ਸਾਧਸੰਗਿ ਮਿਟਿ ਜਾਹੀ ॥੨॥

But I have heard that they can be rooted out, in the Saadh Sangat, the Company of the Holy; and so I seek their Shelter. ||2||

ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ ॥

In their Mercy, the Saints have met me, and from them, I have obtained satisfaction.

ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ ॥੩॥

The Saints have given me the Mantra of the Fearless Lord, and now I practice the Word of the Guru's Shabad. ||3||

ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ ॥

I have now conquered those terrible evil-doers, and my speech is now sweet and sublime.

ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ ॥੪॥੪॥੧੨੫॥

Says Nanak, the Divine Light has dawned within my mind; I have obtained the state of Nirvaanaa. ||4||4||125||

ਗਉੜੀ ਮਹਲਾ ੫ ॥

Gauree, Fifth Mehl:

ਓਹੁ ਅਬਿਨਾਸੀ ਰਾਇਆ ॥

He is the Eternal King.

ਨਿਰਭਉ ਸੰਗਿ ਤੁਮਾਰੈ ਬਸਤੇ ਇਹੁ ਡਰਨੁ ਕਹਾ ਤੇ ਆਇਆ ॥੧॥ ਰਹਾਉ ॥

The Fearless Lord abides with you. So where does this fear come from? ||1||Pause||

ਏਕ ਮਹਲਿ ਤੂੰ ਹੋਹਿ ਅਫਾਰੋ ਏਕ ਮਹਲਿ ਨਿਮਾਨੋ ॥

In one person, You are arrogant and proud, and in another, You are meek and humble.

ਏਕ ਮਹਲਿ ਤੂੰ ਆਪੇ ਆਪੇ ਏਕ ਮਹਲਿ ਗਰੀਬਾਨੋ ॥੧॥

In one person, You are all by Yourself, and in another, You are poor. ||1||

| | |
|---|---|
| ਏਕ ਮਹਲਿ ਤੂੰ ਪੰਡਿਤੁ ਬਕਤਾ ਏਕ ਮਹਲਿ ਖਲੁ ਹੋਤਾ ॥ | In one person, you are a Pandit, a religious scholar and a preacher, and in another, You are just a fool. |
| ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ ਏਕ ਮਹਲਿ ਕਛੂ ਨ ਲੇਤਾ ॥੨॥ | In one person, You grab hold of everything, and in another, You accept nothing. \|\|2\|\| |
| ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥ | What can the poor wooden puppet do? The Master Puppeteer knows everything. |
| ਜੈਸਾ ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ ॥੩॥ | As the Puppeteer dresses the puppet, so is the role the puppet plays. \|\|3\|\| |
| ਅਨਿਕ ਕੋਠਰੀ ਬਹੁਤੁ ਭਾਤਿ ਕਰੀਆ ਆਪਿ ਹੋਆ ਰਖਵਾਰਾ ॥ | The Lord has created the various chambers of assorted descriptions, and He Himself protects them. |
| ਜੈਸੇ ਮਹਲਿ ਰਾਖੈ ਤੈਸੈ ਰਹਨਾ ਕਿਆ ਇਹੁ ਕਰੈ ਬਿਚਾਰਾ ॥੪॥ | As is that vessel in which the Lord places the soul, so does it dwell. What can this poor being do? \|\|4\|\| |
| ਜਿਨਿ ਕਿਛੁ ਕੀਆ ਸੋਈ ਜਾਨੈ ਜਿਨਿ ਇਹ ਸਭ ਬਿਧਿ ਸਾਜੀ ॥ | The One who created the thing, understands it; He has fashioned all of this. |
| ਕਹੁ ਨਾਨਕ ਅਪਰੰਪਰ ਸੁਆਮੀ ਕੀਮਤਿ ਅਪੁਨੇ ਕਾਜੀ ॥੫॥੫॥੧੨੬॥ | Says Nanak, the Lord and Master is Infinite; He alone understands the value of His Creation. \|\|5\|\|5\|\|126\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਛੋਡਿ ਛੋਡਿ ਰੇ ਬਿਖਿਆ ਕੇ ਰਸੂਆ ॥ | Give them up - give up the pleasures of corruption; |
| ਉਰਝਿ ਰਹਿਓ ਰੇ ਬਾਵਰ ਗਾਵਰ ਜਿਉ ਕਿਰਖੈ ਹਰਿਆਇਓ ਪਸੂਆ ॥੧॥ ਰਹਾਉ ॥ | you are entangled in them, you crazy fool, like an animal grazing in the green fields. \|\|1\|\|Pause\|\| |
| ਜੋ ਜਾਨਹਿ ਤੂੰ ਅਪੁਨੇ ਕਾਜੈ ਸੋ ਸੰਗਿ ਨ ਚਾਲੈ ਤੇਰੈ ਤਸੂਆ ॥ | That which you believe to be of use to you, shall not go even an inch with you. |
| ਨਾਗੋ ਆਇਓ ਨਾਗ ਸਿਧਾਸੀ ਫੇਰਿ ਫਿਰਿਓ ਅਰੁ ਕਾਲਿ ਗਰਸੂਆ ॥੧॥ | Naked you came, and naked you shall depart. You shall go round and round the cycle of birth and death, and you shall be food for Death. \|\|1\|\| |
| ਪੇਖਿ ਪੇਖਿ ਰੇ ਕਸੁੰਭ ਕੀ ਲੀਲਾ ਰਾਚਿ ਮਾਚਿ ਤਿਨਹੂੰ ਲਉ ਹਸੂਆ ॥ | Watching, watching the transitory dramas of the world, you are embroiled and enmeshed in them, and you laugh with delight. |

ਛੀਜਤ ਡੋਰਿ ਦਿਨਸੁ ਅਰੁ ਰੈਨੀ ਜੀਅ ਕੋ ਕਾਜੁ ਨ ਕੀਨੋ ਕਛੂਆ ॥੨॥

The string of life is wearing thin, day and night, and you have done nothing for your soul. ||2||

ਕਰਤ ਕਰਤ ਇਵ ਹੀ ਬਿਰਧਾਨੋ ਹਾਰਿਓ ਉਕਤੇ ਤਨੁ ਖੀਨਸੂਆ ॥

Doing your deeds, you have grown old; your voice fails you, and your body has become weak.

ਜਿਉ ਮੋਹਿਓ ਉਨਿ ਮੋਹਨੀ ਬਾਲਾ ਉਸ ਤੇ ਘਟੈ ਨਾਹੀ ਰੁਚ ਚਸੂਆ ॥੩॥

You were enticed by Maya in your youth, and your attachment for it has not diminished, one little bit. ||3||

ਜਗੁ ਐਸਾ ਮੋਹਿ ਗੁਰਹਿ ਦਿਖਾਇਓ ਤਉ ਸਰਣਿ ਪਰਿਓ ਤਜਿ ਗਰਬਸੂਆ ॥

The Guru has shown me that this is the way of the world; I have abandoned the dwelling of pride, and entered Your Sanctuary.

ਮਾਰਗੁ ਪ੍ਰਭ ਕੋ ਸੰਤਿ ਬਤਾਇਓ ਦ੍ਰਿੜੀ ਨਾਨਕ ਦਾਸ ਭਗਤਿ ਹਰਿ ਜਸੂਆ ॥੪॥੬॥੧੨੭॥

The Saint has shown me the Path of God; slave Nanak has implanted devotional worship and the Praise of the Lord. ||4||6||127||

ਗਉੜੀ ਮਹਲਾ ੫ ॥

Gauree, Fifth Mehl:

ਤੁਝ ਬਿਨੁ ਕਵਨੁ ਹਮਾਰਾ ॥

Except for You, who is mine?

ਮੇਰੇ ਪ੍ਰੀਤਮ ਪ੍ਰਾਨ ਅਧਾਰਾ ॥੧॥ ਰਹਾਉ ॥

O my Beloved, You are the Support of the breath of life. ||1||Pause||

ਅੰਤਰ ਕੀ ਬਿਧਿ ਤੁਮ ਹੀ ਜਾਨੀ ਤੁਮ ਹੀ ਸਜਨ ਸੁਹੇਲੇ ॥

You alone know the condition of my inner being. You are my Beautiful Friend.

ਸਰਬ ਸੁਖਾ ਮੈ ਤੁਝ ਤੇ ਪਾਏ ਮੇਰੇ ਠਾਕੁਰ ਅਗਹ ਅਤੋਲੇ ॥੧॥

I receive all comforts from You, O my Unfathomable and Immeasurable Lord and Master. ||1||

## ੨੦੭

## 207

ਬਰਨਿ ਨ ਸਾਕਉ ਤੁਮਰੇ ਰੰਗਾ ਗੁਣ ਨਿਧਾਨ ਸੁਖਦਾਤੇ ॥

I cannot describe Your Manifestations, O Treasure of Excellence, O Giver of peace.

ਅਗਮ ਅਗੋਚਰ ਪ੍ਰਭ ਅਬਿਨਾਸੀ ਪੂਰੇ ਗੁਰ ਤੇ ਜਾਤੇ ॥੨॥

God is Inaccessible, Incomprehensible and Imperishable; He is known through the Perfect Guru. ||2||

ਭ੍ਰਮੁ ਭਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ ॥

My doubt and fear have been taken away, and I have been made pure, since my ego was conquered.

ਜਨਮ ਮਰਣ ਕੋ ਚੂਕੋ ਸਹਸਾ ਸਾਧਸੰਗਤਿ ਦਰਸਾਰੀ ॥੩॥

My fear of birth and death has been abolished, beholding Your Blessed Vision in the Saadh Sangat, the Company of the Holy. ||3||

| | |
|---|---|
| ਚਰਣ ਪਖਾਰਿ ਕਰਉ ਗੁਰ ਸੇਵਾ ਬਾਰਿ ਜਾਉ ਲਖ ਬਰੀਆ ॥ | I wash the Guru's Feet and serve Him; I am a sacrifice to Him, 100,000 times. |
| ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ ਜਨ ਨਾਨਕ ਪ੍ਰਿਅ ਸੰਗਿ ਮਿਰੀਆ ॥੪॥੭॥੧੨੮॥ | By His Grace, servant Nanak has crossed over this terrifying world-ocean; I am united with my Beloved. \|\|4\|\|7\|\|128\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਤੁਝ ਬਿਨੁ ਕਵਨੁ ਰੀਝਾਵੈ ਤੋਹੀ ॥ | Who can please You, except You Yourself? |
| ਤੇਰੋ ਰੂਪੁ ਸਗਲ ਦੇਖਿ ਮੋਹੀ ॥੧॥ ਰਹਾਉ ॥ | Gazing upon Your Beauteous Form, all are entranced. \|\|1\|\|Pause\|\| |
| ਸੁਰਗ ਪਇਆਲ ਮਿਰਤ ਭੂਅ ਮੰਡਲ ਸਰਬ ਸਮਾਨੋ ਏਕੈ ਓਹੀ ॥ | In the heavenly paradise, in the nether regions of the underworld, on the planet earth and throughout the galaxies, the One Lord is pervading everywhere. |
| ਸਿਵ ਸਿਵ ਕਰਤ ਸਗਲ ਕਰ ਜੋਰਹਿ ਸਰਬ ਮਇਆ ਠਾਕੁਰ ਤੇਰੀ ਦੋਹੀ ॥੧॥ | Everyone calls upon You with their palms pressed together, saying, "Shiva, Shiva". O Merciful Lord and Master, everyone cries out for Your Help. \|\|1\|\| |
| ਪਤਿਤ ਪਾਵਨ ਠਾਕੁਰ ਨਾਮੁ ਤੁਮਰਾ ਸੁਖਦਾਈ ਨਿਰਮਲ ਸੀਤਲੋਹੀ ॥ | Your Name, O Lord and Master, is the Purifier of sinners, the Giver of peace, immaculate, cooling and soothing. |
| ਗਿਆਨ ਧਿਆਨ ਨਾਨਕ ਵਡਿਆਈ ਸੰਤ ਤੇਰੇ ਸਿਉ ਗਾਲ ਗਲੋਹੀ ॥੨॥੮॥੧੨੯॥ | O Nanak, spiritual wisdom, meditation and glorious greatness come from dialogue and discourse with Your Saints. \|\|2\|\|8\|\|129\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਮਿਲਹੁ ਪਿਆਰੇ ਜੀਆ ॥ | Meet with me, O my Dear Beloved. |
| ਪ੍ਰਭ ਕੀਆ ਤੁਮਾਰਾ ਥੀਆ ॥੧॥ ਰਹਾਉ ॥ | O God, whatever You do - that alone happens. \|\|1\|\|Pause\|\| |
| ਅਨਿਕ ਜਨਮ ਬਹੁ ਜੋਨੀ ਭ੍ਰਮਿਆ ਬਹੁਰਿ ਬਹੁਰਿ ਦੁਖੁ ਪਾਇਆ ॥ | Wandering around through countless incarnations, I endured pain and suffering in so many lives, over and over again. |
| ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ ਦੇਹੁ ਦਰਸੁ ਹਰਿ ਰਾਇਆ ॥੧॥ | By Your Grace, I obtained this human body; grant me the Blessed Vision of Your Darshan, O Sovereign Lord King. \|\|1\|\| |
| ਸੋਈ ਹੋਆ ਜੋ ਤਿਸੁ ਭਾਣਾ ਅਵਰੁ ਨ ਕਿਨ ਹੀ ਕੀਤਾ ॥ | That which pleases His Will has come to pass; no one else can do anything. |

ਤੁਮਰੈ ਭਾਣੈ ਭਰਮਿ ਮੋਹਿ ਮੋਹਿਆ ਜਾਗਤੁ ਨਾਹੀ ਸੂਤਾ ॥੨॥

By Your Will, enticed by the illusion of emotional attachment, the people are asleep; they do not wake up. ||2||

ਬਿਨਉ ਸੁਨਹੁ ਤੁਮ ਪ੍ਰਾਨਪਤਿ ਪਿਆਰੇ ਕਿਰਪਾ ਨਿਧਿ ਦਇਆਲਾ ॥

Please hear my prayer, O Lord of Life, O Beloved, Ocean of mercy and compassion.

ਰਾਖਿ ਲੇਹੁ ਪਿਤਾ ਪ੍ਰਭ ਮੇਰੇ ਅਨਾਥਹ ਕਰਿ ਪ੍ਰਤਿਪਾਲਾ ॥੩॥

Save me, O my Father God. I am an orphan - please, cherish me! ||3||

ਜਿਸ ਨੋ ਤੁਮਹਿ ਦਿਖਾਇਓ ਦਰਸਨੁ ਸਾਧਸੰਗਤਿ ਕੈ ਪਾਛੈ ॥

You reveal the Blessed Vision of Your Darshan, for the sake of the Saadh Sangat, the Company of the Holy.

ਕਰਿ ਕਿਰਪਾ ਧੂਰਿ ਦੇਹੁ ਸੰਤਨ ਕੀ ਸੁਖੁ ਨਾਨਕੁ ਇਹੁ ਬਾਛੈ ॥੪॥੯॥੧੩੦॥

Grant Your Grace, and bless us with the dust of the feet of the Saints; Nanak yearns for this peace. ||4||9||130||

ਗਉੜੀ ਮਹਲਾ ੫ ॥

Gauree, Fifth Mehl:

ਹਉ ਤਾ ਕੈ ਬਲਿਹਾਰੀ ॥

I am a sacrifice to those

ਜਾ ਕੈ ਕੇਵਲ ਨਾਮੁ ਅਧਾਰੀ ॥੧॥ ਰਹਾਉ ॥

who take the Support of the Naam. ||1||Pause||

ਮਹਿਮਾ ਤਾ ਕੀ ਕੇਤਕ ਗਨੀਐ ਜਨ ਪਾਰਬ੍ਰਹਮ ਰੰਗਿ ਰਾਤੇ ॥

How can I recount the praises of those humble beings who are attuned to the Love of the Supreme Lord God?

ਸੂਖ ਸਹਜ ਆਨੰਦ ਤਿਨਾ ਸੰਗਿ ਉਨ ਸਮਸਰਿ ਅਵਰ ਨ ਦਾਤੇ ॥੧॥

Peace, intuitive poise and bliss are with them. There are no other givers equal to them. ||1||

ਜਗਤ ਉਧਾਰਣ ਸੇਈ ਆਏ ਜੋ ਜਨ ਦਰਸ ਪਿਆਸਾ ॥

They have come to save the world - those humble beings who thirst for His Blessed Vision.

ਉਨ ਕੀ ਸਰਣਿ ਪਰੈ ਸੋ ਤਰਿਆ ਸੰਤਸੰਗਿ ਪੂਰਨ ਆਸਾ ॥੨॥

Those who seek their Sanctuary are carried across; in the Society of the Saints, their hopes are fulfilled. ||2||

ਤਾ ਕੈ ਚਰਣਿ ਪਰਉ ਤਾ ਜੀਵਾ ਜਨ ਕੈ ਸੰਗਿ ਨਿਹਾਲਾ ॥

If I fall at their Feet, then I live; associating with those humble beings, I remain happy.

ਭਗਤਨ ਕੀ ਰੇਣੁ ਹੋਇ ਮਨੁ ਮੇਰਾ ਹੋਹੁ ਪ੍ਰਭੁ ਕਿਰਪਾਲਾ ॥੩॥

O God, please be merciful to me, that my mind might become the dust of the feet of Your devotees. ||3||

ਰਾਜੁ ਜੋਬਨੁ ਅਵਧ ਜੋ ਦੀਸੈ ਸਭੁ ਕਿਛੁ ਜੁਗ ਮਹਿ ਘਾਟਿਆ ॥

Power and authority, youth and age - whatever is seen in this world, all of it shall fade away.

| | |
|---|---|
| ਨਾਮੁ ਨਿਧਾਨੁ ਸਦ ਨਵਤਨੁ ਨਿਰਮਲੁ ਇਹੁ ਨਾਨਕ ਹਰਿ ਧਨੁ ਖਾਟਿਆ ॥੪॥੧੦॥੧੩੧॥ | The treasure of the Naam, the Name of the Lord, is forever new and immaculate. Nanak has earned this wealth of the Lord. ‖4‖10‖131‖ |
| **੨੦੮** | **208** |
| ਗਉੜੀ ਮਹਲਾ ੫ ॥ | Gauree, Fifth Mehl: |
| ਜੋਗ ਜੁਗਤਿ ਸੁਨਿ ਆਇਓ ਗੁਰ ਤੇ ॥ | I came to the Guru, to learn the Way of Yoga. |
| ਮੋ ਕਉ ਸਤਿਗੁਰ ਸਬਦਿ ਬੁਝਾਇਓ ॥੧॥ ਰਹਾਉ ॥ | The True Guru has revealed it to me through the Word of the Shabad. ‖1‖Pause‖ |
| ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ ਨਿਮਖ ਨਿਮਖ ਨਮਸਕਾਰਾ ॥ | He is contained in the nine continents of the world, and within this body; each and every moment, I humbly bow to Him. |
| ਦੀਖਿਆ ਗੁਰ ਕੀ ਮੁੰਦ੍ਰਾ ਕਾਨੀ ਦ੍ਰਿੜਿਓ ਏਕੁ ਨਿਰੰਕਾਰਾ ॥੧॥ | I have made the Guru's Teachings my ear-rings, and I have enshrined the One Formless Lord within my being. ‖1‖ |
| ਪੰਚ ਚੇਲੇ ਮਿਲਿ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ ॥ | I have brought the five disciples together, and they are now under the control of the one mind. |
| ਦਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ ॥੨॥ | When the ten hermits become obedient to the Lord, then I became an immaculate Yogi. ‖2‖ |
| ਭਰਮੁ ਜਰਾਇ ਚਰਾਈ ਬਿਭੂਤਾ ਪੰਥੁ ਏਕੁ ਕਰਿ ਪੇਖਿਆ ॥ | I have burnt my doubt, and smeared my body with the ashes. My path is to see the One and Only Lord. |
| ਸਹਜ ਸੂਖ ਸੋ ਕੀਨੀ ਭੁਗਤਾ ਜੋ ਠਾਕੁਰਿ ਮਸਤਕਿ ਲੇਖਿਆ ॥੩॥ | I have made that intuitive peace my food; the Lord Master has written this pre-ordained destiny upon my forehead. ‖3‖ |
| ਜਹ ਭਉ ਨਾਹੀ ਤਹਾ ਆਸਨੁ ਬਾਧਿਓ ਸਿੰਗੀ ਅਨਹਤ ਬਾਨੀ ॥ | In that place where there is no fear, I have assumed my Yogic posture. The unstruck melody of His Bani is my horn. |
| ਤਤੁ ਬੀਚਾਰੁ ਡੰਡਾ ਕਰਿ ਰਾਖਿਓ ਜੁਗਤਿ ਨਾਮੁ ਮਨਿ ਭਾਨੀ ॥੪॥ | I have made contemplation upon the essential reality my Yogic staff. The Love of the Name in my mind is my Yogic lifestyle. ‖4‖ |
| ਐਸਾ ਜੋਗੀ ਵਡਭਾਗੀ ਭੇਟੈ ਮਾਇਆ ਕੇ ਬੰਧਨ ਕਾਟੈ ॥ | By great good fortune, such a Yogi is met, who cuts away the bonds of Maya. |

| | |
|---|---|
| ਸੇਵਾ ਪੂਜ ਕਰਉ ਤਿਸੁ ਮੂਰਤਿ ਕੀ ਨਾਨਕੁ ਤਿਸੁ ਪਗ ਚਾਟੈ ॥੫॥੧੧॥੧੩੨॥ | Nanak serves and adores this wondrous person, and kisses his feet. \|\|5\|\|11\|\|132\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਅਨੂਪ ਪਦਾਰਥੁ ਨਾਮੁ ਸੁਨਹੁ ਸਗਲ ਧਿਆਇਲੇ ਮੀਤਾ ॥ | The Naam, the Name of the Lord, is an incomparably beautiful treasure. Listen, everyone, and meditate on it, O friends. |
| ਹਰਿ ਅਉਖਧੁ ਜਾ ਕਉ ਗੁਰਿ ਦੀਆ ਤਾ ਕੇ ਨਿਰਮਲ ਚੀਤਾ ॥੧॥ ਰਹਾਉ ॥ | Those, unto whom the Guru has given the Lord’s medicine - their minds become pure and immaculate. \|\|1\|\|Pause\|\| |
| ਅੰਧਕਾਰੁ ਮਿਟਿਓ ਤਿਹ ਤਨ ਤੇ ਗੁਰਿ ਸਬਦਿ ਦੀਪਕੁ ਪਰਗਾਸਾ ॥ | Darkness is dispelled from within that body, in which the Divine Light of the Guru’s Shabad shines. |
| ਭ੍ਰਮ ਕੀ ਜਾਲੀ ਤਾ ਕੀ ਕਾਟੀ ਜਾ ਕਉ ਸਾਧਸੰਗਤਿ ਬਿਸ੍ਵਾਸਾ ॥੧॥ | The noose of doubt is cut away from those who place their faith in the Saadh Sangat, the Company of the Holy. \|\|1\|\| |
| ਤਾਰੀਲੇ ਭਵਜਲੁ ਤਾਰੂ ਬਿਖੜਾ ਬੋਹਿਥ ਸਾਧੂ ਸੰਗਾ ॥ | The treacherous and terrifying world-ocean is crossed over, in the boat of the Saadh Sangat. |
| ਪੂਰਨ ਹੋਈ ਮਨ ਕੀ ਆਸਾ ਗੁਰੁ ਭੇਟਿਓ ਹਰਿ ਰੰਗਾ ॥੨॥ | My mind’s desires are fulfilled, meeting the Guru, in love with the Lord. \|\|2\|\| |
| ਨਾਮ ਖਜਾਨਾ ਭਗਤੀ ਪਾਇਆ ਮਨ ਤਨ ਤ੍ਰਿਪਤਿ ਅਘਾਏ ॥ | The devotees have found the treasure of the Naam; their minds and bodies are satisfied and satiated. |
| ਨਾਨਕ ਹਰਿ ਜੀਉ ਤਾ ਕਉ ਦੇਵੈ ਜਾ ਕਉ ਹੁਕਮੁ ਮਨਾਏ ॥੩॥੧੨॥੧੩੩॥ | O Nanak, the Dear Lord gives it only to those who surrender to the Lord’s Command. \|\|3\|\|12\|\|133\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਦਇਆ ਮਇਆ ਕਰਿ ਪ੍ਰਾਨਪਤਿ ਮੋਰੇ ਮੋਹਿ ਅਨਾਥ ਸਰਣਿ ਪ੍ਰਭ ਤੋਰੀ ॥ | Please be kind and compassionate, O Lord of my life; I am helpless, and I seek Your Sanctuary, God. |
| ਅੰਧ ਕੂਪ ਮਹਿ ਹਾਥ ਦੇ ਰਾਖਹੁ ਕਛੂ ਸਿਆਨਪ ਉਕਤਿ ਨ ਮੋਰੀ ॥੧॥ ਰਹਾਉ ॥ | Please, give me Your Hand, and lift me up, out of the deep dark pit. I have no clever tricks at all. \|\|1\|\|Pause\|\| |
| ਕਰਨ ਕਰਾਵਨ ਸਭ ਕਿਛੁ ਤੁਮ ਹੀ ਤੁਮ ਸਮਰਥ ਨਾਹੀ ਅਨ ਹੋਰੀ ॥ | You are the Doer, the Cause of causes - You are everything. You are All-powerful; there is no other than You. |

| | |
|---|---|
| ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ਸੇ ਸੇਵਕ ਜਿਨ ਭਾਗ ਮਥੋਰੀ ॥੧॥ | You alone know Your condition and extent. They alone become Your servants, upon whose foreheads such good destiny is recorded. \|\|1\|\| |
| ਅਪੁਨੇ ਸੇਵਕ ਸੰਗਿ ਤੁਮ ਪ੍ਰਭ ਰਾਤੇ ਓਤਿ ਪੋਤਿ ਭਗਤਨ ਸੰਗਿ ਜੋਰੀ ॥ | You are imbued with Your servant, God; Your devotees are woven into Your Fabric, through and through. |
| ਪ੍ਰਿਉ ਪ੍ਰਿਉ ਨਾਮੁ ਤੇਰਾ ਦਰਸਨੁ ਚਾਹੈ ਜੈਸੇ ਦ੍ਰਿਸਟਿ ਓਹ ਚੰਦ ਚਕੋਰੀ ॥੨॥ | O Darling Beloved, they yearn for Your Name and the Blessed Vision of Your Darshan, like the chakvee bird which longs to see the moon. \|\|2\|\| |
| ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ਏਕੁ ਜਨੁ ਕਈ ਮਹਿ ਲਾਖ ਕਰੋਰੀ ॥ | Between the Lord and His Saint, there is no difference at all. Among hundreds of thousands and millions, there is scarcely one humble being. |
| ਜਾ ਕੈ ਹੀਐ ਪ੍ਰਗਟੁ ਪ੍ਰਭੁ ਹੋਆ ਅਨਦਿਨੁ ਕੀਰਤਨੁ ਰਸਨ ਰਮੋਰੀ ॥੩॥ | Those whose hearts are illuminated by God, sing the Kirtan of His Praises night and day with their tongues. \|\|3\|\| |
| ਤੁਮ ਸਮਰਥ ਅਪਾਰ ਅਤਿ ਊਚੇ ਸੁਖਦਾਤੇ ਪ੍ਰਭ ਪ੍ਰਾਨ ਅਧੋਰੀ ॥ | You are All-powerful and Infinite, the most lofty and exalted, the Giver of peace; O God, You are the Support of the breath of life. |
| ਨਾਨਕ ਕਉ ਪ੍ਰਭ ਕੀਜੈ ਕਿਰਪਾ ਉਨ ਸੰਤਨ ਕੈ ਸੰਗਿ ਸੰਗੋਰੀ ॥੪॥੧੩॥੧੩੪॥ | Please show mercy to Nanak, O God, that he may remain in the Society of the Saints. \|\|4\|\|13\|\|134\|\| |

## ੨੦੯ / 209

| | |
|---|---|
| ਗਉੜੀ ਮਹਲਾ ੫ ॥ | Gauree, Fifth Mehl: |
| ਤੁਮ ਹਰਿ ਸੇਤੀ ਰਾਤੇ ਸੰਤਹੁ ॥ | O Saint, You are attuned to the Lord. |
| ਨਿਬਾਹਿ ਲੇਹੁ ਮੋ ਕਉ ਪੁਰਖ ਬਿਧਾਤੇ ਓੜਿ ਪਹੁਚਾਵਹੁ ਦਾਤੇ ॥੧॥ ਰਹਾਉ ॥ | Please stand my me, Architect of Destiny; please take me to my destination, Great Giver. \|\|1\|\|Pause\|\| |
| ਤੁਮਰਾ ਮਰਮੁ ਤੁਮਾ ਹੀ ਜਾਨਿਆ ਤੁਮ ਪੂਰਨ ਪੁਰਖ ਬਿਧਾਤੇ ॥ | You alone know Your mystery; You are the Perfect Architect of Destiny. |
| ਰਾਖਹੁ ਸਰਣਿ ਅਨਾਥ ਦੀਨ ਕਉ ਕਰਹੁ ਹਮਾਰੀ ਗਾਤੇ ॥੧॥ | I am a helpless orphan - please keep me under Your Protection and save me. \|\|1\|\| |
| ਤਰਣ ਸਾਗਰ ਬੋਹਿਥ ਚਰਣ ਤੁਮਾਰੇ ਤੁਮ ਜਾਨਹੁ ਅਪੁਨੀ ਭਾਤੇ ॥ | Your Feet are the boat to carry us across the world-ocean; You alone know Your ways. |

| | |
|---|---|
| ਕਰਿ ਕਿਰਪਾ ਜਿਸੁ ਰਾਖਹੁ ਸੰਗੇ ਤੇ ਤੇ ਪਾਰਿ ਪਰਾਤੇ ॥੨॥ | Those whom You keep protected, by Your Kindness, cross over to the other side. \|\|2\|\| |
| ਈਤ ਊਤ ਪ੍ਰਭ ਤੁਮ ਸਮਰਥਾ ਸਭੁ ਕਿਛੁ ਤੁਮਰੈ ਹਾਥੇ ॥ | Here and hereafter, God, You are All-powerful; everything is in Your Hands. |
| ਐਸਾ ਨਿਧਾਨੁ ਦੇਹੁ ਮੋ ਕਉ ਹਰਿ ਜਨ ਚਲੈ ਹਮਾਰੈ ਸਾਥੇ ॥੩॥ | Please give me that treasure, which will go along with me, O servant of the Lord. \|\|3\|\| |
| ਨਿਰਗੁਨੀਆਰੇ ਕਉ ਗੁਨੁ ਕੀਜੈ ਹਰਿ ਨਾਮੁ ਮੇਰਾ ਮਨੁ ਜਾਪੇ ॥ | I am without virtue - please bless me with virtue, so that my mind might chant the Name of the Lord. |
| ਸੰਤ ਪ੍ਰਸਾਦਿ ਨਾਨਕ ਹਰਿ ਭੇਟੇ ਮਨ ਤਨ ਸੀਤਲ ਧ੍ਰਾਪੇ ॥੪॥੧੪॥੧੩੫॥ | By the Grace of the Saints, Nanak has met the Lord; his mind and body are soothed and satisfied. \|\|4\|\|14\|\|135\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਸਹਜਿ ਸਮਾਇਓ ਦੇਵ ॥ | I am intuitively absorbed in the Divine Lord. |
| ਮੋ ਕਉ ਸਤਿਗੁਰ ਭਏ ਦਇਆਲ ਦੇਵ ॥੧॥ ਰਹਾਉ ॥ | The Divine True Guru has become Merciful to me. \|\|1\|\|Pause\|\| |
| ਕਾਟਿ ਜੇਵਰੀ ਕੀਓ ਦਾਸਰੋ ਸੰਤਨ ਟਹਲਾਇਓ ॥ | Cutting away the halter, He has made me His slave, and now I work for the Saints. |
| ਏਕ ਨਾਮ ਕੋ ਥੀਓ ਪੂਜਾਰੀ ਮੋ ਕਉ ਅਚਰਜੁ ਗੁਰਹਿ ਦਿਖਾਇਓ ॥੧॥ | I have become a worshipper of the One Name; the Guru has shown me this amazing wonder. \|\|1\|\| |
| ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ ॥ | The Divine Light has dawned, and everything is illuminated; the Guru has revealed this spiritual wisdom to my mind. |
| ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ ॥੨॥ | Drinking deeply of the Ambrosial Naam, the Name of the Lord, my mind is satisfied, and my fears have been vanquished. \|\|2\|\| |
| ਮਾਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ ॥ | Accepting the Command of the Lord’s Will, I have found total peace; the home of suffering has been destroyed. |
| ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ ਸਭੁ ਆਨਦ ਰੂਪੁ ਦਿਖਾਇਓ ॥੩॥ | When God, our Lord and Master was totally pleased, He revealed everything in the form of ecstasy. \|\|3\|\| |

| | |
|---|---|
| ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ ॥ | Nothing comes, and nothing goes; this play is all set in motion by the Lord, the Sovereign King. |
| ਕਹੁ ਨਾਨਕ ਅਗਮ ਅਗਮ ਹੈ ਠਾਕੁਰ ਭਗਤ ਟੇਕ ਹਰਿ ਨਾਇਓ ॥੪॥੧੫॥੧੩੬॥ | Says Nanak, our Lord and Master is inaccessible and unfathomable. The Lord's devotees take His Name as their Support. \|\|4\|\|15\|\|136\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਪਾਰਬ੍ਰਹਮ ਪੂਰਨ ਪਰਮੇਸੁਰ ਮਨ ਤਾ ਕੀ ਓਟ ਗਹੀਜੈ ਰੇ ॥ | He is the Supreme Lord God, the Perfect Transcendent Lord; O my mind, hold tight to the Support of the One |
| ਜਿਨਿ ਧਾਰੇ ਬ੍ਰਹਮੰਡ ਖੰਡ ਹਰਿ ਤਾ ਕੋ ਨਾਮੁ ਜਪੀਜੈ ਰੇ ॥੧॥ ਰਹਾਉ ॥ | who established the solar systems and galaxies. Chant the Name of that Lord. \|\|1\|\|Pause\|\| |
| ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ ॥ | Renounce the intellectual cleverness of your mind, O humble servants of the Lord; understanding the Hukam of His Command, peace is found. |
| ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ ॥੧॥ | Whatever God does, accept that with pleasure; in comfort and in suffering, meditate on Him. \|\|1\|\| |
| ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ ॥ | The Creator emancipates millions of sinners in an instant, without a moment's delay. |
| ਦੀਨ ਦਰਦ ਦੁਖ ਭੰਜਨ ਸੁਆਮੀ ਜਿਸੁ ਭਾਵੈ ਤਿਸਹਿ ਨਿਵਾਜੈ ਰੇ ॥੨॥ | The Lord, the Destroyer of the pain and sorrow of the poor, blesses those with whom He is pleased. \|\|2\|\| |
| ਸਭ ਕੋ ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰੁ ਰੇ ॥ | He is Mother and Father, the Cherisher of all; He is the Breath of life of all beings, the Ocean of peace. |
| ਦੇਂਦੇ ਤੋਟਿ ਨਾਹੀ ਤਿਸੁ ਕਰਤੇ ਪੂਰਿ ਰਹਿਓ ਰਤਨਾਗਰੁ ਰੇ ॥੩॥ | While giving so generously, the Creator does not diminish at all. The Source of jewels, He is All-pervading. \|\|3\|\| |
| ਜਾਚਿਕੁ ਜਾਚੈ ਨਾਮੁ ਤੇਰਾ ਸੁਆਮੀ ਘਟ ਘਟ ਅੰਤਰਿ ਸੋਈ ਰੇ ॥ | The beggar begs for Your Name, O Lord and Master; God is contained deep within the nucleus of each and every heart. |
| ਨਾਨਕੁ ਦਾਸੁ ਤਾ ਕੀ ਸਰਣਾਈ ਜਾ ਤੇ ਬ੍ਰਿਥਾ ਨ ਕੋਈ ਰੇ ॥੪॥੧੬॥੧੩੭॥ | Slave Nanak has entered His Sanctuary; no one returns from Him empty-handed. \|\|4\|\|16\|\|137\|\| |

## ੨੧੦

## 210

ਰਾਗੁ ਗਉੜੀ ਪੂਰਬੀ ਮਹਲਾ ੫
ੴ ਸਤਿਗੁਰ ਪ੍ਰਸਾਦਿ ॥

Raag Gauree Poorbee, Fifth Mehl:

One Universal Creator God.
By The Grace Of The True Guru:

ਹਰਿ ਹਰਿ ਕਬਹੂ ਨ ਮਨਹੁ ਬਿਸਾਰੇ ॥

Never forget the Lord, Har, Har, from your mind.

ਈਹਾ ਊਹਾ ਸਰਬ ਸੁਖਦਾਤਾ ਸਗਲ ਘਟਾ ਪ੍ਰਤਿਪਾਰੇ ॥੧॥ ਰਹਾਉ ॥

Here and hereafter, He is the Giver of all peace. He is the Cherisher of all hearts. ||1||Pause||

ਮਹਾ ਕਸਟ ਕਾਟੈ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ ॥

He removes the most terrible pains in an instant, if the tongue repeats His Name.

ਸੀਤਲ ਸਾਂਤਿ ਸੂਖ ਹਰਿ ਸਰਣੀ ਜਲਤੀ ਅਗਨਿ ਨਿਵਾਰੇ ॥੧॥

In the Lord's Sanctuary there is soothing coolness, peace and tranquility. He has extinguished the burning fire. ||1||

ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ ॥

He saves us from the hellish pit of the womb, and carries us across the terrifying world-ocean.

ਚਰਨ ਕਮਲ ਆਰਾਧਤ ਮਨ ਮਹਿ ਜਮ ਕੀ ਤ੍ਰਾਸ ਬਿਦਾਰੇ ॥੨॥

Adoring His Lotus Feet in the mind, the fear of death is banished. ||2||

ਪੂਰਨ ਪਾਰਬ੍ਰਹਮ ਪਰਮੇਸੁਰ ਊਚਾ ਅਗਮ ਅਪਾਰੇ ॥

He is the Perfect, Supreme Lord God, the Transcendent Lord, lofty, unfathomable and infinite.

ਗੁਣ ਗਾਵਤ ਧਿਆਵਤ ਸੁਖ ਸਾਗਰ ਜੂਏ ਜਨਮੁ ਨ ਹਾਰੇ ॥੩॥

Singing His Glorious Praises, and meditating on the Ocean of peace, one's life is not lost in the gamble. ||3||

ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨੋ ਨਿਰਗੁਣ ਕੇ ਦਾਤਾਰੇ ॥

My mind is engrossed in sexual desire, anger, greed and attachment, O Giver to the unworthy.

ਕਰਿ ਕਿਰਪਾ ਅਪੁਨੋ ਨਾਮੁ ਦੀਜੈ ਨਾਨਕ ਸਦ ਬਲਿਹਾਰੇ ॥੪॥੧॥੧੩੮॥

Please grant Your Grace, and bless me with Your Name; Nanak is forever a sacrifice to You. ||4||1||138||

ਰਾਗੁ ਗਉੜੀ ਚੇਤੀ ਮਹਲਾ ੫
ੴ ਸਤਿਗੁਰ ਪ੍ਰਸਾਦਿ ॥

Raag Gauree Chaytee, Fifth Mehl:

One Universal Creator God.
By The Grace Of The True Guru:

ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥

There is no peace without devotional worship of the Lord.

ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧਸੰਗਤਿ ਜਪਿ ਇਕ ਖਿਨਾ ॥੧॥ ਰਹਾਉ ॥

Be victorious, and win the priceless jewel of this human life, by meditating on Him in the Saadh Sangat, the Company of the Holy, even for an instant. ||1||Pause||

| | |
|---|---|
| ਸੁਤ ਸੰਪਤਿ ਬਨਿਤਾ ਬਿਨੋਦ ॥<br>ਛੋਡਿ ਗਏ ਬਹੁ ਲੋਗ ਭੋਗ ॥੧॥ | Many have renounced and left their children, wealth, spouses, joyful games and pleasures. \|\|1\|\| |
| ਹੈਵਰ ਗੈਵਰ ਰਾਜ ਰੰਗ ॥ | Horses, elephants and the pleasures of power |
| ਤਿਆਗਿ ਚਲਿਓ ਹੈ ਮੂੜ ਨੰਗ ॥੨॥ | - leaving these behind, the fool must depart naked. \|\|2\|\| |
| ਚੋਆ ਚੰਦਨ ਦੇਹ ਫੂਲਿਆ ॥ | The body, scented with musk and sandalwood |
| ਸੋ ਤਨੁ ਧਰ ਸੰਗਿ ਰੂਲਿਆ ॥੩॥ | - that body shall come to roll in the dust. \|\|3\|\| |
| ਮੋਹਿ ਮੋਹਿਆ ਜਾਨੈ ਦੂਰਿ ਹੈ ॥ | Infatuated with emotional attachment, they think that God is far away. |
| ਕਹੁ ਨਾਨਕ ਸਦਾ ਹਦੂਰਿ ਹੈ ॥੪॥੧॥੧੩੯॥ | Says Nanak, he is Ever-present! \|\|4\|\|1\|\|139\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਮਨ ਧਰ ਤਰਬੇ ਹਰਿ ਨਾਮ ਨੋ ॥ | O mind, cross over with the Support of the Lord's Name. |
| ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ ਪਾਰ ਗਰਾਮਨੋ ॥੧॥ ਰਹਾਉ ॥ | The Guru is the boat to carry you across the world-ocean, through the waves of cynicism and doubt. \|\|1\|\|Pause\|\| |
| ਕਲਿ ਕਾਲਖ ਅੰਧਿਆਰੀਆ ॥ | In this Dark Age of Kali Yuga, there is only pitch darkness. |
| ਗੁਰ ਗਿਆਨ ਦੀਪਕ ਉਜਿਆਰੀਆ ॥੧॥ | The lamp of the Guru's spiritual wisdom illuminates and enlightens. \|\|1\|\| |
| ਬਿਖੁ ਬਿਖਿਆ ਪਸਰੀ ਅਤਿ ਘਨੀ ॥ | The poison of corruption is spread out far and wide. |
| ਉਬਰੇ ਜਪਿ ਜਪਿ ਹਰਿ ਗੁਨੀ ॥੨॥ | Only the virtuous are saved, chanting and meditating on the Lord. \|\|2\|\| |
| ਮਤਵਾਰੋ ਮਾਇਆ ਸੋਇਆ ॥ | Intoxicated with Maya, the people are asleep. |
| ਗੁਰ ਭੇਟਤ ਭ੍ਰਮੁ ਭਉ ਖੋਇਆ ॥੩॥ | Meeting the Guru, doubt and fear are dispelled. \|\|3\|\| |
| ਕਹੁ ਨਾਨਕ ਏਕੁ ਧਿਆਇਆ ॥ | Says Nanak, meditate on the One Lord; |
| ਘਟਿ ਘਟਿ ਨਦਰੀ ਆਇਆ ॥੪॥੨॥੧੪੦॥ | behold Him in each and every heart. \|\|4\|\|2\|\|140\|\| |

| | |
|---|---|
| ਗਉੜੀ ਮਹਲਾ ੫ ॥ | Gauree, Fifth Mehl: |
| ਦੀਬਾਨੁ ਹਮਾਰੋ ਤੁਹੀ ਏਕ ॥ | You alone are my Chief Advisor. |
| ਸੇਵਾ ਥਾਰੀ ਗੁਰਹਿ ਟੇਕ ॥੧॥ ਰਹਾਉ ॥ | I serve You with the Support of the Guru. \|\|1\|\|Pause\|\| |
| ਅਨਿਕ ਜੁਗਤਿ ਨਹੀ ਪਾਇਆ ॥ | By various devices, I could not find You. |
| ਗੁਰਿ ਚਾਕਰ ਲੈ ਲਾਇਆ ॥੧॥ | Taking hold of me, the Guru has made me Your slave. \|\|1\|\| |
| ਮਾਰੇ ਪੰਚ ਬਿਖਾਦੀਆ ॥ | I have conquered the five tyrants. |
| ਗੁਰ ਕਿਰਪਾ ਤੇ ਦਲੁ ਸਾਧਿਆ ॥੨॥ | By Guru's Grace, I have vanquished the army of evil. \|\|2\|\| |
| ਬਖਸੀਸ ਵਜਹੁ ਮਿਲਿ ਏਕੁ ਨਾਮ ॥ | I have received the One Name as His bounty and blessing. |
| ਸੂਖ ਸਹਜ ਆਨੰਦ ਬਿਸ੍ਰਾਮ ॥੩॥ | Now, I dwell in peace, poise and bliss. \|\|3\|\| |
| **੨੧੧** | **211** |
| ਪ੍ਰਭ ਕੇ ਚਾਕਰ ਸੇ ਭਲੇ ॥ | The slaves of God are good. |
| ਨਾਨਕ ਤਿਨ ਮੁਖ ਊਜਲੇ ॥੪॥੩॥੧੪੧॥ | O Nanak, their faces are radiant. \|\|4\|\|3\|\|141\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਜੀਅਰੇ ਓਲ੍ਹਾ ਨਾਮ ਕਾ ॥ | Hey, soul: your only Support is the Naam, the Name of the Lord. |
| ਅਵਰੁ ਜਿ ਕਰਨ ਕਰਾਵਨੋ ਤਿਨ ਮਹਿ ਭਉ ਹੈ ਜਾਮ ਕਾ ॥੧॥ ਰਹਾਉ ॥ | Whatever else you do or make happen, the fear of death still hangs over you. \|\|1\|\|Pause\|\| |
| ਅਵਰ ਜਤਨਿ ਨਹੀ ਪਾਈਐ ॥ | He is not obtained by any other efforts. |
| ਵਡੈ ਭਾਗਿ ਹਰਿ ਧਿਆਈਐ ॥੧॥ | By great good fortune, meditate on the Lord. \|\|1\|\| |
| ਲਾਖ ਹਿਕਮਤੀ ਜਾਨੀਐ ॥ | You may know hundreds of thousands of clever tricks, |
| ਆਗੈ ਤਿਲੁ ਨਹੀ ਮਾਨੀਐ ॥੨॥ | but not even one will be of any use at all hereafter. \|\|2\|\| |
| ਅਹੰਬੁਧਿ ਕਰਮ ਕਮਾਵਨੇ ॥ ਗ੍ਰਿਹ ਬਾਲੂ ਨੀਰਿ ਬਹਾਵਨੇ ॥੩॥ | Good deeds done in the pride of ego are swept away, like the house of sand by water. \|\|3\|\| |
| ਪ੍ਰਭੁ ਕ੍ਰਿਪਾਲੁ ਕਿਰਪਾ ਕਰੈ ॥ | When God the Merciful shows His Mercy, |

| | |
|---|---|
| ਨਾਮੁ ਨਾਨਕ ਸਾਧੂ ਸੰਗਿ ਮਿਲੈ ॥੪॥੪॥੧੪੨॥ | Nanak receives the Naam in the Saadh Sangat, the Company of the Holy. \|\|4\|\|4\|\|142\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਬਾਰਨੈ ਬਲਿਹਾਰਨੈ ਲਖ ਬਰੀਆ ॥ | I am a sacrifice, dedicated hundreds of thousands of times, to my Lord and Master. |
| ਨਾਮੋ ਹੋ ਨਾਮੁ ਸਾਹਿਬ ਕੋ ਪ੍ਰਾਨ ਅਧਰੀਆ ॥੧॥ ਰਹਾਉ ॥ | His Name, and His Name alone, is the Support of the breath of life. \|\|1\|\|Pause\|\| |
| ਕਰਨ ਕਰਾਵਨ ਤੁਹੀ ਏਕ ॥ | You alone are the Doer, the Cause of causes. |
| ਜੀਅ ਜੰਤ ਕੀ ਤੁਹੀ ਟੇਕ ॥੧॥ | You are the Support of all beings and creatures. \|\|1\|\| |
| ਰਾਜ ਜੋਬਨ ਪ੍ਰਭ ਤੂੰ ਧਨੀ ॥ ਤੂੰ ਨਿਰਗੁਨ ਤੂੰ ਸਰਗੁਨੀ ॥੨॥ | O God, You are my power, authority and youth. You are absolute, without attributes, and also related, with the most sublime attributes. \|\|2\|\| |
| ਈਹਾ ਊਹਾ ਤੁਮ ਰਖੇ ॥ | Here and hereafter, You are my Savior and Protector. |
| ਗੁਰ ਕਿਰਪਾ ਤੇ ਕੋ ਲਖੇ ॥੩॥ | By Guru's Grace, some understand You. \|\|3\|\| |
| ਅੰਤਰਜਾਮੀ ਪ੍ਰਭ ਸੁਜਾਨੁ ॥ | God is All-knowing, the Inner-knower, the Searcher of hearts. |
| ਨਾਨਕ ਤਕੀਆ ਤੁਹੀ ਤਾਣੁ ॥੪॥੫॥੧੪੩॥ | You are Nanak's strength and support. \|\|4\|\|5\|\|143\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਹਰਿ ਹਰਿ ਹਰਿ ਆਰਾਧੀਐ ॥ | Worship and adore the Lord, Har, Har, Har. |
| ਸੰਤਸੰਗਿ ਹਰਿ ਮਨਿ ਵਸੈ ਭਰਮੁ ਮੋਹੁ ਭਉ ਸਾਧੀਐ ॥੧॥ ਰਹਾਉ ॥ | In the Society of the Saints, He dwells in the mind; doubt, emotional attachment and fear are vanquished. \|\|1\|\|Pause\|\| |
| ਬੇਦ ਪੁਰਾਣ ਸਿਮ੍ਰਿਤਿ ਭਨੇ ॥ | The Vedas, the Puraanas and the Simritees are heard to proclaim |
| ਸਭ ਊਚ ਬਿਰਾਜਿਤ ਜਨ ਸੁਨੇ ॥੧॥ | that the Lord's servant dwells as the highest of all. \|\|1\|\| |
| ਸਗਲ ਅਸਥਾਨ ਭੈ ਭੀਤ ਚੀਨ ॥ | All places are filled with fear - know this well. |
| ਰਾਮ ਸੇਵਕ ਭੈ ਰਹਤ ਕੀਨ ॥੨॥ | Only the Lord's servants are free of fear. \|\|2\|\| |
| ਲਖ ਚਉਰਾਸੀਹ ਜੋਨਿ ਫਿਰਹਿ ॥ | People wander through 8.4 million incarnations. |
| ਗੋਬਿੰਦ ਲੋਕ ਨਹੀ ਜਨਮਿ ਮਰਹਿ ॥੩॥ | God's people are not subject to birth and death. \|\|3\|\| |

ਬਲ ਬੁਧਿ ਸਿਆਨਪ ਹਉਮੈ ਰਹੀ ॥ ਹਰਿ ਸਾਧ ਸਰਣਿ ਨਾਨਕ ਗਹੀ ॥੪॥੬॥੧੪੪॥

Nanak has taken to the Sanctuary of the Lord's Holy Saints; he has given up power, wisdom, cleverness and egotism. ||4||6||144||

ਗਉੜੀ ਮਹਲਾ ੫ ॥

Gauree, Fifth Mehl:

ਮਨ ਰਾਮ ਨਾਮ ਗੁਨ ਗਾਈਐ ॥

O my mind, sing the Glorious Praises of the Lord's Name.

ਨੀਤ ਨੀਤ ਹਰਿ ਸੇਵੀਐ ਸਾਸਿ ਸਾਸਿ ਹਰਿ ਧਿਆਈਐ ॥੧॥ ਰਹਾਉ ॥

Serve the Lord continually and continuously; with each and every breath, meditate on the Lord. ||1||Pause||

ਸੰਤਸੰਗਿ ਹਰਿ ਮਨਿ ਵਸੈ ॥

In the Society of the Saints, the Lord dwells in the mind,

ਦੁਖੁ ਦਰਦੁ ਅਨੇਰਾ ਭ੍ਰਮੁ ਨਸੈ ॥੧॥

and pain, suffering, darkness and doubt depart. ||1||

ਸੰਤ ਪ੍ਰਸਾਦਿ ਹਰਿ ਜਾਪੀਐ ॥ ਸੋ ਜਨੁ ਦੂਖਿ ਨ ਵਿਆਪੀਐ ॥੨॥

That humble being, who meditates on the Lord, by the Grace of the Saints, is not afflicted with pain. ||2||

ਜਾ ਕਉ ਗੁਰੁ ਹਰਿ ਮੰਤ੍ਰੁ ਦੇ ॥

Those unto whom the Guru gives the Mantra of the Lord's Name,

ਸੋ ਉਬਰਿਆ ਮਾਇਆ ਅਗਨਿ ਤੇ ॥੩॥

are saved from the fire of Maya. ||3||

ਨਾਨਕ ਕਉ ਪ੍ਰਭ ਮਇਆ ਕਰਿ ॥

Be kind to Nanak, O God;

ਮੇਰੈ ਮਨਿ ਤਨਿ ਵਾਸੈ ਨਾਮੁ ਹਰਿ ॥੪॥੭॥੧੪੫॥

let the Lord's Name dwell within my mind and body. ||4||7||145||

ਗਉੜੀ ਮਹਲਾ ੫ ॥

Gauree, Fifth Mehl:

ਰਸਨਾ ਜਪੀਐ ਏਕੁ ਨਾਮ ॥

With your tongue, chant the Name of the One Lord.

ਈਹਾ ਸੁਖੁ ਆਨੰਦੁ ਘਨਾ ਆਗੈ ਜੀਅ ਕੈ ਸੰਗਿ ਕਾਮ ॥੧॥ ਰਹਾਉ ॥

In this world, it shall bring you peace, comfort and great joy; hereafter, it shall go with your soul, and shall be of use to you. ||1||Pause||

ਕਟੀਐ ਤੇਰਾ ਅਹੰ ਰੋਗੁ ॥

The disease of your ego shall be eradicated.

ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ ॥੧॥

By Guru's Grace, practice Raja Yoga, the Yoga of meditation and success. ||1||

ਹਰਿ ਰਸੁ ਜਿਨਿ ਜਨਿ ਚਾਖਿਆ ॥

Those who taste the sublime essence of the Lord

ਤਾ ਕੀ ਤ੍ਰਿਸਨਾ ਲਾਥੀਆ ॥੨॥

have their thirst quenched. ||2||

ਹਰਿ ਬਿਸ੍ਰਾਮ ਨਿਧਿ ਪਾਇਆ ॥
Those who have found the Lord, the Treasure of peace,

ਸੋ ਬਹੁਰਿ ਨ ਕਤ ਹੀ ਧਾਇਆ ॥੩॥
shall not go anywhere else again. ||3||

ਹਰਿ ਹਰਿ ਨਾਮੁ ਜਾ ਕਉ ਗੁਰਿ ਦੀਆ ॥
Those, unto whom the Guru has given the Lord's Name, Har, Har

ਨਾਨਕ ਤਾ ਕਾ ਭਉ ਗਇਆ ॥੪॥੮॥੧੪੬॥
- O Nanak, their fears are removed. ||4||8||146||

## ੨੧੨ / 212

Gaureeਗਉੜੀ ਮਹਲਾ ੫ ॥
Gauree, Fifth Mehl:

ਜਾ ਕਉ ਬਿਸਰੈ ਰਾਮ ਨਾਮ ਤਾਹੂ ਕਉ ਪੀਰ ॥
One who forgets the Lord's Name, suffers in pain.

ਸਾਧਸੰਗਤਿ ਮਿਲਿ ਹਰਿ ਰਵਹਿ ਸੇ ਗੁਣੀ ਗਹੀਰ ॥੧॥ ਰਹਾਉ ॥
Those who join the Saadh Sangat, the Company of the Holy, and dwell upon the Lord, find the Ocean of virtue. ||1||Pause||

ਜਾ ਕਉ ਗੁਰਮੁਖਿ ਰਿਦੈ ਬੁਧਿ ॥
Those Gurmukhs whose hearts are filled with wisdom,

ਤਾ ਕੈ ਕਰ ਤਲ ਨਵ ਨਿਧਿ ਸਿਧਿ ॥੧॥
hold the nine treasures, and the miraculous spiritual powers of the Siddhas in the palms of their hands. ||1||

ਜੋ ਜਾਨਹਿ ਹਰਿ ਪ੍ਰਭ ਧਨੀ ॥
Those who know the Lord God as their Master,

ਕਿਛੁ ਨਾਹੀ ਤਾ ਕੈ ਕਮੀ ॥੨॥
do not lack anything. ||2||

ਕਰਣੈਹਾਰੁ ਪਛਾਨਿਆ ॥
Those who realize the Creator Lord,

ਸਰਬ ਸੂਖ ਰੰਗ ਮਾਣਿਆ ॥੩॥
enjoy all peace and pleasure. ||3||

ਹਰਿ ਧਨੁ ਜਾ ਕੈ ਗ੍ਰਿਹਿ ਵਸੈ ॥
Those whose inner homes are filled with the Lord's wealth

ਕਹੁ ਨਾਨਕ ਤਿਨ ਸੰਗਿ ਦੁਖੁ ਨਸੈ ॥੪॥੯॥੧੪੭॥
- says Nanak, in their company, pain departs. ||4||9||147||

ਗਉੜੀ ਮਹਲਾ ੫ ॥
Gauree, Fifth Mehl:

ਗਰਬੁ ਬਡੋ ਮੂਲੁ ਇਤਨੋ ॥
Your pride is so great, but what about your origins?

ਰਹਨੁ ਨਹੀ ਗਹੁ ਕਿਤਨੋ ॥੧॥ ਰਹਾਉ ॥
You cannot remain, no matter how much you try to hold on. ||1||Pause||

| | |
|---|---|
| ਬੇਬਰਜਤ ਬੇਦ ਸੰਤਨਾ ਉਆਹੂ ਸਿਉ ਰੇ ਹਿਤਨੋ ॥ | That which is forbidden by the Vedas and the Saints - with that, you are in love. |
| ਹਾਰ ਜੂਆਰ ਜੂਆ ਬਿਧੇ ਇੰਦ੍ਰੀ ਵਸਿ ਲੈ ਜਿਤਨੋ ॥੧॥ | Like the gambler losing the game of chance, you are held in the power of sensory desires. \|\|1\|\| |
| ਹਰਨ ਭਰਨ ਸੰਪੂਰਨਾ ਚਰਨ ਕਮਲ ਰੰਗਿ ਰਿਤਨੋ ॥ | The One who is All-powerful to empty out and fill up - you have no love for His Lotus Feet. |
| ਨਾਨਕ ਉਧਰੇ ਸਾਧਸੰਗਿ ਕਿਰਪਾ ਨਿਧਿ ਮੈ ਦਿਤਨੋ ॥੨॥੧੦॥੧੪੮॥ | O Nanak, I have been saved, in the Saadh Sangat, the Company of the Holy. I have been blessed by the Treasure of Mercy. \|\|2\|\|10\|\|148\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਮੋਹਿ ਦਾਸਰੋ ਠਾਕੁਰ ਕੋ ॥ | I am the slave of my Lord and Master. |
| ਧਾਨੁ ਪ੍ਰਭ ਕਾ ਖਾਨਾ ॥੧॥ ਰਹਾਉ ॥ | I eat whatever God gives me. \|\|1\|\|Pause\|\| |
| ਐਸੋ ਹੈ ਰੇ ਖਸਮੁ ਹਮਾਰਾ ॥ | Such is my Lord and Master. |
| ਖਿਨ ਮਹਿ ਸਾਜਿ ਸਵਾਰਣਹਾਰਾ ॥੧॥ | In an instant, He creates and embellishes. \|\|1\|\| |
| ਕਾਮੁ ਕਰੀ ਜੇ ਠਾਕੁਰ ਭਾਵਾ ॥ | I do that work which pleases my Lord and Master. |
| ਗੀਤ ਚਰਿਤ ਪ੍ਰਭ ਕੇ ਗੁਨ ਗਾਵਾ ॥੨॥ | I sing the songs of God's glory, and His wondrous play. \|\|2\|\| |
| ਸਰਣਿ ਪਰਿਓ ਠਾਕੁਰ ਵਜੀਰਾ ॥ | I seek the Sanctuary of the Lord's Prime Minister; |
| ਤਿਨਾ ਦੇਖਿ ਮੇਰਾ ਮਨੁ ਧੀਰਾ ॥੩॥ | beholding Him, my mind is comforted and consoled. \|\|3\|\| |
| ਏਕ ਟੇਕ ਏਕੋ ਆਧਾਰਾ ॥ | The One Lord is my support, the One is my steady anchor. |
| ਜਨ ਨਾਨਕ ਹਰਿ ਕੀ ਲਾਗਾ ਕਾਰਾ ॥੪॥੧੧॥੧੪੯॥ | Servant Nanak is engaged in the Lord's work. \|\|4\|\|11\|\|149\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਹੈ ਕੋਈ ਐਸਾ ਹਉਮੈ ਤੋਰੈ ॥ | Is there anyone, who can shatter his ego, |
| ਇਸੁ ਮੀਠੀ ਤੇ ਇਹੁ ਮਨੁ ਹੋਰੈ ॥੧॥ ਰਹਾਉ ॥ | and turn his mind away from this sweet Maya? \|\|1\|\|Pause\|\| |
| ਅਗਿਆਨੀ ਮਾਨੁਖੁ ਭਇਆ ਜੋ ਨਾਹੀ ਸੋ ਲੋਰੈ ॥ | Humanity is in spiritual ignorance; people see things that do not exist. |
| ਰੈਣਿ ਅੰਧਾਰੀ ਕਾਰੀਆ ਕਵਨ ਜੁਗਤਿ ਜਿਤੁ ਭੋਰੈ ॥੧॥ | The night is dark and gloomy; how will the morning dawn? \|\|1\|\| |

ਭ੍ਰਮਤੋ ਭ੍ਰਮਤੋ ਹਾਰਿਆ ਅਨਿਕ ਬਿਧੀ ਕਰਿ ਟੋਰੈ ॥

Wandering, wandering all around, I have grown weary; trying all sorts of things, I have been searching.

ਕਹੁ ਨਾਨਕ ਕਿਰਪਾ ਭਈ ਸਾਧਸੰਗਤਿ ਨਿਧਿ ਮੋਰੈ ॥੨॥੧੨॥੧੫੦॥

Says Nanak, He has shown mercy to me; I have found the treasure of the Saadh Sangat, the Company of the Holy. ||2||12||150||

ਗਉੜੀ ਮਹਲਾ ੫ ॥

Gauree, Fifth Mehl:

ਚਿੰਤਾਮਣਿ ਕਰੁਣਾ ਮਏ ॥੧॥ ਰਹਾਉ ॥

He is the Wish-fulfilling Jewel, the Embodiment of Mercy. ||1||Pause||

ਦੀਨ ਦਇਆਲਾ ਪਾਰਬ੍ਰਹਮ ॥

The Supreme Lord God is Merciful to the meek;

ਜਾ ਕੈ ਸਿਮਰਣਿ ਸੁਖ ਭਏ ॥੧॥

meditating in remembrance on Him, peace is obtained. ||1||

ਅਕਾਲ ਪੁਰਖ ਅਗਾਧਿ ਬੋਧ ॥

The Wisdom of the Undying Primal Being is beyond comprehension.

ਸੁਨਤ ਜਸੋ ਕੋਟਿ ਅਘ ਖਏ ॥੨॥

Hearing His Praises, millions of sins are erased. ||2||

ਕਿਰਪਾ ਨਿਧਿ ਪ੍ਰਭ ਮਇਆ ਧਾਰਿ ॥ ਨਾਨਕ ਹਰਿ ਹਰਿ ਨਾਮ ਲਏ ॥੩॥੧੩॥੧੫੧॥

O God, Treasure of Mercy, please bless Nanak with Your kindness, that he may repeat the Name of the Lord, Har, Har. ||3||13||151||

ਗਉੜੀ ਪੂਰਬੀ ਮਹਲਾ ੫ ॥

Gauree Poorbee, Fifth Mehl:

ਮੇਰੇ ਮਨ ਸਰਣਿ ਪ੍ਰਭੂ ਸੁਖ ਪਾਏ ॥

O my mind, in the Sanctuary of God, peace is found.

ਜਾ ਦਿਨਿ ਬਿਸਰੈ ਪ੍ਰਾਨ ਸੁਖਦਾਤਾ ਸੋ ਦਿਨੁ ਜਾਤ ਅਜਾਏ ॥੧॥ ਰਹਾਉ ॥

That day, when the Giver of life and peace is forgotten - that day passes uselessly. ||1||Pause||

ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ ॥

You have come as a guest for one short night, and yet you hope to live for many ages.

ਗ੍ਰਿਹ ਮੰਦਰ ਸੰਪੈ ਜੋ ਦੀਸੈ ਜਿਉ ਤਰਵਰ ਕੀ ਛਾਏ ॥੧॥

Households, mansions and wealth - whatever is seen, is like the shade of a tree. ||1||

ਤਨੁ ਮੇਰਾ ਸੰਪੈ ਸਭ ਮੇਰੀ ਬਾਗ ਮਿਲਖ ਸਭ ਜਾਏ ॥

My body, wealth, and all my gardens and property shall all pass away.

ਦੇਵਨਹਾਰਾ ਬਿਸਰਿਓ ਠਾਕੁਰੁ ਖਿਨ ਮਹਿ ਹੋਤ ਪਰਾਏ ॥੨॥

You have forgotten your Lord and Master, the Great Giver. In an instant, these shall belong to somebody else. ||2||

| ੨੧੩ | 213 |
|---|---|
| ਪਹਿਰੈ ਬਾਗਾ ਕਰਿ ਇਸਨਾਨਾ ਚੋਆ ਚੰਦਨ ਲਾਏ ॥ | You wear white clothes and take cleansing baths, and anoint yourself with sandalwood oil. |
| ਨਿਰਭਉ ਨਿਰੰਕਾਰ ਨਹੀ ਚੀਨਿਆ ਜਿਉ ਹਸਤੀ ਨਾਵਾਏ ॥੩॥ | But you do not remember the Fearless, Formless Lord - you are like an elephant bathing in the mud. \|\|3\|\| |
| ਜਉ ਹੋਇ ਕ੍ਰਿਪਾਲ ਤ ਸਤਿਗੁਰੁ ਮੇਲੈ ਸਭਿ ਸੁਖ ਹਰਿ ਕੇ ਨਾਏ ॥ | When God becomes merciful, He leads you to meet the True Guru; all peace is in the Name of the Lord. |
| ਮੁਕਤੁ ਭਇਆ ਬੰਧਨ ਗੁਰਿ ਖੋਲੇ ਜਨ ਨਾਨਕ ਹਰਿ ਗੁਣ ਗਾਏ ॥੪॥੧੪॥੧੫੨॥ | The Guru has liberated me from bondage; servant Nanak sings the Glorious Praises of the Lord. \|\|4\|\|14\|\|152\|\| |
| ਗਉੜੀ ਪੂਰਬੀ ਮਹਲਾ ੫ ॥ | Gauree, Fifth Mehl: |
| ਮੇਰੇ ਮਨ ਗੁਰੁ ਗੁਰੁ ਗੁਰੁ ਸਦ ਕਰੀਐ ॥ | O my mind, dwell always upon the Guru, Guru, Guru. |
| ਰਤਨ ਜਨਮੁ ਸਫਲੁ ਗੁਰਿ ਕੀਆ ਦਰਸਨ ਕਉ ਬਲਿਹਰੀਐ ॥੧॥ ਰਹਾਉ ॥ | The Guru has made the jewel of this human life prosperous and fruitful. I am a sacrifice to the Blessed Vision of His Darshan. \|\|1\|\|Pause\|\| |
| ਜੇਤੇ ਸਾਸ ਗ੍ਰਾਸ ਮਨੁ ਲੇਤਾ ਤੇਤੇ ਹੀ ਗੁਨ ਗਾਈਐ ॥ | As many breaths and morsels as you take, O my mind - so many times, sing His Glorious Praises. |
| ਜਉ ਹੋਇ ਦੈਆਲੁ ਸਤਿਗੁਰੁ ਅਪੁਨਾ ਤਾ ਇਹ ਮਤਿ ਬੁਧਿ ਪਾਈਐ ॥੧॥ | When the True Guru becomes merciful, then this wisdom and understanding is obtained. \|\|1\|\| |
| ਮੇਰੇ ਮਨ ਨਾਮਿ ਲਏ ਜਮ ਬੰਧ ਤੇ ਛੂਟਹਿ ਸਰਬ ਸੁਖਾ ਸੁਖ ਪਾਈਐ ॥ | O my mind, taking the Naam, you shall be released from the bondage of death, and the peace of all peace will be found. |
| ਸੇਵਿ ਸੁਆਮੀ ਸਤਿਗੁਰੁ ਦਾਤਾ ਮਨ ਬੰਛਤ ਫਲ ਆਈਐ ॥੨॥ | Serving your Lord and Master, the True Guru, the Great Giver, you shall obtain the fruits of your mind's desires. \|\|2\|\| |
| ਨਾਮੁ ਇਸਟੁ ਮੀਤ ਸੁਤ ਕਰਤਾ ਮਨ ਸੰਗਿ ਤੁਹਾਰੈ ਚਾਲੈ ॥ | The Name of the Creator is your beloved friend and child; it alone shall go along with you, O my mind. |
| ਕਰਿ ਸੇਵਾ ਸਤਿਗੁਰ ਅਪੁਨੇ ਕੀ ਗੁਰ ਤੇ ਪਾਈਐ ਪਾਲੈ ॥੩॥ | So serve your True Guru, and you shall receive the Name from the Guru. \|\|3\|\| |
| ਗੁਰਿ ਕਿਰਪਾਲਿ ਕ੍ਰਿਪਾ ਪ੍ਰਭਿ ਧਾਰੀ ਬਿਨਸੇ ਸਰਬ ਅੰਦੇਸਾ ॥ | When God, the Merciful Guru, showered His Mercy upon me, all my anxieties were dispelled. |

| | |
|---|---|
| ਨਾਨਕ ਸੁਖੁ ਪਾਇਆ ਹਰਿ ਕੀਰਤਨਿ ਮਿਟਿਓ ਸਗਲ ਕਲੇਸਾ ॥੪॥੧੫॥੧੫੩॥ | Nanak has found the peace of the Kirtan of the Lord's Praises. All his sorrows have been dispelled. \|\|4\|\|15\|\|153\|\| |
| ਰਾਗੁ ਗਉੜੀ ਮਹਲਾ ੫ | Raag Gauree, Fifth Mehl: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥੧॥ ਰਹਾਉ ॥ | The thirst of only a few is quenched. \|\|1\|\|Pause\|\| |
| ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥ | People may accumulate hundreds of thousands, millions, tens of millions, and yet the mind is not restrained. |
| ਪਰੈ ਪਰੈ ਹੀ ਕਉ ਲੁਝੀ ਹੇ ॥੧॥ | They only yearn for more and more. \|\|1\|\| |
| ਸੁੰਦਰ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ ਬਿਕਾਰੀ ॥ | They may have all sorts of beautiful women, but still, they commit adultery in the homes of others. |
| ਬੁਰਾ ਭਲਾ ਨਹੀ ਸੁਝੀ ਹੇ ॥੨॥ | They do not distinguish between good and bad. \|\|2\|\| |
| ਅਨਿਕ ਬੰਧਨ ਮਾਇਆ ਭਰਮਤੁ ਭਰਮਾਇਆ ਗੁਣ ਨਿਧਿ ਨਹੀ ਗਾਇਆ ॥ | They wander around lost, trapped in the myriad bonds of Maya; they do not sing the Praises of the Treasure of Virtue. |
| ਮਨ ਬਿਖੈ ਹੀ ਮਹਿ ਲੁਝੀ ਹੇ ॥੩॥ | Their minds are engrossed in poison and corruption. \|\|3\|\| |
| ਜਾ ਕਉ ਰੇ ਕਿਰਪਾ ਕਰੈ ਜੀਵਤ ਸੋਈ ਮਰੈ ਸਾਧਸੰਗਿ ਮਾਇਆ ਤਰੈ ॥ | Those, unto whom the Lord shows His Mercy, remain dead while yet alive. In the Saadh Sangat, the Company of the Holy, they cross over the ocean of Maya. |
| ਨਾਨਕ ਸੋ ਜਨੁ ਦਰਿ ਹਰਿ ਸਿਝੀ ਹੇ ॥੪॥੧॥੧੫੪॥ | O Nanak, those humble beings are honored in the Court of the Lord. \|\|4\|\|1\|\|154\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਸਭਹੂ ਕੋ ਰਸੁ ਹਰਿ ਹੋ ॥੧॥ ਰਹਾਉ ॥ | The Lord is the essence of all. \|\|1\|\|Pause\|\| |
| ਕਾਹੂ ਜੋਗ ਕਾਹੂ ਭੋਗ ਕਾਹੂ ਗਿਆਨ ਕਾਹੂ ਧਿਆਨ ॥ | Some practice Yoga, some indulge in pleasures; some live in spiritual wisdom, some live in meditation. |
| ਕਾਹੂ ਹੋ ਡੰਡ ਧਰਿ ਹੋ ॥੧॥ | Some are bearers of the staff. \|\|1\|\| |

| | |
|---|---|
| ਕਾਹੂ ਜਾਪ ਕਾਹੂ ਤਾਪ ਕਾਹੂ ਪੂਜਾ ਹੋਮ ਨੇਮ ॥ | Some chant in meditation, some practice deep, austere meditation; some worship Him in adoration, some practice daily rituals. |
| ਕਾਹੂ ਹੋ ਗਉਨੁ ਕਰਿ ਹੋ ॥੨॥ | Some live the life of a wanderer. \|\|2\|\| |
| ਕਾਹੂ ਤੀਰ ਕਾਹੂ ਨੀਰ ਕਾਹੂ ਬੇਦ ਬੀਚਾਰ ॥ | Some live by the shore, some live on the water; some study the Vedas. |
| ਨਾਨਕਾ ਭਗਤਿ ਪ੍ਰਿਅ ਹੋ ॥੩॥੨॥੧੫੫॥ | Nanak loves to worship the Lord. \|\|3\|\|2\|\|155\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਗੁਨ ਕੀਰਤਿ ਨਿਧਿ ਮੋਰੀ ॥੧॥ ਰਹਾਉ ॥ | To sing the Kirtan of the Lord's Praises is my treasure. \|\|1\|\|Pause\|\| |
| ਤੂੰਹੀ ਰਸ ਤੂੰਹੀ ਜਸ ਤੂੰਹੀ ਰੂਪ ਤੂਹੀ ਰੰਗ ॥ | You are my delight, You are my praise. You are my beauty, You are my love. |
| ਆਸ ਓਟ ਪ੍ਰਭ ਤੋਰੀ ॥੧॥ | O God, You are my hope and support. \|\|1\|\| |
| ਤੂਹੀ ਮਾਨ ਤੂੰਹੀ ਧਾਨ ਤੂਹੀ ਪਤਿ ਤੂਹੀ ਪ੍ਰਾਨ ॥ | You are my pride, You are my wealth. You are my honor, You are my breath of life. |
| ਗੁਰਿ ਤੂਟੀ ਲੈ ਜੋਰੀ ॥੨॥ | The Guru has repaired that which was broken. \|\|2\|\| |
| ਤੂਹੀ ਗ੍ਰਿਹਿ ਤੂਹੀ ਬਨਿ ਤੂਹੀ ਗਾਉ ਤੂਹੀ ਸੁਨਿ ॥ | You are in the household, and You are in the forest. You are in the village, and You are in the wilderness. |
| **੨੧੪** | 214 |
| ਹੈ ਨਾਨਕ ਨੇਰ ਨੇਰੀ ॥੩॥੩॥੧੫੬॥ | Nanak: You are near, so very near! \|\|3\|\|3\|\|156\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਮਾਤੋ ਹਰਿ ਰੰਗਿ ਮਾਤੋ ॥੧॥ ਰਹਾਉ ॥ | I am intoxicated, intoxicated with the Love of the Lord. \|\|1\|\|Pause\|\| |
| ਓਹੀ ਪੀਓ ਓਹੀ ਖੀਓ ਗੁਰਹਿ ਦੀਓ ਦਾਨੁ ਕੀਓ ॥ | I drink it in - I am drunk with it. The Guru has given it to me in charity. |
| ਉਆਹੂ ਸਿਉ ਮਨੁ ਰਾਤੋ ॥੧॥ | My mind is drenched with it. \|\|1\|\| |

| | |
|---|---|
| ਉਹੀ ਭਾਠੀ ਉਹੀ ਪੋਚਾ ਉਹੀ ਪਿਆਰੋ ਉਹੀ ਰੂਚਾ ॥ | It is my furnace, it is the cooling plaster. It is my love, it is my longing. |
| ਮਨਿ ਓਹੋ ਸੁਖੁ ਜਾਤੋ ॥੨॥ | My mind knows it as peace. \|\|2\|\| |
| ਸਹਜ ਕੇਲ ਅਨਦ ਖੇਲ ਰਹੇ ਫੇਰ ਭਏ ਮੇਲ ॥ | I enjoy intuitive peace, and I play in bliss; the cycle of reincarnation is ended for me, and I am merged with the Lord. |
| ਨਾਨਕ ਗੁਰ ਸਬਦਿ ਪਰਾਤੋ ॥੩॥੪॥੧੫੭॥ | Nanak is pierced through with the Word of the Guru's Shabad. \|\|3\|\|4\|\|157\|\| |
| ਰਾਗੁ ਗੌੜੀ ਮਾਲਵਾ ਮਹਲਾ ੫ | Raag Gauree Maalwaa, Fifth Mehl: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਹਰਿ ਨਾਮੁ ਲੇਹੁ ਮੀਤਾ ਲੇਹੁ ਆਗੈ ਬਿਖਮ ਪੰਥੁ ਭੈਆਨ ॥੧॥ ਰਹਾਉ ॥ | Chant the Lord's Name; O my friend, chant it. Hereafter, the path is terrifying and treacherous. \|\|1\|\|Pause\|\| |
| ਸੇਵਤ ਸੇਵਤ ਸਦਾ ਸੇਵਿ ਤੇਰੈ ਸੰਗਿ ਬਸਤੁ ਹੈ ਕਾਲੁ ॥ | Serve, serve, forever serve the Lord. Death hangs over your head. |
| ਕਰਿ ਸੇਵਾ ਤੂੰ ਸਾਧ ਕੀ ਹੋ ਕਾਟੀਐ ਜਮ ਜਾਲੁ ॥੧॥ | Do seva, selfless service, for the Holy Saints, and the noose of Death shall be cut away. \|\|1\|\| |
| ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ ॥ | You may make burnt offerings, sacrificial feasts and pilgrimages to sacred shrines in egotism, but your corruption only increases. |
| ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ ॥੨॥ | You are subject to both heaven and hell, and you are reincarnated over and over again. \|\|2\|\| |
| ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ ॥ | The realm of Shiva, the realms of Brahma and Indra as well - no place anywhere is permanent. |
| ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ ॥੩॥ | Without serving the Lord, there is no peace at all. The faithless cynic comes and goes in reincarnation. \|\|3\|\| |
| ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥ | As the Guru has taught me, so have I spoken. |
| ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥੪॥੧॥੧੫੮॥ | Says Nanak, listen, people: sing the Kirtan of the Lord's Praises, and you shall be saved. \|\|4\|\|1\|\|158\|\| |

| | |
|---|---|
| ਰਾਗੁ ਗਉੜੀ ਮਾਲਾ ਮਹਲਾ ੫ | Raag Gauree Maalaa, Fifth Mehl: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਪਾਇਓ ਬਾਲ ਬੁਧਿ ਸੁਖੁ ਰੇ ॥ | Adopting the innocent mind of a child, I have found peace. |
| ਹਰਖ ਸੋਗ ਹਾਨਿ ਮਿਰਤੁ ਦੂਖ ਸੁਖ ਚਿਤਿ ਸਮਸਰਿ ਗੁਰ ਮਿਲੇ ॥੧॥ ਰਹਾਉ ॥ | Joy and sorrow, profit and loss, birth and death, pain and pleasure - they are all the same to my consciousness, since I met the Guru. \|\|1\|\|Pause\|\| |
| ਜਉ ਲਉ ਹਉ ਕਿਛੁ ਸੋਚਉ ਚਿਤਵਉ ਤਉ ਲਉ ਦੁਖਨੁ ਭਰੇ ॥ | As long as I plotted and planned things, I was full of frustration. |
| ਜਉ ਕ੍ਰਿਪਾਲੁ ਗੁਰੁ ਪੂਰਾ ਭੇਟਿਆ ਤਉ ਆਨਦ ਸਹਜੇ ॥੧॥ | When I met the Kind, Perfect Guru, then I obtained bliss so easily. \|\|1\|\| |
| ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ ॥ | The more clever tricks I tried, the more bonds I was saddled with. |
| ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ ॥੨॥ | When the Holy Saint placed His Hand upon my forehead, then I was liberated. \|\|2\|\| |
| ਜਉ ਲਉ ਮੇਰੋ ਮੇਰੋ ਕਰਤੋ ਤਉ ਲਉ ਬਿਖੁ ਘੇਰੇ ॥ | As long as I claimed, "Mine, mine!", I was surrounded by wickedness and corruption. |
| ਮਨੁ ਤਨੁ ਬੁਧਿ ਅਰਪੀ ਠਾਕੁਰ ਕਉ ਤਬ ਹਮ ਸਹਜਿ ਸੋਏ ॥੩॥ | But when I dedicated my mind, body and intellect to my Lord and Master, then I began to sleep in peace. \|\|3\|\| |
| ਜਉ ਲਉ ਪੋਟ ਉਠਾਈ ਚਲਿਅਉ ਤਉ ਲਉ ਡਾਨ ਭਰੇ ॥ | As long as I walked along, carrying the load, I continued to pay the fine. |
| ਪੋਟ ਡਾਰਿ ਗੁਰੁ ਪੂਰਾ ਮਿਲਿਆ ਤਉ ਨਾਨਕ ਨਿਰਭਏ ॥੪॥੧॥੧੫੯॥ | But I threw away that bundle, when I met the Perfect Guru; O Nanak, then I became fearless. \|\|4\|\|1\|\|159\|\| |
| ਗਉੜੀ ਮਾਲਾ ਮਹਲਾ ੫ ॥ | Gauree Maalaa, Fifth Mehl: |
| ਭਾਵਨੁ ਤਿਆਗਿਓ ਰੀ ਤਿਆਗਿਓ ॥ | I have renounced my desires; I have renounced them. |
| ਤਿਆਗਿਓ ਮੈ ਗੁਰ ਮਿਲਿ ਤਿਆਗਿਓ ॥ | I have renounced them; meeting the Guru, I have renounced them. |
| ਸਰਬ ਸੁਖ ਆਨੰਦ ਮੰਗਲ ਰਸ ਮਾਨਿ ਗੋਬਿੰਦੈ ਆਗਿਓ ॥੧॥ ਰਹਾਉ ॥ | All peace, joy, happiness and pleasures have come since I surrendered to the Will of the Lord of the Universe. \|\|1\|\|Pause\|\| |

| ੨੧੫ | 215 |
|---|---|
| ਮਾਨੁ ਅਭਿਮਾਨੁ ਦੋਊ ਸਮਾਨੇ ਮਸਤਕੁ ਡਾਰਿ ਗੁਰ ਪਾਗਿਓ ॥ | Honor and dishonor are the same to me; I have placed my forehead upon the Guru's Feet. |
| ਸੰਪਤ ਹਰਖੁ ਨ ਆਪਤ ਦੂਖਾ ਰੰਗੁ ਠਾਕੁਰੈ ਲਾਗਿਓ ॥੧॥ | Wealth does not excite me, and misfortune does not disturb me; I have embraced love for my Lord and Master. \|\|1\|\| |
| ਬਾਸ ਬਾਸਰੀ ਏਕੈ ਸੁਆਮੀ ਉਦਿਆਨ ਦ੍ਰਿਸਟਾਗਿਓ ॥ | The One Lord and Master dwells in the home; He is seen in the wilderness as well. |
| ਨਿਰਭਉ ਭਏ ਸੰਤ ਭ੍ਰਮੁ ਡਾਰਿਓ ਪੂਰਨ ਸਰਬਾਗਿਓ ॥੨॥ | I have become fearless; the Saint has removed my doubts. The All-knowing Lord is pervading everywhere. \|\|2\|\| |
| ਜੋ ਕਿਛੁ ਕਰਤੈ ਕਾਰਣੁ ਕੀਨੋ ਮਨਿ ਬੁਰੋ ਨ ਲਾਗਿਓ ॥ | Whatever the Creator does, my mind is not troubled. |
| ਸਾਧਸੰਗਤਿ ਪਰਸਾਦਿ ਸੰਤਨ ਕੈ ਸੋਇਓ ਮਨੁ ਜਾਗਿਓ ॥੩॥ | By the Grace of the Saints and the Company of the Holy, my sleeping mind has been awakened. \|\|3\|\| |
| ਜਨ ਨਾਨਕ ਓੜਿ ਤੁਹਾਰੀ ਪਰਿਓ ਆਇਓ ਸਰਣਾਗਿਓ ॥ | Servant Nanak seeks Your Support; he has come to Your Sanctuary. |
| ਨਾਮ ਰੰਗ ਸਹਜ ਰਸ ਮਾਣੇ ਫਿਰਿ ਦੂਖੁ ਨ ਲਾਗਿਓ ॥੪॥੨॥੧੬੦॥ | In the Love of the Naam, the Name of the Lord, he enjoys intuitive peace; pain no longer touches him. \|\|4\|\|2\|\|160\|\| |
| ਗਉੜੀ ਮਾਲਾ ਮਹਲਾ ੫ ॥ | Gauree Maalaa, Fifth Mehl: |
| ਪਾਇਆ ਲਾਲੁ ਰਤਨੁ ਮਨਿ ਪਾਇਆ ॥ | I have found the jewel of my Beloved within my mind. |
| ਤਨੁ ਸੀਤਲੁ ਮਨੁ ਸੀਤਲੁ ਥੀਆ ਸਤਗੁਰ ਸਬਦਿ ਸਮਾਇਆ ॥੧॥ ਰਹਾਉ ॥ | My body is cooled, my mind is cooled and soothed, and I am absorbed into the Shabad, the Word of the True Guru. \|\|1\|\|Pause\|\| |
| ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ ॥ | My hunger has departed, my thirst has totally departed, and all my anxiety is forgotten. |
| ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ ॥੧॥ | The Perfect Guru has placed His Hand upon my forehead; conquering my mind, I have conquered the whole world. \|\|1\|\| |
| ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ ॥ | Satisfied and satiated, I remain steady within my heart, and now, I do not waver at all. |

| | |
|---|---|
| ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ ॥੨॥ | The True Guru has given me the inexhaustible treasure; it never decreases, and never runs out. ‖2‖ |
| ਅਚਰਜੁ ਏਕੁ ਸੁਨਹੁ ਰੇ ਭਾਈ ਗੁਰਿ ਐਸੀ ਬੂਝ ਬੁਝਾਈ ॥ | Listen to this wonder, O Siblings of Destiny: the Guru has given me this understanding. |
| ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ ॥੩॥ | I threw off the veil of illusion, when I met my Lord and Master; then, I forgot my jealousy of others. ‖3‖ |
| ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ ॥ | This is a wonder which cannot be described. They alone know it, who have tasted it. |
| ਕਹੁ ਨਾਨਕ ਸਚ ਭਏ ਬਿਗਾਸਾ ਗੁਰਿ ਨਿਧਾਨੁ ਰਿਦੈ ਲੈ ਰਾਖਿਆ ॥੪॥੩॥੧੬੧॥ | Says Nanak, the Truth has been revealed to me. The Guru has given me the treasure; I have taken it and enshrined it within my heart. ‖4‖3‖161‖ |
| ਗਉੜੀ ਮਾਲਾ ਮਹਲਾ ੫ ॥ | Gauree Maalaa, Fifth Mehl: |
| ਉਬਰਤ ਰਾਜਾ ਰਾਮ ਕੀ ਸਰਣੀ ॥ | Those who take to the Sanctuary of the Lord, the King, are saved. |
| ਸਰਬ ਲੋਕ ਮਾਇਆ ਕੇ ਮੰਡਲ ਗਿਰਿ ਗਿਰਿ ਪਰਤੇ ਧਰਣੀ ॥੧॥ ਰਹਾਉ ॥ | All other people, in the mansion of Maya, fall flat on their faces on the ground. ‖1‖Pause‖ |
| ਸਾਸਤ ਸਿੰਮ੍ਰਿਤਿ ਬੇਦ ਬੀਚਾਰੇ ਮਹਾ ਪੁਰਖਨ ਇਉ ਕਹਿਆ ॥ | The great men have studied the Shaastras, the Simritees and the Vedas, and they have said this: |
| ਬਿਨੁ ਹਰਿ ਭਜਨ ਨਾਹੀ ਨਿਸਤਾਰਾ ਸੂਖੁ ਨ ਕਿਨਹੂੰ ਲਹਿਆ ॥੧॥ | "Without the Lord's meditation, there is no emancipation, and no one has ever found peace."‖1‖ |
| ਤੀਨਿ ਭਵਨ ਕੀ ਲਖਮੀ ਜੋਰੀ ਬੂਝਤ ਨਾਹੀ ਲਹਰੇ ॥ | People may accumulate the wealth of the three worlds, but the waves of greed are still not subdued. |
| ਬਿਨੁ ਹਰਿ ਭਗਤਿ ਕਹਾ ਥਿਤਿ ਪਾਵੈ ਫਿਰਤੋ ਪਹਰੇ ਪਹਰੇ ॥੨॥ | Without devotional worship of the Lord, where can anyone find stability? People wander around endlessly. ‖2‖ |
| ਅਨਿਕ ਬਿਲਾਸ ਕਰਤ ਮਨ ਮੋਹਨ ਪੂਰਨ ਹੋਤ ਨ ਕਾਮਾ ॥ | People engage in all sorts of mind-enticing pastimes, but their passions are not fulfilled. |
| ਜਲਤੋ ਜਲਤੋ ਕਬਹੂ ਨ ਬੂਝਤ ਸਗਲ ਬ੍ਰਿਥੇ ਬਿਨੁ ਨਾਮਾ ॥੩॥ | They burn and burn, and are never satisfied; without the Lord's Name, it is all useless. ‖3‖ |
| ਹਰਿ ਕਾ ਨਾਮੁ ਜਪਹੁ ਮੇਰੇ ਮੀਤਾ ਇਹੈ ਸਾਰ ਸੁਖੁ ਪੂਰਾ ॥ | Chant the Name of the Lord, my friend; this is the essence of perfect peace. |

| | |
|---|---|
| ਸਾਧਸੰਗਤਿ ਜਨਮ ਮਰਣੁ ਨਿਵਾਰੈ ਨਾਨਕ ਜਨ ਕੀ ਧੂਰਾ ॥੪॥੪॥੧੬੨॥ | In the Saadh Sangat, the Company of the Holy, birth and death are ended. Nanak is the dust of the feet of the humble. \|\|4\|\|4\|\|162\|\| |
| ਗਉੜੀ ਮਾਲਾ ਮਹਲਾ ੫ ॥ | Gauree Maalaa, Fifth Mehl: |
| ਮੋ ਕਉ ਇਹ ਬਿਧਿ ਕੋ ਸਮਝਾਵੈ ॥ | Who can help me understand my condition? |
| ਕਰਤਾ ਹੋਇ ਜਨਾਵੈ ॥੧॥ ਰਹਾਉ ॥ | Only the Creator knows it. \|\|1\|\|Pause\|\| |
| ਅਨਜਾਨਤ ਕਿਛੁ ਇਨਹਿ ਕਮਾਨੋ ਜਪ ਤਪ ਕਛੂ ਨ ਸਾਧਾ ॥ | This person does things in ignorance; he does not chant in meditation, and does not perform any deep, self-disciplined meditation. |
| ਦਹ ਦਿਸਿ ਲੈ ਇਹੁ ਮਨੁ ਦਉਰਾਇਓ ਕਵਨ ਕਰਮ ਕਰਿ ਬਾਧਾ ॥੧॥ | This mind wanders around in the ten directions - how can it be restrained? \|\|1\|\| |
| ਮਨ ਤਨ ਧਨ ਭੂਮਿ ਕਾ ਠਾਕੁਰੁ ਹਉ ਇਸ ਕਾ ਇਹੁ ਮੇਰਾ ॥ | "I am the lord, the master of my mind, body, wealth and lands. These are mine." |
| **੨੧੬** | **216** |
| ਭਰਮ ਮੋਹ ਕਛੁ ਸੂਝਸਿ ਨਾਹੀ ਇਹ ਪੈਖਰ ਪਏ ਪੈਰਾ ॥੨॥ | In doubt and emotional attachment, this person understands nothing; with this leash, these feet are tied up. \|\|2\|\| |
| ਤਬ ਇਹੁ ਕਹਾ ਕਮਾਵਨ ਪਰਿਆ ਜਬ ਇਹੁ ਕਛੂ ਨ ਹੋਤਾ ॥ | What did this person do, when he did not exist? |
| ਜਬ ਏਕ ਨਿਰੰਜਨ ਨਿਰੰਕਾਰ ਪ੍ਰਭ ਸਭੁ ਕਿਛੁ ਆਪਹਿ ਕਰਤਾ ॥੩॥ | When the Immaculate and Formless Lord God was all alone, He did everything by Himself. \|\|3\|\| |
| ਅਪਨੇ ਕਰਤਬ ਆਪੇ ਜਾਨੈ ਜਿਨਿ ਇਹੁ ਰਚਨੁ ਰਚਾਇਆ ॥ | He alone knows His actions; He created this creation. |
| ਕਹੁ ਨਾਨਕ ਕਰਣਹਾਰੁ ਹੈ ਆਪੇ ਸਤਿਗੁਰਿ ਭਰਮੁ ਚੁਕਾਇਆ ॥੪॥੫॥੧੬੩॥ | Says Nanak, the Lord Himself is the Doer. The True Guru has dispelled my doubts. \|\|4\|\|5\|\|163\|\| |
| ਗਉੜੀ ਮਾਲਾ ਮਹਲਾ ੫ ॥ | Gauree Maalaa, Fifth Mehl: |
| ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥ | Without the Lord, other actions are useless. |

| | |
|---|---|
| ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥੧॥ ਰਹਾਉ ॥ | Meditative chants, intense deep meditation, austere self-discipline and rituals - these are plundered in this world. \|\|1\|\|Pause\|\| |
| ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ ॥ | Fasting, daily rituals, and austere self-discipline - those who keep the practice of these, are rewarded with less than a shell. |
| ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ ॥੧॥ | Hereafter, the way is different, O Siblings of Destiny. There, these things are of no use at all. \|\|1\|\| |
| ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ ॥ | Those who bathe at sacred shrines of pilgrimage, and wander over the earth, find no place of rest hereafter. |
| ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ ॥੨॥ | There, these are of no use at all. By these things, they only please other people. \|\|2\|\| |
| ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ ॥ | Reciting the four Vedas from memory, they do not obtain the Mansion of the Lord's Presence hereafter. |
| ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ ॥੩॥ | Those who do not understand the One Pure Word, utter total nonsense. \|\|3\|\| |
| ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਰਾਮੀ ॥ | Nanak voices this opinion: those who practice it, swim across. |
| ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ ॥੪॥੬॥੧੬੪॥ | Serve the Guru, and meditate on the Naam; renounce the egotistical pride from your mind. \|\|4\|\|6\|\|164\|\| |
| ਗਉੜੀ ਮਾਲਾ ੫ ॥ | Gauree Maalaa, Fifth Mehl: |
| ਮਾਧਉ ਹਰਿ ਹਰਿ ਹਰਿ ਮੁਖਿ ਕਹੀਐ ॥ | O Lord, I chant Your Name, Har, Har, Har. |
| ਹਮ ਤੇ ਕਛੂ ਨ ਹੋਵੈ ਸੁਆਮੀ ਜਿਉ ਰਾਖਹੁ ਤਿਉ ਰਹੀਐ ॥੧॥ ਰਹਾਉ ॥ | I cannot do anything by myself, O Lord and Master. As You keep me, so I remain. \|\|1\|\|Pause\|\| |
| ਕਿਆ ਕਿਛੁ ਕਰੈ ਕਿ ਕਰਣੈਹਾਰਾ ਕਿਆ ਇਸੁ ਹਾਥਿ ਬਿਚਾਰੇ ॥ | What can the mere mortal do? What is in the hands of this poor creature? |
| ਜਿਤੁ ਤੁਮ ਲਾਵਹੁ ਤਿਤ ਹੀ ਲਾਗਾ ਪੂਰਨ ਖਸਮ ਹਮਾਰੇ ॥੧॥ | As You attach us, so we are attached, O my Perfect Lord and Master. \|\|1\|\| |
| ਕਰਹੁ ਕ੍ਰਿਪਾ ਸਰਬ ਕੇ ਦਾਤੇ ਏਕ ਰੂਪ ਲਿਵ ਲਾਵਹੁ ॥ | Take pity on me, O Great Giver of all, that I may enshrine love for Your Form alone. |

| | |
|---|---|
| ਨਾਨਕ ਕੀ ਬੇਨੰਤੀ ਹਰਿ ਪਹਿ ਅਪੁਨਾ ਨਾਮੁ ਜਪਾਵਹੁ ॥੨॥੭॥੧੬੫॥ | Nanak offers this prayer to the Lord, that he may chant the Naam, the Name of the Lord. ‖2‖7‖165‖ |
| ਰਾਗੁ ਗਉੜੀ ਮਾਝ ਮਹਲਾ ੫<br>ੴ ਸਤਿਗੁਰ ਪ੍ਰਸਾਦਿ ॥ | Raag Gauree Maajh, Fifth Mehl:<br>One Universal Creator God.<br>By The Grace Of The True Guru: |
| ਦੀਨ ਦਇਆਲ ਦਮੋਦਰ ਰਾਇਆ ਜੀਉ ॥ | O Merciful to the meek, O Dear Lord King, |
| ਕੋਟਿ ਜਨਾ ਕਰਿ ਸੇਵ ਲਗਾਇਆ ਜੀਉ ॥ | You have engaged millions of people in Your Service. |
| ਭਗਤ ਵਛਲੁ ਤੇਰਾ ਬਿਰਦੁ ਰਖਾਇਆ ਜੀਉ ॥ | You are the Lover of Your devotees; this is Your Nature. |
| ਪੂਰਨ ਸਭਨੀ ਜਾਈ ਜੀਉ ॥੧॥ | You are totally pervading all places. ‖1‖ |
| ਕਿਉ ਪੇਖਾ ਪ੍ਰੀਤਮੁ ਕਵਣ ਸੁਕਰਣੀ ਜੀਉ ॥ | How can I behold my Beloved? What is that way of life? |
| ਸੰਤਾ ਦਾਸੀ ਸੇਵਾ ਚਰਣੀ ਜੀਉ ॥ | Become the slave of the Saints, and serve at their feet. |
| ਇਹੁ ਜੀਉ ਵਤਾਈ ਬਲਿ ਬਲਿ ਜਾਈ ਜੀਉ ॥ | I dedicate this soul; I am a sacrifice, a sacrifice to them. |
| ਤਿਸੁ ਨਿਵਿ ਨਿਵਿ ਲਾਗਉ ਪਾਈ ਜੀਉ ॥੨॥ | Bowing low, I fall at the Feet of the Lord. ‖2‖ |
| ਪੋਥੀ ਪੰਡਿਤ ਬੇਦ ਖੋਜੰਤਾ ਜੀਉ ॥ | The Pandits, the religious scholars, study the books of the Vedas. |
| ਹੋਇ ਬੈਰਾਗੀ ਤੀਰਥਿ ਨਾਵੰਤਾ ਜੀਉ ॥ | Some become renunciates, and bathe at sacred shrines of pilgrimage. |
| ਗੀਤ ਨਾਦ ਕੀਰਤਨੁ ਗਾਵੰਤਾ ਜੀਉ ॥ | Some sing tunes and melodies and songs. |
| ਹਰਿ ਨਿਰਭਉ ਨਾਮੁ ਧਿਆਈ ਜੀਉ ॥੩॥ | But I meditate on the Naam, the Name of the Fearless Lord. ‖3‖ |
| ਭਏ ਕ੍ਰਿਪਾਲ ਸੁਆਮੀ ਮੇਰੇ ਜੀਉ ॥ | My Lord and Master has become merciful to me. |
| ਪਤਿਤ ਪਵਿਤ ਲਗਿ ਗੁਰ ਕੇ ਪੈਰੇ ਜੀਉ ॥ | I was a sinner, and I have been sanctified, taking to the Guru’s Feet. |

| ੨੧੭ | 217 |
|---|---|
| ਭ੍ਰਮੁ ਭਉ ਕਾਟਿ ਕੀਏ ਨਿਰਵੈਰੇ ਜੀਉ ॥ | Dispelling my doubts and fears, the Guru has rid me of hatred. |
| ਗੁਰ ਮਨ ਕੀ ਆਸ ਪੂਰਾਈ ਜੀਉ ॥੪॥ | The Guru has fulfilled the desires of my mind. \|\|4\|\| |
| ਜਿਨਿ ਨਾਉ ਪਾਇਆ ਸੋ ਧਨਵੰਤਾ ਜੀਉ ॥ | One who has obtained the Name is wealthy. |
| ਜਿਨਿ ਪ੍ਰਭੁ ਧਿਆਇਆ ਸੁ ਸੋਭਾਵੰਤਾ ਜੀਉ ॥ | One who meditates on God is glorified. |
| ਜਿਸੁ ਸਾਧੂ ਸੰਗਤਿ ਤਿਸੁ ਸਭ ਸੁਕਰਣੀ ਜੀਉ ॥ | Sublime are all the actions of those who join the Saadh Sangat, the Company of the Holy. |
| ਜਨ ਨਾਨਕ ਸਹਜਿ ਸਮਾਈ ਜੀਉ ॥੫॥੧॥੧੬੬॥ | Servant Nanak is intuitively absorbed into the Lord. \|\|5\|\|1\|\|166\|\| |
| ਗਉੜੀ ਮਹਲਾ ੫ ਮਾਝ ॥ | Gauree, Fifth Mehl, Maajh: |
| ਆਉ ਹਮਾਰੈ ਰਾਮ ਪਿਆਰੇ ਜੀਉ ॥ | Come to me, O my Beloved Lord. |
| ਰੈਣਿ ਦਿਨਸੁ ਸਾਸਿ ਸਾਸਿ ਚਿਤਾਰੇ ਜੀਉ ॥ | Night and day, with each and every breath, I think of You. |
| ਸੰਤ ਦੇਉ ਸੰਦੇਸਾ ਪੈ ਚਰਣਾਰੇ ਜੀਉ ॥ | O Saints, give Him this message; I fall at Your Feet. |
| ਤੁਧੁ ਬਿਨੁ ਕਿਤੁ ਬਿਧਿ ਤਰੀਐ ਜੀਉ ॥੧॥ | Without You, how can I be saved? \|\|1\|\| |
| ਸੰਗਿ ਤੁਮਾਰੈ ਮੈ ਕਰੇ ਅਨੰਦਾ ਜੀਉ ॥ | In Your Company, I am in ecstasy. |
| ਵਣਿ ਤਿਣਿ ਤ੍ਰਿਭਵਣਿ ਸੁਖ ਪਰਮਾਨੰਦਾ ਜੀਉ ॥ | In the forest, the fields and the three worlds, there is peace and supreme bliss. |
| ਸੇਜ ਸੁਹਾਵੀ ਇਹੁ ਮਨੁ ਬਿਗਸੰਦਾ ਜੀਉ ॥ | My bed is beautiful, and my mind blossoms forth in ecstasy. |
| ਪੇਖਿ ਦਰਸਨੁ ਇਹੁ ਸੁਖੁ ਲਹੀਐ ਜੀਉ ॥੨॥ | Beholding the Blessed Vision of Your Darshan, I have found this peace. \|\|2\|\| |
| ਚਰਣ ਪਖਾਰਿ ਕਰੀ ਨਿਤ ਸੇਵਾ ਜੀਉ ॥ | I wash Your Feet, and constantly serve You. |
| ਪੂਜਾ ਅਰਚਾ ਬੰਦਨ ਦੇਵਾ ਜੀਉ ॥ | O Divine Lord, I worship and adore You; I bow down before You. |

| | |
|---|---|
| ਦਾਸਨਿ ਦਾਸੁ ਨਾਮੁ ਜਪਿ ਲੇਵਾ ਜੀਉ ॥ | I am the slave of Your slaves; I chant Your Name. |
| ਬਿਨਉ ਠਾਕੁਰ ਪਹਿ ਕਹੀਐ ਜੀਉ ॥੩॥ | I offer this prayer to my Lord and Master. \|\|3\|\| |
| ਇਛ ਪੁੰਨੀ ਮੇਰੀ ਮਨੁ ਤਨੁ ਹਰਿਆ ਜੀਉ ॥ | My desires are fulfilled, and my mind and body are rejuvenated. |
| ਦਰਸਨ ਪੇਖਤ ਸਭ ਦੁਖ ਪਰਹਰਿਆ ਜੀਉ ॥ | Beholding the Blessed Vision of the Lord's Darshan, all my pains have been taken away. |
| ਹਰਿ ਹਰਿ ਨਾਮੁ ਜਪੇ ਜਪਿ ਤਰਿਆ ਜੀਉ ॥ | Chanting and meditating on the Name of the Lord, Har, Har, I have been saved. |
| ਇਹੁ ਅਜਰੁ ਨਾਨਕ ਸੁਖੁ ਸਹੀਐ ਜੀਉ ॥੪॥੨॥੧੬੭॥ | Nanak endures this unendurable celestial bliss. \|\|4\|\|2\|\|167\|\| |
| ਗਉੜੀ ਮਾਝ ਮਹਲਾ ੫ ॥ | Gauree Maajh, Fifth Mehl: |
| ਸੁਣਿ ਸੁਣਿ ਸਾਜਨ ਮਨ ਮਿਤ ਪਿਆਰੇ ਜੀਉ ॥ | Listen, listen, O my friend and companion, O Beloved of my mind: |
| ਮਨੁ ਤਨੁ ਤੇਰਾ ਇਹੁ ਜੀਉ ਭਿ ਵਾਰੇ ਜੀਉ ॥ | my mind and body are Yours. This life is a sacrifice to You as well. |
| ਵਿਸਰੁ ਨਾਹੀ ਪ੍ਰਭ ਪ੍ਰਾਣ ਅਧਾਰੇ ਜੀਉ ॥ | May I never forget God, the Support of the breath of life. |
| ਸਦਾ ਤੇਰੀ ਸਰਣਾਈ ਜੀਉ ॥੧॥ | I have come to Your Eternal Sanctuary. \|\|1\|\| |
| ਜਿਸੁ ਮਿਲਿਐ ਮਨੁ ਜੀਵੈ ਭਾਈ ਜੀਉ ॥ | Meeting Him, my mind is revived, O Siblings of Destiny. |
| ਗੁਰ ਪਰਸਾਦੀ ਸੋ ਹਰਿ ਹਰਿ ਪਾਈ ਜੀਉ ॥ | By Guru's Grace, I have found the Lord, Har, Har. |
| ਸਭ ਕਿਛੁ ਪ੍ਰਭ ਕਾ ਪ੍ਰਭ ਕੀਆ ਜਾਈ ਜੀਉ ॥ | All things belong to God; all places belong to God. |
| ਪ੍ਰਭ ਕਉ ਸਦ ਬਲਿ ਜਾਈ ਜੀਉ ॥੨॥ | I am forever a sacrifice to God. \|\|2\|\| |
| ਏਹੁ ਨਿਧਾਨੁ ਜਪੈ ਵਡਭਾਗੀ ਜੀਉ ॥ | Very fortunate are those who meditate on this treasure. |

ਨਾਮ ਨਿਰੰਜਨ ਏਕ ਲਿਵ ਲਾਗੀ ਜੀਉ ॥
They enshrine love for the Naam, the Name of the One Immaculate Lord.

ਗੁਰੁ ਪੂਰਾ ਪਾਇਆ ਸਭੁ ਦੁਖੁ ਮਿਟਾਇਆ ਜੀਉ ॥
Finding the Perfect Guru, all suffering is dispelled.

ਆਠ ਪਹਰ ਗੁਣ ਗਾਇਆ ਜੀਉ ॥੩॥
Twenty-four hours a day, I sing the Glories of God. ||3||

ਰਤਨ ਪਦਾਰਥ ਹਰਿ ਨਾਮੁ ਤੁਮਾਰਾ ਜੀਉ ॥
Your Name is the treasure of jewels, Lord.

ਤੂੰ ਸਚਾ ਸਾਹੁ ਭਗਤੁ ਵਣਜਾਰਾ ਜੀਉ ॥
You are the True Banker; Your devotee is the trader.

ਹਰਿ ਧਨੁ ਰਾਸਿ ਸਚੁ ਵਾਪਾਰਾ ਜੀਉ ॥
True is the trade of those who have the wealth of the Lord's assets.

ਜਨ ਨਾਨਕ ਸਦ ਬਲਿਹਾਰਾ ਜੀਉ ॥੪॥੩॥੧੬੮॥
Servant Nanak is forever a sacrifice. ||4||3||168||

ਰਾਗੁ ਗਉੜੀ ਮਾਝ ਮਹਲਾ ੫
Raag Gauree Maajh, Fifth Mehl:

ੴ ਸਤਿਗੁਰ ਪ੍ਰਸਾਦਿ ॥
One Universal Creator God.
By The Grace Of The True Guru:

ਤੂੰ ਮੇਰਾ ਬਹੁ ਮਾਣੁ ਕਰਤੇ ਤੂੰ ਮੇਰਾ ਬਹੁ ਮਾਣੁ ॥
I am so proud of You, O Creator; I am so proud of You.

ਜੋਰਿ ਤੁਮਾਰੈ ਸੁਖਿ ਵਸਾ ਸਚੁ ਸਬਦੁ ਨੀਸਾਣੁ ॥੧॥ ਰਹਾਉ ॥
Through Your Almighty Power, I dwell in peace. The True Word of the Shabad is my banner and insignia. ||1||Pause||

ਸਭੇ ਗਲਾ ਜਾਤੀਆ ਸੁਣਿ ਕੈ ਚੁਪ ਕੀਆ ॥
He hears and knows everything, but he keeps silent.

ਕਦ ਹੀ ਸੁਰਤਿ ਨ ਲਧੀਆ ਮਾਇਆ ਮੋਹੜਿਆ ॥੧॥
Bewitched by Maya, he never regains awareness. ||1||

ਦੇਇ ਬੁਝਾਰਤ ਸਾਰਤਾ ਸੇ ਅਖੀ ਡਿਠੜਿਆ ॥
The riddles and hints are given, and he sees them with his eyes.

**੨੧੮**
218

ਕੋਈ ਜਿ ਮੂਰਖੁ ਲੋਭੀਆ ਮੂਲਿ ਨ ਸੁਣੀ ਕਹਿਆ ॥੨॥
But he is foolish and greedy, and he never listens to what he is told. ||2||

| | |
|---|---|
| ਇਕਸੁ ਦੁਹੁ ਚਹੁ ਕਿਆ ਗਣੀ ਸਭ ਇਕਤੁ ਸਾਦਿ ਮੁਠੀ ॥ | Why bother to count one, two, three, four? The whole world is defrauded by the same enticements. |
| ਇਕੁ ਅਧੁ ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ ॥੩॥ | Hardly anyone loves the Lord's Name; how rare is that place which is in bloom. \|\|3\|\| |
| ਭਗਤ ਸਚੇ ਦਰਿ ਸੋਹਦੇ ਅਨਦ ਕਰਹਿ ਦਿਨ ਰਾਤਿ ॥ | The devotees look beautiful in the True Court; night and day, they are happy. |
| ਰੰਗਿ ਰਤੇ ਪਰਮੇਸਰੈ ਜਨ ਨਾਨਕ ਤਿਨ ਬਲਿ ਜਾਤ ॥੪॥੧॥੧੬੯॥ | They are imbued with the Love of the Transcendent Lord; servant Nanak is a sacrifice to them. \|\|4\|\|1\|\|169\|\| |
| ਗਉੜੀ ਮਹਲਾ ੫ ਮਾਂਝ ॥ | Gauree, Fifth Mehl, Maajh: |
| ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ ॥ | The Destroyer of sorrow is Your Name, Lord; the Destroyer of sorrow is Your Name. |
| ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ ॥੧॥ ਰਹਾਉ ॥ | Twenty-four hours a day, dwell upon the wisdom of the Perfect True Guru. \|\|1\|\|Pause\|\| |
| ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ ॥ | That heart, in which the Supreme Lord God abides, is the most beautiful place. |
| ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ ॥੧॥ | The Messenger of Death does not even approach those who chant the Glorious Praises of the Lord with the tongue. \|\|1\|\| |
| ਸੇਵਾ ਸੁਰਤਿ ਨ ਜਾਣੀਆ ਨਾ ਜਾਪੈ ਆਰਾਧਿ ॥ | I have not understood the wisdom of serving Him, nor have I worshipped Him in meditation. |
| ਓਟ ਤੇਰੀ ਜਗਜੀਵਨਾ ਮੇਰੇ ਠਾਕੁਰ ਅਗਮ ਅਗਾਧਿ ॥੨॥ | You are my Support, O Life of the World; O my Lord and Master, Inaccessible and Incomprehensible. \|\|2\|\| |
| ਭਏ ਕ੍ਰਿਪਾਲ ਗੁਸਾਈਆ ਨਠੇ ਸੋਗ ਸੰਤਾਪ ॥ | When the Lord of the Universe became merciful, sorrow and suffering departed. |
| ਤਤੀ ਵਾਉ ਨ ਲਗਈ ਸਤਿਗੁਰਿ ਰਖੇ ਆਪਿ ॥੩॥ | The hot winds do not even touch those who are protected by the True Guru. \|\|3\|\| |
| ਗੁਰੁ ਨਾਰਾਇਣੁ ਦਯੁ ਗੁਰੁ ਗੁਰੁ ਸਚਾ ਸਿਰਜਣਹਾਰੁ ॥ | The Guru is the All-pervading Lord, the Guru is the Merciful Master; the Guru is the True Creator Lord. |
| ਗੁਰਿ ਤੁਠੈ ਸਭ ਕਿਛੁ ਪਾਇਆ ਜਨ ਨਾਨਕ ਸਦ ਬਲਿਹਾਰ ॥੪॥੨॥੧੭੦॥ | When the Guru was totally satisfied, I obtained everything. Servant Nanak is forever a sacrifice to Him. \|\|4\|\|2\|\|170\|\| |

ਗਉੜੀ ਮਾਝ ਮਹਲਾ ੫ ॥

Gauree Maajh, Fifth Mehl:

ਹਰਿ ਰਾਮ ਰਾਮ ਰਾਮ ਰਾਮਾ ॥

The Lord, the Lord, Raam, Raam, Raam:

ਜਪਿ ਪੂਰਨ ਹੋਏ ਕਾਮਾ ॥੧॥ ਰਹਾਉ ॥

meditating on Him, all affairs are resolved. ||1||Pause||

ਰਾਮ ਗੋਬਿੰਦ ਜਪੇਦਿਆ ਹੋਆ ਮੁਖੁ ਪਵਿਤੁ ॥

Chanting the Name of the Lord of the Universe, one's mouth is sanctified.

ਹਰਿ ਜਸੁ ਸੁਣੀਐ ਜਿਸ ਤੇ ਸੋਈ ਭਾਈ ਮਿਤੁ ॥੧॥

One who recites to me the Praises of the Lord is my friend and brother. ||1||

ਸਭਿ ਪਦਾਰਥ ਸਭਿ ਫਲਾ ਸਰਬ ਗੁਣਾ ਜਿਸੁ ਮਾਹਿ ॥

All treasures, all rewards and all virtues are in the Lord of the Universe.

ਕਿਉ ਗੋਬਿੰਦੁ ਮਨਹੁ ਵਿਸਾਰੀਐ ਜਿਸੁ ਸਿਮਰਤ ਦੁਖ ਜਾਹਿ ॥੨॥

Why forget Him from your mind? Remembering Him in meditation, pain departs. ||2||

ਜਿਸੁ ਲੜਿ ਲਗਿਐ ਜੀਵੀਐ ਭਵਜਲੁ ਪਈਐ ਪਾਰਿ ॥

Grasping the hem of His robe, we live, and cross over the terrifying world-ocean.

ਮਿਲਿ ਸਾਧੂ ਸੰਗਿ ਉਧਾਰੁ ਹੋਇ ਮੁਖ ਊਜਲ ਦਰਬਾਰਿ ॥੩॥

Joining the Saadh Sangat, the Company of the Holy, one is saved, and one's face becomes radiant in the Court of the Lord. ||3||

ਜੀਵਨ ਰੂਪ ਗੋਪਾਲ ਜਸੁ ਸੰਤ ਜਨਾ ਕੀ ਰਾਸਿ ॥

The Praise of the Sustainer of the Universe is the essence of life, and the wealth of His Saints.

ਨਾਨਕ ਉਬਰੇ ਨਾਮੁ ਜਪਿ ਦਰਿ ਸਚੈ ਸਾਬਾਸਿ ॥੪॥੩॥੧੭੧॥

Nanak is saved, chanting the Naam, the Name of the Lord; in the True Court, he is cheered and applauded. ||4||3||171||

ਗਉੜੀ ਮਾਝ ਮਹਲਾ ੫ ॥

Gauree Maajh, Fifth Mehl:

ਮੀਠੇ ਹਰਿ ਗੁਣ ਗਾਉ ਜਿੰਦੂ ਤੂੰ ਮੀਠੇ ਹਰਿ ਗੁਣ ਗਾਉ ॥

Sing the Sweet Praises of the Lord, O my soul, sing the Sweet Praises of the Lord.

ਸਚੇ ਸੇਤੀ ਰਤਿਆ ਮਿਲਿਆ ਨਿਥਾਵੇ ਥਾਉ ॥੧॥ ਰਹਾਉ ॥

Attuned to the True One, even the homeless find a home. ||1||Pause||

ਹੋਰਿ ਸਾਦ ਸਭਿ ਫਿਕਿਆ ਤਨੁ ਮਨੁ ਫਿਕਾ ਹੋਇ ॥

All other tastes are bland and insipid; through them, the body and mind are rendered insipid as well.

ਵਿਣੁ ਪਰਮੇਸਰ ਜੋ ਕਰੇ ਫਿਟੁ ਸੁ ਜੀਵਣੁ ਸੋਇ ॥੧॥

Without the Transcendent Lord, what can anyone do? Cursed is his life, and cursed his reputation. ||1||

ਅੰਚਲੁ ਗਹਿ ਕੈ ਸਾਧ ਕਾ ਤਰਣਾ ਇਹੁ ਸੰਸਾਰੁ ॥

Grasping the hem of the robe of the Holy Saint, we cross over the world-ocean.

ਪਾਰਬ੍ਰਹਮੁ ਆਰਾਧੀਐ ਉਧਰੈ ਸਭ ਪਰਵਾਰੁ ॥੨॥

Worship and adore the Supreme Lord God, and all your family will be saved as well. ||2||

ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ ॥

He is a companion, a relative, and a good friend of mine, who implants the Lord's Name within my heart.

ਅਉਗਣ ਸਭਿ ਮਿਟਾਇ ਕੈ ਪਰਉਪਕਾਰੁ ਕਰੇਇ ॥੩॥

He washes off all my demerits, and is so generous to me. ||3||

ਮਾਲੁ ਖਜਾਨਾ ਥੇਹੁ ਘਰੁ ਹਰਿ ਕੇ ਚਰਣ ਨਿਧਾਨ ॥

Wealth, treasures, and household are all just ruins; the Lord's Feet are the only treasure.

ਨਾਨਕੁ ਜਾਚਕੁ ਦਰਿ ਤੇਰੈ ਪ੍ਰਭ ਤੁਧਨੋ ਮੰਗੈ ਦਾਨੁ ॥੪॥੪॥੧੭੨॥

Nanak is a beggar standing at Your Door, God; he begs for Your charity. ||4||4||172||

## ੨੧੯

## 219

ੴ ਸਤਿਗੁਰ ਪ੍ਰਸਾਦਿ ॥

ਰਾਗੁ ਗਉੜੀ ਮਹਲਾ ੯ ॥

One Universal Creator God.
By The Grace Of The True Guru:
Raag Gauree, Ninth Mehl

ਸਾਧੋ ਮਨ ਕਾ ਮਾਨੁ ਤਿਆਗਉ ॥

Holy Saadhus: forsake the pride of your mind.

ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥

Sexual desire, anger and the company of evil people - run away from them, day and night. ||1||Pause||

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥

One who knows that pain and pleasure are both the same, and honor and dishonor as well,

ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥

who remains detached from joy and sorrow, realizes the true essence in the world. ||1||

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥

Renounce both praise and blame; seek instead the state of Nirvaanaa.

ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥

O servant Nanak, this is such a difficult game; only a few Gurmukhs understand it! ||2||1||

| | |
|---|---|
| ਗਉੜੀ ਮਹਲਾ ੯ ॥ | Gauree, Ninth Mehl: |
| ਸਾਧੋ ਰਚਨਾ ਰਾਮ ਬਨਾਈ ॥ | Holy Saadhus: the Lord fashioned the creation. |
| ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥੧॥ ਰਹਾਉ ॥ | One person passes away, and another thinks that he will live forever - this is a wonder beyond understanding! \|\|1\|\|Pause\|\| |
| ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥ | The mortal beings are held in the power of sexual desire, anger and emotional attachment; they have forgotten the Lord, the Immortal Form. |
| ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥੧॥ | The body is false, but they believe it to be true; it is like a dream in the night. \|\|1\|\| |
| ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥ | Whatever is seen, shall all pass away, like the shadow of a cloud. |
| ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥੨॥੨॥ | O servant Nanak, one who knows the world to be unreal, dwells in the Sanctuary of the Lord. \|\|2\|\|2\|\| |
| ਗਉੜੀ ਮਹਲਾ ੯ ॥ | Gauree, Ninth Mehl: |
| ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ ॥ | The Praise of the Lord does not come to dwell in the minds of the mortal beings. |
| ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ ॥੧॥ ਰਹਾਉ ॥ | Day and night, they remain engrossed in Maya. Tell me, how can they sing God's Glories? \|\|1\|\|Pause\|\| |
| ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ ॥ | In this way, they bind themselves to children, friends, Maya and possessiveness. |
| ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ ॥੧॥ | Like the deer's delusion, this world is false; and yet, beholding it, they chase after it. \|\|1\|\| |
| ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ ਬਿਸਰਾਵੈ ॥ | Our Lord and Master is the source of pleasures and liberation; and yet, the fool forgets Him. |
| ਜਨ ਨਾਨਕ ਕੋਟਨ ਮੈ ਕੋਊ ਭਜਨੁ ਰਾਮ ਕੋ ਪਾਵੈ ॥੨॥੩॥ | O servant Nanak, among millions, there is scarcely anyone who attains the Lord's meditation. \|\|2\|\|3\|\| |
| ਗਉੜੀ ਮਹਲਾ ੯ ॥ | Gauree, Ninth Mehl: |
| ਸਾਧੋ ਇਹੁ ਮਨੁ ਗਹਿਓ ਨ ਜਾਈ ॥ | Holy Saadhus: this mind cannot be restrained. |
| ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥੧॥ ਰਹਾਉ ॥ | Fickle desires dwell with it, and so it cannot remain steady. \|\|1\|\|Pause\|\| |

| | |
|---|---|
| ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥ | The heart is filled with anger and violence, which cause all sense to be forgotten. |
| ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ ॥੧॥ | The jewel of spiritual wisdom has been taken away from everyone; nothing can withstand it. \|\|1\|\| |
| ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ ॥ | The Yogis have tried everything and failed; the virtuous have grown weary of singing God's Glories. |
| ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ ॥੨॥੪॥ | O servant Nanak, when the Lord becomes merciful, then every effort is successful. \|\|2\|\|4\|\| |
| ਗਉੜੀ ਮਹਲਾ ੯ ॥ | Gauree, Ninth Mehl: |
| ਸਾਧੋ ਗੋਬਿੰਦ ਕੇ ਗੁਨ ਗਾਵਉ ॥ | Holy Saadhus: sing the Glorious Praises of the Lord of the Universe. |
| ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ ॥੧॥ ਰਹਾਉ ॥ | You have obtained the priceless jewel of this human life; why are you uselessly wasting it? \|\|1\|\|Pause\|\| |
| ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ ॥ | He is the Purifier of sinners, the Friend of the poor. Come, and enter the Lord's Sanctuary. |
| ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ ॥੧॥ | Remembering Him, the elephant's fear was removed; so why do you forget Him? \|\|1\|\| |
| ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥ | Renounce your egotistical pride and your emotional attachment to Maya; focus your consciousness on the Lord's meditation. |
| ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥੨॥੫॥ | Says Nanak, this is the path to liberation. Become Gurmukh, and attain it. \|\|2\|\|5\|\| |
| ਗਉੜੀ ਮਹਲਾ ੯ ॥ | Gauree, Ninth Mehl: |
| ਕੋਊ ਮਾਈ ਭੂਲਿਓ ਮਨੁ ਸਮਝਾਵੈ ॥ | O mother, if only someone would instruct my wayward mind. |
| **੨੨੦** | **220** |
| ਬੇਦ ਪੁਰਾਨ ਸਾਧ ਮਗ ਸੁਨਿ ਕਰਿ ਨਿਮਖ ਨ ਹਰਿ ਗੁਨ ਗਾਵੈ ॥੧॥ ਰਹਾਉ ॥ | This mind listens to the Vedas, the Puraanas, and the ways of the Holy Saints, but it does not sing the Glorious Praises of the Lord, for even an instant. \|\|1\|\|Pause\|\| |

| | |
|---|---|
| ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ ॥ | Having obtained this human body, so very difficult to obtain, it is now being uselessly wasted. |
| ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ ॥੧॥ | Emotional attachment to Maya is such a treacherous wilderness, and yet, people are in love with it. \|\|1\|\| |
| ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ ਤਾ ਸਿਉ ਨੇਹੁ ਨ ਲਾਵੈ ॥ | Inwardly and outwardly, God is always with them, and yet, they do not enshrine Love for Him. |
| ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ਰਾਮੁ ਸਮਾਵੈ ॥੨॥੬॥ | O Nanak, know that those whose hearts are filled with the Lord are liberated. \|\|2\|\|6\|\| |
| ਗਉੜੀ ਮਹਲਾ ੯ ॥ | Gauree, Ninth Mehl: |
| ਸਾਧੋ ਰਾਮ ਸਰਨਿ ਬਿਸਰਾਮਾ ॥ | Holy Saadhus: rest and peace are in the Sanctuary of the Lord. |
| ਬੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ ॥੧॥ ਰਹਾਉ ॥ | This is the blessing of studying the Vedas and the Puraanas, that you may meditate on the Name of the Lord. \|\|1\|\|Pause\|\| |
| ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ ॥ ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ ॥੧॥ | Greed, emotional attachment to Maya, possessiveness, the service of evil, pleasure and pain - those who are not touched by these, are the very embodiment of the Divine Lord. \|\|1\|\| |
| ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ ॥ | Heaven and hell, ambrosial nectar and poison, gold and copper - these are all alike to them. |
| ਉਸਤਤਿ ਨਿੰਦਾ ਏ ਸਮ ਜਾ ਕੈ ਲੋਭੁ ਮੋਹੁ ਫੁਨਿ ਤੈਸਾ ॥੨॥ | Praise and slander are all the same to them, as are greed and attachment. \|\|2\|\| |
| ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ ॥ | They are not bound by pleasure and pain - know that they are truly wise. |
| ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ॥੩॥੭॥ | O Nanak, recognize those mortal beings as liberated, who live this way of life. \|\|3\|\|7\|\| |
| ਗਉੜੀ ਮਹਲਾ ੯ ॥ | Gauree, Ninth Mehl: |
| ਮਨ ਰੇ ਕਹਾ ਭਇਓ ਤੈ ਬਉਰਾ ॥ | O mind, why have you gone crazy? |
| ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ ॥੧॥ ਰਹਾਉ ॥ | Don’t you know that your life is decreasing, day and night? Your life is made worthless with greed. \|\|1\|\|Pause\|\| |

| | |
|---|---|
| ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ ॥ | That body, which you believe to be your own, and your beautiful home and spouse |
| ਇਨ ਮੈਂ ਕਛੁ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ ॥੧॥ | - none of these is yours to keep. See this, reflect upon it and understand. ‖1‖ |
| ਰਤਨ ਜਨਮੁ ਅਪਨੋ ਤੈ ਹਾਰਿਓ ਗੋਬਿੰਦ ਗਤਿ ਨਹੀ ਜਾਨੀ ॥ | You have wasted the precious jewel of this human life; you do not know the Way of the Lord of the Universe. |
| ਨਿਮਖ ਨ ਲੀਨ ਭਇਓ ਚਰਨਨ ਸਿੰਉ ਬਿਰਥਾ ਅਉਧ ਸਿਰਾਨੀ ॥੨॥ | You have not been absorbed in the Lord's Feet, even for an instant. Your life has passed away in vain! ‖2‖ |
| ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ ॥ | Says Nanak, that man is happy, who sings the Glorious Praises of the Lord's Name. |
| ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀ ਪਾਵੈ ॥੩॥੮॥ | All the rest of the world is enticed by Maya; they do not obtain the state of fearless dignity. ‖3‖8‖ |
| ਗਉੜੀ ਮਹਲਾ ੯ ॥ | Gauree, Ninth Mehl: |
| ਨਰ ਅਚੇਤ ਪਾਪ ਤੇ ਡਰੁ ਰੇ ॥ | You people are unconscious; you should be afraid of sin. |
| ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ ॥੧॥ ਰਹਾਉ ॥ | Seek the Sanctuary of the Lord, Merciful to the meek, Destroyer of all fear. ‖1‖Pause‖ |
| ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ ॥ | The Vedas and the Puraanas sing His Praises; enshrine His Name within your heart. |
| ਪਾਵਨ ਨਾਮੁ ਜਗਤਿ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭ ਹਰੁ ਰੇ ॥੧॥ | Pure and sublime is the Name of the Lord in the world. Remembering it in meditation, all sinful mistakes shall be washed away. ‖1‖ |
| ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ ॥ | You shall not obtain this human body again; make the effort - try to achieve liberation! |
| ਨਾਨਕ ਕਹਤ ਗਾਇ ਕਰੁਨਾ ਮੈ ਭਵ ਸਾਗਰ ਕੈ ਪਾਰਿ ਉਤਰੁ ਰੇ ॥੨॥੯॥੨੫੧॥ | Says Nanak, sing of the Lord of compassion, and cross over the terrifying world-ocean. ‖2‖9‖251‖ |

| | |
|---|---|
| ਰਾਗੁ ਗਉੜੀ ਅਸਟਪਦੀਆ ਮਹਲਾ ੧ ਗਉੜੀ ਗੁਆਰੇਰੀ | Raag Gauree, Ashtapadees, First Mehl: Gauree Gwaarayree: |
| ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥ | One Universal Creator God. Truth Is The Name. Creative Being Personified. By Guru's Grace: |
| ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥ | The nine treasures and the miraculous spiritual powers come by contemplating the Immaculate Naam, the Name of the Lord. |
| ਪੂਰਨ ਪੂਰਿ ਰਹਿਆ ਬਿਖੁ ਮਾਰਿ ॥ | The Perfect Lord is All-pervading everywhere; He destroys the poison of Maya. |
| ਤ੍ਰਿਕੁਟੀ ਛੂਟੀ ਬਿਮਲ ਮਝਾਰਿ ॥ | I am rid of the three-phased Maya, dwelling in the Pure Lord. |
| **੨੨੧** | **221** |
| ਗੁਰ ਕੀ ਮਤਿ ਜੀਇ ਆਈ ਕਾਰਿ ॥੧॥ | The Guru's Teachings are useful to my soul. \|\|1\|\| |
| ਇਨ ਬਿਧਿ ਰਾਮ ਰਮਤ ਮਨੁ ਮਾਨਿਆ ॥ | Chanting the Lord's Name in this way, my mind is satisfied. |
| ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥੧॥ ਰਹਾਉ ॥ | I have obtained the ointment of spiritual wisdom, recognizing the Word of the Guru's Shabad. \|\|1\|\|Pause\|\| |
| ਇਕੁ ਸੁਖੁ ਮਾਨਿਆ ਸਹਜਿ ਮਿਲਾਇਆ ॥ | Blended with the One Lord, I enjoy intuitive peace. |
| ਨਿਰਮਲ ਬਾਣੀ ਭਰਮੁ ਚੁਕਾਇਆ ॥ | Through the Immaculate Bani of the Word, my doubts have been dispelled. |
| ਲਾਲ ਭਏ ਸੂਹਾ ਰੰਗੁ ਮਾਇਆ ॥ | Instead of the pale color of Maya, I am imbued with the deep crimson color of the Lord's Love. |
| ਨਦਰਿ ਭਈ ਬਿਖੁ ਠਾਕਿ ਰਹਾਇਆ ॥੨॥ | By the Lord's Glance of Grace, the poison has been eliminated. \|\|2\|\| |
| ਉਲਟ ਭਈ ਜੀਵਤ ਮਰਿ ਜਾਗਿਆ ॥ | When I turned away, and became dead while yet alive, I was awakened. |
| ਸਬਦਿ ਰਵੇ ਮਨੁ ਹਰਿ ਸਿਉ ਲਾਗਿਆ ॥ | Chanting the Word of the Shabad, my mind is attached to the Lord. |
| ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ ॥ | I have gathered in the Lord's sublime essence, and cast out the poison. |
| ਭਾਇ ਬਸੇ ਜਮ ਕਾ ਭਉ ਭਾਗਿਆ ॥੩॥ | Abiding in His Love, the fear of death has run away. \|\|3\|\| |

| | |
|---|---|
| ਸਾਦ ਰਹੇ ਬਾਦੰ ਅਹੰਕਾਰਾ ॥ | My taste for pleasure ended, along with conflict and egotism. |
| ਚਿਤੁ ਹਰਿ ਸਿਉ ਰਾਤਾ ਹੁਕਮਿ ਅਪਾਰਾ ॥ | My consciousness is attuned to the Lord, by the Order of the Infinite. |
| ਜਾਤਿ ਰਹੇ ਪਤਿ ਕੇ ਆਚਾਰਾ ॥ | My pursuit for worldy pride and honor is over. |
| ਦ੍ਰਿਸਟਿ ਭਈ ਸੁਖੁ ਆਤਮ ਧਾਰਾ ॥੪॥ | When He blessed me with His Glance of Grace, peace was established in my soul. \|\|4\|\| |
| ਤੁਝ ਬਿਨੁ ਕੋਇ ਨ ਦੇਖਉ ਮੀਤੁ ॥ | Without You, I see no friend at all. |
| ਕਿਸੁ ਸੇਵਉ ਕਿਸੁ ਦੇਵਉ ਚੀਤੁ ॥ | Whom should I serve? Unto whom should I dedicate my consciousness? |
| ਕਿਸੁ ਪੂਛਉ ਕਿਸੁ ਲਾਗਉ ਪਾਇ ॥ | Whom should I ask? At whose feet should I fall? |
| ਕਿਸੁ ਉਪਦੇਸਿ ਰਹਾ ਲਿਵ ਲਾਇ ॥੫॥ | By whose teachings will I remain absorbed in His Love? \|\|5\|\| |
| ਗੁਰ ਸੇਵੀ ਗੁਰ ਲਾਗਉ ਪਾਇ ॥ | I serve the Guru, and I fall at the Guru's Feet. |
| ਭਗਤਿ ਕਰੀ ਰਾਚਉ ਹਰਿ ਨਾਇ ॥ | I worship Him, and I am absorbed in the Lord's Name. |
| ਸਿਖਿਆ ਦੀਖਿਆ ਭੋਜਨ ਭਾਉ ॥ | The Lord's Love is my instruction, sermon and food. |
| ਹੁਕਮਿ ਸੰਜੋਗੀ ਨਿਜ ਘਰਿ ਜਾਉ ॥੬॥ | Enjoined to the Lord's Command, I have entered the home of my inner self. \|\|6\|\| |
| ਗਰਬ ਗਤੰ ਸੁਖ ਆਤਮ ਧਿਆਨਾ ॥ | With the extinction of pride, my soul has found peace and meditation. |
| ਜੋਤਿ ਭਈ ਜੋਤੀ ਮਾਹਿ ਸਮਾਨਾ ॥ | The Divine Light has dawned, and I am absorbed in the Light. |
| ਲਿਖਤੁ ਮਿਟੈ ਨਹੀ ਸਬਦੁ ਨੀਸਾਨਾ ॥ | Pre-ordained destiny cannot be erased; the Shabad is my banner and insignia. |
| ਕਰਤਾ ਕਰਣਾ ਕਰਤਾ ਜਾਨਾ ॥੭॥ | I know the Creator, the Creator of His Creation. \|\|7\|\| |
| ਨਹ ਪੰਡਿਤੁ ਨਹ ਚਤੁਰੁ ਸਿਆਨਾ ॥ | I am not a learned Pandit, I am not clever or wise. |
| ਨਹ ਭੂਲੋ ਨਹ ਭਰਮਿ ਭੁਲਾਨਾ ॥ | I do not wander; I am not deluded by doubt. |
| ਕਥਉ ਨ ਕਥਨੀ ਹੁਕਮੁ ਪਛਾਨਾ ॥ | I do not speak empty speech; I have recognized the Hukam of His Command. |
| ਨਾਨਕ ਗੁਰਮਤਿ ਸਹਜਿ ਸਮਾਨਾ ॥੮॥੧॥ | Nanak is absorbed in intuitive peace through the Guru's Teachings. \|\|8\|\|1\|\| |

| | |
|---|---|
| ਗਉੜੀ ਗੁਆਰੇਰੀ ਮਹਲਾ ੧ ॥ | Gauree Gwaarayree, First Mehl: |
| ਮਨੁ ਕੁੰਚਰੁ ਕਾਇਆ ਉਦਿਆਨੈ ॥ | The mind is an elephant in the forest of the body. |
| ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥ ਰਾਜ ਦੁਆਰੈ ਸੋਭ ਸੁ ਮਾਨੈ ॥੧॥ | The Guru is the controlling stick; when the Insignia of the True Shabad is applied, one obtains honor in the Court of God the King. \|\|1\|\| |
| ਚਤੁਰਾਈ ਨਹ ਚੀਨਿਆ ਜਾਇ ॥ | He cannot be known through clever tricks. |
| ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥ | Without subduing the mind, how can His value be estimated? \|\|1\|\|Pause\|\| |
| ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ | In the house of the self is the Ambrosial Nectar, which is being stolen by the thieves. |
| ਨੰਨਾਕਾਰੁ ਨ ਕੋਇ ਕਰੇਈ ॥ | No one can say no to them. |
| ਰਾਖੈ ਆਪਿ ਵਡਿਆਈ ਦੇਈ ॥੨॥ | He Himself protects us, and blesses us with greatness. \|\|2\|\| |
| ਨੀਲ ਅਨੀਲ ਅਗਨਿ ਇਕ ਠਾਈ ॥ | There are billions, countless billions of fires of desire at the seat of the mind. |
| ਜਲਿ ਨਿਵਰੀ ਗੁਰਿ ਬੂਝ ਬੁਝਾਈ ॥ | They are extinguished only with the water of understanding, imparted by the Guru. |
| ਮਨੁ ਦੇ ਲੀਆ ਰਹਸਿ ਗੁਣ ਗਾਈ ॥੩॥ | Offering my mind, I have attained it, and I joyfully sing His Glorious Praises. \|\|3\|\| |
| ਜੈਸਾ ਘਰਿ ਬਾਹਰਿ ਸੋ ਤੈਸਾ ॥ | Just as He is within the home of the self, so is He beyond. |
| ਬੈਸਿ ਗੁਫਾ ਮਹਿ ਆਖਉ ਕੈਸਾ ॥ | But how can I describe Him, sitting in a cave? |
| ਸਾਗਰਿ ਡੂਗਰਿ ਨਿਰਭਉ ਐਸਾ ॥੪॥ | The Fearless Lord is in the oceans, just as He is in the mountains. \|\|4\|\| |
| ਮੂਏ ਕਉ ਕਹੁ ਮਾਰੇ ਕਉਨੁ ॥ | Tell me, who can kill someone who is already dead? |
| ਨਿਡਰੇ ਕਉ ਕੈਸਾ ਡਰੁ ਕਵਨੁ ॥ | What does he fear? Who can frighten the fearless one? |
| ਸਬਦਿ ਪਛਾਨੈ ਤੀਨੇ ਭਉਨ ॥੫॥ | He recognizes the Word of the Shabad, throughout the three worlds. \|\|5\|\| |
| ਜਿਨਿ ਕਹਿਆ ਤਿਨਿ ਕਹਨੁ ਵਖਾਨਿਆ ॥ | One who speaks, merely describes speech. |
| ਜਿਨਿ ਬੂਝਿਆ ਤਿਨਿ ਸਹਜਿ ਪਛਾਨਿਆ ॥ | But one who understands, intuitively realizes. |
| ਦੇਖਿ ਬੀਚਾਰਿ ਮੇਰਾ ਮਨੁ ਮਾਨਿਆ ॥੬॥ | Seeing and reflecting upon it, my mind surrenders. \|\|6\|\| |

| | |
|---|---|
| ਕੀਰਤਿ ਸੂਰਤਿ ਮੁਕਤਿ ਇਕ ਨਾਈ ॥ | Praise, beauty and liberation are in the One Name. |
| ਤਹੀ ਨਿਰੰਜਨੁ ਰਹਿਆ ਸਮਾਈ ॥ | In it, the Immaculate Lord is permeating and pervading. |
| ਨਿਜ ਘਰਿ ਬਿਆਪਿ ਰਹਿਆ ਨਿਜ ਠਾਈ ॥੭॥ | He dwells in the home of the self, and in His own sublime place. \|\|7\|\| |
| ਉਸਤਤਿ ਕਰਹਿ ਕੇਤੇ ਮੁਨਿ ਪ੍ਰੀਤਿ ॥ | The many silent sages lovingly praise Him. |
| **੨੨੨** | 222 |
| ਤਨਿ ਮਨਿ ਸੂਚੈ ਸਾਚੁ ਸੁ ਚੀਤਿ ॥ | Their bodies and minds are purified, as they enshrine the True Lord in their consciousness. |
| ਨਾਨਕ ਹਰਿ ਭਜੁ ਨੀਤਾ ਨੀਤਿ ॥੮॥੨॥ | O Nanak, meditate on the Lord, each and every day. \|\|8\|\|2\|\| |
| ਗਉੜੀ ਗੁਆਰੇਰੀ ਮਹਲਾ ੧ ॥ | Gauree Gwaarayree, First Mehl: |
| ਨਾ ਮਨੁ ਮਰੈ ਨ ਕਾਰਜੁ ਹੋਇ ॥ | The mind does not die, so the job is not accomplished. |
| ਮਨੁ ਵਸਿ ਦੂਤਾ ਦੁਰਮਤਿ ਦੋਇ ॥ | The mind is under the power of the demons of evil intellect and duality. |
| ਮਨੁ ਮਾਨੈ ਗੁਰ ਤੇ ਇਕੁ ਹੋਇ ॥੧॥ | But when the mind surrenders, through the Guru, it becomes one. \|\|1\|\| |
| ਨਿਰਗੁਣ ਰਾਮੁ ਗੁਣਹ ਵਸਿ ਹੋਇ ॥ | The Lord is without attributes; the attributes of virtue are under His control. |
| ਆਪੁ ਨਿਵਾਰਿ ਬੀਚਾਰੇ ਸੋਇ ॥੧॥ ਰਹਾਉ ॥ | One who eliminates selfishness contemplates Him. \|\|1\|\|Pause\|\| |
| ਮਨੁ ਭੂਲੋ ਬਹੁ ਚਿਤੈ ਵਿਕਾਰੁ ॥ | The deluded mind thinks of all sorts of corruption. |
| ਮਨੁ ਭੂਲੋ ਸਿਰਿ ਆਵੈ ਭਾਰੁ ॥ | When the mind is deluded, the load of wickedness falls on the head. |
| ਮਨੁ ਮਾਨੈ ਹਰਿ ਏਕੰਕਾਰੁ ॥੨॥ | But when the mind surrenders to the Lord, it realizes the One and Only Lord. \|\|2\|\| |
| ਮਨੁ ਭੂਲੋ ਮਾਇਆ ਘਰਿ ਜਾਇ ॥ | The deluded mind enters the house of Maya. |
| ਕਾਮਿ ਬਿਰੂਧਉ ਰਹੈ ਨ ਠਾਇ ॥ | Engrossed in sexual desire, it does not remain steady. |
| ਹਰਿ ਭਜੁ ਪ੍ਰਾਣੀ ਰਸਨ ਰਸਾਇ ॥੩॥ | O mortal, lovingly vibrate the Lord's Name with your tongue. \|\|3\|\| |

| | |
|---|---|
| ਗੈਵਰ ਹੈਵਰ ਕੰਚਨ ਸੁਤ ਨਾਰੀ ॥ | Elephants, horses, gold, children and spouses |
| ਬਹੁ ਚਿੰਤਾ ਪਿੜ ਚਾਲੈ ਹਾਰੀ ॥ | in the anxious affairs of all these, people lose the game and depart. |
| ਜੂਐ ਖੇਲਣੁ ਕਾਚੀ ਸਾਰੀ ॥੪॥ | In the game of chess, their pieces do not reach their destination. \|\|4\|\| |
| ਸੰਪਉ ਸੰਚੀ ਭਏ ਵਿਕਾਰ ॥ | They gather wealth, but only evil comes from it. |
| ਹਰਖ ਸੋਕ ਉਭੇ ਦਰਵਾਰਿ ॥ | Pleasure and pain stand in the doorway. |
| ਸੁਖੁ ਸਹਜੇ ਜਪਿ ਰਿਦੈ ਮੁਰਾਰਿ ॥੫॥ | Intuitive peace comes by meditating on the Lord, within the heart. \|\|5\|\| |
| ਨਦਰਿ ਕਰੇ ਤਾ ਮੇਲਿ ਮਿਲਾਏ ॥ | When the Lord bestows His Glance of Grace, then He unites us in His Union. |
| ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ ॥ | Through the Word of the Shabad, merits are gathered in, and demerits are burned away. |
| ਗੁਰਮੁਖਿ ਨਾਮੁ ਪਦਾਰਥੁ ਪਾਏ ॥੬॥ | The Gurmukh obtains the treasure of the Naam, the Name of the Lord. \|\|6\|\| |
| ਬਿਨੁ ਨਾਵੈ ਸਭ ਦੂਖ ਨਿਵਾਸੁ ॥ | Without the Name, all live in pain. |
| ਮਨਮੁਖ ਮੂੜ ਮਾਇਆ ਚਿਤ ਵਾਸੁ ॥ | The consciousness of the foolish, self-willed manmukh is the dwelling place of Maya. |
| ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ ॥੭॥ | The Gurmukh obtains spiritual wisdom, according to pre-ordained destiny. \|\|7\|\| |
| ਮਨੁ ਚੰਚਲੁ ਧਾਵਤੁ ਫੁਨਿ ਧਾਵੈ ॥ | The fickle mind continuously runs after fleeting things. |
| ਸਾਚੇ ਸੂਚੇ ਮੈਲੁ ਨ ਭਾਵੈ ॥ | The Pure True Lord is not pleased by filth. |
| ਨਾਨਕ ਗੁਰਮੁਖਿ ਹਰਿ ਗੁਣ ਗਾਵੈ ॥੮॥੩॥ | O Nanak, the Gurmukh sings the Glorious Praises of the Lord. \|\|8\|\|3\|\| |
| ਗਉੜੀ ਗੁਆਰੇਰੀ ਮਹਲਾ ੧ ॥ | Gauree Gwaarayree, First Mehl: |
| ਹਉਮੈ ਕਰਤਿਆ ਨਹ ਸੁਖੁ ਹੋਇ ॥ | Acting in egotism, peace is not obtained. |
| ਮਨਮਤਿ ਝੂਠੀ ਸਚਾ ਸੋਇ ॥ | The intellect of the mind is false; only the Lord is True. |
| ਸਗਲ ਬਿਗੂਤੇ ਭਾਵੈ ਦੋਇ ॥ | All who love duality are ruined. |
| ਸੋ ਕਮਾਵੈ ਧੁਰਿ ਲਿਖਿਆ ਹੋਇ ॥੧॥ | People act as they are pre-ordained. \|\|1\|\| |
| ਐਸਾ ਜਗੁ ਦੇਖਿਆ ਜੂਆਰੀ ॥ | I have seen the world to be such a gambler; |

| | |
|---|---|
| ਸਭਿ ਸੁਖ ਮਾਗੈ ਨਾਮੁ ਬਿਸਾਰੀ ॥੧॥ ਰਹਾਉ ॥ | all beg for peace, but they forget the Naam, the Name of the Lord. \|\|1\|\|Pause\|\| |
| ਅਦਿਸਟੁ ਦਿਸੈ ਤਾ ਕਹਿਆ ਜਾਇ ॥ | If the Unseen Lord could be seen, then He could be described. |
| ਬਿਨੁ ਦੇਖੇ ਕਹਣਾ ਬਿਰਥਾ ਜਾਇ ॥ | Without seeing Him, all descriptions are useless. |
| ਗੁਰਮੁਖਿ ਦੀਸੈ ਸਹਜਿ ਸੁਭਾਇ ॥ | The Gurmukh sees Him with intuitive ease. |
| ਸੇਵਾ ਸੁਰਤਿ ਏਕ ਲਿਵ ਲਾਇ ॥੨॥ | So serve the One Lord, with loving awareness. \|\|2\|\| |
| ਸੁਖੁ ਮਾਂਗਤ ਦੁਖੁ ਆਗਲ ਹੋਇ ॥ | People beg for peace, but they receive severe pain. |
| ਸਗਲ ਵਿਕਾਰੀ ਹਾਰੁ ਪਰੋਇ ॥ | They are all weaving a wreath of corruption. |
| ਏਕ ਬਿਨਾ ਝੂਠੇ ਮੁਕਤਿ ਨ ਹੋਇ ॥ | You are false - without the One, there is no liberation. |
| ਕਰਿ ਕਰਿ ਕਰਤਾ ਦੇਖੈ ਸੋਇ ॥੩॥ | The Creator created the creation, and He watches over it. \|\|3\|\| |
| ਤ੍ਰਿਸਨਾ ਅਗਨਿ ਸਬਦਿ ਬੁਝਾਏ ॥ | The fire of desire is quenched by the Word of the Shabad. |
| ਦੂਜਾ ਭਰਮੁ ਸਹਜਿ ਸੁਭਾਏ ॥ | Duality and doubt are automatically eliminated. |
| ਗੁਰਮਤੀ ਨਾਮੁ ਰਿਦੈ ਵਸਾਏ ॥ | Following the Guru's Teachings, the Naam abides in the heart. |
| ਸਾਚੀ ਬਾਣੀ ਹਰਿ ਗੁਣ ਗਾਏ ॥੪॥ | Through the True Word of His Bani, sing the Glorious Praises of the Lord. \|\|4\|\| |
| ਤਨ ਮਹਿ ਸਾਚੋ ਗੁਰਮੁਖਿ ਭਾਉ ॥ | The True Lord abides within the body of that Gurmukh who enshrines love for Him. |
| ਨਾਮ ਬਿਨਾ ਨਾਹੀ ਨਿਜ ਠਾਉ ॥ | Without the Naam, none obtain their own place. |
| ਪ੍ਰੇਮ ਪਰਾਇਣ ਪ੍ਰੀਤਮ ਰਾਉ ॥ | The Beloved Lord King is dedicated to love. |
| ਨਦਰਿ ਕਰੇ ਤਾ ਬੂਝੈ ਨਾਉ ॥੫॥ | If He bestows His Glance of Grace, then we realize His Name. \|\|5\|\| |
| ਮਾਇਆ ਮੋਹੁ ਸਰਬ ਜੰਜਾਲਾ ॥ | Emotional attachment to Maya is total entanglement. |
| ਮਨਮੁਖ ਕੁਚੀਲ ਕੁਛਿਤ ਬਿਕਰਾਲਾ ॥ | The self-willed manmukh is filthy, cursed and dreadful. |
| ਸਤਿਗੁਰੁ ਸੇਵੇ ਚੂਕੈ ਜੰਜਾਲਾ ॥ | Serving the True Guru, these entanglements are ended. |
| ਅੰਮ੍ਰਿਤ ਨਾਮੁ ਸਦਾ ਸੁਖੁ ਨਾਲਾ ॥੬॥ | In the Ambrosial Nectar of the Naam, you shall abide in lasting peace. \|\|6\|\| |
| ਗੁਰਮੁਖਿ ਬੂਝੈ ਏਕ ਲਿਵ ਲਾਏ ॥ | The Gurmukhs understand the One Lord, and enshrine love for Him. |

| | |
|---|---|
| ਨਿਜ ਘਰਿ ਵਾਸੈ ਸਾਚਿ ਸਮਾਏ ॥ | They dwell in the home of their own inner beings, and merge in the True Lord. |
| ਜੰਮਣੁ ਮਰਣਾ ਠਾਕਿ ਰਹਾਏ ॥ | The cycle of birth and death is ended. |
| ਪੂਰੇ ਗੁਰ ਤੇ ਇਹ ਮਤਿ ਪਾਏ ॥੭॥ | This understanding is obtained from the Perfect Guru. ‖7‖ |
| ਕਥਨੀ ਕਥਉ ਨ ਆਵੈ ਓਰੁ ॥ | Speaking the speech, there is no end to it. |
| **੨੨੩** | 223 |
| ਗੁਰੁ ਪੁਛਿ ਦੇਖਿਆ ਨਾਹੀ ਦਰੁ ਹੋਰੁ ॥ | I have consulted the Guru, and I have seen that there is no other door than His. |
| ਦੁਖੁ ਸੁਖੁ ਭਾਣੈ ਤਿਸੈ ਰਜਾਇ ॥ | Pain and pleasure reside in the Pleasure of His Will and His Command. |
| ਨਾਨਕੁ ਨੀਚੁ ਕਹੈ ਲਿਵ ਲਾਇ ॥੮॥੪॥ | Nanak, the lowly, says embrace love for the Lord. ‖8‖4‖ |
| ਗਉੜੀ ਮਹਲਾ ੧ ॥ | Gauree, First Mehl: |
| ਦੂਜੀ ਮਾਇਆ ਜਗਤ ਚਿਤ ਵਾਸੁ ॥ | The duality of Maya dwells in the consciousness of the people of the world. |
| ਕਾਮ ਕ੍ਰੋਧ ਅਹੰਕਾਰ ਬਿਨਾਸੁ ॥੧॥ | They are destroyed by sexual desire, anger and egotism. ‖1‖ |
| ਦੂਜਾ ਕਉਣੁ ਕਹਾ ਨਹੀ ਕੋਈ ॥ | Whom should I call the second, when there is only the One? |
| ਸਭ ਮਹਿ ਏਕੁ ਨਿਰੰਜਨੁ ਸੋਈ ॥੧॥ ਰਹਾਉ ॥ | The One Immaculate Lord is pervading among all. ‖1‖Pause‖ |
| ਦੂਜੀ ਦੁਰਮਤਿ ਆਖੈ ਦੋਇ ॥ | The dual-minded evil intellect speaks of a second. |
| ਆਵੈ ਜਾਇ ਮਰਿ ਦੂਜਾ ਹੋਇ ॥੨॥ | One who harbors duality comes and goes and dies. ‖2‖ |
| ਧਰਣਿ ਗਗਨ ਨਹ ਦੇਖਉ ਦੋਇ ॥ | In the earth and in the sky, I do not see any second. |
| ਨਾਰੀ ਪੁਰਖ ਸਬਾਈ ਲੋਇ ॥੩॥ | Among all the women and the men, His Light is shining. ‖3‖ |
| ਰਵਿ ਸਸਿ ਦੇਖਉ ਦੀਪਕ ਉਜਿਆਲਾ ॥ | In the lamps of the sun and the moon, I see His Light. |
| ਸਰਬ ਨਿਰੰਤਰਿ ਪ੍ਰੀਤਮੁ ਬਾਲਾ ॥੪॥ | Dwelling among all is my ever-youthful Beloved. ‖4‖ |
| ਕਰਿ ਕਿਰਪਾ ਮੇਰਾ ਚਿਤੁ ਲਾਇਆ ॥ | In His Mercy, He attuned my consciousness to the Lord. |

| | |
|---|---|
| ਸਤਿਗੁਰਿ ਮੋ ਕਉ ਏਕੁ ਬੁਝਾਇਆ ॥੫॥ | The True Guru has led me to understand the One Lord. \|\|5\|\| |
| ਏਕੁ ਨਿਰੰਜਨੁ ਗੁਰਮੁਖਿ ਜਾਤਾ ॥ | The Gurmukh knows the One Immaculate Lord. |
| ਦੂਜਾ ਮਾਰਿ ਸਬਦਿ ਪਛਾਤਾ ॥੬॥ | Subduing duality, one comes to realize the Word of the Shabad. \|\|6\|\| |
| ਏਕੋ ਹੁਕਮੁ ਵਰਤੈ ਸਭ ਲੋਈ ॥ | The Command of the One Lord prevails throughout all the worlds. |
| ਏਕਸੁ ਤੇ ਸਭ ਓਪਤਿ ਹੋਈ ॥੭॥ | From the One, all have arisen. \|\|7\|\| |
| ਰਾਹ ਦੋਵੈ ਖਸਮੁ ਏਕੋ ਜਾਣੁ ॥ | There are two routes, but remember that their Lord and Master is only One. |
| ਗੁਰ ਕੈ ਸਬਦਿ ਹੁਕਮੁ ਪਛਾਣੁ ॥੮॥ | Through the Word of the Guru's Shabad, recognize the Hukam of the Lord's Command. \|\|8\|\| |
| ਸਗਲ ਰੂਪ ਵਰਨ ਮਨ ਮਾਹੀ ॥ | He is contained in all forms, colors and minds. |
| ਕਹੁ ਨਾਨਕ ਏਕੋ ਸਾਲਾਹੀ ॥੯॥੫॥ | Says Nanak, praise the One Lord. \|\|9\|\|5\|\| |
| ਗਉੜੀ ਮਹਲਾ ੧ ॥ | Gauree, First Mehl: |
| ਅਧਿਆਤਮ ਕਰਮ ਕਰੇ ਤਾ ਸਾਚਾ ॥ | Those who live a spiritual lifestyle - they alone are true. |
| ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥ | What can the false know about the secrets of liberation? \|\|1\|\| |
| ਐਸਾ ਜੋਗੀ ਜੁਗਤਿ ਬੀਚਾਰੈ ॥ | Those who contemplate the Way are Yogis. |
| ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥ | They conquer the five thieves, and enshrine the True Lord in the heart. \|\|1\|\|Pause\|\| |
| ਜਿਸ ਕੈ ਅੰਤਰਿ ਸਾਚੁ ਵਸਾਵੈ ॥ | Those who enshrine the True Lord deep within, |
| ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥ | realize the value of the Way of Yoga. \|\|2\|\| |
| ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ | The sun and the moon are one and the same for them, as are household and wilderness. |
| ਕਰਣੀ ਕੀਰਤਿ ਕਰਮ ਸਮਾਨੈ ॥੩॥ | The karma of their daily practice is to praise the Lord. \|\|3\|\| |
| ਏਕ ਸਬਦ ਇਕ ਭਿਖਿਆ ਮਾਗੈ ॥ | They beg for the alms of the one and only Shabad. |
| ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥ | They remain awake and aware in spiritual wisdom and meditation, and the true way of life. \|\|4\|\| |

| | |
|---|---|
| ਭੈ ਰਚਿ ਰਹੈ ਨ ਬਾਹਰਿ ਜਾਇ ॥ | They remain absorbed in the fear of God; they never leave it. |
| ਕੀਮਤਿ ਕਉਣ ਰਹੈ ਲਿਵ ਲਾਇ ॥੫॥ | Who can estimate their value? They remain lovingly absorbed in the Lord. \|\|5\|\| |
| ਆਪੇ ਮੇਲੇ ਭਰਮੁ ਚੁਕਾਏ ॥ | The Lord unites them with Himself, dispelling their doubts. |
| ਗੁਰ ਪਰਸਾਦਿ ਪਰਮ ਪਦੁ ਪਾਏ ॥੬॥ | By Guru's Grace, the supreme status is obtained. \|\|6\|\| |
| ਗੁਰ ਕੀ ਸੇਵਾ ਸਬਦੁ ਵੀਚਾਰੁ ॥ | In the Guru's service is reflection upon the Shabad. |
| ਹਉਮੈ ਮਾਰੇ ਕਰਣੀ ਸਾਰੁ ॥੭॥ | Subduing ego, practice pure actions. \|\|7\|\| |
| ਜਪ ਤਪ ਸੰਜਮ ਪਾਠ ਪੁਰਾਣੁ ॥ | Chanting, meditation, austere self-discipline and the reading of the Puraanas, |
| ਕਹੁ ਨਾਨਕ ਅਪਰੰਪਰ ਮਾਨੁ ॥੮॥੬॥ | says Nanak, are contained in surrender to the Unlimited Lord. \|\|8\|\|6\|\| |
| ਗਉੜੀ ਮਹਲਾ ੧ ॥ | Gauree, First Mehl: |
| ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥ | To practice forgiveness is the true fast, good conduct and contentment. |
| ਰੋਗੁ ਨ ਬਿਆਪੈ ਨਾ ਜਮ ਦੋਖੰ ॥ | Disease does not afflict me, nor does the pain of death. |
| ਮੁਕਤ ਭਏ ਪ੍ਰਭ ਰੂਪ ਨ ਰੇਖੰ ॥੧॥ | I am liberated, and absorbed into God, who has no form or feature. \|\|1\|\| |
| ਜੋਗੀ ਕਉ ਕੈਸਾ ਡਰੁ ਹੋਇ ॥ | What fear does the Yogi have? |
| ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ ॥੧॥ ਰਹਾਉ ॥ | The Lord is among the trees and the plants, within the household and outside as well. \|\|1\|\|Pause\|\| |
| ਨਿਰਭਉ ਜੋਗੀ ਨਿਰੰਜਨੁ ਧਿਆਵੈ ॥ | The Yogis meditate on the Fearless, Immaculate Lord. |
| ਅਨਦਿਨੁ ਜਾਗੈ ਸਚਿ ਲਿਵ ਲਾਵੈ ॥ | Night and day, they remain awake and aware, embracing love for the True Lord. |
| ਸੋ ਜੋਗੀ ਮੇਰੈ ਮਨਿ ਭਾਵੈ ॥੨॥ | Those Yogis are pleasing to my mind. \|\|2\|\| |
| ਕਾਲੁ ਜਾਲੁ ਬ੍ਰਹਮ ਅਗਨੀ ਜਾਰੇ ॥ | The trap of death is burnt by the Fire of God. |
| ਜਰਾ ਮਰਣ ਗਤੁ ਗਰਬੁ ਨਿਵਾਰੇ ॥ | Old age, death and pride are conquered. |
| ਆਪਿ ਤਰੈ ਪਿਤਰੀ ਨਿਸਤਾਰੇ ॥੩॥ | They swim across, and save their ancestors as well. \|\|3\|\| |
| ਸਤਿਗੁਰੁ ਸੇਵੇ ਸੋ ਜੋਗੀ ਹੋਇ ॥ | Those who serve the True Guru are the Yogis. |

| | |
|---|---|
| ਭੈ ਰਚਿ ਰਹੈ ਸੁ ਨਿਰਭਉ ਹੋਇ ॥ | Those who remain immersed in the Fear of God become fearless. |
| ਜੈਸਾ ਸੇਵੈ ਤੈਸੋ ਹੋਇ ॥੪॥ | They become just like the One they serve. \|\|4\|\| |
| **੨੨੪** | **224** |
| ਨਰ ਨਿਹਕੇਵਲ ਨਿਰਭਉ ਨਾਉ ॥ | The Name makes a man pure and fearless. |
| ਅਨਾਥਹ ਨਾਥ ਕਰੇ ਬਲਿ ਜਾਉ ॥ | It makes the masterless become the master of all. I am a sacrifice to him. |
| ਪੁਨਰਪਿ ਜਨਮੁ ਨਾਹੀ ਗੁਣ ਗਾਉ ॥੫॥ | Such a person is not reincarnated again; he sings the Glories of God. \|\|5\|\| |
| ਅੰਤਰਿ ਬਾਹਰਿ ਏਕੋ ਜਾਣੈ ॥ | Inwardly and outwardly, he knows the One Lord; |
| ਗੁਰ ਕੈ ਸਬਦੇ ਆਪੁ ਪਛਾਣੈ ॥ | through the Word of the Guru's Shabad, he realizes himself. |
| ਸਾਚੈ ਸਬਦਿ ਦਰਿ ਨੀਸਾਣੈ ॥੬॥ | He bears the Banner and Insignia of the True Shabad in the Lord's Court. \|\|6\|\| |
| ਸਬਦਿ ਮਰੈ ਤਿਸੁ ਨਿਜ ਘਰਿ ਵਾਸਾ ॥ | One who dies in the Shabad abides in his own home within. |
| ਆਵੈ ਨ ਜਾਵੈ ਚੂਕੈ ਆਸਾ ॥ | He does not come or go in reincarnation, and his hopes are subdued. |
| ਗੁਰ ਕੈ ਸਬਦਿ ਕਮਲੁ ਪਰਗਾਸਾ ॥੭॥ | Through the Word of the Guru's Shabad, his heart-lotus blossoms forth. \|\|7\|\| |
| ਜੋ ਦੀਸੈ ਸੋ ਆਸ ਨਿਰਾਸਾ ॥ | Whoever is seen, is driven by hope and despair, |
| ਕਾਮ ਕ੍ਰੋਧ ਬਿਖੁ ਭੂਖ ਪਿਆਸਾ ॥ | by sexual desire, anger, corruption, hunger and thirst. |
| ਨਾਨਕ ਬਿਰਲੇ ਮਿਲਹਿ ਉਦਾਸਾ ॥੮॥੭॥ | O Nanak, those detached recluses who meet the Lord are so very rare. \|\|8\|\|7\|\| |
| ਗਉੜੀ ਮਹਲਾ ੧ ॥ | Gauree, First Mehl: |
| ਐਸੋ ਦਾਸੁ ਮਿਲੈ ਸੁਖੁ ਹੋਈ ॥ | Meeting such a slave, peace is obtained. |
| ਦੁਖੁ ਵਿਸਰੈ ਪਾਵੈ ਸਚੁ ਸੋਈ ॥੧॥ | Pain is forgotten, when the True Lord is found. \|\|1\|\| |
| ਦਰਸਨੁ ਦੇਖਿ ਭਈ ਮਤਿ ਪੂਰੀ ॥ | Beholding the blessed vision of his darshan, my understanding has become perfect. |
| ਅਠਸਠਿ ਮਜਨੁ ਚਰਨਹ ਧੂਰੀ ॥੧॥ ਰਹਾਉ ॥ | The cleansing baths at the sixty-eight sacred shrines of pilgrimage are in the dust of his feet. \|\|1\|\|Pause\|\| |

| | |
|---|---|
| ਨੇਤ੍ਰ ਸੰਤੋਖੇ ਏਕ ਲਿਵ ਤਾਰਾ ॥ | My eyes are contented with the constant love of the One Lord. |
| ਜਿਹਵਾ ਸੂਚੀ ਹਰਿ ਰਸ ਸਾਰਾ ॥੨॥ | My tongue is purified by the most sublime essence of the Lord. \|\|2\|\| |
| ਸਚੁ ਕਰਣੀ ਅਭ ਅੰਤਰਿ ਸੇਵਾ ॥ | True are my actions, and deep within my being, I serve Him. |
| ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥੩॥ | My mind is satisfied by the Inscrutable, Mysterious Lord. \|\|3\|\| |
| ਜਹ ਜਹ ਦੇਖਉ ਤਹ ਤਹ ਸਾਚਾ ॥ | Wherever I look, there I find the True Lord. |
| ਬਿਨੁ ਬੂਝੇ ਝਗਰਤ ਜਗੁ ਕਾਚਾ ॥੪॥ | Without understanding, the world argues in falsehood. \|\|4\|\| |
| ਗੁਰੁ ਸਮਝਾਵੈ ਸੋਝੀ ਹੋਈ ॥ | When the Guru instructs, understanding is obtained. |
| ਗੁਰਮੁਖਿ ਵਿਰਲਾ ਬੂਝੈ ਕੋਈ ॥੫॥ | How rare is that Gurmukh who understands. \|\|5\|\| |
| ਕਰਿ ਕਿਰਪਾ ਰਾਖਹੁ ਰਖਵਾਲੇ ॥ | Show Your Mercy, and save me, O Savior Lord! |
| ਬਿਨੁ ਬੂਝੇ ਪਸੂ ਭਏ ਬੇਤਾਲੇ ॥੬॥ | Without understanding, people become beasts and demons. \|\|6\|\| |
| ਗੁਰਿ ਕਹਿਆ ਅਵਰੁ ਨਹੀ ਦੂਜਾ ॥ | The Guru has said that there is no other at all. |
| ਕਿਸੁ ਕਹੁ ਦੇਖਿ ਕਰਉ ਅਨ ਪੂਜਾ ॥੭॥ | So tell me, who should I see, and who should I worship? \|\|7\|\| |
| ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥ | For the sake of the Saints, God has established the three worlds. |
| ਆਤਮੁ ਚੀਨੈ ਸੁ ਤਤੁ ਬੀਚਾਰੇ ॥੮॥ | One who understands his own soul, contemplates the essence of reality. \|\|8\|\| |
| ਸਾਚੁ ਰਿਦੈ ਸਚੁ ਪ੍ਰੇਮ ਨਿਵਾਸ ॥ | One whose heart is filled with Truth and true love |
| ਪ੍ਰਣਵਤਿ ਨਾਨਕ ਹਮ ਤਾ ਕੇ ਦਾਸ ॥੯॥੮॥ | - prays Nanak, I am his servant. \|\|9\|\|8\|\| |
| ਗਉੜੀ ਮਹਲਾ ੧ ॥ | Gauree, First Mehl: |
| ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥ | Brahma acted in pride, and did not understand. |
| ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥ | Only when he was faced with the downfall of the Vedas did he repent. |
| ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ॥੧॥ | Remembering God in meditation, the mind is conciliated. \|\|1\|\| |

| | |
|---|---|
| ਐਸਾ ਗਰਬੁ ਬੁਰਾ ਸੰਸਾਰੈ ॥ | Such is the horrible pride of the world. |
| ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ॥੧॥ ਰਹਾਉ ॥ | The Guru eliminates the pride of those who meet Him. \|\|1\|\|Pause\|\| |
| ਬਲਿ ਰਾਜਾ ਮਾਇਆ ਅਹੰਕਾਰੀ ॥ | Bal the King, in Maya and egotism, |
| ਜਗਨ ਕਰੈ ਬਹੁ ਭਾਰ ਅਫਾਰੀ ॥ | held his ceremonial feasts, but he was puffed up with pride. |
| ਬਿਨੁ ਗੁਰ ਪੂਛੇ ਜਾਇ ਪਇਆਰੀ ॥੨॥ | Without the Guru's advice, he had to go to the underworld. \|\|2\|\| |
| ਹਰੀਚੰਦੁ ਦਾਨੁ ਕਰੈ ਜਸੁ ਲੇਵੈ ॥ | Hari Chand gave in charity, and earned public praise. |
| ਬਿਨੁ ਗੁਰ ਅੰਤੁ ਨ ਪਾਇ ਅਭੇਵੈ ॥ | But without the Guru, he did not find the limits of the Mysterious Lord. |
| ਆਪਿ ਭੁਲਾਇ ਆਪੇ ਮਤਿ ਦੇਵੈ ॥੩॥ | The Lord Himself misleads people, and He Himself imparts understanding. \|\|3\|\| |
| ਦੁਰਮਤਿ ਹਰਣਾਖਸੁ ਦੁਰਾਚਾਰੀ ॥ | The evil-minded Harnaakhash committed evil deeds. |
| ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥ | God, the Lord of all, is the Destroyer of pride. |
| ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥੪॥ | He bestowed His Mercy, and saved Prahlaad. \|\|4\|\| |
| ਭੂਲੋ ਰਾਵਣੁ ਮੁਗਧੁ ਅਚੇਤਿ ॥ | Raawan was deluded, foolish and unwise. |
| ਲੂਟੀ ਲੰਕਾ ਸੀਸ ਸਮੇਤਿ ॥ | Sri Lanka was plundered, and he lost his head. |
| ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥੫॥ | He indulged in ego, and lacked the love of the True Guru. \|\|5\|\| |
| ਸਹਸਬਾਹੁ ਮਧੁ ਕੀਟ ਮਹਿਖਾਸਾ ॥ | The Lord killed the thousand-armed Arjun, and the demons Madhu-keetab and Meh-khaasaa. |
| ਹਰਣਾਖਸੁ ਲੇ ਨਖਹੁ ਬਿਧਾਸਾ ॥ | He seized Harnaakhash and tore him apart with his nails. |
| ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥੬॥ | The demons were slain; they did not practice devotional worship. \|\|6\|\| |
| ਜਰਾਸੰਧਿ ਕਾਲਜਮੁਨ ਸੰਘਾਰੇ ॥ | The demons Jaraa-sandh and Kaal-jamun were destroyed. |
| ਰਕਤਬੀਜੁ ਕਾਲੁਨੇਮੁ ਬਿਦਾਰੇ ॥ | Rakat-beej and Kaal-naym were annihilated. |
| ਦੈਤ ਸੰਘਾਰਿ ਸੰਤ ਨਿਸਤਾਰੇ ॥੭॥ | Slaying the demons, the Lord saved His Saints. \|\|7\|\| |
| ਆਪੇ ਸਤਿਗੁਰੁ ਸਬਦੁ ਬੀਚਾਰੇ ॥ | He Himself, as the True Guru, contemplates the Shabad. |

| ੨੨੫ | 225 |
|---|---|
| ਦੂਜੈ ਭਾਇ ਦੈਤ ਸੰਘਾਰੇ ॥ | Because of the love of duality, God killed the demons. |
| ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥੮॥ | By their true devotion, the Gurmukhs have been saved. ‖8‖ |
| ਬੂਡਾ ਦੁਰਜੋਧਨੁ ਪਤਿ ਖੋਈ ॥ | Sinking down, Durodhan lost his honor. |
| ਰਾਮੁ ਨ ਜਾਨਿਆ ਕਰਤਾ ਸੋਈ ॥ | He did not know the Creator Lord. |
| ਜਨ ਕਉ ਦੂਖਿ ਪਚੈ ਦੁਖੁ ਹੋਈ ॥੯॥ | One who makes the Lord's humble servant suffer, shall himself suffer and rot. ‖9‖ |
| ਜਨਮੇਜੈ ਗੁਰ ਸਬਦੁ ਨ ਜਾਨਿਆ ॥ | Janameja did not know the Word of the Guru's Shabad. |
| ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ॥ | Deluded by doubt, how could he find peace? |
| ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ ॥੧੦॥ | Making a mistake, for even an instant, you shall regret and repent later on. ‖10‖ |
| ਕੰਸੁ ਕੇਸੁ ਚਾਂਡੂਰੁ ਨ ਕੋਈ ॥ | Kansa the King and his warriors Kays and Chandoor had no equals. |
| ਰਾਮੁ ਨ ਚੀਨਿਆ ਅਪਨੀ ਪਤਿ ਖੋਈ ॥ | But they did not remember the Lord, and they lost their honor. |
| ਬਿਨੁ ਜਗਦੀਸ ਨ ਰਾਖੈ ਕੋਈ ॥੧੧॥ | Without the Lord of the Universe, no one can be saved. ‖11‖ |
| ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥ | Without the Guru, pride cannot be eradicated. |
| ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥ | Following the Guru's Teachings, one obtains Dharmic faith, composure and the Lord's Name. |
| ਨਾਨਕ ਨਾਮੁ ਮਿਲੈ ਗੁਣ ਗਾਇ ॥੧੨॥੯॥ | O Nanak, singing the Glories of God, His Name is received. ‖12‖9‖ |
| ਗਉੜੀ ਮਹਲਾ ੧ ॥ | Gauree, First Mehl: |
| ਚੋਆ ਚੰਦਨੁ ਅੰਕਿ ਚੜਾਵਉ ॥ | I may anoint my limbs with sandalwood oil. |
| ਪਾਟ ਪਟੰਬਰ ਪਹਿਰਿ ਹਢਾਵਉ ॥ | I may dress up and wear silk and satin clothes. |
| ਬਿਨੁ ਹਰਿ ਨਾਮ ਕਹਾ ਸੁਖੁ ਪਾਵਉ ॥੧॥ | But without the Lord's Name, where would I find peace? ‖1‖ |
| ਕਿਆ ਪਹਿਰਉ ਕਿਆ ਓਢਿ ਦਿਖਾਵਉ ॥ | So what should I wear? In what clothes should I display myself? |

| | |
|---|---|
| ਬਿਨੁ ਜਗਦੀਸ ਕਹਾ ਸੁਖੁ ਪਾਵਉ ॥੧॥ ਰਹਾਉ ॥ | Without the Lord of the Universe, how can I find peace? \|\|1\|\|Pause\|\| |
| ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ ॥ | I may wear ear-rings, and a pearl necklace around my neck; |
| ਲਾਲ ਨਿਹਾਲੀ ਫੂਲ ਗੁਲਾਲਾ ॥ | my bed may be adorned with red blankets, flowers and red powder; |
| ਬਿਨੁ ਜਗਦੀਸ ਕਹਾ ਸੁਖੁ ਭਾਲਾ ॥੨॥ | but without the Lord of the Universe, where can I search for peace? \|\|2\|\| |
| ਨੈਨ ਸਲੋਨੀ ਸੁੰਦਰ ਨਾਰੀ ॥ | I may have a beautiful woman with fascinating eyes; |
| ਖੋੜ ਸੀਗਾਰ ਕਰੈ ਅਤਿ ਪਿਆਰੀ ॥ | she may decorate herself with the sixteen adornments, and make herself appear gorgeous. |
| ਬਿਨੁ ਜਗਦੀਸ ਭਜੇ ਨਿਤ ਖੁਆਰੀ ॥੩॥ | But without meditating on the Lord of the Universe, there is only continual suffering. \|\|3\|\| |
| ਦਰ ਘਰ ਮਹਲਾ ਸੇਜ ਸੁਖਾਲੀ ॥ | In his hearth and home, in his palace, upon his soft and comfortable bed, |
| ਅਹਿਨਿਸਿ ਫੂਲ ਬਿਛਾਵੈ ਮਾਲੀ ॥ | day and night, the flower-girls scatter flower petals; |
| ਬਿਨੁ ਹਰਿ ਨਾਮ ਸੁ ਦੇਹ ਦੁਖਾਲੀ ॥੪॥ | but without the Lord's Name, the body is miserable. \|\|4\|\| |
| ਹੈਵਰ ਗੈਵਰ ਨੇਜੇ ਵਾਜੇ ॥ | Horses, elephants, lances, marching bands, |
| ਲਸਕਰ ਨੇਬ ਖਵਾਸੀ ਪਾਜੇ ॥ | armies, standard bearers, royal attendants and ostentatious displays |
| ਬਿਨੁ ਜਗਦੀਸ ਝੂਠੇ ਦਿਵਾਜੇ ॥੫॥ | - without the Lord of the Universe, these undertakings are all useless. \|\|5\|\| |
| ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ ॥ | He may be called a Siddha, a man of spiritual perfection, and he may summon riches and supernatural powers; |
| ਤਾਜ ਕੁਲਹ ਸਿਰਿ ਛਤ੍ਰੁ ਬਨਾਵਉ ॥ | he may place a crown upon his head, and carry a royal umbrella; |
| ਬਿਨੁ ਜਗਦੀਸ ਕਹਾ ਸਚੁ ਪਾਵਉ ॥੬॥ | but without the Lord of the Universe, where can Truth be found? \|\|6\|\| |
| ਖਾਨੁ ਮਲੂਕੁ ਕਹਾਵਉ ਰਾਜਾ ॥ | He may be called an emperor, a lord, and a king; |
| ਅਬੇ ਤਬੇ ਕੂੜੇ ਹੈ ਪਾਜਾ ॥ | he may give orders - "Do this now, do this then" - but this is a false display. |

| | |
|---|---|
| ਬਿਨੁ ਗੁਰ ਸਬਦ ਨ ਸਵਰਸਿ ਕਾਜਾ ॥੭॥ | Without the Word of the Guru's Shabad, his works are not accomplished. \|\|7\|\| |
| ਹਉਮੈ ਮਮਤਾ ਗੁਰ ਸਬਦਿ ਵਿਸਾਰੀ ॥ | Egotism and possessiveness are dispelled by the Word of the Guru's Shabad. |
| ਗੁਰਮਤਿ ਜਾਨਿਆ ਰਿਦੈ ਮੁਰਾਰੀ ॥ | With the Guru's Teachings in my heart, I have come to know the Lord. |
| ਪ੍ਰਣਵਤਿ ਨਾਨਕ ਸਰਣਿ ਤੁਮਾਰੀ ॥੮॥੧੦॥ | Prays Nanak, I seek Your Sanctuary. \|\|8\|\|10\|\| |
| ਗਉੜੀ ਮਹਲਾ ੧ ॥ | Gauree, First Mehl: |
| ਸੇਵਾ ਏਕ ਨ ਜਾਨਸਿ ਅਵਰੇ ॥ | Those who serve the One Lord, do not know any other. |
| ਪਰਪੰਚ ਬਿਆਧਿ ਤਿਆਗੈ ਕਵਰੇ ॥ | They abandon the bitter worldly conflicts. |
| ਭਾਇ ਮਿਲੈ ਸਚੁ ਸਾਚੈ ਸਚੁ ਰੇ ॥੧॥ | Through love and truth, they meet the Truest of the True. \|\|1\|\| |
| ਐਸਾ ਰਾਮ ਭਗਤੁ ਜਨੁ ਹੋਈ ॥ | Such are the humble devotees of the Lord. |
| ਹਰਿ ਗੁਣ ਗਾਇ ਮਿਲੈ ਮਲੁ ਧੋਈ ॥੧॥ ਰਹਾਉ ॥ | They sing the Glorious Praises of the Lord, and their pollution is washed away. \|\|1\|\|Pause\|\| |
| ਊਂਧੋ ਕਵਲੁ ਸਗਲ ਸੰਸਾਰੈ ॥ | The heart-lotus of the entire universe is upside-down. |
| ਦੁਰਮਤਿ ਅਗਨਿ ਜਗਤ ਪਰਜਾਰੈ ॥ | The fire of evil-mindedness is burning up the world. |
| ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥ | They alone are saved, who contemplate the Word of the Guru's Shabad. \|\|2\|\| |
| ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ ॥ | The bumble bee, the moth, the elephant, the fish |
| ਮਿਰਗੁ ਮਰੈ ਸਹਿ ਅਪੁਨਾ ਕੀਨਾ ॥ | and the deer - all suffer for their actions, and die. |
| ਤ੍ਰਿਸਨਾ ਰਾਚਿ ਤਤੁ ਨਹੀ ਬੀਨਾ ॥੩॥ | Trapped by desire, they cannot see reality. \|\|3\|\| |
| ਕਾਮੁ ਚਿਤੈ ਕਾਮਣਿ ਹਿਤਕਾਰੀ ॥ | The lover of women is obsessed with sex. |
| ਕ੍ਰੋਧੁ ਬਿਨਾਸੈ ਸਗਲ ਵਿਕਾਰੀ ॥ | All the wicked are ruined by their anger. |
| ਪਤਿ ਮਤਿ ਖੋਵਹਿ ਨਾਮੁ ਵਿਸਾਰੀ ॥੪॥ | Honor and good sense are lost, when one forgets the Naam, the Name of the Lord. \|\|4\|\| |

| ੨੨੬ | 226 |
|---|---|
| ਪਰ ਘਰਿ ਚੀਤੁ ਮਨਮੁਖਿ ਡੋਲਾਇ ॥ | The self-willed manmukh is lured by another man's wife. |
| ਗਲਿ ਜੇਵਰੀ ਧੰਧੈ ਲਪਟਾਇ ॥ | The noose is around his neck, and he is entangled in petty conflicts. |
| ਗੁਰਮੁਖਿ ਛੂਟਸਿ ਹਰਿ ਗੁਣ ਗਾਇ ॥੫॥ | The Gurmukh is emancipated, singing the Glorious Praises of the Lord. \|\|5\|\| |
| ਜਿਉ ਤਨੁ ਬਿਧਵਾ ਪਰ ਕਉ ਦੇਈ ॥ | The lonely widow gives her body to a stranger; |
| ਕਾਮਿ ਦਾਮਿ ਚਿਤੁ ਪਰ ਵਸਿ ਸੇਈ ॥ | she allows her mind to be controlled by others for lust or money, |
| ਬਿਨੁ ਪਿਰ ਤ੍ਰਿਪਤਿ ਨ ਕਬਹੂੰ ਹੋਈ ॥੬॥ | but without her husband, she is never satisfied. \|\|6\|\| |
| ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ ॥ ਬੇਦ ਪੁਰਾਣ ਪੜੈ ਸੁਣਿ ਥਾਟਾ ॥ | You may read, recite and study the scriptures, the Simritees, Vedas and Puraanas; |
| ਬਿਨੁ ਰਸ ਰਾਤੇ ਮਨੁ ਬਹੁ ਨਾਟਾ ॥੭॥ | but without being imbued with the Lord's essence, the mind wanders endlessly. \|\|7\|\| |
| ਜਿਉ ਚਾਤ੍ਰਿਕ ਜਲ ਪ੍ਰੇਮ ਪਿਆਸਾ ॥ | As the rainbird thirsts longingly for the drop of rain, |
| ਜਿਉ ਮੀਨਾ ਜਲ ਮਾਹਿ ਉਲਾਸਾ ॥ | and as the fish delights in the water, |
| ਨਾਨਕ ਹਰਿ ਰਸੁ ਪੀ ਤ੍ਰਿਪਤਾਸਾ ॥੮॥੧੧॥ | Nanak is satisfied by the sublime essence of the Lord. \|\|8\|\|11\|\| |
| ਗਉੜੀ ਮਹਲਾ ੧ ॥ | Gauree, First Mehl: |
| ਹਠੁ ਕਰਿ ਮਰੈ ਨ ਲੇਖੈ ਪਾਵੈ ॥ | One who dies in stubbornness shall not be approved, |
| ਵੇਸ ਕਰੈ ਬਹੁ ਭਸਮ ਲਗਾਵੈ ॥ | even though he may wear religious robes and smear his body all over with ashes. |
| ਨਾਮੁ ਬਿਸਾਰਿ ਬਹੁਰਿ ਪਛੁਤਾਵੈ ॥੧॥ | Forgetting the Naam, the Name of the Lord, he comes to regret and repent in the end. \|\|1\|\| |
| ਤੂੰ ਮਨਿ ਹਰਿ ਜੀਉ ਤੂੰ ਮਨਿ ਸੂਖ ॥ | Believe in the Dear Lord, and you shall find peace of mind. |
| ਨਾਮੁ ਬਿਸਾਰਿ ਸਹਹਿ ਜਮ ਦੂਖ ॥੧॥ ਰਹਾਉ ॥ | Forgetting the Naam, you shall have to endure the pain of death. \|\|1\|\|Pause\|\| |
| ਚੋਆ ਚੰਦਨ ਅਗਰ ਕਪੂਰਿ ॥ | The smell of musk, sandalwood and camphor, |

| | |
|---|---|
| ਮਾਇਆ ਮਗਨੁ ਪਰਮ ਪਦੁ ਦੂਰਿ ॥ | and the intoxication of Maya, takes one far away from the state of supreme dignity. |
| ਨਾਮਿ ਬਿਸਾਰਿਐ ਸਭੁ ਕੂੜੋ ਕੂਰਿ ॥੨॥ | Forgetting the Naam, one becomes the most false of all the false. \|\|2\|\| |
| ਨੇਜੇ ਵਾਜੇ ਤਖਤਿ ਸਲਾਮੁ ॥ | Lances and swords, marching bands, thrones and the salutes of others |
| ਅਧਕੀ ਤ੍ਰਿਸਨਾ ਵਿਆਪੈ ਕਾਮੁ ॥ | only increase his desire; he is engrossed in sexual desire. |
| ਬਿਨੁ ਹਰਿ ਜਾਚੇ ਭਗਤਿ ਨ ਨਾਮੁ ॥੩॥ | Without seeking the Lord, neither devotional worship nor the Naam are obtained. \|\|3\|\| |
| ਵਾਦਿ ਅਹੰਕਾਰਿ ਨਾਹੀ ਪ੍ਰਭ ਮੇਲਾ ॥ | Union with God is not obtained by arguments and egotism. |
| ਮਨੁ ਦੇ ਪਾਵਹਿ ਨਾਮੁ ਸੁਹੇਲਾ ॥ | But by offering your mind, the comfort of the Naam is obtained. |
| ਦੂਜੈ ਭਾਇ ਅਗਿਆਨੁ ਦੁਹੇਲਾ ॥੪॥ | In the love of duality and ignorance, you shall suffer. \|\|4\|\| |
| ਬਿਨੁ ਦਮ ਕੇ ਸਉਦਾ ਨਹੀ ਹਾਟ ॥ | Without money, you cannot buy anything in the store. |
| ਬਿਨੁ ਬੋਹਿਥ ਸਾਗਰ ਨਹੀ ਵਾਟ ॥ | Without a boat, you cannot cross over the ocean. |
| ਬਿਨੁ ਗੁਰ ਸੇਵੇ ਘਾਟੇ ਘਾਟਿ ॥੫॥ | Without serving the Guru, everything is lost. \|\|5\|\| |
| ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ ॥ | Waaho! Waaho! - Hail, hail, to the one who shows us the Way. |
| ਤਿਸ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ ॥ | Waaho! Waaho! - Hail, hail, to the one who teaches the Word of the Shabad. |
| ਤਿਸ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ ॥੬॥ | Waaho! Waaho! - Hail, hail, to the one who unites me in the Lord’s Union. \|\|6\|\| |
| ਵਾਹੁ ਵਾਹੁ ਤਿਸ ਕਉ ਜਿਸ ਕਾ ਇਹੁ ਜੀਉ ॥ | Waaho! Waaho! - Hail, hail, to the one who is the Keeper of this soul. |
| ਗੁਰ ਸਬਦੀ ਮਥਿ ਅੰਮ੍ਰਿਤੁ ਪੀਉ ॥ | Through the Word of the Guru’s Shabad, contemplate this Ambrosial Nectar. |
| ਨਾਮ ਵਡਾਈ ਤੁਧੁ ਭਾਣੈ ਦੀਉ ॥੭॥ | The Glorious Greatness of the Naam is bestowed according to the Pleasure of Your Will. \|\|7\|\| |
| ਨਾਮ ਬਿਨਾ ਕਿਉ ਜੀਵਾ ਮਾਇ ॥ | Without the Naam, how can I live, O mother? |
| ਅਨਦਿਨੁ ਜਪਤੁ ਰਹਉ ਤੇਰੀ ਸਰਣਾਇ ॥ | Night and day, I chant it; I remain in the Protection of Your Sanctuary. |

| | |
|---|---|
| ਨਾਨਕ ਨਾਮਿ ਰਤੇ ਪਤਿ ਪਾਇ ॥੮॥੧੨॥ | O Nanak, attuned to the Naam, honor is attained. ‖8‖12‖ |
| ਗਉੜੀ ਮਹਲਾ ੧ ॥ | Gauree, First Mehl: |
| ਹਉਮੈ ਕਰਤ ਭੇਖੀ ਨਹੀ ਜਾਨਿਆ ॥ | Acting in egotism, the Lord is not known, even by wearing religious robes. |
| ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥੧॥ | How rare is that Gurmukh, who surrenders his mind in devotional worship. ‖1‖ |
| ਹਉ ਹਉ ਕਰਤ ਨਹੀ ਸਚੁ ਪਾਈਐ ॥ | By actions done in egotism, selfishness and conceit, the True Lord is not obtained. |
| ਹਉਮੈ ਜਾਇ ਪਰਮ ਪਦੁ ਪਾਈਐ ॥੧॥ ਰਹਾਉ ॥ | But when egotism departs, then the state of supreme dignity is obtained. ‖1‖Pause‖ |
| ਹਉਮੈ ਕਰਿ ਰਾਜੇ ਬਹੁ ਧਾਵਹਿ ॥ | The kings act in egotism, and undertake all sorts of expeditions. |
| ਹਉਮੈ ਖਪਹਿ ਜਨਮਿ ਮਰਿ ਆਵਹਿ ॥੨॥ | But through their egotism, they are ruined; they die, only to be reborn over and over again. ‖2‖ |
| ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ | Egotism is overcome only by contemplating the Word of the Guru's Shabad. |
| ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥ | One who restrains his fickle mind subdues the five passions. ‖3‖ |
| ਅੰਤਰਿ ਸਾਚੁ ਸਹਜ ਘਰਿ ਆਵਹਿ ॥ | With the True Lord deep within the self, the Celestial Mansion is intuitively found. |
| ਰਾਜਨੁ ਜਾਣਿ ਪਰਮ ਗਤਿ ਪਾਵਹਿ ॥੪॥ | Understanding the Sovereign Lord, the state of supreme dignity is obtained. ‖4‖ |
| ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ | The Guru dispels the doubts of those whose actions are true. |
| ਨਿਰਭਉ ਕੈ ਘਰਿ ਤਾੜੀ ਲਾਵੈ ॥੫॥ | They focus their attention on the Home of the Fearless Lord. ‖5‖ |
| ਹਉ ਹਉ ਕਰਿ ਮਰਣਾ ਕਿਆ ਪਾਵੈ ॥ | Those who act in egotism, selfishness and conceit die; what do they gain? |
| ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥੬॥ | Those who meet the Perfect Guru are rid of all conflicts. ‖6‖ |

| | |
|---|---|
| ਜੇਤੀ ਹੈ ਤੇਤੀ ਕਿਹੁ ਨਾਹੀ ॥ | Whatever exists, is in reality nothing. |
| ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥੭॥ | Obtaining spiritual wisdom from the Guru, I sing the Glories of God. \|\|7\|\| |

## ੨੨੭ 227

| | |
|---|---|
| ਹਉਮੈ ਬੰਧਨ ਬੰਧਿ ਭਵਾਵੈ ॥ | Egotism binds people in bondage, and causes them to wander around lost. |
| ਨਾਨਕ ਰਾਮ ਭਗਤਿ ਸੁਖੁ ਪਾਵੈ ॥੮॥੧੩॥ | O Nanak, peace is obtained through devotional worship of the Lord. \|\|8\|\|13\|\| |
| ਗਉੜੀ ਮਹਲਾ ੧ ॥ | Gauree, First Mehl: |
| ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ ॥ | First, Brahma entered the house of Death. |
| ਬ੍ਰਹਮ ਕਮਲੁ ਪਇਆਲਿ ਨ ਪਾਇਆ ॥ | Brahma entered the lotus, and searched the nether regions, but he did not find the end of it. |
| ਆਗਿਆ ਨਹੀ ਲੀਨੀ ਭਰਮਿ ਭੁਲਾਇਆ ॥੧॥ | He did not accept the Lord's Order - he was deluded by doubt. \|\|1\|\| |
| ਜੋ ਉਪਜੈ ਸੋ ਕਾਲਿ ਸੰਘਾਰਿਆ ॥ | Whoever is created, shall be destroyed by Death. |
| ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ ॥੧॥ ਰਹਾਉ ॥ | But I am protected by the Lord; I contemplate the Word of the Guru's Shabad. \|\|1\|\|Pause\|\| |
| ਮਾਇਆ ਮੋਹੇ ਦੇਵੀ ਸਭਿ ਦੇਵਾ ॥ | All the gods and goddesses are enticed by Maya. |
| ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥ | Death cannot be avoided, without serving the Guru. |
| ਓਹੁ ਅਬਿਨਾਸੀ ਅਲਖ ਅਭੇਵਾ ॥੨॥ | That Lord is Imperishable, Invisible and Inscrutable. \|\|2\|\| |
| ਸੁਲਤਾਨ ਖਾਨ ਬਾਦਿਸਾਹ ਨਹੀ ਰਹਨਾ ॥ | The sultans, emperors and kings shall not remain. |
| ਨਾਮਹੁ ਭੂਲੈ ਜਮ ਕਾ ਦੁਖੁ ਸਹਨਾ ॥ | Forgetting the Name, they shall endure the pain of death. |
| ਮੈ ਧਰ ਨਾਮੁ ਜਿਉ ਰਾਖਹੁ ਰਹਨਾ ॥੩॥ | My only Support is the Naam, the Name of the Lord; as He keeps me, I survive. \|\|3\|\| |
| ਚਉਧਰੀ ਰਾਜੇ ਨਹੀ ਕਿਸੈ ਮੁਕਾਮੁ ॥ | The leaders and kings shall not remain. |
| ਸਾਹ ਮਰਹਿ ਸੰਚਹਿ ਮਾਇਆ ਦਾਮ ॥ | The bankers shall die, after accumulating their wealth and money. |

| | |
|---|---|
| ਮੈ ਧਨੁ ਦੀਜੈ ਹਰਿ ਅੰਮ੍ਰਿਤ ਨਾਮੁ ॥੪॥ | Grant me, O Lord, the wealth of Your Ambrosial Naam. ‖4‖ |
| ਰਯਤਿ ਮਹਰ ਮੁਕਦਮ ਸਿਕਦਾਰੈ ॥ | The people, rulers, leaders and chiefs |
| ਨਿਹਚਲੁ ਕੋਇ ਨ ਦਿਸੈ ਸੰਸਾਰੈ ॥ | none of them shall be able to remain in the world. |
| ਅਫਰਿਉ ਕਾਲੁ ਕੂੜੁ ਸਿਰਿ ਮਾਰੈ ॥੫॥ | Death is inevitable; it strikes the heads of the false. ‖5‖ |
| ਨਿਹਚਲੁ ਏਕੁ ਸਚਾ ਸਚੁ ਸੋਈ ॥ | Only the One Lord, the Truest of the True, is permanent. |
| ਜਿਨਿ ਕਰਿ ਸਾਜੀ ਤਿਨਹਿ ਸਭ ਗੋਈ ॥ | He who created and fashioned everything, shall destroy it. |
| ਓਹੁ ਗੁਰਮੁਖਿ ਜਾਪੈ ਤਾਂ ਪਤਿ ਹੋਈ ॥੬॥ | One who becomes Gurmukh and meditates on the Lord is honored. ‖6‖ |
| ਕਾਜੀ ਸੇਖ ਭੇਖ ਫਕੀਰਾ ॥ | The Qazis, Shaykhs and Fakeers in religious robes |
| ਵਡੇ ਕਹਾਵਹਿ ਹਉਮੈ ਤਨਿ ਪੀਰਾ ॥ | call themselves great; but through their egotism, their bodies are suffering in pain. |
| ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ ॥੭॥ | Death does not spare them, without the Support of the True Guru. ‖7‖ |
| ਕਾਲੁ ਜਾਲੁ ਜਿਹਵਾ ਅਰੁ ਨੈਣੀ ॥ | The trap of Death is hanging over their tongues and eyes. |
| ਕਾਨੀ ਕਾਲੁ ਸੁਣੈ ਬਿਖੁ ਬੈਣੀ ॥ | Death is over their ears, when they hear talk of evil. |
| ਬਿਨੁ ਸਬਦੈ ਮੂਠੇ ਦਿਨੁ ਰੈਣੀ ॥੮॥ | Without the Shabad, they are plundered, day and night. ‖8‖ |
| ਹਿਰਦੈ ਸਾਚੁ ਵਸੈ ਹਰਿ ਨਾਇ ॥<br>ਕਾਲੁ ਨ ਜੋਹਿ ਸਕੈ ਗੁਣ ਗਾਇ ॥ | Death cannot touch those whose hearts are filled with the True Name of the Lord, and who sing the Glories of God. |
| ਨਾਨਕ ਗੁਰਮੁਖਿ ਸਬਦਿ ਸਮਾਇ ॥੯॥੧੪॥ | O Nanak, the Gurmukh is absorbed in the Word of the Shabad. ‖9‖14‖ |
| ਗਉੜੀ ਮਹਲਾ ੧ ॥ | Gauree, First Mehl: |
| ਬੋਲਹਿ ਸਾਚੁ ਮਿਥਿਆ ਨਹੀ ਰਾਈ ॥ | They speak the Truth - not an iota of falsehood. |
| ਚਾਲਹਿ ਗੁਰਮੁਖਿ ਹੁਕਮਿ ਰਜਾਈ ॥ | The Gurmukhs walk in the Way of the Lord’s Command. |
| ਰਹਹਿ ਅਤੀਤ ਸਚੇ ਸਰਣਾਈ ॥੧॥ | They remain unattached, in the Sanctuary of the True Lord. ‖1‖ |

| | |
|---|---|
| ਸਚ ਘਰਿ ਬੈਸੈ ਕਾਲੁ ਨ ਜੋਹੈ ॥ | They dwell in their true home, and Death does not touch them. |
| ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ ॥੧॥ ਰਹਾਉ ॥ | The self-willed manmukhs come and go, in the pain of emotional attachment. \|\|1\|\|Pause\|\| |
| ਅਪਿਉ ਪੀਅਉ ਅਕਥੁ ਕਥਿ ਰਹੀਐ ॥ | So, drink deeply of this Nectar, and speak the Unspoken Speech. |
| ਨਿਜ ਘਰਿ ਬੈਸਿ ਸਹਜ ਘਰੁ ਲਹੀਐ ॥ | Dwelling in the home of your own being within, you shall find the home of intuitive peace. |
| ਹਰਿ ਰਸਿ ਮਾਤੇ ਇਹੁ ਸੁਖੁ ਕਹੀਐ ॥੨॥ | One who is imbued with the Lord's sublime essence, is said to experience this peace. \|\|2\|\| |
| ਗੁਰਮਤਿ ਚਾਲ ਨਿਹਚਲ ਨਹੀ ਡੋਲੈ ॥ | Following the Guru's Teachings, one becomes perfectly stable, and never wavers. |
| ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥ | Following the Guru's Teachings, one intuitively chants the Name of the True Lord. |
| ਪੀਵੈ ਅੰਮ੍ਰਿਤੁ ਤਤੁ ਵਿਰੋਲੈ ॥੩॥ | Drinking in this Ambrosial Nectar, and churning it, the essential reality is discerned. \|\|3\|\| |
| ਸਤਿਗੁਰੁ ਦੇਖਿਆ ਦੀਖਿਆ ਲੀਨੀ ॥ | Beholding the True Guru, I have received His Teachings. |
| ਮਨੁ ਤਨੁ ਅਰਪਿਓ ਅੰਤਰ ਗਤਿ ਕੀਨੀ ॥ | I have offered my mind and body, after searching deep within my own being. |
| ਗਤਿ ਮਿਤਿ ਪਾਈ ਆਤਮੁ ਚੀਨੀ ॥੪॥ | I have come to realize the value of understanding my own soul. \|\|4\|\| |
| ਭੋਜਨੁ ਨਾਮੁ ਨਿਰੰਜਨ ਸਾਰੁ ॥ | The Naam, the Name of the Immaculate Lord, is the most excellent and sublime food. |
| ਪਰਮ ਹੰਸੁ ਸਚੁ ਜੋਤਿ ਅਪਾਰ ॥ | The pure swan-souls see the True Light of the Infinite Lord. |
| ਜਹ ਦੇਖਉ ਤਹ ਏਕੰਕਾਰੁ ॥੫॥ | Wherever I look, I see the One and Only Lord. \|\|5\|\| |
| ਰਹੈ ਨਿਰਾਲਮੁ ਏਕਾ ਸਚੁ ਕਰਣੀ ॥ | One who remains pure and unblemished and practices only true deeds, |
| ਪਰਮ ਪਦੁ ਪਾਇਆ ਸੇਵਾ ਗੁਰ ਚਰਣੀ ॥ | obtains the supreme status, serving at the Guru's Feet. |
| ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣੀ ॥੬॥ | The mind is reconciliated with the mind, and the ego's wandering ways come to an end. \|\|6\|\| |

| | |
|---|---|
| ਇਨ ਬਿਧਿ ਕਉਣੁ ਕਉਣੁ ਨਹੀ ਤਾਰਿਆ ॥ | In this way, who - who has not been saved? |
| ਹਰਿ ਜਸਿ ਸੰਤ ਭਗਤ ਨਿਸਤਾਰਿਆ ॥ | The Lord's Praises have saved His Saints and devotees. |
| **੨੨੮** | **228** |
| ਪ੍ਰਭ ਪਾਏ ਹਮ ਅਵਰੁ ਨ ਭਾਰਿਆ ॥੭॥ | I have found God - I am not searching for any other. ‖7‖ |
| ਸਾਚ ਮਹਲਿ ਗੁਰਿ ਅਲਖੁ ਲਖਾਇਆ ॥ | The Guru has shown me the unseen Mansion of the True Lord. |
| ਨਿਹਚਲ ਮਹਲੁ ਨਹੀ ਛਾਇਆ ਮਾਇਆ ॥ | His Mansion is eternal and unchanging; it is not a mere reflection of Maya. |
| ਸਾਚਿ ਸੰਤੋਖੇ ਭਰਮੁ ਚੁਕਾਇਆ ॥੮॥ | Through truth and contentment, doubt is dispelled. ‖8‖ |
| ਜਿਨ ਕੈ ਮਨਿ ਵਸਿਆ ਸਚੁ ਸੋਈ ॥ | That person, within whose mind the True Lord dwells |
| ਤਿਨ ਕੀ ਸੰਗਤਿ ਗੁਰਮੁਖਿ ਹੋਈ ॥ | in his company, one becomes Gurmukh. |
| ਨਾਨਕ ਸਾਚਿ ਨਾਮਿ ਮਲੁ ਖੋਈ ॥੯॥੧੫॥ | O Nanak, the True Name washes off the pollution. ‖9‖15‖ |
| ਗਉੜੀ ਮਹਲਾ ੧ ॥ | Gauree, First Mehl: |
| ਰਾਮਿ ਨਾਮਿ ਚਿਤੁ ਰਾਪੈ ਜਾ ਕਾ ॥ | One whose consciousness is permeated with the Lord's Name |
| ਉਪਜੰਪਿ ਦਰਸਨੁ ਕੀਜੈ ਤਾ ਕਾ ॥੧॥ | - receive the blessing of his darshan in the early light of dawn. ‖1‖ |
| ਰਾਮ ਨ ਜਪਹੁ ਅਭਾਗੁ ਤੁਮਾਰਾ ॥ | If you do not meditate on the Lord, it is your own misfortune. |
| ਜੁਗਿ ਜੁਗਿ ਦਾਤਾ ਪ੍ਰਭੁ ਰਾਮੁ ਹਮਾਰਾ ॥੧॥ ਰਹਾਉ ॥ | In each and every age, the Great Giver is my Lord God. ‖1‖Pause‖ |
| ਗੁਰਮਤਿ ਰਾਮੁ ਜਪੈ ਜਨੁ ਪੂਰਾ ॥ | Following the Guru's Teachings, the perfect humble beings meditate on the Lord. |
| ਤਿਤੁ ਘਟ ਅਨਹਤ ਬਾਜੇ ਤੂਰਾ ॥੨॥ | Within their hearts, the unstruck melody vibrates. ‖2‖ |
| ਜੋ ਜਨ ਰਾਮ ਭਗਤਿ ਹਰਿ ਪਿਆਰਿ ॥ | Those who worship the Lord and love the Lord |

| | |
|---|---|
| ਸੇ ਪ੍ਰਭਿ ਰਾਖੇ ਕਿਰਪਾ ਧਾਰਿ ॥੩॥ | - showering His Mercy, God protects them. \|\|3\|\| |
| ਜਿਨ ਕੈ ਹਿਰਦੈ ਹਰਿ ਹਰਿ ਸੋਈ ॥ | Those whose hearts are filled with the Lord, Har, Har |
| ਤਿਨ ਕਾ ਦਰਸੁ ਪਰਸਿ ਸੁਖੁ ਹੋਈ ॥੪॥ | - gazing upon the blessed vision of their darshan, peace is obtained. \|\|4\|\| |
| ਸਰਬ ਜੀਆ ਮਹਿ ਏਕੋ ਰਵੈ ॥ | Among all beings, the One Lord is pervading. |
| ਮਨਮੁਖਿ ਅਹੰਕਾਰੀ ਫਿਰਿ ਜੂਨੀ ਭਵੈ ॥੫॥ | The egotistical, self-willed manmukhs wander in reincarnation. \|\|5\|\| |
| ਸੋ ਬੂਝੈ ਜੋ ਸਤਿਗੁਰੁ ਪਾਏ ॥ | They alone understand, who have found the True Guru. |
| ਹਉਮੈ ਮਾਰੇ ਗੁਰ ਸਬਦੇ ਪਾਏ ॥੬॥ | Subduing their ego, they receive the Word of the Guru's Shabad. \|\|6\|\| |
| ਅਰਧ ਉਰਧ ਕੀ ਸੰਧਿ ਕਿਉ ਜਾਨੈ ॥ | How can anyone know of the Union between the being below and the Supreme Being above? |
| ਗੁਰਮੁਖਿ ਸੰਧਿ ਮਿਲੈ ਮਨੁ ਮਾਨੈ ॥੭॥ | The Gurmukhs obtain this Union; their minds are reconciliated. \|\|7\|\| |
| ਹਮ ਪਾਪੀ ਨਿਰਗੁਣ ਕਉ ਗੁਣੁ ਕਰੀਐ ॥ | I am a worthless sinner, without merit. What merit do I have? |
| ਪ੍ਰਭ ਹੋਇ ਦਇਆਲੁ ਨਾਨਕ ਜਨ ਤਰੀਐ ॥੮॥੧੬॥ | When God showers His Mercy, servant Nanak is emancipated. \|\|8\|\|16\|\| |
| ਸੋਲਹ ਅਸਟਪਦੀਆ ਗੁਆਰੇਰੀ ਗਉੜੀ ਕੀਆ ॥ | Sixteen Ashtapadees Of Gwaarayree Gauree\|\| |
| ਗਉੜੀ ਬੈਰਾਗਣਿ ਮਹਲਾ ੧ | Gauree Bairaagan, First Mehl: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਜਿਉ ਗਾਈ ਕਉ ਗੋਇਲੀ ਰਾਖਹਿ ਕਰਿ ਸਾਰਾ ॥ ਅਹਿਨਿਸਿ ਪਾਲਹਿ ਰਾਖਿ ਲੇਹਿ ਆਤਮ ਸੁਖੁ ਧਾਰਾ ॥੧॥ | As the dairy farmer watches over and protects his cows, so does the Lord cherish and protect us, night and day. He blesses the soul with peace. \|\|1\|\| |
| ਇਤ ਉਤ ਰਾਖਹੁ ਦੀਨ ਦਇਆਲਾ ॥ | Please protect me here and hereafter, O Lord, Merciful to the meek. |
| ਤਉ ਸਰਣਾਗਤਿ ਨਦਰਿ ਨਿਹਾਲਾ ॥੧॥ ਰਹਾਉ ॥ | I seek Your Sanctuary; please bless me with Your Glance of Grace. \|\|1\|\|Pause\|\| |

| | |
|---|---|
| ਜਹ ਦੇਖਉ ਤਹ ਰਵਿ ਰਹੇ ਰਖੁ ਰਾਖਨਹਾਰਾ ॥ | Wherever I look, there You are. Save me, O Savior Lord! |
| ਤੂੰ ਦਾਤਾ ਭੁਗਤਾ ਤੂੰਹੈ ਤੂੰ ਪ੍ਰਾਣ ਅਧਾਰਾ ॥੨॥ | You are the Giver, and You are the Enjoyer; You are the Support of the breath of life. \|\|2\|\| |
| ਕਿਰਤੁ ਪਇਆ ਅਧ ਊਰਧੀ ਬਿਨੁ ਗਿਆਨ ਬੀਚਾਰਾ ॥ | According to the karma of past actions, people descend to the depths or rise to the heights, unless they contemplate spiritual wisdom. |
| ਬਿਨੁ ਉਪਮਾ ਜਗਦੀਸ ਕੀ ਬਿਨਸੈ ਨ ਅੰਧਿਆਰਾ ॥੩॥ | Without the Praises of the Lord of the Universe, the darkness is not dispelled. \|\|3\|\| |
| ਜਗੁ ਬਿਨਸਤ ਹਮ ਦੇਖਿਆ ਲੋਭੇ ਅਹੰਕਾਰਾ ॥ | I have seen the world being destroyed by greed and egotism. |
| ਗੁਰ ਸੇਵਾ ਪ੍ਰਭੁ ਪਾਇਆ ਸਚੁ ਮੁਕਤਿ ਦੁਆਰਾ ॥੪॥ | Only by serving the Guru is God obtained, and the true gate of liberation found. \|\|4\|\| |
| ਨਿਜ ਘਰਿ ਮਹਲੁ ਅਪਾਰ ਕੋ ਅਪਰੰਪਰੁ ਸੋਈ ॥ | The Mansion of the Infinite Lord's Presence is within the home of one's own being. He is beyond any boundaries. |
| ਬਿਨੁ ਸਬਦੈ ਥਿਰੁ ਕੋ ਨਹੀ ਬੂਝੈ ਸੁਖੁ ਹੋਈ ॥੫॥ | Without the Word of the Shabad, nothing shall endure. Through understanding, peace is obtained. \|\|5\|\| |
| ਕਿਆ ਲੈ ਆਇਆ ਲੇ ਜਾਇ ਕਿਆ ਫਾਸਹਿ ਜਮ ਜਾਲਾ ॥ | What have you brought, and what will you take away, when you are caught by the noose of Death? |
| ਡੋਲੁ ਬਧਾ ਕਸਿ ਜੇਵਰੀ ਆਕਾਸਿ ਪਤਾਲਾ ॥੬॥ | Like the bucket tied to the rope in the well, you are pulled up to the Akaashic Ethers, and then lowered down to the nether regions of the underworld. \|\|6\|\| |
| ਗੁਰਮਤਿ ਨਾਮੁ ਨ ਵੀਸਰੈ ਸਹਜੇ ਪਤਿ ਪਾਈਐ ॥ | Follow the Guru's Teachings, and do not forget the Naam, the Name of the Lord; you shall automatically obtain honor. |
| ਅੰਤਰਿ ਸਬਦੁ ਨਿਧਾਨੁ ਹੈ ਮਿਲਿ ਆਪੁ ਗਵਾਈਐ ॥੭॥ | Deep within the self is the treasure of the Shabad; it is obtained only by eradicating selfishness and conceit. \|\|7\|\| |
| ਨਦਰਿ ਕਰੇ ਪ੍ਰਭੁ ਆਪਣੀ ਗੁਣ ਅੰਕਿ ਸਮਾਵੈ ॥ | When God bestows His Glance of Grace, people settle in the Lap of the Virtuous Lord. |
| ਨਾਨਕ ਮੇਲੁ ਨ ਚੂਕਈ ਲਾਹਾ ਸਚੁ ਪਾਵੈ ॥੮॥੧॥੧੭॥ | O Nanak, this Union cannot be broken; the true profit is obtained. \|\|8\|\|1\|\|17\|\| |

| ੨੨੯ | 229 |
|---|---|
| ਗਉੜੀ ਮਹਲਾ ੧ ॥ | Gauree, First Mehl: |
| ਗੁਰ ਪਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ ॥ | By Guru's Grace, one comes to understand, and then, the account is settled. |
| ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ ॥੧॥ | In each and every heart is the Name of the Immaculate Lord; He is my Lord and Master. ‖1‖ |
| ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ ॥ | Without the Word of the Guru's Shabad, no one is emancipated. See this, and reflect upon it. |
| ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ ॥੧॥ ਰਹਾਉ ॥ | Even though you may perform hundreds of thousands of rituals, without the Guru, there is only darkness. ‖1‖Pause‖ |
| ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥ | What can you say, to one who is blind and without wisdom? |
| ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥੨॥ | Without the Guru, the Path cannot be seen. How can anyone proceed? ‖2‖ |
| ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥ | He calls the counterfeit genuine, and does not know the value of the genuine. |
| ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥੩॥ | The blind man is known as an appraiser; this Dark Age of Kali Yuga is so strange! ‖3‖ |
| ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ ॥ | The sleeper is said to be awake, and those who are awake are like sleepers. |
| ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ ॥੪॥ | The living are said to be dead, and no one mourns for those who have died. ‖4‖ |
| ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ ॥ | One who is coming is said to be going, and one who is gone is said to have come. |
| ਪਰ ਕੀ ਕਉ ਅਪੁਨੀ ਕਹੈ ਅਪੁਨੋ ਨਹੀ ਭਾਇਆ ॥੫॥ | That which belongs to others, he calls his own, but he has no liking for that which is his. ‖5‖ |
| ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ ॥ | That which is sweet is said to be bitter, and the bitter is said to be sweet. |
| ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ ॥੬॥ | One who is imbued with the Lord's Love is slandered - This is what I have seen in this Dark Age of Kali Yuga. ‖6‖ |

| | |
|---|---|
| ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥ | He serves the maid, and does not see his Lord and Master. |
| ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥੭॥ | Churning the water in the pond, no butter is produced. \|\|7\|\| |
| ਇਸੁ ਪਦ ਜੋ ਅਰਥਾਇ ਲੇਇ ਸੋ ਗੁਰੂ ਹਮਾਰਾ ॥ | One who understands the meaning of this verse is my Guru. |
| ਨਾਨਕ ਚੀਨੈ ਆਪ ਕਉ ਸੋ ਅਪਰ ਅਪਾਰਾ ॥੮॥ | O Nanak, one who knows his own self, is infinite and incomparable. \|\|8\|\| |
| ਸਭੁ ਆਪੇ ਆਪਿ ਵਰਤਦਾ ਆਪੇ ਭਰਮਾਇਆ ॥ | He Himself is All-pervading; He Himself misleads the people. |
| ਗੁਰ ਕਿਰਪਾ ਤੇ ਬੂਝੀਐ ਸਭੁ ਬ੍ਰਹਮੁ ਸਮਾਇਆ ॥੯॥੨॥੧੮॥ | By Guru's Grace, one comes to understand, that God is contained in all. \|\|9\|\|2\|\|18\|\| |
| ਰਾਗੁ ਗਉੜੀ ਗੁਆਰੇਰੀ ਮਹਲਾ ੩ ਅਸਟਪਦੀਆ | Raag Gauree Gwaarayree, Third Mehl, Ashtapadees: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਮਨ ਕਾ ਸੂਤਕੁ ਦੂਜਾ ਭਾਉ ॥ | The pollution of the mind is the love of duality. |
| ਭਰਮੇ ਭੂਲੇ ਆਵਉ ਜਾਉ ॥੧॥ | Deluded by doubt, people come and go in reincarnation. \|\|1\|\| |
| ਮਨਮੁਖਿ ਸੂਤਕੁ ਕਬਹਿ ਨ ਜਾਇ ॥ | The pollution of the self-willed manmukhs will never go away, |
| ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ ॥੧॥ ਰਹਾਉ ॥ | as long as they do not dwell on the Shabad, and the Name of the Lord. \|\|1\|\|Pause\|\| |
| ਸਭੋ ਸੂਤਕੁ ਜੇਤਾ ਮੋਹੁ ਆਕਾਰੁ ॥ | All the created beings are contaminated by emotional attachment; |
| ਮਰਿ ਮਰਿ ਜੰਮੈ ਵਾਰੋ ਵਾਰ ॥੨॥ | they die and are reborn, only to die over and over again. \|\|2\|\| |
| ਸੂਤਕੁ ਅਗਨਿ ਪਉਣੈ ਪਾਣੀ ਮਾਹਿ ॥ | Fire, air and water are polluted. |
| ਸੂਤਕੁ ਭੋਜਨੁ ਜੇਤਾ ਕਿਛੁ ਖਾਹਿ ॥੩॥ | The food which is eaten is polluted. \|\|3\|\| |
| ਸੂਤਕਿ ਕਰਮ ਨ ਪੂਜਾ ਹੋਇ ॥ | The actions of those who do not worship the Lord are polluted. |

| | |
|---|---|
| ਨਾਮਿ ਰਤੇ ਮਨੁ ਨਿਰਮਲੁ ਹੋਇ ॥੪॥ | Attuned to the Naam, the Name of the Lord, the mind becomes immaculate. \|\|4\|\| |
| ਸਤਿਗੁਰੁ ਸੇਵਿਐ ਸੂਤਕੁ ਜਾਇ ॥ | Serving the True Guru, pollution is eradicated, |
| ਮਰੈ ਨ ਜਨਮੈ ਕਾਲੁ ਨ ਖਾਇ ॥੫॥ | and then, one does not suffer death and rebirth, or get devoured by death. \|\|5\|\| |
| ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ ॥ | You may study and examine the Shaastras and the Simritees, |
| ਵਿਣੁ ਨਾਵੈ ਕੋ ਮੁਕਤਿ ਨ ਹੋਇ ॥੬॥ | but without the Name, no one is liberated. \|\|6\|\| |
| ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ | Throughout the four ages, the Naam is the ultimate; reflect upon the Word of the Shabad. |
| ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥ | In this Dark Age of Kali Yuga, only the Gurmukhs cross over. \|\|7\|\| |
| ਸਾਚਾ ਮਰੈ ਨ ਆਵੈ ਜਾਇ ॥ | The True Lord does not die; He does not come or go. |
| ਨਾਨਕ ਗੁਰਮੁਖਿ ਰਹੈ ਸਮਾਇ ॥੮॥੧॥ | O Nanak, the Gurmukh remains absorbed in the Lord. \|\|8\|\|1\|\| |
| ਗਉੜੀ ਮਹਲਾ ੩ ॥ | Gauree, Third Mehl: |
| ਗੁਰਮੁਖਿ ਸੇਵਾ ਪ੍ਰਾਨ ਅਧਾਰਾ ॥ | Selfless service is the support of the breath of life of the Gurmukh. |
| ਹਰਿ ਜੀਉ ਰਾਖਹੁ ਹਿਰਦੈ ਉਰ ਧਾਰਾ ॥ | Keep the Dear Lord enshrined in your heart. |
| ਗੁਰਮੁਖਿ ਸੋਭਾ ਸਾਚ ਦੁਆਰਾ ॥੧॥ | The Gurmukh is honored in the Court of the True Lord. \|\|1\|\| |
| ਪੰਡਿਤ ਹਰਿ ਪੜੁ ਤਜਹੁ ਵਿਕਾਰਾ ॥ | O Pandit, O religious scholar, read about the Lord, and renounce your corrupt ways. |
| ਗੁਰਮੁਖਿ ਭਉਜਲੁ ਉਤਰਹੁ ਪਾਰਾ ॥੧॥ ਰਹਾਉ ॥ | The Gurmukh crosses over the terrifying world-ocean. \|\|1\|\|Pause\|\| |
| **੨੩੦** | 230 |
| ਗੁਰਮੁਖਿ ਵਿਚਹੁ ਹਉਮੈ ਜਾਇ ॥ | The Gurmukh eradicates egotism from within. |
| ਗੁਰਮੁਖਿ ਮੈਲੁ ਨ ਲਾਗੈ ਆਇ ॥ | No filth sticks to the Gurmukh. |
| ਗੁਰਮੁਖਿ ਨਾਮੁ ਵਸੈ ਮਨਿ ਆਇ ॥੨॥ | The Naam, the Name of the Lord, comes to dwell within the mind of the Gurmukh. \|\|2\|\| |

| | |
|---|---|
| ਗੁਰਮੁਖਿ ਕਰਮ ਧਰਮ ਸਚਿ ਹੋਈ ॥ | Through karma and Dharma, good actions and righteous faith, the Gurmukh becomes true. |
| ਗੁਰਮੁਖਿ ਅਹੰਕਾਰੁ ਜਲਾਏ ਦੋਈ ॥ | The Gurmukh burns away egotism and duality. |
| ਗੁਰਮੁਖਿ ਨਾਮਿ ਰਤੇ ਸੁਖੁ ਹੋਈ ॥੩॥ | The Gurmukh is attuned to the Naam, and is at peace. \|\|3\|\| |
| ਆਪਣਾ ਮਨੁ ਪਰਬੋਧਹੁ ਬੂਝਹੁ ਸੋਈ ॥ | Instruct your own mind, and understand Him. |
| ਲੋਕ ਸਮਝਾਵਹੁ ਸੁਣੇ ਨ ਕੋਈ ॥ | You may preach to other people, but no one will listen. |
| ਗੁਰਮੁਖਿ ਸਮਝਹੁ ਸਦਾ ਸੁਖੁ ਹੋਈ ॥੪॥ | The Gurmukh understands, and is always at peace. \|\|4\|\| |
| ਮਨਮੁਖਿ ਡੰਫੁ ਬਹੁਤੁ ਚਤੁਰਾਈ ॥ | The self-willed manmukhs are such clever hypocrites. |
| ਜੋ ਕਿਛੁ ਕਮਾਵੈ ਸੁ ਥਾਇ ਨ ਪਾਈ ॥ | No matter what they do, it is not acceptable. |
| ਆਵੈ ਜਾਵੈ ਠਉਰ ਨ ਕਾਈ ॥੫॥ | They come and go in reincarnation, and find no place of rest. \|\|5\|\| |
| ਮਨਮੁਖ ਕਰਮ ਕਰੇ ਬਹੁਤੁ ਅਭਿਮਾਨਾ ॥ | The manmukhs perform their rituals, but they are totally selfish and conceited. |
| ਬਗ ਜਿਉ ਲਾਇ ਬਹੈ ਨਿਤ ਧਿਆਨਾ ॥ | They sit there, like storks, pretending to meditate. |
| ਜਮਿ ਪਕੜਿਆ ਤਬ ਹੀ ਪਛੁਤਾਨਾ ॥੬॥ | Caught by the Messenger of Death, they shall regret and repent in the end. \|\|6\|\| |
| ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥ | Without serving the True Guru, liberation is not obtained. |
| ਗੁਰ ਪਰਸਾਦੀ ਮਿਲੈ ਹਰਿ ਸੋਈ ॥ | By Guru's Grace, one meets the Lord. |
| ਗੁਰੁ ਦਾਤਾ ਜੁਗ ਚਾਰੇ ਹੋਈ ॥੭॥ | The Guru is the Great Giver, throughout the four ages. \|\|7\|\| |
| ਗੁਰਮੁਖਿ ਜਾਤਿ ਪਤਿ ਨਾਮੇ ਵਡਿਆਈ ॥ | For the Gurmukh, the Naam is social status, honor and glorious greatness. |
| ਸਾਇਰ ਕੀ ਪੁਤ੍ਰੀ ਬਿਦਾਰਿ ਗਵਾਈ ॥ | Maya, the daughter of the ocean, has been slain. |
| ਨਾਨਕ ਬਿਨੁ ਨਾਵੈ ਝੂਠੀ ਚਤੁਰਾਈ ॥੮॥੨॥ | O Nanak, without the Name, all clever tricks are false. \|\|8\|\|2\|\| |

| | |
|---|---|
| ਗਉੜੀ ਮਃ ੩ ॥ | Gauree, Third Mehl: |
| ਇਸੁ ਜੁਗ ਕਾ ਧਰਮੁ ਪੜਹੁ ਤੁਮ ਭਾਈ ॥ | Learn the Dharma of this age, O Siblings of Destiny; |
| ਪੂਰੈ ਗੁਰਿ ਸਭ ਸੋਝੀ ਪਾਈ ॥ | all understanding is obtained from the Perfect Guru. |
| ਐਥੈ ਅਗੈ ਹਰਿ ਨਾਮੁ ਸਖਾਈ ॥੧॥ | Here and hereafter, the Lord's Name is our Companion. \|\|1\|\| |
| ਰਾਮ ਪੜਹੁ ਮਨਿ ਕਰਹੁ ਬੀਚਾਰੁ ॥ | Learn of the Lord, and contemplate Him in your mind. |
| ਗੁਰ ਪਰਸਾਦੀ ਮੈਲੁ ਉਤਾਰੁ ॥੧॥ ਰਹਾਉ ॥ | By Guru's Grace, your filth shall be washed away. \|\|1\|\|Pause\|\| |
| ਵਾਦਿ ਵਿਰੋਧਿ ਨ ਪਾਇਆ ਜਾਇ ॥ | Through argument and debate, He cannot be found. |
| ਮਨੁ ਤਨੁ ਫੀਕਾ ਦੂਜੈ ਭਾਇ ॥ | The mind and body are made insipid through the love of duality. |
| ਗੁਰ ਕੈ ਸਬਦਿ ਸਚਿ ਲਿਵ ਲਾਇ ॥੨॥ | Through the Word of the Guru's Shabad, lovingly attune yourself to the True Lord. \|\|2\|\| |
| ਹਉਮੈ ਮੈਲਾ ਇਹੁ ਸੰਸਾਰਾ ॥ | This world is polluted with egotism. |
| ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ ॥ | By taking cleansing baths daily at sacred shrines of pilgrimage, egotism is not eliminated. |
| ਬਿਨੁ ਗੁਰ ਭੇਟੇ ਜਮੁ ਕਰੇ ਖੁਆਰਾ ॥੩॥ | Without meeting the Guru, they are tortured by Death. \|\|3\|\| |
| ਸੋ ਜਨੁ ਸਾਚਾ ਜਿ ਹਉਮੈ ਮਾਰੈ ॥ | Those humble beings are true, who conquer their ego. |
| ਗੁਰ ਕੈ ਸਬਦਿ ਪੰਚ ਸੰਘਾਰੈ ॥ | Through the Word of the Guru's Shabad, they conquer the five thieves. |
| ਆਪਿ ਤਰੈ ਸਗਲੇ ਕੁਲ ਤਾਰੈ ॥੪॥ | They save themselves, and save all their generations as well. \|\|4\|\| |
| ਮਾਇਆ ਮੋਹਿ ਨਟਿ ਬਾਜੀ ਪਾਈ ॥ | The Actor has staged the drama of emotional attachment to Maya. |
| ਮਨਮੁਖ ਅੰਧ ਰਹੇ ਲਪਟਾਈ ॥ | The self-willed manmukhs cling blindly to it. |
| ਗੁਰਮੁਖਿ ਅਲਿਪਤ ਰਹੇ ਲਿਵ ਲਾਈ ॥੫॥ | The Gurmukhs remain detached, and lovingly attune themselves to the Lord. \|\|5\|\| |
| ਬਹੁਤੇ ਭੇਖ ਕਰੈ ਭੇਖਧਾਰੀ ॥ | The disguisers put on their various disguises. |
| ਅੰਤਰਿ ਤਿਸਨਾ ਫਿਰੈ ਅਹੰਕਾਰੀ ॥ | Desire rages within them, and they carry on egotistically. |
| ਆਪੁ ਨ ਚੀਨੈ ਬਾਜੀ ਹਾਰੀ ॥੬॥ | They do not understand themselves, and they lose the game of life. \|\|6\|\| |

| | |
|---|---|
| ਕਾਪੜ ਪਹਿਰਿ ਕਰੇ ਚਤੁਰਾਈ ॥ | Putting on religious robes, they act so clever, |
| ਮਾਇਆ ਮੋਹਿ ਅਤਿ ਭਰਮਿ ਭੁਲਾਈ ॥ | but they are totally deluded by doubt and emotional attachment to Maya. |
| ਬਿਨੁ ਗੁਰ ਸੇਵੇ ਬਹੁਤੁ ਦੁਖੁ ਪਾਈ ॥੭॥ | Without serving the Guru, they suffer in terrible pain. \|\|7\|\| |
| ਨਾਮਿ ਰਤੇ ਸਦਾ ਬੈਰਾਗੀ ॥ | Those who are attuned to the Naam, the Name of the Lord, remain detached forever. |
| ਗ੍ਰਿਹੀ ਅੰਤਰਿ ਸਾਚਿ ਲਿਵ ਲਾਗੀ ॥ | Even as householders, they lovingly attune themselves to the True Lord. |
| ਨਾਨਕ ਸਤਿਗੁਰੁ ਸੇਵਹਿ ਸੇ ਵਡਭਾਗੀ ॥੮॥੩॥ | O Nanak, those who serve the True Guru are blessed and very fortunate. \|\|8\|\|3\|\| |
| ਗਉੜੀ ਮਹਲਾ ੩ ॥ | Gauree, Third Mehl: |
| ਬ੍ਰਹਮਾ ਮੂਲੁ ਵੇਦ ਅਭਿਆਸਾ ॥ | Brahma is the founder of the study of the Vedas. |
| ਤਿਸ ਤੇ ਉਪਜੇ ਦੇਵ ਮੋਹ ਪਿਆਸਾ ॥ | From him emanated the gods, enticed by desire. |
| ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥੧॥ | They wander in the three qualities, and they do not dwell within their own home. \|\|1\|\| |
| ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ॥ | The Lord has saved me; I have met the True Guru. |
| ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ ॥੧॥ ਰਹਾਉ ॥ | He has implanted devotional worship of the Lord's Name, night and day. \|\|1\|\|Pause\|\| |
| ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥ | The songs of Brahma entangle people in the three qualities. |
| ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥ | Reading about the debates and disputes, they are hit over the head by the Messenger of Death. |
| **੨੩੧** | **231** |
| ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥੨॥ | They do not understand the essence of reality, and they gather their worthless bundles of straw. \|\|2\|\| |
| ਮਨਮੁਖ ਅਗਿਆਨਿ ਕੁਮਾਰਗਿ ਪਾਏ ॥ | The self-willed manmukhs, in ignorance, take the path of evil. |

| | |
|---|---|
| ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥ | They forget the Lord's Name, and in its place, they establish all sorts of rituals. |
| ਭਵਜਲਿ ਡੂਬੇ ਦੂਜੈ ਭਾਏ ॥੩॥ | They drown in the terrifying world-ocean, in the love of duality. \|\|3\|\| |
| ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥ | Driven crazy, infatuated by Maya, they call themselves Pandits - religious scholars; |
| ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥ | stained with corruption, they suffer terrible pain. |
| ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥੪॥ | The noose of the Messenger of Death is around their necks; they are constantly tormented by death. \|\|4\|\| |
| ਗੁਰਮੁਖਿ ਜਮਕਾਲੁ ਨੇੜਿ ਨ ਆਵੈ ॥ | The Messenger of Death does not even approach the Gurmukhs. |
| ਹਉਮੈ ਦੂਜਾ ਸਬਦਿ ਜਲਾਵੈ ॥ | Through the Word of the Shabad, they burn away their ego and duality. |
| ਨਾਮੇ ਰਾਤੇ ਹਰਿ ਗੁਣ ਗਾਵੈ ॥੫॥ | Attuned to the Name, they sing the Glorious Praises of the Lord. \|\|5\|\| |
| ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥ | Maya is the slave of the Lord's devotees; it works for them. |
| ਚਰਣੀ ਲਾਗੈ ਤਾ ਮਹਲੁ ਪਾਵੈ ॥ | One who falls at their feet attains the Mansion of the Lord's Presence. |
| ਸਦ ਹੀ ਨਿਰਮਲੁ ਸਹਜਿ ਸਮਾਵੈ ॥੬॥ | He is forever immaculate; he is absorbed in intuitive peace. \|\|6\|\| |
| ਹਰਿ ਕਥਾ ਸੁਣਹਿ ਸੇ ਧਨਵੰਤ ਦਿਸਹਿ ਜੁਗ ਮਾਹੀ ॥ | Those who listen to the Lord's Sermon are seen to be the wealthy people in this world. |
| ਤਿਨ ਕਉ ਸਭਿ ਨਿਵਹਿ ਅਨਦਿਨੁ ਪੂਜ ਕਰਾਹੀ ॥ | Everyone bows down to them, and adores them, night and day. |
| ਸਹਜੇ ਗੁਣ ਰਵਹਿ ਸਾਚੇ ਮਨ ਮਾਹੀ ॥੭॥ | They intuitively savor the Glories of the True Lord within their minds. \|\|7\|\| |
| ਪੂਰੈ ਸਤਿਗੁਰਿ ਸਬਦੁ ਸੁਣਾਇਆ ॥ | The Perfect True Guru has revealed the Shabad; |
| ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ ॥ | it eradicates the three qualities, and attunes the consciousness to the fourth state. |
| ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥੮॥੪॥ | O Nanak, subduing egotism, one is absorbed into God. \|\|8\|\|4\|\| |

| | |
|---|---|
| ਗਉੜੀ ਮਹਲਾ ੩ ॥ | Gauree, Third Mehl: |
| ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ | Brahma studied the Vedas, but these lead only to debates and disputes. |
| ਅੰਤਰਿ ਤਾਮਸੁ ਆਪੁ ਨ ਪਛਾਣੈ ॥ | He is filled with darkness; he does not understand himself. |
| ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥ | And yet, if he chants the Word of the Guru's Shabad, he finds God. \|\|1\|\| |
| ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ ॥ | So serve the Guru, and you shall not be consumed by death. |
| ਮਨਮੁਖ ਖਾਧੇ ਦੂਜੈ ਭਾਇ ॥੧॥ ਰਹਾਉ ॥ | The self-willed manmukhs have been consumed by the love of duality. \|\|1\|\|Pause\|\| |
| ਗੁਰਮੁਖਿ ਪ੍ਰਾਣੀ ਅਪਰਾਧੀ ਸੀਧੇ ॥ | Becoming Gurmukh, the sinful mortals are purified. |
| ਗੁਰ ਕੈ ਸਬਦਿ ਅੰਤਰਿ ਸਹਜਿ ਰੀਧੇ ॥ | Through the Word of the Guru's Shabad, they find intuitive peace and poise deep within. |
| ਮੇਰਾ ਪ੍ਰਭੁ ਪਾਇਆ ਗੁਰ ਕੈ ਸਬਦਿ ਸੀਧੇ ॥੨॥ | I have found my God, through the Guru's Shabad, and I have been reformed. \|\|2\|\| |
| ਸਤਿਗੁਰਿ ਮੇਲੇ ਪ੍ਰਭਿ ਆਪਿ ਮਿਲਾਏ ॥ | God Himself unites us in Union with the True Guru, |
| ਮੇਰੇ ਪ੍ਰਭ ਸਾਚੇ ਕੈ ਮਨਿ ਭਾਏ ॥ | when we become pleasing to the Mind of my True God. |
| ਹਰਿ ਗੁਣ ਗਾਵਹਿ ਸਹਜਿ ਸੁਭਾਏ ॥੩॥ | They sing the Glorious Praises of the Lord, in the poise of celestial peace. \|\|3\|\| |
| ਬਿਨੁ ਗੁਰ ਸਾਚੇ ਭਰਮਿ ਭੁਲਾਏ ॥ | Without the True Guru, they are deluded by doubt. |
| ਮਨਮੁਖ ਅੰਧੇ ਸਦਾ ਬਿਖੁ ਖਾਏ ॥ | The blind, self-willed manmukhs constantly eat poison. |
| ਜਮ ਡੰਡੁ ਸਹਹਿ ਸਦਾ ਦੁਖੁ ਪਾਏ ॥੪॥ | They are beaten by the Messenger of Death with his rod, and they suffer in constant pain. \|\|4\|\| |
| ਜਮੂਆ ਨ ਜੋਹੈ ਹਰਿ ਕੀ ਸਰਣਾਈ ॥ | The Messenger of Death does not catch sight of those who enter the Sanctuary of the Lord. |
| ਹਉਮੈ ਮਾਰਿ ਸਚਿ ਲਿਵ ਲਾਈ ॥ | Subduing egotism, they lovingly center their consciousness on the True Lord. |
| ਸਦਾ ਰਹੈ ਹਰਿ ਨਾਮਿ ਲਿਵ ਲਾਈ ॥੫॥ | They keep their consciousness constantly focused on the Lord's Name. \|\|5\|\| |

| | |
|---|---|
| ਸਤਿਗੁਰੁ ਸੇਵਹਿ ਸੇ ਜਨ ਨਿਰਮਲ ਪਵਿਤਾ ॥ | Those humble beings who serve the True Guru are pure and immaculate. |
| ਮਨ ਸਿਉ ਮਨੁ ਮਿਲਾਇ ਸਭੁ ਜਗੁ ਜੀਤਾ ॥ | Merging their minds into the Mind, they conquer the entire world. |
| ਇਨ ਬਿਧਿ ਕੁਸਲੁ ਤੇਰੈ ਮੇਰੇ ਮੀਤਾ ॥੬॥ | In this way, you too shall find happiness, O my friend. ‖6‖ |
| ਸਤਿਗੁਰੂ ਸੇਵੇ ਸੋ ਫਲੁ ਪਾਏ ॥ | Those who serve the True Guru are blessed with fruitful rewards. |
| ਹਿਰਦੈ ਨਾਮੁ ਵਿਚਹੁ ਆਪੁ ਗਵਾਏ ॥ | The Naam, the Name of the Lord, abides in their hearts; selfishness and conceit depart from within them. |
| ਅਨਹਦ ਬਾਣੀ ਸਬਦੁ ਵਜਾਏ ॥੭॥ | The unstruck melody of the Shabad vibrates for them. ‖7‖ |
| ਸਤਿਗੁਰ ਤੇ ਕਵਨੁ ਕਵਨੁ ਨ ਸੀਧੋ ਮੇਰੇ ਭਾਈ ॥ | Who - who has not been purified by the True Guru, O my Siblings of Destiny? |
| ਭਗਤੀ ਸੀਧੇ ਦਰਿ ਸੋਭਾ ਪਾਈ ॥ | The devotees are purified, and honored in His Court. |
| ਨਾਨਕ ਰਾਮ ਨਾਮਿ ਵਡਿਆਈ ॥੮॥੫॥ | O Nanak, greatness is in the Lord's Name. ‖8‖5‖ |
| ਗਉੜੀ ਮਹਲਾ ੩ ॥ | Gauree, Third Mehl: |
| ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥ | Those who speak of the three qualities - their doubts do not depart. |
| ਬੰਧਨ ਨ ਤੂਟਹਿ ਮੁਕਤਿ ਨ ਪਾਇ ॥ | Their bonds are not broken, and they do not obtain liberation. |
| ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥ | The True Guru is the Bestower of liberation in this age. ‖1‖ |
| ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥ | Those mortals who become Gurmukh give up their doubts. |
| ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥ | The celestial music wells up, when they lovingly attune their consciousness to the Lord. ‖1‖Pause‖ |
| ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥ | Those who are controlled by the three qualities have death hovering over their heads. |
| **੨੩੨** | 232 |
| ਨਾਮੁ ਨ ਚੇਤਹਿ ਉਪਾਵਣਹਾਰਾ ॥ | They do not remember the Name of the Creator Lord. |
| ਮਰਿ ਜੰਮਹਿ ਫਿਰਿ ਵਾਰੋ ਵਾਰਾ ॥੨॥ | They die, and are reborn, over and over, again and again. ‖2‖ |

| | |
|---|---|
| ਅੰਧੇ ਗੁਰੂ ਤੇ ਭਰਮੁ ਨ ਜਾਈ ॥ | Those whose guru is spiritually blind - their doubts are not dispelled. |
| ਮੂਲੁ ਛੋਡਿ ਲਾਗੇ ਦੂਜੈ ਭਾਈ ॥ | Abandoning the Source of all, they have become attached to the love of duality. |
| ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥ | Infected with poison, they are immersed in poison. \|\|3\|\| |
| ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥ | Believing Maya to be the source of all, they wander in doubt. |
| ਹਰਿ ਜੀਉ ਵਿਸਰਿਆ ਦੂਜੈ ਭਾਏ ॥ | They have forgotten the Dear Lord, and they are in love with duality. |
| ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥੪॥ | The supreme status is obtained only by those who are blessed with His Glance of Grace. \|\|4\|\| |
| ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥ | One who has Truth pervading within, radiates Truth outwardly as well. |
| ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥ | The Truth does not remain hidden, even though one may try to hide it. |
| ਗਿਆਨੀ ਬੂਝਹਿ ਸਹਜਿ ਸੁਭਾਏ ॥੫॥ | The spiritually wise know this intuitively. \|\|5\|\| |
| ਗੁਰਮੁਖਿ ਸਾਚਿ ਰਹਿਆ ਲਿਵ ਲਾਏ ॥ | The Gurmukhs keep their consciousness lovingly centered on the Lord. |
| ਹਉਮੈ ਮਾਇਆ ਸਬਦਿ ਜਲਾਏ ॥ | Ego and Maya are burned away by the Word of the Shabad. |
| ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥੬॥ | My True God unites them in His Union. \|\|6\|\| |
| ਸਤਿਗੁਰੁ ਦਾਤਾ ਸਬਦੁ ਸੁਣਾਏ ॥ | The True Guru, The Giver, preaches the Shabad. |
| ਧਾਵਤੁ ਰਾਖੈ ਠਾਕਿ ਰਹਾਏ ॥ | He controls, and restrains, and holds still the wandering mind. |
| ਪੂਰੇ ਗੁਰ ਤੇ ਸੋਝੀ ਪਾਏ ॥੭॥ | Understanding is obtained through the Perfect Guru. \|\|7\|\| |
| ਆਪੇ ਕਰਤਾ ਸ੍ਰਿਸਟਿ ਸਿਰਜਿ ਜਿਨਿ ਗੋਈ ॥ | The Creator Himself has created the universe; He Himself shall destroy it. |
| ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥ | Without Him, there is no other at all. |
| ਨਾਨਕ ਗੁਰਮੁਖਿ ਬੂਝੈ ਕੋਈ ॥੮॥੬॥ | O Nanak, how rare are those who, as Gurmukh, understand this! \|\|8\|\|6\|\| |

| | |
|---|---|
| ਗਉੜੀ ਮਹਲਾ ੩ ॥ | Gauree, Third Mehl: |
| ਨਾਮੁ ਅਮੋਲਕੁ ਗੁਰਮੁਖਿ ਪਾਵੈ ॥ | The Gurmukhs obtain the Naam, the Priceless Name of the Lord. |
| ਨਾਮੋ ਸੇਵੇ ਨਾਮਿ ਸਹਜਿ ਸਮਾਵੈ ॥ | They serve the Name, and through the Name, they are absorbed in intuitive peace and poise. |
| ਅੰਮ੍ਰਿਤੁ ਨਾਮੁ ਰਸਨਾ ਨਿਤ ਗਾਵੈ ॥ | With their tongues, they continually sing the Ambrosial Naam. |
| ਜਿਸ ਨੋ ਕ੍ਰਿਪਾ ਕਰੇ ਸੋ ਹਰਿ ਰਸੁ ਪਾਵੈ ॥੧॥ | They obtain the Lord's Name; the Lord showers His Mercy upon them. \|\|1\|\| |
| ਅਨਦਿਨੁ ਹਿਰਦੈ ਜਪਉ ਜਗਦੀਸਾ ॥ | Night and day, within your heart, meditate on the Lord of the Universe. |
| ਗੁਰਮੁਖਿ ਪਾਵਉ ਪਰਮ ਪਦੁ ਸੂਖਾ ॥੧॥ ਰਹਾਉ ॥ | The Gurmukhs obtain the supreme state of peace. \|\|1\|\|Pause\|\| |
| ਹਿਰਦੈ ਸੂਖੁ ਭਇਆ ਪਰਗਾਸੁ ॥ | Peace comes to fill the hearts of those |
| ਗੁਰਮੁਖਿ ਗਾਵਹਿ ਸਚੁ ਗੁਣਤਾਸੁ ॥ | who, as Gurmukh, sing of the True Lord, the treasure of excellence. |
| ਦਾਸਨਿ ਦਾਸ ਨਿਤ ਹੋਵਹਿ ਦਾਸੁ ॥ | They become the constant slaves of the slaves of the Lord's slaves. |
| ਗ੍ਰਿਹ ਕੁਟੰਬ ਮਹਿ ਸਦਾ ਉਦਾਸੁ ॥੨॥ | Within their households and families, they remain always detached. \|\|2\|\| |
| ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥ | How rare are those who, as Gurmukh, become Jivan Mukta - liberated while yet alive. |
| ਪਰਮ ਪਦਾਰਥੁ ਪਾਵੈ ਸੋਈ ॥ | They alone obtain the supreme treasure. |
| ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥ | Eradicating the three qualities, they become pure. |
| ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥ | They are intuitively absorbed in the True Lord God. \|\|3\|\| |
| ਮੋਹ ਕੁਟੰਬ ਸਿਉ ਪ੍ਰੀਤਿ ਨ ਹੋਇ ॥ | Emotional attachment to family does not exist, |
| ਜਾ ਹਿਰਦੈ ਵਸਿਆ ਸਚੁ ਸੋਇ ॥ | when the True Lord abides within the heart. |
| ਗੁਰਮੁਖਿ ਮਨੁ ਬੇਧਿਆ ਅਸਥਿਰੁ ਹੋਇ ॥ | The mind of the Gurmukh is pierced through and held steady. |
| ਹੁਕਮੁ ਪਛਾਣੈ ਬੂਝੈ ਸਚੁ ਸੋਇ ॥੪॥ | One who recognizes the Hukam of the Lord's Command understands the True Lord. \|\|4\|\| |
| ਤੂੰ ਕਰਤਾ ਮੈ ਅਵਰੁ ਨ ਕੋਇ ॥ | You are the Creator Lord - there is no other for me. |
| ਤੁਝੁ ਸੇਵੀ ਤੁਝ ਤੇ ਪਤਿ ਹੋਇ ॥ | I serve You, and through You, I obtain honor. |

| | |
|---|---|
| ਕਿਰਪਾ ਕਰਹਿ ਗਾਵਾ ਪ੍ਰਭੁ ਸੋਇ ॥ | God showers His Mercy, and I sing His Praises. |
| ਨਾਮ ਰਤਨੁ ਸਭ ਜਗ ਮਹਿ ਲੋਇ ॥੫॥ | The light of the jewel of the Naam permeates the entire world. \|\|5\|\| |
| ਗੁਰਮੁਖਿ ਬਾਣੀ ਮੀਠੀ ਲਾਗੀ ॥ | To the Gurmukhs, the Word of God's Bani seems so sweet. |
| ਅੰਤਰੁ ਬਿਗਸੈ ਅਨਦਿਨੁ ਲਿਵ ਲਾਗੀ ॥ | Deep within, their hearts blossom forth; night and day, they lovingly center themselves on the Lord. |
| ਸਹਜੇ ਸਚੁ ਮਿਲਿਆ ਪਰਸਾਦੀ ॥ | The True Lord is intuitively obtained, by His Grace. |
| ਸਤਿਗੁਰੁ ਪਾਇਆ ਪੂਰੈ ਵਡਭਾਗੀ ॥੬॥ | The True Guru is obtained by the destiny of perfect good fortune. \|\|6\|\| |
| ਹਉਮੈ ਮਮਤਾ ਦੁਰਮਤਿ ਦੁਖ ਨਾਸੁ ॥ | Egotism, possessiveness, evil-mindedness and suffering depart, |
| ਜਬ ਹਿਰਦੈ ਰਾਮ ਨਾਮ ਗੁਣਤਾਸੁ ॥ | when the Lord's Name, the Ocean of Virtue, comes to dwell within the heart. |
| ਗੁਰਮੁਖਿ ਬੁਧਿ ਪ੍ਰਗਟੀ ਪ੍ਰਭ ਜਾਸੁ ॥ | The intellect of the Gurmukhs is awakened, and they praise God, |
| ਜਬ ਹਿਰਦੈ ਰਵਿਆ ਚਰਣ ਨਿਵਾਸੁ ॥੭॥ | when the Lord's Lotus Feet come to dwell within the heart. \|\|7\|\| |
| ਜਿਸੁ ਨਾਮੁ ਦੇਇ ਸੋਈ ਜਨੁ ਪਾਏ ॥ | They alone receive the Naam, unto whom it is given. |
| ਗੁਰਮੁਖਿ ਮੇਲੇ ਆਪੁ ਗਵਾਏ ॥ | The Gurmukhs shed their ego, and merge with the Lord. |
| ਹਿਰਦੈ ਸਾਚਾ ਨਾਮੁ ਵਸਾਏ ॥ | The True Name abides within their hearts. |
| ਨਾਨਕ ਸਹਜੇ ਸਾਚਿ ਸਮਾਏ ॥੮॥੭॥ | O Nanak, they are intuitively absorbed in the True Lord. \|\|8\|\|7\|\| |
| ਗਉੜੀ ਮਹਲਾ ੩ ॥ | Gauree, Third Mehl: |
| ਮਨ ਹੀ ਮਨੁ ਸਵਾਰਿਆ ਭੈ ਸਹਜਿ ਸੁਭਾਇ ॥ | The mind has intuitively healed itself, through the Fear of God. |
| **੨੩੩** | 233 |
| ਸਬਦਿ ਮਨੁ ਰੰਗਿਆ ਲਿਵ ਲਾਇ ॥ | The mind is attuned to the Word of the Shabad; it is lovingly attuned to the Lord. |
| ਨਿਜ ਘਰਿ ਵਸਿਆ ਪ੍ਰਭ ਕੀ ਰਜਾਇ ॥੧॥ | It abides within its own home, in harmony with the Lord's Will. \|\|1\|\| |

| | |
|---|---|
| ਸਤਿਗੁਰੁ ਸੇਵਿਐ ਜਾਇ ਅਭਿਮਾਨੁ ॥ | Serving the True Guru, egotistical pride departs, |
| ਗੋਵਿਦੁ ਪਾਈਐ ਗੁਣੀ ਨਿਧਾਨੁ ॥੧॥ ਰਹਾਉ ॥ | and the Lord of the Universe, the Treasure of Excellence, is obtained. \|\|1\|\|Pause\|\| |
| ਮਨੁ ਬੈਰਾਗੀ ਜਾ ਸਬਦਿ ਭਉ ਖਾਇ ॥ | The mind becomes detached and free of desire, when it experiences the Fear of God, through the Shabad. |
| ਮੇਰਾ ਪ੍ਰਭੁ ਨਿਰਮਲਾ ਸਭ ਤੈ ਰਹਿਆ ਸਮਾਇ ॥ | My Immaculate God is pervading and contained among all. |
| ਗੁਰ ਕਿਰਪਾ ਤੇ ਮਿਲੈ ਮਿਲਾਇ ॥੨॥ | By Guru's Grace, one is united in His Union. \|\|2\|\| |
| ਹਰਿ ਦਾਸਨ ਕੋ ਦਾਸੁ ਸੁਖੁ ਪਾਏ ॥ | The slave of the Lord's slave attains peace. |
| ਮੇਰਾ ਹਰਿ ਪ੍ਰਭੁ ਇਨ ਬਿਧਿ ਪਾਇਆ ਜਾਏ ॥ | My Lord God is found in this way. |
| ਹਰਿ ਕਿਰਪਾ ਤੇ ਰਾਮ ਗੁਣ ਗਾਏ ॥੩॥ | By the Grace of the Lord, one comes to sing the Glorious Praises of the Lord. \|\|3\|\| |
| ਧ੍ਰਿਗੁ ਬਹੁ ਜੀਵਣੁ ਜਿਤੁ ਹਰਿ ਨਾਮਿ ਨ ਲਗੈ ਪਿਆਰੁ ॥ | Cursed is that long life, during which love for the Lord's Name is not enshrined. |
| ਧ੍ਰਿਗੁ ਸੇਜ ਸੁਖਾਲੀ ਕਾਮਣਿ ਮੋਹ ਗੁਬਾਰੁ ॥ | Cursed is that comfortable bed which lures one into the darkness of attachment to sexual desire. |
| ਤਿਨ ਸਫਲੁ ਜਨਮੁ ਜਿਨ ਨਾਮੁ ਅਧਾਰੁ ॥੪॥ | Fruitful is the birth of that person who takes the Support of the Naam, the Name of the Lord. \|\|4\|\| |
| ਧ੍ਰਿਗੁ ਧ੍ਰਿਗੁ ਗ੍ਰਿਹੁ ਕੁਟੰਬੁ ਜਿਤੁ ਹਰਿ ਪ੍ਰੀਤਿ ਨ ਹੋਇ ॥ | Cursed, cursed is that home and family, in which the love of the Lord is not embraced. |
| ਸੋਈ ਹਮਾਰਾ ਮੀਤੁ ਜੋ ਹਰਿ ਗੁਣ ਗਾਵੈ ਸੋਇ ॥ | He alone is my friend, who sings the Glorious Praises of the Lord. |
| ਹਰਿ ਨਾਮ ਬਿਨਾ ਮੈ ਅਵਰੁ ਨ ਕੋਇ ॥੫॥ | Without the Lord's Name, there is no other for me. \|\|5\|\| |
| ਸਤਿਗੁਰ ਤੇ ਹਮ ਗਤਿ ਪਤਿ ਪਾਈ ॥ | From the True Guru, I have obtained salvation and honor. |
| ਹਰਿ ਨਾਮੁ ਧਿਆਇਆ ਦੂਖੁ ਸਗਲ ਮਿਟਾਈ ॥ | I have meditated on the Name of the Lord, and all my sufferings have been erased. |
| ਸਦਾ ਅਨੰਦੁ ਹਰਿ ਨਾਮਿ ਲਿਵ ਲਾਈ ॥੬॥ | I am in constant bliss, lovingly attuned to the Lord's Name. \|\|6\|\| |
| ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ ॥ | Meeting the Guru, I came to understand my body. |

| | |
|---|---|
| ਹਉਮੈ ਤ੍ਰਿਸਨਾ ਸਭ ਅਗਨਿ ਬੁਝਈ ॥ | The fires of ego and desire have been totally quenched. |
| ਬਿਨਸੇ ਕ੍ਰੋਧ ਖਿਮਾ ਗਹਿ ਲਈ ॥੭॥ | Anger has been dispelled, and I have grasped hold of tolerance. ‖7‖ |
| ਹਰਿ ਆਪੇ ਕ੍ਰਿਪਾ ਕਰੇ ਨਾਮੁ ਦੇਵੈ ॥ | The Lord Himself showers His Mercy, and bestows the Naam. |
| ਗੁਰਮੁਖਿ ਰਤਨੁ ਕੋ ਵਿਰਲਾ ਲੇਵੈ ॥ | How rare is that Gurmukh, who receives the jewel of the Naam. |
| ਨਾਨਕੁ ਗੁਣ ਗਾਵੈ ਹਰਿ ਅਲਖ ਅਭੇਵੈ ॥੮॥੮॥ | O Nanak, sing the Glorious Praises of the Lord, the Unknowable, the Incomprehensible. ‖8‖8‖ |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਰਾਗੁ ਗਉੜੀ ਬੈਰਾਗਣਿ ਮਹਲਾ ੩ ॥ | Raag Gauree Bairaagan, Third Mehl: |
| ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ ॥ | Those who turn their faces away from the True Guru, are seen to be unfaithful and evil. |
| ਅਨਦਿਨੁ ਬਧੇ ਮਾਰੀਅਨਿ ਫਿਰਿ ਵੇਲਾ ਨਾ ਲਹੰਨਿ ॥੧॥ | They shall be bound and beaten night and day; they shall not have this opportunity again. ‖1‖ |
| ਹਰਿ ਹਰਿ ਰਾਖਹੁ ਕ੍ਰਿਪਾ ਧਾਰਿ ॥ | O Lord, please shower Your Mercy upon me, and save me! |
| ਸਤਸੰਗਤਿ ਮੇਲਾਇ ਪ੍ਰਭ ਹਰਿ ਹਿਰਦੈ ਹਰਿ ਗੁਣ ਸਾਰਿ ॥੧॥ ਰਹਾਉ ॥ | O Lord God, please lead me to meet the Sat Sangat, the True Congregation, that I may dwell upon the Glorious Praises of the Lord within my heart. ‖1‖Pause‖ |
| ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ ॥ | Those devotees are pleasing to the Lord, who as Gurmukh, walk in harmony with the Way of the Lord's Will. |
| ਆਪੁ ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ ॥੨॥ | Subduing their selfishness and conceit, and performing selfless service, they remain dead while yet alive. ‖2‖ |
| ਜਿਸ ਦਾ ਪਿੰਡੁ ਪਰਾਣ ਹੈ ਤਿਸ ਕੀ ਸਿਰਿ ਕਾਰ ॥ | The body and the breath of life belong to the One - perform the greatest service to Him. |
| ਓਹੁ ਕਿਉ ਮਨਹੁ ਵਿਸਾਰੀਐ ਹਰਿ ਰਖੀਐ ਹਿਰਦੈ ਧਾਰਿ ॥੩॥ | Why forget Him from your mind? Keep the Lord enshrined in your heart. ‖3‖ |
| ਨਾਮਿ ਮਿਲਿਐ ਪਤਿ ਪਾਈਐ ਨਾਮਿ ਮੰਨਿਐ ਸੁਖੁ ਹੋਇ ॥ | Receiving the Naam, the Name of the Lord, one obtains honor; believing in the Naam, one is at peace. |

| | |
|---|---|
| ਸਤਿਗੁਰ ਤੇ ਨਾਮੁ ਪਾਈਐ ਕਰਮਿ ਮਿਲੈ ਪ੍ਰਭੁ ਸੋਇ ॥੪॥ | The Naam is obtained from the True Guru; by His Grace, God is found. \|\|4\|\| |
| ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ ॥ | They turn their faces away from the True Guru; they continue to wander aimlessly. |
| ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ ॥੫॥ | They are not accepted by the earth or the sky; they fall into manure, and rot. \|\|5\|\| |
| ਇਹੁ ਜਗੁ ਭਰਮਿ ਭੁਲਾਇਆ ਮੋਹ ਠਗਉਲੀ ਪਾਇ ॥ | This world is deluded by doubt - it has taken the drug of emotional attachment. |
| ਜਿਨਾ ਸਤਿਗੁਰੁ ਭੇਟਿਆ ਤਿਨ ਨੇੜਿ ਨ ਭਿਟੈ ਮਾਇ ॥੬॥ | Maya does not draw near those who have met with the True Guru. \|\|6\|\| |
| ਸਤਿਗੁਰੁ ਸੇਵਨਿ ਸੋ ਸੋਹਣੇ ਹਉਮੈ ਮੈਲੁ ਗਵਾਇ ॥ | Those who serve the True Guru are very beautiful; they cast off the filth of selfishness and conceit. |
| **੨੩੪** | 234 |
| ਸਬਦਿ ਰਤੇ ਸੇ ਨਿਰਮਲੇ ਚਲਹਿ ਸਤਿਗੁਰ ਭਾਇ ॥੭॥ | Those who are attuned to the Shabad are immaculate and pure. They walk in harmony with the Will of the True Guru. \|\|7\|\| |
| ਹਰਿ ਪ੍ਰਭ ਦਾਤਾ ਏਕੁ ਤੂੰ ਤੂੰ ਆਪੇ ਬਖਸਿ ਮਿਲਾਇ ॥ | O Lord God, You are the One and Only Giver; You forgive us, and unite us with Yourself. |
| ਜਨੁ ਨਾਨਕੁ ਸਰਣਾਗਤੀ ਜਿਉ ਭਾਵੈ ਤਿਵੈ ਛਡਾਇ ॥੮॥੧॥੯॥ | Servant Nanak seeks Your Sanctuary; if it is Your Will, please save him! \|\|8\|\|1\|\|9\|\| |
| ਰਾਗੁ ਗਉੜੀ ਪੂਰਬੀ ਮਹਲਾ ੪ ਕਰਹਲੇ | Raag Gauree Poorbee, Fourth Mehl, Karhalay: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ ॥ | O my wandering mind, you are like a camel - how will you meet the Lord, your Mother? |
| ਗੁਰੁ ਭਾਗਿ ਪੂਰੈ ਪਾਇਆ ਗਲਿ ਮਿਲਿਆ ਪਿਆਰਾ ਆਇ ॥੧॥ | When I found the Guru, by the destiny of perfect good fortune, my Beloved came and embraced me. \|\|1\|\| |
| ਮਨ ਕਰਹਲਾ ਸਤਿਗੁਰੁ ਪੁਰਖੁ ਧਿਆਇ ॥੧॥ ਰਹਾਉ ॥ | O camel-like mind, meditate on the True Guru, the Primal Being. \|\|1\|\|Pause\|\| |

| | |
|---|---|
| ਮਨ ਕਰਹਲਾ ਵੀਚਾਰੀਆ ਹਰਿ ਰਾਮ ਨਾਮ ਧਿਆਇ ॥ | O camel-like mind, contemplate the Lord, and meditate on the Lord's Name. |
| ਜਿਥੈ ਲੇਖਾ ਮੰਗੀਐ ਹਰਿ ਆਪੇ ਲਏ ਛਡਾਇ ॥੨॥ | When you are called to answer for your account, the Lord Himself shall release you. ‖2‖ |
| ਮਨ ਕਰਹਲਾ ਅਤਿ ਨਿਰਮਲਾ ਮਲੁ ਲਾਗੀ ਹਉਮੈ ਆਇ ॥ | O camel-like mind, you were once very pure; the filth of egotism has now attached itself to you. |
| ਪਰਤਖਿ ਪਿਰੁ ਘਰਿ ਨਾਲਿ ਪਿਆਰਾ ਵਿਛੁੜਿ ਚੋਟਾ ਖਾਇ ॥੩॥ | Your Beloved Husband is now manifest before you in your own home, but you are separated from Him, and you suffer such pain! ‖3‖ |
| ਮਨ ਕਰਹਲਾ ਮੇਰੇ ਪ੍ਰੀਤਮਾ ਹਰਿ ਰਿਦੈ ਭਾਲਿ ਭਾਲਾਇ ॥ | O my beloved camel-like mind, search for the Lord within your own heart. |
| ਉਪਾਇ ਕਿਤੈ ਨ ਲਭਈ ਗੁਰੁ ਹਿਰਦੈ ਹਰਿ ਦੇਖਾਇ ॥੪॥ | He cannot be found by any device; the Guru will show you the Lord within your heart. ‖4‖ |
| ਮਨ ਕਰਹਲਾ ਮੇਰੇ ਪ੍ਰੀਤਮਾ ਦਿਨੁ ਰੈਣਿ ਹਰਿ ਲਿਵ ਲਾਇ ॥ | O my beloved camel-like mind, day and night, lovingly attune yourself to the Lord. |
| ਘਰੁ ਜਾਇ ਪਾਵਹਿ ਰੰਗ ਮਹਲੀ ਗੁਰੁ ਮੇਲੇ ਹਰਿ ਮੇਲਾਇ ॥੫॥ | Return to your own home, and find the palace of love; meet the Guru, and meet the Lord. ‖5‖ |
| ਮਨ ਕਰਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ ਤਜਾਇ ॥ | O camel-like mind, you are my friend; abandon hypocrisy and greed. |
| ਪਾਖੰਡਿ ਲੋਭੀ ਮਾਰੀਐ ਜਮ ਡੰਡੁ ਦੇਇ ਸਜਾਇ ॥੬॥ | The hypocritical and the greedy are struck down; the Messenger of Death punishes them with his club. ‖6‖ |
| ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ ॥ | O camel-like mind, you are my breath of life; rid yourself of the pollution of hypocrisy and doubt. |
| ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥੭॥ | The Perfect Guru is the Ambrosial Pool of the Lord's Nectar; join the Holy Congregation, and wash away this pollution. ‖7‖ |
| ਮਨ ਕਰਹਲਾ ਮੇਰੇ ਪਿਆਰਿਆ ਇਕ ਗੁਰ ਕੀ ਸਿਖ ਸੁਣਾਇ ॥ | O my dear beloved camel-like mind, listen only to the Teachings of the Guru. |
| ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨ ਕੋਈ ਜਾਇ ॥੮॥ | This emotional attachment to Maya is so pervasive. Ultimately, nothing shall go along with anyone. ‖8‖ |
| ਮਨ ਕਰਹਲਾ ਮੇਰੇ ਸਾਜਨਾ ਹਰਿ ਖਰਚੁ ਲੀਆ ਪਤਿ ਪਾਇ ॥ | O camel-like mind, my good friend, take the supplies of the Lord's Name, and obtain honor. |

| | |
|---|---|
| ਹਰਿ ਦਰਗਹ ਪੈਨਾਇਆ ਹਰਿ ਆਪਿ ਲਇਆ ਗਲਿ ਲਾਇ ॥੯॥ | In the Court of the Lord, you shall be robed with honor, and the Lord Himself shall embrace you. \|\|9\|\| |
| ਮਨ ਕਰਹਲਾ ਗੁਰਿ ਮੰਨਿਆ ਗੁਰਮੁਖਿ ਕਾਰ ਕਮਾਇ ॥ | O camel-like mind, one who surrenders to the Guru becomes Gurmukh, and works for the Lord. |
| ਗੁਰ ਆਗੈ ਕਰਿ ਜੋਦੜੀ ਜਨ ਨਾਨਕ ਹਰਿ ਮੇਲਾਇ ॥੧੦॥੧॥ | Offer your prayers to the Guru; O servant Nanak, He shall unite you with the Lord. \|\|10\|\|1\|\| |
| ਗਉੜੀ ਮਹਲਾ ੪ ॥ | Gauree, Fourth Mehl: |
| ਮਨ ਕਰਹਲਾ ਵੀਚਾਰੀਆ ਵੀਚਾਰਿ ਦੇਖੁ ਸਮਾਲਿ ॥ | O contemplative camel-like mind, contemplate and look carefully. |
| ਬਨ ਫਿਰਿ ਥਕੇ ਬਨ ਵਾਸੀਆ ਪਿਰੁ ਗੁਰਮਤਿ ਰਿਦੈ ਨਿਹਾਲਿ ॥੧॥ | The forest-dwellers have grown weary of wandering in the forests; following the Guru's Teachings, see your Husband Lord within your heart. \|\|1\|\| |
| ਮਨ ਕਰਹਲਾ ਗੁਰ ਗੋਵਿੰਦੁ ਸਮਾਲਿ ॥੧॥ ਰਹਾਉ ॥ | O camel-like mind, dwell upon the Guru and the Lord of the Universe. \|\|1\|\|Pause\|\| |
| ਮਨ ਕਰਹਲਾ ਵੀਚਾਰੀਆ ਮਨਮੁਖ ਫਾਥਿਆ ਮਹਾ ਜਾਲਿ ॥ | O camel-like contemplative mind, the self-willed manmukhs are caught in the great net. |
| ਗੁਰਮੁਖਿ ਪ੍ਰਾਣੀ ਮੁਕਤੁ ਹੈ ਹਰਿ ਹਰਿ ਨਾਮੁ ਸਮਾਲਿ ॥੨॥ | The mortal who becomes Gurmukh is liberated, dwelling upon the Name of the Lord, Har, Har. \|\|2\|\| |
| ਮਨ ਕਰਹਲਾ ਮੇਰੇ ਪਿਆਰਿਆ ਸਤਸੰਗਤਿ ਸਤਿਗੁਰੁ ਭਾਲਿ ॥ | O my dear beloved camel-like mind, seek the Sat Sangat, the True Congregation, and the True Guru. |
| ਸਤਸੰਗਤਿ ਲਗਿ ਹਰਿ ਧਿਆਈਐ ਹਰਿ ਹਰਿ ਚਲੈ ਤੇਰੈ ਨਾਲਿ ॥੩॥ | Joining the Sat Sangat, meditate on the Lord, and the Lord, Har, Har, shall go along with you. \|\|3\|\| |
| ਮਨ ਕਰਹਲਾ ਵਡਭਾਗੀਆ ਹਰਿ ਏਕ ਨਦਰਿ ਨਿਹਾਲਿ ॥ | O very fortunate camel-like mind, with one Glance of Grace from the Lord, you shall be enraptured. |
| **੨੩੫** | **235** |
| ਆਪਿ ਛਡਾਏ ਛੁਟੀਐ ਸਤਿਗੁਰ ਚਰਣ ਸਮਾਲਿ ॥੪॥ | If the Lord Himself saves you, then you shall be saved. Dwell upon the Feet of the True Guru. \|\|4\|\| |
| ਮਨ ਕਰਹਲਾ ਮੇਰੇ ਪਿਆਰਿਆ ਵਿਚਿ ਦੇਹੀ ਜੋਤਿ ਸਮਾਲਿ ॥ | O my dear beloved camel-like mind, dwell upon the Divine Light within the body. |

| | |
|---|---|
| ਗੁਰਿ ਨਉ ਨਿਧਿ ਨਾਮੁ ਵਿਖਾਲਿਆ ਹਰਿ ਦਾਤਿ ਕਰੀ ਦਇਆਲਿ ॥੫॥ | The Guru has shown me the nine treasures of the Naam. The Merciful Lord has bestowed this gift. \|\|5\|\| |
| ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ ॥ | O camel-like mind, you are so fickle; give up your cleverness and corruption. |
| ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤ ਕਾਲਿ ॥੬॥ | Dwell upon the Name of the Lord, Har, Har; at the very last moment, the Lord shall liberate you. \|\|6\|\| |
| ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥ | O camel-like mind, you are so very fortunate; dwell upon the jewel of spiritual wisdom. |
| ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥ | You hold in your hands the sword of the Guru's spiritual wisdom; with this destroyer of death, kill the Messenger of Death. \|\|7\|\| |
| ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ॥ | The treasure is deep within, O camel-like mind, but you wander around outside in doubt, searching for it. |
| ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥੮॥ | Meeting the Perfect Guru, the Primal Being, you shall discover that the Lord, your Best Friend, is with you. \|\|8\|\| |
| ਰੰਗਿ ਰਤੜੇ ਮਨ ਕਰਹਲੇ ਹਰਿ ਰੰਗੁ ਸਦਾ ਸਮਾਲਿ ॥ | You are engrossed in pleasures, O camel-like mind; dwell upon the Lord's lasting love instead! |
| ਹਰਿ ਰੰਗੁ ਕਦੇ ਨ ਉਤਰੈ ਗੁਰ ਸੇਵਾ ਸਬਦੁ ਸਮਾਲਿ ॥੯॥ | The color of the Lord's Love never fades away; serve the Guru, and dwell upon the Word of the Shabad. \|\|9\|\| |
| ਹਮ ਪੰਖੀ ਮਨ ਕਰਹਲੇ ਹਰਿ ਤਰਵਰੁ ਪੁਰਖੁ ਅਕਾਲਿ ॥ | We are birds, O camel-like mind; the Lord, the Immortal Primal Being, is the tree. |
| ਵਡਭਾਗੀ ਗੁਰਮੁਖਿ ਪਾਇਆ ਜਨ ਨਾਨਕ ਨਾਮੁ ਸਮਾਲਿ ॥੧੦॥੨॥ | The Gurmukhs are very fortunate - they find it. O servant Nanak, dwell upon the Naam, the Name of the Lord. \|\|10\|\|2\|\| |
| ਰਾਗੁ ਗਉੜੀ ਗੁਆਰੇਰੀ ਮਹਲਾ ੫ ਅਸਟਪਦੀਆ | Raag Gauree Gwaarayree, Fifth Mehl, Ashtapadees: |
| ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥ | One Universal Creator God. Truth Is The Name. Creative Being Personified. By Guru's Grace: |
| ਜਬ ਇਹੁ ਮਨ ਮਹਿ ਕਰਤ ਗੁਮਾਨਾ ॥ | When this mind is filled with pride, |
| ਤਬ ਇਹੁ ਬਾਵਰੁ ਫਿਰਤ ਬਿਗਾਨਾ ॥ | then it wanders around like a madman and a lunatic. |

| | |
|---|---|
| ਜਬ ਇਹੁ ਹੂਆ ਸਗਲ ਕੀ ਰੀਨਾ ॥ | But when it becomes the dust of all, |
| ਤਾ ਤੇ ਰਮਈਆ ਘਟਿ ਘਟਿ ਚੀਨਾ ॥੧॥ | then it recognizes the Lord in each and every heart. \|\|1\|\| |
| ਸਹਜ ਸੁਹੇਲਾ ਫਲੁ ਮਸਕੀਨੀ ॥ | The fruit of humility is intuitive peace and pleasure. |
| ਸਤਿਗੁਰ ਅਪੁਨੈ ਮੋਹਿ ਦਾਨੁ ਦੀਨੀ ॥੧॥ ਰਹਾਉ ॥ | My True Guru has given me this gift. \|\|1\|\|Pause\|\| |
| ਜਬ ਕਿਸ ਕਉ ਇਹੁ ਜਾਨਸਿ ਮੰਦਾ ॥ | When he believes others to be bad, |
| ਤਬ ਸਗਲੇ ਇਸੁ ਮੇਲਹਿ ਫੰਦਾ ॥ | then everyone lays traps for him. |
| ਮੇਰ ਤੇਰ ਜਬ ਇਨਹਿ ਚੁਕਾਈ ॥ | But when he stops thinking in terms of 'mine' and 'yours', |
| ਤਾ ਤੇ ਇਸੁ ਸੰਗਿ ਨਹੀ ਬੈਰਾਈ ॥੨॥ | then no one is angry with him. \|\|2\|\| |
| ਜਬ ਇਨਿ ਅਪੁਨੀ ਅਪਨੀ ਧਾਰੀ ॥ | When he clings to 'my own, my own', |
| ਤਬ ਇਸ ਕਉ ਹੈ ਮੁਸਕਲੁ ਭਾਰੀ ॥ | then he is in deep trouble. |
| ਜਬ ਇਨਿ ਕਰਣੈਹਾਰੁ ਪਛਾਤਾ ॥ | But when he recognizes the Creator Lord, |
| ਤਬ ਇਸ ਨੋ ਨਾਹੀ ਕਿਛੁ ਤਾਤਾ ॥੩॥ | then he is free of torment. \|\|3\|\| |
| ਜਬ ਇਨਿ ਅਪੁਨੋ ਬਾਧਿਓ ਮੋਹਾ ॥ | When he entangles himself in emotional attachment, |
| ਆਵੈ ਜਾਇ ਸਦਾ ਜਮਿ ਜੋਹਾ ॥ | he comes and goes in reincarnation, under the constant gaze of Death. |
| ਜਬ ਇਸ ਤੇ ਸਭ ਬਿਨਸੇ ਭਰਮਾ ॥ | But when all his doubts are removed, |
| ਭੇਦੁ ਨਾਹੀ ਹੈ ਪਾਰਬ੍ਰਹਮਾ ॥੪॥ | then there is no difference between him and the Supreme Lord God. \|\|4\|\| |
| ਜਬ ਇਨਿ ਕਿਛੁ ਕਰਿ ਮਾਨੇ ਭੇਦਾ ॥ | When he perceives differences, |
| ਤਬ ਤੇ ਦੂਖ ਡੰਡ ਅਰੁ ਖੇਦਾ ॥ | then he suffers pain, punishment and sorrow. |
| ਜਬ ਇਨਿ ਏਕੋ ਏਕੀ ਬੂਝਿਆ ॥ | But when he recognizes the One and Only Lord, |
| ਤਬ ਤੇ ਇਸ ਨੋ ਸਭੁ ਕਿਛੁ ਸੂਝਿਆ ॥੫॥ | he understands everything. \|\|5\|\| |
| ਜਬ ਇਹੁ ਧਾਵੈ ਮਾਇਆ ਅਰਥੀ ॥ | When he runs around for the sake of Maya and riches, |
| ਨਹ ਤ੍ਰਿਪਤਾਵੈ ਨਹ ਤਿਸ ਲਾਥੀ ॥ | he is not satisfied, and his desires are not quenched. |
| ਜਬ ਇਸ ਤੇ ਇਹੁ ਹੋਇਓ ਜਉਲਾ ॥ | But when he runs away from Maya, |
| ਪੀਛੈ ਲਾਗਿ ਚਲੀ ਉਠਿ ਕਉਲਾ ॥੬॥ | then the Goddess of Wealth gets up and follows him. \|\|6\|\| |

| | |
|---|---|
| ਕਰਿ ਕਿਰਪਾ ਜਉ ਸਤਿਗੁਰੁ ਮਿਲਿਓ ॥ | When, by His Grace, the True Guru is met, |
| ਮਨ ਮੰਦਰ ਮਹਿ ਦੀਪਕੁ ਜਲਿਓ ॥ | the lamp is lit within the temple of the mind. |
| ਜੀਤ ਹਾਰ ਕੀ ਸੋਝੀ ਕਰੀ ॥ | When he realizes what victory and defeat really are, |
| ਤਉ ਇਸੁ ਘਰ ਕੀ ਕੀਮਤਿ ਪਰੀ ॥੭॥ | then he comes to appreciate the true value of his own home. \|\|7\|\| |

## ੨੩੬ 236

| | |
|---|---|
| ਕਰਨ ਕਰਾਵਨ ਸਭੁ ਕਿਛੁ ਏਕੈ ॥ | The One Lord is the Creator of all things, the Cause of causes. |
| ਆਪੇ ਬੁਧਿ ਬੀਚਾਰਿ ਬਿਬੇਕੈ ॥ | He Himself is wisdom, contemplation and discerning understanding. |
| ਦੂਰਿ ਨ ਨੇਰੈ ਸਭ ਕੈ ਸੰਗਾ ॥ | He is not far away; He is near at hand, with all. |
| ਸਚੁ ਸਾਲਾਹਣੁ ਨਾਨਕ ਹਰਿ ਰੰਗਾ ॥੮॥੧॥ | So praise the True One, O Nanak, with love! \|\|8\|\|1\|\| |

ਗਉੜੀ ਮਹਲਾ ੫ ॥ — Gauree, Fifth Mehl:

| | |
|---|---|
| ਗੁਰ ਸੇਵਾ ਤੇ ਨਾਮੇ ਲਾਗਾ ॥ | Serving the Guru, one is committed to the Naam, the Name of the Lord. |
| ਤਿਸ ਕਉ ਮਿਲਿਆ ਜਿਸੁ ਮਸਤਕਿ ਭਾਗਾ ॥ | It is received only by those who have such good destiny inscribed upon their foreheads. |
| ਤਿਸ ਕੈ ਹਿਰਦੈ ਰਵਿਆ ਸੋਇ ॥ | The Lord dwells within their hearts. |
| ਮਨੁ ਤਨੁ ਸੀਤਲੁ ਨਿਹਚਲੁ ਹੋਇ ॥੧॥ | Their minds and bodies become peaceful and stable. \|\|1\|\| |
| ਐਸਾ ਕੀਰਤਨੁ ਕਰਿ ਮਨ ਮੇਰੇ ॥ | O my mind, sing such Praises of the Lord, |
| ਈਹਾ ਊਹਾ ਜੋ ਕਾਮਿ ਤੇਰੈ ॥੧॥ ਰਹਾਉ ॥ | which shall be of use to you here and hereafter. \|\|1\|\|Pause\|\| |
| ਜਾਸੁ ਜਪਤ ਭਉ ਅਪਦਾ ਜਾਇ ॥ | Meditating on Him, fear and misfortune depart, |
| ਧਾਵਤ ਮਨੂਆ ਆਵੈ ਠਾਇ ॥ | and the wandering mind is held steady. |
| ਜਾਸੁ ਜਪਤ ਫਿਰਿ ਦੂਖੁ ਨ ਲਾਗੈ ॥ | Meditating on Him, suffering shall never again overtake you. |
| ਜਾਸੁ ਜਪਤ ਇਹ ਹਉਮੈ ਭਾਗੈ ॥੨॥ | Meditating on Him, this ego runs away. \|\|2\|\| |

| | |
|---|---|
| ਜਾਸੁ ਜਪਤ ਵਸਿ ਆਵਹਿ ਪੰਚਾ ॥ | Meditating on Him, the five passions are overcome. |
| ਜਾਸੁ ਜਪਤ ਰਿਦੈ ਅੰਮ੍ਰਿਤੁ ਸੰਚਾ ॥ | Meditating on Him, Ambrosial Nectar is collected in the heart. |
| ਜਾਸੁ ਜਪਤ ਇਹ ਤ੍ਰਿਸਨਾ ਬੁਝੈ ॥ | Meditating on Him, this desire is quenched. |
| ਜਾਸੁ ਜਪਤ ਹਰਿ ਦਰਗਹ ਸਿਝੈ ॥੩॥ | Meditating on Him, one is approved in the Court of the Lord. \|\|3\|\| |
| ਜਾਸੁ ਜਪਤ ਕੋਟਿ ਮਿਟਹਿ ਅਪਰਾਧ ॥ | Meditating on Him, millions of mistakes are erased. |
| ਜਾਸੁ ਜਪਤ ਹਰਿ ਹੋਵਹਿ ਸਾਧ ॥ | Meditating on Him, one becomes Holy, blessed by the Lord. |
| ਜਾਸੁ ਜਪਤ ਮਨੁ ਸੀਤਲੁ ਹੋਵੈ ॥ | Meditating on Him, the mind is cooled and soothed. |
| ਜਾਸੁ ਜਪਤ ਮਲੁ ਸਗਲੀ ਖੋਵੈ ॥੪॥ | Meditating on Him, all filth is washed away. \|\|4\|\| |
| ਜਾਸੁ ਜਪਤ ਰਤਨੁ ਹਰਿ ਮਿਲੈ ॥ | Meditating on Him, the jewel of the Lord is obtained. |
| ਬਹੁਰਿ ਨ ਛੋਡੈ ਹਰਿ ਸੰਗਿ ਹਿਲੈ ॥ | One is reconciled with the Lord, and shall not abandon Him again. |
| ਜਾਸੁ ਜਪਤ ਕਈ ਬੈਕੁੰਠ ਵਾਸੁ ॥ | Meditating on Him, many acquire a home in the heavens. |
| ਜਾਸੁ ਜਪਤ ਸੁਖ ਸਹਜਿ ਨਿਵਾਸੁ ॥੫॥ | Meditating on Him, one abides in intuitive peace. \|\|5\|\| |
| ਜਾਸੁ ਜਪਤ ਇਹ ਅਗਨਿ ਨ ਪੋਹਤ ॥ | Meditating on Him, one is not affected by this fire. |
| ਜਾਸੁ ਜਪਤ ਇਹੁ ਕਾਲੁ ਨ ਜੋਹਤ ॥ | Meditating on Him, one is not under the gaze of Death. |
| ਜਾਸੁ ਜਪਤ ਤੇਰਾ ਨਿਰਮਲ ਮਾਥਾ ॥ | Meditating on Him, your forehead shall be immaculate. |
| ਜਾਸੁ ਜਪਤ ਸਗਲਾ ਦੁਖੁ ਲਾਥਾ ॥੬॥ | Meditating on Him, all pains are destroyed. \|\|6\|\| |
| ਜਾਸੁ ਜਪਤ ਮੁਸਕਲੁ ਕਛੂ ਨ ਬਨੈ ॥ | Meditating on Him, no difficulties are encountered. |
| ਜਾਸੁ ਜਪਤ ਸੁਣਿ ਅਨਹਤ ਧੁਨੈ ॥ | Meditating on Him, one hears the unstruck melody. |
| ਜਾਸੁ ਜਪਤ ਇਹ ਨਿਰਮਲ ਸੋਇ ॥ | Meditating on Him, one acquires this pure reputation. |
| ਜਾਸੁ ਜਪਤ ਕਮਲੁ ਸੀਧਾ ਹੋਇ ॥੭॥ | Meditating on Him, the heart-lotus is turned upright. \|\|7\|\| |
| ਗੁਰਿ ਸੁਭ ਦ੍ਰਿਸਟਿ ਸਭ ਊਪਰਿ ਕਰੀ ॥ | The Guru has bestowed His Glance of Grace upon all, |
| ਜਿਸ ਕੈ ਹਿਰਦੈ ਮੰਤ੍ਰੁ ਦੇ ਹਰੀ ॥ | within whose hearts the Lord has implanted His Mantra. |
| ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥ | The unbroken Kirtan of the Lord's Praises is their food and nourishment. |
| ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥੮॥੨॥ | Says Nanak, they have the Perfect True Guru. \|\|8\|\|2\|\| |

| | |
|---|---|
| ਗਉੜੀ ਮਹਲਾ ੫ ॥ | Gauree, Fifth Mehl: |
| ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ | Those who implant the Word of the Guru's Shabad within their hearts |
| ਪੰਚ ਜਨਾ ਸਿਉ ਸੰਗੁ ਨਿਵਾਰੈ ॥ | cut their connections with the five passions. |
| ਦਸ ਇੰਦ੍ਰੀ ਕਰਿ ਰਾਖੈ ਵਾਸਿ ॥ | They keep the ten organs under their control; |
| ਤਾ ਕੈ ਆਤਮੈ ਹੋਇ ਪਰਗਾਸੁ ॥੧॥ | their souls are enlightened. \|\|1\|\| |
| ਐਸੀ ਦ੍ਰਿੜਤਾ ਤਾ ਕੈ ਹੋਇ ॥ | They alone acquire such stability, |
| ਜਾ ਕਉ ਦਇਆ ਮਇਆ ਪ੍ਰਭ ਸੋਇ ॥੧॥ ਰਹਾਉ ॥ | whom God blesses with His Mercy and Grace. \|\|1\|\|Pause\|\| |
| ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥ | Friend and foe are one and the same to them. |
| ਜੇਤਾ ਬੋਲਣੁ ਤੇਤਾ ਗਿਆਨੈ ॥ | Whatever they speak is wisdom. |
| ਜੇਤਾ ਸੁਨਣਾ ਤੇਤਾ ਨਾਮੁ ॥ | Whatever they hear is the Naam, the Name of the Lord. |
| ਜੇਤਾ ਪੇਖਨੁ ਤੇਤਾ ਧਿਆਨੁ ॥੨॥ | Whatever they see is meditation. \|\|2\|\| |
| ਸਹਜੇ ਜਾਗਣੁ ਸਹਜੇ ਸੋਇ ॥ | They awaken in peace and poise; they sleep in peace and poise. |
| ਸਹਜੇ ਹੋਤਾ ਜਾਇ ਸੁ ਹੋਇ ॥ | That which is meant to be, automatically happens. |
| ਸਹਜਿ ਬੈਰਾਗੁ ਸਹਜੇ ਹੀ ਹਸਨਾ ॥ | In peace and poise, they remain detached; in peace and poise, they laugh. |
| ਸਹਜੇ ਚੂਪ ਸਹਜੇ ਹੀ ਜਪਨਾ ॥੩॥ | In peace and poise, they remain silent; in peace and poise, they chant. \|\|3\|\| |
| ਸਹਜੇ ਭੋਜਨੁ ਸਹਜੇ ਭਾਉ ॥ | In peace and poise they eat; in peace and poise they love. |
| ਸਹਜੇ ਮਿਟਿਓ ਸਗਲ ਦੁਰਾਉ ॥ | The illusion of duality is easily and totally removed. |
| ਸਹਜੇ ਹੋਆ ਸਾਧੂ ਸੰਗੁ ॥ | They naturally join the Saadh Sangat, the Society of the Holy. |
| ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ ॥੪॥ | In peace and poise, they meet and merge with the Supreme Lord God. \|\|4\|\| |
| ਸਹਜੇ ਗ੍ਰਿਹ ਮਹਿ ਸਹਜਿ ਉਦਾਸੀ ॥ | They are at peace in their homes, and they are at peace while detached. |
| **੨੩੭** | **237** |
| ਸਹਜੇ ਦੁਬਿਧਾ ਤਨ ਕੀ ਨਾਸੀ ॥ | In peace, their bodies' duality is eliminated. |
| ਜਾ ਕੈ ਸਹਜਿ ਮਨਿ ਭਇਆ ਅਨੰਦੁ ॥ | Bliss comes naturally to their minds. |

| | |
|---|---|
| ਤਾ ਕਉ ਭੇਟਿਆ ਪਰਮਾਨੰਦੁ ॥੫॥ | They meet the Lord, the Embodiment of Supreme Bliss. \|\|5\|\| |
| ਸਹਜੇ ਅੰਮ੍ਰਿਤੁ ਪੀਓ ਨਾਮੁ ॥ | In peaceful poise, they drink in the Ambrosial Nectar of the Naam, the Name of the Lord. |
| ਸਹਜੇ ਕੀਨੋ ਜੀਅ ਕੋ ਦਾਨੁ ॥ | In peace and poise, they give to the poor. |
| ਸਹਜ ਕਥਾ ਮਹਿ ਆਤਮੁ ਰਸਿਆ ॥ | Their souls naturally delight in the Lord's Sermon. |
| ਤਾ ਕੈ ਸੰਗਿ ਅਬਿਨਾਸੀ ਵਸਿਆ ॥੬॥ | The Imperishable Lord abides with them. \|\|6\|\| |
| ਸਹਜੇ ਆਸਣੁ ਅਸਥਿਰੁ ਭਾਇਆ ॥ | In peace and poise, they assume the unchanging position. |
| ਸਹਜੇ ਅਨਹਤ ਸਬਦੁ ਵਜਾਇਆ ॥ | In peace and poise, the unstruck vibration of the Shabad resounds. |
| ਸਹਜੇ ਰੁਣ ਝੁਣਕਾਰੁ ਸੁਹਾਇਆ ॥ | In peace and poise, the celestial bells resound. |
| ਤਾ ਕੈ ਘਰਿ ਪਾਰਬ੍ਰਹਮੁ ਸਮਾਇਆ ॥੭॥ | Within their homes, the Supreme Lord God is pervading. \|\|7\|\| |
| ਸਹਜੇ ਜਾ ਕਉ ਪਰਿਓ ਕਰਮਾ ॥ | With intuitive ease, they meet the Lord, according to their karma. |
| ਸਹਜੇ ਗੁਰੁ ਭੇਟਿਓ ਸਚੁ ਧਰਮਾ ॥ | With intuitive ease, they meet with the Guru, in the true Dharma. |
| ਜਾ ਕੈ ਸਹਜੁ ਭਇਆ ਸੋ ਜਾਣੈ ॥ | Those who know, attain the poise of intuitive peace. |
| ਨਾਨਕ ਦਾਸ ਤਾ ਕੈ ਕੁਰਬਾਣੈ ॥੮॥੩॥ | Slave Nanak is a sacrifice to them. \|\|8\|\|3\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਪ੍ਰਥਮੇ ਗਰਭ ਵਾਸ ਤੇ ਟਰਿਆ ॥ | First, they come forth from the womb. |
| ਪੁਤ੍ਰ ਕਲਤ੍ਰ ਕੁਟੰਬ ਸੰਗਿ ਜੁਰਿਆ ॥ | They become attached to their children, spouses and families. |
| ਭੋਜਨੁ ਅਨਿਕ ਪ੍ਰਕਾਰ ਬਹੁ ਕਪਰੇ ॥ ਸਰਪਰ ਗਵਨੁ ਕਰਹਿਗੇ ਬਪੁਰੇ ॥੧॥ | The foods of various sorts and appearances will surely pass away, O wretched mortal! \|\|1\|\| |
| ਕਵਨੁ ਅਸਥਾਨੁ ਜੋ ਕਬਹੁ ਨ ਟਰੈ ॥ | What is that place which never perishes? |
| ਕਵਨੁ ਸਬਦੁ ਜਿਤੁ ਦੁਰਮਤਿ ਹਰੈ ॥੧॥ ਰਹਾਉ ॥ | What is that Word by which the dirt of the mind is removed? \|\|1\|\|Pause\|\| |
| ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥ | In the Realm of Indra, death is sure and certain. |
| ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ ॥ | The Realm of Brahma shall not remain permanent. |

| | |
|---|---|
| ਸਿਵ ਪੁਰੀ ਕਾ ਹੋਇਗਾ ਕਾਲਾ ॥ | The Realm of Shiva shall also perish. |
| ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥੨॥ | The three dispositions, Maya and the demons shall vanish. \|\|2\|\| |
| ਗਿਰਿ ਤਰ ਧਰਣਿ ਗਗਨ ਅਰੁ ਤਾਰੇ ॥ | The mountains, the trees, the earth, the sky and the stars; |
| ਰਵਿ ਸਸਿ ਪਵਣੁ ਪਾਵਕੁ ਨੀਰਾਰੇ ॥ | the sun, the moon, the wind, water and fire; |
| ਦਿਨਸੁ ਰੈਣਿ ਬਰਤ ਅਰੁ ਭੇਦਾ ॥ | day and night, fasting days and their determination; |
| ਸਾਸਤ ਸਿੰਮ੍ਰਿਤਿ ਬਿਨਸਹਿਗੇ ਬੇਦਾ ॥੩॥ | the Shaastras, the Simritees and the Vedas shall pass away. \|\|3\|\| |
| ਤੀਰਥ ਦੇਵ ਦੇਹੁਰਾ ਪੋਥੀ ॥ | The sacred shrines of pilgrimage, gods, temples and holy books; |
| ਮਾਲਾ ਤਿਲਕੁ ਸੋਚ ਪਾਕ ਹੋਤੀ ॥ | rosaries, ceremonial tilak marks on the forehead, meditative people, the pure, and the performers of burnt offerings; |
| ਧੋਤੀ ਡੰਡਉਤਿ ਪਰਸਾਦਨ ਭੋਗਾ ॥ | wearing loin cloths, bowing in reverence and the enjoyment of sacred foods |
| ਗਵਨੁ ਕਰੈਗੋ ਸਗਲੋ ਲੋਗਾ ॥੪॥ | - all these, and all people, shall pass away. \|\|4\|\| |
| ਜਾਤਿ ਵਰਨ ਤੁਰਕ ਅਰੁ ਹਿੰਦੂ ॥ | Social classes, races, Muslims and Hindus; |
| ਪਸੁ ਪੰਖੀ ਅਨਿਕ ਜੋਨਿ ਜਿੰਦੂ ॥ | beasts, birds and the many varieties of beings and creatures; |
| ਸਗਲ ਪਾਸਾਰੁ ਦੀਸੈ ਪਾਸਾਰਾ ॥ | the entire world and the visible universe |
| ਬਿਨਸਿ ਜਾਇਗੋ ਸਗਲ ਆਕਾਰਾ ॥੫॥ | - all forms of existence shall pass away. \|\|5\|\| |
| ਸਹਜ ਸਿਫਤਿ ਭਗਤਿ ਤਤੁ ਗਿਆਨਾ ॥ | Through the Praises of the Lord, devotional worship, spiritual wisdom and the essence of reality, |
| ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥ | eternal bliss and the imperishable true place are obtained. |
| ਤਹਾ ਸੰਗਤਿ ਸਾਧ ਗੁਣ ਰਸੈ ॥ | There, in the Saadh Sangat, the Company of the Holy, the Lord's Glorious Praises are sung with love. |
| ਅਨਭਉ ਨਗਰੁ ਤਹਾ ਸਦ ਵਸੈ ॥੬॥ | There, in the city of fearlessness, He dwells forever. \|\|6\|\| |
| ਤਹ ਭਉ ਭਰਮਾ ਸੋਗੁ ਨ ਚਿੰਤਾ ॥ | There is no fear, doubt, suffering or anxiety there; |
| ਆਵਣੁ ਜਾਵਣੁ ਮਿਰਤੁ ਨ ਹੋਤਾ ॥ | there is no coming or going, and no death there. |

ਤਹ ਸਦਾ ਅਨੰਦ ਅਨਹਤ ਆਖਾਰੇ ॥
There is eternal bliss, and the unstruck celestial music there.

ਭਗਤ ਵਸਹਿ ਕੀਰਤਨ ਆਧਾਰੇ ॥੭॥
The devotees dwell there, with the Kirtan of the Lord's Praises as their support. ||7||

ਪਾਰਬ੍ਰਹਮ ਕਾ ਅੰਤੁ ਨ ਪਾਰੁ ॥
There is no end or limitation to the Supreme Lord God.

ਕਉਣੁ ਕਰੈ ਤਾ ਕਾ ਬੀਚਾਰੁ ॥
Who can embrace His contemplation?

ਕਹੁ ਨਾਨਕ ਜਿਸੁ ਕਿਰਪਾ ਕਰੈ ॥
Says Nanak, when the Lord showers His Mercy,

ਨਿਹਚਲ ਥਾਨੁ ਸਾਧਸੰਗਿ ਤਰੈ ॥੮॥੪॥
the imperishable home is obtained; in the Saadh Sangat, you shall be saved. ||8||4||

ਗਉੜੀ ਮਹਲਾ ੫ ॥
Gauree, Fifth Mehl:

ਜੋ ਇਸੁ ਮਾਰੇ ਸੋਈ ਸੂਰਾ ॥
One who kills this is a spiritual hero.

ਜੋ ਇਸੁ ਮਾਰੇ ਸੋਈ ਪੂਰਾ ॥
One who kills this is perfect.

ਜੋ ਇਸੁ ਮਾਰੇ ਤਿਸਹਿ ਵਡਿਆਈ ॥
One who kills this obtains glorious greatness.

ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥
One who kills this is freed of suffering. ||1||

ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥
How rare is such a person, who kills and casts off duality.

ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥
Killing it, he attains Raja Yoga, the Yoga of meditation and success. ||1||Pause||

238

ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥
One who kills this has no fear.

ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥
One who kills this is absorbed in the Naam.

ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥
One who kills this has his desires quenched.

ਜੋ ਇਸੁ ਮਾਰੇ ਸੁ ਦਰਗਹ ਸਿਝੈ ॥੨॥
One who kills this is approved in the Court of the Lord. ||2||

ਜੋ ਇਸੁ ਮਾਰੇ ਸੋ ਧਨਵੰਤਾ ॥
One who kills this is wealthy and prosperous.

ਜੋ ਇਸੁ ਮਾਰੇ ਸੋ ਪਤਿਵੰਤਾ ॥
One who kills this is honorable.

ਜੋ ਇਸੁ ਮਾਰੇ ਸੋਈ ਜਤੀ ॥
One who kills this is truly a celibate.

ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥੩॥
In these incomparable worship-houses, they continually sing Kirtan, the Praises of their Lord and Master.

ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ ॥

Where the Saints and the Holy gather together, there they meditate on you.

ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ ॥

Be Kind and Compassionate, O Merciful Lord; be Merciful to the meek.

ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ ॥੧॥

Prays Nanak, I thirst for the Blessed Vision of Your Darshan; receiving Your Darshan, I am totally at peace. ||1||

ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ ॥

O Mohan, your speech is incomparable; wondrous are your ways.

ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ ॥

O Mohan, you believe in the One. Everything else is dust to you.

ਮਾਨਹਿ ਤ ਏਕੁ ਅਲੇਖੁ ਠਾਕੁਰੁ ਜਿਨਹਿ ਸਭ ਕਲ ਧਾਰੀਆ ॥

You adore the One Lord, the Unknowable Lord and Master; His Power gives Support to all.

ਤੁਧੁ ਬਚਨਿ ਗੁਰ ਕੈ ਵਸਿ ਕੀਆ ਆਦਿ ਪੁਰਖੁ ਬਨਵਾਰੀਆ ॥

Through the Guru's Word, you have captured the heart of the Primal Being, the Lord of the World.

ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲ ਧਾਰੀਆ ॥

You Yourself move, and You Yourself stand still; You Yourself support the whole creation.

ਬਿਨਵੰਤਿ ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ ਤੁਮਾਰੀਆ ॥੨॥

Prays Nanak, please preserve my honor; all Your servants seek the Protection of Your Sanctuary. ||2||

ਮੋਹਨ ਤੁਧੁ ਸਤਸੰਗਤਿ ਧਿਆਵੈ ਦਰਸ ਧਿਆਨਾ ॥

O Mohan, the Sat Sangat, the True Congregation, meditates on you; they meditate on the Blessed Vision of Your Darshan.

ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ ॥

O Mohan, the Messenger of Death does not even approach those who meditate on You, at the last moment.

ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕ ਮਨਿ ਧਿਆਵਹੇ ॥

The Messenger of Death cannot touch those who meditate on You single-mindedly.

ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ ॥

Those who worship and adore You in thought, word and deed, obtain all fruits and rewards.

ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ ॥

Those who are foolish and stupid, filthy with urine and manure, become all-knowing upon gaining the Blessed Vision of Your Darshan.

ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ ॥੩॥

Prays Nanak, Your Kingdom is Eternal, O Perfect Primal Lord God. ||3||

ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ ॥

O Mohan, you have blossomed forth with the flower of your family.

ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ ॥

O Mohan, your children, friends, siblings and relatives have all been saved.

ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ ॥

You save those who give up their egotistical pride, upon gaining the Blessed Vision of Your Darshan.

ਜਿਨੀ ਤੁਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ ॥

The Messenger of Death does not even approach those who call you 'blessed'.

ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ ॥

Your Virtues are unlimited - they cannot be described, O True Guru, Primal Being, Destroyer of demons.

ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ ॥੪॥੨॥

Prays Nanak, Yours is that Anchor, holding onto which the whole world is saved. ||4||2||

ਗਉੜੀ ਮਹਲਾ ੫ ॥

Gauree, Fifth Mehl,

ਸਲੋਕੁ ॥

Shalok:

ਪਤਿਤ ਅਸੰਖ ਪੁਨੀਤ ਕਰਿ ਪੁਨਹ ਪੁਨਹ ਬਲਿਹਾਰ ॥

Countless sinners have been purified; I am a sacrifice, over and over again, to You.

ਨਾਨਕ ਰਾਮ ਨਾਮੁ ਜਪਿ ਪਾਵਕੋ ਤਿਨ ਕਿਲਬਿਖ ਦਾਹਨਹਾਰ ॥੧॥

O Nanak, meditation on the Lord's Name is the fire which burns away sinful mistakes like straw. ||1||

ਛੰਤ ॥

Chhant:

ਜਪਿ ਮਨਾ ਤੂੰ ਰਾਮ ਨਰਾਇਣੁ ਗੋਵਿੰਦਾ ਹਰਿ ਮਾਧੋ ॥

Meditate, O my mind, on the Lord God, the Lord of the Universe, the Lord, the Master of Wealth.

ਧਿਆਇ ਮਨਾ ਮੁਰਾਰਿ ਮੁਕੰਦੇ ਕਟੀਐ ਕਾਲ ਦੁਖ ਫਾਧੋ ॥

Meditate, O my mind, on the Lord, the Destroyer of ego, the Giver of salvation, who cuts away the noose of agonizing death.

ਦੁਖਹਰਣ ਦੀਨ ਸਰਣ ਸ੍ਰੀਧਰ ਚਰਨ ਕਮਲ ਅਰਾਧੀਐ ॥

Meditate lovingly on the Lotus Feet of the Lord, the Destroyer of distress, the Protector of the poor, the Lord of excellence.

ਜਮ ਪੰਥੁ ਬਿਖੜਾ ਅਗਨਿ ਸਾਗਰੁ ਨਿਮਖ ਸਿਮਰਤ ਸਾਧੀਐ ॥

The treacherous path of death and the terrifying ocean of fire are crossed over by meditating in remembrance on the Lord, even for an instant.

ਕਲਿਮਲਹ ਦਹਤਾ ਸੁਧੁ ਕਰਤਾ ਦਿਨਸੁ ਰੈਣਿ ਅਰਾਧੋ ॥

Meditate day and night on the Lord, the Destroyer of desire, the Purifier of pollution.

ਬਿਨਵੰਤਿ ਨਾਨਕ ਕਰਹੁ ਕਿਰਪਾ ਗੋਪਾਲ ਗੋਬਿੰਦ ਮਾਧੋ ॥੧॥

Prays Nanak, please be Merciful to me, O Cherisher of the world, Lord of the Universe, Lord of wealth. ||1||

ਸਿਮਰਿ ਮਨਾ ਦਾਮੋਦਰੁ ਦੁਖਹਰੁ ਭੈ ਭੰਜਨੁ ਹਰਿ ਰਾਇਆ ॥

O my mind, remember the Lord in meditation; He is the Destroyer of pain, the Eradicator of fear, the Sovereign Lord King.

| | |
|---|---|
| ਸ੍ਰੀਰੰਗੋ ਦਇਆਲ ਮਨੋਹਰੁ ਭਗਤਿ ਵਛਲੁ ਬਿਰਦਾਇਆ ॥ | He is the Greatest Lover, the Merciful Master, the Enticer of the mind, the Support of His devotees - this is His very nature. |

## ੨੪੯ — 249

| | |
|---|---|
| ਭਗਤਿ ਵਛਲ ਪੁਰਖ ਪੂਰਨ ਮਨਹਿ ਚਿੰਦਿਆ ਪਾਈਐ ॥ | The Perfect Lord is the Lover of His devotees; He fulfills the desires of the mind. |
| ਤਮ ਅੰਧ ਕੂਪ ਤੇ ਉਧਾਰੈ ਨਾਮੁ ਮੰਨਿ ਵਸਾਈਐ ॥ | He lifts us up out of the deep, dark pit; enshrine His Name within your mind. |
| ਸੁਰ ਸਿਧ ਗਣ ਗੰਧਰਬ ਮੁਨਿ ਜਨ ਗੁਣ ਅਨਿਕ ਭਗਤੀ ਗਾਇਆ ॥ | The gods, the Siddhas, the angels, the heavenly singers, the silent sages and the devotees sing Your countless Glorious Praises. |
| ਬਿਨਵੰਤਿ ਨਾਨਕ ਕਰਹੁ ਕਿਰਪਾ ਪਾਰਬ੍ਰਹਮ ਹਰਿ ਰਾਇਆ ॥੨॥ | Prays Nanak, please be merciful to me, O Supreme Lord God, my King. \|\|2\|\| |
| ਚੇਤਿ ਮਨਾ ਪਾਰਬ੍ਰਹਮੁ ਪਰਮੇਸਰੁ ਸਰਬ ਕਲਾ ਜਿਨਿ ਧਾਰੀ ॥ | O my mind, be conscious of the Supreme Lord God, the Transcendent Lord, who wields all power. |
| ਕਰੁਣਾ ਮੈ ਸਮਰਥੁ ਸੁਆਮੀ ਘਟ ਘਟ ਪ੍ਰਾਣ ਅਧਾਰੀ ॥ | He is All-powerful, the Embodiment of compassion. He is the Master of each and every heart; |
| ਪ੍ਰਾਣ ਮਨ ਤਨ ਜੀਅ ਦਾਤਾ ਬੇਅੰਤ ਅਗਮ ਅਪਾਰੋ ॥ | He is the Support of the breath of life. He is the Giver of the breath of life, of mind, body and soul. He is Infinite, Inaccessible and Unfathomable. |
| ਸਰਣਿ ਜੋਗੁ ਸਮਰਥੁ ਮੋਹਨੁ ਸਰਬ ਦੋਖ ਬਿਦਾਰੋ ॥ | The All-powerful Lord is our Sanctuary; He is the Enticer of the mind, who banishes all sorrows. |
| ਰੋਗ ਸੋਗ ਸਭਿ ਦੋਖ ਬਿਨਸਹਿ ਜਪਤ ਨਾਮੁ ਮੁਰਾਰੀ ॥ | All illnesses, sufferings and pains are dispelled, by chanting the Name of the Lord. |
| ਬਿਨਵੰਤਿ ਨਾਨਕ ਕਰਹੁ ਕਿਰਪਾ ਸਮਰਥ ਸਭ ਕਲ ਧਾਰੀ ॥੩॥ | Prays Nanak, please be merciful to me, All-powerful Lord; You are the Wielder of all power. \|\|3\|\| |
| ਗੁਣ ਗਾਉ ਮਨਾ ਅਚੁਤ ਅਬਿਨਾਸੀ ਸਭ ਤੇ ਊਚ ਦਇਆਲਾ ॥ | O my mind, sing the Glorious Praises of the Imperishable, Eternal, Merciful Master, the Highest of all. |
| ਬਿਸੰਭਰੁ ਦੇਵਨ ਕਉ ਏਕੈ ਸਰਬ ਕਰੈ ਪ੍ਰਤਿਪਾਲਾ ॥ | The One Lord is the Sustainer of the Universe, the Great Giver; He is the Cherisher of all. |
| ਪ੍ਰਤਿਪਾਲ ਮਹਾ ਦਇਆਲ ਦਾਨਾ ਦਇਆ ਧਾਰੇ ਸਭ ਕਿਸੈ ॥ | The Cherisher Lord is so very merciful and wise; He is compassionate to all. |

| | |
|---|---|
| ਕਾਲੁ ਕੰਟਕੁ ਲੋਭੁ ਮੋਹੁ ਨਾਸੈ ਜੀਅ ਜਾ ਕੈ ਪ੍ਰਭੁ ਬਸੈ ॥ | The pains of death, greed and emotional attachment simply vanish, when God comes to dwell in the soul. |
| ਸੁਪ੍ਰਸੰਨ ਦੇਵਾ ਸਫਲ ਸੇਵਾ ਭਈ ਪੂਰਨ ਘਾਲਾ ॥ | When the Lord is thoroughly pleased, then one's service becomes perfectly fruitful. |
| ਬਿਨਵੰਤ ਨਾਨਕ ਇਛ ਪੁਨੀ ਜਪਤ ਦੀਨ ਦੈਆਲਾ ॥੪॥੩॥ | Prays Nanak, my desires are fulfilled by meditating on the Lord, Merciful to the meek. \|\|4\|\|3\|\| |
| ਗਉੜੀ ਮਹਲਾ ੫ ॥ | Gauree, Fifth Mehl: |
| ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ ॥ | Listen, O my companions: let's join together and make the effort, to surrender to our Husband Lord. |
| ਮਾਨੁ ਤਿਆਗਿ ਕਰਿ ਭਗਤਿ ਠਗਉਰੀ ਮੋਹਹ ਸਾਧੂ ਮੰਤੈ ॥ | Renouncing our pride, let's charm Him with the potion of devotional worship, and the mantra of the Holy Saints. |
| ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ ॥ | O my companions, when He comes under our power, He shall never leave us again. This is the good nature of the Lord God. |
| ਨਾਨਕ ਜਰਾ ਮਰਣ ਭੈ ਨਰਕ ਨਿਵਾਰੈ ਪੁਨੀਤ ਕਰੈ ਤਿਸੁ ਜੰਤੈ ॥੧॥ | O Nanak, God dispels the fear of old age, death and hell; He purifies His beings. \|\|1\|\| |
| ਸੁਣਿ ਸਖੀਏ ਇਹ ਭਲੀ ਬਿਨੰਤੀ ਏਹੁ ਮਤਾਂਤੁ ਪਕਾਈਐ ॥ | Listen, O my companions, to my sincere prayer: let's make this firm resolve. |
| ਸਹਜਿ ਸੁਭਾਇ ਉਪਾਧਿ ਰਹਤ ਹੋਇ ਗੀਤ ਗੋਵਿੰਦਹਿ ਗਾਈਐ ॥ | In the peaceful poise of intuitive bliss, violence will be gone, as we sing the Glorious Praises of the Lord of the Universe. |
| ਕਲਿ ਕਲੇਸ ਮਿਟਹਿ ਭ੍ਰਮ ਨਾਸਹਿ ਮਨਿ ਚਿੰਦਿਆ ਫਲੁ ਪਾਈਐ ॥ | Our pains and troubles shall be eradicated, and our doubts shall be dispelled; we will receive the fruits of our minds' desires. |
| ਪਾਰਬ੍ਰਹਮ ਪੂਰਨ ਪਰਮੇਸਰ ਨਾਨਕ ਨਾਮੁ ਧਿਆਈਐ ॥੨॥ | O Nanak, meditate on the Naam, the Name of the Supreme Lord God, the Perfect, Transcendent Lord. \|\|2\|\| |
| ਸਖੀ ਇਛ ਕਰੀ ਨਿਤ ਸੁਖ ਮਨਾਈ ਪ੍ਰਭ ਮੇਰੀ ਆਸ ਪੁਜਾਏ ॥ | O my companions, I yearn for Him continually; I invoke His Blessings, and pray that God may fulfill my hopes. |
| ਚਰਨ ਪਿਆਸੀ ਦਰਸ ਬੈਰਾਗਨਿ ਪੇਖਉ ਥਾਨ ਸਬਾਏ ॥ | I thirst for His Feet, and I long for the Blessed Vision of His Darshan; I look for Him everywhere. |
| ਖੋਜਿ ਲਹਉ ਹਰਿ ਸੰਤ ਜਨਾ ਸੰਗੁ ਸੰਮ੍ਰਿਥ ਪੁਰਖ ਮਿਲਾਏ ॥ | I search for traces of the Lord in the Society of the Saints; they will unite me with the All-powerful Primal Lord God. |

| | |
|---|---|
| ਨਾਨਕ ਤਿਨ ਮਿਲਿਆ ਸੁਰਿਜਨੁ ਸੁਖਦਾਤਾ ਸੇ ਵਡਭਾਗੀ ਮਾਏ ॥੩॥ | O Nanak, those humble, noble beings who meet the Lord, the Giver of peace, are very blessed, O my mother. \|\|3\|\| |
| ਸਖੀ ਨਾਲਿ ਵਸਾ ਅਪੁਨੇ ਨਾਹ ਪਿਆਰੇ ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ ॥ | O my companions, now I dwell with my Beloved Husband; my mind and body are attuned to the Lord. |
| ਸੁਣਿ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰੁ ਮਿਲਿਆ ॥ | Listen, O my companions: now I sleep well, since I found my Husband Lord. |
| ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ ਪਰਗਾਸੁ ਭਇਆ ਕਉਲੁ ਖਿਲਿਆ ॥ | My doubts have been dispelled, and I have found intuitive peace and tranquility through my Lord and Master. I have been enlightened, and my heart-lotus has blossomed forth. |
| ਵਰੁ ਪਾਇਆ ਪ੍ਰਭੁ ਅੰਤਰਜਾਮੀ ਨਾਨਕ ਸੋਹਾਗੁ ਨ ਟਲਿਆ ॥੪॥੪॥੨॥੫॥੧੧॥ | I have obtained God, the Inner-knower, the Searcher of hearts, as my Husband; O Nanak, my marriage shall last forever. \|\|4\|\|4\|\|2\|\|5\|\|11\|\| |

## ੨੫੦ / 250

| | |
|---|---|
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਗਉੜੀ ਬਾਵਨ ਅਖਰੀ ਮਹਲਾ ੫ ॥ | Gauree, Baavan Akhree ~ The 52 Letters, Fifth Mehl: |
| ਸਲੋਕੁ ॥ | Shalok: |
| ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥ | The Divine Guru is my mother, the Divine Guru is my father; the Divine Guru is my Transcendent Lord and Master. |
| ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥ | The Divine Guru is my companion, the Destroyer of ignorance; the Divine Guru is my relative and brother. |
| ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥ | The Divine Guru is the Giver, the Teacher of the Lord's Name. The Divine Guru is the Mantra which never fails. |
| ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥ | The Divine Guru is the Image of peace, truth and wisdom. The Divine Guru is the Philosopher's Stone - touching it, one is transformed. |
| ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥ | The Divine Guru is the sacred shrine of pilgrimage, and the pool of divine ambrosia; bathing in the Guru's wisdom, one experiences the Infinite. |
| ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥ | The Divine Guru is the Creator, and the Destroyer of all sins; the Divine Guru is the Purifier of sinners. |

ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥

The Divine Guru existed at the primal beginning, throughout the ages, in each and every age. The Divine Guru is the Mantra of the Lord's Name; chanting it, one is saved.

ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥

O God, please be merciful to me, that I may be with the Divine Guru; I am a foolish sinner, but holding onto Him, I am carried across.

ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥੧॥

The Divine Guru is the True Guru, the Supreme Lord God, the Transcendent Lord; Nanak bows in humble reverence to the Lord, the Divine Guru. ||1||

ਸਲੋਕੁ ॥

Shalok:

ਆਪਹਿ ਕੀਆ ਕਰਾਇਆ ਆਪਹਿ ਕਰਨੈ ਜੋਗੁ ॥

He Himself acts, and causes others to act; He Himself can do everything.

ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ ॥੧॥

O Nanak, the One Lord is pervading everywhere; there has never been any other, and there never shall be. ||1||

ਪਉੜੀ ॥

Pauree:

ਓਅੰ ਸਾਧ ਸਤਿਗੁਰ ਨਮਸਕਾਰੰ ॥

ONG: I humbly bow in reverence to the One Universal Creator, to the Holy True Guru.

ਆਦਿ ਮਧਿ ਅੰਤਿ ਨਿਰੰਕਾਰੰ ॥

In the beginning, in the middle, and in the end, He is the Formless Lord.

ਆਪਹਿ ਸੁੰਨ ਆਪਹਿ ਸੁਖ ਆਸਨ ॥

He Himself is in the absolute state of primal meditation; He Himself is in the seat of peace.

ਆਪਹਿ ਸੁਨਤ ਆਪ ਹੀ ਜਾਸਨ ॥

He Himself listens to His Own Praises.

ਆਪਨ ਆਪੁ ਆਪਹਿ ਉਪਾਇਓ ॥

He Himself created Himself.

ਆਪਹਿ ਬਾਪ ਆਪ ਹੀ ਮਾਇਓ ॥

He is His Own Father, He is His Own Mother.

ਆਪਹਿ ਸੂਖਮ ਆਪਹਿ ਅਸਥੂਲਾ ॥

He Himself is subtle and etheric; He Himself is manifest and obvious.

ਲਖੀ ਨ ਜਾਈ ਨਾਨਕ ਲੀਲਾ ॥੧॥

O Nanak, His wondrous play cannot be understood. ||1||

ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥

O God, Merciful to the meek, please be kind to me,

ਤੇਰੇ ਸੰਤਨ ਕੀ ਮਨੁ ਹੋਇ ਰਵਾਲਾ ॥ ਰਹਾਉ ॥

that my mind might become the dust of the feet of Your Saints. ||Pause||

ਸਲੋਕੁ ॥

Shalok:

ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥

He Himself is formless, and also formed; the One Lord is without attributes, and also with attributes.

| | |
|---|---|
| ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥੧॥ | Describe the One Lord as One, and Only One; O Nanak, He is the One, and the many. ‖1‖ |
| ਪਉੜੀ ॥ | Pauree: |
| ਓਅੰ ਗੁਰਮੁਖਿ ਕੀਓ ਅਕਾਰਾ ॥ | ONG: The One Universal Creator created the Creation through the Word of the Primal Guru. |
| ਏਕਹਿ ਸੂਤਿ ਪਰੋਵਨਹਾਰਾ ॥ | He strung it upon His one thread. |
| ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ ॥ | He created the diverse expanse of the three qualities. |
| ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥ | From formless, He appeared as form. |
| ਸਗਲ ਭਾਤਿ ਕਰਿ ਕਰਹਿ ਉਪਾਇਓ ॥ | The Creator has created the creation of all sorts. |
| ਜਨਮ ਮਰਨ ਮਨ ਮੋਹੁ ਬਢਾਇਓ ॥ | The attachment of the mind has led to birth and death. |
| ਦੁਹੂ ਭਾਤਿ ਤੇ ਆਪਿ ਨਿਰਾਰਾ ॥ | He Himself is above both, untouched and unaffected. |
| ਨਾਨਕ ਅੰਤੁ ਨ ਪਾਰਾਵਾਰਾ ॥੨॥ | O Nanak, He has no end or limitation. ‖2‖ |
| ਸਲੋਕੁ ॥ | Shalok: |
| ਸੇਈ ਸਾਹ ਭਗਵੰਤ ਸੇ ਸਚੁ ਸੰਪੈ ਹਰਿ ਰਾਸਿ ॥ | Those who gather Truth, and the riches of the Lord's Name, are rich and very fortunate. |
| ਨਾਨਕ ਸਚੁ ਸੁਚਿ ਪਾਈਐ ਤਿਹ ਸੰਤਨ ਕੈ ਪਾਸਿ ॥੧॥ | O Nanak, truthfulness and purity are obtained from Saints such as these. ‖1‖ |
| ਪਵੜੀ ॥ | Pauree: |
| ਸਸਾ ਸਤਿ ਸਤਿ ਸਤਿ ਸੋਊ ॥ | SASSA: True, True, True is that Lord. |
| ਸਤਿ ਪੁਰਖ ਤੇ ਭਿੰਨ ਨ ਕੋਊ ॥ | No one is separate from the True Primal Lord. |
| ਸੋਊ ਸਰਨਿ ਪਰੈ ਜਿਹ ਪਾਯੰ ॥ | They alone enter the Lord's Sanctuary, whom the Lord inspires to enter. |
| ਸਿਮਰਿ ਸਿਮਰਿ ਗੁਨ ਗਾਇ ਸੁਨਾਯੰ ॥ | Meditating, meditating in remembrance, they sing and preach the Glorious Praises of the Lord. |
| ਸੰਸੈ ਭਰਮੁ ਨਹੀ ਕਛੁ ਬਿਆਪਤ ॥ | Doubt and skepticism do not affect them at all. |
| ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ ॥ | They behold the manifest glory of the Lord. |
| ਸੋ ਸਾਧੂ ਇਹ ਪਹੁਚਨਹਾਰਾ ॥ | They are the Holy Saints - they reach this destination. |
| ਨਾਨਕ ਤਾ ਕੈ ਸਦ ਬਲਿਹਾਰਾ ॥੩॥ | Nanak is forever a sacrifice to them. ‖3‖ |

| | |
|---|---|
| ਸਲੋਕੁ ॥ | Shalok: |
| ਧਨੁ ਧਨੁ ਕਹਾ ਪੁਕਾਰਤੇ ਮਾਇਆ ਮੋਹ ਸਭ ਕੂਰ ॥ | Why are you crying out for riches and wealth? All this emotional attachment to Maya is false. |
| **੨੫੧** | **251** |
| ਨਾਮ ਬਿਹੂਨੇ ਨਾਨਕਾ ਹੋਤ ਜਾਤ ਸਭੁ ਧੂਰ ॥੧॥ | Without the Naam, the Name of the Lord, O Nanak, all are reduced to dust. ‖1‖ |
| ਪਵੜੀ ॥ | Pauree: |
| ਧਧਾ ਧੂਰਿ ਪੁਨੀਤ ਤੇਰੇ ਜਨੂਆ ॥ | DHADHA: The dust of the feet of the Saints is sacred. |
| ਧਨਿ ਤੇਊ ਜਿਹ ਰੁਚ ਇਆ ਮਨੂਆ ॥ | Blessed are those whose minds are filled with this longing. |
| ਧਨੁ ਨਹੀ ਬਾਛਹਿ ਸੁਰਗ ਨ ਆਛਹਿ ॥ | They do not seek wealth, and they do not desire paradise. |
| ਅਤਿ ਪ੍ਰਿਅ ਪ੍ਰੀਤਿ ਸਾਧ ਰਜ ਰਾਚਹਿ ॥ | They are immersed in the deep love of their Beloved, and the dust of the feet of the Holy. |
| ਧੰਧੇ ਕਹਾ ਬਿਆਪਹਿ ਤਾਹੂ ॥ ਜੋ ਏਕ ਛਾਡਿ ਅਨ ਕਤਹਿ ਨ ਜਾਹੂ ॥ | How can worldly affairs affect those who do not abandon the One Lord, and who go nowhere else? |
| ਜਾ ਕੈ ਹੀਐ ਦੀਓ ਪ੍ਰਭ ਨਾਮ ॥ | One whose heart is filled with God's Name, |
| ਨਾਨਕ ਸਾਧ ਪੂਰਨ ਭਗਵਾਨ ॥੪॥ | O Nanak, is a perfect spiritual being of God. ‖4‖ |
| ਸਲੋਕ ॥ | Shalok: |
| ਅਨਿਕ ਭੇਖ ਅਰੁ ਙਿਆਨ ਧਿਆਨ ਮਨਹਠਿ ਮਿਲਿਅਉ ਨ ਕੋਇ ॥ | By all sorts of religious robes, knowledge, meditation and stubborn-mindedness, no one has ever met God. |
| ਕਹੁ ਨਾਨਕ ਕਿਰਪਾ ਭਈ ਭਗਤੁ ਙਿਆਨੀ ਸੋਇ ॥੧॥ | Says Nanak, those upon whom God showers His Mercy, are devotees of spiritual wisdom. ‖1‖ |
| ਪਉੜੀ ॥ | Pauree: |
| ਙੰਙਾ ਙਿਆਨੁ ਨਹੀ ਮੁਖ ਬਾਤਉ ॥ | NGANGA: Spiritual wisdom is not obtained by mere words of mouth. |
| ਅਨਿਕ ਜੁਗਤਿ ਸਾਸਤ੍ਰ ਕਰਿ ਭਾਤਉ ॥ | It is not obtained through the various debates of the Shaastras and scriptures. |
| ਙਿਆਨੀ ਸੋਇ ਜਾ ਕੈ ਦ੍ਰਿੜ ਸੋਊ ॥ | They alone are spiritually wise, whose minds are firmly fixed on the Lord. |
| ਕਹਤ ਸੁਨਤ ਕਛੁ ਜੋਗੁ ਨ ਹੋਊ ॥ | Hearing and telling stories, no one attains Yoga. |

| | |
|---|---|
| ਗਿਆਨੀ ਰਹਤ ਆਗਿਆ ਦ੍ਰਿੜੁ ਜਾ ਕੈ ॥ | They alone are spiritually wise, who remain firmly committed to the Lord's Command. |
| ਉਸਨ ਸੀਤ ਸਮਸਰਿ ਸਭ ਤਾ ਕੈ ॥ | Heat and cold are all the same to them. |
| ਗਿਆਨੀ ਤਤੁ ਗੁਰਮੁਖਿ ਬੀਚਾਰੀ ॥ | The true people of spiritual wisdom are the Gurmukhs, who contemplate the essence of reality; |
| ਨਾਨਕ ਜਾ ਕਉ ਕਿਰਪਾ ਧਾਰੀ ॥੫॥ | O Nanak, the Lord showers His Mercy upon them. \|\|5\|\| |
| ਸਲੋਕੁ ॥ | Shalok: |
| ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥ | Those who have come into the world without understanding are like animals and beasts. |
| ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥੧॥ | O Nanak, those who become Gurmukh understand; upon their foreheads is such pre-ordained destiny. \|\|1\|\| |
| ਪਉੜੀ ॥ | Pauree: |
| ਯਾ ਜੁਗ ਮਹਿ ਏਕਹਿ ਕਉ ਆਇਆ ॥ | They have come into this world to meditate on the One Lord. |
| ਜਨਮਤ ਮੋਹਿਓ ਮੋਹਨੀ ਮਾਇਆ ॥ | But ever since their birth, they have been enticed by the fascination of Maya. |
| ਗਰਭ ਕੁੰਟ ਮਹਿ ਉਰਧ ਤਪ ਕਰਤੇ ॥ | Upside-down in the chamber of the womb, they performed intense meditation. |
| ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥ | They remembered God in meditation with each and every breath. |
| ਉਰਝਿ ਪਰੇ ਜੋ ਛੋਡਿ ਛਡਾਨਾ ॥ | But now, they are entangled in things which they must leave behind. |
| ਦੇਵਨਹਾਰੁ ਮਨਹਿ ਬਿਸਰਾਨਾ ॥ | They forget the Great Giver from their minds. |
| ਧਾਰਹੁ ਕਿਰਪਾ ਜਿਸਹਿ ਗੁਸਾਈ ॥ ਇਤ ਉਤ ਨਾਨਕ ਤਿਸੁ ਬਿਸਰਹੁ ਨਾਹੀ ॥੬॥ | O Nanak, those upon whom the Lord showers His Mercy, do not forget Him, here or hereafter. \|\|6\|\| |
| ਸਲੋਕੁ ॥ | Shalok: |
| ਆਵਤ ਹੁਕਮਿ ਬਿਨਾਸ ਹੁਕਮਿ ਆਗਿਆ ਭਿੰਨ ਨ ਕੋਇ ॥ | By His Command, we come, and by His Command, we go; no one is beyond His Command. |
| ਆਵਨ ਜਾਨਾ ਤਿਹ ਮਿਟੈ ਨਾਨਕ ਜਿਹ ਮਨਿ ਸੋਇ ॥੧॥ | Coming and going in reincarnation is ended, O Nanak, for those whose minds are filled with the Lord. \|\|1\|\| |

ਪਉੜੀ ॥

Pauree:

ਏਊ ਜੀਅ ਬਹੁਤੁ ਗ੍ਰਭ ਵਾਸੇ ॥

This soul has lived in many wombs.

ਮੋਹ ਮਗਨ ਮੀਠ ਜੋਨਿ ਫਾਸੇ ॥

Enticed by sweet attachment, it has been trapped in reincarnation.

ਇਨਿ ਮਾਇਆ ਤ੍ਰੈ ਗੁਣ ਬਸਿ ਕੀਨੇ ॥

This Maya has subjugated beings through the three qualities.

ਆਪਨ ਮੋਹ ਘਟੇ ਘਟਿ ਦੀਨੇ ॥

Maya has infused attachment to itself in each and every heart.

ਏ ਸਾਜਨ ਕਛੁ ਕਹਹੁ ਉਪਾਇਆ ॥

O friend, tell me some way,

ਜਾ ਤੇ ਤਰਉ ਬਿਖਮ ਇਹ ਮਾਇਆ ॥

by which I may swim across this treacherous ocean of Maya.

ਕਰਿ ਕਿਰਪਾ ਸਤਸੰਗਿ ਮਿਲਾਏ ॥

The Lord showers His Mercy, and leads us to join the Sat Sangat, the True Congregation.

ਨਾਨਕ ਤਾ ਕੈ ਨਿਕਟਿ ਨ ਮਾਏ ॥੭॥

O Nanak, Maya does not even come near. ||7||

ਸਲੋਕੁ ॥

Shalok:

ਕਿਰਤ ਕਮਾਵਨ ਸੁਭ ਅਸੁਭ ਕੀਨੇ ਤਿਨਿ ਪ੍ਰਭਿ ਆਪਿ ॥

God Himself causes one to perform good and bad actions.

ਪਸੁ ਆਪਨ ਹਉ ਹਉ ਕਰੈ ਨਾਨਕ ਬਿਨੁ ਹਰਿ ਕਹਾ ਕਮਾਤਿ ॥੧॥

The beast indulges in egotism, selfishness and conceit; O Nanak, without the Lord, what can anyone do? ||1||

ਪਉੜੀ ॥

Pauree:

ਏਕਹਿ ਆਪਿ ਕਰਾਵਨਹਾਰਾ ॥

The One Lord Himself is the Cause of all actions.

ਆਪਹਿ ਪਾਪ ਪੁੰਨ ਬਿਸਥਾਰਾ ॥

He Himself distributes sins and noble acts.

ਇਆ ਜੁਗ ਜਿਤੁ ਜਿਤੁ ਆਪਹਿ ਲਾਇਓ ॥

In this age, people are attached as the Lord attaches them.

ਸੋ ਸੋ ਪਾਇਓ ਜੁ ਆਪਿ ਦਿਵਾਇਓ ॥

They receive that which the Lord Himself gives.

ਉਆ ਕਾ ਅੰਤੁ ਨ ਜਾਨੈ ਕੋਊ ॥

No one knows His limits.

ਜੋ ਜੋ ਕਰੈ ਸੋਊ ਫੁਨਿ ਹੋਊ ॥

Whatever He does, comes to pass.

ਏਕਹਿ ਤੇ ਸਗਲਾ ਬਿਸਥਾਰਾ ॥

From the One, the entire expanse of the Universe emanated.

ਨਾਨਕ ਆਪਿ ਸਵਾਰਨਹਾਰਾ ॥੮॥

O Nanak, He Himself is our Saving Grace. ||8||

ਸਲੋਕੁ ॥

Shalok:

ਰਾਚਿ ਰਹੇ ਬਨਿਤਾ ਬਿਨੋਦ ਕੁਸਮ ਰੰਗ ਬਿਖ ਸੋਰ ॥

Man remains engrossed in women and playful pleasures; the tumult of his passion is like the dye of the safflower, which fades away all too soon.

ਨਾਨਕ ਤਿਹ ਸਰਨੀ ਪਰਉ ਬਿਨਸਿ ਜਾਇ ਮੈ ਮੋਰ ॥੧॥

O Nanak, seek God's Sanctuary, and your selfishness and conceit shall be taken away. ||1||

## ੨੫੨

## 252

ਪਉੜੀ ॥

Pauree:

ਰੇ ਮਨ ਬਿਨੁ ਹਰਿ ਜਹ ਰਚਹੁ ਤਹ ਤਹ ਬੰਧਨ ਪਾਹਿ ॥

O mind: without the Lord, whatever you are involved in shall bind you in chains.

ਜਿਹ ਬਿਧਿ ਕਤਹੂ ਨ ਛੂਟੀਐ ਸਾਕਤ ਤੇਊ ਕਮਾਹਿ ॥

The faithless cynic does those deeds which will never allow him to be emancipated.

ਹਉ ਹਉ ਕਰਤੇ ਕਰਮ ਰਤ ਤਾ ਕੋ ਭਾਰੁ ਅਫਾਰ ॥

Acting in egotism, selfishness and conceit, the lovers of rituals carry the unbearable load.

ਪ੍ਰੀਤਿ ਨਹੀ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ ॥

When there is no love for the Naam, then these rituals are corrupt.

ਬਾਧੇ ਜਮ ਕੀ ਜੇਵਰੀ ਮੀਠੀ ਮਾਇਆ ਰੰਗ ॥

The rope of death binds those who are in love with the sweet taste of Maya.

ਭ੍ਰਮ ਕੇ ਮੋਹੇ ਨਹ ਬੁਝਹਿ ਸੋ ਪ੍ਰਭੁ ਸਦਹੂ ਸੰਗ ॥

Deluded by doubt, they do not understand that God is always with them.

ਲੇਖੈ ਗਣਤ ਨ ਛੂਟੀਐ ਕਾਚੀ ਭੀਤਿ ਨ ਸੁਧਿ ॥

When their accounts are called for, they shall not be released; their wall of mud cannot be washed clean.

ਜਿਸਹਿ ਬੁਝਾਏ ਨਾਨਕਾ ਤਿਹ ਗੁਰਮੁਖਿ ਨਿਰਮਲ ਬੁਧਿ ॥੯॥

One who is made to understand - O Nanak, that Gurmukh obtains immaculate understanding. ||9||

ਸਲੋਕੁ ॥

Shalok:

ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ ॥

One whose bonds are cut away joins the Saadh Sangat, the Company of the Holy.

ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ ॥੧॥

Those who are imbued with the Love of the One Lord, O Nanak, take on the deep and lasting color of His Love. ||1||

ਪਉੜੀ ॥

Pauree:

ਰਾਰਾ ਰੰਗਹੁ ਇਆ ਮਨੁ ਅਪਨਾ ॥

RARRA: Dye this heart of yours in the color of the Lord's Love.

ਹਰਿ ਹਰਿ ਨਾਮੁ ਜਪਹੁ ਜਪੁ ਰਸਨਾ ॥

Meditate on the Name of the Lord, Har, Har - chant it with your tongue.

ਰੇ ਰੇ ਦਰਗਹ ਕਹੈ ਨ ਕੋਊ ॥

In the Court of the Lord, no one shall speak harshly to you.

| | |
|---|---|
| ਆਉ ਬੈਠੁ ਆਦਰੁ ਸुਭ ਦੇਊ ॥ | Everyone shall welcome you, saying, “Come, and sit down.” |
| ਉਆ ਮਹਲੀ ਪਾਵਹਿ ਤੂ ਬਾਸਾ ॥ | In that Mansion of the Lord’s Presence, you shall find a home. |
| ਜਨਮ ਮਰਨ ਨਹ ਹੋਇ ਬਿਨਾਸਾ ॥ | There is no birth or death, or destruction there. |
| ਮਸਤਕਿ ਕਰਮੁ ਲਿਖਿਓ ਧੁਰਿ ਜਾ ਕੈ ॥ | One who has such karma written on his forehead, |
| ਹਰਿ ਸੰਪੈ ਨਾਨਕ ਘਰਿ ਤਾ ਕੈ ॥੧੦॥ | O Nanak, has the wealth of the Lord in his home. \|\|10\|\| |
| ਸਲੋਕੁ ॥ | Shalok: |
| ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ ॥ | Greed, falsehood, corruption and emotional attachment entangle the blind and the foolish. |
| ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ ॥੧॥ | Bound down by Maya, O Nanak, a foul odor clings to them. \|\|1\|\| |
| ਪਉੜੀ ॥ | Pauree: |
| ਲਲਾ ਲਪਟਿ ਬਿਖੈ ਰਸ ਰਾਤੇ ॥ | LALLA: People are entangled in the love of corrupt pleasures; |
| ਅਹੰਬੁਧਿ ਮਾਇਆ ਮਦ ਮਾਤੇ ॥ | they are drunk with the wine of egotistical intellect and Maya. |
| ਇਆ ਮਾਇਆ ਮਹਿ ਜਨਮਹਿ ਮਰਨਾ ॥ | In this Maya, they are born and die. |
| ਜਿਉ ਜਿਉ ਹੁਕਮੁ ਤਿਵੈ ਤਿਉ ਕਰਨਾ ॥ | People act according to the Hukam of the Lord’s Command. |
| ਕੋਊ ਊਨ ਨ ਕੋਊ ਪੂਰਾ ॥ | No one is perfect, and no one is imperfect. |
| ਕੋਊ ਸੁਘਰੁ ਨ ਕੋਊ ਮੂਰਾ ॥ | No one is wise, and no one is foolish. |
| ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥ | Wherever the Lord engages someone, there he is engaged. |
| ਨਾਨਕ ਠਾਕੁਰ ਸਦਾ ਅਲਿਪਨਾ ॥੧੧॥ | O Nanak, our Lord and Master is forever detached. \|\|11\|\| |
| ਸਲੋਕੁ ॥ | Shalok: |
| ਲਾਲ ਗੁਪਾਲ ਗੋਬਿੰਦ ਪ੍ਰਭ ਗਹਿਰ ਗੰਭੀਰ ਅਥਾਹ ॥ | My Beloved God, the Sustainer of the World, the Lord of the Universe, is deep, profound and unfathomable. |
| ਦੂਸਰ ਨਾਹੀ ਅਵਰ ਕੋ ਨਾਨਕ ਬੇਪਰਵਾਹ ॥੧॥ | There is no other like Him; O Nanak, He is not worried. \|\|1\|\| |

| | |
|---|---|
| ਪਉੜੀ ॥ | Pauree: |
| ਲਲਾ ਤਾ ਕੈ ਲਵੈ ਨ ਕੋਊ ॥ | LALLA: There is no one equal to Him. |
| ਏਕਹਿ ਆਪਿ ਅਵਰ ਨਹ ਹੋਊ ॥ | He Himself is the One; there shall never be any other. |
| ਹੋਵਨਹਾਰੁ ਹੋਤ ਸਦ ਆਇਆ ॥ | He is now, He has been, and He shall always be. |
| ਉਆ ਕਾ ਅੰਤੁ ਨ ਕਾਹੂ ਪਾਇਆ ॥ | No one has ever found His limit. |
| ਕੀਟ ਹਸਤਿ ਮਹਿ ਪੂਰ ਸਮਾਨੇ ॥ | In the ant and in the elephant, He is totally pervading. |
| ਪ੍ਰਗਟ ਪੁਰਖ ਸਭ ਠਾਊ ਜਾਨੇ ॥ | The Lord, the Primal Being, is known by everyone everywhere. |
| ਜਾ ਕਉ ਦੀਨੋ ਹਰਿ ਰਸੁ ਅਪਨਾ ॥ | That one, unto whom the Lord has given His Love |
| ਨਾਨਕ ਗੁਰਮੁਖਿ ਹਰਿ ਹਰਿ ਤਿਹ ਜਪਨਾ ॥੧੨॥ | - O Nanak, that Gurmukh chants the Name of the Lord, Har, Har. \|\|12\|\| |
| ਸਲੋਕੁ ॥ | Shalok: |
| ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥ | One who knows the taste of the Lord's sublime essence, intuitively enjoys the Lord's Love. |
| ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥੧॥ | O Nanak, blessed, blessed, blessed are the Lord's humble servants; how fortunate is their coming into the world! \|\|1\|\| |
| ਪਉੜੀ ॥ | Pauree: |
| ਆਇਆ ਸਫਲ ਤਾਹੂ ਕੋ ਗਨੀਐ ॥ | How fruitful is the coming into the world, of those |
| ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥ | whose tongues celebrate the Praises of the Name of the Lord, Har, Har. |
| ਆਇ ਬਸਹਿ ਸਾਧੂ ਕੈ ਸੰਗੇ ॥ | They come and dwell with the Saadh Sangat, the Company of the Holy; |
| ਅਨਦਿਨੁ ਨਾਮੁ ਧਿਆਵਹਿ ਰੰਗੇ ॥ | night and day, they lovingly meditate on the Naam. |
| ਆਵਤ ਸੋ ਜਨੁ ਨਾਮਹਿ ਰਾਤਾ ॥ | Blessed is the birth of those humble beings who are attuned to the Naam; |
| ਜਾ ਕਉ ਦਇਆ ਮਇਆ ਬਿਧਾਤਾ ॥ | the Lord, the Architect of Destiny, bestows His Kind Mercy upon them. |
| ਏਕਹਿ ਆਵਨ ਫਿਰਿ ਜੋਨਿ ਨ ਆਇਆ ॥ | They are born only once - they shall not be reincarnated again. |
| ਨਾਨਕ ਹਰਿ ਕੈ ਦਰਸਿ ਸਮਾਇਆ ॥੧੩॥ | O Nanak, they are absorbed into the Blessed Vision of the Lord's Darshan. \|\|13\|\| |

| | |
|---|---|
| ਸਲੋਕੁ ॥ | Shalok: |
| ਯਾਸੁ ਜਪਤ ਮਨਿ ਹੋਇ ਅਨੰਦੁ ਬਿਨਸੈ ਦੂਜਾ ਭਾਉ ॥ ਦੂਖ ਦਰਦ ਤ੍ਰਿਸਨਾ ਬੁਝੈ ਨਾਨਕ ਨਾਮਿ ਸਮਾਉ ॥੧॥ | Chanting it, the mind is filled with bliss; love of duality is eliminated, and pain, distress and desires are quenched. O Nanak, immerse yourself in the Naam, the Name of the Lord. \|\|1\|\| |
| **੨੫੩** | 253 |
| ਪਉੜੀ ॥ | Pauree: |
| ਯਯਾ ਜਾਰਉ ਦੁਰਮਤਿ ਦੋਊ ॥ | YAYYA: Burn away duality and evil-mindedness. |
| ਤਿਸਹਿ ਤਿਆਗਿ ਸੁਖ ਸਹਜੇ ਸੋਊ ॥ | Give them up, and sleep in intuitive peace and poise. |
| ਯਯਾ ਜਾਇ ਪਰਹੁ ਸੰਤ ਸਰਨਾ ॥ | Yaya: Go, and seek the Sanctuary of the Saints; |
| ਜਿਹ ਆਸਰ ਇਆ ਭਵਜਲੁ ਤਰਨਾ ॥ | with their help, you shall cross over the terrifying world-ocean. |
| ਯਯਾ ਜਨਮਿ ਨ ਆਵੈ ਸੋਊ ॥ ਏਕ ਨਾਮ ਲੇ ਮਨਹਿ ਪਰੋਊ ॥ | Yaya: One who weaves the One Name into his heart, does not have to take birth again. |
| ਯਯਾ ਜਨਮੁ ਨ ਹਾਰੀਐ ਗੁਰ ਪੂਰੇ ਕੀ ਟੇਕ ॥ | Yaya: This human life shall not be wasted, if you take the Support of the Perfect Guru. |
| ਨਾਨਕ ਤਿਹ ਸੁਖੁ ਪਾਇਆ ਜਾ ਕੈ ਹੀਅਰੈ ਏਕ ॥੧੪॥ | O Nanak, one whose heart is filled with the One Lord finds peace. \|\|14\|\| |
| ਸਲੋਕੁ ॥ | Shalok: |
| ਅੰਤਰਿ ਮਨ ਤਨ ਬਸਿ ਰਹੇ ਈਤ ਊਤ ਕੇ ਮੀਤ ॥ | The One who dwells deep within the mind and body is your friend here and hereafter. |
| ਗੁਰਿ ਪੂਰੈ ਉਪਦੇਸਿਆ ਨਾਨਕ ਜਪੀਐ ਨੀਤ ॥੧॥ | The Perfect Guru has taught me, O Nanak, to chant His Name continually. \|\|1\|\| |
| ਪਉੜੀ ॥ | Pauree: |
| ਅਨਦਿਨੁ ਸਿਮਰਹੁ ਤਾਸੁ ਕਉ ਜੋ ਅੰਤਿ ਸਹਾਈ ਹੋਇ ॥ | Night and day, meditate in remembrance on the One who will be your Help and Support in the end. |
| ਇਹ ਬਿਖਿਆ ਦਿਨ ਚਾਰਿ ਛਿਅ ਛਾਡਿ ਚਲਿਓ ਸਭੁ ਕੋਇ ॥ | This poison shall last for only a few days; everyone must depart, and leave it behind. |
| ਕਾ ਕੋ ਮਾਤ ਪਿਤਾ ਸੁਤ ਧੀਆ ॥ | Who is our mother, father, son and daughter? |
| ਗ੍ਰਿਹ ਬਨਿਤਾ ਕਛੁ ਸੰਗਿ ਨ ਲੀਆ ॥ | Household, wife, and other things shall not go along with you. |

| | |
|---|---|
| ਐਸੀ ਸੰਚਿ ਜੁ ਬਿਨਸਤ ਨਾਹੀ ॥ | So gather that wealth which shall never perish, |
| ਪਤਿ ਸੇਤੀ ਅਪੁਨੈ ਘਰਿ ਜਾਹੀ ॥ | so that you may go to your true home with honor. |
| ਸਾਧਸੰਗਿ ਕਲਿ ਕੀਰਤਨੁ ਗਾਇਆ ॥ | In this Dark Age of Kali Yuga, those who sing the Kirtan of the Lord's Praises in the Saadh Sangat, the Company of the Holy |
| ਨਾਨਕ ਤੇ ਤੇ ਬਹੁਰਿ ਨ ਆਇਆ ॥੧੫॥ | - O Nanak, they do not have to endure reincarnation again. \|\|15\|\| |
| ਸਲੋਕੁ ॥ | Shalok: |
| ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥ | He may be very handsome, born into a highly respected family, very wise, a famous spiritual teacher, prosperous and wealthy; |
| ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥ | but even so, he is looked upon as a corpse, O Nanak, if he does not love the Lord God. \|\|1\|\| |
| ਪਉੜੀ ॥ | Pauree: |
| ਙੰਙਾ ਖਟੁ ਸਾਸਤ੍ਰ ਹੋਇ ਙਿਆਤਾ ॥ | NGANGA: He may be a scholar of the six Shaastras. |
| ਪੂਰਕੁ ਕੁੰਭਕ ਰੇਚਕ ਕਰਮਾਤਾ ॥ | He may practice inhaling, exhaling and holding the breath. |
| ਙਿਆਨ ਧਿਆਨ ਤੀਰਥ ਇਸਨਾਨੀ ॥ | He may practice spiritual wisdom, meditation, pilgrimages to sacred shrines and ritual cleansing baths. |
| ਸੋਮਪਾਕ ਅਪਰਸ ਉਦਿਆਨੀ ॥ | He may cook his own food, and never touch anyone else's; he may live in the wilderness like a hermit. |
| ਰਾਮ ਨਾਮ ਸੰਗਿ ਮਨਿ ਨਹੀ ਹੇਤਾ ॥ | But if he does not enshrine love for the Lord's Name within his heart, |
| ਜੋ ਕਛੁ ਕੀਨੋ ਸੋਊ ਅਨੇਤਾ ॥ | then everything he does is transitory. |
| ਉਆ ਤੇ ਊਤਮੁ ਗਨਉ ਚੰਡਾਲਾ ॥ | Even an untouchable pariah is superior to him, |
| ਨਾਨਕ ਜਿਹ ਮਨਿ ਬਸਹਿ ਗੁਪਾਲਾ ॥੧੬॥ | O Nanak, if the Lord of the World abides in his mind. \|\|16\|\| |
| ਸਲੋਕੁ ॥ | Shalok: |
| ਕੁੰਟ ਚਾਰਿ ਦਹ ਦਿਸਿ ਭ੍ਰਮੇ ਕਰਮ ਕਿਰਤਿ ਕੀ ਰੇਖ ॥ | He wanders around in the four quarters and in the ten directions, according to the dictates of his karma. |
| ਸੂਖ ਦੂਖ ਮੁਕਤਿ ਜੋਨਿ ਨਾਨਕ ਲਿਖਿਓ ਲੇਖ ॥੧॥ | Pleasure and pain, liberation and reincarnation, O Nanak, come according to one's pre-ordained destiny. \|\|1\|\| |

| | |
|---|---|
| ਪਵੜੀ ॥ | Pauree: |
| ਕਕਾ ਕਾਰਨ ਕਰਤਾ ਸੋਊ ॥ | KAKKA: He is the Creator, the Cause of causes. |
| ਲਿਖਿਓ ਲੇਖੁ ਨ ਮੇਟਤ ਕੋਊ ॥ | No one can erase His pre-ordained plan. |
| ਨਹੀ ਹੋਤ ਕਛੁ ਦੋਊ ਬਾਰਾ ॥ | Nothing can be done a second time. |
| ਕਰਨੈਹਾਰੁ ਨ ਭੂਲਨਹਾਰਾ ॥ | The Creator Lord does not make mistakes. |
| ਕਾਹੂ ਪੰਥੁ ਦਿਖਾਰੈ ਆਪੈ ॥ | To some, He Himself shows the Way. |
| ਕਾਹੂ ਉਦਿਆਨ ਭ੍ਰਮਤ ਪਛੁਤਾਪੈ ॥ | While He causes others to wander miserably in the wilderness. |
| ਆਪਨ ਖੇਲੁ ਆਪ ਹੀ ਕੀਨੋ ॥ | He Himself has set His own play in motion. |
| ਜੋ ਜੋ ਦੀਨੋ ਸੁ ਨਾਨਕ ਲੀਨੋ ॥੧੭॥ | Whatever He gives, O Nanak, that is what we receive. \|\|17\|\| |
| ਸਲੋਕੁ ॥ | Shalok: |
| ਖਾਤ ਖਰਚਤ ਬਿਲਛਤ ਰਹੇ ਟੂਟਿ ਨ ਜਾਹਿ ਭੰਡਾਰ ॥ | People continue to eat and consume and enjoy, but the Lord's warehouses are never exhausted. |
| ਹਰਿ ਹਰਿ ਜਪਤ ਅਨੇਕ ਜਨ ਨਾਨਕ ਨਾਹਿ ਸੁਮਾਰ ॥੧॥ | So many chant the Name of the Lord, Har, Har; O Nanak, they cannot be counted. \|\|1\|\| |
| ਪਉੜੀ ॥ | Pauree: |
| ਖਖਾ ਖੂਨਾ ਕਛੁ ਨਹੀ ਤਿਸੁ ਸੰਮ੍ਰਥ ਕੈ ਪਾਹਿ ॥ | KHAKHA: The All-powerful Lord lacks nothing; |
| ਜੋ ਦੇਨਾ ਸੋ ਦੇ ਰਹਿਓ ਭਾਵੈ ਤਹ ਤਹ ਜਾਹਿ ॥ | whatever He is to give, He continues to give - let anyone go anywhere he pleases. |
| ਖਰਚੁ ਖਜਾਨਾ ਨਾਮ ਧਨੁ ਇਆ ਭਗਤਨ ਕੀ ਰਾਸਿ ॥ | The wealth of the Naam, the Name of the Lord, is a treasure to spend; it is the capital of His devotees. |
| ਖਿਮਾ ਗਰੀਬੀ ਅਨਦ ਸਹਜ ਜਪਤ ਰਹਹਿ ਗੁਣਤਾਸ ॥ | With tolerance, humility, bliss and intuitive poise, they continue to meditate on the Lord, the Treasure of excellence. |
| ਖੇਲਹਿ ਬਿਗਸਹਿ ਅਨਦ ਸਿਉ ਜਾ ਕਉ ਹੋਤ ਕ੍ਰਿਪਾਲ ॥ | Those, unto whom the Lord shows His Mercy, play happily and blossom forth. |
| ਸਦੀਵ ਗਨੀਵ ਸੁਹਾਵਨੇ ਰਾਮ ਨਾਮ ਗ੍ਰਿਹਿ ਮਾਲ ॥ | Those who have the wealth of the Lord's Name in their homes are forever wealthy and beautiful. |
| ਖੇਦੁ ਨ ਦੂਖੁ ਨ ਡਾਨੁ ਤਿਹ ਜਾ ਕਉ ਨਦਰਿ ਕਰੀ ॥ | Those who are blessed with the Lord's Glance of Grace suffer neither torture, nor pain, nor punishment. |

| | |
|---|---|
| ਨਾਨਕ ਜੋ ਪ੍ਰਭ ਭਾਣਿਆ ਪੂਰੀ ਤਿਨਾ ਪਰੀ ॥੧੮॥ | O Nanak, those who are pleasing to God become perfectly successful. ‖18‖ |
| **੨੫੪** | **254** |
| ਸਲੋਕੁ ॥ | Shalok: |
| ਗਨਿ ਮਿਨਿ ਦੇਖਹੁ ਮਨੈ ਮਾਹਿ ਸਰਪਰ ਚਲਨੋ ਲੋਗ ॥ | See, that even by calculating and scheming in their minds, people must surely depart in the end. |
| ਆਸ ਅਨਿਤ ਗੁਰਮੁਖਿ ਮਿਟੈ ਨਾਨਕ ਨਾਮ ਅਰੋਗ ॥੧॥ | Hopes and desires for transitory things are erased for the Gurmukh; O Nanak, the Name alone brings true health. ‖1‖ |
| ਪਉੜੀ ॥ | Pauree: |
| ਗਗਾ ਗੋਬਿਦ ਗੁਣ ਰਵਹੁ ਸਾਸਿ ਸਾਸਿ ਜਪਿ ਨੀਤ ॥ | GAGGA: Chant the Glorious Praises of the Lord of the Universe with each and every breath; meditate on Him forever. |
| ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੋ ਮੀਤ ॥ | How can you rely on the body? Do not delay, my friend; |
| ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥ | there is nothing to stand in Death's way - neither in childhood, nor in youth, nor in old age. |
| ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥ | That time is not known, when the noose of Death shall come and fall on you. |
| ਗਿਆਨੀ ਧਿਆਨੀ ਚਤੁਰ ਪੇਖਿ ਰਹਨੁ ਨਹੀ ਇਹ ਠਾਇ ॥ | See, that even spiritual scholars, those who meditate, and those who are clever shall not stay in this place. |
| ਛਾਡਿ ਛਾਡਿ ਸਗਲੀ ਗਈ ਮੂੜ ਤਹਾ ਲਪਟਾਹਿ ॥ | Only the fool clings to that, which everyone else has abandoned and left behind. |
| ਗੁਰ ਪ੍ਰਸਾਦਿ ਸਿਮਰਤ ਰਹੈ ਜਾਹੂ ਮਸਤਕਿ ਭਾਗ ॥ | By Guru's Grace, one who has such good destiny written on his forehead remembers the Lord in meditation. |
| ਨਾਨਕ ਆਏ ਸਫਲ ਤੇ ਜਾ ਕਉ ਪ੍ਰਿਅਹਿ ਸੁਹਾਗ ॥੧੯॥ | O Nanak, blessed and fruitful is the coming of those who obtain the Beloved Lord as their Husband. ‖19‖ |
| ਸਲੋਕੁ ॥ | Shalok: |
| ਘੋਖੇ ਸਾਸਤ੍ਰ ਬੇਦ ਸਭ ਆਨ ਨ ਕਥਤਉ ਕੋਇ ॥ | I have searched all the Shaastras and the Vedas, and they say nothing except this: |
| ਆਦਿ ਜੁਗਾਦੀ ਹੁਣਿ ਹੋਵਤ ਨਾਨਕ ਏਕੈ ਸੋਇ ॥੧॥ | "In the beginning, throughout the ages, now and forevermore, O Nanak, the One Lord alone exists."‖1‖ |

| | |
|---|---|
| ਪਉੜੀ ॥ | Pauree: |
| ਘਘਾ ਘਾਲਹੁ ਮਨਹਿ ਏਹ ਬਿਨੁ ਹਰਿ ਦੂਸਰ ਨਾਹਿ ॥ | GHAGHA: Put this into your mind, that there is no one except the Lord. |
| ਨਹ ਹੋਆ ਨਹ ਹੋਵਨਾ ਜਤ ਕਤ ਓਹੀ ਸਮਾਹਿ ॥ | There never was, and there never shall be. He is pervading everywhere. |
| ਘੂਲਹਿ ਤਉ ਮਨ ਜਉ ਆਵਹਿ ਸਰਨਾ ॥ | You shall be absorbed into Him, O mind, if you come to His Sanctuary. |
| ਨਾਮ ਤਤੁ ਕਲਿ ਮਹਿ ਪੁਨਹਚਰਨਾ ॥ | In this Dark Age of Kali Yuga, only the Naam, the Name of the Lord, shall be of any real use to you. |
| ਘਾਲਿ ਘਾਲਿ ਅਨਿਕ ਪਛੁਤਾਵਹਿ ॥ | So many work and slave continually, but they come to regret and repent in the end. |
| ਬਿਨੁ ਹਰਿ ਭਗਤਿ ਕਹਾ ਥਿਤਿ ਪਾਵਹਿ ॥ | Without devotional worship of the Lord, how can they find stability? |
| ਘੋਲਿ ਮਹਾ ਰਸੁ ਅੰਮ੍ਰਿਤੁ ਤਿਹ ਪੀਆ ॥ | They alone taste the supreme essence, and drink in the Ambrosial Nectar, |
| ਨਾਨਕ ਹਰਿ ਗੁਰਿ ਜਾ ਕਉ ਦੀਆ ॥੨੦॥ | O Nanak, unto whom the Lord, the Guru, gives it. ‖20‖ |
| ਸਲੋਕੁ ॥ | Shalok: |
| ਙਣਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ ॥ | He has counted all the days and the breaths, and placed them in people's destiny; they do not increase or decrease one little bit. |
| ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ ॥੧॥ | Those who long to live in doubt and emotional attachment, O Nanak, are total fools. ‖1‖ |
| ਪਉੜੀ ॥ | Pauree: |
| ਙੰਙਾ ਙ੍ਰਾਸੈ ਕਾਲੁ ਤਿਹ ਜੋ ਸਾਕਤ ਪ੍ਰਭਿ ਕੀਨ ॥ | NGANGA: Death seizes those whom God has made into faithless cynics. |
| ਅਨਿਕ ਜੋਨਿ ਜਨਮਹਿ ਮਰਹਿ ਆਤਮ ਰਾਮੁ ਨ ਚੀਨ ॥ | They are born and they die, enduring countless incarnations; they do not realize the Lord, the Supreme Soul. |
| ਙਿਆਨ ਧਿਆਨ ਤਾਹੂ ਕਉ ਆਏ ॥ | They alone find spiritual wisdom and meditation, |
| ਕਰਿ ਕਿਰਪਾ ਜਿਹ ਆਪਿ ਦਿਵਾਏ ॥ | whom the Lord blesses with His Mercy; |
| ਙਣਤੀ ਙਣੀ ਨਹੀ ਕੋਊ ਛੂਟੈ ॥ | no one is emancipated by counting and calculating. |
| ਕਾਚੀ ਗਾਗਰਿ ਸਰਪਰ ਫੂਟੈ ॥ | The vessel of clay shall surely break. |

| | |
|---|---|
| ਸੋ ਜੀਵਤ ਜਿਹ ਜੀਵਤ ਜਪਿਆ ॥ | They alone live, who, while alive, meditate on the Lord. |
| ਪ੍ਰਗਟ ਭਏ ਨਾਨਕ ਨਹ ਛਪਿਆ ॥੨੧॥ | They are respected, O Nanak, and do not remain hidden. ‖21‖ |
| ਸਲੋਕੁ ॥ | Shalok: |
| ਚਿਤਿ ਚਿਤਵਉ ਚਰਣਾਰਬਿੰਦ ਊਧ ਕਵਲ ਬਿਗਸਾਂਤ ॥ | Focus your consciousness on His Lotus Feet, and the inverted lotus of your heart shall blossom forth. |
| ਪ੍ਰਗਟ ਭਏ ਆਪਹਿ ਗੋੁਬਿੰਦ ਨਾਨਕ ਸੰਤ ਮਤਾਂਤ ॥੧॥ | The Lord of the Universe Himself becomes manifest, O Nanak, through the Teachings of the Saints. ‖1‖ |
| ਪਉੜੀ ॥ | Pauree: |
| ਚਚਾ ਚਰਨ ਕਮਲ ਗੁਰ ਲਾਗਾ ॥ ਧਨਿ ਧਨਿ ਉਆ ਦਿਨ ਸੰਜੋਗ ਸਭਾਗਾ ॥ | CHACHA: Blessed, blessed is that day, when I became attached to the Lord's Lotus Feet. |
| ਚਾਰਿ ਕੁੰਟ ਦਹ ਦਿਸਿ ਭ੍ਰਮਿ ਆਇਓ ॥ | After wandering around in the four quarters and the ten directions, |
| ਭਈ ਕ੍ਰਿਪਾ ਤਬ ਦਰਸਨੁ ਪਾਇਓ ॥ | God showed His Mercy to me, and then I obtained the Blessed Vision of His Darshan. |
| ਚਾਰ ਬਿਚਾਰ ਬਿਨਸਿਓ ਸਭ ਦੂਆ ॥ | By pure lifestyle and meditation, all duality is removed. |
| ਸਾਧਸੰਗਿ ਮਨੁ ਨਿਰਮਲ ਹੂਆ ॥ | In the Saadh Sangat, the Company of the Holy, the mind becomes immaculate. |
| ਚਿੰਤ ਬਿਸਾਰੀ ਏਕ ਦ੍ਰਿਸਟੇਤਾ ॥ | Anxieties are forgotten, and the One Lord alone is seen, |
| ਨਾਨਕ ਗਿਆਨ ਅੰਜਨੁ ਜਿਹ ਨੇਤ੍ਰਾ ॥੨੨॥ | O Nanak, by those whose eyes are anointed with the ointment of spiritual wisdom. ‖22‖ |
| ਸਲੋਕੁ ॥ | Shalok: |
| ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ ॥ | The heart is cooled and soothed, and the mind is at peace, chanting and singing the Glorious Praises of the Lord of the Universe. |
| ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ ਦਸਾਇ ॥੧॥ | Show such Mercy, O God, that Nanak may become the slave of Your slaves. ‖1‖ |
| ਪਉੜੀ ॥ | Pauree: |
| ਛਛਾ ਛੋਹਰੇ ਦਾਸ ਤੁਮਾਰੇ ॥ | CHHACHHA: I am Your child-slave. |
| ਦਾਸ ਦਾਸਨ ਕੇ ਪਾਨੀਹਾਰੇ ॥ | I am the water-carrier of the slave of Your slaves. |

| | |
|---|---|
| ਛਛਾ ਛਾਰੁ ਹੋਤ ਤੇਰੇ ਸੰਤਾ ॥ | Chhachha: I long to become the dust under the feet of Your Saints. |
| **੨੫੫** | **255** |
| ਅਪਨੀ ਕ੍ਰਿਪਾ ਕਰਹੁ ਭਗਵੰਤਾ ॥ | Please shower me with Your Mercy, O Lord God! |
| ਛਾਡਿ ਸਿਆਨਪ ਬਹੁ ਚਤੁਰਾਈ ॥ | I have given up my excessive cleverness and scheming, |
| ਸੰਤਨ ਕੀ ਮਨ ਟੇਕ ਟਿਕਾਈ ॥ | and I have taken the support of the Saints as my mind's support. |
| ਛਾਰੁ ਕੀ ਪੁਤਰੀ ਪਰਮ ਗਤਿ ਪਾਈ ॥ | Even a puppet of ashes attains the supreme status, |
| ਨਾਨਕ ਜਾ ਕਉ ਸੰਤ ਸਹਾਈ ॥੨੩॥ | O Nanak, if it has the help and support of the Saints. \|\|23\|\| |
| ਸਲੋਕੁ ॥ | Shalok: |
| ਜੋਰ ਜੁਲਮ ਫੂਲਹਿ ਘਨੋ ਕਾਚੀ ਦੇਹ ਬਿਕਾਰ ॥ | Practicing oppression and tyranny, he puffs himself up; he acts in corruption with his frail, perishable body. |
| ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ ॥੧॥ | He is bound by his egotistical intellect; O Nanak, salvation comes only through the Naam, the Name of the Lord. \|\|1\|\| |
| ਪਉੜੀ ॥ | Pauree: |
| ਜਜਾ ਜਾਨੈ ਹਉ ਕਛੁ ਹੂਆ ॥ | JAJJA: When someone, in his ego, believes that he has become something, |
| ਬਾਧਿਓ ਜਿਉ ਨਲਿਨੀ ਭ੍ਰਮਿ ਸੂਆ ॥ | he is caught in his error, like a parrot in a trap. |
| ਜਉ ਜਾਨੈ ਹਉ ਭਗਤੁ ਗਿਆਨੀ ॥ | When he believes, in his ego, that he is a devotee and a spiritual teacher, |
| ਆਗੈ ਠਾਕੁਰਿ ਤਿਲੁ ਨਹੀ ਮਾਨੀ ॥ | then, in the world hereafter, the Lord of the Universe shall have no regard for him at all. |
| ਜਉ ਜਾਨੈ ਮੈ ਕਥਨੀ ਕਰਤਾ ॥ | When he believes himself to be a preacher, |
| ਬਿਆਪਾਰੀ ਬਸੁਧਾ ਜਿਉ ਫਿਰਤਾ ॥ | he is merely a peddler wandering over the earth. |
| ਸਾਧਸੰਗਿ ਜਿਹ ਹਉਮੈ ਮਾਰੀ ॥ | But one who conquers his ego in the Company of the Holy, |
| ਨਾਨਕ ਤਾ ਕਉ ਮਿਲੇ ਮੁਰਾਰੀ ॥੨੪॥ | O Nanak, meets the Lord. \|\|24\|\| |
| ਸਲੋਕੁ ॥ | Shalok: |
| ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥ | Rise early in the morning, and chant the Naam; worship and adore the Lord, night and day. |

| | |
|---|---|
| ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥੧॥ | Anxiety shall not afflict you, O Nanak, and your misfortune shall vanish. ‖1‖ |
| ਪਉੜੀ ॥ | Pauree: |
| ਝਝਾ ਝੂਰਨੁ ਮਿਟੈ ਤੁਮਾਰੋ ॥ | JHAJHA: Your sorrows shall depart, |
| ਰਾਮ ਨਾਮ ਸਿਉ ਕਰਿ ਬਿਉਹਾਰੋ ॥ | when you deal with the Lord's Name. |
| ਝੂਰਤ ਝੂਰਤ ਸਾਕਤ ਮੂਆ ॥ | The faithless cynic dies in sorrow and pain; |
| ਜਾ ਕੈ ਰਿਦੈ ਹੋਤ ਭਾਉ ਬੀਆ ॥ | his heart is filled with the love of duality. |
| ਝਰਹਿ ਕਸੰਮਲ ਪਾਪ ਤੇਰੇ ਮਨੂਆ ॥ | Your evil deeds and sins shall fall away, O my mind, |
| ਅੰਮ੍ਰਿਤ ਕਥਾ ਸੰਤਸੰਗਿ ਸੁਨੂਆ ॥ | listening to the ambrosial speech in the Society of the Saints. |
| ਝਰਹਿ ਕਾਮ ਕ੍ਰੋਧ ਦ੍ਰੁਸਟਾਈ ॥ | Sexual desire, anger and wickedness fall away, |
| ਨਾਨਕ ਜਾ ਕਉ ਕ੍ਰਿਪਾ ਗੁਸਾਈ ॥੨੫॥ | O Nanak, from those who are blessed by the Mercy of the Lord of the World. ‖25‖ |
| ਸਲੋਕੁ ॥ | Shalok: |
| ਞਤਨ ਕਰਹੁ ਤੁਮ ਅਨਿਕ ਬਿਧਿ ਰਹਨੁ ਨ ਪਾਵਹੁ ਮੀਤ ॥ | You can try all sorts of things, but you still cannot remain here, my friend. |
| ਜੀਵਤ ਰਹਹੁ ਹਰਿ ਹਰਿ ਭਜਹੁ ਨਾਨਕ ਨਾਮ ਪਰੀਤਿ ॥੧॥ | But you shall live forevermore, O Nanak, if you vibrate and love the Naam, the Name of the Lord, Har, Har. ‖1‖ |
| ਪਵੜੀ ॥ | Pauree: |
| ਞੰਞਾ ਞਾਣਹੁ ਦ੍ਰਿੜੁ ਸਹੀ ਬਿਨਸਿ ਜਾਤ ਏਹ ਹੇਤ ॥ | NYANYA: Know this as absolutely correct, that that this ordinary love shall come to an end. |
| ਗਣਤੀ ਗਣਉ ਨ ਗਣਿ ਸਕਉ ਊਠਿ ਸਿਧਾਰੇ ਕੇਤ ॥ | You may count and calculate as much as you want, but you cannot count how many have arisen and departed. |
| ਞੋ ਪੇਖਉ ਸੋ ਬਿਨਸਤਉ ਕਾ ਸਿਉ ਕਰੀਐ ਸੰਗੁ ॥ | Whoever I see shall perish. With whom should I associate? |
| ਞਾਣਹੁ ਇਆ ਬਿਧਿ ਸਹੀ ਚਿਤ ਝੂਠਉ ਮਾਇਆ ਰੰਗੁ ॥ | Know this as true in your consciousness, that the love of Maya is false. |
| ਞਾਣਤ ਸੋਈ ਸੰਤੁ ਸੁਇ ਭ੍ਰਮ ਤੇ ਕੀਚਿਤ ਭਿੰਨ ॥ | He alone knows, and he alone is a Saint, who is free of doubt. |
| ਅੰਧ ਕੂਪ ਤੇ ਤਿਹ ਕਢਹੁ ਜਿਹ ਹੋਵਹੁ ਸੁਪ੍ਰਸੰਨ ॥ | He is lifted up and out of the deep dark pit; the Lord is totally pleased with him. |

| | |
|---|---|
| ਞਾ ਕੈ ਹਾਥਿ ਸਮਰਥ ਤੇ ਕਾਰਨ ਕਰਨੈ ਜੋਗ ॥ | God's Hand is All-powerful; He is the Creator, the Cause of causes. |
| ਨਾਨਕ ਤਿਹ ਉਸਤਤਿ ਕਰਉ ਞਾਹੂ ਕੀਓ ਸੰਜੋਗ ॥੨੬॥ | O Nanak, praise the One, who joins us to Himself. \|\|26\|\| |
| ਸਲੋਕੁ ॥ | Shalok: |
| ਟੂਟੇ ਬੰਧਨ ਜਨਮ ਮਰਨ ਸਾਧ ਸੇਵ ਸੁਖੁ ਪਾਇ ॥ | The bondage of birth and death is broken and peace is obtained, by serving the Holy. |
| ਨਾਨਕ ਮਨਹੁ ਨ ਬੀਸਰੈ ਗੁਣ ਨਿਧਿ ਗੋਬਿਦ ਰਾਇ ॥੧॥ | O Nanak, may I never forget from my mind, the Treasure of Virtue, the Sovereign Lord of the Universe. \|\|1\|\| |
| ਪਉੜੀ ॥ | Pauree: |
| ਟਹਲ ਕਰਹੁ ਤਉ ਏਕ ਕੀ ਜਾ ਤੇ ਬ੍ਰਿਥਾ ਨ ਕੋਇ ॥ | Work for the One Lord; no one returns empty-handed from Him. |
| ਮਨਿ ਤਨਿ ਮੁਖਿ ਹੀਐ ਬਸੈ ਜੋ ਚਾਹਹੁ ਸੋ ਹੋਇ ॥ | When the Lord abides within your mind, body, mouth and heart, then whatever you desire shall come to pass. |
| ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ ॥ | He alone obtains the Lord's service, and the Mansion of His Presence, unto whom the Holy Saint is compassionate. |
| ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ ॥ | He joins the Saadh Sangat, the Company of the Holy, only when the Lord Himself shows His Mercy. |
| ਟੋਹੇ ਟਾਹੇ ਬਹੁ ਭਵਨ ਬਿਨੁ ਨਾਵੈ ਸੁਖੁ ਨਾਹਿ ॥ | I have searched and searched, across so many worlds, but without the Name, there is no peace. |
| ਟਲਹਿ ਜਾਮ ਕੇ ਦੂਤ ਤਿਹ ਜੁ ਸਾਧੂ ਸੰਗਿ ਸਮਾਹਿ ॥ | The Messenger of Death retreats from those who dwell in the Saadh Sangat. |
| ਬਾਰਿ ਬਾਰਿ ਜਾਉ ਸੰਤ ਸਦਕੇ ॥ | Again and again, I am forever devoted to the Saints. |
| ਨਾਨਕ ਪਾਪ ਬਿਨਾਸੇ ਕਦਿ ਕੇ ॥੨੭॥ | O Nanak, my sins from so long ago have been erased. \|\|27\|\| |
| ਸਲੋਕੁ ॥ | Shalok: |
| ਠਾਕ ਨ ਹੋਤੀ ਤਿਨਹੁ ਦਰਿ ਜਿਹ ਹੋਵਹੁ ਸੁਪ੍ਰਸੰਨ ॥ | Those beings, with whom the Lord is thoroughly pleased, meet with no obstacles at His Door. |
| ਜੋ ਜਨ ਪ੍ਰਭਿ ਅਪੁਨੇ ਕਰੇ ਨਾਨਕ ਤੇ ਧਨਿ ਧੰਨਿ ॥੧॥ | Those humble beings whom God has made His own, O Nanak, are blessed, so very blessed. \|\|1\|\| |

| ੨੫੬ | 256 |
|---|---|
| ਪਉੜੀ ॥ | Pauree: |
| ਠਠਾ ਮਨੂਆ ਠਾਹਹਿ ਨਾਹੀ ॥ ਜੋ ਸਗਲ ਤਿਆਗਿ ਏਕਹਿ ਲਪਟਾਹੀ ॥ | T'HAT'HA: Those who have abandoned all else, and who cling to the One Lord alone, do not make trouble for anyone's mind. |
| ਠਹਕਿ ਠਹਕਿ ਮਾਇਆ ਸੰਗਿ ਮੂਏ ॥ | Those who are totally absorbed and preoccupied with Maya are dead; |
| ਉਆ ਕੈ ਕੁਸਲ ਨ ਕਤਹੂ ਹੂਏ ॥ | they do not find happiness anywhere. |
| ਠਾਂਢਿ ਪਰੀ ਸੰਤਹ ਸੰਗਿ ਬਸਿਆ ॥ | One who dwells in the Society of the Saints finds a great peace; |
| ਅੰਮ੍ਰਿਤ ਨਾਮੁ ਤਹਾ ਜੀਅ ਰਸਿਆ ॥ | the Ambrosial Nectar of the Naam becomes sweet to his soul. |
| ਠਾਕੁਰ ਅਪੁਨੇ ਜੋ ਜਨੁ ਭਾਇਆ ॥ | That humble being, who is pleasing to his Lord and Master |
| ਨਾਨਕ ਉਆ ਕਾ ਮਨੁ ਸੀਤਲਾਇਆ ॥੨੮॥ | - O Nanak, his mind is cooled and soothed. \|\|28\|\| |
| ਸਲੋਕੁ ॥ | Shalok: |
| ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥ | I bow down, and fall to the ground in humble adoration, countless times, to the All-powerful Lord, who possesses all powers. |
| ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥੧॥ | Please protect me, and save me from wandering, God. Reach out and give Nanak Your Hand. \|\|1\|\| |
| ਪਉੜੀ ॥ | Pauree: |
| ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ ॥ | DADDA: This is not your true place; you must know where that place really is. |
| ਉਆ ਡੇਰਾ ਕਾ ਸੰਜਮੋ ਗੁਰ ਕੈ ਸਬਦਿ ਪਛਾਨੁ ॥ | You shall come to realize the way to that place, through the Word of the Guru's Shabad. |
| ਇਆ ਡੇਰਾ ਕਉ ਸ੍ਰਮੁ ਕਰਿ ਘਾਲੈ ॥ | This place, here, is established by hard work, |
| ਜਾ ਕਾ ਤਸੂ ਨਹੀ ਸੰਗਿ ਚਾਲੈ ॥ | but not one iota of this shall go there with you. |
| ਉਆ ਡੇਰਾ ਕੀ ਸੋ ਮਿਤਿ ਜਾਨੈ ॥ | The value of that place beyond is known only to those, |
| ਜਾ ਕਉ ਦ੍ਰਿਸਟਿ ਪੂਰਨ ਭਗਵਾਨੈ ॥ | upon whom the Perfect Lord God casts His Glance of Grace. |
| ਡੇਰਾ ਨਿਹਚਲੁ ਸਚੁ ਸਾਧਸੰਗ ਪਾਇਆ ॥ | That permanent and true place is obtained in the Saadh Sangat, the Company of the Holy; |

| | |
|---|---|
| ਨਾਨਕ ਤੇ ਜਨ ਨਹ ਡੋਲਾਇਆ ॥੨੯॥ | O Nanak, those humble beings do not waver or wander. ‖29‖ |
| ਸਲੋਕੁ ॥ | Shalok: |
| ਢਾਹਨ ਲਾਗੇ ਧਰਮ ਰਾਇ ਕਿਨਹਿ ਨ ਘਾਲਿਓ ਬੰਧ ॥ | When the Righteous Judge of Dharma begins to destroy someone, no one can place any obstacle in His Way. |
| ਨਾਨਕ ਉਬਰੇ ਜਪਿ ਹਰੀ ਸਾਧਸੰਗਿ ਸਨਬੰਧ ॥੧॥ | O Nanak, those who join the Saadh Sangat and meditate on the Lord are saved. ‖1‖ |
| ਪਉੜੀ ॥ | Pauree: |
| ਢਢਾ ਢੂਢਤ ਕਹ ਫਿਰਹੁ ਢੂਢਨੁ ਇਆ ਮਨ ਮਾਹਿ ॥ | DHADHA: Where are you going, wandering and searching? Search instead within your own mind. |
| ਸੰਗਿ ਤੁਹਾਰੈ ਪ੍ਰਭੁ ਬਸੈ ਬਨੁ ਬਨੁ ਕਹਾ ਫਿਰਾਹਿ ॥ | God is with you, so why do you wander around from forest to forest? |
| ਢੇਰੀ ਢਾਹਹੁ ਸਾਧਸੰਗਿ ਅਹੰਬੁਧਿ ਬਿਕਰਾਲ ॥ | In the Saadh Sangat, the Company of the Holy, tear down the mound of your frightful, egotistical pride. |
| ਸੁਖੁ ਪਾਵਹੁ ਸਹਜੇ ਬਸਹੁ ਦਰਸਨੁ ਦੇਖਿ ਨਿਹਾਲ ॥ | You shall find peace, and abide in intuitive bliss; gazing upon the Blessed Vision of God's Darshan, you shall be delighted. |
| ਢੇਰੀ ਜਾਮੈ ਜਮਿ ਮਰੈ ਗਰਭ ਜੋਨਿ ਦੁਖ ਪਾਇ ॥ | One who has such a mound as this, dies and suffers the pain of reincarnation through the womb. |
| ਮੋਹ ਮਗਨ ਲਪਟਤ ਰਹੈ ਹਉ ਹਉ ਆਵੈ ਜਾਇ ॥ | One who is intoxicated by emotional attachment, entangled in egotism, selfishness and conceit, shall continue coming and going in reincarnation. |
| ਢਹਤ ਢਹਤ ਅਬ ਢਹਿ ਪਰੇ ਸਾਧ ਜਨਾ ਸਰਨਾਇ ॥ | Slowly and steadily, I have now surrendered to the Holy Saints; I have come to their Sanctuary. |
| ਦੁਖ ਕੇ ਫਾਹੇ ਕਾਟਿਆ ਨਾਨਕ ਲੀਏ ਸਮਾਇ ॥੩੦॥ | God has cut away the noose of my pain; O Nanak, He has merged me into Himself. ‖30‖ |
| ਸਲੋਕੁ ॥ | Shalok: |
| ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥ | Where the Holy people constantly vibrate the Kirtan of the Praises of the Lord of the Universe, O Nanak |
| ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥੧॥ | - the Righteous Judge says, "Do not approach that place, O Messenger of Death, or else neither you nor I shall escape!"‖1‖ |

| | |
|---|---|
| ਪਉੜੀ ॥ | Pauree: |
| ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ ॥ | NANNA: One who conquers his own soul, wins the battle of life. |
| ਹਉਮੈ ਅਨ ਸਿਉ ਲਰਿ ਮਰੈ ਸੋ ਸੋਭਾ ਦੂ ਹੋਇ ॥ | One who dies, while fighting against egotism and alienation, becomes sublime and beautiful. |
| ਮਣੀ ਮਿਟਾਇ ਜੀਵਤ ਮਰੈ ਗੁਰ ਪੂਰੇ ਉਪਦੇਸ ॥ | One who eradicates his ego, remains dead while yet alive, through the Teachings of the Perfect Guru. |
| ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ ਵੇਸ ॥ | He conquers his mind, and meets the Lord; he is dressed in robes of honor. |
| ਣਾ ਕੋ ਜਾਣੈ ਆਪਣੋ ਏਕਹਿ ਟੇਕ ਅਧਾਰ ॥ | He does not claim anything as his own; the One Lord is his Anchor and Support. |
| ਰੈਣਿ ਦਿਣਸੁ ਸਿਮਰਤ ਰਹੈ ਸੋ ਪ੍ਰਭੁ ਪੁਰਖੁ ਅਪਾਰ ॥ | Night and day, he continually contemplates the Almighty, Infinite Lord God. |
| ਰੇਣ ਸਗਲ ਇਆ ਮਨੁ ਕਰੈ ਏਊ ਕਰਮ ਕਮਾਇ ॥ | He makes his mind the dust of all; such is the karma of the deeds he does. |
| ਹੁਕਮੈ ਬੂਝੈ ਸਦਾ ਸੁਖੁ ਨਾਨਕ ਲਿਖਿਆ ਪਾਇ ॥੩੧॥ | Understanding the Hukam of the Lord's Command, he attains everlasting peace. O Nanak, such is his pre-ordained destiny. \|\|31\|\| |
| ਸਲੋਕੁ ॥ | Shalok: |
| ਤਨੁ ਮਨੁ ਧਨੁ ਅਰਪਉ ਤਿਸੈ ਪ੍ਰਭੂ ਮਿਲਾਵੈ ਮੋਹਿ ॥ | I offer my body, mind and wealth to anyone who can unite me with God. |
| ਨਾਨਕ ਭ੍ਰਮ ਭਉ ਕਾਟੀਐ ਚੂਕੈ ਜਮ ਕੀ ਜੋਹ ॥੧॥ | O Nanak, my doubts and fears have been dispelled, and the Messenger of Death does not see me any longer. \|\|1\|\| |
| ਪਉੜੀ ॥ | Pauree: |
| ਤਤਾ ਤਾ ਸਿਉ ਪ੍ਰੀਤਿ ਕਰਿ ਗੁਣ ਨਿਧਿ ਗੋਬਿਦ ਰਾਇ ॥ | TATTA: Embrace love for the Treasure of Excellence, the Sovereign Lord of the Universe. |
| ਫਲ ਪਾਵਹਿ ਮਨ ਬਾਛਤੇ ਤਪਤਿ ਤੁਹਾਰੀ ਜਾਇ ॥ | You shall obtain the fruits of your mind's desires, and your burning thirst shall be quenched. |
| ੨੫੭ | 257 |
| ਤ੍ਰਾਸ ਮਿਟੈ ਜਮ ਪੰਥ ਕੀ ਜਾਸੁ ਬਸੈ ਮਨਿ ਨਾਉ ॥ | One whose heart is filled with the Name shall have no fear on the path of death. |

| | |
|---|---|
| ਗਤਿ ਪਾਵਹਿ ਮਤਿ ਹੋਇ ਪ੍ਰਗਾਸ ਮਹਲੀ ਪਾਵਹਿ ਠਾਉ ॥ | He shall obtain salvation, and his intellect shall be enlightened; he will find his place in the Mansion of the Lord's Presence. |
| ਤਾਹੂ ਸੰਗਿ ਨ ਧਨੁ ਚਲੈ ਗ੍ਰਿਹ ਜੋਬਨ ਨਹ ਰਾਜ ॥ | Neither wealth, nor household, nor youth, nor power shall go along with you. |
| ਸੰਤਸੰਗਿ ਸਿਮਰਤ ਰਹਹੁ ਇਹੈ ਤੁਹਾਰੈ ਕਾਜ ॥ | In the Society of the Saints, meditate in remembrance on the Lord. This alone shall be of use to you. |
| ਤਾਤਾ ਕਛੂ ਨ ਹੋਈ ਹੈ ਜਉ ਤਾਪ ਨਿਵਾਰੈ ਆਪ ॥ | There will be no burning at all, when He Himself takes away your fever. |
| ਪ੍ਰਤਿਪਾਲੈ ਨਾਨਕ ਹਮਹਿ ਆਪਹਿ ਮਾਈ ਬਾਪ ॥੩੨॥ | O Nanak, the Lord Himself cherishes us; He is our Mother and Father. \|\|32\|\| |
| ਸਲੋਕੁ ॥ | Shalok: |
| ਥਾਕੇ ਬਹੁ ਬਿਧਿ ਘਾਲਤੇ ਤ੍ਰਿਪਤਿ ਨ ਤ੍ਰਿਸਨਾ ਲਾਥ ॥ | They have grown weary, struggling in all sorts of ways; but they are not satisfied, and their thirst is not quenched. |
| ਸੰਚਿ ਸੰਚਿ ਸਾਕਤ ਮੂਏ ਨਾਨਕ ਮਾਇਆ ਨ ਸਾਥ ॥੧॥ | Gathering in and hoarding what they can, the faithless cynics die, O Nanak, but the wealth of Maya does not go with them in the end. \|\|1\|\| |
| ਪਉੜੀ ॥ | Pauree: |
| ਥਥਾ ਥਿਰੁ ਕੋਊ ਨਹੀ ਕਾਇ ਪਸਾਰਹੁ ਪਾਵ ॥ | T'HAT'HA: Nothing is permanent - why do you stretch out your feet? |
| ਅਨਿਕ ਬੰਚ ਬਲ ਛਲ ਕਰਹੁ ਮਾਇਆ ਏਕ ਉਪਾਵ ॥ | You commit so many fraudulent and deceitful actions as you chase after Maya. |
| ਥੈਲੀ ਸੰਚਹੁ ਸ੍ਰਮੁ ਕਰਹੁ ਥਾਕਿ ਪਰਹੁ ਗਾਵਾਰ ॥ | You work to fill up your bag, you fool, and then you fall down exhausted. |
| ਮਨ ਕੈ ਕਾਮਿ ਨ ਆਵਈ ਅੰਤੇ ਅਉਸਰ ਬਾਰ ॥ | But this shall be of no use to you at all at that very last instant. |
| ਥਿਤਿ ਪਾਵਹੁ ਗੋਬਿਦ ਭਜਹੁ ਸੰਤਹ ਕੀ ਸਿਖ ਲੇਹੁ ॥ | You shall find stability only by vibrating upon the Lord of the Universe, and accepting the Teachings of the Saints. |
| ਪ੍ਰੀਤਿ ਕਰਹੁ ਸਦ ਏਕ ਸਿਉ ਇਆ ਸਾਚਾ ਅਸਨੇਹੁ ॥ | Embrace love for the One Lord forever - this is true love! |
| ਕਾਰਨ ਕਰਨ ਕਰਾਵਨੋ ਸਭ ਬਿਧਿ ਏਕੈ ਹਾਥ ॥ | He is the Doer, the Cause of causes. All ways and means are in His Hands alone. |

ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਨਾਨਕ ਜੰਤ ਅਨਾਥ ॥੩੩॥

Whatever You attach me to, to that I am attached; O Nanak, I am just a helpless creature. ||33||

ਸਲੋਕੁ ॥

Shalok:

ਦਾਸਹ ਏਕੁ ਨਿਹਾਰਿਆ ਸਭੁ ਕਛੁ ਦੇਵਨਹਾਰ ॥

His slaves have gazed upon the One Lord, the Giver of everything.

ਸਾਸਿ ਸਾਸਿ ਸਿਮਰਤ ਰਹਹਿ ਨਾਨਕ ਦਰਸ ਅਧਾਰ ॥੧॥

They continue to contemplate Him with each and every breath; O Nanak, the Blessed Vision of His Darshan is their Support. ||1||

ਪਉੜੀ ॥

Pauree:

ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥

DADDA: The One Lord is the Great Giver; He is the Giver to all.

ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥

There is no limit to His Giving. His countless warehouses are filled to overflowing.

ਦੈਨਹਾਰੁ ਸਦ ਜੀਵਨਹਾਰਾ ॥

The Great Giver is alive forever.

ਮਨ ਮੂਰਖ ਕਿਉ ਤਾਹਿ ਬਿਸਾਰਾ ॥

O foolish mind, why have you forgotten Him?

ਦੋਸੁ ਨਹੀ ਕਾਹੂ ਕਉ ਮੀਤਾ ॥

No one is at fault, my friend.

ਮਾਇਆ ਮੋਹ ਬੰਧੁ ਪ੍ਰਭਿ ਕੀਤਾ ॥

God created the bondage of emotional attachment to Maya.

ਦਰਦ ਨਿਵਾਰਹਿ ਜਾ ਕੇ ਆਪੇ ॥ ਨਾਨਕ ਤੇ ਤੇ ਗੁਰਮੁਖਿ ਧ੍ਰਾਪੇ ॥੩੪॥

He Himself removes the pains of the Gurmukh; O Nanak, he is fulfilled. ||34||

ਸਲੋਕੁ ॥

Shalok:

ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥

O my soul, grasp the Support of the One Lord; give up your hopes in others.

ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥੧॥

O Nanak, meditating on the Naam, the Name of the Lord, your affairs shall be resolved. ||1||

ਪਉੜੀ ॥

Pauree:

ਧਧਾ ਧਾਵਤ ਤਉ ਮਿਟੈ ਸੰਤਸੰਗਿ ਹੋਇ ਬਾਸੁ ॥

DHADHA: The mind's wanderings cease, when one comes to dwell in the Society of the Saints.

ਧੁਰ ਤੇ ਕਿਰਪਾ ਕਰਹੁ ਆਪਿ ਤਉ ਹੋਇ ਮਨਹਿ ਪਰਗਾਸੁ ॥

If the Lord is Merciful from the very beginning, then one's mind is enlightened.

| | |
|---|---|
| ਧਨੁ ਸਾਚਾ ਤੇਊ ਸਚ ਸਾਹਾ ॥ | Those who have the true wealth are the true bankers. |
| ਹਰਿ ਹਰਿ ਪੂੰਜੀ ਨਾਮ ਬਿਸਾਹਾ ॥ | The Lord, Har, Har, is their wealth, and they trade in His Name. |
| ਧੀਰਜੁ ਜਸੁ ਸੋਭਾ ਤਿਹ ਬਨਿਆ ॥ | Patience, glory and honor come to those |
| ਹਰਿ ਹਰਿ ਨਾਮੁ ਸ੍ਰਵਨ ਜਿਹ ਸੁਨਿਆ ॥ | who listen to the Name of the Lord, Har, Har. |
| ਗੁਰਮੁਖਿ ਜਿਹ ਘਟਿ ਰਹੇ ਸਮਾਈ ॥ | That Gurmukh whose heart remains merged with the Lord, |
| ਨਾਨਕ ਤਿਹ ਜਨ ਮਿਲੀ ਵਡਾਈ ॥੩੫॥ | O Nanak, obtains glorious greatness. \|\|35\|\| |
| ਸਲੋਕੁ ॥ | Shalok: |
| ਨਾਨਕ ਨਾਮੁ ਨਾਮੁ ਜਪੁ ਜਪਿਆ ਅੰਤਰਿ ਬਾਹਰਿ ਰੰਗਿ ॥ | O Nanak, one who chants the Naam, and meditates on the Naam with love inwardly and outwardly, |
| ਗੁਰਿ ਪੂਰੈ ਉਪਦੇਸਿਆ ਨਰਕੁ ਨਾਹਿ ਸਾਧਸੰਗਿ ॥੧॥ | receives the Teachings from the Perfect Guru; he joins the Saadh Sangat, the Company of the Holy, and does not fall into hell. \|\|1\|\| |
| ਪਉੜੀ ॥ | Pauree: |
| ਨੰਨਾ ਨਰਕਿ ਪਰਹਿ ਤੇ ਨਾਹੀ ॥ ਜਾ ਕੈ ਮਨਿ ਤਨਿ ਨਾਮੁ ਬਸਾਹੀ ॥ | NANNA: Those whose minds and bodies are filled with the Naam, the Name of the Lord, shall not fall into hell. |
| ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ ॥ | Those Gurmukhs who chant the treasure of the Naam, |
| ਬਿਖੁ ਮਾਇਆ ਮਹਿ ਨਾ ਓਇ ਖਪਤੇ ॥ | are not destroyed by the poison of Maya. |
| ਨੰਨਾਕਾਰੁ ਨ ਹੋਤਾ ਤਾ ਕਹੁ ॥ ਨਾਮੁ ਮੰਤ੍ਰੁ ਗੁਰਿ ਦੀਨੋ ਜਾ ਕਹੁ ॥ | Those who have been given the Mantra of the Naam by the Guru, shall not be turned away. |
| **੨੫੮** | **258** |
| ਨਿਧਿ ਨਿਧਾਨ ਹਰਿ ਅੰਮ੍ਰਿਤ ਪੂਰੇ ॥ | They are filled and fulfilled with the Ambrosial Nectar of the Lord, the Treasure of sublime wealth; |
| ਤਹ ਬਾਜੇ ਨਾਨਕ ਅਨਹਦ ਤੂਰੇ ॥੩੬॥ | O Nanak, the unstruck celestial melody vibrates for them. \|\|36\|\| |
| ਸਲੋਕੁ ॥ | Shalok: |
| ਪਤਿ ਰਾਖੀ ਗੁਰਿ ਪਾਰਬ੍ਰਹਮ ਤਜਿ ਪਰਪੰਚ ਮੋਹ ਬਿਕਾਰ ॥ | The Guru, the Supreme Lord God, preserved my honor, when I renounced hypocrisy, emotional attachment and corruption. |

| | |
|---|---|
| ਨਾਨਕ ਸੋਊ ਆਰਾਧੀਐ ਅੰਤੁ ਨ ਪਾਰਾਵਾਰੁ ॥੧॥ | O Nanak, worship and adore the One, who has no end or limitation. \|\|1\|\| |
| ਪਉੜੀ ॥ | Pauree: |
| ਪਪਾ ਪਰਮਿਤਿ ਪਾਰੁ ਨ ਪਾਇਆ ॥ | PAPPA: He is beyond estimation; His limits cannot be found. |
| ਪਤਿਤ ਪਾਵਨ ਅਗਮ ਹਰਿ ਰਾਇਆ ॥ | The Sovereign Lord King is inaccessible; |
| ਹੋਤ ਪੁਨੀਤ ਕੋਟ ਅਪਰਾਧੂ ॥ | He is the Purifier of sinners. Millions of sinners are purified; |
| ਅੰਮ੍ਰਿਤ ਨਾਮੁ ਜਪਹਿ ਮਿਲਿ ਸਾਧੂ ॥ | they meet the Holy, and chant the Ambrosial Naam, the Name of the Lord. |
| ਪਰਪਚ ਧ੍ਰੋਹ ਮੋਹ ਮਿਟਨਾਈ ॥ | Deception, fraud and emotional attachment are eliminated, |
| ਜਾ ਕਉ ਰਾਖਹੁ ਆਪਿ ਗੁਸਾਈ ॥ | by those who are protected by the Lord of the World. |
| ਪਾਤਿਸਾਹੁ ਛਤ੍ਰ ਸਿਰ ਸੋਊ ॥ | He is the Supreme King, with the royal canopy above His Head. |
| ਨਾਨਕ ਦੂਸਰ ਅਵਰੁ ਨ ਕੋਊ ॥੩੭॥ | O Nanak, there is no other at all. \|\|37\|\| |
| ਸਲੋਕੁ ॥ | Shalok: |
| ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ ॥ | The noose of Death is cut, and one's wanderings cease; victory is obtained, when one conquers his own mind. |
| ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ ॥੧॥ | O Nanak, eternal stability is obtained from the Guru, and one's day-to-day wanderings cease. \|\|1\|\| |
| ਪਉੜੀ ॥ | Pauree: |
| ਫਫਾ ਫਿਰਤ ਫਿਰਤ ਤੂ ਆਇਆ ॥ | FAFFA: After wandering and wandering for so long, you have come; |
| ਦ੍ਰੁਲਭ ਦੇਹ ਕਲਿਜੁਗ ਮਹਿ ਪਾਇਆ ॥ | in this Dark Age of Kali Yuga, you have obtained this human body, so very difficult to obtain. |
| ਫਿਰਿ ਇਆ ਅਉਸਰੁ ਚਰੈ ਨ ਹਾਥਾ ॥ | This opportunity shall not come into your hands again. |
| ਨਾਮੁ ਜਪਹੁ ਤਉ ਕਟੀਅਹਿ ਫਾਸਾ ॥ | So chant the Naam, the Name of the Lord, and the noose of Death shall be cut away. |
| ਫਿਰਿ ਫਿਰਿ ਆਵਨ ਜਾਨੁ ਨ ਹੋਈ ॥ | You shall not have to come and go in reincarnation over and over again, |
| ਏਕਹਿ ਏਕ ਜਪਹੁ ਜਪੁ ਸੋਈ ॥ | if you chant and meditate on the One and Only Lord. |

| | |
|---|---|
| ਕਰਹੁ ਕ੍ਰਿਪਾ ਪ੍ਰਭ ਕਰਨੈਹਾਰੇ ॥ | Shower Your Mercy, O God, Creator Lord, |
| ਮੇਲਿ ਲੇਹੁ ਨਾਨਕ ਬੇਚਾਰੇ ॥੩੮॥ | and unite poor Nanak with Yourself. \|\|38\|\| |
| ਸਲੋਕੁ ॥ | Shalok: |
| ਬਿਨਉ ਸੁਨਹੁ ਤੁਮ ਪਾਰਬ੍ਰਹਮ ਦੀਨ ਦਇਆਲ ਗੁਪਾਲ ॥ | Hear my prayer, O Supreme Lord God, Merciful to the meek, Lord of the World. |
| ਸੁਖ ਸੰਪੈ ਬਹੁ ਭੋਗ ਰਸ ਨਾਨਕ ਸਾਧ ਰਵਾਲ ॥੧॥ | The dust of the feet of the Holy is peace, wealth, great enjoyment and pleasure for Nanak. \|\|1\|\| |
| ਪਉੜੀ ॥ | Pauree: |
| ਬਬਾ ਬ੍ਰਹਮੁ ਜਾਨਤ ਤੇ ਬ੍ਰਹਮਾ ॥ | BABBA: One who knows God is a Brahmin. |
| ਬੈਸਨੋ ਤੇ ਗੁਰਮੁਖਿ ਸੁਚ ਧਰਮਾ ॥ | A Vaishnaav is one who, as Gurmukh, lives the righteous life of Dharma. |
| ਬੀਰਾ ਆਪਨ ਬੁਰਾ ਮਿਟਾਵੈ ॥ | One who eradicates his own evil is a brave warrior; |
| ਤਾਹੂ ਬੁਰਾ ਨਿਕਟਿ ਨਹੀ ਆਵੈ ॥ | no evil even approaches him. |
| ਬਾਧਿਓ ਆਪਨ ਹਉ ਹਉ ਬੰਧਾ ॥ | Man is bound by the chains of his own egotism, selfishness and conceit. |
| ਦੋਸੁ ਦੇਤ ਆਗਹ ਕਉ ਅੰਧਾ ॥ | The spiritually blind place the blame on others. |
| ਬਾਤ ਚੀਤ ਸਭ ਰਹੀ ਸਿਆਨਪ ॥ | But all debates and clever tricks are of no use at all. |
| ਜਿਸਹਿ ਜਨਾਵਹੁ ਸੋ ਜਾਨੈ ਨਾਨਕ ॥੩੯॥ | O Nanak, he alone comes to know, whom the Lord inspires to know. \|\|39\|\| |
| ਸਲੋਕੁ ॥ | Shalok: |
| ਭੈ ਭੰਜਨ ਅਘ ਦੂਖ ਨਾਸ ਮਨਹਿ ਅਰਾਧਿ ਹਰੇ ॥ | The Destroyer of fear, the Eradicator of sin and sorrow - enshrine that Lord in your mind. |
| ਸੰਤਸੰਗ ਜਿਹ ਰਿਦ ਬਸਿਓ ਨਾਨਕ ਤੇ ਨ ਭ੍ਰਮੇ ॥੧॥ | One whose heart abides in the Society of the Saints, O Nanak, does not wander around in doubt. \|\|1\|\| |
| ਪਉੜੀ ॥ | Pauree: |
| ਭਭਾ ਭਰਮੁ ਮਿਟਾਵਹੁ ਅਪਨਾ ॥ | BHABHA: Cast out your doubt and delusion |
| ਇਆ ਸੰਸਾਰੁ ਸਗਲ ਹੈ ਸੁਪਨਾ ॥ | this world is just a dream. |
| ਭਰਮੇ ਸੁਰਿ ਨਰ ਦੇਵੀ ਦੇਵਾ ॥ | The angelic beings, goddesses and gods are deluded by doubt. |
| ਭਰਮੇ ਸਿਧ ਸਾਧਿਕ ਬ੍ਰਹਮੇਵਾ ॥ | The Siddhas and seekers, and even Brahma are deluded by doubt. |

| | |
|---|---|
| ਭਰਮਿ ਭਰਮਿ ਮਾਨੁਖ ਡਹਕਾਏ ॥ | Wandering around, deluded by doubt, people are ruined. |
| ਦੁਤਰ ਮਹਾ ਬਿਖਮ ਇਹ ਮਾਏ ॥ | It is so very difficult and treacherous to cross over this ocean of Maya. |
| ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥ | That Gurmukh who has eradicated doubt, fear and attachment, |
| ਨਾਨਕ ਤੇਹ ਪਰਮ ਸੁਖ ਪਾਇਆ ॥੪੦॥ | O Nanak, obtains supreme peace. ‖40‖ |
| ਸਲੋਕੁ ॥ | Shalok: |
| ਮਾਇਆ ਡੋਲੈ ਬਹੁ ਬਿਧੀ ਮਨੁ ਲਪਟਿਓ ਤਿਹ ਸੰਗ ॥ | Maya clings to the mind, and causes it to waver in so many ways. |
| ਮਾਗਨ ਤੇ ਜਿਹ ਤੁਮ ਰਖਹੁ ਸੁ ਨਾਨਕ ਨਾਮਹਿ ਰੰਗ ॥੧॥ | When You, O Lord, restrain someone from asking for wealth, then, O Nanak, he comes to love the Name. ‖1‖ |
| ਪਉੜੀ ॥ | Pauree: |
| ਮਮਾ ਮਾਗਨਹਾਰ ਇਆਨਾ ॥ | MAMMA: The beggar is so ignorant |
| ਦੇਨਹਾਰ ਦੇ ਰਹਿਓ ਸੁਜਾਨਾ ॥ | the Great Giver continues to give. He is All-knowing. |
| ਜੋ ਦੀਨੋ ਸੋ ਏਕਹਿ ਬਾਰ ॥ | Whatever He gives, He gives once and for all. |
| ਮਨ ਮੂਰਖ ਕਹ ਕਰਹਿ ਪੁਕਾਰ ॥ | O foolish mind, why do you complain, and cry out so loud? |
| ਜਉ ਮਾਗਹਿ ਤਉ ਮਾਗਹਿ ਬੀਆ ॥ | Whenever you ask for something, you ask for worldly things; |
| ਜਾ ਤੇ ਕੁਸਲ ਨ ਕਾਹੂ ਥੀਆ ॥ | no one has obtained happiness from these. |
| ਮਾਗਨਿ ਮਾਗ ਤ ਏਕਹਿ ਮਾਗ ॥ | If you must ask for a gift, then ask for the One Lord. |
| ਨਾਨਕ ਜਾ ਤੇ ਪਰਹਿ ਪਰਾਗ ॥੪੧॥ | O Nanak, by Him, you shall be saved. ‖41‖ |

## ੨੫੯ / 259

| | |
|---|---|
| ਸਲੋਕ ॥ | Shalok: |
| ਮਤਿ ਪੂਰੀ ਪਰਧਾਨ ਤੇ ਗੁਰ ਪੂਰੇ ਮਨ ਮੰਤ ॥ | Perfect is the intellect, and most distinguished is the reputation, of those whose minds are filled with the Mantra of the Perfect Guru. |
| ਜਿਹ ਜਾਨਿਓ ਪ੍ਰਭੁ ਆਪੁਨਾ ਨਾਨਕ ਤੇ ਭਗਵੰਤ ॥੧॥ | Those who come to know their God, O Nanak, are very fortunate. ‖1‖ |

| | |
|---|---|
| ਪਉੜੀ ॥ | Pauree: |
| ਮਮਾ ਜਾਹੂ ਮਰਮੁ ਪਛਾਨਾ ॥ ਭੇਟਤ ਸਾਧਸੰਗ ਪਤੀਆਨਾ ॥ | MAMMA: Those who understand God's mystery are satisfied, joining the Saadh Sangat, the Company of the Holy. |
| ਦੁਖ ਸੁਖ ਉਆ ਕੈ ਸਮਤ ਬੀਚਾਰਾ ॥ | They look upon pleasure and pain as the same. |
| ਨਰਕ ਸੁਰਗ ਰਹਤ ਅਉਤਾਰਾ ॥ | They are exempt from incarnation into heaven or hell. |
| ਤਾਹੂ ਸੰਗ ਤਾਹੂ ਨਿਰਲੇਪਾ ॥ | They live in the world, and yet they are detached from it. |
| ਪੂਰਨ ਘਟ ਘਟ ਪੁਰਖ ਬਿਸੇਖਾ ॥ | The Sublime Lord, the Primal Being, is totally pervading each and every heart. |
| ਉਆ ਰਸ ਮਹਿ ਉਆਹੂ ਸੁਖੁ ਪਾਇਆ ॥ | In His Love, they find peace. |
| ਨਾਨਕ ਲਿਪਤ ਨਹੀ ਤਿਹ ਮਾਇਆ ॥੪੨॥ | O Nanak, Maya does not cling to them at all. \|\|42\|\| |
| ਸਲੋਕੁ ॥ | Shalok: |
| ਯਾਰ ਮੀਤ ਸੁਨਿ ਸਾਜਨਹੁ ਬਿਨੁ ਹਰਿ ਛੂਟਨੁ ਨਾਹਿ ॥ | Listen, my dear friends and companions: without the Lord, there is no salvation. |
| ਨਾਨਕ ਤਿਹ ਬੰਧਨ ਕਟੇ ਗੁਰ ਕੀ ਚਰਨੀ ਪਾਹਿ ॥੧॥ | O Nanak, one who falls at the Feet of the Guru, has his bonds cut away. \|\|1\|\| |
| ਪਵੜੀ ॥ | Pauree: |
| ਯਯਾ ਜਤਨ ਕਰਤ ਬਹੁ ਬਿਧੀਆ ॥ | YAYYA: People try all sorts of things, |
| ਏਕ ਨਾਮ ਬਿਨੁ ਕਹ ਲਉ ਸਿਧੀਆ ॥ | but without the One Name, how far can they succeed? |
| ਯਾਹੂ ਜਤਨ ਕਰਿ ਹੋਤ ਛੁਟਾਰਾ ॥ | Those efforts, by which emancipation may be attained |
| ਉਆਹੂ ਜਤਨ ਸਾਧ ਸੰਗਾਰਾ ॥ | those efforts are made in the Saadh Sangat, the Company of the Holy. |
| ਯਾ ਉਬਰਨ ਧਾਰੈ ਸਭੁ ਕੋਊ ॥ | Everyone has this idea of salvation, |
| ਉਆਹਿ ਜਪੇ ਬਿਨੁ ਉਬਰ ਨ ਹੋਊ ॥ | but without meditation, there can be no salvation. |
| ਯਾਹੂ ਤਰਨ ਤਾਰਨ ਸਮਰਾਥਾ ॥ | The All-powerful Lord is the boat to carry us across. |
| ਰਾਖਿ ਲੇਹੁ ਨਿਰਗੁਨ ਨਰਨਾਥਾ ॥ | O Lord, please save these worthless beings! |
| ਮਨ ਬਚ ਕ੍ਰਮ ਜਿਹ ਆਪਿ ਜਨਾਈ ॥ | Those whom the Lord Himself instructs in thought, word and deed |
| ਨਾਨਕ ਤਿਹ ਮਤਿ ਪ੍ਰਗਟੀ ਆਈ ॥੪੩॥ | - O Nanak, their intellect is enlightened. \|\|43\|\| |

| | |
|---|---|
| ਸਲੋਕੁ ॥ | Shalok: |
| ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ ॥ | Do not be angry with anyone else; look within your own self instead. |
| ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ ॥੧॥ | Be humble in this world, O Nanak, and by His Grace you shall be carried across. ‖1‖ |
| ਪਉੜੀ ॥ | Pauree: |
| ਰਾਰਾ ਰੇਨ ਹੋਤ ਸਭ ਜਾ ਕੀ ॥ | RARRA: Be the dust under the feet of all. |
| ਤਜਿ ਅਭਿਮਾਨੁ ਛੁਟੈ ਤੇਰੀ ਬਾਕੀ ॥ | Give up your egotistical pride, and the balance of your account shall be written off. |
| ਰਣਿ ਦਰਗਹਿ ਤਉ ਸੀਝਹਿ ਭਾਈ ॥ | Then, you shall win the battle in the Court of the Lord, O Siblings of Destiny. |
| ਜਉ ਗੁਰਮੁਖਿ ਰਾਮ ਨਾਮ ਲਿਵ ਲਾਈ ॥ | As Gurmukh, lovingly attune yourself to the Lord's Name. |
| ਰਹਤ ਰਹਤ ਰਹਿ ਜਾਹਿ ਬਿਕਾਰਾ ॥ ਗੁਰ ਪੂਰੇ ਕੈ ਸਬਦਿ ਅਪਾਰਾ ॥ | Your evil ways shall be slowly and steadily blotted out, by the Shabad, the Incomparable Word of the Perfect Guru. |
| ਰਾਤੇ ਰੰਗ ਨਾਮ ਰਸ ਮਾਤੇ ॥ | You shall be imbued with the Lord's Love, and intoxicated with the Nectar of the Naam. |
| ਨਾਨਕ ਹਰਿ ਗੁਰ ਕੀਨੀ ਦਾਤੇ ॥੪੪॥ | O Nanak, the Lord, the Guru, has given this gift. ‖44‖ |
| ਸਲੋਕੁ ॥ | Shalok: |
| ਲਾਲਚ ਝੂਠ ਬਿਖੈ ਬਿਆਧਿ ਇਆ ਦੇਹੀ ਮਹਿ ਬਾਸ ॥ | The afflictions of greed, falsehood and corruption abide in this body. |
| ਹਰਿ ਹਰਿ ਅੰਮ੍ਰਿਤੁ ਗੁਰਮੁਖਿ ਪੀਆ ਨਾਨਕ ਸੂਖਿ ਨਿਵਾਸ ॥੧॥ | Drinking in the Ambrosial Nectar of the Lord's Name, Har, Har, O Nanak, the Gurmukh abides in peace. ‖1‖ |
| ਪਉੜੀ ॥ | Pauree: |
| ਲਲਾ ਲਾਵਉ ਅਉਖਧ ਜਾਹੂ ॥ | LALLA: One who takes the medicine of the Naam, the Name of the Lord, |
| ਦੂਖ ਦਰਦ ਤਿਹ ਮਿਟਹਿ ਖਿਨਾਹੂ ॥ | is cured of his pain and sorrow in an instant. |
| ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥ | One whose heart is filled with the medicine of the Naam, |
| ਤਾਹਿ ਰੋਗੁ ਸੁਪਨੈ ਨਹੀ ਆਵੈ ॥ | is not infested with disease, even in his dreams. |
| ਹਰਿ ਅਉਖਧੁ ਸਭ ਘਟ ਹੈ ਭਾਈ ॥ | The medicine of the Lord's Name is in all hearts, O Siblings of Destiny. |

| | |
|---|---|
| ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥ | Without the Perfect Guru, no one knows how to prepare it. |
| ਗੁਰਿ ਪੂਰੈ ਸੰਜਮੁ ਕਰਿ ਦੀਆ ॥ | When the Perfect Guru gives the instructions to prepare it, |
| ਨਾਨਕ ਤਉ ਫਿਰਿ ਦੂਖ ਨ ਥੀਆ ॥੪੫॥ | then, O Nanak, one does not suffer illness again. ‖45‖ |
| ਸਲੋਕੁ ॥ | Shalok: |
| ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ ॥ | The All-pervading Lord is in all places. There is no place where He does not exist. |
| ਅੰਤਰਿ ਬਾਹਰਿ ਸੰਗਿ ਹੈ ਨਾਨਕ ਕਾਇ ਦੁਰਾਇ ॥੧॥ | Inside and outside, He is with you. O Nanak, what can be hidden from Him? ‖1‖ |
| ਪਉੜੀ ॥ | Pauree: |
| ਵਵਾ ਵੈਰੁ ਨ ਕਰੀਐ ਕਾਹੂ ॥ | WAWWA: Do not harbor hatred against anyone. |
| ਘਟ ਘਟ ਅੰਤਰਿ ਬ੍ਰਹਮ ਸਮਾਹੂ ॥ | In each and every heart, God is contained. |
| ਵਾਸੁਦੇਵ ਜਲ ਥਲ ਮਹਿ ਰਵਿਆ ॥ | The All-pervading Lord is permeating and pervading the oceans and the land. |
| ਗੁਰ ਪ੍ਰਸਾਦਿ ਵਿਰਲੈ ਹੀ ਗਵਿਆ ॥ | How rare are those who, by Guru's Grace, sing of Him. |
| ਵੈਰ ਵਿਰੋਧ ਮਿਟੇ ਤਿਹ ਮਨ ਤੇ ॥ | Hatred and alienation depart from those |
| ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ ॥ | who, as Gurmukh, listen to the Kirtan of the Lord's Praises. |
| ਵਰਨ ਚਿਹਨ ਸਗਲਹ ਤੇ ਰਹਤਾ ॥ ਨਾਨਕ ਹਰਿ ਹਰਿ ਗੁਰਮੁਖਿ ਜੋ ਕਹਤਾ ॥੪੬॥ | O Nanak, one who becomes Gurmukh chants the Name of the Lord, Har, Har, and rises above all social classes and status symbols. ‖46‖ |

## ੨੬੦ | 260

| | |
|---|---|
| ਸਲੋਕੁ ॥ | Shalok: |
| ਹਉ ਹਉ ਕਰਤ ਬਿਹਾਨੀਆ ਸਾਕਤ ਮੁਗਧ ਅਜਾਨ ॥ | Acting in egotism, selfishness and conceit, the foolish, ignorant, faithless cynic wastes his life. |
| ੜੜਕਿ ਮੁਏ ਜਿਉ ਤ੍ਰਿਖਾਵੰਤ ਨਾਨਕ ਕਿਰਤਿ ਕਮਾਨ ॥੧॥ | He dies in agony, like one dying of thirst; O Nanak, this is because of the deeds he has done. ‖1‖ |
| ਪਉੜੀ ॥ | Pauree: |
| ੜਾੜਾ ੜਾੜਿ ਮਿਟੈ ਸੰਗਿ ਸਾਧੂ ॥ | RARRA: Conflict is eliminated in the Saadh Sangat, the Company of the Holy; |

| | |
|---|---|
| ਕਰਮ ਧਰਮ ਤਤੁ ਨਾਮ ਅਰਾਧੂ ॥ | meditate in adoration on the Naam, the Name of the Lord, the essence of karma and Dharma. |
| ਰੂੜੋ ਜਿਹ ਬਸਿਓ ਰਿਦ ਮਾਹੀ ॥ | When the Beautiful Lord abides within the heart, |
| ਉਆ ਕੀ ਝਾੜਿ ਮਿਟਤ ਬਿਨਸਾਹੀ ॥ | conflict is erased and ended. |
| ਝਾੜਿ ਕਰਤ ਸਾਕਤ ਗਾਵਾਰਾ ॥ | The foolish, faithless cynic picks arguments |
| ਜੇਹ ਹੀਐ ਅਹੰਬੁਧਿ ਬਿਕਾਰਾ ॥ | his heart is filled with corruption and egotistical intellect. |
| ਝਾੜਾ ਗੁਰਮੁਖਿ ਝਾੜਿ ਮਿਟਾਈ ॥ ਨਿਮਖ ਮਾਹਿ ਨਾਨਕ ਸਮਝਾਈ ॥੪੭॥ | RARRA: For the Gurmukh, conflict is eliminated in an instant, O Nanak, through the Teachings. \|\|47\|\| |
| ਸਲੋਕੁ ॥ | Shalok: |
| ਸਾਧੂ ਕੀ ਮਨ ਓਟ ਗਹੁ ਉਕਤਿ ਸਿਆਨਪ ਤਿਆਗੁ ॥ | O mind, grasp the Support of the Holy Saint; give up your clever arguments. |
| ਗੁਰ ਦੀਖਿਆ ਜਿਹ ਮਨਿ ਬਸੈ ਨਾਨਕ ਮਸਤਕਿ ਭਾਗੁ ॥੧॥ | One who has the Guru's Teachings within his mind, O Nanak, has good destiny inscribed upon his forehead. \|\|1\|\| |
| ਪਉੜੀ ॥ | Pauree: |
| ਸਸਾ ਸਰਨਿ ਪਰੇ ਅਬ ਹਾਰੇ ॥ ਸਾਸਤ੍ਰ ਸਿਮ੍ਰਿਤਿ ਬੇਦ ਪੂਕਾਰੇ ॥ | SASSA: I have now entered Your Sanctuary, Lord; I am so tired of reciting the Shaastras, the Simritees and the Vedas. |
| ਸੋਧਤ ਸੋਧਤ ਸੋਧਿ ਬੀਚਾਰਾ ॥ | I searched and searched and searched, and now I have come to realize, |
| ਬਿਨੁ ਹਰਿ ਭਜਨ ਨਹੀ ਛੁਟਕਾਰਾ ॥ | that without meditating on the Lord, there is no emancipation. |
| ਸਾਸਿ ਸਾਸਿ ਹਮ ਭੂਲਨਹਾਰੇ ॥ | With each and every breath, I make mistakes. |
| ਤੁਮ ਸਮਰਥ ਅਗਨਤ ਅਪਾਰੇ ॥ | You are All-powerful, endless and infinite. |
| ਸਰਨਿ ਪਰੇ ਕੀ ਰਾਖੁ ਦਇਆਲਾ ॥ | I seek Your Sanctuary - please save me, Merciful Lord! |
| ਨਾਨਕ ਤੁਮਰੇ ਬਾਲ ਗੁਪਾਲਾ ॥੪੮॥ | Nanak is Your child, O Lord of the World. \|\|48\|\| |
| ਸਲੋਕੁ ॥ | Shalok: |
| ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ ॥ | When selfishness and conceit are erased, peace comes, and the mind and body are healed. |
| ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ ॥੧॥ | O Nanak, then He comes to be seen - the One who is worthy of praise. \|\|1\|\| |

| | |
|---|---|
| ਪਉੜੀ ॥ | Pauree: |
| ਖਖਾ ਖਰਾ ਸਰਾਹਉ ਤਾਹੂ ॥ | KHAKHA: Praise and extol Him on High, |
| ਜੋ ਖਿਨ ਮਹਿ ਊਨੇ ਸੁਭਰ ਭਰਾਹੂ ॥ | who fills the empty to over-flowing in an instant. |
| ਖਰਾ ਨਿਮਾਨਾ ਹੋਤ ਪਰਾਨੀ ॥ | When the mortal being becomes totally humble, |
| ਅਨਦਿਨੁ ਜਾਪੈ ਪ੍ਰਭ ਨਿਰਬਾਨੀ ॥ | then he meditates night and day on God, the Detached Lord of Nirvaanaa. |
| ਭਾਵੈ ਖਸਮ ਤ ਉਆ ਸੁਖੁ ਦੇਤਾ ॥ | If it pleases the Will of our Lord and Master, then He blesses us with peace. |
| ਪਾਰਬ੍ਰਹਮੁ ਐਸੋ ਆਗਨਤਾ ॥ | Such is the Infinite, Supreme Lord God. |
| ਅਸੰਖ ਖਤੇ ਖਿਨ ਬਖਸਨਹਾਰਾ ॥ | He forgives countless sins in an instant. |
| ਨਾਨਕ ਸਾਹਿਬ ਸਦਾ ਦਇਆਰਾ ॥੪੯॥ | O Nanak, our Lord and Master is merciful forever. \|\|49\|\| |
| ਸਲੋਕੁ ॥ | Shalok: |
| ਸਤਿ ਕਹਉ ਸੁਨਿ ਮਨ ਮੇਰੇ ਸਰਨਿ ਪਰਹੁ ਹਰਿ ਰਾਇ ॥ | I speak the Truth - listen, O my mind: take to the Sanctuary of the Sovereign Lord King. |
| ਉਕਤਿ ਸਿਆਨਪ ਸਗਲ ਤਿਆਗਿ ਨਾਨਕ ਲਏ ਸਮਾਇ ॥੧॥ | Give up all your clever tricks, O Nanak, and He shall absorb you into Himself. \|\|1\|\| |
| ਪਉੜੀ ॥ | Pauree: |
| ਸਸਾ ਸਿਆਨਪ ਛਾਡੁ ਇਆਨਾ ॥ | SASSA: Give up your clever tricks, you ignorant fool! |
| ਹਿਕਮਤਿ ਹੁਕਮਿ ਨ ਪ੍ਰਭੁ ਪਤੀਆਨਾ ॥ | God is not pleased with clever tricks and commands. |
| ਸਹਸ ਭਾਤਿ ਕਰਹਿ ਚਤੁਰਾਈ ॥ | You may practice a thousand forms of cleverness, |
| ਸੰਗਿ ਤੁਹਾਰੈ ਏਕ ਨ ਜਾਈ ॥ | but not even one will go along with you in the end. |
| ਸੋਊ ਸੋਊ ਜਪਿ ਦਿਨ ਰਾਤੀ ॥ | Meditate on that Lord, that Lord, day and night. |
| ਰੇ ਜੀਅ ਚਲੈ ਤੁਹਾਰੈ ਸਾਥੀ ॥ | O soul, He alone shall go along with you. |
| ਸਾਧ ਸੇਵਾ ਲਾਵੈ ਜਿਹ ਆਪੈ ॥ | Those whom the Lord Himself commits to the service of the Holy, |
| ਨਾਨਕ ਤਾ ਕਉ ਦੂਖੁ ਨ ਬਿਆਪੈ ॥੫੦॥ | O Nanak, are not afflicted by suffering. \|\|50\|\| |
| ਸਲੋਕੁ ॥ | Shalok: |
| ਹਰਿ ਹਰਿ ਮੁਖ ਤੇ ਬੋਲਨਾ ਮਨਿ ਵੂਠੈ ਸੁਖੁ ਹੋਇ ॥ | Chanting the Name of the Lord, Har, Har, and keeping it in your mind, you shall find peace. |

| | |
|---|---|
| ਨਾਨਕ ਸਭ ਮਹਿ ਰਵਿ ਰਹਿਆ ਥਾਨ ਥਨੰਤਰਿ ਸੋਇ ॥੧॥ | O Nanak, the Lord is pervading everywhere; He is contained in all spaces and interspaces. \|\|1\|\| |
| ਪਉੜੀ ॥ | Pauree: |
| ਹੇਰਉ ਘਟਿ ਘਟਿ ਸਗਲ ਕੈ ਪੂਰਿ ਰਹੇ ਭਗਵਾਨ ॥ | Behold! The Lord God is totally pervading each and every heart. |
| ਹੋਵਤ ਆਏ ਸਦ ਸਦੀਵ ਦੁਖ ਭੰਜਨ ਗੁਰ ਗਿਆਨ ॥ | Forever and ever, the Guru's wisdom has been the Destroyer of pain. |
| ਹਉ ਛੁਟਕੈ ਹੋਇ ਅਨੰਦੁ ਤਿਹ ਹਉ ਨਾਹੀ ਤਹ ਆਪਿ ॥ | Quieting the ego, ecstasy is obtained. Where the ego does not exist, God Himself is there. |
| ਹਤੇ ਦੂਖ ਜਨਮਹ ਮਰਨ ਸੰਤਸੰਗ ਪਰਤਾਪ ॥ | The pain of birth and death is removed, by the power of the Society of the Saints. |
| ਹਿਤ ਕਰਿ ਨਾਮ ਦ੍ਰਿੜੈ ਦਇਆਲਾ ॥ ਸੰਤਹ ਸੰਗਿ ਹੋਤ ਕਿਰਪਾਲਾ ॥ | He becomes kind to those who lovingly enshrine the Name of the Merciful Lord within their hearts, in the Society of the Saints. |

## ੨੬੧     261

| | |
|---|---|
| ਓਰੈ ਕਛੂ ਨ ਕਿਨਹੂ ਕੀਆ ॥ | In this world, no one accomplishes anything by himself. |
| ਨਾਨਕ ਸਭੁ ਕਛੁ ਪ੍ਰਭ ਤੇ ਹੂਆ ॥੫੧॥ | O Nanak, everything is done by God. \|\|51\|\| |
| ਸਲੋਕੁ ॥ | Shalok: |
| ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥ | Because of the balance due on his account, he can never be released; he makes mistakes each and every moment. |
| ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥੧॥ | O Forgiving Lord, please forgive me, and carry Nanak across. \|\|1\|\| |
| ਪਉੜੀ ॥ | Pauree: |
| ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ ॥ | The sinner is unfaithful to himself; he is ignorant, with shallow understanding. |
| ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ ॥ | He does not know the essence of all, the One who gave him body, soul and peace. |
| ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ ॥ | For the sake of personal profit and Maya, he goes out, searching in the ten directions. |

ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ ॥

He does not enshrine the Generous Lord God, the Great Giver, in his mind, even for an instant.

ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥

Greed, falsehood, corruption and emotional attachment - these are what he collects within his mind.

ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ ॥

The worst perverts, thieves and slanderers - he passes his time with them.

ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥

But if it pleases You, Lord, then You forgive the counterfeit along with the genuine.

ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥੫੨॥

O Nanak, if it pleases the Supreme Lord God, then even a stone will float on water. ||52||

ਸਲੋਕੁ ॥

Shalok:

ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ ॥

Eating, drinking, playing and laughing, I have wandered through countless incarnations.

ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ ॥੧॥

Please, God, lift me up and out of the terrifying world-ocean. Nanak seeks Your Support. ||1||

ਪਉੜੀ ॥

Pauree:

ਖੇਲਤ ਖੇਲਤ ਆਇਓ ਅਨਿਕ ਜੋਨਿ ਦੁਖ ਪਾਇ ॥

Playing, playing, I have been reincarnated countless times, but this has only brought pain.

ਖੇਦ ਮਿਟੇ ਸਾਧੂ ਮਿਲਤ ਸਤਿਗੁਰ ਬਚਨ ਸਮਾਇ ॥

Troubles are removed, when one meets with the Holy; immerse yourself in the Word of the True Guru.

ਖਿਮਾ ਗਹੀ ਸਚੁ ਸੰਚਿਓ ਖਾਇਓ ਅੰਮ੍ਰਿਤੁ ਨਾਮ ॥

Adopting an attitude of tolerance, and gathering truth, partake of the Ambrosial Nectar of the Name.

ਖਰੀ ਕ੍ਰਿਪਾ ਠਾਕੁਰ ਭਈ ਅਨਦ ਸੂਖ ਬਿਸ੍ਰਾਮ ॥

When my Lord and Master showed His Great Mercy, I found peace, happiness and bliss.

ਖੇਪ ਨਿਬਾਹੀ ਬਹੁਤੁ ਲਾਭ ਘਰਿ ਆਏ ਪਤਿਵੰਤ ॥

My merchandise has arrived safely, and I have made a great profit; I have returned home with honor.

ਖਰਾ ਦਿਲਾਸਾ ਗੁਰਿ ਦੀਆ ਆਇ ਮਿਲੇ ਭਗਵੰਤ ॥

The Guru has given me great consolation, and the Lord God has come to meet me.

ਆਪਨ ਕੀਆ ਕਰਹਿ ਆਪਿ ਆਗੈ ਪਾਛੈ ਆਪਿ ॥

He Himself has acted, and He Himself acts. He was in the past, and He shall be in the future.

ਨਾਨਕ ਸੋਊ ਸਰਾਹੀਐ ਜਿ ਘਟਿ ਘਟਿ ਰਹਿਆ ਬਿਆਪਿ ॥੫੩॥

O Nanak, praise the One, who is contained in each and every heart. ||53||

| | |
|---|---|
| ਸਲੋਕੁ ॥ | Shalok: |
| ਆਏ ਪ੍ਰਭ ਸਰਨਾਗਤੀ ਕਿਰਪਾ ਨਿਧਿ ਦਇਆਲ ॥ | O God, I have come to Your Sanctuary, O Merciful Lord, Ocean of compassion. |
| ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥੧॥ | One whose mind is filled with the One Word of the Lord, O Nanak, becomes totally blissful. \|\|1\|\| |
| ਪਉੜੀ ॥ | Pauree: |
| ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥ | In the Word, God established the three worlds. |
| ਅਖਰ ਕਰਿ ਕਰਿ ਬੇਦ ਬੀਚਾਰੇ ॥ | Created from the Word, the Vedas are contemplated. |
| ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥ | From the Word, came the Shaastras, Simritees and Puraanas. |
| ਅਖਰ ਨਾਦ ਕਥਨ ਵਖ੍ਯ੍ਯਾਨਾ ॥ | From the Word, came the sound current of the Naad, speeches and explanations. |
| ਅਖਰ ਮੁਕਤਿ ਜੁਗਤਿ ਭੈ ਭਰਮਾ ॥ | From the Word, comes the way of liberation from fear and doubt. |
| ਅਖਰ ਕਰਮ ਕਿਰਤਿ ਸੁਚ ਧਰਮਾ ॥ | From the Word, come religious rituals, karma, sacredness and Dharma. |
| ਦ੍ਰਿਸਟਿਮਾਨ ਅਖਰ ਹੈ ਜੇਤਾ ॥ | In the visible universe, the Word is seen. |
| ਨਾਨਕ ਪਾਰਬ੍ਰਹਮ ਨਿਰਲੇਪਾ ॥੫੪॥ | O Nanak, the Supreme Lord God remains unattached and untouched. \|\|54\|\| |
| ਸਲੋਕੁ ॥ | Shalok: |
| ਹਥਿ ਕਲੰਮ ਅਗੰਮ ਮਸਤਕਿ ਲਿਖਾਵਤੀ ॥ | With pen in hand, the Inaccessible Lord writes man's destiny on his forehead. |
| ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ ॥ | The Lord of Incomparable Beauty is involved with all. |
| ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥ | I cannot describe Your Praises with my mouth, O Lord. |
| ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥੧॥ | Nanak is fascinated, gazing upon the Blessed Vision of Your Darshan; he is a sacrifice to You. \|\|1\|\| |
| ਪਉੜੀ ॥ | Pauree: |
| ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ ॥ | O Immovable Lord, O Supreme Lord God, Imperishable, Destroyer of sins: |

ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਣਤਾਸ ॥

O Perfect, All-pervading Lord, Destroyer of pain, Treasure of virtue:

ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ ॥

O Companion, Formless, Absolute Lord, Support of all:

ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ ॥

O Lord of the Universe, Treasure of excellence, with clear eternal understanding:

ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ ॥

Most Remote of the Remote, Lord God: You are, You were, and You shall always be.

ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ ॥

O Constant Companion of the Saints, You are the Support of the unsupported.

ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ ॥

O my Lord and Master, I am Your slave. I am worthless, I have no worth at all.

## ੨੬੨

## 262

ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ ॥੫੫॥

Nanak: grant me the Gift of Your Name, Lord, that I may string it and keep it within my heart. ||55||

ਸਲੋਕੁ ॥

Shalok:

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥

The Divine Guru is our mother, the Divine Guru is our father; the Divine Guru is our Lord and Master, the Transcendent Lord.

ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥

The Divine Guru is my companion, the Destroyer of ignorance; the Divine Guru is my relative and brother.

ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥

The Divine Guru is the Giver, the Teacher of the Lord's Name. The Divine Guru is the Mantra which never fails.

ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥

The Divine Guru is the image of peace, truth and wisdom. The Divine Guru is the Philosopher's Stone - touching it, one is transformed.

ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥

The Divine Guru is the sacred shrine of pilgrimage, and the pool of divine nectar; bathing in the Guru's wisdom, one experiences the Infinite.

ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥

The Divine Guru is the Creator, and the Destroyer of all sins; the Divine Guru is the Purifier of sinners.

| | |
|---|---|
| ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥ | The Divine Guru existed in the very beginning, throughout the ages, in each and every age. The Divine Guru is the Mantra of the Lord's Name; chanting it, one is saved. |
| ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥ | O God, please be merciful to me, that I may be with the Divine Guru; I am a foolish sinner, but holding onto Him, I will be carried across. |
| ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥੧॥ | The Divine Guru is the True Guru, the Supreme Lord God, the Transcendent Lord; Nanak bows in humble reverence to the Lord, the Divine Guru. \|\|1\|\| |
| ਏਹੁ ਸਲੋਕੁ ਆਦਿ ਅੰਤਿ ਪੜਣਾ ॥ | Read this Shalok at the beginning, and at the end. \|\| |
| ਗਉੜੀ ਸੁਖਮਨੀ ਮਃ ੫ ॥ | Gauree Sukhmani, Fifth Mehl, |
| ਸਲੋਕੁ ॥ | Shalok: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਆਦਿ ਗੁਰਏ ਨਮਹ ॥ | I bow to the Primal Guru. |
| ਜੁਗਾਦਿ ਗੁਰਏ ਨਮਹ ॥ | I bow to the Guru of the ages. |
| ਸਤਿਗੁਰਏ ਨਮਹ ॥ | I bow to the True Guru. |
| ਸ੍ਰੀ ਗੁਰਦੇਵਏ ਨਮਹ ॥੧॥ | I bow to the Great, Divine Guru. \|\|1\|\| |
| ਅਸਟਪਦੀ ॥ | Ashtapadee: |
| ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ | Meditate, meditate, meditate in remembrance of Him, and find peace. |
| ਕਲਿ ਕਲੇਸ ਤਨ ਮਾਹਿ ਮਿਟਾਵਉ ॥ | Worry and anguish shall be dispelled from your body. |
| ਸਿਮਰਉ ਜਾਸੁ ਬਿਸੁੰਭਰ ਏਕੈ ॥ | Remember in praise the One who pervades the whole Universe. |
| ਨਾਮੁ ਜਪਤ ਅਗਨਤ ਅਨੇਕੈ ॥ | His Name is chanted by countless people, in so many ways. |
| ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ ॥ | The Vedas, the Puraanas and the Simritees, the purest of utterances, |
| ਕੀਨੇ ਰਾਮ ਨਾਮ ਇਕ ਆਖ੍ਯਰ ॥ | were created from the One Word of the Name of the Lord. |
| ਕਿਨਕਾ ਏਕ ਜਿਸੁ ਜੀਅ ਬਸਾਵੈ ॥ | That one, in whose soul the One Lord dwells |
| ਤਾ ਕੀ ਮਹਿਮਾ ਗਨੀ ਨ ਆਵੈ ॥ | the praises of his glory cannot be recounted. |
| ਕਾਂਖੀ ਏਕੈ ਦਰਸ ਤੁਹਾਰੋ ॥ | Those who yearn only for the blessing of Your Darshan |

| | |
|---|---|
| ਨਾਨਕ ਉਨ ਸੰਗਿ ਮੋਹਿ ਉਧਾਰੋ ॥੧॥ | - Nanak: save me along with them! ‖1‖ |
| ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ | Sukhmani: Peace of Mind, the Nectar of the Name of God. |
| ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥ | The minds of the devotees abide in a joyful peace. ‖Pause‖ |
| ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥ | Remembering God, one does not have to enter into the womb again. |
| ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥ | Remembering God, the pain of death is dispelled. |
| ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥ | Remembering God, death is eliminated. |
| ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥ | Remembering God, one's enemies are repelled. |
| ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥ | Remembering God, no obstacles are met. |
| ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥ | Remembering God, one remains awake and aware, night and day. |
| ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥ | Remembering God, one is not touched by fear. |
| ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥ | Remembering God, one does not suffer sorrow. |
| ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥ | The meditative remembrance of God is in the Company of the Holy. |
| ਸਰਬ ਨਿਧਾਨ ਨਾਨਕ ਹਰਿ ਰੰਗਿ ॥੨॥ | All treasures, O Nanak, are in the Love of the Lord. ‖2‖ |
| ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥ | In the remembrance of God are wealth, miraculous spiritual powers and the nine treasures. |
| ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥ | In the remembrance of God are knowledge, meditation and the essence of wisdom. |
| ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥ | In the remembrance of God are chanting, intense meditation and devotional worship. |
| ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥ | In the remembrance of God, duality is removed. |
| ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥ | In the remembrance of God are purifying baths at sacred shrines of pilgrimage. |
| ਪ੍ਰਭ ਕੈ ਸਿਮਰਨਿ ਦਰਗਹ ਮਾਨੀ ॥ | In the remembrance of God, one attains honor in the Court of the Lord. |
| ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥ | In the remembrance of God, one becomes good. |
| ਪ੍ਰਭ ਕੈ ਸਿਮਰਨਿ ਸੁਫਲ ਫਲਾ ॥ | In the remembrance of God, one flowers in fruition. |
| ਸੇ ਸਿਮਰਹਿ ਜਿਨ ਆਪਿ ਸਿਮਰਾਏ ॥ | They alone remember Him in meditation, whom He inspires to meditate. |

# ੨੬੩ 263

| | |
|---|---|
| ਨਾਨਕ ਤਾ ਕੈ ਲਾਗਉ ਪਾਏ ॥੩॥ | Nanak grasps the feet of those humble beings. \|\|3\|\| |
| ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥ | The remembrance of God is the highest and most exalted of all. |
| ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥ | In the remembrance of God, many are saved. |
| ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥ | In the remembrance of God, thirst is quenched. |
| ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥ | In the remembrance of God, all things are known. |
| ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥ | In the remembrance of God, there is no fear of death. |
| ਪ੍ਰਭ ਕੈ ਸਿਮਰਨਿ ਪੂਰਨ ਆਸਾ ॥ | In the remembrance of God, hopes are fulfilled. |
| ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥ | In the remembrance of God, the filth of the mind is removed. |
| ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥ | The Ambrosial Naam, the Name of the Lord, is absorbed into the heart. |
| ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥ | God abides upon the tongues of His Saints. |
| ਨਾਨਕ ਜਨ ਕਾ ਦਾਸਨਿ ਦਸਨਾ ॥੪॥ | Nanak is the servant of the slave of His slaves. \|\|4\|\| |
| ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥ | Those who remember God are wealthy. |
| ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥ | Those who remember God are honorable. |
| ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥ | Those who remember God are approved. |
| ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥ | Those who remember God are the most distinguished persons. |
| ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥ | Those who remember God are not lacking. |
| ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥ | Those who remember God are the rulers of all. |
| ਪ੍ਰਭ ਕਉ ਸਿਮਰਹਿ ਸੇ ਸੁਖਵਾਸੀ ॥ | Those who remember God dwell in peace. |
| ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥ | Those who remember God are immortal and eternal. |
| ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ॥ | They alone hold to the remembrance of Him, unto whom He Himself shows His Mercy. |
| ਨਾਨਕ ਜਨ ਕੀ ਮੰਗੈ ਰਵਾਲਾ ॥੫॥ | Nanak begs for the dust of their feet. \|\|5\|\| |

| | |
|---|---|
| ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥ | Those who remember God generously help others. |
| ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ ॥ | Those who remember God - to them, I am forever a sacrifice. |
| ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ ॥ | Those who remember God - their faces are beautiful. |
| ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ ॥ | Those who remember God abide in peace. |
| ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥ | Those who remember God conquer their souls. |
| ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ ॥ | Those who remember God have a pure and spotless lifestyle. |
| ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ ॥ | Those who remember God experience all sorts of joys. |
| ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ ॥ | Those who remember God abide near the Lord. |
| ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥ | By the Grace of the Saints, one remains awake and aware, night and day. |
| ਨਾਨਕ ਸਿਮਰਨੁ ਪੂਰੈ ਭਾਗਿ ॥੬॥ | O Nanak, this meditative remembrance comes only by perfect destiny. ‖6‖ |
| ਪ੍ਰਭ ਕੈ ਸਿਮਰਨਿ ਕਾਰਜ ਪੂਰੇ ॥ | Remembering God, one's works are accomplished. |
| ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ ॥ | Remembering God, one never grieves. |
| ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ ॥ | Remembering God, one speaks the Glorious Praises of the Lord. |
| ਪ੍ਰਭ ਕੈ ਸਿਮਰਨਿ ਸਹਜਿ ਸਮਾਨੀ ॥ | Remembering God, one is absorbed into the state of intuitive ease. |
| ਪ੍ਰਭ ਕੈ ਸਿਮਰਨਿ ਨਿਹਚਲ ਆਸਨੁ ॥ | Remembering God, one attains the unchanging position. |
| ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ ॥ | Remembering God, the heart-lotus blossoms forth. |
| ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥ | Remembering God, the unstruck melody vibrates. |
| ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥ | The peace of the meditative remembrance of God has no end or limitation. |
| ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ ॥ | They alone remember Him, upon whom God bestows His Grace. |

| | |
|---|---|
| ਨਾਨਕ ਤਿਨ ਜਨ ਸਰਨੀ ਪਇਆ ॥੭॥ | Nanak seeks the Sanctuary of those humble beings. ‖7‖ |
| ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥ | Remembering the Lord, His devotees are famous and radiant. |
| ਹਰਿ ਸਿਮਰਨਿ ਲਗਿ ਬੇਦ ਉਪਾਏ ॥ | Remembering the Lord, the Vedas were composed. |
| ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥ | Remembering the Lord, we become Siddhas, celibates and givers. |
| ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥ | Remembering the Lord, the lowly become known in all four directions. |
| ਹਰਿ ਸਿਮਰਨਿ ਧਾਰੀ ਸਭ ਧਰਨਾ ॥ | For the remembrance of the Lord, the whole world was established. |
| ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥ | Remember, remember in meditation the Lord, the Creator, the Cause of causes. |
| ਹਰਿ ਸਿਮਰਨਿ ਕੀਓ ਸਗਲ ਅਕਾਰਾ ॥ | For the remembrance of the Lord, He created the whole creation. |
| ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥ | In the remembrance of the Lord, He Himself is Formless. |
| ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥ | By His Grace, He Himself bestows understanding. |
| ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥੮॥੧॥ | O Nanak, the Gurmukh attains the remembrance of the Lord. ‖8‖1‖ |
| ਸਲੋਕੁ ॥ | Shalok: |
| ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ ॥ | O Destroyer of the pains and the suffering of the poor, O Master of each and every heart, O Masterless One: |
| ਸਰਣਿ ਤੁਮ੍ਾਰੀ ਆਇਓ ਨਾਨਕ ਕੇ ਪ੍ਰਭ ਸਾਥ ॥੧॥ | I have come seeking Your Sanctuary. O God, please be with Nanak! ‖1‖ |
| **੨੬੪** | **264** |
| ਅਸਟਪਦੀ ॥ | Ashtapadee: |
| ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ | Where there is no mother, father, children, friends or siblings |

| | |
|---|---|
| ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ | O my mind, there, only the Naam, the Name of the Lord, shall be with you as your help and support. |
| ਜਹ ਮਹਾ ਭਇਆਨ ਦੂਤ ਜਮ ਦਲੈ ॥ | Where the great and terrible Messenger of Death shall try to crush you, |
| ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥ | there, only the Naam shall go along with you. |
| ਜਹ ਮੁਸਕਲ ਹੋਵੈ ਅਤਿ ਭਾਰੀ ॥ | Where the obstacles are so very heavy, |
| ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ | the Name of the Lord shall rescue you in an instant. |
| ਅਨਿਕ ਪੁਨਹਚਰਨ ਕਰਤ ਨਹੀ ਤਰੈ ॥ | By performing countless religious rituals, you shall not be saved. |
| ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥ | The Name of the Lord washes off millions of sins. |
| ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥ | As Gurmukh, chant the Naam, O my mind. |
| ਨਾਨਕ ਪਾਵਹੁ ਸੂਖ ਘਨੇਰੇ ॥੧॥ | O Nanak, you shall obtain countless joys. ‖1‖ |
| ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥ | The rulers of the all the world are unhappy; |
| ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥ | one who chants the Name of the Lord becomes happy. |
| ਲਾਖ ਕਰੋਰੀ ਬੰਧੁ ਨ ਪਰੈ ॥ | Acquiring hundreds of thousands and millions, your desires shall not be contained. |
| ਹਰਿ ਕਾ ਨਾਮੁ ਜਪਤ ਨਿਸਤਰੈ ॥ | Chanting the Name of the Lord, you shall find release. |
| ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥ | By the countless pleasures of Maya, your thirst shall not be quenched. |
| ਹਰਿ ਕਾ ਨਾਮੁ ਜਪਤ ਆਘਾਵੈ ॥ | Chanting the Name of the Lord, you shall be satisfied. |
| ਜਿਹ ਮਾਰਗਿ ਇਹੁ ਜਾਤ ਇਕੇਲਾ ॥ | Upon that path where you must go all alone, |
| ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ॥ | there, only the Lord's Name shall go with you to sustain you. |
| ਐਸਾ ਨਾਮੁ ਮਨ ਸਦਾ ਧਿਆਈਐ ॥ | On such a Name, O my mind, meditate forever. |
| ਨਾਨਕ ਗੁਰਮੁਖਿ ਪਰਮ ਗਤਿ ਪਾਈਐ ॥੨॥ | O Nanak, as Gurmukh, you shall obtain the state of supreme dignity. ‖2‖ |
| ਛੂਟਤ ਨਹੀ ਕੋਟਿ ਲਖ ਬਾਹੀ ॥ | You shall not be saved by hundreds of thousands and millions of helping hands. |
| ਨਾਮੁ ਜਪਤ ਤਹ ਪਾਰਿ ਪਰਾਹੀ ॥ | Chanting the Naam, you shall be lifted up and carried across. |
| ਅਨਿਕ ਬਿਘਨ ਜਹ ਆਇ ਸੰਘਾਰੈ ॥ | Where countless misfortunes threaten to destroy you, |
| ਹਰਿ ਕਾ ਨਾਮੁ ਤਤਕਾਲ ਉਧਾਰੈ ॥ | the Name of the Lord shall rescue you in an instant. |

| | |
|---|---|
| ਅਨਿਕ ਜੋਨਿ ਜਨਮੈ ਮਰਿ ਜਾਮ ॥ | Through countless incarnations, people are born and die. |
| ਨਾਮੁ ਜਪਤ ਪਾਵੈ ਬਿਸ੍ਰਾਮ ॥ | Chanting the Name of the Lord, you shall come to rest in peace. |
| ਹਉ ਮੈਲਾ ਮਲੁ ਕਬਹੁ ਨ ਧੋਵੈ ॥ | The ego is polluted by a filth which can never be washed off. |
| ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥ | The Name of the Lord erases millions of sins. |
| ਐਸਾ ਨਾਮੁ ਜਪਹੁ ਮਨ ਰੰਗਿ ॥ | Chant such a Name with love, O my mind. |
| ਨਾਨਕ ਪਾਈਐ ਸਾਧ ਕੈ ਸੰਗਿ ॥੩॥ | O Nanak, it is obtained in the Company of the Holy. ‖3‖ |
| ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ | On that path where the miles cannot be counted, |
| ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥ | there, the Name of the Lord shall be your sustenance. |
| ਜਿਹ ਪੈਡੈ ਮਹਾ ਅੰਧ ਗੁਬਾਰਾ ॥ | On that journey of total, pitch-black darkness, |
| ਹਰਿ ਕਾ ਨਾਮੁ ਸੰਗਿ ਉਜੀਆਰਾ ॥ | the Name of the Lord shall be the Light with you. |
| ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥ | On that journey where no one knows you, |
| ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥ | with the Name of the Lord, you shall be recognized. |
| ਜਹ ਮਹਾ ਭਇਆਨ ਤਪਤਿ ਬਹੁ ਘਾਮ ॥ | Where there is awesome and terrible heat and blazing sunshine, |
| ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥ | there, the Name of the Lord will give you shade. |
| ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥ | Where thirst, O my mind, torments you to cry out, |
| ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥੪॥ | there, O Nanak, the Ambrosial Name, Har, Har, shall rain down upon you. ‖4‖ |
| ਭਗਤ ਜਨਾ ਕੀ ਬਰਤਨਿ ਨਾਮੁ ॥ | Unto the devotee, the Naam is an article of daily use. |
| ਸੰਤ ਜਨਾ ਕੈ ਮਨਿ ਬਿਸ੍ਰਾਮੁ ॥ | The minds of the humble Saints are at peace. |
| ਹਰਿ ਕਾ ਨਾਮੁ ਦਾਸ ਕੀ ਓਟ ॥ | The Name of the Lord is the Support of His servants. |
| ਹਰਿ ਕੈ ਨਾਮਿ ਉਧਰੇ ਜਨ ਕੋਟਿ ॥ | By the Name of the Lord, millions have been saved. |
| ਹਰਿ ਜਸੁ ਕਰਤ ਸੰਤ ਦਿਨੁ ਰਾਤਿ ॥ | The Saints chant the Praises of the Lord, day and night. |
| ਹਰਿ ਹਰਿ ਅਉਖਧੁ ਸਾਧ ਕਮਾਤਿ ॥ | Har, Har - the Lord's Name - the Holy use it as their healing medicine. |
| ਹਰਿ ਜਨ ਕੈ ਹਰਿ ਨਾਮੁ ਨਿਧਾਨੁ ॥ | The Lord's Name is the treasure of the Lord's servant. |
| ਪਾਰਬ੍ਰਹਮਿ ਜਨ ਕੀਨੋ ਦਾਨ ॥ | The Supreme Lord God has blessed His humble servant with this gift. |

| | |
|---|---|
| ਮਨ ਤਨ ਰੰਗਿ ਰਤੇ ਰੰਗ ਏਕੈ ॥ | Mind and body are imbued with ecstasy in the Love of the One Lord. |
| ਨਾਨਕ ਜਨ ਕੈ ਬਿਰਤਿ ਬਿਬੇਕੈ ॥੫॥ | O Nanak, careful and discerning understanding is the way of the Lord's humble servant. ‖5‖ |
| ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ ॥ | The Name of the Lord is the path of liberation for His humble servants. |
| ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ ॥ | With the food of the Name of the Lord, His servants are satisfied. |
| ਹਰਿ ਕਾ ਨਾਮੁ ਜਨ ਕਾ ਰੂਪ ਰੰਗੁ ॥ | The Name of the Lord is the beauty and delight of His servants. |
| ਹਰਿ ਨਾਮੁ ਜਪਤ ਕਬ ਪਰੈ ਨ ਭੰਗੁ ॥ | Chanting the Lord's Name, one is never blocked by obstacles. |
| ਹਰਿ ਕਾ ਨਾਮੁ ਜਨ ਕੀ ਵਡਿਆਈ ॥ | The Name of the Lord is the glorious greatness of His servants. |
| ਹਰਿ ਕੈ ਨਾਮਿ ਜਨ ਸੋਭਾ ਪਾਈ ॥ | Through the Name of the Lord, His servants obtain honor. |
| **੨੬੫** | **265** |
| ਹਰਿ ਕਾ ਨਾਮੁ ਜਨ ਕਉ ਭੋਗ ਜੋਗ ॥ | The Name of the Lord is the enjoyment and Yoga of His servants. |
| ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ ॥ | Chanting the Lord's Name, there is no separation from Him. |
| ਜਨੁ ਰਾਤਾ ਹਰਿ ਨਾਮ ਕੀ ਸੇਵਾ ॥ | His servants are imbued with the service of the Lord's Name. |
| ਨਾਨਕ ਪੂਜੈ ਹਰਿ ਹਰਿ ਦੇਵਾ ॥੬॥ | O Nanak, worship the Lord, the Lord Divine, Har, Har. ‖6‖ |
| ਹਰਿ ਹਰਿ ਜਨ ਕੈ ਮਾਲੁ ਖਜੀਨਾ ॥ | The Lord's Name, Har, Har, is the treasure of wealth of His servants. |
| ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ ॥ | The treasure of the Lord has been bestowed on His servants by God Himself. |
| ਹਰਿ ਹਰਿ ਜਨ ਕੈ ਓਟ ਸਤਾਣੀ ॥ | The Lord, Har, Har is the All-powerful Protection of His servants. |
| ਹਰਿ ਪ੍ਰਤਾਪਿ ਜਨ ਅਵਰ ਨ ਜਾਣੀ ॥ | His servants know no other than the Lord's Magnificence. |
| ਓਤਿ ਪੋਤਿ ਜਨ ਹਰਿ ਰਸਿ ਰਾਤੇ ॥ | Through and through, His servants are imbued with the Lord's Love. |
| ਸੁੰਨ ਸਮਾਧਿ ਨਾਮ ਰਸ ਮਾਤੇ ॥ | In deepest Samaadhi, they are intoxicated with the essence of the Naam. |
| ਆਠ ਪਹਰ ਜਨੁ ਹਰਿ ਹਰਿ ਜਪੈ ॥ | Twenty-four hours a day, His servants chant Har, Har. |

| | |
|---|---|
| ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥ | The devotees of the Lord are known and respected; they do not hide in secrecy. |
| ਹਰਿ ਕੀ ਭਗਤਿ ਮੁਕਤਿ ਬਹੁ ਕਰੇ ॥ | Through devotion to the Lord, many have been liberated. |
| ਨਾਨਕ ਜਨ ਸੰਗਿ ਕੇਤੇ ਤਰੇ ॥੭॥ | O Nanak, along with His servants, many others are saved. ‖7‖ |
| ਪਾਰਜਾਤੁ ਇਹੁ ਹਰਿ ਕੋ ਨਾਮ ॥ | This Elysian Tree of miraculous powers is the Name of the Lord. |
| ਕਾਮਧੇਨ ਹਰਿ ਹਰਿ ਗੁਣ ਗਾਮ ॥ | The Khaamadhayn, the cow of miraculous powers, is the singing of the Glory of the Lord's Name, Har, Har. |
| ਸਭ ਤੇ ਊਤਮ ਹਰਿ ਕੀ ਕਥਾ ॥ | Highest of all is the Lord's Speech. |
| ਨਾਮੁ ਸੁਨਤ ਦਰਦ ਦੁਖ ਲਥਾ ॥ | Hearing the Naam, pain and sorrow are removed. |
| ਨਾਮ ਕੀ ਮਹਿਮਾ ਸੰਤ ਰਿਦ ਵਸੈ ॥ | The Glory of the Naam abides in the hearts of His Saints. |
| ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥ | By the Saint's kind intervention, all guilt is dispelled. |
| ਸੰਤ ਕਾ ਸੰਗੁ ਵਡਭਾਗੀ ਪਾਈਐ ॥ | The Society of the Saints is obtained by great good fortune. |
| ਸੰਤ ਕੀ ਸੇਵਾ ਨਾਮੁ ਧਿਆਈਐ ॥ | Serving the Saint, one meditates on the Naam. |
| ਨਾਮ ਤੁਲਿ ਕਛੁ ਅਵਰੁ ਨ ਹੋਇ ॥ | There is nothing equal to the Naam. |
| ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥੮॥੨॥ | O Nanak, rare are those, who, as Gurmukh, obtain the Naam. ‖8‖2‖ |
| ਸਲੋਕੁ ॥ | Shalok: |
| ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥ | The many Shaastras and the many Simritees - I have seen and searched through them all. |
| ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥੧॥ | They are not equal to Har, Haray - O Nanak, the Lord's Invaluable Name. ‖1‖ |
| ਅਸਟਪਦੀ ॥ | Ashtapadee: |
| ਜਾਪ ਤਾਪ ਗਿਆਨ ਸਭਿ ਧਿਆਨ ॥ | Chanting, intense meditation, spiritual wisdom and all meditations; |
| ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥ | the six schools of philosophy and sermons on the scriptures; |
| ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥ | the practice of Yoga and righteous conduct; |
| ਸਗਲ ਤਿਆਗਿ ਬਨ ਮਧੇ ਫਿਰਿਆ ॥ | the renunciation of everything and wandering around in the wilderness; |

| | |
|---|---|
| ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥ | the performance of all sorts of works; |
| ਪੁੰਨ ਦਾਨ ਹੋਮੇ ਬਹੁ ਰਤਨਾ ॥ | donations to charities and offerings of jewels to fire; |
| ਸਰੀਰੁ ਕਟਾਇ ਹੋਮੈ ਕਰਿ ਰਾਤੀ ॥ | cutting the body apart and making the pieces into ceremonial fire offerings; |
| ਵਰਤ ਨੇਮ ਕਰੈ ਬਹੁ ਭਾਤੀ ॥ | keeping fasts and making vows of all sorts |
| ਨਹੀ ਤੁਲਿ ਰਾਮ ਨਾਮ ਬੀਚਾਰ ॥ | - none of these are equal to the contemplation of the Name of the Lord, |
| ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥ | O Nanak, if, as Gurmukh, one chants the Naam, even once. ‖1‖ |
| ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥ | You may roam over the nine continents of the world and live a very long life; |
| ਮਹਾ ਉਦਾਸੁ ਤਪੀਸਰੁ ਥੀਵੈ ॥ | you may become a great ascetic and a master of disciplined meditation |
| ਅਗਨਿ ਮਾਹਿ ਹੋਮਤ ਪਰਾਨ ॥ | and burn yourself in fire; |
| ਕਨਿਕ ਅਸ੍ਵ ਹੈਵਰ ਭੂਮਿ ਦਾਨ ॥ | you may give away gold, horses, elephants and land; |
| ਨਿਉਲੀ ਕਰਮ ਕਰੈ ਬਹੁ ਆਸਨ ॥ | you may practice techniques of inner cleansing and all sorts of Yogic postures; |
| ਜੈਨ ਮਾਰਗ ਸੰਜਮ ਅਤਿ ਸਾਧਨ ॥ | you may adopt the self-mortifying ways of the Jains and great spiritual disciplines; |
| ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥ | piece by piece, you may cut your body apart; |
| ਤਉ ਭੀ ਹਉਮੈ ਮੈਲੁ ਨ ਜਾਵੈ ॥ | but even so, the filth of your ego shall not depart. |
| ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥ | There is nothing equal to the Name of the Lord. |
| ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥੨॥ | O Nanak, as Gurmukh, chant the Naam, and obtain salvation. ‖2‖ |
| ਮਨ ਕਾਮਨਾ ਤੀਰਥ ਦੇਹ ਛੁਟੈ ॥ | With your mind filled with desire, you may give up your body at a sacred shrine of pilgrimage; |
| ਗਰਬੁ ਗੁਮਾਨੁ ਨ ਮਨ ਤੇ ਹੁਟੈ ॥ | but even so, egotistical pride shall not be removed from your mind. |
| ਸੋਚ ਕਰੈ ਦਿਨਸੁ ਅਰੁ ਰਾਤਿ ॥ | You may practice cleansing day and night, |
| ਮਨ ਕੀ ਮੈਲੁ ਨ ਤਨ ਤੇ ਜਾਤਿ ॥ | but the filth of your mind shall not leave your body. |
| ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥ | You may subject your body to all sorts of disciplines, |
| ਮਨ ਤੇ ਕਬਹੂ ਨ ਬਿਖਿਆ ਟਰੈ ॥ | but your mind will never be rid of its corruption. |

| | |
|---|---|
| ਜਲਿ ਧੋਵੈ ਬਹੁ ਦੇਹ ਅਨੀਤਿ ॥ | You may wash this transitory body with loads of water, |
| ਸੁਧ ਕਹਾ ਹੋਇ ਕਾਚੀ ਭੀਤਿ ॥ | but how can a wall of mud be washed clean? |
| ਮਨ ਹਰਿ ਕੇ ਨਾਮ ਕੀ ਮਹਿਮਾ ਊਚ ॥ | O my mind, the Glorious Praise of the Name of the Lord is the highest; |
| ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ ॥੩॥ | O Nanak, the Naam has saved so many of the worst sinners. \|\|3\|\| |
| ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥ | Even with great cleverness, the fear of death clings to you. |

## ੨੬੬ 266

| | |
|---|---|
| ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ ॥ | You try all sorts of things, but your thirst is still not satisfied. |
| ਭੇਖ ਅਨੇਕ ਅਗਨਿ ਨਹੀ ਬੁਝੈ ॥ | Wearing various religious robes, the fire is not extinguished. |
| ਕੋਟਿ ਉਪਾਵ ਦਰਗਹ ਨਹੀ ਸਿਝੈ ॥ | Even making millions of efforts, you shall not be accepted in the Court of the Lord. |
| ਛੂਟਸਿ ਨਾਹੀ ਊਭ ਪਇਆਲਿ ॥ | You cannot escape to the heavens, or to the nether regions, |
| ਮੋਹਿ ਬਿਆਪਹਿ ਮਾਇਆ ਜਾਲਿ ॥ | if you are entangled in emotional attachment and the net of Maya. |
| ਅਵਰ ਕਰਤੂਤਿ ਸਗਲੀ ਜਮੁ ਡਾਨੈ ॥ | All other efforts are punished by the Messenger of Death, |
| ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥ | which accepts nothing at all, except meditation on the Lord of the Universe. |
| ਹਰਿ ਕਾ ਨਾਮੁ ਜਪਤ ਦੁਖੁ ਜਾਇ ॥ | Chanting the Name of the Lord, sorrow is dispelled. |
| ਨਾਨਕ ਬੋਲੈ ਸਹਜਿ ਸੁਭਾਇ ॥੪॥ | O Nanak, chant it with intuitive ease. \|\|4\|\| |
| ਚਾਰਿ ਪਦਾਰਥ ਜੇ ਕੋ ਮਾਗੈ ॥ | One who prays for the four cardinal blessings |
| ਸਾਧ ਜਨਾ ਕੀ ਸੇਵਾ ਲਾਗੈ ॥ | should commit himself to the service of the Saints. |
| ਜੇ ਕੋ ਆਪੁਨਾ ਦੂਖੁ ਮਿਟਾਵੈ ॥ | If you wish to erase your sorrows, |
| ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥ | sing the Name of the Lord, Har, Har, within your heart. |
| ਜੇ ਕੋ ਅਪੁਨੀ ਸੋਭਾ ਲੋਰੈ ॥ | If you long for honor for yourself, |
| ਸਾਧਸੰਗਿ ਇਹ ਹਉਮੈ ਛੋਰੈ ॥ | then renounce your ego in the Saadh Sangat, the Company of the Holy. |
| ਜੇ ਕੋ ਜਨਮ ਮਰਣ ਤੇ ਡਰੈ ॥ | If you fear the cycle of birth and death, |

| | |
|---|---|
| ਸਾਧ ਜਨਾ ਕੀ ਸਰਨੀ ਪਰੈ ॥ | then seek the Sanctuary of the Holy. |
| ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥ | Those who thirst for the Blessed Vision of God's Darshan |
| ਨਾਨਕ ਤਾ ਕੈ ਬਲਿ ਬਲਿ ਜਾਸਾ ॥੫॥ | - Nanak is a sacrifice, a sacrifice to them. \|\|5\|\| |
| ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥ | Among all persons, the supreme person is the one |
| ਸਾਧਸੰਗਿ ਜਾ ਕਾ ਮਿਟੈ ਅਭਿਮਾਨੁ ॥ | who gives up his egotistical pride in the Company of the Holy. |
| ਆਪਸ ਕਉ ਜੋ ਜਾਣੈ ਨੀਚਾ ॥ | One who sees himself as lowly, |
| ਸੋਊ ਗਨੀਐ ਸਭ ਤੇ ਊਚਾ ॥ | shall be accounted as the highest of all. |
| ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥ | One whose mind is the dust of all, |
| ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥ | recognizes the Name of the Lord, Har, Har, in each and every heart. |
| ਮਨ ਅਪੁਨੇ ਤੇ ਬੁਰਾ ਮਿਟਾਨਾ ॥ | One who eradicates cruelty from within his own mind, |
| ਪੇਖੈ ਸਗਲ ਸ੍ਰਿਸਟਿ ਸਾਜਨਾ ॥ | looks upon all the world as his friend. |
| ਸੂਖ ਦੂਖ ਜਨ ਸਮ ਦ੍ਰਿਸਟੇਤਾ ॥ | One who looks upon pleasure and pain as one and the same, |
| ਨਾਨਕ ਪਾਪ ਪੁੰਨ ਨਹੀ ਲੇਪਾ ॥੬॥ | O Nanak, is not affected by sin or virtue. \|\|6\|\| |
| ਨਿਰਧਨ ਕਉ ਧਨੁ ਤੇਰੋ ਨਾਉ ॥ | To the poor, Your Name is wealth. |
| ਨਿਥਾਵੇ ਕਉ ਨਾਉ ਤੇਰਾ ਥਾਉ ॥ | To the homeless, Your Name is home. |
| ਨਿਮਾਨੇ ਕਉ ਪ੍ਰਭ ਤੇਰੋ ਮਾਨੁ ॥ | To the dishonored, You, O God, are honor. |
| ਸਗਲ ਘਟਾ ਕਉ ਦੇਵਹੁ ਦਾਨੁ ॥ | To all, You are the Giver of gifts. |
| ਕਰਨ ਕਰਾਵਨਹਾਰ ਸੁਆਮੀ ॥ | O Creator Lord, Cause of causes, O Lord and Master, |
| ਸਗਲ ਘਟਾ ਕੇ ਅੰਤਰਜਾਮੀ ॥ | Inner-knower, Searcher of all hearts: |
| ਅਪਨੀ ਗਤਿ ਮਿਤਿ ਜਾਨਹੁ ਆਪੇ ॥ | You alone know Your own condition and state. |
| ਆਪਨ ਸੰਗਿ ਆਪਿ ਪ੍ਰਭ ਰਾਤੇ ॥ | You Yourself, God, are imbued with Yourself. |
| ਤੁਮ੍ਰੀ ਉਸਤਤਿ ਤੁਮ ਤੇ ਹੋਇ ॥ | You alone can celebrate Your Praises. |
| ਨਾਨਕ ਅਵਰੁ ਨ ਜਾਨਸਿ ਕੋਇ ॥੭॥ | O Nanak, no one else knows. \|\|7\|\| |
| ਸਰਬ ਧਰਮ ਮਹਿ ਸ੍ਰੇਸਟ ਧਰਮੁ ॥ | Of all religions, the best religion |
| ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ | is to chant the Name of the Lord and maintain pure conduct. |

| | |
|---|---|
| ਸਗਲ ਕ੍ਰਿਆ ਮਹਿ ਊਤਮ ਕਿਰਿਆ ॥ | Of all religious rituals, the most sublime ritual |
| ਸਾਧਸੰਗਿ ਦੁਰਮਤਿ ਮਲੁ ਹਿਰਿਆ ॥ | is to erase the filth of the dirty mind in the Company of the Holy. |
| ਸਗਲ ਉਦਮ ਮਹਿ ਉਦਮੁ ਭਲਾ ॥ | Of all efforts, the best effort |
| ਹਰਿ ਕਾ ਨਾਮੁ ਜਪਹੁ ਜੀਅ ਸਦਾ ॥ | is to chant the Name of the Lord in the heart, forever. |
| ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥ | Of all speech, the most ambrosial speech |
| ਹਰਿ ਕੋ ਜਸੁ ਸੁਨਿ ਰਸਨ ਬਖਾਨੀ ॥ | is to hear the Lord's Praise and chant it with the tongue. |
| ਸਗਲ ਥਾਨ ਤੇ ਓਹੁ ਊਤਮ ਥਾਨੁ ॥ | Of all places, the most sublime place, |
| ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥੮॥੩॥ | O Nanak, is that heart in which the Name of the Lord abides. \|\|8\|\|3\|\| |
| ਸਲੋਕੁ ॥ | Shalok: |
| ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ ॥ | You worthless, ignorant fool - dwell upon God forever. |
| ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ ॥੧॥ | Cherish in your consciousness the One who created you; O Nanak, He alone shall go along with you. \|\|1\|\| |
| ਅਸਟਪਦੀ ॥ | Ashtapadee: |
| ਰਮਈਆ ਕੇ ਗੁਨ ਚੇਤਿ ਪਰਾਨੀ ॥ | Think of the Glory of the All-pervading Lord, O mortal; |
| ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥ | what is your origin, and what is your appearance? |
| ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥ | He who fashioned, adorned and decorated you |
| ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥ | in the fire of the womb, He preserved you. |
| ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥ | In your infancy, He gave you milk to drink. |
| ਭਰਿ ਜੋਬਨ ਭੋਜਨ ਸੁਖ ਸੂਧ ॥ | In the flower of your youth, He gave you food, pleasure and understanding. |
| ਬਿਰਧਿ ਭਇਆ ਊਪਰਿ ਸਾਕ ਸੈਨ ॥ ਮੁਖਿ ਅਪਿਆਉ ਬੈਠ ਕਉ ਦੈਨ ॥ | As you grow old, family and friends are there to feed you as you rest. |

| ੨੬੭ | 267 |
|---|---|
| ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ ॥ | This worthless person has not appreciated in the least, all the good deeds done for him. |
| ਬਖਸਿ ਲੇਹੁ ਤਉ ਨਾਨਕ ਸੀਝੈ ॥੧॥ | If you bless him with forgiveness, O Nanak, only then will he be saved. \|\|1\|\| |
| ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ ॥ | By His Grace, you abide in comfort upon the earth. |
| ਸੁਤ ਭ੍ਰਾਤ ਮੀਤ ਬਨਿਤਾ ਸੰਗਿ ਹਸਹਿ ॥ | With your children, siblings, friends and spouse, you laugh. |
| ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ ॥ | By His Grace, you drink in cool water. |
| ਸੁਖਦਾਈ ਪਵਨੁ ਪਾਵਕੁ ਅਮੁਲਾ ॥ | You have peaceful breezes and priceless fire. |
| ਜਿਹ ਪ੍ਰਸਾਦਿ ਭੋਗਹਿ ਸਭਿ ਰਸਾ ॥ | By His Grace, you enjoy all sorts of pleasures. |
| ਸਗਲ ਸਮਗ੍ਰੀ ਸੰਗਿ ਸਾਥਿ ਬਸਾ ॥ | You are provided with all the necessities of life. |
| ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ ॥ | He gave you hands, feet, ears, eyes and tongue, |
| ਤਿਸਹਿ ਤਿਆਗਿ ਅਵਰ ਸੰਗਿ ਰਚਨਾ ॥ | and yet, you forsake Him and attach yourself to others. |
| ਐਸੇ ਦੋਖ ਮੂੜ ਅੰਧ ਬਿਆਪੇ ॥ | Such sinful mistakes cling to the blind fools; |
| ਨਾਨਕ ਕਾਢਿ ਲੇਹੁ ਪ੍ਰਭ ਆਪੇ ॥੨॥ | Nanak: uplift and save them, God! \|\|2\|\| |
| ਆਦਿ ਅੰਤਿ ਜੋ ਰਾਖਨਹਾਰੁ ॥ | From beginning to end, He is our Protector, |
| ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ ॥ | and yet, the ignorant do not give their love to Him. |
| ਜਾ ਕੀ ਸੇਵਾ ਨਵ ਨਿਧਿ ਪਾਵੈ ॥ | Serving Him, the nine treasures are obtained, |
| ਤਾ ਸਿਉ ਮੂੜਾ ਮਨੁ ਨਹੀ ਲਾਵੈ ॥ | and yet, the foolish do not link their minds with Him. |
| ਜੋ ਠਾਕੁਰੁ ਸਦ ਸਦਾ ਹਜੂਰੇ ॥ | Our Lord and Master is Ever-present, forever and ever, |
| ਤਾ ਕਉ ਅੰਧਾ ਜਾਨਤ ਦੂਰੇ ॥ | and yet, the spiritually blind believe that He is far away. |
| ਜਾ ਕੀ ਟਹਲ ਪਾਵੈ ਦਰਗਹ ਮਾਨੁ ॥ | In His service, one obtains honor in the Court of the Lord, |
| ਤਿਸਹਿ ਬਿਸਾਰੈ ਮੁਗਧੁ ਅਜਾਨੁ ॥ | and yet, the ignorant fool forgets Him. |
| ਸਦਾ ਸਦਾ ਇਹੁ ਭੂਲਨਹਾਰੁ ॥ | Forever and ever, this person makes mistakes; |
| ਨਾਨਕ ਰਾਖਨਹਾਰੁ ਅਪਾਰੁ ॥੩॥ | O Nanak, the Infinite Lord is our Saving Grace. \|\|3\|\| |
| ਰਤਨੁ ਤਿਆਗਿ ਕਉਡੀ ਸੰਗਿ ਰਚੈ ॥ | Forsaking the jewel, they are engrossed with a shell. |

| | |
|---|---|
| ਸਾਚੁ ਛੋਡਿ ਝੂਠ ਸੰਗਿ ਮਚੈ ॥ | They renounce Truth and embrace falsehood. |
| ਜੋ ਛਡਨਾ ਸੁ ਅਸਥਿਰੁ ਕਰਿ ਮਾਨੈ ॥ | That which passes away, they believe to be permanent. |
| ਜੋ ਹੋਵਨੁ ਸੋ ਦੂਰਿ ਪਰਾਨੈ ॥ | That which is immanent, they believe to be far off. |
| ਛੋਡਿ ਜਾਇ ਤਿਸ ਕਾ ਸ੍ਰਮੁ ਕਰੈ ॥ | They struggle for what they must eventually leave. |
| ਸੰਗਿ ਸਹਾਈ ਤਿਸੁ ਪਰਹਰੈ ॥ | They turn away from the Lord, their Help and Support, who is always with them. |
| ਚੰਦਨ ਲੇਪੁ ਉਤਾਰੈ ਧੋਇ ॥ | They wash off the sandalwood paste; |
| ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥ | like donkeys, they are in love with the mud. |
| ਅੰਧ ਕੂਪ ਮਹਿ ਪਤਿਤ ਬਿਕਰਾਲ ॥ | They have fallen into the deep, dark pit. |
| ਨਾਨਕ ਕਾਢਿ ਲੇਹੁ ਪ੍ਰਭ ਦਇਆਲ ॥੪॥ | Nanak: lift them up and save them, O Merciful Lord God! \|\|4\|\| |
| ਕਰਤੂਤਿ ਪਸੂ ਕੀ ਮਾਨਸ ਜਾਤਿ ॥ | They belong to the human species, but they act like animals. |
| ਲੋਕ ਪਚਾਰਾ ਕਰੈ ਦਿਨੁ ਰਾਤਿ ॥ | They curse others day and night. |
| ਬਾਹਰਿ ਭੇਖ ਅੰਤਰਿ ਮਲੁ ਮਾਇਆ ॥ | Outwardly, they wear religious robes, but within is the filth of Maya. |
| ਛਪਸਿ ਨਾਹਿ ਕਛੁ ਕਰੈ ਛਪਾਇਆ ॥ | They cannot conceal this, no matter how hard they try. |
| ਬਾਹਰਿ ਗਿਆਨ ਧਿਆਨ ਇਸਨਾਨ ॥ | Outwardly, they display knowledge, meditation and purification, |
| ਅੰਤਰਿ ਬਿਆਪੈ ਲੋਭੁ ਸੁਆਨੁ ॥ | but within clings the dog of greed. |
| ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥ | The fire of desire rages within; outwardly they apply ashes to their bodies. |
| ਗਲਿ ਪਾਥਰ ਕੈਸੇ ਤਰੈ ਅਥਾਹ ॥ | There is a stone around their neck - how can they cross the unfathomable ocean? |
| ਜਾ ਕੈ ਅੰਤਰਿ ਬਸੈ ਪ੍ਰਭੁ ਆਪਿ ॥ | Those, within whom God Himself abides |
| ਨਾਨਕ ਤੇ ਜਨ ਸਹਜਿ ਸਮਾਤਿ ॥੫॥ | - O Nanak, those humble beings are intuitively absorbed in the Lord. \|\|5\|\| |
| ਸੁਨਿ ਅੰਧਾ ਕੈਸੇ ਮਾਰਗੁ ਪਾਵੈ ॥ | By listening, how can the blind find the path? |
| ਕਰੁ ਗਹਿ ਲੇਹੁ ਓੜਿ ਨਿਬਹਾਵੈ ॥ | Take hold of his hand, and then he can reach his destination. |
| ਕਹਾ ਬੁਝਾਰਤਿ ਬੂਝੈ ਡੋਰਾ ॥ | How can a riddle be understood by the deaf? |
| ਨਿਸਿ ਕਹੀਐ ਤਉ ਸਮਝੈ ਭੋਰਾ ॥ | Say 'night', and he thinks you said 'day'. |

| | |
|---|---|
| ਕਹਾ ਬਿਸਨਪਦ ਗਾਵੈ ਗੁੰਗ ॥ | How can the mute sing the Songs of the Lord? |
| ਜਤਨ ਕਰੈ ਤਉ ਭੀ ਸੁਰ ਭੰਗ ॥ | He may try, but his voice will fail him. |
| ਕਹ ਪਿੰਗੁਲ ਪਰਬਤ ਪਰ ਭਵਨ ॥ | How can the cripple climb up the mountain? |
| ਨਹੀ ਹੋਤ ਊਹਾ ਉਸੁ ਗਵਨ ॥ | He simply cannot go there. |
| ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ ॥ | O Creator, Lord of Mercy - Your humble servant prays; |
| ਨਾਨਕ ਤੁਮਰੀ ਕਿਰਪਾ ਤਰੈ ॥੬॥ | Nanak: by Your Grace, please save me. ‖6‖ |
| ਸੰਗਿ ਸਹਾਈ ਸੁ ਆਵੈ ਨ ਚੀਤਿ ॥ | The Lord, our Help and Support, is always with us, but the mortal does not remember Him. |
| ਜੋ ਬੈਰਾਈ ਤਾ ਸਿਉ ਪ੍ਰੀਤਿ ॥ | He shows love to his enemies. |
| ਬਲੂਆ ਕੇ ਗ੍ਰਿਹ ਭੀਤਰਿ ਬਸੈ ॥ | He lives in a castle of sand. |
| ਅਨਦ ਕੇਲ ਮਾਇਆ ਰੰਗਿ ਰਸੈ ॥ | He enjoys the games of pleasure and the tastes of Maya. |
| ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥ | He believes them to be permanent - this is the belief of his mind. |
| ਕਾਲੁ ਨ ਆਵੈ ਮੂੜੇ ਚੀਤਿ ॥ | Death does not even come to mind for the fool. |
| ਬੈਰ ਬਿਰੋਧ ਕਾਮ ਕ੍ਰੋਧ ਮੋਹ ॥ | Hate, conflict, sexual desire, anger, emotional attachment, |
| ਝੂਠ ਬਿਕਾਰ ਮਹਾ ਲੋਭ ਧ੍ਰੋਹ ॥ | falsehood, corruption, immense greed and deceit: |
| **੨੬੮** | **268** |
| ਇਆਹੂ ਜੁਗਤਿ ਬਿਹਾਨੇ ਕਈ ਜਨਮ ॥ | So many lifetimes are wasted in these ways. |
| ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥੭॥ | Nanak: uplift them, and redeem them, O Lord - show Your Mercy! ‖7‖ |
| ਤੂ ਠਾਕੁਰੁ ਤੁਮ ਪਹਿ ਅਰਦਾਸਿ ॥ | You are our Lord and Master; to You, I offer this prayer. |
| ਜੀਉ ਪਿੰਡੁ ਸਭੁ ਤੇਰੀ ਰਾਸਿ ॥ | This body and soul are all Your property. |
| ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥ | You are our mother and father; we are Your children. |
| ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥ | In Your Grace, there are so many joys! |
| ਕੋਇ ਨ ਜਾਨੈ ਤੁਮਰਾ ਅੰਤੁ ॥ | No one knows Your limits. |
| ਊਚੇ ਤੇ ਊਚਾ ਭਗਵੰਤ ॥ | O Highest of the High, Most Generous God, |
| ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥ | the whole creation is strung on Your thread. |

ਤੁਮ ਤੇ ਹੋਇ ਸੁ ਆਗਿਆਕਾਰੀ ॥
That which has come from You is under Your Command.

ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥
You alone know Your state and extent.

ਨਾਨਕ ਦਾਸ ਸਦਾ ਕੁਰਬਾਨੀ ॥੮॥੪॥
Nanak, Your slave, is forever a sacrifice. ||8||4||

ਸਲੋਕੁ ॥
Shalok:

ਦੇਨਹਾਰੁ ਪ੍ਰਭ ਛੋਡਿ ਕੈ ਲਾਗਹਿ ਆਨ ਸੁਆਇ ॥
One who renounces God the Giver, and attaches himself to other affairs

ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ ॥੧॥
- O Nanak, he shall never succeed. Without the Name, he shall lose his honor. ||1||

ਅਸਟਪਦੀ ॥
Ashtapadee:

ਦਸ ਬਸਤੂ ਲੇ ਪਾਛੈ ਪਾਵੈ ॥
He obtains ten things, and puts them behind him;

ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥
for the sake of one thing withheld, he forfeits his faith.

ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥
But what if that one thing were not given, and the ten were taken away?

ਤਉ ਮੂੜਾ ਕਹੁ ਕਹਾ ਕਰੇਇ ॥
Then, what could the fool say or do?

ਜਿਸੁ ਠਾਕੁਰ ਸਿਉ ਨਾਹੀ ਚਾਰਾ ॥
Our Lord and Master cannot be moved by force.

ਤਾ ਕਉ ਕੀਜੈ ਸਦ ਨਮਸਕਾਰਾ ॥
Unto Him, bow forever in adoration.

ਜਾ ਕੈ ਮਨਿ ਲਾਗਾ ਪ੍ਰਭੁ ਮੀਠਾ ॥
That one, unto whose mind God seems sweet

ਸਰਬ ਸੂਖ ਤਾਹੂ ਮਨਿ ਵੂਠਾ ॥
all pleasures come to abide in his mind.

ਜਿਸੁ ਜਨ ਅਪਨਾ ਹੁਕਮੁ ਮਨਾਇਆ ॥
One who abides by the Lord's Will,

ਸਰਬ ਥੋਕ ਨਾਨਕ ਤਿਨਿ ਪਾਇਆ ॥੧॥
O Nanak, obtains all things. ||1||

ਅਗਨਤ ਸਾਹੁ ਅਪਨੀ ਦੇ ਰਾਸਿ ॥
God the Banker gives endless capital to the mortal,

ਖਾਤ ਪੀਤ ਬਰਤੈ ਅਨਦ ਉਲਾਸਿ ॥
who eats, drinks and expends it with pleasure and joy.

ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ ॥
If some of this capital is later taken back by the Banker,

ਅਗਿਆਨੀ ਮਨਿ ਰੋਸੁ ਕਰੇਇ ॥
the ignorant person shows his anger.

ਅਪਨੀ ਪਰਤੀਤਿ ਆਪ ਹੀ ਖੋਵੈ ॥
He himself destroys his own credibility,

| | |
|---|---|
| ਬਹੁਰਿ ਉਸ ਕਾ ਬਿਸ੍ਵਾਸੁ ਨ ਹੋਵੈ ॥ | and he shall not again be trusted. |
| ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥ | When one offers to the Lord, that which belongs to the Lord, |
| ਪ੍ਰਭ ਕੀ ਆਗਿਆ ਮਾਨੈ ਮਾਥੈ ॥ | and willingly abides by the Will of God's Order, |
| ਉਸ ਤੇ ਚਉਗੁਨ ਕਰੈ ਨਿਹਾਲੁ ॥ | the Lord will make him happy four times over. |
| ਨਾਨਕ ਸਾਹਿਬੁ ਸਦਾ ਦਇਆਲੁ ॥੨॥ | O Nanak, our Lord and Master is merciful forever. \|\|2\|\| |
| ਅਨਿਕ ਭਾਤਿ ਮਾਇਆ ਕੇ ਹੇਤ ॥ ਸਰਪਰ ਹੋਵਤ ਜਾਨੁ ਅਨੇਤ ॥ | The many forms of attachment to Maya shall surely pass away - know that they are transitory. |
| ਬਿਰਖ ਕੀ ਛਾਇਆ ਸਿਉ ਰੰਗੁ ਲਾਵੈ ॥ | People fall in love with the shade of the tree, |
| ਓਹ ਬਿਨਸੈ ਉਹੁ ਮਨਿ ਪਛੁਤਾਵੈ ॥ | and when it passes away, they feel regret in their minds. |
| ਜੋ ਦੀਸੈ ਸੋ ਚਾਲਨਹਾਰੁ ॥ | Whatever is seen, shall pass away; |
| ਲਪਟਿ ਰਹਿਓ ਤਹ ਅੰਧ ਅੰਧਾਰੁ ॥ | and yet, the blindest of the blind cling to it. |
| ਬਟਾਊ ਸਿਉ ਜੋ ਲਾਵੈ ਨੇਹ ॥ | One who gives her love to a passing traveler |
| ਤਾ ਕਉ ਹਾਥਿ ਨ ਆਵੈ ਕੇਹ ॥ | nothing shall come into her hands in this way. |
| ਮਨ ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ ॥ | O mind, the love of the Name of the Lord bestows peace. |
| ਕਰਿ ਕਿਰਪਾ ਨਾਨਕ ਆਪਿ ਲਏ ਲਾਈ ॥੩॥ | O Nanak, the Lord, in His Mercy, unites us with Himself. \|\|3\|\| |
| ਮਿਥਿਆ ਤਨੁ ਧਨੁ ਕੁਟੰਬੁ ਸਬਾਇਆ ॥ | False are body, wealth, and all relations. |
| ਮਿਥਿਆ ਹਉਮੈ ਮਮਤਾ ਮਾਇਆ ॥ | False are ego, possessiveness and Maya. |
| ਮਿਥਿਆ ਰਾਜ ਜੋਬਨ ਧਨ ਮਾਲ ॥ | False are power, youth, wealth and property. |
| ਮਿਥਿਆ ਕਾਮ ਕ੍ਰੋਧ ਬਿਕਰਾਲ ॥ | False are sexual desire and wild anger. |
| ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ ॥ | False are chariots, elephants, horses and expensive clothes. |
| ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ ॥ | False is the love of gathering wealth, and reveling in the sight of it. |
| ਮਿਥਿਆ ਧ੍ਰੋਹ ਮੋਹ ਅਭਿਮਾਨੁ ॥ | False are deception, emotional attachment and egotistical pride. |
| ਮਿਥਿਆ ਆਪਸ ਊਪਰਿ ਕਰਤ ਗੁਮਾਨੁ ॥ | False are pride and self-conceit. |

| | |
|---|---|
| ਅਸਥਿਰੁ ਭਗਤਿ ਸਾਧ ਕੀ ਸਰਨ ॥ | Only devotional worship is permanent, and the Sanctuary of the Holy. |
| ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ ॥੪॥ | Nanak lives by meditating, meditating on the Lotus Feet of the Lord. \|\|4\|\| |
| ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ॥ | False are the ears which listen to the slander of others. |
| ਮਿਥਿਆ ਹਸਤ ਪਰ ਦਰਬ ਕਉ ਹਿਰਹਿ ॥ | False are the hands which steal the wealth of others. |

## ੨੬੯ 269

| | |
|---|---|
| ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ॥ | False are the eyes which gaze upon the beauty of another's wife. |
| ਮਿਥਿਆ ਰਸਨਾ ਭੋਜਨ ਅਨ ਸ੍ਵਾਦ ॥ | False is the tongue which enjoys delicacies and external tastes. |
| ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥ | False are the feet which run to do evil to others. |
| ਮਿਥਿਆ ਮਨ ਪਰ ਲੋਭ ਲੁਭਾਵਹਿ ॥ | False is the mind which covets the wealth of others. |
| ਮਿਥਿਆ ਤਨ ਨਹੀ ਪਰਉਪਕਾਰਾ ॥ | False is the body which does not do good to others. |
| ਮਿਥਿਆ ਬਾਸੁ ਲੇਤ ਬਿਕਾਰਾ ॥ | False is the nose which inhales corruption. |
| ਬਿਨੁ ਬੂਝੇ ਮਿਥਿਆ ਸਭ ਭਏ ॥ | Without understanding, everything is false. |
| ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ॥੫॥ | Fruitful is the body, O Nanak, which takes to the Lord's Name. \|\|5\|\| |
| ਬਿਰਥੀ ਸਾਕਤ ਕੀ ਆਰਜਾ ॥ | The life of the faithless cynic is totally useless. |
| ਸਾਚ ਬਿਨਾ ਕਹ ਹੋਵਤ ਸੂਚਾ ॥ | Without the Truth, how can anyone be pure? |
| ਬਿਰਥਾ ਨਾਮ ਬਿਨਾ ਤਨੁ ਅੰਧ ॥ | Useless is the body of the spiritually blind, without the Name of the Lord. |
| ਮੁਖਿ ਆਵਤ ਤਾ ਕੈ ਦੁਰਗੰਧ ॥ | From his mouth, a foul smell issues forth. |
| ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ ॥ | Without the remembrance of the Lord, day and night pass in vain, |
| ਮੇਘ ਬਿਨਾ ਜਿਉ ਖੇਤੀ ਜਾਇ ॥ | like the crop which withers without rain. |
| ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥ | Without meditation on the Lord of the Universe, all works are in vain, |
| ਜਿਉ ਕਿਰਪਨ ਕੇ ਨਿਰਾਰਥ ਦਾਮ ॥ | like the wealth of a miser, which lies useless. |

| | |
|---|---|
| ਧੰਨਿ ਧੰਨਿ ਤੇ ਜਨ ਜਿਹ ਘਟਿ ਬਸਿਓ ਹਰਿ ਨਾਉ ॥ | Blessed, blessed are those, whose hearts are filled with the Name of the Lord. |
| ਨਾਨਕ ਤਾ ਕੈ ਬਲਿ ਬਲਿ ਜਾਉ ॥੬॥ | Nanak is a sacrifice, a sacrifice to them. \|\|6\|\| |
| ਰਹਤ ਅਵਰ ਕਛੁ ਅਵਰ ਕਮਾਵਤ ॥ | He says one thing, and does something else. |
| ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥ | There is no love in his heart, and yet with his mouth he talks tall. |
| ਜਾਨਨਹਾਰ ਪ੍ਰਭੂ ਪਰਬੀਨ ॥ | The Omniscient Lord God is the Knower of all. |
| ਬਾਹਰਿ ਭੇਖ ਨ ਕਾਹੂ ਭੀਨ ॥ | He is not impressed by outward display. |
| ਅਵਰ ਉਪਦੇਸੈ ਆਪਿ ਨ ਕਰੈ ॥ | One who does not practice what he preaches to others, |
| ਆਵਤ ਜਾਵਤ ਜਨਮੈ ਮਰੈ ॥ | shall come and go in reincarnation, through birth and death. |
| ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥ | One whose inner being is filled with the Formless Lord |
| ਤਿਸ ਕੀ ਸੀਖ ਤਰੈ ਸੰਸਾਰੁ ॥ | by his teachings, the world is saved. |
| ਜੋ ਤੁਮ ਭਾਨੇ ਤਿਨ ਪ੍ਰਭੁ ਜਾਤਾ ॥ | Those who are pleasing to You, God, know You. |
| ਨਾਨਕ ਉਨ ਜਨ ਚਰਨ ਪਰਾਤਾ ॥੭॥ | Nanak falls at their feet. \|\|7\|\| |
| ਕਰਉ ਬੇਨਤੀ ਪਾਰਬ੍ਰਹਮੁ ਸਭੁ ਜਾਨੈ ॥ | Offer your prayers to the Supreme Lord God, who knows everything. |
| ਅਪਨਾ ਕੀਆ ਆਪਹਿ ਮਾਨੈ ॥ | He Himself values His own creatures. |
| ਆਪਹਿ ਆਪ ਆਪਿ ਕਰਤ ਨਿਬੇਰਾ ॥ | He Himself, by Himself, makes the decisions. |
| ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ ॥ | To some, He appears far away, while others perceive Him near at hand. |
| ਉਪਾਵ ਸਿਆਨਪ ਸਗਲ ਤੇ ਰਹਤ ॥ | He is beyond all efforts and clever tricks. |
| ਸਭੁ ਕਛੁ ਜਾਨੈ ਆਤਮ ਕੀ ਰਹਤ ॥ | He knows all the ways and means of the soul. |
| ਜਿਸੁ ਭਾਵੈ ਤਿਸੁ ਲਏ ਲੜਿ ਲਾਇ ॥ | Those with whom He is pleased are attached to the hem of His robe. |
| ਥਾਨ ਥਨੰਤਰਿ ਰਹਿਆ ਸਮਾਇ ॥ | He is pervading all places and interspaces. |
| ਸੋ ਸੇਵਕੁ ਜਿਸੁ ਕਿਰਪਾ ਕਰੀ ॥ | Those upon whom He bestows His favor, become His servants. |
| ਨਿਮਖ ਨਿਮਖ ਜਪਿ ਨਾਨਕ ਹਰੀ ॥੮॥੫॥ | Each and every moment, O Nanak, meditate on the Lord. \|\|8\|\|5\|\| |

| | |
|---|---|
| ਸਲੋਕੁ ॥ | Shalok: |
| ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥ | Sexual desire, anger, greed and emotional attachment - may these be gone, and egotism as well. |
| ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥੧॥ | Nanak seeks the Sanctuary of God; please bless me with Your Grace, O Divine Guru. \|\|1\|\| |
| ਅਸਟਪਦੀ ॥ | Ashtapadee: |
| ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥ | By His Grace, you partake of the thirty-six delicacies; |
| ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥ | enshrine that Lord and Master within your mind. |
| ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ ॥ | By His Grace, you apply scented oils to your body; |
| ਤਿਸ ਕਉ ਸਿਮਰਤ ਪਰਮ ਗਤਿ ਪਾਵਹਿ ॥ | remembering Him, the supreme status is obtained. |
| ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥ | By His Grace, you dwell in the palace of peace; |
| ਤਿਸਹਿ ਧਿਆਇ ਸਦਾ ਮਨ ਅੰਦਰਿ ॥ | meditate forever on Him within your mind. |
| ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ ॥ | By His Grace, you abide with your family in peace; |
| ਆਠ ਪਹਰ ਸਿਮਰਹੁ ਤਿਸੁ ਰਸਨਾ ॥ | keep His remembrance upon your tongue, twenty-four hours a day. |
| ਜਿਹ ਪ੍ਰਸਾਦਿ ਰੰਗ ਰਸ ਭੋਗ ॥ | By His Grace, you enjoy tastes and pleasures; |
| ਨਾਨਕ ਸਦਾ ਧਿਆਈਐ ਧਿਆਵਨ ਜੋਗ ॥੧॥ | O Nanak, meditate forever on the One, who is worthy of meditation. \|\|1\|\| |
| ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ ॥ | By His Grace, you wear silks and satins; |
| ਤਿਸਹਿ ਤਿਆਗਿ ਕਤ ਅਵਰ ਲੁਭਾਵਹਿ ॥ | why abandon Him, to attach yourself to another? |
| ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ ॥ | By His Grace, you sleep in a cozy bed; |
| ਮਨ ਆਠ ਪਹਰ ਤਾ ਕਾ ਜਸੁ ਗਾਵੀਜੈ ॥ | O my mind, sing His Praises, twenty-four hours a day. |
| ਜਿਹ ਪ੍ਰਸਾਦਿ ਤੁਝੁ ਸਭੁ ਕੋਊ ਮਾਨੈ ॥ | By His Grace, you are honored by everyone; |

| ੨੭੦ | ੨੭੦ |
|---|---|
| ਮੁਖਿ ਤਾ ਕੋ ਜਸੁ ਰਸਨ ਬਖਾਨੈ ॥ | with your mouth and with your tongue, chant His Praises. |
| ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ ॥ | By His Grace, you remain in the Dharma; |
| ਮਨ ਸਦਾ ਧਿਆਇ ਕੇਵਲ ਪਾਰਬ੍ਰਹਮੁ ॥ | O mind, meditate continually on the Supreme Lord God. |
| ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ ॥ | Meditating on God, you shall be honored in His Court; |
| ਨਾਨਕ ਪਤਿ ਸੇਤੀ ਘਰਿ ਜਾਵਹਿ ॥੨॥ | O Nanak, you shall return to your true home with honor. \|\|2\|\| |
| ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ ॥ | By His Grace, you have a healthy, golden body; |
| ਲਿਵ ਲਾਵਹੁ ਤਿਸੁ ਰਾਮ ਸਨੇਹੀ ॥ | attune yourself to that Loving Lord. |
| ਜਿਹ ਪ੍ਰਸਾਦਿ ਤੇਰਾ ਓਲਾ ਰਹਤ ॥ | By His Grace, your honor is preserved; |
| ਮਨ ਸੁਖੁ ਪਾਵਹਿ ਹਰਿ ਹਰਿ ਜਸੁ ਕਹਤ ॥ | O mind, chant the Praises of the Lord, Har, Har, and find peace. |
| ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ ॥ | By His Grace, all your deficits are covered; |
| ਮਨ ਸਰਨੀ ਪਰੁ ਠਾਕੁਰ ਪ੍ਰਭ ਤਾ ਕੈ ॥ | O mind, seek the Sanctuary of God, our Lord and Master. |
| ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ ॥ | By His Grace, no one can rival you; |
| ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ ॥ | O mind, with each and every breath, remember God on High. |
| ਜਿਹ ਪ੍ਰਸਾਦਿ ਪਾਈ ਦ੍ਰੁਲਭ ਦੇਹ ॥ | By His Grace, you obtained this precious human body; |
| ਨਾਨਕ ਤਾ ਕੀ ਭਗਤਿ ਕਰੇਹ ॥੩॥ | O Nanak, worship Him with devotion. \|\|3\|\| |
| ਜਿਹ ਪ੍ਰਸਾਦਿ ਆਭੂਖਨ ਪਹਿਰੀਜੈ ॥ | By His Grace, you wear decorations; |
| ਮਨ ਤਿਸੁ ਸਿਮਰਤ ਕਿਉ ਆਲਸੁ ਕੀਜੈ ॥ | O mind, why are you so lazy? Why don’t you remember Him in meditation? |
| ਜਿਹ ਪ੍ਰਸਾਦਿ ਅਸ੍ਵ ਹਸਤਿ ਅਸਵਾਰੀ ॥ | By His Grace, you have horses and elephants to ride; |
| ਮਨ ਤਿਸੁ ਪ੍ਰਭ ਕਉ ਕਬਹੂ ਨ ਬਿਸਾਰੀ ॥ | O mind, never forget that God. |
| ਜਿਹ ਪ੍ਰਸਾਦਿ ਬਾਗ ਮਿਲਖ ਧਨਾ ॥ | By His Grace, you have land, gardens and wealth; |
| ਰਾਖੁ ਪਰੋਇ ਪ੍ਰਭੁ ਅਪੁਨੇ ਮਨਾ ॥ | keep God enshrined in your heart. |

| | |
|---|---|
| ਜਿਨਿ ਤੇਰੀ ਮਨ ਬਨਤ ਬਨਾਈ ॥ | O mind, the One who formed your form |
| ਊਠਤ ਬੈਠਤ ਸਦ ਤਿਸਹਿ ਧਿਆਈ ॥ | standing up and sitting down, meditate always on Him. |
| ਤਿਸਹਿ ਧਿਆਇ ਜੋ ਏਕ ਅਲਖੈ ॥ | Meditate on Him - the One Invisible Lord; |
| ਈਹਾ ਊਹਾ ਨਾਨਕ ਤੇਰੀ ਰਖੈ ॥੪॥ | here and hereafter, O Nanak, He shall save you. ‖4‖ |
| ਜਿਹ ਪ੍ਰਸਾਦਿ ਕਰਹਿ ਪੁੰਨ ਬਹੁ ਦਾਨ ॥ | By His Grace, you give donations in abundance to charities; |
| ਮਨ ਆਠ ਪਹਰ ਕਰਿ ਤਿਸ ਕਾ ਧਿਆਨ ॥ | O mind, meditate on Him, twenty-four hours a day. |
| ਜਿਹ ਪ੍ਰਸਾਦਿ ਤੂ ਆਚਾਰ ਬਿਉਹਾਰੀ ॥ | By His Grace, you perform religious rituals and worldly duties; |
| ਤਿਸੁ ਪ੍ਰਭ ਕਉ ਸਾਸਿ ਸਾਸਿ ਚਿਤਾਰੀ ॥ | think of God with each and every breath. |
| ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ ॥ | By His Grace, your form is so beautiful; |
| ਸੋ ਪ੍ਰਭੁ ਸਿਮਰਹੁ ਸਦਾ ਅਨੂਪੁ ॥ | constantly remember God, the Incomparably Beautiful One. |
| ਜਿਹ ਪ੍ਰਸਾਦਿ ਤੇਰੀ ਨੀਕੀ ਜਾਤਿ ॥ | By His Grace, you have such high social status; |
| ਸੋ ਪ੍ਰਭੁ ਸਿਮਰਿ ਸਦਾ ਦਿਨ ਰਾਤਿ ॥ | remember God always, day and night. |
| ਜਿਹ ਪ੍ਰਸਾਦਿ ਤੇਰੀ ਪਤਿ ਰਹੈ ॥ | By His Grace, your honor is preserved; |
| ਗੁਰ ਪ੍ਰਸਾਦਿ ਨਾਨਕ ਜਸੁ ਕਹੈ ॥੫॥ | by Guru's Grace, O Nanak, chant His Praises. ‖5‖ |
| ਜਿਹ ਪ੍ਰਸਾਦਿ ਸੁਨਹਿ ਕਰਨ ਨਾਦ ॥ | By His Grace, you listen to the sound current of the Naad. |
| ਜਿਹ ਪ੍ਰਸਾਦਿ ਪੇਖਹਿ ਬਿਸਮਾਦ ॥ | By His Grace, you behold amazing wonders. |
| ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ ॥ | By His Grace, you speak ambrosial words with your tongue. |
| ਜਿਹ ਪ੍ਰਸਾਦਿ ਸੁਖਿ ਸਹਜੇ ਬਸਨਾ ॥ | By His Grace, you abide in peace and ease. |
| ਜਿਹ ਪ੍ਰਸਾਦਿ ਹਸਤ ਕਰ ਚਲਹਿ ॥ | By His Grace, your hands move and work. |
| ਜਿਹ ਪ੍ਰਸਾਦਿ ਸੰਪੂਰਨ ਫਲਹਿ ॥ | By His Grace, you are completely fulfilled. |
| ਜਿਹ ਪ੍ਰਸਾਦਿ ਪਰਮ ਗਤਿ ਪਾਵਹਿ ॥ | By His Grace, you obtain the supreme status. |
| ਜਿਹ ਪ੍ਰਸਾਦਿ ਸੁਖਿ ਸਹਜਿ ਸਮਾਵਹਿ ॥ | By His Grace, you are absorbed into celestial peace. |
| ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ ॥ | Why forsake God, and attach yourself to another? |

| | |
|---|---|
| ਗੁਰ ਪ੍ਰਸਾਦਿ ਨਾਨਕ ਮਨਿ ਜਾਗਹੁ ॥੬॥ | By Guru's Grace, O Nanak, awaken your mind! ‖6‖ |
| ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ ॥ | By His Grace, you are famous all over the world; |
| ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ ॥ | never forget God from your mind. |
| ਜਿਹ ਪ੍ਰਸਾਦਿ ਤੇਰਾ ਪਰਤਾਪੁ ॥ | By His Grace, you have prestige; |
| ਰੇ ਮਨ ਮੂੜ ਤੂ ਤਾ ਕਉ ਜਾਪੁ ॥ | O foolish mind, meditate on Him! |
| ਜਿਹ ਪ੍ਰਸਾਦਿ ਤੇਰੇ ਕਾਰਜ ਪੂਰੇ ॥ | By His Grace, your works are completed; |
| ਤਿਸਹਿ ਜਾਨੁ ਮਨ ਸਦਾ ਹਜੂਰੇ ॥ | O mind, know Him to be close at hand. |
| ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ ॥ | By His Grace, you find the Truth; |
| ਰੇ ਮਨ ਮੇਰੇ ਤੂੰ ਤਾ ਸਿਉ ਰਾਚੁ ॥ | O my mind, merge yourself into Him. |
| ਜਿਹ ਪ੍ਰਸਾਦਿ ਸਭ ਕੀ ਗਤਿ ਹੋਇ ॥ | By His Grace, everyone is saved; |
| ਨਾਨਕ ਜਾਪੁ ਜਪੈ ਜਪੁ ਸੋਇ ॥੭॥ | O Nanak, meditate, and chant His Chant. ‖7‖ |
| ਆਪਿ ਜਪਾਏ ਜਪੈ ਸੋ ਨਾਉ ॥ | Those, whom He inspires to chant, chant His Name. |
| ਆਪਿ ਗਾਵਾਏ ਸੁ ਹਰਿ ਗੁਨ ਗਾਉ ॥ | Those, whom He inspires to sing, sing the Glorious Praises of the Lord. |
| **੨੭੧** | **271** |
| ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥ | By God's Grace, enlightenment comes. |
| ਪ੍ਰਭੂ ਦਇਆ ਤੇ ਕਮਲ ਬਿਗਾਸੁ ॥ | By God's Kind Mercy, the heart-lotus blossoms forth. |
| ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ ॥ | When God is totally pleased, He comes to dwell in the mind. |
| ਪ੍ਰਭ ਦਇਆ ਤੇ ਮਤਿ ਊਤਮ ਹੋਇ ॥ | By God's Kind Mercy, the intellect is exalted. |
| ਸਰਬ ਨਿਧਾਨ ਪ੍ਰਭ ਤੇਰੀ ਮਇਆ ॥ | All treasures, O Lord, come by Your Kind Mercy. |
| ਆਪਹੁ ਕਛੂ ਨ ਕਿਨਹੂ ਲਇਆ ॥ | No one obtains anything by himself. |
| ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ ॥ | As You have delegated, so do we apply ourselves, O Lord and Master. |
| ਨਾਨਕ ਇਨ ਕੈ ਕਛੂ ਨ ਹਾਥ ॥੮॥੬॥ | O Nanak, nothing is in our hands. ‖8‖6‖ |

| | |
|---|---|
| ਸਲੋਕੁ ॥ | Shalok: |
| ਅਗਮ ਅਗਾਧਿ ਪਾਰਬ੍ਰਹਮੁ ਸੋਇ ॥ | Unapproachable and Unfathomable is the Supreme Lord God; |
| ਜੋ ਜੋ ਕਹੈ ਸੁ ਮੁਕਤਾ ਹੋਇ ॥ | whoever speaks of Him shall be liberated. |
| ਸੁਨਿ ਮੀਤਾ ਨਾਨਕੁ ਬਿਨਵੰਤਾ ॥<br>ਸਾਧ ਜਨਾ ਕੀ ਅਚਰਜ ਕਥਾ ॥੧॥ | Listen, O friends, Nanak prays, to the wonderful story of the Holy. ‖1‖ |
| ਅਸਟਪਦੀ ॥ | Ashtapadee: |
| ਸਾਧ ਕੈ ਸੰਗਿ ਮੁਖ ਊਜਲ ਹੋਤ ॥ | In the Company of the Holy, one's face becomes radiant. |
| ਸਾਧਸੰਗਿ ਮਲੁ ਸਗਲੀ ਖੋਤ ॥ | In the Company of the Holy, all filth is removed. |
| ਸਾਧ ਕੈ ਸੰਗਿ ਮਿਟੈ ਅਭਿਮਾਨੁ ॥ | In the Company of the Holy, egotism is eliminated. |
| ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ ॥ | In the Company of the Holy, spiritual wisdom is revealed. |
| ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ ॥ | In the Company of the Holy, God is understood to be near at hand. |
| ਸਾਧਸੰਗਿ ਸਭੁ ਹੋਤ ਨਿਬੇਰਾ ॥ | In the Company of the Holy, all conflicts are settled. |
| ਸਾਧ ਕੈ ਸੰਗਿ ਪਾਏ ਨਾਮ ਰਤਨੁ ॥ | In the Company of the Holy, one obtains the jewel of the Naam. |
| ਸਾਧ ਕੈ ਸੰਗਿ ਏਕ ਊਪਰਿ ਜਤਨੁ ॥ | In the Company of the Holy, one's efforts are directed toward the One Lord. |
| ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ ॥ | What mortal can speak of the Glorious Praises of the Holy? |
| ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ ॥੧॥ | O Nanak, the glory of the Holy people merges into God. ‖1‖ |
| ਸਾਧ ਕੈ ਸੰਗਿ ਅਗੋਚਰੁ ਮਿਲੈ ॥ | In the Company of the Holy, one meets the Incomprehensible Lord. |
| ਸਾਧ ਕੈ ਸੰਗਿ ਸਦਾ ਪਰਫੁਲੈ ॥ | In the Company of the Holy, one flourishes forever. |
| ਸਾਧ ਕੈ ਸੰਗਿ ਆਵਹਿ ਬਸਿ ਪੰਚਾ ॥ | In the Company of the Holy, the five passions are brought to rest. |
| ਸਾਧਸੰਗਿ ਅੰਮ੍ਰਿਤ ਰਸੁ ਭੁੰਚਾ ॥ | In the Company of the Holy, one enjoys the essence of ambrosia. |
| ਸਾਧਸੰਗਿ ਹੋਇ ਸਭ ਕੀ ਰੇਨ ॥ | In the Company of the Holy, one becomes the dust of all. |
| ਸਾਧ ਕੈ ਸੰਗਿ ਮਨੋਹਰ ਬੈਨ ॥ | In the Company of the Holy, one's speech is enticing. |
| ਸਾਧ ਕੈ ਸੰਗਿ ਨ ਕਤਹੂੰ ਧਾਵੈ ॥ | In the Company of the Holy, the mind does not wander. |

| | |
|---|---|
| ਸਾਧਸੰਗਿ ਅਸਥਿਤਿ ਮਨੁ ਪਾਵੈ ॥ | In the Company of the Holy, the mind becomes stable. |
| ਸਾਧ ਕੈ ਸੰਗਿ ਮਾਇਆ ਤੇ ਭਿੰਨ ॥ | In the Company of the Holy, one is rid of Maya. |
| ਸਾਧਸੰਗਿ ਨਾਨਕ ਪ੍ਰਭ ਸੁਪ੍ਰਸੰਨ ॥੨॥ | In the Company of the Holy, O Nanak, God is totally pleased. ‖2‖ |
| ਸਾਧਸੰਗਿ ਦੁਸਮਨ ਸਭਿ ਮੀਤ ॥ | In the Company of the Holy, all one's enemies become friends. |
| ਸਾਧੂ ਕੈ ਸੰਗਿ ਮਹਾ ਪੁਨੀਤ ॥ | In the Company of the Holy, there is great purity. |
| ਸਾਧਸੰਗਿ ਕਿਸ ਸਿਉ ਨਹੀ ਬੈਰੁ ॥ | In the Company of the Holy, no one is hated. |
| ਸਾਧ ਕੈ ਸੰਗਿ ਨ ਬੀਗਾ ਪੈਰੁ ॥ | In the Company of the Holy, one's feet do not wander. |
| ਸਾਧ ਕੈ ਸੰਗਿ ਨਾਹੀ ਕੋ ਮੰਦਾ ॥ | In the Company of the Holy, no one seems evil. |
| ਸਾਧਸੰਗਿ ਜਾਨੇ ਪਰਮਾਨੰਦਾ ॥ | In the Company of the Holy, supreme bliss is known. |
| ਸਾਧ ਕੈ ਸੰਗਿ ਨਾਹੀ ਹਉ ਤਾਪੁ ॥ | In the Company of the Holy, the fever of ego departs. |
| ਸਾਧ ਕੈ ਸੰਗਿ ਤਜੈ ਸਭੁ ਆਪੁ ॥ | In the Company of the Holy, one renounces all selfishness. |
| ਆਪੇ ਜਾਨੈ ਸਾਧ ਬਡਾਈ ॥ | He Himself knows the greatness of the Holy. |
| ਨਾਨਕ ਸਾਧ ਪ੍ਰਭੂ ਬਨਿ ਆਈ ॥੩॥ | O Nanak, the Holy are at one with God. ‖3‖ |
| ਸਾਧ ਕੈ ਸੰਗਿ ਨ ਕਬਹੂ ਧਾਵੈ ॥ | In the Company of the Holy, the mind never wanders. |
| ਸਾਧ ਕੈ ਸੰਗਿ ਸਦਾ ਸੁਖੁ ਪਾਵੈ ॥ | In the Company of the Holy, one obtains everlasting peace. |
| ਸਾਧਸੰਗਿ ਬਸਤੁ ਅਗੋਚਰ ਲਹੈ ॥ | In the Company of the Holy, one grasps the Incomprehensible. |
| ਸਾਧੂ ਕੈ ਸੰਗਿ ਅਜਰੁ ਸਹੈ ॥ | In the Company of the Holy, one can endure the unendurable. |
| ਸਾਧ ਕੈ ਸੰਗਿ ਬਸੈ ਥਾਨਿ ਊਚੈ ॥ | In the Company of the Holy, one abides in the loftiest place. |
| ਸਾਧੂ ਕੈ ਸੰਗਿ ਮਹਲਿ ਪਹੂਚੈ ॥ | In the Company of the Holy, one attains the Mansion of the Lord's Presence. |
| ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ ॥ | In the Company of the Holy, one's Dharmic faith is firmly established. |
| ਸਾਧ ਕੈ ਸੰਗਿ ਕੇਵਲ ਪਾਰਬ੍ਰਹਮ ॥ | In the Company of the Holy, one dwells with the Supreme Lord God. |
| ਸਾਧ ਕੈ ਸੰਗਿ ਪਾਏ ਨਾਮ ਨਿਧਾਨ ॥ | In the Company of the Holy, one obtains the treasure of the Naam. |
| ਨਾਨਕ ਸਾਧੂ ਕੈ ਕੁਰਬਾਨ ॥੪॥ | O Nanak, I am a sacrifice to the Holy. ‖4‖ |

| | |
|---|---|
| ਸਾਧ ਕੈ ਸੰਗਿ ਸਭ ਕੁਲ ਉਧਾਰੈ ॥ | In the Company of the Holy, all one's family is saved. |
| ਸਾਧਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ ॥ | In the Company of the Holy, one's friends, acquaintances and relatives are redeemed. |
| ਸਾਧੂ ਕੈ ਸੰਗਿ ਸੋ ਧਨੁ ਪਾਵੈ ॥ | In the Company of the Holy, that wealth is obtained. |
| ਜਿਸੁ ਧਨ ਤੇ ਸਭੁ ਕੋ ਵਰਸਾਵੈ ॥ | Everyone benefits from that wealth. |
| ਸਾਧਸੰਗਿ ਧਰਮ ਰਾਇ ਕਰੇ ਸੇਵਾ ॥ | In the Company of the Holy, the Lord of Dharma serves. |
| ਸਾਧ ਕੈ ਸੰਗਿ ਸੋਭਾ ਸੁਰਦੇਵਾ ॥ | In the Company of the Holy, the divine, angelic beings sing God's Praises. |
| ਸਾਧੂ ਕੈ ਸੰਗਿ ਪਾਪ ਪਲਾਇਨ ॥ | In the Company of the Holy, one's sins fly away. |
| ਸਾਧਸੰਗਿ ਅੰਮ੍ਰਿਤ ਗੁਨ ਗਾਇਨ ॥ | In the Company of the Holy, one sings the Ambrosial Glories. |
| ਸਾਧ ਕੈ ਸੰਗਿ ਸ੍ਰਬ ਥਾਨ ਗੰਮਿ ॥ | In the Company of the Holy, all places are within reach. |

## ੨੭੨ 272

| | |
|---|---|
| ਨਾਨਕ ਸਾਧ ਕੈ ਸੰਗਿ ਸਫਲ ਜਨੰਮ ॥੫॥ | O Nanak, in the Company of the Holy, one's life becomes fruitful. \|\|5\|\| |
| ਸਾਧ ਕੈ ਸੰਗਿ ਨਹੀ ਕਛੁ ਘਾਲ ॥ | In the Company of the Holy, there is no suffering. |
| ਦਰਸਨੁ ਭੇਟਤ ਹੋਤ ਨਿਹਾਲ ॥ | The Blessed Vision of their Darshan brings a sublime, happy peace. |
| ਸਾਧ ਕੈ ਸੰਗਿ ਕਲੂਖਤ ਹਰੈ ॥ | In the Company of the Holy, blemishes are removed. |
| ਸਾਧ ਕੈ ਸੰਗਿ ਨਰਕ ਪਰਹਰੈ ॥ | In the Company of the Holy, hell is far away. |
| ਸਾਧ ਕੈ ਸੰਗਿ ਈਹਾ ਊਹਾ ਸੁਹੇਲਾ ॥ | In the Company of the Holy, one is happy here and hereafter. |
| ਸਾਧਸੰਗਿ ਬਿਛੁਰਤ ਹਰਿ ਮੇਲਾ ॥ | In the Company of the Holy, the separated ones are reunited with the Lord. |
| ਜੋ ਇਛੈ ਸੋਈ ਫਲੁ ਪਾਵੈ ॥ | The fruits of one's desires are obtained. |
| ਸਾਧ ਕੈ ਸੰਗਿ ਨ ਬਿਰਥਾ ਜਾਵੈ ॥ | In the Company of the Holy, no one goes empty-handed. |
| ਪਾਰਬ੍ਰਹਮੁ ਸਾਧ ਰਿਦ ਬਸੈ ॥ | The Supreme Lord God dwells in the hearts of the Holy. |
| ਨਾਨਕ ਉਧਰੈ ਸਾਧ ਸੁਨਿ ਰਸੈ ॥੬॥ | O Nanak, listening to the sweet words of the Holy, one is saved. \|\|6\|\| |
| ਸਾਧ ਕੈ ਸੰਗਿ ਸੁਨਉ ਹਰਿ ਨਾਉ ॥ | In the Company of the Holy, listen to the Name of the Lord. |
| ਸਾਧਸੰਗਿ ਹਰਿ ਕੇ ਗੁਨ ਗਾਉ ॥ | In the Company of the Holy, sing the Glorious Praises of the Lord. |

| | |
|---|---|
| ਸਾਧ ਕੈ ਸੰਗਿ ਨ ਮਨ ਤੇ ਬਿਸਰੈ ॥ | In the Company of the Holy, do not forget Him from your mind. |
| ਸਾਧਸੰਗਿ ਸਰਪਰ ਨਿਸਤਰੈ ॥ | In the Company of the Holy, you shall surely be saved. |
| ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥ | In the Company of the Holy, God seems very sweet. |
| ਸਾਧੂ ਕੈ ਸੰਗਿ ਘਟਿ ਘਟਿ ਡੀਠਾ ॥ | In the Company of the Holy, He is seen in each and every heart. |
| ਸਾਧਸੰਗਿ ਭਏ ਆਗਿਆਕਾਰੀ ॥ | In the Company of the Holy, we become obedient to the Lord. |
| ਸਾਧਸੰਗਿ ਗਤਿ ਭਈ ਹਮਾਰੀ ॥ | In the Company of the Holy, we obtain the state of salvation. |
| ਸਾਧ ਕੈ ਸੰਗਿ ਮਿਟੇ ਸਭਿ ਰੋਗ ॥ | In the Company of the Holy, all diseases are cured. |
| ਨਾਨਕ ਸਾਧ ਭੇਟੇ ਸੰਜੋਗ ॥੭॥ | O Nanak, one meets with the Holy, by highest destiny. \|\|7\|\| |
| ਸਾਧ ਕੀ ਮਹਿਮਾ ਬੇਦ ਨ ਜਾਨਹਿ ॥ | The glory of the Holy people is not known to the Vedas. |
| ਜੇਤਾ ਸੁਨਹਿ ਤੇਤਾ ਬਖਿਆਨਹਿ ॥ | They can describe only what they have heard. |
| ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥ | The greatness of the Holy people is beyond the three qualities. |
| ਸਾਧ ਕੀ ਉਪਮਾ ਰਹੀ ਭਰਪੂਰਿ ॥ | The greatness of the Holy people is all-pervading. |
| ਸਾਧ ਕੀ ਸੋਭਾ ਕਾ ਨਾਹੀ ਅੰਤ ॥ | The glory of the Holy people has no limit. |
| ਸਾਧ ਕੀ ਸੋਭਾ ਸਦਾ ਬੇਅੰਤ ॥ | The glory of the Holy people is infinite and eternal. |
| ਸਾਧ ਕੀ ਸੋਭਾ ਊਚ ਤੇ ਊਚੀ ॥ | The glory of the Holy people is the highest of the high. |
| ਸਾਧ ਕੀ ਸੋਭਾ ਮੂਚ ਤੇ ਮੂਚੀ ॥ | The glory of the Holy people is the greatest of the great. |
| ਸਾਧ ਕੀ ਸੋਭਾ ਸਾਧ ਬਨਿ ਆਈ ॥ | The glory of the Holy people is theirs alone; |
| ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥੮॥੭॥ | O Nanak, there is no difference between the Holy people and God. \|\|8\|\|7\|\| |
| ਸਲੋਕੁ ॥ | Shalok: |
| ਮਨਿ ਸਾਚਾ ਮੁਖਿ ਸਾਚਾ ਸੋਇ ॥ | The True One is on his mind, and the True One is upon his lips. |
| ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥ | He sees only the One. |
| ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥੧॥ | O Nanak, these are the qualities of the God-conscious being. \|\|1\|\| |

| | |
|---|---|
| ਅਸਟਪਦੀ ॥ | Ashtapadee: |
| ਬ੍ਰਹਮ ਗਿਆਨੀ ਸਦਾ ਨਿਰਲੇਪ ॥ | The God-conscious being is always unattached, |
| ਜੈਸੇ ਜਲ ਮਹਿ ਕਮਲ ਅਲੇਪ ॥ | as the lotus in the water remains detached. |
| ਬ੍ਰਹਮ ਗਿਆਨੀ ਸਦਾ ਨਿਰਦੋਖ ॥ | The God-conscious being is always unstained, |
| ਜੈਸੇ ਸੂਰੁ ਸਰਬ ਕਉ ਸੋਖ ॥ | like the sun, which gives its comfort and warmth to all. |
| ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥ | The God-conscious being looks upon all alike, |
| ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥ | like the wind, which blows equally upon the king and the poor beggar. |
| ਬ੍ਰਹਮ ਗਿਆਨੀ ਕੈ ਧੀਰਜੁ ਏਕ ॥ | The God-conscious being has a steady patience, |
| ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥ | like the earth, which is dug up by one, and anointed with sandal paste by another. |
| ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥ | This is the quality of the God-conscious being: |
| ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥੧॥ | O Nanak, his inherent nature is like a warming fire. ‖1‖ |
| ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥ | The God-conscious being is the purest of the pure; |
| ਜੈਸੇ ਮੈਲੁ ਨ ਲਾਗੈ ਜਲਾ ॥ | filth does not stick to water. |
| ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥ | The God-conscious being's mind is enlightened, |
| ਜੈਸੇ ਧਰ ਊਪਰਿ ਆਕਾਸੁ ॥ | like the sky above the earth. |
| ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ ॥ | To the God-conscious being, friend and foe are the same. |
| ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥ | The God-conscious being has no egotistical pride. |
| ਬ੍ਰਹਮ ਗਿਆਨੀ ਊਚ ਤੇ ਊਚਾ ॥ | The God-conscious being is the highest of the high. |
| ਮਨਿ ਅਪਨੈ ਹੈ ਸਭ ਤੇ ਨੀਚਾ ॥ | Within his own mind, he is the most humble of all. |
| ਬ੍ਰਹਮ ਗਿਆਨੀ ਸੇ ਜਨ ਭਏ ॥ | They alone become God-conscious beings, |
| ਨਾਨਕ ਜਿਨ ਪ੍ਰਭੁ ਆਪਿ ਕਰੇਇ ॥੨॥ | O Nanak, whom God Himself makes so. ‖2‖ |

| | |
|---|---|
| ਬ੍ਰਹਮ ਗਿਆਨੀ ਸਗਲ ਕੀ ਰੀਨਾ ॥ | The God-conscious being is the dust of all. |
| ਆਤਮ ਰਸੁ ਬ੍ਰਹਮ ਗਿਆਨੀ ਚੀਨਾ ॥ | The God-conscious being knows the nature of the soul. |
| ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ ॥ | The God-conscious being shows kindness to all. |
| ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥ | No evil comes from the God-conscious being. |
| ਬ੍ਰਹਮ ਗਿਆਨੀ ਸਦਾ ਸਮਦਰਸੀ ॥ | The God-conscious being is always impartial. |
| **੨੭੩** | **273** |
| ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥ | Nectar rains down from the glance of the God-conscious being. |
| ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥ | The God-conscious being is free from entanglements. |
| ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥ | The lifestyle of the God-conscious being is spotlessly pure. |
| ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥ | Spiritual wisdom is the food of the God-conscious being. |
| ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥੩॥ | O Nanak, the God-conscious being is absorbed in God's meditation. \|\|3\|\| |
| ਬ੍ਰਹਮ ਗਿਆਨੀ ਏਕ ਊਪਰਿ ਆਸ ॥ | The God-conscious being centers his hopes on the One alone. |
| ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥ | The God-conscious being shall never perish. |
| ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥ | The God-conscious being is steeped in humility. |
| ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ | The God-conscious being delights in doing good to others. |
| ਬ੍ਰਹਮ ਗਿਆਨੀ ਕੈ ਨਾਹੀ ਧੰਧਾ ॥ | The God-conscious being has no worldly entanglements. |
| ਬ੍ਰਹਮ ਗਿਆਨੀ ਲੇ ਧਾਵਤੁ ਬੰਧਾ ॥ | The God-conscious being holds his wandering mind under control. |
| ਬ੍ਰਹਮ ਗਿਆਨੀ ਕੈ ਹੋਇ ਸੁ ਭਲਾ ॥ | The God-conscious being acts in the common good. |
| ਬ੍ਰਹਮ ਗਿਆਨੀ ਸੁਫਲ ਫਲਾ ॥ | The God-conscious being blossoms in fruitfulness. |
| ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ ॥ | In the Company of the God-conscious being, all are saved. |
| ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ ॥੪॥ | O Nanak, through the God-conscious being, the whole world meditates on God. \|\|4\|\| |

| | |
|---|---|
| ਬ੍ਰਹਮ ਗਿਆਨੀ ਕੈ ਏਕੈ ਰੰਗ ॥ | The God-conscious being loves the One Lord alone. |
| ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ ॥ | The God-conscious being dwells with God. |
| ਬ੍ਰਹਮ ਗਿਆਨੀ ਕੈ ਨਾਮੁ ਆਧਾਰੁ ॥ | The God-conscious being takes the Naam as his Support. |
| ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ ॥ | The God-conscious being has the Naam as his Family. |
| ਬ੍ਰਹਮ ਗਿਆਨੀ ਸਦਾ ਸਦ ਜਾਗਤ ॥ | The God-conscious being is awake and aware, forever and ever. |
| ਬ੍ਰਹਮ ਗਿਆਨੀ ਅਹੰਬੁਧਿ ਤਿਆਗਤ ॥ | The God-conscious being renounces his proud ego. |
| ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ ॥ | In the mind of the God-conscious being, there is supreme bliss. |
| ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ ॥ | In the home of the God-conscious being, there is everlasting bliss. |
| ਬ੍ਰਹਮ ਗਿਆਨੀ ਸੁਖ ਸਹਜ ਨਿਵਾਸ ॥ | The God-conscious being dwells in peaceful ease. |
| ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥੫॥ | O Nanak, the God-conscious being shall never perish. \|\|5\|\| |
| ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ ॥ | The God-conscious being knows God. |
| ਬ੍ਰਹਮ ਗਿਆਨੀ ਏਕ ਸੰਗਿ ਹੇਤਾ ॥ | The God-conscious being is in love with the One alone. |
| ਬ੍ਰਹਮ ਗਿਆਨੀ ਕੈ ਹੋਇ ਅਚਿੰਤ ॥ | The God-conscious being is carefree. |
| ਬ੍ਰਹਮ ਗਿਆਨੀ ਕਾ ਨਿਰਮਲ ਮੰਤ ॥ | Pure are the Teachings of the God-conscious being. |
| ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ ॥ | The God-conscious being is made so by God Himself. |
| ਬ੍ਰਹਮ ਗਿਆਨੀ ਕਾ ਬਡ ਪਰਤਾਪ ॥ | The God-conscious being is gloriously great. |
| ਬ੍ਰਹਮ ਗਿਆਨੀ ਕਾ ਦਰਸੁ ਬਡਭਾਗੀ ਪਾਈਐ ॥ | The Darshan, the Blessed Vision of the God-conscious being, is obtained by great good fortune. |
| ਬ੍ਰਹਮ ਗਿਆਨੀ ਕਉ ਬਲਿ ਬਲਿ ਜਾਈਐ ॥ | To the God-conscious being, I make my life a sacrifice. |
| ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥ | The God-conscious being is sought by the great god Shiva. |
| ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥੬॥ | O Nanak, the God-conscious being is Himself the Supreme Lord God. \|\|6\|\| |

| | |
|---|---|
| ਬ੍ਰਹਮ ਗਿਆਨੀ ਕੀ ਕੀਮਤਿ ਨਾਹਿ ॥ | The God-conscious being cannot be appraised. |
| ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ ॥ | The God-conscious being has all within his mind. |
| ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ ॥ | Who can know the mystery of the God-conscious being? |
| ਬ੍ਰਹਮ ਗਿਆਨੀ ਕਉ ਸਦਾ ਅਦੇਸੁ ॥ | Forever bow to the God-conscious being. |
| ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਯਰੁ ॥ | The God-conscious being cannot be described in words. |
| ਬ੍ਰਹਮ ਗਿਆਨੀ ਸਰਬ ਕਾ ਠਾਕੁਰੁ ॥ | The God-conscious being is the Lord and Master of all. |
| ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ ॥ | Who can describe the limits of the God-conscious being? |
| ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥ | Only the God-conscious being can know the state of the God-conscious being. |
| ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ ॥ | The God-conscious being has no end or limitation. |
| ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ ॥੭॥ | O Nanak, to the God-conscious being, bow forever in reverence. \|\|7\|\| |
| ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥ | The God-conscious being is the Creator of all the world. |
| ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥ | The God-conscious being lives forever, and does not die. |
| ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥ | The God-conscious being is the Giver of the way of liberation of the soul. |
| ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥ | The God-conscious being is the Perfect Supreme Being, who orchestrates all. |
| ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥ | The God-conscious being is the helper of the helpless. |
| ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥ | The God-conscious being extends his hand to all. |
| ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥ | The God-conscious being owns the entire creation. |

| ੨੭੪ | 274 |
|---|---|
| ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥ | The God-conscious being is himself the Formless Lord. |
| ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥ | The glory of the God-conscious being belongs to the God-conscious being alone. |
| ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥੮॥੮॥ | O Nanak, the God-conscious being is the Lord of all. ‖8‖8‖ |
| ਸਲੋਕੁ ॥ | Shalok: |
| ਉਰਿ ਧਾਰੈ ਜੋ ਅੰਤਰਿ ਨਾਮੁ ॥ | One who enshrines the Naam within the heart, |
| ਸਰਬ ਮੈ ਪੇਖੈ ਭਗਵਾਨੁ ॥ | who sees the Lord God in all, |
| ਨਿਮਖ ਨਿਮਖ ਠਾਕੁਰ ਨਮਸਕਾਰੈ ॥ | who, each and every moment, bows in reverence to the Lord Master |
| ਨਾਨਕ ਓਹੁ ਅਪਰਸੁ ਸਗਲ ਨਿਸਤਾਰੈ ॥੧॥ | - O Nanak, such a one is the true 'touch-nothing Saint', who emancipates everyone. ‖1‖ |
| ਅਸਟਪਦੀ ॥ | Ashtapadee: |
| ਮਿਥਿਆ ਨਾਹੀ ਰਸਨਾ ਪਰਸ ॥ | One whose tongue does not touch falsehood; |
| ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥ | whose mind is filled with love for the Blessed Vision of the Pure Lord, |
| ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ | whose eyes do not gaze upon the beauty of others' wives, |
| ਸਾਧ ਕੀ ਟਹਲ ਸੰਤਸੰਗਿ ਹੇਤ ॥ | who serves the Holy and loves the Saints' Congregation, |
| ਕਰਨ ਨ ਸੁਨੈ ਕਾਹੂ ਕੀ ਨਿੰਦਾ ॥ | whose ears do not listen to slander against anyone, |
| ਸਭ ਤੇ ਜਾਨੈ ਆਪਸ ਕਉ ਮੰਦਾ ॥ | who deems himself to be the worst of all, |
| ਗੁਰ ਪ੍ਰਸਾਦਿ ਬਿਖਿਆ ਪਰਹਰੈ ॥ | who, by Guru's Grace, renounces corruption, |
| ਮਨ ਕੀ ਬਾਸਨਾ ਮਨ ਤੇ ਟਰੈ ॥ | who banishes the mind's evil desires from his mind, |
| ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ॥ | who conquers his sexual instincts and is free of the five sinful passions |
| ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥੧॥ | - O Nanak, among millions, there is scarcely one such 'touch-nothing Saint'. ‖1‖ |
| ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ ॥ | The true Vaishnaav, the devotee of Vishnu, is the one with whom God is thoroughly pleased. |
| ਬਿਸਨ ਕੀ ਮਾਇਆ ਤੇ ਹੋਇ ਭਿੰਨ ॥ | He dwells apart from Maya. |
| ਕਰਮ ਕਰਤ ਹੋਵੈ ਨਿਹਕਰਮ ॥ | Performing good deeds, he does not seek rewards. |

| | |
|---|---|
| ਤਿਸੁ ਬੈਸਨੋ ਕਾ ਨਿਰਮਲ ਧਰਮ ॥ | Spotlessly pure is the religion of such a Vaishnaav; |
| ਕਾਹੂ ਫਲ ਕੀ ਇਛਾ ਨਹੀ ਬਾਛੈ ॥ | he has no desire for the fruits of his labors. |
| ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥ | He is absorbed in devotional worship and the singing of Kirtan, the songs of the Lord's Glory. |
| ਮਨ ਤਨ ਅੰਤਰਿ ਸਿਮਰਨ ਗੋਪਾਲ ॥ | Within his mind and body, he meditates in remembrance on the Lord of the Universe. |
| ਸਭ ਊਪਰਿ ਹੋਵਤ ਕਿਰਪਾਲ ॥ | He is kind to all creatures. |
| ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ॥ | He holds fast to the Naam, and inspires others to chant it. |
| ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ ॥੨॥ | O Nanak, such a Vaishnaav obtains the supreme status. \|\|2\|\| |
| ਭਗਉਤੀ ਭਗਵੰਤ ਭਗਤਿ ਕਾ ਰੰਗੁ ॥ | The true Bhagaautee, the devotee of Adi Shakti, loves the devotional worship of God. |
| ਸਗਲ ਤਿਆਗੈ ਦੁਸਟ ਕਾ ਸੰਗੁ ॥ | He forsakes the company of all wicked people. |
| ਮਨ ਤੇ ਬਿਨਸੈ ਸਗਲਾ ਭਰਮੁ ॥ | All doubts are removed from his mind. |
| ਕਰਿ ਪੂਜੈ ਸਗਲ ਪਾਰਬ੍ਰਹਮੁ ॥ | He performs devotional service to the Supreme Lord God in all. |
| ਸਾਧਸੰਗਿ ਪਾਪਾ ਮਲੁ ਖੋਵੈ ॥ | In the Company of the Holy, the filth of sin is washed away. |
| ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥ | The wisdom of such a Bhagaautee becomes supreme. |
| ਭਗਵੰਤ ਕੀ ਟਹਲ ਕਰੈ ਨਿਤ ਨੀਤਿ ॥ | He constantly performs the service of the Supreme Lord God. |
| ਮਨੁ ਤਨੁ ਅਰਪੈ ਬਿਸਨ ਪਰੀਤਿ ॥ | He dedicates his mind and body to the Love of God. |
| ਹਰਿ ਕੇ ਚਰਨ ਹਿਰਦੈ ਬਸਾਵੈ ॥ | The Lotus Feet of the Lord abide in his heart. |
| ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥੩॥ | O Nanak, such a Bhagaautee attains the Lord God. \|\|3\|\| |
| ਸੋ ਪੰਡਿਤੁ ਜੋ ਮਨੁ ਪਰਬੋਧੈ ॥ | He is a true Pandit, a religious scholar, who instructs his own mind. |
| ਰਾਮ ਨਾਮੁ ਆਤਮ ਮਹਿ ਸੋਧੈ ॥ | He searches for the Lord's Name within his own soul. |
| ਰਾਮ ਨਾਮ ਸਾਰੁ ਰਸੁ ਪੀਵੈ ॥ | He drinks in the Exquisite Nectar of the Lord's Name. |
| ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥ | By that Pandit's teachings, the world lives. |
| ਹਰਿ ਕੀ ਕਥਾ ਹਿਰਦੈ ਬਸਾਵੈ ॥ | He implants the Sermon of the Lord in his heart. |
| ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥ | Such a Pandit is not cast into the womb of reincarnation again. |

| | |
|---|---|
| ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ ॥ | He understands the fundamental essence of the Vedas, the Puraanas and the Simritees. |
| ਸੂਖਮ ਮਹਿ ਜਾਨੈ ਅਸਥੂਲੁ ॥ | In the unmanifest, he sees the manifest world to exist. |
| ਚਹੁ ਵਰਨਾ ਕਉ ਦੇ ਉਪਦੇਸੁ ॥ | He gives instruction to people of all castes and social classes. |
| ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥੪॥ | O Nanak, to such a Pandit, I bow in salutation forever. \|\|4\|\| |
| ਬੀਜ ਮੰਤ੍ਰੁ ਸਰਬ ਕੋ ਗਿਆਨੁ ॥ | The Beej Mantra, the Seed Mantra, is spiritual wisdom for everyone. |
| ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥ | Anyone, from any class, may chant the Naam. |
| ਜੋ ਜੋ ਜਪੈ ਤਿਸ ਕੀ ਗਤਿ ਹੋਇ ॥ | Whoever chants it, is emancipated. |
| ਸਾਧਸੰਗਿ ਪਾਵੈ ਜਨੁ ਕੋਇ ॥ | And yet, rare are those who attain it, in the Company of the Holy. |
| ਕਰਿ ਕਿਰਪਾ ਅੰਤਰਿ ਉਰ ਧਾਰੈ ॥ | By His Grace, He enshrines it within. |
| ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ ॥ | Even beasts, ghosts and the stone-hearted are saved. |
| ਸਰਬ ਰੋਗ ਕਾ ਅਉਖਦੁ ਨਾਮੁ ॥ | The Naam is the panacea, the remedy to cure all ills. |
| ਕਲਿਆਣ ਰੂਪ ਮੰਗਲ ਗੁਣ ਗਾਮ ॥ | Singing the Glory of God is the embodiment of bliss and emancipation. |
| ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ ॥ | It cannot be obtained by any religious rituals. |
| ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ ॥੫॥ | O Nanak, he alone obtains it, whose karma is so pre-ordained. \|\|5\|\| |
| ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ ॥ | One whose mind is a home for the Supreme Lord God |
| **੨੭੫** | **275** |
| ਤਿਸ ਕਾ ਨਾਮੁ ਸਤਿ ਰਾਮਦਾਸੁ ॥ | - his name is truly Ram Das, the Lord's servant. |
| ਆਤਮ ਰਾਮੁ ਤਿਸੁ ਨਦਰੀ ਆਇਆ ॥ | He comes to have the Vision of the Lord, the Supreme Soul. |
| ਦਾਸ ਦਸੰਤਣ ਭਾਇ ਤਿਨਿ ਪਾਇਆ ॥ | Deeming himself to be the slave of the Lord's slaves, he obtains it. |
| ਸਦਾ ਨਿਕਟਿ ਨਿਕਟਿ ਹਰਿ ਜਾਨੁ ॥ | He knows the Lord to be Ever-present, close at hand. |

| | |
|---|---|
| ਸੋ ਦਾਸੁ ਦਰਗਹ ਪਰਵਾਨੁ ॥ | Such a servant is honored in the Court of the Lord. |
| ਅਪੁਨੇ ਦਾਸ ਕਉ ਆਪਿ ਕਿਰਪਾ ਕਰੈ ॥ | To His servant, He Himself shows His Mercy. |
| ਤਿਸੁ ਦਾਸ ਕਉ ਸਭ ਸੋਝੀ ਪਰੈ ॥ | Such a servant understands everything. |
| ਸਗਲ ਸੰਗਿ ਆਤਮ ਉਦਾਸੁ ॥ | Amidst all, his soul is unattached. |
| ਐਸੀ ਜੁਗਤਿ ਨਾਨਕ ਰਾਮਦਾਸੁ ॥੬॥ | Such is the way, O Nanak, of the Lord's servant. \|\|6\|\| |
| ਪ੍ਰਭ ਕੀ ਆਗਿਆ ਆਤਮ ਹਿਤਾਵੈ ॥ | One who, in his soul, loves the Will of God, |
| ਜੀਵਨ ਮੁਕਤਿ ਸੋਊ ਕਹਾਵੈ ॥ | is said to be Jivan Mukta - liberated while yet alive. |
| ਤੈਸਾ ਹਰਖੁ ਤੈਸਾ ਉਸੁ ਸੋਗੁ ॥ | As is joy, so is sorrow to him. |
| ਸਦਾ ਅਨੰਦੁ ਤਹ ਨਹੀ ਬਿਓਗੁ ॥ | He is in eternal bliss, and is not separated from God. |
| ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ | As is gold, so is dust to him. |
| ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥ | As is ambrosial nectar, so is bitter poison to him. |
| ਤੈਸਾ ਮਾਨੁ ਤੈਸਾ ਅਭਿਮਾਨੁ ॥ | As is honor, so is dishonor. |
| ਤੈਸਾ ਰੰਕੁ ਤੈਸਾ ਰਾਜਾਨੁ ॥ | As is the beggar, so is the king. |
| ਜੋ ਵਰਤਾਏ ਸਾਈ ਜੁਗਤਿ ॥ | Whatever God ordains, that is his way. |
| ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥ | O Nanak, that being is known as Jivan Mukta. \|\|7\|\| |
| ਪਾਰਬ੍ਰਹਮ ਕੇ ਸਗਲੇ ਠਾਉ ॥ | All places belong to the Supreme Lord God. |
| ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥ | According to the homes in which they are placed, so are His creatures named. |
| ਆਪੇ ਕਰਨ ਕਰਾਵਨ ਜੋਗੁ ॥ | He Himself is the Doer, the Cause of causes. |
| ਪ੍ਰਭ ਭਾਵੈ ਸੋਈ ਫੁਨਿ ਹੋਗੁ ॥ | Whatever pleases God, ultimately comes to pass. |
| ਪਸਰਿਓ ਆਪਿ ਹੋਇ ਅਨਤ ਤਰੰਗ ॥ | He Himself is All-pervading, in endless waves. |
| ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥ | The playful sport of the Supreme Lord God cannot be known. |
| ਜੈਸੀ ਮਤਿ ਦੇਇ ਤੈਸਾ ਪਰਗਾਸ ॥ | As the understanding is given, so is one enlightened. |
| ਪਾਰਬ੍ਰਹਮੁ ਕਰਤਾ ਅਬਿਨਾਸ ॥ | The Supreme Lord God, the Creator, is eternal and everlasting. |
| ਸਦਾ ਸਦਾ ਸਦਾ ਦਇਆਲ ॥ | Forever, forever and ever, He is merciful. |
| ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥੮॥੯॥ | Remembering Him, remembering Him in meditation, O Nanak, one is blessed with ecstasy. \|\|8\|\|9\|\| |

| | |
|---|---|
| ਸਲੋਕੁ ॥ | Shalok: |
| ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ ॥ | Many people praise the Lord. He has no end or limitation. |
| ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ ॥੧॥ | O Nanak, God created the creation, with its many ways and various species. \|\|1\|\| |
| ਅਸਟਪਦੀ ॥ | Ashtapadee: |
| ਕਈ ਕੋਟਿ ਹੋਏ ਪੂਜਾਰੀ ॥ | Many millions are His devotees. |
| ਕਈ ਕੋਟਿ ਆਚਾਰ ਬਿਉਹਾਰੀ ॥ | Many millions perform religious rituals and worldly duties. |
| ਕਈ ਕੋਟਿ ਭਏ ਤੀਰਥ ਵਾਸੀ ॥ | Many millions become dwellers at sacred shrines of pilgrimage. |
| ਕਈ ਕੋਟਿ ਬਨ ਭ੍ਰਮਹਿ ਉਦਾਸੀ ॥ | Many millions wander as renunciates in the wilderness. |
| ਕਈ ਕੋਟਿ ਬੇਦ ਕੇ ਸ੍ਰੋਤੇ ॥ | Many millions listen to the Vedas. |
| ਕਈ ਕੋਟਿ ਤਪੀਸੁਰ ਹੋਤੇ ॥ | Many millions become austere penitents. |
| ਕਈ ਕੋਟਿ ਆਤਮ ਧਿਆਨੁ ਧਾਰਹਿ ॥ | Many millions enshrine meditation within their souls. |
| ਕਈ ਕੋਟਿ ਕਬਿ ਕਾਬਿ ਬੀਚਾਰਹਿ ॥ | Many millions of poets contemplate Him through poetry. |
| ਕਈ ਕੋਟਿ ਨਵਤਨ ਨਾਮ ਧਿਆਵਹਿ ॥ | Many millions meditate on His eternally new Naam. |
| ਨਾਨਕ ਕਰਤੇ ਕਾ ਅੰਤੁ ਨ ਪਾਵਹਿ ॥੧॥ | O Nanak, none can find the limits of the Creator. \|\|1\|\| |
| ਕਈ ਕੋਟਿ ਭਏ ਅਭਿਮਾਨੀ ॥ | Many millions become self-centered. |
| ਕਈ ਕੋਟਿ ਅੰਧ ਅਗਿਆਨੀ ॥ | Many millions are blinded by ignorance. |
| ਕਈ ਕੋਟਿ ਕਿਰਪਨ ਕਠੋਰ ॥ | Many millions are stone-hearted misers. |
| ਕਈ ਕੋਟਿ ਅਭਿਗ ਆਤਮ ਨਿਕੋਰ ॥ | Many millions are heartless, with dry, withered souls. |
| ਕਈ ਕੋਟਿ ਪਰ ਦਰਬ ਕਉ ਹਿਰਹਿ ॥ | Many millions steal the wealth of others. |
| ਕਈ ਕੋਟਿ ਪਰ ਦੂਖਨਾ ਕਰਹਿ ॥ | Many millions slander others. |
| ਕਈ ਕੋਟਿ ਮਾਇਆ ਸ੍ਰਮ ਮਾਹਿ ॥ | Many millions struggle in Maya. |
| ਕਈ ਕੋਟਿ ਪਰਦੇਸ ਭ੍ਰਮਾਹਿ ॥ | Many millions wander in foreign lands. |
| ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥ | Whatever God attaches them to - with that they are engaged. |

| | |
|---|---|
| ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ ॥੨॥ | O Nanak, the Creator alone knows the workings of His creation. ‖2‖ |
| ਕਈ ਕੋਟਿ ਸਿਧ ਜਤੀ ਜੋਗੀ ॥ | Many millions are Siddhas, celibates and Yogis. |
| ਕਈ ਕੋਟਿ ਰਾਜੇ ਰਸ ਭੋਗੀ ॥ | Many millions are kings, enjoying worldly pleasures. |
| ਕਈ ਕੋਟਿ ਪੰਖੀ ਸਰਪ ਉਪਾਏ ॥ | Many millions of birds and snakes have been created. |
| ਕਈ ਕੋਟਿ ਪਾਥਰ ਬਿਰਖ ਨਿਪਜਾਏ ॥ | Many millions of stones and trees have been produced. |
| ਕਈ ਕੋਟਿ ਪਵਣ ਪਾਣੀ ਬੈਸੰਤਰ ॥ | Many millions are the winds, waters and fires. |
| ਕਈ ਕੋਟਿ ਦੇਸ ਭੂ ਮੰਡਲ ॥ | Many millions are the countries and realms of the world. |
| ਕਈ ਕੋਟਿ ਸਸੀਅਰ ਸੂਰ ਨਖ੍ਯ੍ਯਤ੍ਰ ॥ | Many millions are the moons, suns and stars. |

## ੨੭੬ — 276

| | |
|---|---|
| ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ ॥ | Many millions are the demi-gods, demons and Indras, under their regal canopies. |
| ਸਗਲ ਸਮਗ੍ਰੀ ਅਪਨੈ ਸੂਤਿ ਧਾਰੈ ॥ | He has strung the entire creation upon His thread. |
| ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ ॥੩॥ | O Nanak, He emancipates those with whom He is pleased. ‖3‖ |
| ਕਈ ਕੋਟਿ ਰਾਜਸ ਤਾਮਸ ਸਾਤਕ ॥ | Many millions abide in heated activity, slothful darkness and peaceful light. |
| ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ ॥ | Many millions are the Vedas, Puraanas, Simritees and Shaastras. |
| ਕਈ ਕੋਟਿ ਕੀਏ ਰਤਨ ਸਮੁਦ ॥ | Many millions are the pearls of the oceans. |
| ਕਈ ਕੋਟਿ ਨਾਨਾ ਪ੍ਰਕਾਰ ਜੰਤ ॥ | Many millions are the beings of so many descriptions. |
| ਕਈ ਕੋਟਿ ਕੀਏ ਚਿਰ ਜੀਵੇ ॥ | Many millions are made long-lived. |
| ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ ॥ | Many millions of hills and mountains have been made of gold. |
| ਕਈ ਕੋਟਿ ਜਖ੍ਯ੍ਯ ਕਿੰਨਰ ਪਿਸਾਚ ॥ | Many millions are the Yakhshas - the servants of the god of wealth, the Kinnars - the gods of celestial music, and the evil spirits of the Pisaach. |
| ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ ॥ | Many millions are the evil nature-spirits, ghosts, pigs and tigers. |
| ਸਭ ਤੇ ਨੇਰੈ ਸਭਹੂ ਤੇ ਦੂਰਿ ॥ | He is near to all, and yet far from all; |

| | |
|---|---|
| ਨਾਨਕ ਆਪਿ ਅਲਿਪਤੁ ਰਹਿਆ ਭਰਪੂਰਿ ॥੪॥ | O Nanak, He Himself remains distinct, while yet pervading all. ‖4‖ |
| ਕਈ ਕੋਟਿ ਪਾਤਾਲ ਕੇ ਵਾਸੀ ॥ | Many millions inhabit the nether regions. |
| ਕਈ ਕੋਟਿ ਨਰਕ ਸੁਰਗ ਨਿਵਾਸੀ ॥ | Many millions dwell in heaven and hell. |
| ਕਈ ਕੋਟਿ ਜਨਮਹਿ ਜੀਵਹਿ ਮਰਹਿ ॥ | Many millions are born, live and die. |
| ਕਈ ਕੋਟਿ ਬਹੁ ਜੋਨੀ ਫਿਰਹਿ ॥ | Many millions are reincarnated, over and over again. |
| ਕਈ ਕੋਟਿ ਬੈਠਤ ਹੀ ਖਾਹਿ ॥ | Many millions eat while sitting at ease. |
| ਕਈ ਕੋਟਿ ਘਾਲਹਿ ਥਕਿ ਪਾਹਿ ॥ | Many millions are exhausted by their labors. |
| ਕਈ ਕੋਟਿ ਕੀਏ ਧਨਵੰਤ ॥ | Many millions are created wealthy. |
| ਕਈ ਕੋਟਿ ਮਾਇਆ ਮਹਿ ਚਿੰਤ ॥ | Many millions are anxiously involved in Maya. |
| ਜਹ ਜਹ ਭਾਣਾ ਤਹ ਤਹ ਰਾਖੇ ॥ | Wherever He wills, there He keeps us. |
| ਨਾਨਕ ਸਭੁ ਕਿਛੁ ਪ੍ਰਭ ਕੈ ਹਾਥੇ ॥੫॥ | O Nanak, everything is in the Hands of God. ‖5‖ |
| ਕਈ ਕੋਟਿ ਭਏ ਬੈਰਾਗੀ ॥ | Many millions become Bairaagees, who renounce the world. |
| ਰਾਮ ਨਾਮ ਸੰਗਿ ਤਿਨਿ ਲਿਵ ਲਾਗੀ ॥ | They have attached themselves to the Lord's Name. |
| ਕਈ ਕੋਟਿ ਪ੍ਰਭ ਕਉ ਖੋਜੰਤੇ ॥ | Many millions are searching for God. |
| ਆਤਮ ਮਹਿ ਪਾਰਬ੍ਰਹਮੁ ਲਹੰਤੇ ॥ | Within their souls, they find the Supreme Lord God. |
| ਕਈ ਕੋਟਿ ਦਰਸਨ ਪ੍ਰਭ ਪਿਆਸ ॥ | Many millions thirst for the Blessing of God's Darshan. |
| ਤਿਨ ਕਉ ਮਿਲਿਓ ਪ੍ਰਭੁ ਅਬਿਨਾਸ ॥ | They meet with God, the Eternal. |
| ਕਈ ਕੋਟਿ ਮਾਗਹਿ ਸਤਸੰਗੁ ॥ | Many millions pray for the Society of the Saints. |
| ਪਾਰਬ੍ਰਹਮ ਤਿਨ ਲਾਗਾ ਰੰਗੁ ॥ | They are imbued with the Love of the Supreme Lord God. |
| ਜਿਨ ਕਉ ਹੋਏ ਆਪਿ ਸੁਪ੍ਰਸੰਨ ॥ | Those with whom He Himself is pleased, |
| ਨਾਨਕ ਤੇ ਜਨ ਸਦਾ ਧਨਿ ਧੰਨਿ ॥੬॥ | O Nanak, are blessed, forever blessed. ‖6‖ |
| ਕਈ ਕੋਟਿ ਖਾਣੀ ਅਰੁ ਖੰਡ ॥ | Many millions are the fields of creation and the galaxies. |
| ਕਈ ਕੋਟਿ ਅਕਾਸ ਬ੍ਰਹਮੰਡ ॥ | Many millions are the etheric skies and the solar systems. |
| ਕਈ ਕੋਟਿ ਹੋਏ ਅਵਤਾਰ ॥ | Many millions are the divine incarnations. |
| ਕਈ ਜੁਗਤਿ ਕੀਨੋ ਬਿਸਥਾਰ ॥ | In so many ways, He has unfolded Himself. |
| ਕਈ ਬਾਰ ਪਸਰਿਓ ਪਾਸਾਰ ॥ | So many times, He has expanded His expansion. |

| | |
|---|---|
| ਸਦਾ ਸਦਾ ਇਕੁ ਏਕੰਕਾਰ ॥ | Forever and ever, He is the One, the One Universal Creator. |
| ਕਈ ਕੋਟਿ ਕੀਨੇ ਬਹੁ ਭਾਤਿ ॥ | Many millions are created in various forms. |
| ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥ | From God they emanate, and into God they merge once again. |
| ਤਾ ਕਾ ਅੰਤੁ ਨ ਜਾਨੈ ਕੋਇ ॥ | His limits are not known to anyone. |
| ਆਪੇ ਆਪਿ ਨਾਨਕ ਪ੍ਰਭੁ ਸੋਇ ॥੭॥ | Of Himself, and by Himself, O Nanak, God exists. \|\|7\|\| |
| ਕਈ ਕੋਟਿ ਪਾਰਬ੍ਰਹਮ ਕੇ ਦਾਸ ॥ | Many millions are the servants of the Supreme Lord God. |
| ਤਿਨ ਹੋਵਤ ਆਤਮ ਪਰਗਾਸ ॥ | Their souls are enlightened. |
| ਕਈ ਕੋਟਿ ਤਤ ਕੇ ਬੇਤੇ ॥ | Many millions know the essence of reality. |
| ਸਦਾ ਨਿਹਾਰਹਿ ਏਕੋ ਨੇਤ੍ਰੇ ॥ | Their eyes gaze forever on the One alone. |
| ਕਈ ਕੋਟਿ ਨਾਮ ਰਸੁ ਪੀਵਹਿ ॥ | Many millions drink in the essence of the Naam. |
| ਅਮਰ ਭਏ ਸਦ ਸਦ ਹੀ ਜੀਵਹਿ ॥ | They become immortal; they live forever and ever. |
| ਕਈ ਕੋਟਿ ਨਾਮ ਗੁਨ ਗਾਵਹਿ ॥ | Many millions sing the Glorious Praises of the Naam. |
| ਆਤਮ ਰਸਿ ਸੁਖਿ ਸਹਜਿ ਸਮਾਵਹਿ ॥ | They are absorbed in intuitive peace and pleasure. |
| ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ ॥ | He remembers His servants with each and every breath. |
| ਨਾਨਕ ਓਇ ਪਰਮੇਸੁਰ ਕੇ ਪਿਆਰੇ ॥੮॥੧੦॥ | O Nanak, they are the beloveds of the Transcendent Lord God. \|\|8\|\|10\|\| |
| ਸਲੋਕੁ ॥ | Shalok: |
| ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥ | God alone is the Doer of deeds - there is no other at all. |
| ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥੧॥ | O Nanak, I am a sacrifice to the One, who pervades the waters, the lands, the sky and all space. \|\|1\|\| |
| ਅਸਟਪਦੀ ॥ | Ashtapadee: |
| ਕਰਨ ਕਰਾਵਨ ਕਰਨੈ ਜੋਗੁ ॥ | The Doer, the Cause of causes, is potent to do anything. |
| ਜੋ ਤਿਸੁ ਭਾਵੈ ਸੋਈ ਹੋਗੁ ॥ | That which pleases Him, comes to pass. |
| ਖਿਨ ਮਹਿ ਥਾਪਿ ਉਥਾਪਨਹਾਰਾ ॥ | In an instant, He creates and destroys. |

| ੨੭੭ | 277 |
|---|---|
| ਅੰਤੁ ਨਹੀ ਕਿਛੁ ਪਾਰਾਵਾਰਾ ॥ | He has no end or limitation. |
| ਹੁਕਮੇ ਧਾਰਿ ਅਧਰ ਰਹਾਵੈ ॥ | By His Order, He established the earth, and He maintains it unsupported. |
| ਹੁਕਮੇ ਉਪਜੈ ਹੁਕਮਿ ਸਮਾਵੈ ॥ | By His Order, the world was created; by His Order, it shall merge again into Him. |
| ਹੁਕਮੇ ਊਚ ਨੀਚ ਬਿਉਹਾਰ ॥ | By His Order, one's occupation is high or low. |
| ਹੁਕਮੇ ਅਨਿਕ ਰੰਗ ਪਰਕਾਰ ॥ | By His Order, there are so many colors and forms. |
| ਕਰਿ ਕਰਿ ਦੇਖੈ ਅਪਨੀ ਵਡਿਆਈ ॥ | Having created the Creation, He beholds His own greatness. |
| ਨਾਨਕ ਸਭ ਮਹਿ ਰਹਿਆ ਸਮਾਈ ॥੧॥ | O Nanak, He is pervading in all. \|\|1\|\| |
| ਪ੍ਰਭ ਭਾਵੈ ਮਾਨੁਖ ਗਤਿ ਪਾਵੈ ॥ | If it pleases God, one attains salvation. |
| ਪ੍ਰਭ ਭਾਵੈ ਤਾ ਪਾਥਰ ਤਰਾਵੈ ॥ | If it pleases God, then even stones can swim. |
| ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥ | If it pleases God, the body is preserved, even without the breath of life. |
| ਪ੍ਰਭ ਭਾਵੈ ਤਾ ਹਰਿ ਗੁਣ ਭਾਖੈ ॥ | If it pleases God, then one chants the Lord's Glorious Praises. |
| ਪ੍ਰਭ ਭਾਵੈ ਤਾ ਪਤਿਤ ਉਧਾਰੈ ॥ | If it pleases God, then even sinners are saved. |
| ਆਪਿ ਕਰੈ ਆਪਨ ਬੀਚਾਰੈ ॥ | He Himself acts, and He Himself contemplates. |
| ਦੁਹਾ ਸਿਰਿਆ ਕਾ ਆਪਿ ਸੁਆਮੀ ॥ | He Himself is the Master of both worlds. |
| ਖੇਲੈ ਬਿਗਸੈ ਅੰਤਰਜਾਮੀ ॥ | He plays and He enjoys; He is the Inner-knower, the Searcher of hearts. |
| ਜੋ ਭਾਵੈ ਸੋ ਕਾਰ ਕਰਾਵੈ ॥ | As He wills, He causes actions to be done. |
| ਨਾਨਕ ਦ੍ਰਿਸਟੀ ਅਵਰੁ ਨ ਆਵੈ ॥੨॥ | Nanak sees no other than Him. \|\|2\|\| |
| ਕਹੁ ਮਾਨੁਖ ਤੇ ਕਿਆ ਹੋਇ ਆਵੈ ॥ | Tell me - what can a mere mortal do? |
| ਜੋ ਤਿਸੁ ਭਾਵੈ ਸੋਈ ਕਰਾਵੈ ॥ | Whatever pleases God is what He causes us to do. |
| ਇਸ ਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ ॥ | If it were in our hands, we would grab up everything. |
| ਜੋ ਤਿਸੁ ਭਾਵੈ ਸੋਈ ਕਰੇਇ ॥ | Whatever pleases God - that is what He does. |
| ਅਨਜਾਨਤ ਬਿਖਿਆ ਮਹਿ ਰਚੈ ॥ | Through ignorance, people are engrossed in corruption. |
| ਜੇ ਜਾਨਤ ਆਪਨ ਆਪ ਬਚੈ ॥ | If they knew better, they would save themselves. |

| | |
|---|---|
| ਭਰਮੇ ਭੂਲਾ ਦਹ ਦਿਸਿ ਧਾਵੈ ॥ | Deluded by doubt, they wander around in the ten directions. |
| ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ ॥ | In an instant, their minds go around the four corners of the world and come back again. |
| ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ ॥ | Those whom the Lord mercifully blesses with His devotional worship |
| ਨਾਨਕ ਤੇ ਜਨ ਨਾਮਿ ਮਿਲੇਇ ॥੩॥ | - O Nanak, they are absorbed into the Naam. \|\|3\|\| |
| ਖਿਨ ਮਹਿ ਨੀਚ ਕੀਟ ਕਉ ਰਾਜ ॥ | In an instant, the lowly worm is transformed into a king. |
| ਪਾਰਬ੍ਰਹਮ ਗਰੀਬ ਨਿਵਾਜ ॥ | The Supreme Lord God is the Protector of the humble. |
| ਜਾ ਕਾ ਦ੍ਰਿਸਟਿ ਕਛੂ ਨ ਆਵੈ ॥ | Even one who has never been seen at all, |
| ਤਿਸੁ ਤਤਕਾਲ ਦਹ ਦਿਸ ਪ੍ਰਗਟਾਵੈ ॥ | becomes instantly famous in the ten directions. |
| ਜਾ ਕਉ ਅਪੁਨੀ ਕਰੈ ਬਖਸੀਸ ॥ | And that one upon whom He bestows His blessings |
| ਤਾ ਕਾ ਲੇਖਾ ਨ ਗਨੈ ਜਗਦੀਸ ॥ | the Lord of the world does not hold him to his account. |
| ਜੀਉ ਪਿੰਡੁ ਸਭ ਤਿਸ ਕੀ ਰਾਸਿ ॥ | Soul and body are all His property. |
| ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ ॥ | Each and every heart is illuminated by the Perfect Lord God. |
| ਅਪਨੀ ਬਣਤ ਆਪਿ ਬਨਾਈ ॥ | He Himself fashioned His own handiwork. |
| ਨਾਨਕ ਜੀਵੈ ਦੇਖਿ ਬਡਾਈ ॥੪॥ | Nanak lives by beholding His greatness. \|\|4\|\| |
| ਇਸ ਕਾ ਬਲੁ ਨਾਹੀ ਇਸੁ ਹਾਥ ॥ | There is no power in the hands of mortal beings; |
| ਕਰਨ ਕਰਾਵਨ ਸਰਬ ਕੋ ਨਾਥ ॥ | the Doer, the Cause of causes is the Lord of all. |
| ਆਗਿਆਕਾਰੀ ਬਪੁਰਾ ਜੀਉ ॥ | The helpless beings are subject to His Command. |
| ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥ | That which pleases Him, ultimately comes to pass. |
| ਕਬਹੂ ਊਚ ਨੀਚ ਮਹਿ ਬਸੈ ॥ | Sometimes, they abide in exaltation; sometimes, they are depressed. |
| ਕਬਹੂ ਸੋਗ ਹਰਖ ਰੰਗਿ ਹਸੈ ॥ | Sometimes, they are sad, and sometimes they laugh with joy and delight. |
| ਕਬਹੂ ਨਿੰਦ ਚਿੰਦ ਬਿਉਹਾਰ ॥ | Sometimes, they are occupied with slander and anxiety. |
| ਕਬਹੂ ਊਭ ਅਕਾਸ ਪਇਆਲ ॥ | Sometimes, they are high in the Akaashic Ethers, sometimes in the nether regions of the underworld. |
| ਕਬਹੂ ਬੇਤਾ ਬ੍ਰਹਮ ਬੀਚਾਰ ॥ | Sometimes, they know the contemplation of God. |
| ਨਾਨਕ ਆਪਿ ਮਿਲਾਵਣਹਾਰ ॥੫॥ | O Nanak, God Himself unites them with Himself. \|\|5\|\| |
| ਕਬਹੂ ਨਿਰਤਿ ਕਰੈ ਬਹੁ ਭਾਤਿ ॥ | Sometimes, they dance in various ways. |

| | |
|---|---|
| ਕਬਹੂ ਸੋਇ ਰਹੈ ਦਿਨੁ ਰਾਤਿ ॥ | Sometimes, they remain asleep day and night. |
| ਕਬਹੂ ਮਹਾ ਕ੍ਰੋਧ ਬਿਕਰਾਲ ॥ | Sometimes, they are awesome, in terrible rage. |
| ਕਬਹੂੰ ਸਰਬ ਕੀ ਹੋਤ ਰਵਾਲ ॥ | Sometimes, they are the dust of the feet of all. |
| ਕਬਹੂ ਹੋਇ ਬਹੈ ਬਡ ਰਾਜਾ ॥ | Sometimes, they sit as great kings. |
| ਕਬਹੂ ਭੇਖਾਰੀ ਨੀਚ ਕਾ ਸਾਜਾ ॥ | Sometimes, they wear the coat of a lowly beggar. |
| ਕਬਹੂ ਅਪਕੀਰਤਿ ਮਹਿ ਆਵੈ ॥ | Sometimes, they come to have evil reputations. |
| ਕਬਹੂ ਭਲਾ ਭਲਾ ਕਹਾਵੈ ॥ | Sometimes, they are known as very, very good. |
| ਜਿਉ ਪ੍ਰਭੁ ਰਾਖੈ ਤਿਵ ਹੀ ਰਹੈ ॥ | As God keeps them, so they remain. |
| ਗੁਰ ਪ੍ਰਸਾਦਿ ਨਾਨਕ ਸਚੁ ਕਹੈ ॥੬॥ | By Guru's Grace, O Nanak, the Truth is told. ‖6‖ |
| ਕਬਹੂ ਹੋਇ ਪੰਡਿਤੁ ਕਰੇ ਬਖ੍ਯ੍ਯਾਨੁ ॥ | Sometimes, as scholars, they deliver lectures. |
| ਕਬਹੂ ਮੋਨਿਧਾਰੀ ਲਾਵੈ ਧਿਆਨੁ ॥ | Sometimes, they hold to silence in deep meditation. |
| ਕਬਹੂ ਤਟ ਤੀਰਥ ਇਸਨਾਨ ॥ | Sometimes, they take cleansing baths at places of pilgrimage. |
| ਕਬਹੂ ਸਿਧ ਸਾਧਿਕ ਮੁਖਿ ਗਿਆਨ ॥ | Sometimes, as Siddhas or seekers, they impart spiritual wisdom. |
| ਕਬਹੂ ਕੀਟ ਹਸਤਿ ਪਤੰਗ ਹੋਇ ਜੀਆ ॥ | Sometimes, they becomes worms, elephants, or moths. |
| ਅਨਿਕ ਜੋਨਿ ਭਰਮੈ ਭਰਮੀਆ ॥ | They may wander and roam through countless incarnations. |

## ੨੭੮ 278

| | |
|---|---|
| ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ ॥ | In various costumes, like actors, they appear. |
| ਜਿਉ ਪ੍ਰਭ ਭਾਵੈ ਤਿਵੈ ਨਚਾਵੈ ॥ | As it pleases God, they dance. |
| ਜੋ ਤਿਸੁ ਭਾਵੈ ਸੋਈ ਹੋਇ ॥ | Whatever pleases Him, comes to pass. |
| ਨਾਨਕ ਦੂਜਾ ਅਵਰੁ ਨ ਕੋਇ ॥੭॥ | O Nanak, there is no other at all. ‖7‖ |
| ਕਬਹੂ ਸਾਧਸੰਗਤਿ ਇਹੁ ਪਾਵੈ ॥ | Sometimes, this being attains the Company of the Holy. |
| ਉਸੁ ਅਸਥਾਨ ਤੇ ਬਹੁਰਿ ਨ ਆਵੈ ॥ | From that place, he does not have to come back again. |
| ਅੰਤਰਿ ਹੋਇ ਗਿਆਨ ਪਰਗਾਸੁ ॥ | The light of spiritual wisdom dawns within. |
| ਉਸੁ ਅਸਥਾਨ ਕਾ ਨਹੀ ਬਿਨਾਸੁ ॥ | That place does not perish. |
| ਮਨ ਤਨ ਨਾਮਿ ਰਤੇ ਇਕ ਰੰਗਿ ॥ | The mind and body are imbued with the Love of the Naam, the Name of the One Lord. |

| | |
|---|---|
| ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥ | He dwells forever with the Supreme Lord God. |
| ਜਿਉ ਜਲ ਮਹਿ ਜਲੁ ਆਇ ਖਟਾਨਾ ॥ | As water comes to blend with water, |
| ਤਿਉ ਜੋਤੀ ਸੰਗਿ ਜੋਤਿ ਸਮਾਨਾ ॥ | his light blends into the Light. |
| ਮਿਟਿ ਗਏ ਗਵਨ ਪਾਏ ਬਿਸ੍ਰਾਮ ॥ | Reincarnation is ended, and eternal peace is found. |
| ਨਾਨਕ ਪ੍ਰਭ ਕੈ ਸਦ ਕੁਰਬਾਨ ॥੮॥੧੧॥ | Nanak is forever a sacrifice to God. ‖8‖11‖ |
| ਸਲੋਕੁ ॥ | Shalok: |
| ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ॥ | The humble beings abide in peace; subduing egotism, they are meek. |
| ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ ॥੧॥ | The very proud and arrogant persons, O Nanak, are consumed by their own pride. ‖1‖ |
| ਅਸਟਪਦੀ ॥ | Ashtapadee: |
| ਜਿਸ ਕੈ ਅੰਤਰਿ ਰਾਜ ਅਭਿਮਾਨੁ ॥ | One who has the pride of power within, |
| ਸੋ ਨਰਕਪਾਤੀ ਹੋਵਤ ਸੁਆਨੁ ॥ | shall dwell in hell, and become a dog. |
| ਜੋ ਜਾਨੈ ਮੈ ਜੋਬਨਵੰਤੁ ॥ | One who deems himself to have the beauty of youth, |
| ਸੋ ਹੋਵਤ ਬਿਸਟਾ ਕਾ ਜੰਤੁ ॥ | shall become a maggot in manure. |
| ਆਪਸ ਕਉ ਕਰਮਵੰਤੁ ਕਹਾਵੈ ॥ | One who claims to act virtuously, |
| ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥ | shall live and die, wandering through countless reincarnations. |
| ਧਨ ਭੂਮਿ ਕਾ ਜੋ ਕਰੈ ਗੁਮਾਨੁ ॥ | One who takes pride in wealth and lands |
| ਸੋ ਮੂਰਖੁ ਅੰਧਾ ਅਗਿਆਨੁ ॥ | is a fool, blind and ignorant. |
| ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥ | One whose heart is mercifully blessed with abiding humility, |
| ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥੧॥ | O Nanak, is liberated here, and obtains peace hereafter. ‖1‖ |
| ਧਨਵੰਤਾ ਹੋਇ ਕਰਿ ਗਰਬਾਵੈ ॥ | One who becomes wealthy and takes pride in it |
| ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥ | not even a piece of straw shall go along with him. |
| ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥ | He may place his hopes on a large army of men, |
| ਪਲ ਭੀਤਰਿ ਤਾ ਕਾ ਹੋਇ ਬਿਨਾਸ ॥ | but he shall vanish in an instant. |

| | |
|---|---|
| ਸਭ ਤੇ ਆਪ ਜਾਨੈ ਬਲਵੰਤੁ ॥ | One who deems himself to be the strongest of all, |
| ਖਿਨ ਮਹਿ ਹੋਇ ਜਾਇ ਭਸਮੰਤੁ ॥ | in an instant, shall be reduced to ashes. |
| ਕਿਸੈ ਨ ਬਦੈ ਆਪਿ ਅਹੰਕਾਰੀ ॥ | One who thinks of no one else except his own prideful self |
| ਧਰਮ ਰਾਇ ਤਿਸੁ ਕਰੇ ਖੁਆਰੀ ॥ | the Righteous Judge of Dharma shall expose his disgrace. |
| ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ ॥ | One who, by Guru's Grace, eliminates his ego, |
| ਸੋ ਜਨੁ ਨਾਨਕ ਦਰਗਹ ਪਰਵਾਨੁ ॥੨॥ | O Nanak, becomes acceptable in the Court of the Lord. \|\|2\|\| |
| ਕੋਟਿ ਕਰਮ ਕਰੈ ਹਉ ਧਾਰੇ ॥ | If someone does millions of good deeds, while acting in ego, |
| ਸ੍ਰਮੁ ਪਾਵੈ ਸਗਲੇ ਬਿਰਥਾਰੇ ॥ | he shall incur only trouble; all this is in vain. |
| ਅਨਿਕ ਤਪਸਿਆ ਕਰੇ ਅਹੰਕਾਰ ॥ | If someone performs great penance, while acting in selfishness and conceit, |
| ਨਰਕ ਸੁਰਗ ਫਿਰਿ ਫਿਰਿ ਅਵਤਾਰ ॥ | he shall be reincarnated into heaven and hell, over and over again. |
| ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥ | He makes all sorts of efforts, but his soul is still not softened |
| ਹਰਿ ਦਰਗਹ ਕਹੁ ਕੈਸੇ ਗਵੈ ॥ | how can he go to the Court of the Lord? |
| ਆਪਸ ਕਉ ਜੋ ਭਲਾ ਕਹਾਵੈ ॥ | One who calls himself good |
| ਤਿਸਹਿ ਭਲਾਈ ਨਿਕਟਿ ਨ ਆਵੈ ॥ | goodness shall not draw near him. |
| ਸਰਬ ਕੀ ਰੇਨ ਜਾ ਕਾ ਮਨੁ ਹੋਇ ॥ | One whose mind is the dust of all |
| ਕਹੁ ਨਾਨਕ ਤਾ ਕੀ ਨਿਰਮਲ ਸੋਇ ॥੩॥ | - says Nanak, his reputation is spotlessly pure. \|\|3\|\| |
| ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥ | As long as someone thinks that he is the one who acts, |
| ਤਬ ਇਸ ਕਉ ਸੁਖੁ ਨਾਹੀ ਕੋਇ ॥ | he shall have no peace. |
| ਜਬ ਇਹ ਜਾਨੈ ਮੈ ਕਿਛੁ ਕਰਤਾ ॥ | As long as this mortal thinks that he is the one who does things, |
| ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥ | he shall wander in reincarnation through the womb. |
| ਜਬ ਧਾਰੈ ਕੋਊ ਬੈਰੀ ਮੀਤੁ ॥ | As long as he considers one an enemy, and another a friend, |
| ਤਬ ਲਗੁ ਨਿਹਚਲੁ ਨਾਹੀ ਚੀਤੁ ॥ | his mind shall not come to rest. |

| | |
|---|---|
| ਜਬ ਲਗੁ ਮੋਹ ਮਗਨ ਸੰਗਿ ਮਾਇ ॥ | As long as he is intoxicated with attachment to Maya, |
| ਤਬ ਲਗੁ ਧਰਮ ਰਾਇ ਦੇਇ ਸਜਾਇ ॥ | the Righteous Judge shall punish him. |
| ਪ੍ਰਭ ਕਿਰਪਾ ਤੇ ਬੰਧਨ ਤੂਟੈ ॥ | By God's Grace, his bonds are shattered; |
| ਗੁਰ ਪ੍ਰਸਾਦਿ ਨਾਨਕ ਹਉ ਛੂਟੈ ॥੪॥ | by Guru's Grace, O Nanak, his ego is eliminated. ‖4‖ |
| ਸਹਸ ਖਟੇ ਲਖ ਕਉ ਉਠਿ ਧਾਵੈ ॥ | Earning a thousand, he runs after a hundred thousand. |

## ੨੭੯     279

| | |
|---|---|
| ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥ | Satisfaction is not obtained by chasing after Maya. |
| ਅਨਿਕ ਭੋਗ ਬਿਖਿਆ ਕੇ ਕਰੈ ॥ | He may enjoy all sorts of corrupt pleasures, |
| ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥ | but he is still not satisfied; he indulges again and again, wearing himself out, until he dies. |
| ਬਿਨਾ ਸੰਤੋਖ ਨਹੀ ਕੋਊ ਰਾਜੈ ॥ | Without contentment, no one is satisfied. |
| ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥ | Like the objects in a dream, all his efforts are in vain. |
| ਨਾਮ ਰੰਗਿ ਸਰਬ ਸੁਖੁ ਹੋਇ ॥ | Through the love of the Naam, all peace is obtained. |
| ਬਡਭਾਗੀ ਕਿਸੈ ਪਰਾਪਤਿ ਹੋਇ ॥ | Only a few obtain this, by great good fortune. |
| ਕਰਨ ਕਰਾਵਨ ਆਪੇ ਆਪਿ ॥ | He Himself is Himself the Cause of causes. |
| ਸਦਾ ਸਦਾ ਨਾਨਕ ਹਰਿ ਜਾਪਿ ॥੫॥ | Forever and ever, O Nanak, chant the Lord's Name. ‖5‖ |
| ਕਰਨ ਕਰਾਵਨ ਕਰਨੈਹਾਰੁ ॥ | The Doer, the Cause of causes, is the Creator Lord. |
| ਇਸ ਕੈ ਹਾਥਿ ਕਹਾ ਬੀਚਾਰੁ ॥ | What deliberations are in the hands of mortal beings? |
| ਜੈਸੀ ਦ੍ਰਿਸਟਿ ਕਰੇ ਤੈਸਾ ਹੋਇ ॥ | As God casts His Glance of Grace, they come to be. |
| ਆਪੇ ਆਪਿ ਆਪਿ ਪ੍ਰਭੁ ਸੋਇ ॥ | God Himself, of Himself, is unto Himself. |
| ਜੋ ਕਿਛੁ ਕੀਨੋ ਸੁ ਅਪਨੈ ਰੰਗਿ ॥ | Whatever He created, was by His Own Pleasure. |
| ਸਭ ਤੇ ਦੂਰਿ ਸਭਹੂ ਕੈ ਸੰਗਿ ॥ | He is far from all, and yet with all. |
| ਬੂਝੈ ਦੇਖੈ ਕਰੈ ਬਿਬੇਕ ॥ | He understands, He sees, and He passes judgment. |
| ਆਪਹਿ ਏਕ ਆਪਹਿ ਅਨੇਕ ॥ | He Himself is the One, and He Himself is the many. |
| ਮਰੈ ਨ ਬਿਨਸੈ ਆਵੈ ਨ ਜਾਇ ॥ | He does not die or perish; He does not come or go. |

| | |
|---|---|
| ਨਾਨਕ ਸਦ ਹੀ ਰਹਿਆ ਸਮਾਇ ॥੬॥ | O Nanak, He remains forever All-pervading. \|\|6\|\| |
| ਆਪਿ ਉਪਦੇਸੈ ਸਮਝੈ ਆਪਿ ॥ | He Himself instructs, and He Himself learns. |
| ਆਪੇ ਰਚਿਆ ਸਭ ਕੈ ਸਾਥਿ ॥ | He Himself mingles with all. |
| ਆਪਿ ਕੀਨੋ ਆਪਨ ਬਿਸਥਾਰੁ ॥ | He Himself created His own expanse. |
| ਸਭੁ ਕਛੁ ਉਸ ਕਾ ਓਹੁ ਕਰਨੈਹਾਰੁ ॥ | All things are His; He is the Creator. |
| ਉਸ ਤੇ ਭਿੰਨ ਕਹਹੁ ਕਿਛੁ ਹੋਇ ॥ | Without Him, what could be done? |
| ਥਾਨ ਥਨੰਤਰਿ ਏਕੈ ਸੋਇ ॥ | In the spaces and interspaces, He is the One. |
| ਅਪੁਨੇ ਚਲਿਤ ਆਪਿ ਕਰਣੈਹਾਰ ॥ | In His own play, He Himself is the Actor. |
| ਕਉਤਕ ਕਰੈ ਰੰਗ ਆਪਾਰ ॥ | He produces His plays with infinite variety. |
| ਮਨ ਮਹਿ ਆਪਿ ਮਨ ਅਪੁਨੇ ਮਾਹਿ ॥ | He Himself is in the mind, and the mind is in Him. |
| ਨਾਨਕ ਕੀਮਤਿ ਕਹਨੁ ਨ ਜਾਇ ॥੭॥ | O Nanak, His worth cannot be estimated. \|\|7\|\| |
| ਸਤਿ ਸਤਿ ਸਤਿ ਪ੍ਰਭੁ ਸੁਆਮੀ ॥ | True, True, True is God, our Lord and Master. |
| ਗੁਰ ਪਰਸਾਦਿ ਕਿਨੈ ਵਖਿਆਨੀ ॥ | By Guru's Grace, some speak of Him. |
| ਸਚੁ ਸਚੁ ਸਚੁ ਸਭੁ ਕੀਨਾ ॥ | True, True, True is the Creator of all. |
| ਕੋਟਿ ਮਧੇ ਕਿਨੈ ਬਿਰਲੈ ਚੀਨਾ ॥ | Out of millions, scarcely anyone knows Him. |
| ਭਲਾ ਭਲਾ ਭਲਾ ਤੇਰਾ ਰੂਪ ॥ | Beautiful, Beautiful, Beautiful is Your Sublime Form. |
| ਅਤਿ ਸੁੰਦਰ ਅਪਾਰ ਅਨੂਪ ॥ | You are Exquisitely Beautiful, Infinite and Incomparable. |
| ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ ॥ | Pure, Pure, Pure is the Word of Your Bani, |
| ਘਟਿ ਘਟਿ ਸੁਨੀ ਸ੍ਰਵਨ ਬਖ੍ਯਾਣੀ ॥ | heard in each and every heart, spoken to the ears. |
| ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ ॥ | Holy, Holy, Holy and Sublimely Pure |
| ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥੮॥੧੨॥ | - chant the Naam, O Nanak, with heart-felt love. \|\|8\|\|12\|\| |
| ਸਲੋਕੁ ॥ | Shalok: |
| ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ ॥ | One who seeks the Sanctuary of the Saints shall be saved. |
| ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ ॥੧॥ | One who slanders the Saints, O Nanak, shall be reincarnated over and over again. \|\|1\|\| |

| ਅਸਟਪਦੀ ॥ | Ashtapadee: |
|---|---|
| ਸੰਤ ਕੈ ਦੂਖਨਿ ਆਰਜਾ ਘਟੈ ॥ | Slandering the Saints, one's life is cut short. |
| ਸੰਤ ਕੈ ਦੂਖਨਿ ਜਮ ਤੇ ਨਹੀ ਛੁਟੈ ॥ | Slandering the Saints, one shall not escape the Messenger of Death. |
| ਸੰਤ ਕੈ ਦੂਖਨਿ ਸੁਖੁ ਸਭੁ ਜਾਇ ॥ | Slandering the Saints, all happiness vanishes. |
| ਸੰਤ ਕੈ ਦੂਖਨਿ ਨਰਕ ਮਹਿ ਪਾਇ ॥ | Slandering the Saints, one falls into hell. |
| ਸੰਤ ਕੈ ਦੂਖਨਿ ਮਤਿ ਹੋਇ ਮਲੀਨ ॥ | Slandering the Saints, the intellect is polluted. |
| ਸੰਤ ਕੈ ਦੂਖਨਿ ਸੋਭਾ ਤੇ ਹੀਨ ॥ | Slandering the Saints, one's reputation is lost. |
| ਸੰਤ ਕੇ ਹਤੇ ਕਉ ਰਖੈ ਨ ਕੋਇ ॥ | One who is cursed by a Saint cannot be saved. |
| ਸੰਤ ਕੈ ਦੂਖਨਿ ਥਾਨ ਭ੍ਰਸਟੁ ਹੋਇ ॥ | Slandering the Saints, one's place is defiled. |
| ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ ॥ | But if the Compassionate Saint shows His Kindness, |
| ਨਾਨਕ ਸੰਤਸੰਗਿ ਨਿੰਦਕੁ ਭੀ ਤਰੈ ॥੧॥ | O Nanak, in the Company of the Saints, the slanderer may still be saved. ‖1‖ |
| ਸੰਤ ਕੇ ਦੂਖਨ ਤੇ ਮੁਖੁ ਭਵੈ ॥ | Slandering the Saints, one becomes a wry-faced malcontent. |
| ਸੰਤਨ ਕੈ ਦੂਖਨਿ ਕਾਗ ਜਿਉ ਲਵੈ ॥ | Slandering the Saints, one croaks like a raven. |
| ਸੰਤਨ ਕੈ ਦੂਖਨਿ ਸਰਪ ਜੋਨਿ ਪਾਇ ॥ | Slandering the Saints, one is reincarnated as a snake. |
| ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥ | Slandering the Saints, one is reincarnated as a wiggling worm. |
| ਸੰਤਨ ਕੈ ਦੂਖਨਿ ਤ੍ਰਿਸਨਾ ਮਹਿ ਜਲੈ ॥ | Slandering the Saints, one burns in the fire of desire. |
| ਸੰਤ ਕੈ ਦੂਖਨਿ ਸਭੁ ਕੋ ਛਲੈ ॥ | Slandering the Saints, one tries to deceive everyone. |
| ਸੰਤ ਕੈ ਦੂਖਨਿ ਤੇਜੁ ਸਭੁ ਜਾਇ ॥ | Slandering the Saints, all one's influence vanishes. |
| ਸੰਤ ਕੈ ਦੂਖਨਿ ਨੀਚੁ ਨੀਚਾਇ ॥ | Slandering the Saints, one becomes the lowest of the low. |
| ਸੰਤ ਦੋਖੀ ਕਾ ਥਾਉ ਕੋ ਨਾਹਿ ॥ | For the slanderer of the Saint, there is no place of rest. |
| **੨੮੦** | **280** |
| ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ ॥੨॥ | O Nanak, if it pleases the Saint, even then, he may be saved. ‖2‖ |
| ਸੰਤ ਕਾ ਨਿੰਦਕੁ ਮਹਾ ਅਤਤਾਈ ॥ | The slanderer of the Saint is the worst evil-doer. |
| ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ ॥ | The slanderer of the Saint has not even a moment's rest. |

| | |
|---|---|
| ਸੰਤ ਕਾ ਨਿੰਦਕੁ ਮਹਾ ਹਤਿਆਰਾ ॥ | The slanderer of the Saint is a brutal butcher. |
| ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥ | The slanderer of the Saint is cursed by the Transcendent Lord. |
| ਸੰਤ ਕਾ ਨਿੰਦਕੁ ਰਾਜ ਤੇ ਹੀਨੁ ॥ | The slanderer of the Saint has no kingdom. |
| ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ ॥ | The slanderer of the Saint becomes miserable and poor. |
| ਸੰਤ ਕੇ ਨਿੰਦਕ ਕਉ ਸਰਬ ਰੋਗ ॥ | The slanderer of the Saint contracts all diseases. |
| ਸੰਤ ਕੇ ਨਿੰਦਕ ਕਉ ਸਦਾ ਬਿਜੋਗ ॥ | The slanderer of the Saint is forever separated. |
| ਸੰਤ ਕੀ ਨਿੰਦਾ ਦੋਖ ਮਹਿ ਦੋਖੁ ॥ | To slander a Saint is the worst sin of sins. |
| ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ ॥੩॥ | O Nanak, if it pleases the Saint, then even this one may be liberated. \|\|3\|\| |
| ਸੰਤ ਕਾ ਦੋਖੀ ਸਦਾ ਅਪਵਿਤੁ ॥ | The slanderer of the Saint is forever impure. |
| ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ ॥ | The slanderer of the Saint is nobody's friend. |
| ਸੰਤ ਕੇ ਦੋਖੀ ਕਉ ਡਾਨੁ ਲਾਗੈ ॥ | The slanderer of the Saint shall be punished. |
| ਸੰਤ ਕੇ ਦੋਖੀ ਕਉ ਸਭ ਤਿਆਗੈ ॥ | The slanderer of the Saint is abandoned by all. |
| ਸੰਤ ਕਾ ਦੋਖੀ ਮਹਾ ਅਹੰਕਾਰੀ ॥ | The slanderer of the Saint is totally egocentric. |
| ਸੰਤ ਕਾ ਦੋਖੀ ਸਦਾ ਬਿਕਾਰੀ ॥ | The slanderer of the Saint is forever corrupt. |
| ਸੰਤ ਕਾ ਦੋਖੀ ਜਨਮੈ ਮਰੈ ॥ | The slanderer of the Saint must endure birth and death. |
| ਸੰਤ ਕੀ ਦੂਖਨਾ ਸੁਖ ਤੇ ਟਰੈ ॥ | The slanderer of the Saint is devoid of peace. |
| ਸੰਤ ਕੇ ਦੋਖੀ ਕਉ ਨਾਹੀ ਠਾਉ ॥ | The slanderer of the Saint has no place of rest. |
| ਨਾਨਕ ਸੰਤ ਭਾਵੈ ਤਾ ਲਏ ਮਿਲਾਇ ॥੪॥ | O Nanak, if it pleases the Saint, then even such a one may merge in union. \|\|4\|\| |
| ਸੰਤ ਕਾ ਦੋਖੀ ਅਧ ਬੀਚ ਤੇ ਟੂਟੈ ॥ | The slanderer of the Saint breaks down mid-way. |
| ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ ॥ | The slanderer of the Saint cannot accomplish his tasks. |
| ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ ॥ | The slanderer of the Saint wanders in the wilderness. |
| ਸੰਤ ਕਾ ਦੋਖੀ ਉਝੜਿ ਪਾਈਐ ॥ | The slanderer of the Saint is misled into desolation. |
| ਸੰਤ ਕਾ ਦੋਖੀ ਅੰਤਰ ਤੇ ਥੋਥਾ ॥ | The slanderer of the Saint is empty inside, |
| ਜਿਉ ਸਾਸ ਬਿਨਾ ਮਿਰਤਕ ਕੀ ਲੋਥਾ ॥ | like the corpse of a dead man, without the breath of life. |

| | |
|---|---|
| ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ ॥ | The slanderer of the Saint has no heritage at all. |
| ਆਪਨ ਬੀਜਿ ਆਪੇ ਹੀ ਖਾਹਿ ॥ | He himself must eat what he has planted. |
| ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ ॥ | The slanderer of the Saint cannot be saved by anyone else. |
| ਨਾਨਕ ਸੰਤ ਭਾਵੈ ਤਾ ਲਏ ਉਬਾਰਿ ॥੫॥ | O Nanak, if it pleases the Saint, then even he may be saved. ‖5‖ |
| ਸੰਤ ਕਾ ਦੋਖੀ ਇਉ ਬਿਲਲਾਇ ॥ | The slanderer of the Saint bewails like this |
| ਜਿਉ ਜਲ ਬਿਹੂਨ ਮਛੁਲੀ ਤੜਫੜਾਇ ॥ | like a fish, out of water, writhing in agony. |
| ਸੰਤ ਕਾ ਦੋਖੀ ਭੂਖਾ ਨਹੀ ਰਾਜੈ ॥ | The slanderer of the Saint is hungry and is never satisfied, |
| ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ॥ | as fire is not satisfied by fuel. |
| ਸੰਤ ਕਾ ਦੋਖੀ ਛੁਟੈ ਇਕੇਲਾ ॥ | The slanderer of the Saint is left all alone, |
| ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ ॥ | like the miserable barren sesame stalk abandoned in the field. |
| ਸੰਤ ਕਾ ਦੋਖੀ ਧਰਮ ਤੇ ਰਹਤ ॥ | The slanderer of the Saint is devoid of faith. |
| ਸੰਤ ਕਾ ਦੋਖੀ ਸਦ ਮਿਥਿਆ ਕਹਤ ॥ | The slanderer of the Saint constantly lies. |
| ਕਿਰਤੁ ਨਿੰਦਕ ਕਾ ਧੁਰਿ ਹੀ ਪਇਆ ॥ | The fate of the slanderer is pre-ordained from the very beginning of time. |
| ਨਾਨਕ ਜੋ ਤਿਸੁ ਭਾਵੈ ਸੋਈ ਥਿਆ ॥੬॥ | O Nanak, whatever pleases God's Will comes to pass. ‖6‖ |
| ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ ॥ | The slanderer of the Saint becomes deformed. |
| ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ ॥ | The slanderer of the Saint receives his punishment in the Court of the Lord. |
| ਸੰਤ ਕਾ ਦੋਖੀ ਸਦਾ ਸਹਕਾਈਐ ॥ | The slanderer of the Saint is eternally in limbo. |
| ਸੰਤ ਕਾ ਦੋਖੀ ਨ ਮਰੈ ਨ ਜੀਵਾਈਐ ॥ | He does not die, but he does not live either. |
| ਸੰਤ ਕੇ ਦੋਖੀ ਕੀ ਪੁਜੈ ਨ ਆਸਾ ॥ | The hopes of the slanderer of the Saint are not fulfilled. |
| ਸੰਤ ਕਾ ਦੋਖੀ ਉਠਿ ਚਲੈ ਨਿਰਾਸਾ ॥ | The slanderer of the Saint departs disappointed. |
| ਸੰਤ ਕੈ ਦੋਖਿ ਨ ਤ੍ਰਿਸਟੈ ਕੋਇ ॥ | Slandering the Saint, no one attains satisfaction. |
| ਜੈਸਾ ਭਾਵੈ ਤੈਸਾ ਕੋਈ ਹੋਇ ॥ | As it pleases the Lord, so do people become; |

| | |
|---|---|
| ਪਇਆ ਕਿਰਤੁ ਨ ਮੇਟੈ ਕੋਇ ॥ | no one can erase their past actions. |
| ਨਾਨਕ ਜਾਨੈ ਸਚਾ ਸੋਇ ॥੭॥ | O Nanak, the True Lord alone knows all. ‖7‖ |
| ਸਭ ਘਟ ਤਿਸ ਕੇ ਓਹੁ ਕਰਨੈਹਾਰੁ ॥ | All hearts are His; He is the Creator. |
| ਸਦਾ ਸਦਾ ਤਿਸ ਕਉ ਨਮਸਕਾਰੁ ॥ | Forever and ever, I bow to Him in reverence. |
| ਪ੍ਰਭ ਕੀ ਉਸਤਤਿ ਕਰਹੁ ਦਿਨੁ ਰਾਤਿ ॥ | Praise God, day and night. |
| ਤਿਸਹਿ ਧਿਆਵਹੁ ਸਾਸਿ ਗਿਰਾਸਿ ॥ | Meditate on Him with every breath and morsel of food. |
| ਸਭੁ ਕਛੁ ਵਰਤੈ ਤਿਸ ਕਾ ਕੀਆ ॥ | Everything happens as He wills. |
| ਜੈਸਾ ਕਰੇ ਤੈਸਾ ਕੋ ਥੀਆ ॥ | As He wills, so people become. |
| ਅਪਨਾ ਖੇਲੁ ਆਪਿ ਕਰਨੈਹਾਰੁ ॥ | He Himself is the play, and He Himself is the actor. |
| ਦੂਸਰ ਕਉਨੁ ਕਹੈ ਬੀਚਾਰੁ ॥ | Who else can speak or deliberate upon this? |
| **੨੮੧** | 281 |
| ਜਿਸ ਨੋ ਕ੍ਰਿਪਾ ਕਰੈ ਤਿਸੁ ਆਪਨ ਨਾਮੁ ਦੇਇ ॥ | He Himself gives His Name to those, upon whom He bestows His Mercy. |
| ਬਡਭਾਗੀ ਨਾਨਕ ਜਨ ਸੇਇ ॥੮॥੧੩॥ | Very fortunate, O Nanak, are those people. ‖8‖13‖ |
| ਸਲੋਕੁ ॥ | Shalok: |
| ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ ॥ | Give up your cleverness, good people - remember the Lord God, your King! |
| ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ ॥੧॥ | Enshrine in your heart, your hopes in the One Lord. O Nanak, your pain, doubt and fear shall depart. ‖1‖ |
| ਅਸਟਪਦੀ ॥ | Ashtapadee: |
| ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ | Reliance on mortals is in vain - know this well. |
| ਦੇਵਨ ਕਉ ਏਕੈ ਭਗਵਾਨੁ ॥ | The Great Giver is the One Lord God. |
| ਜਿਸ ਕੈ ਦੀਐ ਰਹੈ ਅਘਾਇ ॥ | By His gifts, we are satisfied, |
| ਬਹੁਰਿ ਨ ਤ੍ਰਿਸਨਾ ਲਾਗੈ ਆਇ ॥ | and we suffer from thirst no longer. |
| ਮਾਰੈ ਰਾਖੈ ਏਕੋ ਆਪਿ ॥ | The One Lord Himself destroys and also preserves. |
| ਮਾਨੁਖ ਕੈ ਕਿਛੁ ਨਾਹੀ ਹਾਥਿ ॥ | Nothing at all is in the hands of mortal beings. |

| | |
|---|---|
| ਤਿਸ ਕਾ ਹੁਕਮੁ ਬੂਝਿ ਸੁਖੁ ਹੋਇ ॥ | Understanding His Order, there is peace. |
| ਤਿਸ ਕਾ ਨਾਮੁ ਰਖੁ ਕੰਠਿ ਪਰੋਇ ॥ | So take His Name, and wear it as your necklace. |
| ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ ॥ | Remember, remember, remember God in meditation. |
| ਨਾਨਕ ਬਿਘਨੁ ਨ ਲਾਗੈ ਕੋਇ ॥੧॥ | O Nanak, no obstacle shall stand in your way. \|\|1\|\| |
| ਉਸਤਤਿ ਮਨ ਮਹਿ ਕਰਿ ਨਿਰੰਕਾਰ ॥ | Praise the Formless Lord in your mind. |
| ਕਰਿ ਮਨ ਮੇਰੇ ਸਤਿ ਬਿਉਹਾਰ ॥ | O my mind, make this your true occupation. |
| ਨਿਰਮਲ ਰਸਨਾ ਅੰਮ੍ਰਿਤੁ ਪੀਉ ॥ | Let your tongue become pure, drinking in the Ambrosial Nectar. |
| ਸਦਾ ਸੁਹੇਲਾ ਕਰਿ ਲੇਹਿ ਜੀਉ ॥ | Your soul shall be forever peaceful. |
| ਨੈਨਹੁ ਪੇਖੁ ਠਾਕੁਰ ਕਾ ਰੰਗੁ ॥ | With your eyes, see the wondrous play of your Lord and Master. |
| ਸਾਧਸੰਗਿ ਬਿਨਸੈ ਸਭ ਸੰਗੁ ॥ | In the Company of the Holy, all other associations vanish. |
| ਚਰਨ ਚਲਉ ਮਾਰਗਿ ਗੋਬਿੰਦ ॥ | With your feet, walk in the Way of the Lord. |
| ਮਿਟਹਿ ਪਾਪ ਜਪੀਐ ਹਰਿ ਬਿੰਦ ॥ | Sins are washed away, chanting the Lord's Name, even for a moment. |
| ਕਰ ਹਰਿ ਕਰਮ ਸ੍ਰਵਨਿ ਹਰਿ ਕਥਾ ॥ | So do the Lord's Work, and listen to the Lord's Sermon. |
| ਹਰਿ ਦਰਗਹ ਨਾਨਕ ਊਜਲ ਮਥਾ ॥੨॥ | In the Lord's Court, O Nanak, your face shall be radiant. \|\|2\|\| |
| ਬਡਭਾਗੀ ਤੇ ਜਨ ਜਗ ਮਾਹਿ ॥ | Very fortunate are those humble beings in this world, |
| ਸਦਾ ਸਦਾ ਹਰਿ ਕੇ ਗੁਨ ਗਾਹਿ ॥ | who sing the Glorious Praises of the Lord, forever and ever. |
| ਰਾਮ ਨਾਮ ਜੋ ਕਰਹਿ ਬੀਚਾਰ ॥ | Those who dwell upon the Lord's Name, |
| ਸੇ ਧਨਵੰਤ ਗਨੀ ਸੰਸਾਰ ॥ | are the most wealthy and prosperous in the world. |
| ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ ॥ | Those who speak of the Supreme Lord in thought, word and deed |
| ਸਦਾ ਸਦਾ ਜਾਨਹੁ ਤੇ ਸੁਖੀ ॥ | know that they are peaceful and happy, forever and ever. |
| ਏਕੋ ਏਕੁ ਏਕੁ ਪਛਾਨੈ ॥ | One who recognizes the One and only Lord as One, |
| ਇਤ ਉਤ ਕੀ ਓਹੁ ਸੋਝੀ ਜਾਨੈ ॥ | understands this world and the next. |
| ਨਾਮ ਸੰਗਿ ਜਿਸ ਕਾ ਮਨੁ ਮਾਨਿਆ ॥ | One whose mind accepts the Company of the Naam, |
| ਨਾਨਕ ਤਿਨਹਿ ਨਿਰੰਜਨੁ ਜਾਨਿਆ ॥੩॥ | the Name of the Lord, O Nanak, knows the Immaculate Lord. \|\|3\|\| |
| ਗੁਰ ਪ੍ਰਸਾਦਿ ਆਪਨ ਆਪੁ ਸੁਝੈ ॥ | By Guru's Grace, one understands himself; |

| | |
|---|---|
| ਤਿਸ ਕੀ ਜਾਨਹੁ ਤ੍ਰਿਸਨਾ ਬੁਝੈ ॥ | know that then, his thirst is quenched. |
| ਸਾਧਸੰਗਿ ਹਰਿ ਹਰਿ ਜਸੁ ਕਹਤ ॥ | In the Company of the Holy, one chants the Praises of the Lord, Har, Har. |
| ਸਰਬ ਰੋਗ ਤੇ ਓਹੁ ਹਰਿ ਜਨੁ ਰਹਤ ॥ | Such a devotee of the Lord is free of all disease. |
| ਅਨਦਿਨੁ ਕੀਰਤਨੁ ਕੇਵਲ ਬਖ੍ਯ੍ਯਾਨੁ ॥ | Night and day, sing the Kirtan, the Praises of the One Lord. |
| ਗ੍ਰਿਹਸਤ ਮਹਿ ਸੋਈ ਨਿਰਬਾਨੁ ॥ | In the midst of your household, remain balanced and unattached. |
| ਏਕ ਊਪਰਿ ਜਿਸੁ ਜਨ ਕੀ ਆਸਾ ॥ | One who places his hopes in the One Lord |
| ਤਿਸ ਕੀ ਕਟੀਐ ਜਮ ਕੀ ਫਾਸਾ ॥ | the noose of Death is cut away from his neck. |
| ਪਾਰਬ੍ਰਹਮ ਕੀ ਜਿਸੁ ਮਨਿ ਭੂਖ ॥ | One whose mind hungers for the Supreme Lord God, |
| ਨਾਨਕ ਤਿਸਹਿ ਨ ਲਾਗਹਿ ਦੂਖ ॥੪॥ | O Nanak, shall not suffer pain. ‖4‖ |
| ਜਿਸ ਕਉ ਹਰਿ ਪ੍ਰਭੁ ਮਨਿ ਚਿਤਿ ਆਵੈ ॥ | One who focuses his conscious mind on the Lord God |
| ਸੋ ਸੰਤੁ ਸੁਹੇਲਾ ਨਹੀ ਡੁਲਾਵੈ ॥ | - that Saint is at peace; he does not waver. |
| ਜਿਸੁ ਪ੍ਰਭੁ ਅਪੁਨਾ ਕਿਰਪਾ ਕਰੈ ॥ | Those unto whom God has granted His Grace |
| ਸੋ ਸੇਵਕੁ ਕਹੁ ਕਿਸ ਤੇ ਡਰੈ ॥ | who do those servants need to fear? |
| ਜੈਸਾ ਸਾ ਤੈਸਾ ਦ੍ਰਿਸਟਾਇਆ ॥ | As God is, so does He appear; |
| ਅਪੁਨੇ ਕਾਰਜ ਮਹਿ ਆਪਿ ਸਮਾਇਆ ॥ | in His Own creation, He Himself is pervading. |
| ਸੋਧਤ ਸੋਧਤ ਸੋਧਤ ਸੀਝਿਆ ॥ | Searching, searching, searching, and finally, success! |
| ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥ | By Guru's Grace, the essence of all reality is understood. |
| ਜਬ ਦੇਖਉ ਤਬ ਸਭੁ ਕਿਛੁ ਮੂਲੁ ॥ | Wherever I look, there I see Him, at the root of all things. |
| ਨਾਨਕ ਸੋ ਸੂਖਮੁ ਸੋਈ ਅਸਥੂਲੁ ॥੫॥ | O Nanak, He is the subtle, and He is also the manifest. ‖5‖ |
| ਨਹ ਕਿਛੁ ਜਨਮੈ ਨਹ ਕਿਛੁ ਮਰੈ ॥ | Nothing is born, and nothing dies. |
| ਆਪਨ ਚਲਿਤੁ ਆਪ ਹੀ ਕਰੈ ॥ | He Himself stages His own drama. |
| ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥ | Coming and going, seen and unseen, |
| ਆਗਿਆਕਾਰੀ ਧਾਰੀ ਸਭ ਸ੍ਰਿਸਟਿ ॥ | all the world is obedient to His Will. |

| ੨੮੨ | 282 |
|---|---|
| ਆਪੇ ਆਪਿ ਸਗਲ ਮਹਿ ਆਪਿ ॥ | He Himself is All-in-Himself. |
| ਅਨਿਕ ਜੁਗਤਿ ਰਚਿ ਥਾਪਿ ਉਥਾਪਿ ॥ | In His many ways, He establishes and disestablishes. |
| ਅਬਿਨਾਸੀ ਨਾਹੀ ਕਿਛੁ ਖੰਡ ॥ | He is Imperishable; nothing can be broken. |
| ਧਾਰਣ ਧਾਰਿ ਰਹਿਓ ਬ੍ਰਹਮੰਡ ॥ | He lends His Support to maintain the Universe. |
| ਅਲਖ ਅਭੇਵ ਪੁਰਖ ਪਰਤਾਪ ॥ | Unfathomable and Inscrutable is the Glory of the Lord. |
| ਆਪਿ ਜਪਾਏ ਤ ਨਾਨਕ ਜਾਪ ॥੬॥ | As He inspires us to meditate, O Nanak, so do we meditate. \|\|6\|\| |
| ਜਿਨ ਪ੍ਰਭੁ ਜਾਤਾ ਸੁ ਸੋਭਾਵੰਤ ॥ | Those who know God are glorious. |
| ਸਗਲ ਸੰਸਾਰੁ ਉਧਰੈ ਤਿਨ ਮੰਤ ॥ | The whole world is redeemed by their teachings. |
| ਪ੍ਰਭ ਕੇ ਸੇਵਕ ਸਗਲ ਉਧਾਰਨ ॥ | God's servants redeem all. |
| ਪ੍ਰਭ ਕੇ ਸੇਵਕ ਦੂਖ ਬਿਸਾਰਨ ॥ | God's servants cause sorrows to be forgotten. |
| ਆਪੇ ਮੇਲਿ ਲਏ ਕਿਰਪਾਲ ॥ | The Merciful Lord unites them with Himself. |
| ਗੁਰ ਕਾ ਸਬਦੁ ਜਪਿ ਭਏ ਨਿਹਾਲ ॥ | Chanting the Word of the Guru's Shabad, they become ecstatic. |
| ਉਨ ਕੀ ਸੇਵਾ ਸੋਈ ਲਾਗੈ ॥ | He alone is committed to serve them, |
| ਜਿਸ ਨੋ ਕ੍ਰਿਪਾ ਕਰਹਿ ਬਡਭਾਗੈ ॥ | upon whom God bestows His Mercy, by great good fortune. |
| ਨਾਮੁ ਜਪਤ ਪਾਵਹਿ ਬਿਸ੍ਰਾਮੁ ॥ | Those who chant the Naam find their place of rest. |
| ਨਾਨਕ ਤਿਨ ਪੁਰਖ ਕਉ ਊਤਮ ਕਰਿ ਮਾਨੁ ॥੭॥ | O Nanak, respect those persons as the most noble. \|\|7\|\| |
| ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ ॥ | Whatever you do, do it for the Love of God. |
| ਸਦਾ ਸਦਾ ਬਸੈ ਹਰਿ ਸੰਗਿ ॥ | Forever and ever, abide with the Lord. |
| ਸਹਜ ਸੁਭਾਇ ਹੋਵੈ ਸੋ ਹੋਇ ॥ | By its own natural course, whatever will be will be. |
| ਕਰਣੈਹਾਰੁ ਪਛਾਣੈ ਸੋਇ ॥ | Acknowledge that Creator Lord; |
| ਪ੍ਰਭ ਕਾ ਕੀਆ ਜਨ ਮੀਠ ਲਗਾਨਾ ॥ | God's doings are sweet to His humble servant. |
| ਜੈਸਾ ਸਾ ਤੈਸਾ ਦ੍ਰਿਸਟਾਨਾ ॥ | As He is, so does He appear. |
| ਜਿਸ ਤੇ ਉਪਜੇ ਤਿਸੁ ਮਾਹਿ ਸਮਾਏ ॥ | From Him we came, and into Him we shall merge again. |
| ਓਇ ਸੁਖ ਨਿਧਾਨ ਉਨਹੂ ਬਨਿ ਆਏ ॥ | He is the treasure of peace, and so does His servant become. |

| | |
|---|---|
| ਆਪਸ ਕਉ ਆਪਿ ਦੀਨੋ ਮਾਨੁ ॥ | Unto His own, He has given His honor. |
| ਨਾਨਕ ਪ੍ਰਭ ਜਨੁ ਏਕੋ ਜਾਨੁ ॥੮॥੧੪॥ | O Nanak, know that God and His humble servant are one and the same. ‖8‖14‖ |
| ਸਲੋਕੁ ॥ | Shalok: |
| ਸਰਬ ਕਲਾ ਭਰਪੂਰ ਪ੍ਰਭ ਬਿਰਥਾ ਜਾਨਨਹਾਰ ॥ | God is totally imbued with all powers; He is the Knower of our troubles. |
| ਜਾ ਕੈ ਸਿਮਰਨਿ ਉਧਰੀਐ ਨਾਨਕ ਤਿਸੁ ਬਲਿਹਾਰ ॥੧॥ | Meditating in remembrance on Him, we are saved; Nanak is a sacrifice to Him. ‖1‖ |
| ਅਸਟਪਦੀ ॥ | Ashtapadee: |
| ਟੂਟੀ ਗਾਢਨਹਾਰ ਗੋੁਪਾਲ ॥ | The Lord of the World is the Mender of the broken. |
| ਸਰਬ ਜੀਆ ਆਪੇ ਪ੍ਰਤਿਪਾਲ ॥ | He Himself cherishes all beings. |
| ਸਗਲ ਕੀ ਚਿੰਤਾ ਜਿਸੁ ਮਨ ਮਾਹਿ ॥ | The cares of all are on His Mind; |
| ਤਿਸ ਤੇ ਬਿਰਥਾ ਕੋਈ ਨਾਹਿ ॥ | no one is turned away from Him. |
| ਰੇ ਮਨ ਮੇਰੇ ਸਦਾ ਹਰਿ ਜਾਪਿ ॥ | O my mind, meditate forever on the Lord. |
| ਅਬਿਨਾਸੀ ਪ੍ਰਭੁ ਆਪੇ ਆਪਿ ॥ | The Imperishable Lord God is Himself All-in-all. |
| ਆਪਨ ਕੀਆ ਕਛੂ ਨ ਹੋਇ ॥ | By one's own actions, nothing is accomplished, |
| ਜੇ ਸਉ ਪ੍ਰਾਨੀ ਲੋਚੈ ਕੋਇ ॥ | even though the mortal may wish it so, hundreds of times. |
| ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮ ॥ | Without Him, nothing is of any use to you. |
| ਗਤਿ ਨਾਨਕ ਜਪਿ ਏਕ ਹਰਿ ਨਾਮ ॥੧॥ | Salvation, O Nanak, is attained by chanting the Name of the One Lord. ‖1‖ |
| ਰੂਪਵੰਤੁ ਹੋਇ ਨਾਹੀ ਮੋਹੈ ॥ | One who is good-looking should not be vain; |
| ਪ੍ਰਭ ਕੀ ਜੋਤਿ ਸਗਲ ਘਟ ਸੋਹੈ ॥ | the Light of God is in all hearts. |
| ਧਨਵੰਤਾ ਹੋਇ ਕਿਆ ਕੋ ਗਰਬੈ ॥ | Why should anyone be proud of being rich? |
| ਜਾ ਸਭੁ ਕਿਛੁ ਤਿਸ ਕਾ ਦੀਆ ਦਰਬੈ ॥ | All riches are His gifts. |
| ਅਤਿ ਸੂਰਾ ਜੇ ਕੋਊ ਕਹਾਵੈ ॥ | One may call himself a great hero, |
| ਪ੍ਰਭ ਕੀ ਕਲਾ ਬਿਨਾ ਕਹ ਧਾਵੈ ॥ | but without God's Power, what can anyone do? |
| ਜੇ ਕੋ ਹੋਇ ਬਹੈ ਦਾਤਾਰੁ ॥ | One who brags about giving to charities |
| ਤਿਸੁ ਦੇਨਹਾਰੁ ਜਾਨੈ ਗਾਵਾਰੁ ॥ | the Great Giver shall judge him to be a fool. |

| | |
|---|---|
| ਜਿਸੁ ਗੁਰ ਪ੍ਰਸਾਦਿ ਤੂਟੈ ਹਉ ਰੋਗੁ ॥ | One who, by Guru's Grace, is cured of the disease of ego |
| ਨਾਨਕ ਸੋ ਜਨੁ ਸਦਾ ਅਰੋਗੁ ॥੨॥ | - O Nanak, that person is forever healthy. ‖2‖ |
| ਜਿਉ ਮੰਦਰ ਕਉ ਥਾਮੈ ਥੰਮਨੁ ॥ | As a palace is supported by its pillars, |
| ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥ | so does the Guru's Word support the mind. |
| ਜਿਉ ਪਾਖਾਣੁ ਨਾਵ ਚੜਿ ਤਰੈ ॥ | As a stone placed in a boat can cross over the river, |
| ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ ॥ | so is the mortal saved, grasping hold of the Guru's Feet. |
| ਜਿਉ ਅੰਧਕਾਰ ਦੀਪਕ ਪਰਗਾਸੁ ॥ | As the darkness is illuminated by the lamp, |
| ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ ॥ | so does the mind blossom forth, beholding the Blessed Vision of the Guru's Darshan. |
| ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ ॥ ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥ | The path is found through the great wilderness by joining the Saadh Sangat, the Company of the Holy, and one's light shines forth. |
| ਤਿਨ ਸੰਤਨ ਕੀ ਬਾਛਉ ਧੂਰਿ ॥ | I seek the dust of the feet of those Saints; |
| ਨਾਨਕ ਕੀ ਹਰਿ ਲੋਚਾ ਪੂਰਿ ॥੩॥ | O Lord, fulfill Nanak's longing! ‖3‖ |
| ਮਨ ਮੂਰਖ ਕਾਹੇ ਬਿਲਲਾਈਐ ॥ | O foolish mind, why do you cry and bewail? |
| **੨੮੩** | **283** |
| ਪੂਰਬ ਲਿਖੇ ਕਾ ਲਿਖਿਆ ਪਾਈਐ ॥ | You shall obtain your pre-ordained destiny. |
| ਦੂਖ ਸੂਖ ਪ੍ਰਭ ਦੇਵਨਹਾਰੁ ॥ | God is the Giver of pain and pleasure. |
| ਅਵਰ ਤਿਆਗਿ ਤੂ ਤਿਸਹਿ ਚਿਤਾਰੁ ॥ | Abandon others, and think of Him alone. |
| ਜੋ ਕਛੁ ਕਰੈ ਸੋਈ ਸੁਖੁ ਮਾਨੁ ॥ | Whatever He does - take comfort in that. |
| ਭੂਲਾ ਕਾਹੇ ਫਿਰਹਿ ਅਜਾਨ ॥ | Why do you wander around, you ignorant fool? |
| ਕਉਨ ਬਸਤੁ ਆਈ ਤੇਰੈ ਸੰਗ ॥ | What things did you bring with you? |
| ਲਪਟਿ ਰਹਿਓ ਰਸਿ ਲੋਭੀ ਪਤੰਗ ॥ | You cling to worldly pleasures like a greedy moth. |
| ਰਾਮ ਨਾਮ ਜਪਿ ਹਿਰਦੇ ਮਾਹਿ ॥ | Dwell upon the Lord's Name in your heart. |
| ਨਾਨਕ ਪਤਿ ਸੇਤੀ ਘਰਿ ਜਾਹਿ ॥੪॥ | O Nanak, thus you shall return to your home with honor. ‖4‖ |
| ਜਿਸੁ ਵਖਰ ਕਉ ਲੈਨਿ ਤੂ ਆਇਆ ॥ | This merchandise, which you have come to obtain |
| ਰਾਮ ਨਾਮੁ ਸੰਤਨ ਘਰਿ ਪਾਇਆ ॥ | - the Lord's Name is obtained in the home of the Saints. |

| | |
|---|---|
| ਤਜਿ ਅਭਿਮਾਨੁ ਲੇਹੁ ਮਨ ਮੋਲਿ ॥ ਰਾਮ ਨਾਮੁ ਹਿਰਦੇ ਮਹਿ ਤੋਲਿ ॥ | Renounce your egotistical pride, and with your mind, purchase the Lord's Name - measure it out within your heart. |
| ਲਾਦਿ ਖੇਪ ਸੰਤਹ ਸੰਗਿ ਚਾਲੁ ॥ | Load up this merchandise, and set out with the Saints. |
| ਅਵਰ ਤਿਆਗਿ ਬਿਖਿਆ ਜੰਜਾਲ ॥ | Give up other corrupt entanglements. |
| ਧੰਨਿ ਧੰਨਿ ਕਹੈ ਸਭੁ ਕੋਇ ॥ | "Blessed, blessed", everyone will call you, |
| ਮੁਖ ਊਜਲ ਹਰਿ ਦਰਗਹ ਸੋਇ ॥ | and your face shall be radiant in the Court of the Lord. |
| ਇਹੁ ਵਾਪਾਰੁ ਵਿਰਲਾ ਵਾਪਾਰੈ ॥ | In this trade, only a few are trading. |
| ਨਾਨਕ ਤਾ ਕੈ ਸਦ ਬਲਿਹਾਰੈ ॥੫॥ | Nanak is forever a sacrifice to them. \|\|5\|\| |
| ਚਰਨ ਸਾਧ ਕੇ ਧੋਇ ਧੋਇ ਪੀਉ ॥ | Wash the feet of the Holy, and drink in this water. |
| ਅਰਪਿ ਸਾਧ ਕਉ ਅਪਨਾ ਜੀਉ ॥ | Dedicate your soul to the Holy. |
| ਸਾਧ ਕੀ ਧੂਰਿ ਕਰਹੁ ਇਸਨਾਨੁ ॥ | Take your cleansing bath in the dust of the feet of the Holy. |
| ਸਾਧ ਊਪਰਿ ਜਾਈਐ ਕੁਰਬਾਨੁ ॥ | To the Holy, make your life a sacrifice. |
| ਸਾਧ ਸੇਵਾ ਵਡਭਾਗੀ ਪਾਈਐ ॥ | Service to the Holy is obtained by great good fortune. |
| ਸਾਧਸੰਗਿ ਹਰਿ ਕੀਰਤਨੁ ਗਾਈਐ ॥ | In the Saadh Sangat, the Company of the Holy, the Kirtan of the Lord's Praise is sung. |
| ਅਨਿਕ ਬਿਘਨ ਤੇ ਸਾਧੂ ਰਾਖੈ ॥ | From all sorts of dangers, the Saint saves us. |
| ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ ॥ | Singing the Glorious Praises of the Lord, we taste the ambrosial essence. |
| ਓਟ ਗਹੀ ਸੰਤਹ ਦਰਿ ਆਇਆ ॥ | Seeking the Protection of the Saints, we have come to their door. |
| ਸਰਬ ਸੂਖ ਨਾਨਕ ਤਿਹ ਪਾਇਆ ॥੬॥ | All comforts, O Nanak, are so obtained. \|\|6\|\| |
| ਮਿਰਤਕ ਕਉ ਜੀਵਾਲਨਹਾਰ ॥ | He infuses life back into the dead. |
| ਭੂਖੇ ਕਉ ਦੇਵਤ ਅਧਾਰ ॥ | He gives food to the hungry. |
| ਸਰਬ ਨਿਧਾਨ ਜਾ ਕੀ ਦ੍ਰਿਸਟੀ ਮਾਹਿ ॥ | All treasures are within His Glance of Grace. |
| ਪੁਰਬ ਲਿਖੇ ਕਾ ਲਹਣਾ ਪਾਹਿ ॥ | People obtain that which they are pre-ordained to receive. |
| ਸਭੁ ਕਿਛੁ ਤਿਸ ਕਾ ਓਹੁ ਕਰਨੈ ਜੋਗੁ ॥ | All things are His; He is the Doer of all. |
| ਤਿਸੁ ਬਿਨੁ ਦੂਸਰ ਹੋਆ ਨ ਹੋਗੁ ॥ | Other than Him, there has never been any other, and there shall never be. |

| | |
|---|---|
| ਜਪਿ ਜਨ ਸਦਾ ਸਦਾ ਦਿਨੁ ਰੈਣੀ ॥ | Meditate on Him forever and ever, day and night. |
| ਸਭ ਤੇ ਊਚ ਨਿਰਮਲ ਇਹ ਕਰਣੀ ॥ | This way of life is exalted and immaculate. |
| ਕਰਿ ਕਿਰਪਾ ਜਿਸ ਕਉ ਨਾਮੁ ਦੀਆ ॥ | One whom the Lord, in His Grace, blesses with His Name |
| ਨਾਨਕ ਸੋ ਜਨੁ ਨਿਰਮਲੁ ਥੀਆ ॥੭॥ | - O Nanak, that person becomes immaculate and pure. ‖7‖ |
| ਜਾ ਕੈ ਮਨਿ ਗੁਰ ਕੀ ਪਰਤੀਤਿ ॥ | One who has faith in the Guru in his mind |
| ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ | comes to dwell upon the Lord God. |
| ਭਗਤੁ ਭਗਤੁ ਸੁਨੀਐ ਤਿਹੁ ਲੋਇ ॥ | He is acclaimed as a devotee, a humble devotee throughout the three worlds. |
| ਜਾ ਕੈ ਹਿਰਦੈ ਏਕੋ ਹੋਇ ॥ | The One Lord is in his heart. |
| ਸਚੁ ਕਰਣੀ ਸਚੁ ਤਾ ਕੀ ਰਹਤ ॥ | True are his actions; true are his ways. |
| ਸਚੁ ਹਿਰਦੈ ਸਤਿ ਮੁਖਿ ਕਹਤ ॥ | True is his heart; Truth is what he speaks with his mouth. |
| ਸਾਚੀ ਦ੍ਰਿਸਟਿ ਸਾਚਾ ਆਕਾਰੁ ॥ | True is his vision; true is his form. |
| ਸਚੁ ਵਰਤੈ ਸਾਚਾ ਪਾਸਾਰੁ ॥ | He distributes Truth and he spreads Truth. |
| ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ ॥ | One who recognizes the Supreme Lord God as True |
| ਨਾਨਕ ਸੋ ਜਨੁ ਸਚਿ ਸਮਾਤਾ ॥੮॥੧੫॥ | - O Nanak, that humble being is absorbed into the True One. ‖8‖15‖ |
| ਸਲੋਕੁ ॥ | Shalok: |
| ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥ | He has no form, no shape, no color; God is beyond the three qualities. |
| ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥੧॥ | They alone understand Him, O Nanak, with whom He is pleased. ‖1‖ |
| ਅਸਟਪਦੀ ॥ | Ashtapadee: |
| ਅਬਿਨਾਸੀ ਪ੍ਰਭੁ ਮਨ ਮਹਿ ਰਾਖੁ ॥ | Keep the Immortal Lord God enshrined within your mind. |
| ਮਾਨੁਖ ਕੀ ਤੂ ਪ੍ਰੀਤਿ ਤਿਆਗੁ ॥ | Renounce your love and attachment to people. |
| ਤਿਸ ਤੇ ਪਰੈ ਨਾਹੀ ਕਿਛੁ ਕੋਇ ॥ | Beyond Him, there is nothing at all. |
| ਸਰਬ ਨਿਰੰਤਰਿ ਏਕੋ ਸੋਇ ॥ | The One Lord is pervading among all. |
| ਆਪੇ ਬੀਨਾ ਆਪੇ ਦਾਨਾ ॥ | He Himself is All-seeing; He Himself is All-knowing, |
| ਗਹਿਰ ਗੰਭੀਰੁ ਗਹੀਰੁ ਸੁਜਾਨਾ ॥ | Unfathomable, Profound, Deep and All-knowing. |

| | |
|---|---|
| ਪਾਰਬ੍ਰਹਮ ਪਰਮੇਸੁਰ ਗੋਬਿੰਦ ॥ | He is the Supreme Lord God, the Transcendent Lord, the Lord of the Universe, |
| ਕ੍ਰਿਪਾ ਨਿਧਾਨ ਦਇਆਲ ਬਖਸੰਦ ॥ | the Treasure of mercy, compassion and forgiveness. |
| ਸਾਧ ਤੇਰੇ ਕੀ ਚਰਨੀ ਪਾਉ ॥ | To fall at the Feet of Your Holy Beings |
| **੨੮੪** | **284** |
| ਨਾਨਕ ਕੈ ਮਨਿ ਇਹੁ ਅਨਰਾਉ ॥੧॥ | - this is the longing of Nanak's mind. \|\|1\|\| |
| ਮਨਸਾ ਪੂਰਨ ਸਰਨਾ ਜੋਗ ॥ | He is the Fulfiller of wishes, who can give us Sanctuary; |
| ਜੋ ਕਰਿ ਪਾਇਆ ਸੋਈ ਹੋਗੁ ॥ | that which He has written, comes to pass. |
| ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥ | He destroys and creates in the twinkling of an eye. |
| ਤਿਸ ਕਾ ਮੰਤ੍ਰੁ ਨ ਜਾਨੈ ਹੋਰੁ ॥ | No one else knows the mystery of His ways. |
| ਅਨਦ ਰੂਪ ਮੰਗਲ ਸਦ ਜਾ ਕੈ ॥ | He is the embodiment of ecstasy and everlasting joy. |
| ਸਰਬ ਥੋਕ ਸੁਨੀਅਹਿ ਘਰਿ ਤਾ ਕੈ ॥ | I have heard that all things are in His home. |
| ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥ | Among kings, He is the King; among yogis, He is the Yogi. |
| ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥ | Among ascetics, He is the Ascetic; among householders, He is the Enjoyer. |
| ਧਿਆਇ ਧਿਆਇ ਭਗਤਹ ਸੁਖੁ ਪਾਇਆ ॥ | By constant meditation, His devotee finds peace. |
| ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥੨॥ | O Nanak, no one has found the limits of that Supreme Being. \|\|2\|\| |
| ਜਾ ਕੀ ਲੀਲਾ ਕੀ ਮਿਤਿ ਨਾਹਿ ॥ | There is no limit to His play. |
| ਸਗਲ ਦੇਵ ਹਾਰੇ ਅਵਗਾਹਿ ॥ | All the demigods have grown weary of searching for it. |
| ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥ | What does the son know of his father's birth? |
| ਸਗਲ ਪਰੋਈ ਅਪੁਨੈ ਸੂਤਿ ॥ | All are strung upon His string. |
| ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥ ਜਨ ਦਾਸ ਨਾਮੁ ਧਿਆਵਹਿ ਸੇਇ ॥ | He bestows good sense, spiritual wisdom and meditation on His humble servants and slaves who meditate on the Naam. |
| ਤਿਹੁ ਗੁਣ ਮਹਿ ਜਾ ਕਉ ਭਰਮਾਏ ॥ | He leads some astray in the three qualities; |
| ਜਨਮਿ ਮਰੈ ਫਿਰਿ ਆਵੈ ਜਾਏ ॥ | they are born and die, coming and going over and over again. |
| ਊਚ ਨੀਚ ਤਿਸ ਕੇ ਅਸਥਾਨ ॥ | The high and the low are His places. |

| | |
|---|---|
| ਜੈਸਾ ਜਨਾਵੈ ਤੈਸਾ ਨਾਨਕ ਜਾਨ ॥੩॥ | As He inspires us to know Him, O Nanak, so is He known. ‖3‖ |
| ਨਾਨਾ ਰੂਪ ਨਾਨਾ ਜਾ ਕੇ ਰੰਗ ॥ | Many are His forms; many are His colors. |
| ਨਾਨਾ ਭੇਖ ਕਰਹਿ ਇਕ ਰੰਗ ॥ | Many are the appearances which He assumes, and yet He is still the One. |
| ਨਾਨਾ ਬਿਧਿ ਕੀਨੋ ਬਿਸਥਾਰੁ ॥ | In so many ways, He has extended Himself. |
| ਪ੍ਰਭੁ ਅਬਿਨਾਸੀ ਏਕੰਕਾਰੁ ॥ | The Eternal Lord God is the One, the Creator. |
| ਨਾਨਾ ਚਲਿਤ ਕਰੇ ਖਿਨ ਮਾਹਿ ॥ | He performs His many plays in an instant. |
| ਪੂਰਿ ਰਹਿਓ ਪੂਰਨੁ ਸਭ ਠਾਇ ॥ | The Perfect Lord is pervading all places. |
| ਨਾਨਾ ਬਿਧਿ ਕਰਿ ਬਨਤ ਬਨਾਈ ॥ | In so many ways, He created the creation. |
| ਅਪਨੀ ਕੀਮਤਿ ਆਪੇ ਪਾਈ ॥ | He alone can estimate His worth. |
| ਸਭ ਘਟ ਤਿਸ ਕੇ ਸਭ ਤਿਸ ਕੇ ਠਾਉ ॥ | All hearts are His, and all places are His. |
| ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥੪॥ | Nanak lives by chanting, chanting the Name of the Lord. ‖4‖ |
| ਨਾਮ ਕੇ ਧਾਰੇ ਸਗਲੇ ਜੰਤ ॥ | The Naam is the Support of all creatures. |
| ਨਾਮ ਕੇ ਧਾਰੇ ਖੰਡ ਬ੍ਰਹਮੰਡ ॥ | The Naam is the Support of the earth and solar systems. |
| ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ | The Naam is the Support of the Simritees, the Vedas and the Puraanas. |
| ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ | The Naam is the Support by which we hear of spiritual wisdom and meditation. |
| ਨਾਮ ਕੇ ਧਾਰੇ ਆਗਾਸ ਪਾਤਾਲ ॥ | The Naam is the Support of the Akaashic ethers and the nether regions. |
| ਨਾਮ ਕੇ ਧਾਰੇ ਸਗਲ ਆਕਾਰ ॥ | The Naam is the Support of all bodies. |
| ਨਾਮ ਕੇ ਧਾਰੇ ਪੁਰੀਆ ਸਭ ਭਵਨ ॥ | The Naam is the Support of all worlds and realms. |
| ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥ | Associating with the Naam, listening to it with the ears, one is saved. |
| ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ | Those whom the Lord mercifully attaches to His Naam |
| ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥ | - O Nanak, in the fourth state, those humble servants attain salvation. ‖5‖ |
| ਰੂਪੁ ਸਤਿ ਜਾ ਕਾ ਸਤਿ ਅਸਥਾਨੁ ॥ | His form is true, and true is His place. |

| | |
|---|---|
| ਪੁਰਖੁ ਸਤਿ ਕੇਵਲ ਪਰਧਾਨੁ ॥ | His personality is true - He alone is supreme. |
| ਕਰਤੂਤਿ ਸਤਿ ਸਤਿ ਜਾ ਕੀ ਬਾਣੀ ॥ | His acts are true, and true is His Word. |
| ਸਤਿ ਪੁਰਖ ਸਭ ਮਾਹਿ ਸਮਾਣੀ ॥ | The True Lord is permeating all. |
| ਸਤਿ ਕਰਮੁ ਜਾ ਕੀ ਰਚਨਾ ਸਤਿ ॥ | True are His actions; His creation is true. |
| ਮੂਲੁ ਸਤਿ ਸਤਿ ਉਤਪਤਿ ॥ | His root is true, and true is what originates from it. |
| ਸਤਿ ਕਰਣੀ ਨਿਰਮਲ ਨਿਰਮਲੀ ॥ | True is His lifestyle, the purest of the pure. |
| ਜਿਸਹਿ ਬੁਝਾਏ ਤਿਸਹਿ ਸਭ ਭਲੀ ॥ | All goes well for those who know Him. |
| ਸਤਿ ਨਾਮੁ ਪ੍ਰਭ ਕਾ ਸੁਖਦਾਈ ॥ | The True Name of God is the Giver of peace. |
| ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ ॥੬॥ | Nanak has obtained true faith from the Guru. \|\|6\|\| |
| ਸਤਿ ਬਚਨ ਸਾਧੂ ਉਪਦੇਸ ॥ | True are the Teachings, and the Instructions of the Holy. |
| ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ ॥ | True are those into whose hearts He enters. |
| ਸਤਿ ਨਿਰਤਿ ਬੂਝੈ ਜੇ ਕੋਇ ॥ | One who knows and loves the Truth |
| ਨਾਮੁ ਜਪਤ ਤਾ ਕੀ ਗਤਿ ਹੋਇ ॥ | chanting the Naam, he obtains salvation. |
| ਆਪਿ ਸਤਿ ਕੀਆ ਸਭੁ ਸਤਿ ॥ | He Himself is True, and all that He has made is true. |
| ਆਪੇ ਜਾਨੈ ਅਪਨੀ ਮਿਤਿ ਗਤਿ ॥ | He Himself knows His own state and condition. |

## ੨੮੫ / 285

| | |
|---|---|
| ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ ॥ | He is the Creator Lord of His world. |
| ਅਵਰ ਨ ਬੂਝਿ ਕਰਤ ਬੀਚਾਰੁ ॥ | No one else understands Him, although they may try. |
| ਕਰਤੇ ਕੀ ਮਿਤਿ ਨ ਜਾਨੈ ਕੀਆ ॥ | The created cannot know the extent of the Creator. |
| ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥੭॥ | O Nanak, whatever pleases Him comes to pass. \|\|7\|\| |
| ਬਿਸਮਨ ਬਿਸਮ ਭਏ ਬਿਸਮਾਦ ॥ | Gazing upon His wondrous wonder, I am wonder-struck and amazed! |
| ਜਿਨਿ ਬੂਝਿਆ ਤਿਸੁ ਆਇਆ ਸ੍ਵਾਦ ॥ | One who realizes this, comes to taste this state of joy. |
| ਪ੍ਰਭ ਕੈ ਰੰਗਿ ਰਾਚਿ ਜਨ ਰਹੇ ॥ | God's humble servants remain absorbed in His Love. |
| ਗੁਰ ਕੈ ਬਚਨਿ ਪਦਾਰਥ ਲਹੇ ॥ | Following the Guru's Teachings, they receive the four cardinal blessings. |

| | |
|---|---|
| ਓਇ ਦਾਤੇ ਦੁਖ ਕਾਟਨਹਾਰ ॥ | They are the givers, the dispellers of pain. |
| ਜਾ ਕੈ ਸੰਗਿ ਤਰੈ ਸੰਸਾਰ ॥ | In their company, the world is saved. |
| ਜਨ ਕਾ ਸੇਵਕੁ ਸੋ ਵਡਭਾਗੀ ॥ | The slave of the Lord's servant is so very blessed. |
| ਜਨ ਕੈ ਸੰਗਿ ਏਕ ਲਿਵ ਲਾਗੀ ॥ | In the company of His servant, one becomes attached to the Love of the One. |
| ਗੁਨ ਗੋਬਿਦ ਕੀਰਤਨੁ ਜਨੁ ਗਾਵੈ ॥ | His humble servant sings the Kirtan, the songs of the glory of God. |
| ਗੁਰ ਪ੍ਰਸਾਦਿ ਨਾਨਕ ਫਲੁ ਪਾਵੈ ॥੮॥੧੬॥ | By Guru's Grace, O Nanak, he receives the fruits of his rewards. \|\|8\|\|16\|\| |
| ਸਲੋਕੁ ॥ | Shalok: |
| ਆਦਿ ਸਚੁ ਜੁਗਾਦਿ ਸਚੁ ॥ | True in the beginning, True throughout the ages, |
| ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥੧॥ | True here and now. O Nanak, He shall forever be True. \|\|1\|\| |
| ਅਸਟਪਦੀ ॥ | Ashtapadee: |
| ਚਰਨ ਸਤਿ ਸਤਿ ਪਰਸਨਹਾਰ ॥ | His Lotus Feet are True, and True are those who touch Them. |
| ਪੂਜਾ ਸਤਿ ਸਤਿ ਸੇਵਦਾਰ ॥ | His devotional worship is True, and True are those who worship Him. |
| ਦਰਸਨੁ ਸਤਿ ਸਤਿ ਪੇਖਨਹਾਰ ॥ | The Blessing of His Vision is True, and True are those who behold it. |
| ਨਾਮੁ ਸਤਿ ਸਤਿ ਧਿਆਵਨਹਾਰ ॥ | His Naam is True, and True are those who meditate on it. |
| ਆਪਿ ਸਤਿ ਸਤਿ ਸਭ ਧਾਰੀ ॥ | He Himself is True, and True is all that He sustains. |
| ਆਪੇ ਗੁਣ ਆਪੇ ਗੁਣਕਾਰੀ ॥ | He Himself is virtuous goodness, and He Himself is the Bestower of virtue. |
| ਸਬਦੁ ਸਤਿ ਸਤਿ ਪ੍ਰਭੁ ਬਕਤਾ ॥ | The Word of His Shabad is True, and True are those who speak of God. |
| ਸੁਰਤਿ ਸਤਿ ਸਤਿ ਜਸੁ ਸੁਨਤਾ ॥ | Those ears are True, and True are those who listen to His Praises. |
| ਬੁਝਨਹਾਰ ਕਉ ਸਤਿ ਸਭ ਹੋਇ ॥ | All is True to one who understands. |
| ਨਾਨਕ ਸਤਿ ਸਤਿ ਪ੍ਰਭੁ ਸੋਇ ॥੧॥ | O Nanak, True, True is He, the Lord God. \|\|1\|\| |
| ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ | One who believes in the Embodiment of Truth with all his heart |
| ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥ | recognizes the Cause of causes as the Root of all. |

| | |
|---|---|
| ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ | One whose heart is filled with faith in God |
| ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥ | the essence of spiritual wisdom is revealed to his mind. |
| ਭੈ ਤੇ ਨਿਰਭਉ ਹੋਇ ਬਸਾਨਾ ॥ | Coming out of fear, he comes to live without fear. |
| ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥ | He is absorbed into the One, from whom he originated. |
| ਬਸਤੁ ਮਾਹਿ ਲੇ ਬਸਤੁ ਗਡਾਈ ॥ | When something blends with its own, |
| ਤਾ ਕਉ ਭਿੰਨ ਨ ਕਹਨਾ ਜਾਈ ॥ | it cannot be said to be separate from it. |
| ਬੂਝੈ ਬੂਝਨਹਾਰੁ ਬਿਬੇਕ ॥ | This is understood only by one of discerning understanding. |
| ਨਾਰਾਇਨ ਮਿਲੇ ਨਾਨਕ ਏਕ ॥੨॥ | Meeting with the Lord, O Nanak, he becomes one with Him. ‖2‖ |
| ਠਾਕੁਰ ਕਾ ਸੇਵਕੁ ਆਗਿਆਕਾਰੀ ॥ | The servant is obedient to his Lord and Master. |
| ਠਾਕੁਰ ਕਾ ਸੇਵਕੁ ਸਦਾ ਪੂਜਾਰੀ ॥ | The servant worships his Lord and Master forever. |
| ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ॥ | The servant of the Lord Master has faith in his mind. |
| ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ ॥ | The servant of the Lord Master lives a pure lifestyle. |
| ਠਾਕੁਰ ਕਉ ਸੇਵਕੁ ਜਾਨੈ ਸੰਗਿ ॥ | The servant of the Lord Master knows that the Lord is with him. |
| ਪ੍ਰਭ ਕਾ ਸੇਵਕੁ ਨਾਮ ਕੈ ਰੰਗਿ ॥ | God's servant is attuned to the Naam, the Name of the Lord. |
| ਸੇਵਕ ਕਉ ਪ੍ਰਭ ਪਾਲਨਹਾਰਾ ॥ | God is the Cherisher of His servant. |
| ਸੇਵਕ ਕੀ ਰਾਖੈ ਨਿਰੰਕਾਰਾ ॥ | The Formless Lord preserves His servant. |
| ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ ॥ | Unto His servant, God bestows His Mercy. |
| ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ ॥੩॥ | O Nanak, that servant remembers Him with each and every breath. ‖3‖ |
| ਅਪੁਨੇ ਜਨ ਕਾ ਪਰਦਾ ਢਾਕੈ ॥ | He covers the faults of His servant. |
| ਅਪਨੇ ਸੇਵਕ ਕੀ ਸਰਪਰ ਰਾਖੈ ॥ | He surely preserves the honor of His servant. |
| ਅਪਨੇ ਦਾਸ ਕਉ ਦੇਇ ਵਡਾਈ ॥ | He blesses His slave with greatness. |

| | |
|---|---|
| ਅਪਨੇ ਸੇਵਕ ਕਉ ਨਾਮੁ ਜਪਾਈ ॥ | He inspires His servant to chant the Naam, the Name of the Lord. |
| ਅਪਨੇ ਸੇਵਕ ਕੀ ਆਪਿ ਪਤਿ ਰਾਖੈ ॥ | He Himself preserves the honor of His servant. |
| ਤਾ ਕੀ ਗਤਿ ਮਿਤਿ ਕੋਇ ਨ ਲਾਖੈ ॥ | No one knows His state and extent. |
| ਪ੍ਰਭ ਕੇ ਸੇਵਕ ਕਉ ਕੋ ਨ ਪਹੂਚੈ ॥ | No one is equal to the servant of God. |
| ਪ੍ਰਭ ਕੇ ਸੇਵਕ ਊਚ ਤੇ ਊਚੇ ॥ | The servant of God is the highest of the high. |
| ਜੋ ਪ੍ਰਭਿ ਅਪਨੀ ਸੇਵਾ ਲਾਇਆ ॥ | One whom God applies to His own service, O Nanak |
| ਨਾਨਕ ਸੋ ਸੇਵਕੁ ਦਹ ਦਿਸਿ ਪ੍ਰਗਟਾਇਆ ॥੪॥ | - that servant is famous in the ten directions. \|\|4\|\| |
| ਨੀਕੀ ਕੀਰੀ ਮਹਿ ਕਲ ਰਾਖੈ ॥ | He infuses His Power into the tiny ant; |
| ਭਸਮ ਕਰੈ ਲਸਕਰ ਕੋਟਿ ਲਾਖੈ ॥ | it can then reduce the armies of millions to ashes |
| ਜਿਸ ਕਾ ਸਾਸੁ ਨ ਕਾਢਤ ਆਪਿ ॥ | Those whose breath of life He Himself does not take away |
| **੨੮੬** | **286** |
| ਤਾ ਕਉ ਰਾਖਤ ਦੇ ਕਰਿ ਹਾਥ ॥ | He preserves them, and holds out His Hands to protect them. |
| ਮਾਨਸ ਜਤਨ ਕਰਤ ਬਹੁ ਭਾਤਿ ॥ | You may make all sorts of efforts, |
| ਤਿਸ ਕੇ ਕਰਤਬ ਬਿਰਥੇ ਜਾਤਿ ॥ | but these attempts are in vain. |
| ਮਾਰੈ ਨ ਰਾਖੈ ਅਵਰੁ ਨ ਕੋਇ ॥ | No one else can kill or preserve |
| ਸਰਬ ਜੀਆ ਕਾ ਰਾਖਾ ਸੋਇ ॥ | He is the Protector of all beings. |
| ਕਾਹੇ ਸੋਚ ਕਰਹਿ ਰੇ ਪ੍ਰਾਣੀ ॥ | So why are you so anxious, O mortal? |
| ਜਪਿ ਨਾਨਕ ਪ੍ਰਭ ਅਲਖ ਵਿਡਾਣੀ ॥੫॥ | Meditate, O Nanak, on God, the invisible, the wonderful! \|\|5\|\| |
| ਬਾਰੰ ਬਾਰ ਬਾਰ ਪ੍ਰਭੁ ਜਪੀਐ ॥ | Time after time, again and again, meditate on God. |
| ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥ | Drinking in this Nectar, this mind and body are satisfied. |
| ਨਾਮ ਰਤਨੁ ਜਿਨਿ ਗੁਰਮੁਖਿ ਪਾਇਆ ॥ | The jewel of the Naam is obtained by the Gurmukhs; |
| ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ ॥ | they see no other than God. |
| ਨਾਮੁ ਧਨੁ ਨਾਮੋ ਰੂਪੁ ਰੰਗੁ ॥ | Unto them, the Naam is wealth, the Naam is beauty and delight. |

| | |
|---|---|
| ਨਾਮੋ ਸੁਖੁ ਹਰਿ ਨਾਮ ਕਾ ਸੰਗੁ ॥ | The Naam is peace, the Lord's Name is their companion. |
| ਨਾਮ ਰਸਿ ਜੋ ਜਨ ਤ੍ਰਿਪਤਾਨੇ ॥ | Those who are satisfied by the essence of the Naam |
| ਮਨ ਤਨ ਨਾਮਹਿ ਨਾਮਿ ਸਮਾਨੇ ॥ | their minds and bodies are drenched with the Naam. |
| ਊਠਤ ਬੈਠਤ ਸੋਵਤ ਨਾਮ ॥ | While standing up, sitting down and sleeping, the Naam, |
| ਕਹੁ ਨਾਨਕ ਜਨ ਕੈ ਸਦ ਕਾਮ ॥੬॥ | says Nanak, is forever the occupation of God's humble servant. \|\|6\|\| |
| ਬੋਲਹੁ ਜਸੁ ਜਿਹਬਾ ਦਿਨੁ ਰਾਤਿ ॥ | Chant His Praises with your tongue, day and night. |
| ਪ੍ਰਭਿ ਅਪਨੈ ਜਨ ਕੀਨੀ ਦਾਤਿ ॥ | God Himself has given this gift to His servants. |
| ਕਰਹਿ ਭਗਤਿ ਆਤਮ ਕੈ ਚਾਇ ॥ | Performing devotional worship with heart-felt love, |
| ਪ੍ਰਭ ਅਪਨੇ ਸਿਉ ਰਹਹਿ ਸਮਾਇ ॥ | they remain absorbed in God Himself. |
| ਜੋ ਹੋਆ ਹੋਵਤ ਸੋ ਜਾਨੈ ॥ | They know the past and the present. |
| ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥ | They recognize God's Own Command. |
| ਤਿਸ ਕੀ ਮਹਿਮਾ ਕਉਨ ਬਖਾਨਉ ॥ | Who can describe His Glory? |
| ਤਿਸ ਕਾ ਗੁਨੁ ਕਹਿ ਏਕ ਨ ਜਾਨਉ ॥ | I cannot describe even one of His virtuous qualities. |
| ਆਠ ਪਹਰ ਪ੍ਰਭ ਬਸਹਿ ਹਜੂਰੇ ॥ | Those who dwell in God's Presence, twenty-four hours a day |
| ਕਹੁ ਨਾਨਕ ਸੇਈ ਜਨ ਪੂਰੇ ॥੭॥ | - says Nanak, they are the perfect persons. \|\|7\|\| |
| ਮਨ ਮੇਰੇ ਤਿਨ ਕੀ ਓਟ ਲੇਹਿ ॥ | O my mind, seek their protection; |
| ਮਨੁ ਤਨੁ ਅਪਨਾ ਤਿਨ ਜਨ ਦੇਹਿ ॥ | give your mind and body to those humble beings. |
| ਜਿਨਿ ਜਨਿ ਅਪਨਾ ਪ੍ਰਭੂ ਪਛਾਤਾ ॥ | Those humble beings who recognizes God |
| ਸੋ ਜਨੁ ਸਰਬ ਥੋਕ ਕਾ ਦਾਤਾ ॥ | are the givers of all things. |
| ਤਿਸ ਕੀ ਸਰਨਿ ਸਰਬ ਸੁਖ ਪਾਵਹਿ ॥ | In His Sanctuary, all comforts are obtained. |
| ਤਿਸ ਕੈ ਦਰਸਿ ਸਭ ਪਾਪ ਮਿਟਾਵਹਿ ॥ | By the Blessing of His Darshan, all sins are erased. |
| ਅਵਰ ਸਿਆਨਪ ਸਗਲੀ ਛਾਡੁ ॥ | So renounce all other clever devices, |
| ਤਿਸੁ ਜਨ ਕੀ ਤੂ ਸੇਵਾ ਲਾਗੁ ॥ | and enjoin yourself to the service of those servants. |
| ਆਵਨੁ ਜਾਨੁ ਨ ਹੋਵੀ ਤੇਰਾ ॥ | Your comings and goings shall be ended. |
| ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ ॥੮॥੧੭॥ | O Nanak, worship the feet of God's humble servants forever. \|\|8\|\|17\|\| |